ੴ

ਜੋਗੀਰਾਜ ਭਰਥਰੀ ਹਰਿ ਕ੍ਰਿਤ

# ਵੈਰਾਗ ਸ਼ਤਕ

## ਸਟੀਕ

ਪ੍ਰਮਾਣਾਂ ਸਹਿਤ

*ਟੀਕਾਕਾਰ:*

ਦਾਸਨਿ ਦਾਸ

**ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰ ਪ੍ਰਸਾਦਿ॥

ਜੋਗੀਰਾਜ ਭਰਥਰੀ ਹਰਿ ਕ੍ਰਿਤ

# ਵੈਰਾਗ ਸ਼ਤਕ ਸਟੀਕ

ਪ੍ਰਮਾਣਾਂ ਸਹਿਤ


*ਟੀਕਾਕਾਰ :*

ਦਾਸਨਿ ਦਾਸ

**ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ



ਸਾਤਵਿਕ

ਬੁੱਕਸ

VAIRAAG SHATAK STEEK
[An Annotation of a Classic of Jogiraj Bharthari Hari]
*by*
HARI SINGH 'RANDHAWE WALE'
**KHALSA CHARITABLE TRUST (REGD.)**
**GURMAT VIDYALA, JATHA RANDHAWA**
CHANDIGARH ROAD, NEAR GURDWARA JYOTI SAROOP,
DISTT. FATEHGARH SAHIB, PUNJAB (INDIA)
MOBILE : 98551-03132, 98159-01305

© ਟੀਕਾਕਾਰ

ਪਹਿਲੀ ਵਾਰ ਨਵੰਬਰ ੨੦੨੩

**ਭੇਟਾ : ੪੫੦-੦੦ ਰੁਪਏ**

*ਮਿਲਣ ਦਾ ਪਤਾ :*

**ਸਿੰਘ ਬ੍ਰਦਰਜ਼**

•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
ਫੋਨ : 0183-2545787, ਮੋਬਾਇਲ : 99150-48005
•
S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001
ਫੋਨ : 0183-2543965, 2550739
*E-mail :* singhbro1@yahoo.co.in *Website :* www.singhbrothers.com

*ਪ੍ਰਕਾਸ਼ਕ :*

**ਸਾਤਵਿਕ ਬੁੱਕਸ**

225, ਸਿਟੀ ਸੈਂਟਰ, ਅੰਮ੍ਰਿਤਸਰ - 143 001

*ਪ੍ਰਿੰਟਰ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ


ਮੁਖਬੰਧ ੭

- ਅਧਿਆਇ ਪਹਿਲਾ ੧੫
- ਅਧਿਆਇ ਦੂਜਾ ੭੩
- ਅਧਿਆਇ ਤੀਜਾ ੮੮
- ਅਧਿਆਇ ਚੌਥਾ ੧੦੨
- ਅਧਿਆਇ ਪੰਜਵਾਂ ੧੨੧
- ਅਧਿਆਇ ਛੇਵਾਂ ੧੨੮
- ਅਧਿਆਇ ਸਤਵਾਂ ੧੫੫
- ਅਧਿਆਇ ਅੱਠਵਾਂ ੧੮੩
- ਅਧਿਆਇ ਨੌਂਵਾਂ ੨੧੦
- ਅਧਿਆਇ ਦਸਵਾਂ ੨੨੨
- ਅਧਿਆਇ ਗਿਆਰ੍ਹਵਾਂ ੨੪੮
- ਅਧਿਆਇ ਬਾਰ੍ਹਵਾਂ ੨੬੨
- ਅਧਿਆਇ ਤੇਰ੍ਹਵਾਂ ੨੬੯

# ਆਰੰਭਤਾ ਦਾ ਮੰਗਲ

ਨਮਸਕਾਰ ਪਰਮਾਤਮੰ, ਸਤਿ ਚਿਤ ਅਨਦ ਸਰੂਪ।
ਜੱਗ ਕਰਤਾ ਹਰਤਾ ਪ੍ਰਭੂ, ਜੋਇ ਭੂਪਨ ਕੋ ਭੂਪ॥
ਨਿਰੰਕਾਰ ਕੀ ਜੋਤਿ ਜੋ, ਪੂਰਨ ਅਲਖ ਅਭੇਵ।
ਤਿਨਿ ਚਰਨਨ ਮਮ ਬੰਦਨਾ, ਸ੍ਰੀ ਗੁਰੂ ਨਾਨਕ ਦੇਵ॥
ਸ੍ਰੀ ਗੁਰੂ ਗੋਬਿੰਦ ਸਿੰਘ ਕੋ, ਹਾਥ ਜੋਰ ਪਰਨਾਮ।
ਸੂਰਜ ਸੋਢੀ ਵੰਸ਼ ਕੇ, ਸਿਮਰੌਂ ਆਠੋਂ ਜਾਮ॥
ਜਾਗਤਿ ਜੋਤਿ ਗਯਾਨ ਕੀ, ਸਤਿਗੁਰੂ ਸਕਲ ਜਹਾਨ।
ਬੰਦੌਂ ਸੀਸ ਨਿਵਾਇ ਕੈ, ਸ੍ਰੀ ਗੁਰੂ ਗ੍ਰੰਥ ਮਹਾਨ॥
'ਵੈਰਾਗ ਸ਼ਤਕ' ਕ੍ਰਿਤ ਭਰਥਰੀ, ਭਾਖਾ ਕੀ ਹਰਦਯਾਲ।
ਚਾਹਿ ਟੀਕਾ ਕਰਨ ਕੀ, ਬੁੱਧਿ ਬਖਸ਼ਹੁ ਕ੍ਰਿਪਾਲ॥
'ਵੈਰਾਗ ਸ਼ਤਕ' ਕੇ ਪਠਨ ਤੇ, ਵੈਰਾਗ ਉਪਜੈ ਮਨ ਮਾਹਿ।
ਜੋ ਜਨ ਚਹੈ ਵੈਰਾਗ ਕੋ, 'ਵੈਰਾਗ ਸ਼ਤਕ' ਅਪਨਾਹਿ॥
ਸਤਿਗੁਰੂ ਦੀਨ ਦਯਾਲ ਜੀ, ਦਯਾ ਕਰੋ ਨਿਜ ਦਾਸ।
'ਵੈਰਾਗ ਸ਼ਤਕ' ਟੀਕਾ ਲਿਖੂੰ, ਪੂਰਹੁ ਮਨ ਕੀ ਆਸ॥

# ਮੂਲ ਮੰਤ੍ਰ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥
ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

# ਗੁਰਮੰਤ੍ਰ

ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ ਵਾਹਿਗੁਰੂ
ਵਾਹਿਗੁਰੂ

੧ੴ ਸਤਿਗੁਰ ਪ੍ਰਸਾਦਿ॥

# ਮੁਖਬੰਧ

ਸ੍ਰੀ ਅਕਾਲ ਪੁਰਖ ਵਾਹਿਗੁਰੂ, ਜਿਸ ਨੇ ਨਿਰਾਕਾਰ ਤੋਂ ਆਪਣੇ ਫੁਰਨੇ ਨਾਲ ਸਾਕਾਰ ਰੂਪ ਸੰਸਾਰ ਦੀ ਰਚਨਾ ਕੀਤੀ। ਪੰਜ ਸੂਖਮ ਤੱਤ, ਪੰਜ ਅਸਥੂਲ ਤੱਤ ਰਚ ਕੇ ਸੂਖਮ ਤੇ ਅਸਥੂਲ ਸ੍ਰਿਸ਼ਟੀ ਦਾ ਨਿਰਮਾਣ ਕੀਤਾ। ਸੰਸਾਰ ਦੇ ਵਿਚ ਸ਼ੁਭ ਗੁਣਾਂ ਦੀ ਪ੍ਰਵਿਰਤੀ ਕਰਨ ਵਾਸਤੇ ਆਪਣੇ ਵੱਲੋਂ ਬਖ਼ਸ਼ੀਆਂ ਰੂਹਾਂ ਨੂੰ ਸਮੇਂ ਸਮੇਂ ਅਨੁਸਾਰ ਭੇਜਣਾ ਕੀਤਾ। ਆਪਣੇ ਬਣਾਏ ਨਿਯਮਾਂ ਨੂੰ ਜਾਣੂ ਕਰਾਉਣ ਲਈ ਅਵਤਾਰ, ਪੈਗ਼ੰਬਰ, ਦਰਵੇਸ਼, ਸੰਤ, ਭਗਤ, ਰਿਸ਼ੀ-ਮੁਨੀ ਆਦਿਕਾਂ ਨੂੰ ਭੇਜਣਾ ਕੀਤਾ। ਕਲਿਜੁਗ ਦੇ ਭਿਆਨਕ ਸਮੇਂ ਵਿਚ ਖ਼ੁਦ ਆਪ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਆ ਕਰਕੇ ਦਸ ਜਾਮੇ ਹੰਢਾਏ, ਸਿੱਖੀ ਮਾਰਗ ਪ੍ਰਫੁੱਲਤ ਕੀਤਾ ਅਤੇ ਜੋ ਗੁਰੂ ਕਾਲ ਤੋਂ ਸੰਪ੍ਰਦਾਵਾਂ ਨਿਰਮਲ, ਉਦਾਸੀਨ, ਨਿਹੰਗ ਸਿੰਘ ਆਦਿਕ ਚੱਲੀਆਂ, ਜਿਨ੍ਹਾਂ ਨੇ ਬੇਅੰਤ ਗੁਰਮਤਿ ਦਾ ਪ੍ਰਚਾਰ ਕੀਤਾ ਅਤੇ ਸੰਪ੍ਰਦਾ ਦਮਦਮੀ ਟਕਸਾਲ ਦਸਵੇਂ ਰੂਪ ਵਿਚ ਆਪ ਤੋਰੀ। ਸੰਪ੍ਰਦਾਈ ਵਿਚਾਰਧਾਰਾ ਅਨੁਸਾਰ ਕਥਾਵਾਚਕ ਬਣਨ ਲਈ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਰਚਨਾ, ਭਾਈ ਨੰਦ ਲਾਲ ਜੀ ਦੀ ਰਚਨਾ, ਇਨ੍ਹਾਂ ਦੇ ਸ਼ੁੱਧ ਉਚਾਰਨ ਸਿੱਖ ਕੇ ਅਤੇ ਕਥਾ ਦੇ ਸਹਾਇਕ ਗ੍ਰੰਥ ਅਰਥਾਂ ਦੇ ਸਹਿਤ ਪੜ੍ਹਨੇ। ਉਨ੍ਹਾਂ ਸਹਾਇਕ ਗ੍ਰੰਥਾਂ ਦੇ ਵਿਚ (੧) ਚਾਣਕਾ ਨੀਤੀ, (੨) ਸਾਰੁਕਤਾਵਲੀ, (੩) ਭਾਵਰਸਾਂਮ੍ਰਿਤ, (੪) ਵਿਚਾਰਮਾਲਾ, (੫) ਅਧਯਾਤਮ ਪ੍ਰਕਾਸ਼, (੬) ਵੈਰਾਗ ਸ਼ਤਕ, (੭) ਪ੍ਰਬੋਧ ਚੰਦਰ ਨਾਟਕ, (੮) ਵਿਚਾਰ ਚੰਦ੍ਰੋਦਯ, ਅਤੇ (੯) ਵਿਚਾਰ ਸਾਗਰ ਹਨ। ਇਸ ਤੋਂ ਇਲਾਵਾ ਮੋਖਸ਼ ਪੰਥ, ਬਿਰਤੀ ਪ੍ਰਭਾਕਰ। ਪਰ ਇਨ੍ਹਾਂ ਗ੍ਰੰਥਾਂ ਵਿਚ ਮੁੱਢਲੇ ਨੌਂ ਭਾਵ ਵਿਚਾਰ ਸਾਗਰ ਤਕ ਪੜ੍ਹਨੇ ਜ਼ਰੂਰੀ ਹਨ ਤਾਂ ਕਿ ਗੁਰਬਾਣੀ ਦੇ ਗੂੜ੍ਹ ਸਿਧਾਂਤ ਸਮਝਣ ਵਿਚ ਕੋਈ ਔਖ ਨਾ ਆਵੇ। ਸੋ ਉਨ੍ਹਾਂ ਗ੍ਰੰਥਾਂ ਦੀ ਲੜੀ ਵਿਚ 'ਵੈਰਾਗ ਸ਼ਤਕ ਗ੍ਰੰਥ' ਦਾ ਆਪਣਾ ਵਿਸ਼ੇਸ਼ ਅਸਥਾਨ ਹੈ। ਬੀਤੇ ਸਮੇਂ ਵਿਚ ਜਦੋਂ ਪੰਜ ਗ੍ਰੰਥਾਂ ਦਾ ਸਟੀਕ *ਪੰਚ ਗ੍ਰੰਥਾਵਲੀ* ਤਿਆਰ ਹੋਇਆ, ਜਿਸ ਦੇ ਵਿਚ ਚਾਣਕਾ ਨੀਤੀ, ਸਾਰੁਕਤਾਵਲੀ, ਭਾਵਰਸਾਂਮ੍ਰਿਤ, ਵਿਚਾਰਮਾਲਾ, ਅਧਯਾਤਮ ਪ੍ਰਕਾਸ਼ ਦਾ ਟੀਕਾ ਕੀਤਾ ਗਿਆ ਸੀ। ਇਨ੍ਹਾਂ ਗ੍ਰੰਥਾਂ ਨੂੰ ਪੜ੍ਹਨ ਵਾਲਿਆਂ ਪ੍ਰਚਾਰਕਾਂ, ਕਥਾਵਾਚਕਾਂ ਵੱਲੋਂ ਅਤੇ ਜਥੇ ਦੇ ਗਿਆਨੀ ਸਿੰਘਾਂ ਵੱਲੋਂ ਪ੍ਰੇਰਨਾ ਹੋਈ ਕਿ ਜਿਵੇਂ *ਪੰਚ ਗ੍ਰੰਥਾਵਲੀ ਸਟੀਕ* ਤਿਆਰ ਹੋਇਆ ਹੈ, ਇਸੇ ਤਰ੍ਹਾਂ 'ਵੈਰਾਗ ਸ਼ਤਕ' ਅਤੇ 'ਪ੍ਰਬੋਧ ਚੰਦਰ ਨਾਟਕ' ਦਾ ਸਟੀਕ ਵੀ ਤਿਆਰ ਕੀਤਾ ਜਾਵੇ। ਉਨ੍ਹਾਂ ਦੀ ਪ੍ਰੇਰਨਾ ਸਰੋਤ ਲੈ ਕੇ ਪਹਿਲਾਂ ਇਸ ਗ੍ਰੰਥ ਦਾ ਸਟੀਕ ਸ਼ੁਰੂ ਕੀਤਾ। ਇਸ ਤੋਂ ਬਾਅਦ 'ਪ੍ਰਬੋਧ ਚੰਦਰ ਨਾਟਕ' ਦਾ ਸਟੀਕ ਹੋਵੇਗਾ।

ਇਉਂ ਗੁਰੂ ਸਾਹਿਬ ਜੀ ਦੀ ਕਿਰਪਾ ਦਾ ਸਦਕਾ ਜਥੇ ਵੱਲੋਂ ਪਹਿਲਾਂ ਲਿਖੇ ਗਏ ਸਟੀਕ (੧) *ਗੁਰਵਾਕ ਚਾਨਣ* (ਦੋ ਭਾਗਾਂ ਵਿਚ), (੨) *ਗੁਰ ਪ੍ਰਕਰਣ ਚਾਨਣ*, (੩) ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ *ਗੁਰਬਾਣੀ ਅਰਥ ਭੰਡਾਰ* (੧੨ ਭਾਗਾਂ ਵਿਚ), (੪) *ਪੰਚ ਗ੍ਰੰਥਾਵਲੀ* (ਚਾਣਕਯ ਨੀਤੀ, ਸਾਰੁਕਤਾਵਲੀ, ਭਾਵਰਸਾਂਮ੍ਰਿਤ, ਵਿਚਾਰਮਾਲਾ, ਅਧਯਾਤਮ ਪ੍ਰਕਾਸ਼) ਅਤੇ (੪) ਭਾਈ ਗੁਰਦਾਸ ਜੀ ਦੀਆਂ ਵਾਰਾਂ (ਦੋ ਭਾਗਾਂ ਵਿਚ), (੬) ਭਾਈ ਗੁਰਦਾਸ ਜੀ ਦੇ ਕਬਿੱਤ ਸਵੱਯੇ (ਇਕ ਭਾਗ ਵਿੱਚ), (੭) *ਵੇਦਾਂਤ ਸਾਰ ਸੰਗ੍ਰਹਿ* (ਪੰਜਵੀਂ ਰੁੱਤ, ਸੂਰਜ ਪ੍ਰਤਾਪ ਗ੍ਰੰਥ), ਹੁਣ (੮) ਵੈਰਾਗ ਸ਼ਤਕ; ਇਉਂ ਕੁੱਲ ੨੫ ਪੋਥੀਆਂ ਹਨ।

ਅਖ਼ੀਰ ਵਿਚ ਦਾਸ ਸ੍ਰੀ ਅਕਾਲ ਪੁਰਖ ਵਾਹਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸੇ ਗੁਰੂ ਸਾਹਿਬਾਨ ਅਤੇ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਮ-ਰੋਮ ਕਰਕੇ ਧੰਨਵਾਦ ਕਰਦਾ ਹੈ, ਜਿਨ੍ਹਾਂ ਦੀ ਕਿਰਪਾ ਸਦਕਾ ਇਹ ਕਾਰਜ ਸੰਪੂਰਨ ਹੋਇਆ ਹੈ। ਪਰਮ ਪੂਜਨੀਕ ਮਾਤਾ ਗੁਜਰ ਕੌਰ ਜੀ, ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਹਿ ਸਿੰਘ ਜੀ ਦਾ ਕੋਟਾਨਿ ਕੋਟਿ ਵਾਰ ਸ਼ੁਕਰਾਨਾ ਕਰਦਾ ਹੈ, ਜਿਨ੍ਹਾਂ ਦੇ ਸਸਕਾਰ ਅਸਥਾਨ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਨਜ਼ਦੀਕ ਗੁਰਮਤਿ ਵਿਦਿਆਲਾ ਜਥਾ ਰੰਧਾਵਾ ਦੇ ਅਸਥਾਨ 'ਤੇ ਇਹ ਕਾਰਜ ਸੰਪੂਰਨ ਹੋਇਆ। ਇਸ ਸਟੀਕ ਦੇ ਲਿਖਣ ਵਿਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਵਿਆਖਿਆ ਦੀ ਸਹਾਇਤਾ ਅਤੇ ਪੰਡਿਤ ਨਰਾਇਣ ਸਿੰਘ ਜੀ ਮੁਜੰਗਾਂ ਵਾਲਿਆਂ ਦੇ ਸਟੀਕ ਦੀ ਅਤੇ *ਮਹਾਨ ਕੋਸ਼* ਭਾਈ ਕਾਨ੍ਹ ਸਿੰਘ ਨਾਭਾ ਅਤੇ ਛੋਟੇ ਗ੍ਰੰਥਾਂ ਦੀ ਵਿੱਦਿਆ ਦੇਣ ਵਾਲੇ ਸੰਤ ਗਿਆਨੀ ਇੰਦਰਜੀਤ ਸਿੰਘ ਜੀ ਰਕਬੇ ਵਾਲਿਆਂ ਤੋਂ ਜੋ ਸਹਾਇਤਾ ਮਿਲੀ, ਉਨ੍ਹਾਂ ਦਾ ਅਣਗਿਣਤ ਵਾਰ ਧੰਨਵਾਦ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਭਾਈ ਗੁਰਸ਼ਰਨ ਸਿੰਘ ਜੀ, ਜਿਨ੍ਹਾਂ ਨੇ ਇਸ ਸਟੀਕ ਦੇ ਸਹਾਇਕ ਲਿਖਾਰੀ ਵਜੋਂ ਯੋਗਦਾਨ ਪਾਇਆ, ਸਰੀਰ ਦੀ ਪਰਵਾਹ ਨਾ ਕਰਦੇ ਹੋਏ ਲੰਮਾ ਸਮਾਂ ਬੈਠ ਕੇ ਅੱਕਣ ਥੱਕਣ ਤੋਂ ਰਹਿਤ ਹੋ ਕੇ ਸੇਵਾ ਕੀਤੀ, ਜਿਸ ਕਰਕੇ ਇਨ੍ਹਾਂ ਦਾ ਵੀ ਧੰਨਵਾਦ ਕੀਤਾ ਜਾਂਦਾ ਹੈ। ਅਖ਼ੀਰ ਵਿਚ ਵਿਦਵਾਨਾਂ, ਗਿਆਨੀ ਸਿੰਘ ਸਾਹਿਬਾਨਾਂ ਨੂੰ ਸਨਿਮਰ ਬੇਨਤੀ ਹੈ ਕਿ ਜਿਥੇ ਕਿਤੇ ਅੱਖਰਾਂ ਵਿਚ ਅਤੇ ਸਿਧਾਂਤ ਵਿਚ ਤਰੁੱਟੀ ਨਜ਼ਰ ਆਵੇ ਤਾਂ ਲਿਖ ਭੇਜਣ, ਜਿਸ ਕਰਕੇ ਅਗਲੀ ਐਡੀਸ਼ਨ ਵਿਚ ਸੋਧ ਹੋ ਸਕੇ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

*ਦਾਸਨਿ ਦਾਸ :*

**ਹਰੀ ਸਿੰਘ**

ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ

# ਜੋਗੀਰਾਜ ਭਰਥਰੀ ਜੀ ਦਾ ਸੰਖੇਪ ਜੀਵਨ ਉਥਾਨਕਾ ਸਮੇਤ

ਭਰਥਰੀ ਜੀ ਦਾ ਜੀਵਨ ਅਤੇ ਵੈਰਾਗ ਸ਼ਤਕ ਗ੍ਰੰਥ ਦੀ ਉਥਾਨਕਾ ਲਿਖਣ ਤੋਂ ਪਹਿਲਾਂ ਭਰਥਰੀ ਜੀ ਦੇ ਰਾਜ ਅਸਥਾਨ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਪ੍ਰਾਪਤ ਸ੍ਰੋਤਾਂ ਅਨੁਸਾਰ ਰਾਜ ਕਰਨ ਦੀ ਜਗ੍ਹਾ ਦੇ ਦੋ ਨਾਮ ਇੱਕੋ ਥਾਂ ਦੇ ਜਾਪਦੇ ਹਨ, ਇਸ ਜਗ੍ਹਾ ਦਾ ਪੁਰਾਤਨ ਨਾਮ ਉਜੈਨ (ਧਾਰਾ) ਨਗਰੀ ਸੀ, ਇਥੇ ਕਈ ਰਾਜੇ ਪਹਿਲਾਂ ਵੀ ਰਾਜ ਕਰ ਚੁੱਕੇ ਸਨ। ਮਾਲਵਾ (ਮੱਧ ਭਾਰਤ) ਦੀ ਇਹ ਨਗਰੀ, ਜੋ ਚੇਦਿ ਦੇ ਪੱਛਮ ਪ੍ਰਮਾਰ ਵੰਸ਼ ਦੀ ਰਾਜਧਾਨੀ ਰਹੀ ਹੈ, ਸੰਮਤ ੧੦੩੨ ਵਿਚ ਇਥੇ ਮੁੰਜ ਰਾਜ ਕਰਦਾ ਸੀ। ਫਿਰ ਇਹ ਰਾਜ ਉਸ ਦੇ ਭਤੀਜੇ ਭੋਜ ਦੇ ਹੱਥ ਆਇਆ, ਜੋ ਸੰਮਤ ੧੦੬੮ ਵਿਚ ਇਸ ਦਾ ਮਾਲਕ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕਥਨ ਅਨੁਸਾਰ ਇਥੇ ਮਹਾਰਾਜਾ ਭਰਥਰੀ ਜੀ ਨੇ ਵੀ ਰਾਜ ਕੀਤਾ ਹੈ। ਜੈਸਾ ਕਿ :

**ਦੋਹਰਾ॥ ਧਾਰਾ ਨਗਰੀ ਕੋ ਰਹੈ ਭਰਥਰਿ ਰਾਵ ਸੁਜਾਨ**
**ਦੋ ਦ੍ਵਾਦਸ ਬਿਦਯਾ ਨਿਪੁਨ ਸੂਰਬੀਰ ਬਲਵਾਨ॥੧॥** *(ਸ੍ਰੀ ਦਸਮ ਗ੍ਰੰਥ, ਚਰਿਤ੍ਰ ੨੦੯)*

ਸੋ ਗੁਰੂ ਸਾਹਿਬ ਜੀ ਦੇ ਇਸ ਇਸ਼ਾਰੇ ਅਨੁਸਾਰ ਅਤੇ ਉਸ ਦੀ ਆਪਣੀ ਲਿਖਤ ਅਨੁਸਾਰ ਇਹ ਗੱਲ ਸਿੱਧ ਹੁੰਦੀ ਹੈ ਕਿ ਰਾਜਾ ਭਰਥਰੀ ਉੱਚ ਕੋਟੀ ਦਾ ਵਿਦਵਾਨ, ਨੀਤੀ ਨਿਪੁੰਨ, ਨਿਆਂਕਾਰ, ਜਨ-ਸਮੁਦਾਯ ਦਾ ਪਿਆਰਾ, ਸ਼ੁਭ ਗੁਣਾਂ ਵਿਚ ਭਰਪੂਰ ਇਥੇ ਰਾਜ ਕਰਦਾ ਸੀ। ਰਾਜਾਵਲੀ ਵਿਚ ਇਸਦੇ ਪਿਤਾ ਦਾ ਨਾਮ ਗੰਧ੍ਰਬ ਸੈਨ ਲਿਖਿਆ ਹੈ ਅਤੇ ਇਸ ਦੀ ਮਾਤਾ ਬਾਰੇ ਇਤਿਹਾਸ ਧੁੰਦਲਾ ਹੈ, ਸਗੋਂ ਇਕ ਦਾਸੀ ਦੇ ਪੇਟੋਂ ਜੰਮਿਆ ਲਿਖਿਆ ਹੈ। ਇਸ ਦੇ ਪਿਤਾ ਨੇ ਇਸ ਨੂੰ ਬਚਪਨ ਵਿਚ ਹੀ ਸੰਸਕ੍ਰਿਤ ਦਾ ਯੋਗ ਵਿਦਵਾਨ ਬਣਾ ਦਿੱਤਾ ਸੀ। ਆਪਣੀ ਯੋਗਤਾ ਦੇ ਕਾਰਨ ਲੋਕਪ੍ਰਿਯ ਹੋ ਗਿਆ ਅਤੇ ਆਪਣੇ ਪਿਤਾ ਦੇ ਚਲਾਣੇ ਤੋਂ ਬਾਅਦ ਬੜੀ ਯੋਗਤਾ ਦੇ ਨਾਲ ਰਾਜ ਕਰਦਾ ਰਿਹਾ। ਇਸ ਦੇ ਵਿਵਾਹ ਭਾਵੇਂ ਕਈ ਸਨ, ਪਰ ਇਕ ਰਾਜ-ਪੁੱਤਰੀ ਜੋ ਮਹਾਂ ਸੁੰਦਰੀ ਸੀ, ਉਸ ਦਾ ਜੱਸ ਸੁਣ ਕੇ ਇਸ ਦਾ ਮਨ ਉਸ ਵੱਲ ਖਿੱਚਿਆ ਗਿਆ, ਕਿਉਂਕਿ ਕਾਮ ਦੀ ਰੂਪ ਨਾਲ ਦੋਸਤੀ ਹੁੰਦੀ ਹੈ। ਜੈਸਾ ਕਿ :

**ਰੂਪੈ ਕਾਮੈ ਦੋਸਤੀ...॥** *(ਮਲਾਰ ਵਾਰ, ਮ: ੧, ਅੰਗ ੧੨੮੮)*

ਉਸ ਦੇ ਫਲਸਰੂਪ ਭਰਥਰੀ ਜੀ ਨੇ ਉਸ ਇਸਤਰੀ ਨਾਲ ਵਿਆਹ ਕਰ ਲਿਆ, ਉਸ ਰਾਜਕੁਮਾਰੀ ਦਾ ਨਾਮ ਪਿੰਗਲਾ ਸੀ, ਉਸ ਦੇ ਹਾਵ-ਭਾਵ ਅਤੇ ਰੂਪ ਦਾ ਰਾਜੇ ਭਰਥਰੀ ਉੱਪਰ ਜਾਦੂ ਵਰਗਾ ਅਸਰ ਹੋਇਆ ਤੇ ਭਰਥਰੀ ਦਾ ਹਾਲ ਮੁੱਲ ਖ਼ਰੀਦੇ ਗ਼ੁਲਾਮ ਵਰਗਾ ਹੋਇਆ। ਐਸਾ ਪਿੱਛੇ ਵੀ ਹੁੰਦਾ ਆਇਆ ਹੀ ਹੈ, ਜੈਸਾ ਕਿ ਸਤਿਜੁਗ ਵਿਚ ਉਤਾਨਪਾਦ ਰਾਜੇ ਦੀ ਕਹਾਣੀ ਵੀ ਐਸੀ ਹੀ ਹੈ ਕਿ ਪਤੀਬ੍ਰਤਾ, ਨਿਮਰਤਾ ਤੇ ਪਿਆਰ ਦੀ ਮੂਰਤ ਮਹਾਰਾਣੀ ਸੁਨੀਤਾ (ਜਿਸ ਦੀ ਕੁੱਖ ਤੋਂ ਧ੍ਰੂ ਭਗਤ ਪੈਦਾ ਹੋਇਆ ਸੀ) ਨੂੰ ਛੱਡ ਕੇ ਉਤਾਨਪਾਦ ਰਾਜਾ ਛੋਟੀ ਰਾਣੀ ਸੁਰੀਚੇ ਦੇ ਰੂਪ ਦਾ ਗ਼ੁਲਾਮ ਹੋ ਗਿਆ ਸੀ। ਇਸੇ ਤਰ੍ਹਾਂ ਸ਼ਾਹਜਹਾਂ

ਮੁਗ਼ਲ ਰਾਜੇ ਦੇ ਉੱਤੇ ਨੂਰਜਹਾਂ ਬੇਗਮ ਦੇ ਰੂਪ ਦਾ ਜਾਦੂ ਚੱਲਿਆ ਸੀ। ਕਿਸ ਕਿਸ ਦਾ ਨਾਮ ਲਿਖਿਆ ਜਾਵੇ, ਕਿਉਂਕਿ ਅਨੇਕਾਂ ਰਾਜਿਆਂ ਦੇ ਅਜਿਹੇ ਪ੍ਰਸੰਗ ਮਿਲਦੇ ਹਨ। ਇਸੇ ਤਰ੍ਹਾਂ ਦਾ ਪ੍ਰਸੰਗ ਮਹਾਰਾਜੇ ਭਰਥਰੀ ਦਾ ਹੈ। ਜਦੋਂ ਰਾਜਾ ਭਰਥਰੀ ਖ਼ੁਦ ਹੀ ਮਹਾਰਾਣੀ ਪਿੰਗਲਾ ਦੇ ਅਧੀਨ ਹੋ ਗਿਆ ਤਾਂ ਉਸ ਨੂੰ ਹੁਣ ਹੋਰ ਕਿਸ ਦਾ ਡਰ ਹੋਣਾ ਸੀ, ਭੈ-ਰਹਿਤ ਹੋ ਕੇ ਪਿੰਗਲਾ ਵਿਚਰਨ ਲੱਗੀ। ਅੰਦਰ ਦੀ ਮੰਦ ਵਾਸ਼ਨਾ ਦੇ ਭੜਕਣ ਤੋਂ ਪਿੰਗਲਾ ਨੇ ਆਪਣੇ ਹੀ ਰਾਜ ਦੇ ਨੌਕਰ, ਜੋ ਘੋੜਿਆਂ ਦੇ ਤਬੇਲੇ ਦਾ ਦਰੋਗਾ ਸੀ, ਉਸ ਨਾਲ ਪਿਆਰ ਪਾ ਲਿਆ। ਭਰਥਰੀ ਨੂੰ ਭਿਣਕ ਨਹੀਂ ਲੱਗਣ ਦਿੱਤੀ ਤੇ ਉਸ ਨਾਲ ਸਰੀਰਕ ਸੰਬੰਧ ਬਣਾ ਕਰਕੇ ਆਪਣੀ ਵਾਸ਼ਨਾ ਪੂਰੀ ਕਰਦੀ ਰਹੀ। ਪਰਮਾਤਮਾ ਦੇ ਵਿਧੀ ਵਿਧਾਨ ਅਨੁਸਾਰ ਪਾਪ ਨੇ ਇਕ ਦਿਨ ਪ੍ਰਗਟ ਹੋਣਾ ਹੀ ਹੁੰਦਾ ਹੈ, ਕਿਉਂਕਿ ਇਹ ਰੱਬੀ ਨਿਯਮ ਹੈ। ਮਹਾਰਾਜੇ ਭਰਥਰੀ ਦਾ ਇਕ ਛੋਟਾ ਭਰਾ ਜੋ ਬੜਾ ਦੈਵੀ ਗੁਣਾਂ ਨਾਲ ਸੰਪੰਨ ਸੀ ਅਤੇ ਆਪਣੇ ਵੱਡੇ ਮਹਾਰਾਜੇ ਭਰਥਰੀ ਨੂੰ ਪਿਤਾ ਦੇ ਸਮਾਨ ਸਤਿਕਾਰ ਦਿੰਦਾ ਸੀ ਤੇ ਹਰ ਤਰ੍ਹਾਂ ਕਰਕੇ ਆਪਣੇ ਭਰਾ ਦੀ ਆਗਿਆ ਦਾ ਪਾਲਨ ਕਰਦਾ ਸੀ। ਮਹਾਰਾਜੇ ਭਰਥਰੀ ਨੇ ਵੀ ਇਸ ਦੇ ਸਤਿਕਾਰ ਦੀ ਕੀਮਤ ਪਾਉਂਦਿਆਂ ਉਸ ਨੂੰ ਪ੍ਰਧਾਨ ਮੰਤਰੀ ਦਾ ਰੁਤਬਾ ਦਿੱਤਾ ਸੀ। ਇਸ ਦਾ ਨਾਮ ਵੀਰ ਬਿਕ੍ਰਮਦਿਤਯ ਸੀ, ਮਗਰੋਂ ਬਿਕ੍ਰਮਜੀਤ ਦੇ ਨਾਮ ਨਾਲ ਪ੍ਰਸਿੱਧ ਹੋਇਆ, ਜਿਸ ਦੇ ਨਾਮ ਦਾ ਬਿਕ੍ਰਮੀ ਸੰਮਤ ਪ੍ਰਸਿੱਧ ਹੈ। ਭਾਵੇਂ ਸੰਮਤ ਬਿਕ੍ਰਮ ਨਾਮ ਦੀ ਇਕ ਮਾਰਸ਼ਲ ਕੌਮ ਤੋਂ ਚੱਲਿਆ ਸੀ, ਪਰ ਪ੍ਰਸਿੱਧੀ ਮਹਾਰਾਜੇ ਬਿਕ੍ਰਮਜੀਤ ਦੇ ਨਾਮ ਨਾਲ ਜੁੜ ਕੇ ਹੋਈ। ਕਿਉਂਕਿ ਇਸ ਨੇ ਸੰਮਤ ਨੂੰ ਅਪਣਾਇਆ ਤੇ ਜਿਥੇ ਤਕ ਰਾਜ ਸੀ, ਉਥੇ ਤਕ ਲਾਗੂ ਕੀਤਾ। ਜਦੋਂ ਇਹ ਬਿਕ੍ਰਮਜੀਤ ਆਪਣੇ ਭਰਾ ਭਰਥਰੀ ਜੀ ਦੇ ਰਾਜ ਵਿਚ ਪ੍ਰਧਾਨ ਮੰਤਰੀ ਦੇ ਤੌਰ 'ਤੇ ਕੰਮ ਕਰਦਾ ਸੀ, ਇਸ ਨੇ ਹਰ ਮਹਿਕਮੇ 'ਤੇ ਪੂਰੀ ਨਜ਼ਰ ਰੱਖੀ ਹੋਈ ਸੀ। ਪਰਜਾ ਦੀ ਹਰ ਪ੍ਰਕਾਰ ਦੀ ਜਾਣਕਾਰੀ ਬਿਕ੍ਰਮਜੀਤ ਨੂੰ ਪ੍ਰਾਪਤ ਸੀ। ਇਸੇ ਕਰਕੇ ਮਹਾਰਾਣੀ ਪਿੰਗਲਾ ਦੇ ਮੰਦ ਕਰਮ ਦੀ ਜਾਣਕਾਰੀ ਸਭ ਤੋਂ ਪਹਿਲਾਂ ਬਿਕ੍ਰਮਜੀਤ ਨੂੰ ਪ੍ਰਾਪਤ ਹੋਈ। ਉਸ ਨੇ ਆਪਣੇ ਧਰਮ ਦੀ ਪਾਲਣਾ ਕਰਦਿਆਂ ਹੋਇਆਂ ਇਹ ਜਾਣਕਾਰੀ ਮਹਾਰਾਜਾ ਭਰਥਰੀ ਨੂੰ ਦਿੱਤੀ ਤਾਂ ਮਹਾਰਾਜਾ ਭਰਥਰੀ ਪਿੰਗਲਾ ਬਾਰੇ ਇਹ ਗੱਲ ਸੁਣ ਕੇ, ਇਸਤਰੀ ਮੋਹ ਦੇ ਵਿਚ ਗੜੁੱਚ ਹੋਇਆ ਕ੍ਰੋਧ ਨਾਲ ਬੋਲਿਆ ਕਿ ਤੂੰ ਮੇਰਾ ਛੋਟਾ ਭਰਾ ਹੈਂ, ਇਸ ਲਈ ਮੈਂ ਚੁੱਪ ਹਾਂ, ਤੇਰੀ ਜਗ੍ਹਾ ਕੋਈ ਹੋਰ ਹੁੰਦਾ ਤਾਂ ਮੈਂ ਸਜ਼ਾਏ-ਮੌਤ ਦਿੰਦਾ। ਅੱਜ ਧਰਤੀ ਉੱਤੇ ਮੇਰੀ ਪਿੰਗਲਾ ਵਰਗੀ ਕੋਈ ਸਤਵੰਤੀ ਨਹੀਂ ਹੈ। ਉਧਰ ਪਿੰਗਲਾ ਨੂੰ ਇਸ ਗੱਲ ਦੀ ਸੂਹ ਮਿਲ ਗਈ ਕਿ ਮੇਰੇ ਪਾਪ ਕਰਮ ਦਾ ਪੜਦਾ ਉੱਠਣ ਲੱਗਾ ਹੈ। ਵਿਉਂਤ ਬਣਾਉਣ ਲੱਗੀ ਕਿ ਕਿਸ ਤਰੀਕੇ ਨਾਲ ਇਸ ਪਾਪ ਉੱਤੇ ਪੜਦਾ ਪਾ ਦੇਵਾਂ, ਤਾਂ ਇਸ ਨੇ ਇਹ ਚਰਿੱਤਰ ਖੇਡਿਆ ਕਿ ਹੋਰ ਤਾਂ ਕੋਈ ਇਹੋ ਜਿਹੀ ਹਿੰਮਤ ਕਰਨ ਵਾਲਾ ਨਹੀਂ ਹੈ, ਕਿਉਂ ਨਾ ਬਿਕ੍ਰਮਜੀਤ ਨੂੰ ਤੁਹਮਤ ਲਗਾ ਕੇ ਰਾਜ ਵਿੱਚੋਂ ਕਢਾ ਦਿੱਤਾ ਜਾਵੇ। ਕਿਸੇ ਹੱਦ ਤਕ ਇਸ ਦੀ ਇਹ ਵਿਉਂਤ ਕਾਮਯਾਬ ਹੋਈ। ਇਸ ਨੇ ਮਹਾਰਾਜੇ ਭਰਥਰੀ ਨਾਲ ਅੱਗੇ ਨਾਲੋਂ ਨਕਲੀ ਪਿਆਰ ਵਧਾਉਣਾ ਕੀਤਾ ਤੇ ਇਕ ਦਿਨ ਜਦੋਂ ਇਸ ਨੇ ਰਾਜੇ ਨੂੰ ਆਪਣੇ ਪ੍ਰੇਮ ਵਿਚ ਗੜੁੱਚ ਹੋਇਆ ਦੇਖਿਆ ਤਾਂ ਬੜੇ ਤਰੀਕੇ ਨਾਲ ਮਹਾਰਾਜੇ ਭਰਥਰੀ ਕੋਲ ਬਿਕ੍ਰਮਜੀਤ ਦੀ ਸ਼ਿਕਾਇਤ ਕਰ ਦਿੱਤੀ ਕਿ ਮਹਾਰਾਜ! ਤੁਹਾਡਾ ਛੋਟਾ ਭਰਾ ਬਿਕ੍ਰਮਜੀਤ, ਜਿਸ 'ਤੇ ਤੁਸੀਂ ਬਹੁਤ ਭਰੋਸਾ ਕਰਦੇ ਹੋ ਅਤੇ ਉਸ ਨੂੰ ਸਭ ਤੋਂ ਵੱਡਾ ਰੁਤਬਾ ਦੇ ਰੱਖਿਆ ਹੈ, ਇਹ ਇਸ ਦੇ ਯੋਗ ਨਹੀਂ ਹੈ। ਜੀਵਨ ਤੋਂ ਡਿੱਗਿਆ ਹੋਇਆ ਇਨਸਾਨ ਹੈ, ਤੁਹਾਡਾ ਛੋਟਾ ਭਰਾ ਹੋਣ ਦੇ ਨਾਤੇ ਮੈਂ ਇਸ ਨੂੰ ਪੁੱਤਰ ਦੇ ਸਮਾਨ ਸਮਝਦੀ ਹਾਂ ਅਤੇ ਇਸ ਦਾ ਫ਼ਰਜ਼ ਨਹੀਂ ਬਣਦਾ ਕਿ ਮੈਨੂੰ ਮਾਵਾਂ ਦੇ ਸਮਾਨ ਸਮਝੇ। ਮੈਂ ਬਚਾਅ ਕਰਦੀ ਕਰਦੀ ਥੱਕ ਗਈ, ਪਰ ਇਹ ਮੇਰਾ ਪੈਂਡਾ ਨਹੀਂ ਛੱਡ ਰਿਹਾ। ਕੋਈ ਹੋਰ ਇਸਤਰੀ ਹੁੰਦੀ ਤਾਂ ਇਸ ਜਾਲ ਵਿਚ ਫਸ ਜਾਂਦੀ, ਇਸ ਲਈ ਤੁਹਾਡੇ ਧਿਆਨ ਵਿਚ ਇਹ ਗੱਲ ਲਿਆਉਣਾ ਕੀਤੀ ਹੈ, ਨਹੀਂ ਤਾਂ ਇਸ ਨੇ ਮੇਰਾ ਪਤੀਬ੍ਰਤਾ ਧਰਮ ਨਾਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਚਲੋ ਸ਼ਹਿਰ ਦੀਆਂ ਤਾਂ ਕਈ

ਸਤਵੰਤੀਆਂ ਦੇ ਸਤ ਤਾਂ ਇਸ ਨੇ ਤੋੜੇ ਹੀ ਹਨ, ਪਰ ਕਮ-ਸੇ-ਕਮ ਇਹ ਤਾਂ ਖ਼ਿਆਲ ਕਰਦਾ ਕਿ ਵੱਡੀ ਭਰਜਾਈ ਮਾਵਾਂ ਦੇ ਤੁਲ ਹੁੰਦੀ ਹੈ। ਇਹ ਸੁਣ ਕੇ ਮਹਾਰਾਜਾ ਭਰਥਰੀ ਨੂੰ ਯਕੀਨ ਹੋ ਗਿਆ ਕਿ ਆਪਣੇ ਪਾਪ 'ਤੇ ਪੜਦਾ ਪਾਉਣ ਲਈ ਬਿਕ੍ਰਮਜੀਤ ਨੇ ਮਹਾਰਾਣੀ ਦੇ ਵਿਭਚਾਰ ਦੀ ਝੂਠੀ ਕਹਾਣੀ ਘੜ ਲਈ ਹੈ। ਜੋ ਪੁਰਸ਼ ਬਿਨਾਂ ਵਿਚਾਰੇ ਇਸਤਰੀ ਦੇ ਆਖੇ ਲੱਗਣ, ਉਨ੍ਹਾਂ ਬਾਰੇ ਗੁਰਬਾਣੀ ਵਿਚ ਇਉਂ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥**
**ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥**

*(ਗਉੜੀ ਕੀ ਵਾਰ, ਮ: ੪, ਅੰਗ ੩੦੪)*

ਮਹਾਰਾਣੀ 'ਤੇ ਯਕੀਨ ਕਰਦਿਆਂ ਭਰਥਰੀ ਨੇ ਪੁੱਛਿਆ ਕਿ ਕੋਈ ਐਸੀ ਸਤਵੰਤੀ ਦੇ ਸਤ ਤੋੜਨ ਦੀ ਤੈਨੂੰ ਜਾਣਕਾਰੀ ਹੋਵੇ ਤਾਂ ਉਹ ਮੈਨੂੰ ਦੱਸ, ਜਿਸ 'ਤੇ ਬਿਕ੍ਰਮਾਜੀਤ ਨੂੰ ਮੈਂ ਸਜ਼ਾ ਦੇ ਸਕਾਂ। ਪਰ ਮੈਨੂੰ ਸੱਚਾ ਸਬੂਤ ਚਾਹੀਦਾ ਹੈ। ਤਾਂ ਮਹਾਰਾਣੀ ਨੇ ਕਿਹਾ ਕਿ ਮਹਾਰਾਜ! ਅਜੇ ਤਾਂ ਥੋੜ੍ਹੇ ਹੀ ਸਮੇਂ ਦੀ ਗੱਲ ਹੈ ਕਿ ਇਸੇ ਨਗਰ ਦੇ ਸ਼ਾਹੂਕਾਰ ਦੀ ਪੁੱਤਰ-ਵਧੂ ਨਾਲ ਸੰਬੰਧ ਕਾਇਮ ਕਰਨ ਲਈ ਉਸ ਦੇ ਮਗਰ ਆਪਣੀਆਂ ਦੂਤੀਆਂ ਲਾਈਆਂ, ਪਰ ਮੇਰੇ ਵਾਂਗੂੰ ਪਤੀਬ੍ਰਤਾ ਧਰਮ ਵਾਲੀ ਸੀ। ਇਸ ਲਈ ਉਸ ਤੋਂ ਬਚਾਅ ਹੋਇਆ ਰਿਹਾ। ਚਲੋ ਇਹ ਤਾਂ ਗੱਲਾਂ ਇੱਕ ਪਾਸੇ ਰਹੀਆਂ, ਮੈਨੂੰ ਤਾਂ ਇਹ ਚਿੰਤਾ ਹੈ ਕਿ ਕਿਤੇ ਤੁਹਾਡੇ ਦੁਸ਼ਮਣਾਂ ਨਾਲ ਮਿਲ ਕੇ ਤੁਹਾਡਾ ਰਾਜ ਤਬਾਹ ਨਾ ਕਰ ਦੇਵੇ। ਪਿੰਗਲਾ ਦੇ ਕਹੇ ਹੋਏ ਨੂੰ ਭਰਥਰੀ ਨੇ ਪੂਰਨ ਰੂਪ ਵਿਚ ਸੱਚ ਮੰਨ ਲਿਆ ਤੇ ਮਹਾਰਾਣੀ ਨੇ ਆਪਣੀ ਕਹੀ ਹੋਈ ਗੱਲ ਨੂੰ ਸਾਬਤ ਕਰਨ ਲਈ ਅਤੇ ਬਿਕ੍ਰਮਾਜੀਤ ਨੂੰ ਸਜ਼ਾ ਦਿਵਾਉਣ ਲਈ ਗੱਲ ਅੱਗੇ ਤੋਰੀ। ਨਗਰ ਦੇ ਇਕ ਸ਼ਾਹੂਕਾਰ ਨੂੰ ਸੁਨੇਹਾ ਦੇ ਕੇ ਆਪਣੇ ਕੋਲ ਬੁਲਾਇਆ ਅਤੇ ਕਿਹਾ ਕਿ ਸੇਠ ਜੀ ਤੈਨੂੰ ਪਤਾ ਹੈ ਕਿ ਮਹਾਰਾਜਾ ਉਹ ਕਰਦਾ ਹੈ ਜੋ ਮੈਂ ਕਹਾਂ। ਜੇ ਤੂੰ ਆਪਣਾ ਤੇ ਆਪਣੇ ਪਰਿਵਾਰ ਦਾ ਭਲਾ ਚਾਹੁੰਦਾ ਹੈਂ ਤਾਂ ਤੈਨੂੰ ਉਹ ਕੁਝ ਕਰਨਾ ਪਵੇਗਾ ਜੋ ਮੈਂ ਕਹਾਂਗੀ। ਉਸ ਨੇ ਡਰਦਿਆਂ ਕਿਹਾ ਕਿ ਮਹਾਰਾਣੀ ਜੀ, ਮੇਰੇ ਲਈ ਕੀ ਹੁਕਮ ਹੈ ਤਾਂ ਮਹਾਰਾਣੀ ਨੇ ਕਿਹਾ ਕਿ ਕੱਲ੍ਹ ਮਹਾਰਾਜੇ ਕੋਲ ਦਰਬਾਰ ਵਿਚ ਜਾ ਕੇ ਪੁਕਾਰ ਕਰੀਂ ਕਿ ਤੁਹਾਡਾ ਭਰਾ ਬਿਕ੍ਰਮਾਜੀਤ ਮੇਰੀ ਨੂੰਹ ਦੇ ਮਗਰ ਪਿਆ ਹੋਇਆ ਹੈ। ਮੇਰੀ ਨੂੰਹ ਦਾ ਧਰਮ ਭ੍ਰਿਸ਼ਟ ਕਰਨਾ ਚਾਹੁੰਦਾ ਹੈ। ਤਾਂ ਉਸ ਸੇਠ ਨੇ ਹੱਥ ਜੋੜ ਕੇ ਕਿਹਾ ਕਿ ਮਹਾਰਾਣੀ, ਇਤਨੇ ਵੱਡੇ ਧਰਮਾਤਮਾ ਬਿਕ੍ਰਮਾਜੀਤ 'ਤੇ ਝੂਠਾ ਇਲਜ਼ਾਮ ਲਗਾਉਣ ਲਈ ਮੇਰੇ ਕੋਲੋਂ ਝੂਠ ਕਿਉਂ ਬੁਲਵਾ ਰਹੇ ਹੋ। ਤਾਂ ਮਹਾਰਾਣੀ ਨੇ ਗ਼ੁੱਸੇ ਵਿਚ ਆ ਕੇ ਕਿਹਾ ਕਿ ਤੂੰ ਜੇ ਮੇਰੀ ਗੱਲ ਨਾ ਮੰਨੀ ਤਾਂ ਤੈਨੂੰ ਅਤੇ ਤੇਰੇ ਸਾਰੇ ਪਰਿਵਾਰ ਨੂੰ ਕੋਹਲੂ ਵਿਚ ਪਿੜਵਾ ਦੇਵਾਂਗੀ। ਸੇਠ ਨੇ ਹੱਥ ਜੋੜ ਕੇ ਕਿਹਾ ਕਿ ਮਹਾਰਾਣੀ, ਮੈਨੂੰ ਪ੍ਰਵਾਨ ਹੈ। ਮੈਂ ਕੱਲ੍ਹ ਹੀ ਮਹਾਰਾਜੇ ਦੇ ਦਰਬਾਰ ਵਿਚ ਜਾ ਕੇ ਤੁਹਾਡੇ ਕਹੇ ਅਨੁਸਾਰ ਪੁਕਾਰ ਕਰਾਂਗਾ। ਮਹਾਰਾਣੀ ਦੇ ਭੈ ਵਿਚ ਆ ਕੇ ਤੇ ਆਪਣੇ ਪਰਿਵਾਰ ਦੇ ਬਚਾਅ ਲਈ ਸੁਆਰਥ ਵਿਚ ਆ ਕੇ ਅਗਲੇ ਦਿਨ ਮਹਾਰਾਜੇ ਦੇ ਦਰਬਾਰ ਵਿਚ ਪਿੰਗਲਾ ਦੀ ਘੜੀ ਹੋਈ ਝੂਠੀ ਕਹਾਣੀ ਕਹਿ ਸੁਣਾਈ ਕਿ ਤੁਹਾਡਾ ਭਰਾ ਬਿਕ੍ਰਮਾਜੀਤ ਮੇਰੀ ਨੂੰਹ ਦਾ ਪਤੀਬ੍ਰਤਾ ਧਰਮ ਭ੍ਰਿਸ਼ਟ ਕਰਨਾ ਚਾਹੁੰਦਾ ਹੈ। ਇਹ ਸੁਣਦਿਆਂ ਹੀ ਮਹਾਰਾਜੇ ਭਰਥਰੀ ਨੂੰ ਕ੍ਰੋਧ ਆਇਆ ਕਿ ਮੈਂ ਇਸ ਨੂੰ ਪੁੱਤਰਾਂ ਵਾਂਗ ਪਿਆਰ ਕਰਦਾ ਹਾਂ, ਪਰ ਇਹ ਆਪ-ਮੁਹਾਰਾ ਹੋ ਕੇ ਇਤਨਾ ਚੱਲਣ ਲੱਗ ਪਿਆ। ਤੇ ਮਹਾਰਾਜੇ ਭਰਥਰੀ ਨੇ ਬਿਕ੍ਰਮਾਜੀਤ ਨੂੰ ਸੱਦ ਕੇ ਦੇਸ਼ ਨਿਕਾਲੇ ਦਾ ਹੁਕਮ ਦੇ ਦਿੱਤਾ। ਜਿਸ ਨੂੰ ਧਰਮੀ ਬਿਕ੍ਰਮਾਜੀਤ ਨੇ ਬੜੇ ਪਿਆਰ ਅਤੇ ਹੌਂਸਲੇ ਨਾਲ ਪ੍ਰਵਾਨ ਕੀਤਾ ਤੇ ਸਭਾ ਵਿੱਚੋਂ ਉੱਠ ਕੇ ਆਪਣੇ ਨਿਵਾਸ ਸਥਾਨ 'ਤੇ ਗਿਆ ਅਤੇ ਆਪਣੇ ਪਰਿਵਾਰ ਨੂੰ ਨਾਲ ਲੈ

ਕੇ ਦੇਸ਼ ਛੱਡ ਕੇ ਚਲਾ ਗਿਆ। ਇਕ ਕੀੜੀ ਤੋਂ ਲੈ ਕੇ ਹਾਥੀ ਤਕ ਜੀਵ-ਜੰਤ ਅਤੇ ਇਕ ਮਨੁੱਖ ਤੋਂ ਲੈ ਕੇ ਬ੍ਰਹਮਾ ਤਕ ਇਹ ਸਭ ਪਰਮਾਤਮਾ ਦੇ ਹੁਕਮ ਵਿਚ ਚੱਲਦੇ ਹਨ, ਉਹ ਪਰਮਾਤਮਾ ਜਦੋਂ ਕਿਸੇ ਦੇ ਝੂਠ ਨੂੰ ਨੰਗਾ ਕਰਨਾ ਚਾਹੇ ਤਾਂ ਮਨੁੱਖ ਦੀਆਂ ਦਲੀਲਾਂ ਉਸ ਅੱਗੇ ਫ਼ੇਲ੍ਹ ਹੋ ਜਾਂਦੀਆਂ ਹਨ। ਐਸਾ ਹੀ ਮਹਾਰਾਣੀ ਪਿੰਗਲਾ ਨਾਲ ਵੀ ਹੋਇਆ। ਉਹ ਵਾਰਤਾ ਇਉਂ ਹੈ ਕਿ ਇਕ ਬ੍ਰਾਹਮਣ ਮਹਾਰਾਜੇ ਭਰਥਰੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਉਸ ਨੇ ਆ ਕੇ ਮਹਾਰਾਜੇ ਅੱਗੇ ਅਰਜ਼ ਕੀਤੀ ਕਿ ਮਹਾਰਾਜ! ਮੈਂ ਪੱਚੀ ਵਰ੍ਹੇ ਦੈਵ ਸ਼ਕਤੀ ਨੂੰ ਅਰਾਧਿਆ, ਉਸ ਦੇ ਫਲਸਰੂਪ ਮੈਨੂੰ ਇਕ ਅਮਰ ਫਲ ਪ੍ਰਾਪਤ ਹੋਇਆ। ਉਹ ਅਮਰ ਫਲ ਲੈ ਕੇ ਮੈਂ ਆਪ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਹਾਂ ਕਿਉਂਕਿ ਉਹ ਅਮਰ ਫਲ ਮੇਰੀ ਇਸਤਰੀ ਨੇ ਨਾ ਆਪ ਖਾਧਾ ਤੇ ਨਾ ਹੀ ਮੈਨੂੰ ਖਾਣ ਦਿੱਤਾ। ਉਸ ਦਾ ਕਾਰਣ ਇਹ ਹੈ ਕਿ ਸਾਡੇ ਘਰ ਅਤਿਅੰਤ ਹੀ ਗ਼ਰੀਬੀ ਹੈ। ਜੇ ਅਮਰ ਫਲ ਖਾ ਲਿਆ, ਫਿਰ ਮੌਤ ਨਹੀਂ ਆਵੇਗੀ ਤੇ ਸਦਾ ਲਈ ਗ਼ਰੀਬੀ ਨਾਲ ਜੂਝਣਾ ਪਵੇਗਾ। ਇਹ ਸੋਚ ਕੇ ਮੈਂ ਅਮਰ ਫਲ ਆਪ ਜੀ ਨੂੰ ਭੇਟ ਕਰਨ ਆ ਗਿਆ ਹਾਂ ਕਿ ਉਸ ਦੇ ਬਦਲੇ ਕੁਝ ਧਨ ਪਦਾਰਥ ਮਿਲ ਜਾਵੇਗਾ ਅਤੇ ਤੁਸੀਂ ਅਮਰ ਫਲ ਖਾ ਕੇ ਅਮਰ ਹੋ ਜਾਵੋਗੇ ਤੇ ਧਰਮ ਦਾ ਰਾਜ ਕਰਦੇ ਰਹੋਗੇ। ਇਹ ਕਹਿ ਕੇ ਬ੍ਰਾਹਮਣ ਨੇ ਮਹਾਰਾਜੇ ਨੂੰ ਅਮਰ ਫਲ ਭੇਟ ਕਰ ਦਿੱਤਾ। ਮਹਾਰਾਜਾ ਭਰਥਰੀ ਅਮਰ ਫਲ ਲੈ ਕੇ ਬਹੁਤ ਪ੍ਰਸੰਨ ਹੋਇਆ ਤੇ ਉਸ ਨੂੰ ਲੱਖਾਂ ਮੋਹਰਾਂ ਸਤਿਕਾਰ ਵਜੋਂ ਪ੍ਰਸੰਨ ਹੋ ਕੇ ਦਿੱਤੀਆਂ ਤੇ ਬ੍ਰਾਹਮਣ ਪ੍ਰਸੰਨ ਹੋ ਕੇ ਅਸੀਸਾਂ ਦਿੰਦਾ ਹੋਇਆ ਆਪਣੇ ਘਰ ਪਰਤਿਆ।

ਉਧਰ ਰਾਜਾ ਭਰਥਰੀ ਸੋਚਣ ਲੱਗਾ ਕਿ ਜੇ ਮੈਂ ਇਹ ਅਮਰ ਫਲ ਖਾ ਲਿਆ ਤਾਂ ਮੈਂ ਜਵਾਨ ਤੇ ਅਮਰ ਹੋ ਜਾਵਾਂਗਾ, ਪਰ ਮੇਰੀ ਮਹਾਰਾਣੀ ਪਿੰਗਲਾ ਬੁੱਢੀ ਹੋ ਜਾਵੇਗੀ। ਇਸ ਕਰਕੇ ਇਹ ਫਲ ਮਹਾਰਾਣੀ ਨੂੰ ਖੁਆ ਦਿਆਂ ਤਾਂ ਕਿ ਉਹ ਜਵਾਨ ਤੇ ਅਮਰ ਰਹੇ। ਇਹ ਸੋਚ ਕੇ ਉਹ ਫਲ ਮਹਾਰਾਣੀ ਪਿੰਗਲਾ ਨੂੰ ਦੇ ਦਿੱਤਾ ਤੇ ਪਿੰਗਲਾ ਨੇ ਕਿਹਾ ਕਿ ਮਹਾਰਾਜ! ਮੈਂ ਨਹਾ-ਧੋ ਕੇ ਪਰਮੇਸ਼ਰ ਦਾ ਚਿੰਤਨ ਕਰ ਕੇ ਇਹ ਫਲ ਖਾਵਾਂਗੀ। ਮਹਾਰਾਜਾ ਮਹਿਲਾਂ ਵਿਚ ਚਲਾ ਗਿਆ। ਪਿੱਛੋਂ ਮਹਾਰਾਣੀ ਨੇ ਆਪਣੇ ਮਿੱਤਰ ਹਥਵਾਨ ਨੂੰ ਸੱਦ ਕੇ ਉਹ ਫਲ ਦੇ ਦਿੱਤਾ ਕਿ ਤੂੰ ਇਹ ਫਲ ਖਾ ਕੇ ਅਮਰ ਹੋ ਜਾਵੇਂਗਾ ਅਤੇ ਮੈਨੂੰ ਸੁੱਖ ਦੇਂਦਾ ਰਹੇਂਗਾ। ਤੇ ਉਹ ਹਥਵਾਨ ਅਮਰ ਫਲ ਲੈ ਕੇ ਆਪਣੇ ਘਰ ਚਲਾ ਗਿਆ ਤੇ ਸੋਚਣ ਲੱਗਾ ਕਿ ਮੇਰੀ ਪ੍ਰੀਤੀ ਇਕ ਵੇਸਵਾ ਨਾਲ ਹੈ, ਉਹ ਜੁਆਨ ਰਹਿਣੀ ਚਾਹੀਦੀ ਹੈ। ਇਹ ਸੋਚ ਕੇ ਉਸ ਨੇ ਉਹ ਫਲ ਵੇਸਵਾ ਨੂੰ ਦੇ ਦਿੱਤਾ। ਹੁਣ ਇਹ ਵਾਰਤਾ ਪ੍ਰਸਿੱਧ ਹੈ ਕਿ ਕਦੇ ਕਦੇ ਮੰਦੇ ਕਰਮ ਕਰਨ ਵਾਲਿਆਂ ਨੂੰ ਪੁੰਨ ਕਰਮ ਕਰਨ ਦਾ ਫੁਰਨਾ ਫੁਰ ਆਉਂਦਾ ਹੈ। ਉਸ ਵੇਸਵਾ ਨੇ ਸੋਚਿਆ ਕਿ ਮੈਂ ਹੁਣ ਤਕ ਦੀ ਉਮਰ ਤਕ ਪਾਪ ਕਰਮ ਹੀ ਕਰਦੀ ਰਹੀ ਹਾਂ। ਜੇ ਇਹ ਫਲ ਖਾ ਕੇ ਅਮਰ ਹੋ ਗਈ ਤਾਂ ਰਹਿੰਦੀ ਜ਼ਿੰਦਗੀ ਵੀ ਮੰਦੇ ਕਰਮ ਹੀ ਕਰਦੀ ਰਹਾਂਗੀ। ਮੈਂ ਹੁਣ ਤਕ ਕਿੰਨੀਆਂ ਸੁਹਾਗਣਾਂ ਦੇ ਘਰ ਉਜਾੜੇ ਅਤੇ ਕਲੇਸ਼ ਦਾ ਕਾਰਨ ਬਣੀ। ਚੰਗਾ ਤਾਂ ਇਹ ਹੈ ਕਿ ਇਹ ਫਲ ਮੈਂ ਧਰਮੀ ਮਹਾਰਾਜੇ ਭਰਥਰੀ ਨੂੰ ਖੁਆ ਦਿਆਂ। ਇਹ ਸੋਚ ਕੇ ਵੇਸਵਾ ਮਹਾਰਾਜੇ ਅੱਗੇ ਸਨਮੁਖ ਹੋਈ ਅਤੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਆਪਣੀ ਜ਼ਿੰਦਗੀ ਵਿਚ ਕੋਈ ਚੰਗਾ ਕਰਮ ਨਹੀਂ ਕੀਤਾ। ਮੈਨੂੰ ਅੰਦਰੋਂ ਹੀ ਪ੍ਰੇਰਨਾ ਹੋਈ ਹੈ ਕਿ ਮੈਂ ਕਮ-ਸੇ-ਕਮ ਕੋਈ ਤਾਂ ਚੰਗਾ ਕਰਮ ਕਰ ਲਵਾਂ। ਇਹ ਕਹਿ ਕੇ ਸੁੰਦਰ ਬਸਤਰ ਵਿਚ ਲਪੇਟਿਆ ਹੋਇਆ ਅਮਰ ਫਲ ਭੇਟ ਕਰ ਦਿੱਤਾ। ਮਹਾਰਾਜਾ ਭਰਥਰੀ ਉਹ ਫਲ ਦੇਖ ਕੇ ਹੈਰਾਨ ਹੋ ਗਿਆ। ਮਹਾਰਾਜੇ ਨੂੰ ਇਉਂ ਪ੍ਰਤੀਤ ਹੋਇਆ ਕਿ ਜਿਵੇਂ ਪੈਰਾਂ ਹੇਠਾਂ ਤੋਂ ਜ਼ਮੀਨ ਖਿਸਕਦੀ ਹੋਵੇ ਤੇ ਹੈਰਾਨ ਹੋ ਕੇ ਮਹਾਰਾਜੇ ਨੇ ਪੁੱਛਿਆ ਕਿ ਤੈਨੂੰ ਇਹ ਫਲ ਕਿਥੋਂ ਪ੍ਰਾਪਤ ਹੋਇਆ ਹੈ ਤਾਂ ਉਸ ਨੇ ਸੱਚ ਕਹਿ ਦਿੱਤਾ ਕਿ ਅਸਤਬਲ ਦਾ ਦਰੋਗਾ ਮੇਰਾ ਮਿੱਤਰ ਹੈ, ਇਹ ਫਲ ਮੈਨੂੰ ਉਸ ਨੇ ਦਿੱਤਾ ਹੈ। ਤਾਂ ਮਹਾਰਾਜੇ ਭਰਥਰੀ ਨੇ ਬਿਨਾਂ ਦੇਰੀ ਤੋਂ ਦਰੋਗੇ

ਨੂੰ ਹਾਜ਼ਰ ਕਰਨ ਦਾ ਹੁਕਮ ਦਿੱਤਾ। ਜਦੋਂ ਦਰੋਗਾ ਹਾਜ਼ਰ ਹੋਇਆ ਤਾਂ ਮਹਾਰਾਜੇ ਨੇ ਉਸ ਨੂੰ ਪੁੱਛਿਆ ਕਿ ਇਹ ਅਮਰ ਫਲ ਤੈਨੂੰ ਕਿਥੋਂ ਪ੍ਰਾਪਤ ਹੋਇਆ ਹੈ? ਜੇ ਤੂੰ ਝੂਠ ਬੋਲਿਆ ਤਾਂ ਸਜ਼ਾਏ ਮੌਤ, ਜੇ ਸੱਚ ਬੋਲਿਆ ਤਾਂ ਜਾਨ ਬਖ਼ਸ਼ੀ ਜਾਵੇਗੀ। ਤਾਂ ਦਰੋਗੇ ਨੇ ਮਹਾਰਾਜੇ ਦੇ ਚਰਨਾਂ ਉੱਤੇ ਸਿਰ ਰੱਖ ਕੇ ਸੱਚੀ ਵਾਰਤਾ ਕਹਿ ਸੁਣਾਈ ਕਿ ਮਹਾਰਾਜ, ਤੁਹਾਡੀ ਰਾਣੀ ਪਿੰਗਲਾ ਨੇ ਮੈਨੂੰ ਇਹ ਫਲ ਦਿੱਤਾ ਸੀ। ਤਾਂ ਮਹਾਰਾਜੇ ਨੇ ਕਿਹਾ ਕਿ ਫਲ ਦੇਣ ਦਾ ਕਾਰਨ ਕੀ ਹੈ? ਇਹ ਪੁੱਛਿਆ ਕਿਉਂਕਿ ਮਹਾਰਾਜੇ ਨੂੰ ਆਪਣੇ ਛੋਟੇ ਭਰਾ ਬਿਕ੍ਰਮਜੀਤ ਦੀ ਕਹੀ ਹੋਈ ਪਿਛਲੀ ਵਾਰਤਾ ਯਾਦ ਆ ਗਈ, ਜਿਸ ਨੇ ਮਹਾਰਾਣੀ ਪਿੰਗਲਾ ਦੀ ਅਤੇ ਦਰੋਗੇ ਦੇ ਵਿਭਚਾਰ ਦੀ ਕਹਾਣੀ ਦੱਸੀ ਸੀ। ਭਰਥਰੀ ਨੇ ਕਿਹਾ ਕਿ ਹੇ ਦਰੋਗੇ! ਜੇਕਰ ਤੂੰ ਥੋੜ੍ਹਾ ਜਿਹਾ ਵੀ ਝੂਠ ਬੋਲਿਆ ਤਾਂ ਬਖ਼ਸ਼ਿਆ ਨਹੀਂ ਜਾਵੇਂਗਾ। ਮੈਨੂੰ ਪੂਰਨ ਸੱਚ ਚਾਹੀਦਾ ਹੈ ਤਾਂ ਦਰੋਗੇ ਨੇ ਕਿਹਾ ਕਿ ਮਹਾਰਾਜ! ਮਾਰੋ, ਭਾਵੇਂ ਛੱਡੋ, ਇਹ ਤੁਹਾਡੇ 'ਤੇ ਨਿਰਭਰ ਹੈ। ਮੇਰੇ ਤੁਹਾਡੀ ਮਹਾਰਾਣੀ ਪਿੰਗਲਾਂ ਨਾਲ ਸਰੀਰਕ ਸੰਬੰਧ ਹਨ। ਤਾਂ ਮਹਾਰਾਜਾ ਭਰਥਰੀ ਨੇ ਐਸੀ ਚੋਟ ਖਾਧੀ ਕਿ ਮੈਂ ਹੁਣ ਕਿਸੇ ਨੂੰ ਸਜ਼ਾ ਕੀ ਦੇਣੀ ਹੈ, ਬੱਸ ਹੁਣ ਆਪਣੇ ਆਪ ਨੂੰ ਹੀ ਇਹ ਸਜ਼ਾ ਦਿੰਦਾ ਹਾਂ ਕਿ ਸੰਸਾਰ ਦੇ ਕਿਸੇ ਵੀ ਸੰਬੰਧੀ ਨਾਲ ਪਿਆਰ ਨਹੀਂ ਕਰਾਂਗਾ। ਫਿਰ ਮਹਾਰਾਜੇ ਦੇ ਖ਼ਿਆਲ ਵਿਚ ਆਇਆ ਕਿ ਮੈਂ ਆਪਣੇ ਨਿਰਦੋਸ਼ ਭਰਾ ਨੂੰ ਘਰੋਂ ਕੱਢਿਆ। ਉਸ ਦੇ ਸੱਚ ਨੂੰ ਝੂਠ ਮੰਨ ਕੇ ਅਤੇ ਮਹਾਰਾਣੀ ਦੇ ਝੂਠ ਨੂੰ ਸੱਚ ਮੰਨ ਕੇ ਅੱਜ ਇਹ ਸੰਤਾਪ ਹੰਢਾ ਰਿਹਾ ਹਾਂ। ਫਿਰ ਉਸ ਨੇ ਸੇਠ ਨੂੰ ਬੁਲਾ ਕੇ ਪੁੱਛਿਆ, ਸੱਚ ਦੱਸ! ਕੀ ਮੇਰੇ ਭਰਾ ਦਾ ਕਸੂਰ ਸੀ? ਜਾਂ ਤੂੰ ਪਿੰਗਲਾ ਦੇ ਕਹਿਣ ਤੋਂ ਝੂਠ ਬੋਲਿਆ ਸੀ। ਤਾਂ ਉਸ ਨੇ ਸਾਰੀ ਸੱਚੀ ਵਾਰਤਾ ਕਹਿ ਸੁਣਾਈ ਕਿ ਤੁਹਾਡੀ ਮਹਾਰਾਣੀ ਦੇ ਕਹਿਣ ਤੋਂ ਮੈਂ ਝੂਠ ਬੋਲਿਆ ਸੀ ਕਿਉਂਕਿ ਮੈਨੂੰ ਮਹਾਰਾਣੀ ਨੇ ਪਰਿਵਾਰ ਸਮੇਤ ਮਾਰਨ ਦੀ ਧਮਕੀ ਦਿੱਤੀ ਸੀ। ਤਾਂ ਮਹਾਰਾਜੇ ਨੇ ਇਕ ਆਖ਼ਰੀ ਦਰਬਾਰ ਕੀਤਾ ਅਤੇ ਕਿਹਾ ਕਿ ਮੈਨੂੰ ਇਸ ਸੰਸਾਰ ਵੱਲੋਂ ਨਫ਼ਰਤ ਹੋ ਗਈ ਹੈ। ਮੈਂ ਹੁਣ ਕੱਲ੍ਹ ਨੂੰ ਨਹੀਂ, ਅੱਜ ਹੀ ਰਾਜ ਤੋਂ ਵਿਦਾਇਗੀ ਲੈਂਦਾ ਹੈ। ਇਹ ਰਾਜ ਸਾਂਭਣਾ ਹੁਣ ਤੁਹਾਡਾ ਧਰਮ ਬਣਦਾ ਹੈ। ਤਾਂ ਮਹਾਂ ਮੰਤਰੀ ਨੇ ਕਿਹਾ ਕਿ ਮਹਾਰਾਜ! ਮਹਾਰਾਜਿਆਂ ਤੋਂ ਬਿਨਾਂ ਮੰਤਰੀ ਰਾਜ ਨਹੀਂ ਚਲਾ ਸਕਦੇ ਤਾਂ ਭਰਥਰੀ ਨੇ ਕਿਹਾ ਕਿ ਮੈਂ ਬਿਕ੍ਰਮਾਜੀਤ ਨੂੰ ਦੇਸ਼ ਤੋਂ ਕੱਢ ਕੇ ਦੁਖੀ ਕੀਤਾ ਤੇ ਹੁਣ ਖ਼ੁਦ ਦੁਖੀ ਹੋ ਰਿਹਾ ਹਾਂ। ਉਸ ਦਾ ਪ੍ਰਾਸ਼ਚਿਤ ਇਹੀ ਹੈ ਕਿ ਇਹ ਮੈਂ ਆਪਣੇ ਰਾਜ ਦਾ ਅਧਿਕਾਰ ਪੁੱਤਰ ਸਮਾਨ ਆਪਣੇ ਛੋਟੇ ਭਰਾ ਬਿਕ੍ਰਮਾਜੀਤ ਨੂੰ ਦਿੰਦਾ ਹਾਂ। ਮੇਰੇ ਤੋਂ ਬਾਅਦ ਉਸ ਨੂੰ ਲੱਭ ਕੇ ਉਸ ਦਾ ਅਧਿਕਾਰ ਉਸ ਨੂੰ ਦੇ ਦੇਣਾ। ਇਤਨੀ ਗੱਲ ਕਹਿੰਦਿਆਂ ਹੋਇਆਂ ਰਾਜ ਦਰਬਾਰ ਵਿਚ ਰਾਜਿਆਂ ਵਾਲੇ ਕੱਪੜੇ ਉਤਾਰ ਦਿੱਤੇ। ਸਿਰਫ਼ ਇਕ ਲੰਗੋਟੀ ਪਹਿਨ ਕੇ ਗੋਰਖ ਨਾਥ ਕੋਲ ਚਲਾ ਗਿਆ। ਅਰ ਜਾਂਦੇ ਹੋਏ ਨੇ ਆਪਣੀ ਮਹਾਰਾਣੀ ਅਤੇ ਹਥਵਾਨ ਅਤੇ ਵੇਸਵਾ ਅਤੇ ਕਾਮਦੇਵ ਨੂੰ ਅਤੇ ਆਪਣੇ ਆਪ ਨੂੰ ਧ੍ਰਿਕਾਰ ਪਾਈ। ਜੈਸਾ ਕਿ :

**ਜਿਨ ਕੋ ਨਿਤ ਮੈ ਚਿਤ ਮੈ ਚਿਤਮੋ ਤਿਨ ਕੀ ਰਤਿ ਮੋ ਤਨ ਮਾਂਹਿ ਰੱਤੀ ਨਾ।**
**ਵਹੁ ਆਨ ਪੁਮਾਨ ਕੇ ਸੰਗਿ ਰਤੀ ਪੁਨ ਤਾ ਮਨ ਮੈ ਗਨਕਾ ਗ੍ਰਹ ਕੀਨਾ।**
**ਧਿਕ ਹੈ ਅਬਲਾ ਭ੍ਰਿਤ ਕੰਦ੍ਰਪ ਪੈ ਅਰੁ ਮੋਹਿ ਧਿੱਕਾਰ ਜੋ ਮਾਰ ਅਧੀਨਾ।**
**ਇਸ ਗਤਿ ਸਮੂਹ ਕੀ ਪ੍ਰੀਤਿ ਤਜੀ ਨ੍ਰਿਪ ਹੋਇ ਜੋਗੀਸ਼ਰ ਈਸ਼੍ਵਰ ਚੀਨਾ॥੧੩॥**

*(ਵੈਰਾਗ ਸ਼ਤਕ)*

ਸੋ ਇਸ ਗ੍ਰੰਥ ਦੀ ਇਹੀ ਉਥਾਨਕਾ ਹੈ ਕਿ ਮਹਾਰਾਜੇ ਭਰਥਰੀ ਨੂੰ ਪਿੰਗਲਾ ਦੀ ਬੇਵਫ਼ਾਈ ਨੇ ਪੂਰਨ ਵੈਰਾਗਵਾਨ ਕਰ ਦਿੱਤਾ। ਜੈਸੀ ਜੈਸੀ ਮਹਾਰਾਜੇ ਭਰਥਰੀ ਦੀ ਮਨ ਦੀ ਅਵਸਥਾ ਬਦਲਦੀ ਗਈ, ਤੈਸੀ

ਤੈਸੀ ਰਚਨਾ ਇਸ ਮਹਾਨ ਵਿਦਵਾਨ ਨੇ ਕੀਤੀ। ਜਦੋਂ ਇਸ ਦਾ ਮਨ ਵਿਸ਼ਿਆਂ ਵਿਚ ਗੜੁੱਚ ਸੀ ਤਾਂ ਇਸ ਨੇ ਸੌ ਸਲੋਕਾਂ ਵਿਚ ***ਸ਼ਿੰਗਾਰ ਸ਼ਤਕ*** ਨਾਮੀ ਗ੍ਰੰਥ ਉਚਾਰਣ ਕੀਤਾ। ਜਦੋਂ ਰਾਜ ਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪਈਆਂ ਤਾਂ ਫੇਰ ਇਸ ਨੇ ***ਨੀਤੀ ਸ਼ਤਕ*** ਨਾਮ ਦਾ ਗ੍ਰੰਥ ਉਚਾਰਣ ਕੀਤਾ, ਜਿਸ ਦੇ ਸੌ ਸਲੋਕ ਸਨ, ਤੀਸਰਾ ਅਤੇ ਆਖ਼ਰੀ ਗ੍ਰੰਥ ***ਵੈਰਾਗ ਸ਼ਤਕ*** ਹੈ, ਜਿਸ ਦੇ ਵਿਚ ਇਸ ਨੇ ਆਪਣੇ ਮਨ ਦੇ ਵਲਵਲੇ ਪ੍ਰਗਟ ਕੀਤੇ। ਇਸ ਦੇ ਵੀ ਸੌ ਸਲੋਕ ਰਚੇ। ਇਸ ਨੂੰ ਸੰਸਕ੍ਰਿਤ ਤੋਂ ਬ੍ਰਜ (ਬ੍ਰਿਜ) ਭਾਸ਼ਾ ਵਿਚ ਕਵਿ ਹਰਿਦਿਆਲ ਜੀ ਨੇ ਉਲਥਾ ਕੀਤਾ। ਕੁਝ ਆਪਣੀ ਰਚਨਾ ਦੇ ਵਾਕ ਕਹੇ ਹਨ। ਇਹ ਵਿਦਵਾਨ ਚੂਹਣੀਆਂ ਨਗਰ ਦੇ ਰਹਿਣ ਵਾਲਾ ਸੀ। ਇਹ ਪੰਡਿਤ ਬੇਣੀ ਜੀ ਦੇ ਖ਼ਾਨਦਾਨ ਵਿੱਚੋਂ ਸੀ। ਪੰਡਿਤ ਬੇਣੀ ਜੀ ਗੁਰੂ ਅਮਰਦਾਸ ਜੀ ਦੇ ਸ਼ਰਧਾਲੂ ਬਣੇ ਸਨ, ਉਸ ਤੋਂ ਬਾਅਦ ਇਹ ਸਾਰਾ ਖ਼ਾਨਦਾਨ ਗੁਰੂ-ਘਰ ਨਾਲ ਜੁੜਿਆ ਰਿਹਾ। ਇਸ ਲਈ ਇਸ ਗ੍ਰੰਥ ਨਾਲ ਗੁਰੂ-ਘਰ ਦੇ ਵਿਦਵਾਨਾਂ ਦੀ ਸਾਂਝ ਪਈ।

# ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

# ਅਥ ਵੈਰਾਗ ਸ਼ਤਕ ਸਟੀਕ ॥

ਅਥ = ਅਬ ਭਾਵ ਹੁਣ ਮੰਗਲ ਕਰ ਕੇ ਵੈਰਾਗ ਸ਼ਤਕ ਨਾਮੀ ਗ੍ਰੰਥ ਜੋ ਜੋਗੀਰਾਜ ਭਰਥਰੀ ਜੀ ਦਾ ਲਿਖਿਆ ਹੋਇਆ ਹੈ, ਉਸ ਗ੍ਰੰਥ ਨੂੰ ਸਟੀਕ = ਵਿਆਖਿਆ ਸਹਿਤ ਲਿਖਣੇ ਕਰਦੇ ਹਾਂ।

# ਪਹਿਲਾ ਅਧਜਾਯ ਅਰੰਭ ॥

ਹੁਣ ਪਹਿਲਾ ਅਧਿਆਇ ਕਵਿ ਸੰਕੇਤ ਮਰਯਾਦਾ ਅਨੁਸਾਰ ਗਣੇਸ਼ ਜੀ ਦੇ ਮੰਗਲ ਦੁਆਰਾ ਅਰੰਭ ਕਰਦੇ ਹਨ।

## ਦੋਹਰਾ ॥

## ਦੁਰਦ ਬਦਨ ਦੁਰਜਨ ਦਲਨ; ਮਦਨ ਕਦਨ ਸਿਵਨੰਦ ॥

ਦੁਰਦ[1] = ਹਾਥੀ ਦੇ ਬਦਨ = ਮੂੰਹ ਵਾਲਾ ਭਾਵ ਗਣੇਸ਼ ਜੋ ਦੁਰਜਨ = ਖੋਟੇ, ਭੈੜੇ ਪੁਰਖਾਂ ਨੂੰ ਦਲਨ = ਚੂਰ ਚੂਰ ਭਾਵ ਮਾਰਨ ਵਾਲਾ ਹੈ, ਭਾਵ ਜੋ ਕਾਵਿ ਰਚਨਾ ਵਿਚ ਵਿਘਨ ਪਾਉਣ ਵਾਲੇ ਖੋਟੇ ਵਿਘਨਾਂ ਨੂੰ ਨਾਸ਼ ਕਰਨ ਵਾਲਾ ਹੈ, ਮਦਨ = ਕਾਮਦੇਵ ਨੂੰ ਕਦਨ = ਵਿਨਾਸ਼ ਕਰਨ ਵਾਲੇ ਸ਼ਿਵ ਜੀ ਦਾ ਜੋ ਨੰਦ = ਪੁੱਤਰ ਹੈ।

## ਏਕ ਰਦਨ ਸੁਖ ਸਦਨ ਕੇ; ਪਾਦ ਪਦਮ ਪ੍ਰਤਿ ਬੰਦ ॥੧॥

ਏਕ = ਇਕ ਰਦਨ = ਦੰਦ ਵਾਲੇ ਤੇ ਸੁਖਾਂ ਕੇ = ਦੇ ਸਦਨ = ਘਰ ਜੋ ਗਣੇਸ਼ ਜੀ ਹਨ, ਕਵੀ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੇ ਪਾਦ ਪਦਮ = ਚਰਨਾਂ ਕਮਲਾਂ ਦੇ ਪ੍ਰਤਿ = ਤਾਈਂ ਮੈਂ ਬੰਦ = ਨਮਸਕਾਰ ਕਰਦਾ ਹਾਂ ਤਾਂ ਕਿ ਮੇਰੀ ਕਾਵਿ ਰਚਨਾ ਵਿਚ ਕੋਈ ਵਿਘਨ ਨਾ ਪਵੇ ॥੧॥

ਜੋ ਉੱਪਰਲੀ ਤੁਕ ਵਿਚ ਸ਼ਿਵਜੀ ਦਾ ਨਾਮ 'ਮਦਨ ਕਦਨ' ਕਰਕੇ ਲਿਖਿਆ ਹੈ, ਇਸ ਦੀ ਕਾਲਿਕਾ ਪੁਰਾਣ ਵਿਚ ਇਸ ਪ੍ਰਕਾਰ ਕਥਾ ਆਉਂਦੀ ਹੈ। ਜਦੋਂ ਸ਼ਿਵਜੀ ਦੀ ਪਤਨੀ ਸਤੀ ਨੇ ਆਪਣੇ ਪਿਤਾ (ਦੱਖਯ) ਦੇ ਯੱਗ ਵਿਚ ਆਪਣੇ ਪਤੀ ਮਹਾਦੇਵ ਦਾ ਨਿਰਾਦਰ ਦੇਖ ਕਰਕੇ ਯੱਗ ਕੁੰਡ ਵਿਚ ਡਿੱਗ ਕੇ ਪ੍ਰਾਣ ਤਿਆਗ

---

੧. ਦੁਰਦ = ਦੋ ਦੰਦਾਂ ਵਾਲਾ ਹਾਥੀ ਭਾਵ ਹਾਥੀ ਦੇ ਦੋ ਤਰ੍ਹਾਂ ਦੇ ਦੰਦ ਹੁੰਦੇ ਹਨ, ਇਕ ਦੰਦ ਉਹ ਹਨ, ਜਿਨ੍ਹਾਂ ਨਾਲ ਖ਼ੁਰਾਕ ਨੂੰ ਚਿੱਥਣਾ ਕਰਦਾ ਹੈ ਅਤੇ ਦੂਸਰੇ ਦੰਦ ਉਹ ਹਨ, ਜੋ ਸਿਰਫ਼ ਬਾਹਰ ਦਿਖਾਈ ਦਿੰਦੇ ਹਨ। ਇਸ ਕਰਕੇ ਹਾਥੀ ਦਾ ਨਾਂ 'ਦੁਰਦ' ਹੈ।

ਦਿੱਤੇ ਭਾਵ ਸੜ ਕੇ ਸਤੀ ਹੋ ਗਈ ਅਤੇ ਹਿਮਾਲਯ ਦੇ ਘਰ ਜਨਮ ਲੈ ਕਰਕੇ ਸ਼ਿਵਜੀ ਨੂੰ ਪਤੀ ਪ੍ਰਾਪਤ ਕਰਨ ਦੀ ਇੱਛਾ ਨਾਲ ਤਪ ਕਰ ਰਹੀ ਸੀ। ਉਸ ਵੇਲੇ ਤਾਰਕ ਨਾਮੀ ਦੈਂਤ ਦੇਵਤਿਆਂ ਨੂੰ ਬਹੁਤ ਦੁੱਖ ਦੇ ਰਿਹਾ ਸੀ ਤੇ ਸ਼ਿਵਜੀ ਦੇ ਪੁੱਤਰ ਕਾਰਤਿਕੇਯ ਦੇ ਹੱਥੋਂ ਹੀ ਤਾਰਕ ਦੀ ਮੌਤ ਹੋਣੀ ਸੀ। ਉਧਰ ਸਤੀ ਦੇ ਮਰ ਜਾਣ ਪਿੱਛੋਂ ਸ਼ਿਵਜੀ ਨੂੰ ਅਖੰਡ ਸਮਾਧੀ ਲਗਾ ਕੇ ਬੈਠੇ ਹੋਇਆਂ ਨੂੰ ਕਿੰਨੇ ਹੀ ਵਰ੍ਹੇ ਗੁਜ਼ਰ ਗਏ ਸੀ। ਤਦ ਦੇਵਤਿਆਂ ਦੇ ਪ੍ਰੇਰੇ ਕਾਮਦੇਵ ਨੇ ਆ ਕਰਕੇ ਸ਼ਿਵਜੀ ਨੂੰ ਆਪਣਾ ਉਚਾਟਨ (ਮਨ ਦੀ ਲਗਨ ਤੋੜਨੀ) ਤੀਰ ਮਾਰਿਆ, ਜਿਸ ਕਰਕੇ ਸ਼ਿਵਜੀ ਦੀ ਸਮਾਧੀ ਖੁੱਲ੍ਹ ਗਈ, ਪਰ ਇਸਤਰੀ ਸਤੀ ਦੇ ਕੋਲ ਨਾ ਹੋਣ ਕਰਕੇ ਸ਼ਿਵਜੀ ਕਾਮ-ਇੱਛਾ ਦੇ ਕਾਰਨ ਬਹੁਤ ਦੁਖੀ ਹੋਇਆ। ਉਸ ਦੁੱਖ ਨਾਲ ਦੁਖੀ ਹੋਏ ਨੇ ਕ੍ਰੋਧਵੱਸ ਆਪਣੀ ਤਮੋ ਗੁਣ ਪ੍ਰਧਾਨ ਤੀਜੀ ਅੱਖ ਖੋਲ੍ਹ ਕੇ ਜਦੋਂ ਕਾਮਦੇਵ ਵੱਲ ਦੇਖਿਆ ਤੇ ਉਸ ਨੂੰ ਕ੍ਰੋਧ ਦੀ ਅਗਨੀ ਨਾਲ ਸਾੜ ਦਿੱਤਾ, ਜਿਸ ਕਰਕੇ ਸ਼ਿਵਜੀ ਦਾ ਨਾਮ 'ਮਦਨ ਕਦਨ' ਪੈ ਗਿਆ।

ਹੁਣ ਭਗਵਾਨ ਵਿਸ਼ਨੂੰ ਜੀ ਦਾ ਮੰਗਲ ਕਰਦੇ ਹਨ:

## ਸ੍ਵੈਯਾ ॥

## ਜਿਹ ਸੇਸ ਕੀ ਸੇਜ ਪੈ ਸੈਨ ਕੀਯੋ;
## ਪਦ ਕੋਮਲ ਕੋ ਮਲਤੀ ਕਮਲਾ ਹੀ ॥

ਜਿਹ = ਜਿਸ ਭਗਵਾਨ ਵਿਸ਼ਨੂੰ ਜੀ ਨੇ ਸੇਸ = ਸ਼ੇਸ਼ਨਾਗ ਕੀ = ਦੀ ਸੇਜਾ ਪੈ = ਉੱਤੇ ਸੈਨ = ਸੌਣਾ ਕੀਤਾ ਹੈ ਅਤੇ ਜਿਨ੍ਹਾਂ ਦੇ ਕੋਮਲ = ਨਰਮ ਪਦ = ਚਰਨਾਂ ਨੂੰ ਕਮਲਾ = ਲੱਛਮੀ ਮਲਤੀ = ਮਲਣਾ ਕਰਦੀ ਹੈ ਭਾਵ ਚਰਨਾਂ ਦੀ ਸੇਵਾ ਕਰਦੀ ਹੀ ਰਹਿੰਦੀ ਹੈ।

## ਕਰ ਮੈ ਦਰ ਚਕ੍ਰ ਸਰੋਜ ਗਦਾ;
## ਭ੍ਰਿਗਪਾਦ ਗਰੇ ਸ੍ਰਿਕ ਅੰਗਦੁ ਬਾਂਹੀ ॥

ਜਿਸ ਵਿਸ਼ਨੂੰ ਜੀ ਦੇ ਕਰ = ਹੱਥ ਮੈ = ਵਿਚ ਦਰ = ਸੰਖ, ਸੁਦਰਸ਼ਨ ਚੱਕਰ, ਸਰੋਜ = ਕਮਲ ਫੁੱਲ ਤੇ ਗਦਾ ਧਾਰਨ ਕੀਤੇ ਹੋਏ ਹਨ ਤੇ ਜਿਨ੍ਹਾਂ ਦੀ ਵੱਖੀ ਵਿਚ (ਭ੍ਰਿਗ + ਪਾਦ) ਭ੍ਰਿਗ = ਭ੍ਰਿਗੂ ਰਿਸ਼ੀ ਦੇ ਪਾਦ = ਚਰਨਾਂ ਦਾ ਨਿਸ਼ਾਨ ਹੈ ਤੇ ਗਰੇ = ਗਲੇ ਵਿਚ ਸ੍ਰਿਕ = ਬੈਜੰਤੀ ਮਾਲਾ[੧] ਪਹਿਨੀ ਹੋਈ ਹੈ ਤੇ ਬਾਂਹੀ = ਬਾਹਾਂ ਦੇ ਵਿਚ ਅੰਗਦੁ = ਭੁਜਬੰਦ, ਬਹੁਟਾ ਪਹਿਨਿਆ ਹੋਇਆ ਹੈ ਭਾਵ ਬਹੁਟਾ ਜੋ ਇਕ ਤਰ੍ਹਾਂ ਦਾ ਗਹਿਣਾ ਹੁੰਦਾ ਹੈ, ਜਿਸ ਨੂੰ ਬਾਹਾਂ 'ਤੇ ਧਾਰਨ ਕੀਤਾ ਜਾਂਦਾ ਹੈ।

ਜੋ ਉਪਰੋਕਤ ਪੰਗਤੀ ਵਿਚ ਵਿਸ਼ਨੂੰ ਜੀ ਦੀ ਵੱਖੀ ਵਿਚ ਭ੍ਰਿਗੂ ਪਾਦ ਦੇ ਨਿਸ਼ਾਨ ਦੀ ਗੱਲ ਆਈ

---

੧. ਬੈਜੰਤੀ ਮਾਲਾ = ਜੋ ਪੰਜ ਰਤਨਾਂ (ਮੋਤੀ, ਮਾਣਿਕ, ਜਮੁੱਰਦ, ਨੀਲਮ ਤੇ ਹੀਰੇ) ਤੋਂ ਬਣੀ ਹੁੰਦੀ ਹੈ। (*ਮਹਾਨ ਕੋਸ਼* ਅਨੁਸਾਰ)
**ਵਾ:** ਬੈਜੰਤੀ ਮਾਲਾ = ਜਿਸ ਦੇ ਵਿਚ ਛੇ ਮੋਤੀ ਪਰੋਏ ਹੋਣ—੧. ਬਾਂਸ ਦਾ ਮੋਤੀ, ੨. ਸਿੱਪ ਦਾ ਮੋਤੀ, ੩. ਸੂਰ ਦੇ ਮੱਥੇ ਵਿੱਚੋਂ ਨਿਕਲਿਆ ਮੋਤੀ, ੪. ਪਹਾੜ ਵਿੱਚੋਂ ਨਿਕਲਿਆ ਮੋਤੀ, ੫. ਹਾਥੀ ਦੇ ਮੱਥੇ ਵਿੱਚੋਂ ਨਿਕਲਿਆ ਮੋਤੀ, ੬. ਕੱਛੂ ਦੇ ਸਿਰ ਦਾ ਮੋਤੀ। ਜੈਸਾ ਕਿ:
**ਬਾਂਸੀ, ਸੀਪੀ, ਸੂਕਰੀ, ਗਿਰੀ, ਕਰੀ, ਮਠਸਾਲ। ਇਹ ਖਟ ਮੋਤੀ ਪਾਈਐ ਬਣੈ ਬਜੰਤੀ ਮਾਲ॥**
ਮਠ ਦੀ ਨਿਆਈਂ ਜਿਸ ਦਾ ਸਾਲ = ਘਰ ਬਣਿਆ ਹੋਵੇ, ਸੋ ਕਹੀਏ ਕਛੂ **ਵਾ:** ਜੰਗਲ ਵਿਚ ਪੈਦਾ ਹੋਏ ਫੁੱਲਦਾਰ ਪੌਦਿਆਂ ਵਿੱਚੋਂ ਛੇ ਪ੍ਰਕਾਰ ਦੇ ਫੁੱਲ ਲੈ ਕੇ ਬਣਾਈ ਹੋਈ ਲੰਮੀ ਮਾਲਾ, ਜੋ ਗੋਡਿਆਂ ਤੋਂ ਹੇਠਾਂ ਤਕ ਜਾਂਦੀ ਹੋਵੇ, ਉਸ ਦਾ ਨਾਮ ਬਜੰਤੀ ਮਾਲਾ ਹੈ।

ਹੈ, ਉਹ ਇਸ ਪੁਰਾਣਕ ਕਥਾ ਅਨੁਸਾਰ ਇਸ ਪ੍ਰਕਾਰ ਹੈ ਕਿ ਜਦ ਰਿਖੀਆਂ ਨੇ ਦੇਵਤਿਆਂ ਦੀ ਪਰਖਨਾ ਕਰਨ ਦਾ ਵਿਚਾਰ ਕੀਤਾ ਕਿ ਇਨ੍ਹਾਂ ਸਾਰਿਆਂ ਵਿੱਚੋਂ ਗੁਣਾਂ ਦੇ ਆਧਾਰ 'ਤੇ ਕੌਣ ਵੱਡਾ ਹੈ? ਸਾਰਿਆਂ ਦੀ ਸਲਾਹ ਦੇ ਨਾਲ ਭ੍ਰਿਗੂ ਜੀ ਵੀ ਤੁਰ ਪਏ। ਸਭ ਤੋਂ ਪਹਿਲਾਂ ਬ੍ਰਹਮਾ ਕੋਲ ਗਏ। ਉਸ ਸਮੇਂ ਲੱਛਮੀ ਚਰਨ ਝੱਸ ਰਹੀ ਸੀ, ਭਗਵਾਨ ਜੀ ਆਰਾਮ ਕਰ ਰਹੇ ਸੀ। ਭ੍ਰਿਗੂ ਕਹਿਣ ਲੱਗਾ ਕਿ ਇਥੇ ਲੱਛਮੀ ਤੋਂ ਚਰਨ ਝਸਾਈ ਜਾਂਦੇ ਹੋ, ਸੰਸਾਰ ਦਾ ਭਲਾ ਕੌਣ ਕਰੇਗਾ। ਇਹ ਕਹਿ ਕੇ ਕਿ ਤੁਸੀਂ ਸੰਸਾਰ ਦੀ ਰਚਨਾ ਤਾਂ ਕਰੀ ਜਾਂਦੇ ਹੋ, ਜੀਵਾਂ ਦੀ ਸਾਰ ਕੌਣ ਲਵੇਗਾ? ਤਾਂ ਬ੍ਰਹਮਾ ਨੇ ਕ੍ਰੋਧ ਵਿਚ ਆ ਕੇ ਕਿਹਾ ਕਿ ਮੇਰਾ ਪੁੱਤਰ ਹੋ ਕੇ ਮੈਨੂੰ ਹੀ ਉਪਦੇਸ਼ ਦੇਣ ਲੱਗਾ ਹੈਂ। ਇਉਂ ਭ੍ਰਿਗੂ ਜੀ ਨਾਲ ਹੰਕਾਰ ਭਰਿਆ ਵਰਤਾਉ ਕੀਤਾ। ਫਿਰ ਸ਼ਿਵਜੀ ਕੋਲ ਗਏ ਤੇ ਜਾ ਕੇ ਕਿਹਾ ਕਿ ਤੁਸੀਂ ਅੱਕ ਧਤੂਰਾ ਖਾ ਕੇ ਸਮਾਧੀ ਵਿਚ ਲੀਨ ਰਹਿੰਦੇ ਹੋ, ਸੰਸਾਰ ਦਾ ਭਲਾ ਕੌਣ ਕਰੇਗਾ? ਤਾਂ ਸ਼ਿਵਜੀ ਕ੍ਰੋਧ ਵੱਸ ਹੋ ਕੇ ਤ੍ਰਿਸ਼ੂਲ ਲੈ ਕੇ ਮਗਰ ਪੈ ਗਿਆ ਕਿ ਵੱਡਾ ਆਇਆ ਮੈਨੂੰ ਉਪਦੇਸ਼ ਦੇਣ ਵਾਲਾ। ਤਾਂ ਫਿਰ ਅਖ਼ੀਰ ਵਿਚ ਵਿਸ਼ਨੂੰ ਜੀ ਪਾਸ ਗਏ ਤੇ ਵੱਖੀ ਵਿਚ ਲੱਤ ਮਾਰੀ। ਅੱਗੋਂ ਉੱਠ ਕਰਕੇ ਭਗਵਾਨ ਜੀ ਨੇ ਭ੍ਰਿਗੂ ਦੇ ਚਰਨਾਂ ਨੂੰ ਪਕੜ ਲਿਆ ਤੇ ਕਹਿਣ ਲੱਗੇ ਕਿ ਹੇ ਰਿਸ਼ੀ ਜੀ! ਰਾਖਸ਼ਾਂ ਨਾਲ ਲੜਨ ਕਰਕੇ ਮੇਰਾ ਸਰੀਰ ਵਜਰ ਸਮਾਨ ਬਹੁਤ ਕਠੋਰ ਹੋ ਚੁੱਕਾ ਹੈ, ਆਪ ਜੀ ਦੇ ਕੋਮਲ ਚਰਨਾਂ ਨੂੰ ਕਿਤੇ ਸੱਟ ਤਾਂ ਨਹੀਂ ਵੱਜੀ? ਇਉਂ ਨਿਮਰਤਾ ਵਿਚ ਆ ਕੇ ਕਹੇ ਬਚਨਾਂ ਨੂੰ ਸੁਣ ਕੇ ਭ੍ਰਿਗੂ ਰਿਸ਼ੀ ਜੀ ਅਤਿ ਪ੍ਰਸੰਨ ਹੋ ਕੇ ਕਹਿੰਦੇ ਕਿ "ਵੱਡਿਆਂ ਦੇ ਵੱਡੇ ਹੀ ਜਿਗਰੇ ਹੁੰਦੇ ਹਨ। ਹਕੀਕਤ ਵਿਚ ਤੁਸੀਂ ਹੀ ਸਾਰੇ ਦੇਵਤਿਆਂ ਵਿੱਚੋਂ ਸ਼ਿਰੋਮਣੀ ਹੋ। ਜੇਕਰ ਤੁਸੀਂ ਮੇਰੀ ਇਸ ਪ੍ਰਕਾਰ ਦੀ ਕਰਣੀ ਤੋਂ ਗ਼ੁੱਸੇ ਨਹੀਂ ਹੋਏ ਤਾਂ ਜੋ ਮੈਂ ਤੁਹਾਡੀ ਵੱਖੀ ਵਿਚ ਪੈਰ ਮਾਰਿਆ ਹੈ, ਤੁਸੀਂ ਜਿਹੜਾ ਵੀ ਅਵਤਾਰ ਧਾਰੋ, ਉਸੇ ਅਵਤਾਰ ਵਿਚ ਇਹ ਪੈਰ ਦਾ ਨਿਸ਼ਾਨ ਤੁਹਾਡੇ ਸਰੀਰ 'ਤੇ ਹੋਵੇ। ਭਗਵਾਨ ਜੀ ਨੇ ਇਸ ਬੇਨਤੀ ਨੂੰ ਸਵੀਕਾਰ ਕੀਤਾ ਤੇ ਇਥੋਂ ਹੀ ਭਗਵਾਨ ਜੀ ਦਾ ਨਾਮ ਭ੍ਰਿਗਪਾਦ ਪੈ ਗਿਆ।

## ਜਿਹ ਪਾਦ ਕੇ ਵਾਰਿ ਸੁ ਚਾਰ ਬਿਚਾਰਿ;
## ਧਰਯੋ ਤ੍ਰਿਪੁਰਾਰਿ ਸਦਾ ਸਿਰ ਮਾਂਹੀ॥

ਜਿਸ ਭਗਵਾਨ ਜੀ ਦੇ ਚਾਰ = ਸੁੰਦਰ ਪਾਦ = ਚਰਨਾਂ ਕੇ = ਦੇ ਵਾਰਿ = ਪਾਣੀ ਨੂੰ ਸੁ = ਸ੍ਰੇਸ਼ਟ ਭਾਵ ਪਵਿੱਤਰ ਵਿਚਾਰ ਕਰਕੇ ਤ੍ਰਿਪੁਰਾਰਿ[੧] ਦਾ ਵੈਰੀ ਸ਼ਿਵਜੀ ਸਦਾ = ਹਮੇਸ਼ਾ ਆਪਣੇ ਸਿਰ ਮਾਂਹੀ = ਵਿਚ ਧਰਯੋ = ਧਾਰਨ ਕਰ ਕੇ ਰੱਖਦਾ ਹੈ। ਭਾਵ ਜਦੋਂ ਵਿਸ਼ਨੂੰ ਜੀ ਨੇ ਬਾਵਨ ਅਵਤਾਰ ਧਾਰਿਆ ਸੀ ਤਾਂ ਬ੍ਰਹਮ ਲੋਕ ਵਿਚ ਚਰਨ ਜਾਣ ਨਾਲ ਬ੍ਰਹਮਾ ਜੀ ਨੇ ਚਰਨ ਧੋ ਕੇ ਉਸ ਜਲ ਨੂੰ ਕਮੰਡਲ ਵਿਚ ਪਾ ਲਿਆ। ਭਗੀਰਥ ਦੀ ਬੇਨਤੀ ਮੰਨ ਕੇ ਸ਼ਿਵਜੀ ਨੇ ਇਸ ਕਮੰਡਲ ਵਾਲੇ ਜਲ ਨੂੰ ਆਪਣੀਆਂ ਜਟਾਂ ਵਿਚ ਧਾਰਨ ਕੀਤਾ, ਜਿਸ ਤੋਂ ਇਹ ਸਤ ਪ੍ਰਵਾਹ ਹੋ ਕੇ ਮਾਤ ਲੋਕ ਵਿਚ ਵਹਿਆ। ਇਕ ਪ੍ਰਵਾਹ ਭਗੀਰਥ ਦੇ ਰੱਥ ਦੇ ਪਿੱਛੇ ਚੱਲਿਆ, ਜਿਸ ਨੂੰ ਗੰਗਾ ਕਹਿੰਦੇ ਹਨ। ਐਸੇ ਪਵਿੱਤਰ ਜਲ ਨੂੰ ਸ਼ਿਵਜੀ ਨੇ ਆਪਣੇ ਸਿਰ ਵਿਚ ਧਾਰਨ ਕਰ ਕੇ ਰੱਖਿਆ ਸੀ।

## ਅਸ ਰੂਪ ਜਿਸੇ ਉਰ ਭੀਤਰ ਹੈ ਭਵ;
## ਭੀਤ ਰਹੈ ਕਛੁ ਤਾਂ ਉਰ ਨਾਹੀ॥੨॥

ਕਵੀ ਜੀ ਕਥਨ ਕਰਦੇ ਹਨ ਕਿ ਭਵ = ਸੰਸਾਰ ਵਿਚ ਰਹਿੰਦਿਆਂ ਅਸ = ਇਸ ਪ੍ਰਕਾਰ ਦੇ ਰੂਪ = ਸਰੂਪ

੧. ਤ੍ਰਿਪੁਰਾਰਿ = ਤ੍ਰਿਪੁਰ ਨਾਮੇਂ ਦੈਂਤ ਜੋ ਦੇਵਤਿਆਂ ਦਾ ਵੈਰੀ ਸੀ, ਉਸ ਨੂੰ ਸ਼ਿਵਜੀ ਨੇ ਮਾਰਨਾ ਕੀਤਾ, ਇਸ ਕਰਕੇ ਸ਼ਿਵਜੀ ਦਾ ਨਾਮ ਤ੍ਰਿਪੁਰਾਰਿ ਹੋ ਗਿਆ।

ਵਾਲੇ ਭਗਵਾਨ ਦਾ ਜਿਸੇ = ਜਿਸ ਦੇ ਉਰ = ਹਿਰਦੇ ਭੀਤਰ = ਅੰਦਰ ਧਿਆਨ ਵੱਸ ਰਿਹਾ ਹੈ ਤਾਂ = ਉਸ ਦੇ ਉਰ = ਹਿਰਦੇ ਅੰਦਰ ਜੰਮਣ ਮਰਣ ਆਦਿਕ ਦਾ ਭੀਤ = ਡਰ ਕਛੁ = ਕੁਝ ਵੀ ਨਹੀਂ ਰਹੈ = ਰਹਿੰਦਾ ॥੨॥

**(ਗ੍ਰੰਥ ਕਰਤਾ ਜੀ ਕ੍ਰਿਤ ਮੰਗਲਾ ਚਰਣ)**

ਹੁਣ ਵਿਆਪਕ ਬ੍ਰਹਮ ਦਾ ਮੰਗਲ ਕਰਦੇ ਹਨ :

## ਦੋਹਰਾ ॥ ਸਾਂਤਿ ਪ੍ਰਕਾਸ਼ ਸ੍ਵਰੂਪ ਪ੍ਰਤਿ; ਨਮੋ ਸਰਬਦਾ ਹੋਇ ॥

ਜੋ ਸ਼ਾਂਤੀ ਦੇ ਦੇਣ ਵਾਲਾ **ਵਾ:** ਸ਼ਾਂਤਿ ਤੇ ਪ੍ਰਕਾਸ਼ ਸਰੂਪ ਪਰਮੇਸ਼ਰ ਹੈ, ਉਸ ਪ੍ਰਤਿ = ਤਾਈਂ ਮੇਰੀ ਸਰਬਦਾ = ਹਮੇਸ਼ਾ ਹੀ ਨਮੋ = ਨਮਸਕਾਰ ਹੋਇ = ਹੋਵੇ।

## ਸ੍ਰਿਸ਼ਿਟ ਸਥਿਤ ਲਯ ਖਯੋਭ ਬਿਨੁ; ਰਵਿ ਸਸਿ ਭਾਸਕ ਸੋਇ ॥੩॥

ਜੋ ਪਰਮਾਤਮਾ ਸ੍ਰਿਸ਼ਿਟ = ਉਤਪਤਿ, ਸਥਿਤ = ਸਥਿਰ ਭਾਵ ਪਾਲਣਾ, ਲਯ = ਪਰਲੋ (ਨਾਸ਼) ਦੇ ਖੋਭ ਤੋਂ ਬਿਨੁ = ਬਗ਼ੈਰ ਹੈ ਭਾਵ ਨਾਸ਼ ਰਹਿਤ ਹੈ, ਸੋਇ = ਉਹੋ ਹੀ ਰਵਿ = ਸੂਰਜ ਤੇ ਸਸਿ = ਚੰਦਰਮਾ ਤੋਂ ਭਾਸਕ = ਪ੍ਰਕਾਸ਼ ਕਰਾਉਣ ਵਾਲਾ ਹੈ॥੩॥

## ਦੋਹਰਾ ॥

## ਦਿਕ ਕਾਲਾਦਿ ਪ੍ਰਛੇਦ ਬਿਨ; ਚਿਦਾਨੰਦ ਬਪੁ ਜੋਇ ॥

ਜੋਇ = ਜੋ ਪਰਮਾਤਮਾ ਦਿਕ = ਦਹ ਦਿਸ਼ਾ (ਉੱਤਰ, ਦੱਖਣ, ਪੂਰਬ, ਪੱਛਮ, ਈਸਾਨ, ਨੈਰਤ, ਵਾਯਬੀ, ਅਗਨਿ ਕੋਣ, ਆਕਾਸ਼, ਪਤਾਲ) ਅਤੇ ਕਾਲ ਆਦਿ = ਤਿੰਨੇ ਸਮਿਆਂ (ਭੂਤ, ਭਵਿੱਖਤ, ਵਰਤਮਾਨ) ਦੇ ਪ੍ਰਛੇਦ = ਖੰਡਨ ਤੋਂ ਬਿਨ = ਰਹਿਤ ਹੈ। ਅਤੇ ਚਿਦਾਨੰਦ = ਸਤ, ਚਿਤ, ਅਨੰਦ ਭਾਵ ਅਸਤੀ, ਭਾਂਤੀ ਤੇ ਪ੍ਰੇਯ ਬਪੁ = ਸਰੂਪ ਹੈ।

## ਸ੍ਵਾਨਭਵੇਕ ਪ੍ਰਮਾਨੁ ਤਿਹ; ਨਮੋ ਕਾਵਯ ਇਤਿ ਹੋਇ ॥੪॥

ਜੋ ਪਰਮਾਤਮਾ (ਸ੍ਵ + ਅਨਭਵ + ਏਕ) ਸ੍ਵ = ਸ੍ਵੈ ਅਨੁਭਵ ਪ੍ਰਮਾਣ ਸਰੂਪ ਏਕ = ਇਕ ਹੈ ਭਾਵ ਸੁਤੇ ਹੀ ਗਿਆਨ ਦਾ ਪ੍ਰਕਾਸ਼ਕ ਹੈ। ਜੈਸਾ ਕਿ :

**ਅਨਭਉ ਪ੍ਰਕਾਸ਼ ॥** *(ਜਾਪੁ ਸਾਹਿਬ)*

ਤਿਹ = ਤਿਸ ਪਰਮਾਤਮਾ ਨੂੰ ਮੈਂ ਨਮੋ = ਨਮਸਕਾਰ ਕਰਦਾ ਹਾਂ ਤਾਂ ਕਿ ਇਸ ਕਾਵਯ = ਕਵਿਤਾ ਭਾਵ ਗ੍ਰੰਥ ਦੀ ਨਿਰਵਿਘਨਤਾ ਸਹਿਤ ਇਤਿ = ਸਮਾਪਤੀ ਹੋਇ = ਹੋ ਜਾਵੇ॥੪॥

**(ਆਪਣੇ ਇਸ਼ਟ ਦਾ ਮੰਗਲ ਕਰਦੇ ਹਨ)**

## ਸ਼ਿਵ ਉਪਮਾ—ਤੋਟਕ ਛੰਦ ॥

## ਹਰ ਗਯਾਨ ਪ੍ਰਦੀਪ; ਸਦਾ ਲਸ਼ਕੇ ॥ ਮਨ ਮੰਦਿਰ; ਯੋਗਿਨ ਕੇ ਬਸ ਕੇ ॥

ਕਵੀ ਜੀ ਕਥਨ ਕਰਦੇ ਹਨ ਕਿ ਹਰ = ਸ਼ਿਵਜੀ ਪ੍ਰਦੀਪ (ਪ੍ਰ + ਦੀਪ) ਦੀਪ = ਦੀਵੇ ਦੀ ਨਿਆਈਂ ਪ੍ਰ = ਵਿਸ਼ੇਸ਼ ਕਰਕੇ ਸਦਾ = ਹਮੇਸ਼ਾ ਹੀ ਗਿਆਨ ਦਾ ਲਸ਼ਕੇ = ਪ੍ਰਕਾਸ਼ ਕਰ ਰਿਹਾ ਹੈ।

*ਪ੍ਰਸ਼ਨ : ਗਿਆਨ ਪ੍ਰਕਾਸ਼ ਕਿਥੇ ਕਰ ਰਿਹਾ ਹੈ ?*

*ਉੱਤਰ :* ਯੋਗਿਨ = ਜੋਗੀ ਜਨਾਂ ਕੇ = ਦੇ ਮਨ = ਹਿਰਦੇ ਰੂਪੀ ਮੰਦਿਰ = ਘਰ ਵਿਚ ਬਸ = ਪ੍ਰਵੇਸ਼ ਕਰਕੇ ਗਿਆਨ ਦਾ ਪ੍ਰਕਾਸ਼ ਕਰ ਰਿਹਾ ਹੈ।

**ਬਹੁ ਮੋਹ ਉਦੇ; ਜੁ ਰਿਦੈ ਤਿਨ ਕੇ ॥**
**ਤਮ ਪੁੰਜ ਵਹੀ; ਤਿਨ ਕੋ ਹਨ ਕੇ ॥੫॥**

ਤਿਨ ਕੇ = ਉਨ੍ਹਾਂ ਜੋਗੀ ਜਨਾਂ ਦੇ ਰਿਦੈ = ਹਿਰਦੇ ਅੰਦਰ ਜੋ ਜੋਗ ਅਵਸਥਾ ਤੋਂ ਪਹਿਲਾਂ ਬਹੁ = ਬਹੁਤ ਮੋਹ ਉਦੇ = ਪੈਦਾ ਹੋ ਰਿਹਾ ਸੀ, ਵਹੀ = ਉਹ ਤਮ = ਹਨੇਰੇ ਦਾ ਪੁੰਜ = ਸਮੁਦਾਯ ਭਾਵ ਮਹਾਂ ਅੰਧਕਾਰ ਸੀ, ਤਿਨ = ਉਸ ਕੋ = ਨੂੰ ਸ਼ਿਵਜੀ ਹਨ = ਨਾਸ਼ ਕਰ ਕੇ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ॥੫॥

*ਪ੍ਰਸ਼ਨ : ਜੋ ਬਾਹਰੀ ਦੀਵਾ ਹੈ, ਉਸ ਉਪਰ ਤਾਂ ਪਤੰਗਾ (ਪਰਵਾਨਾ) ਆ ਕਰਕੇ ਸੜ ਜਾਂਦਾ ਹੈ ਤੇ ਉਸ ਵਿਚ ਤੇਲ ਤੇ ਬੱਤੀ ਵੀ ਹੁੰਦੀ ਹੈ, ਜਿਸ ਕਰਕੇ ਉਹ ਜਲਦਾ ਹੈ। ਇਧਰ ਜੇਕਰ ਸ਼ਿਵਜੀ ਗਿਆਨ ਰੂਪ ਦੀਵਾ ਹੈ ਤਾਂ ਇਹ ਪਤੰਗਾ ਕਿਹੜਾ ਹੈ ਅਤੇ ਤੇਲ ਬੱਤੀ ਕਿਹੜੀ ਹੈ ?*

*ਉੱਤਰ :*

**ਪੁਨ ਲੋਲ ਅਨੰਗ; ਪਤੰਗ ਮਹਾ ॥**
**ਖਿਣ ਮਾਹਿ ਸੁਭਾਵਿਕ; ਤਾਹਿ ਦਹਾ ॥**

ਪੁਨ = ਪੁਨਾ, ਫੇਰ ਜਿਸ ਦਾ ਅਨੰਗ (ਅਨ + ਅੰਗ) ਅੰਗ = ਸਰੀਰ ਅਨ = ਨਹੀਂ ਹੈ ਭਾਵ ਜੋ ਮਹਾਂ ਲੋਲ = ਚੰਚਲ ਕਾਮਦੇਵ ਹੈ, ਇਹ ਇਸ ਸ਼ਿਵਜੀ ਰੂਪ ਦੀਵੇ ਉਪਰ ਪਤੰਗਾ ਹੈ। ਤਾਹਿ = ਉਸਨੂੰ ਸ਼ਿਵਜੀ ਨੇ ਇਕ ਖਿਨ ਮਾਹਿ = ਵਿਚ ਸੁਭਾਵਿਕ = ਸੁਤੇ-ਸਿਧ ਹੀ ਦਹਾ = ਸਾੜ ਦਿੱਤਾ ਸੀ, ਭਾਵ ਪੁਰਾਣਕ ਕਥਾ ਅਨੁਸਾਰ ਇਕ ਵਾਰ ਮਦਨ (ਕਾਮਦੇਵ) ਨੇ ਸ਼ਿਵਜੀ ਨੂੰ ਸੰਤਾਪ ਦਿੱਤਾ, ਜਿਸ ਕਰਕੇ ਸ਼ਿਵਜੀ ਨੇ ਕ੍ਰੋਧ ਦ੍ਰਿਸ਼ਟੀ ਨਾਲ ਕਾਮਦੇਵ ਨੂੰ ਭਸਮ ਕਰ ਦਿੱਤਾ, ਵਿਸਥਾਰ ਸਹਿਤ ਅਰੰਭ ਵਿਚ ਪੜ੍ਹੋ।

**ਨਿਹਕਾਮ ਸਮੂਹ; ਗੁਣਾਗ੍ਰ ਦਿਪੈ ॥**
**ਸੁ ਸਨੇਹ ਸਨੇਹ; ਵਹੀ ਅਰਪੈ ॥੬॥**

ਜੋ ਨਿਹਕਾਮ = ਨਿਸ਼ਕਾਮ ਗੁਣਾਂ ਦਾ ਸਮੂਹ = ਸਮੁਦਾਯ ਹੈ, ਇਹ ਇਸ ਦੀਵੇ ਉੱਤੇ ਗੁਣਾਗ੍ਰ = ਬੱਤੀ ਦਿਪੈ = ਪ੍ਰਕਾਸ਼, ਉਜਾਲਾ ਕਰ ਰਹੀ ਹੈ ਅਤੇ ਸੁ = ਉਹ ਜੋਗੀ ਜਨਾਂ ਦੇ ਹਿਰਦੇ ਅੰਦਰ ਜੋ ਗਿਆਨ ਸਰੂਪ ਸ਼ਿਵਜੀ ਰੂਪ ਦੀਵੇ ਤਾਈਂ ਸਨੇਹ = ਪ੍ਰੇਮ ਹੈ ਭਾਵ ਜੋ ਸ਼ਿਵਜੀ ਨਾਲ ਪ੍ਰੇਮ ਕਰਦੇ ਹਨ, ਵਹੀ = ਉਹੋ ਹੀ ਸਨੇਹ = ਤੇਲ ਹੈ, ਜੋ ਉਨ੍ਹਾਂ ਨੇ ਇਸ ਗਿਆਨ ਰੂਪੀ ਦੀਵੇ ਵਿਚ ਅਰਪੈ = ਅਰਪਣ ਕਰਨ ਰੂਪ ਪਾਇਆ ਹੋਇਆ ਹੈ॥੬॥

**ਜਿਨ ਕੇ ਅਤਿ; ਭਾਲ ਕੋ ਭਾਗ ਭਲੇ ॥**
**ਅਸ ਦੀਪਕ; ਤਾਂ ਮਨ ਧਾਮ ਜਲੇ ॥**

ਕਵੀ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਪੁਰਖਾਂ ਕੇ = ਦੇ ਭਾਲ = ਮੱਥੇ ਕੋ = ਦੇ ਭਾਗ ਅਤਿ = ਅਤਿਅੰਤ

ਹੀ ਭਲੇ = ਚੰਗੇ ਹਨ ਤਾਂ = ਉਨ੍ਹਾਂ ਦੇ ਮਨ = ਹਿਰਦੇ ਰੂਪੀ ਧਾਮ = ਘਰ ਅੰਦਰ ਅਸ = ਇਸ ਉਪਰੋਕਤ ਗਿਆਨ ਰੂਪੀ ਦੀਪਕ = ਦੀਵੇ ਦਾ ਜਲੇ = ਪ੍ਰਕਾਸ਼, ਜਗਣਾ ਹੁੰਦਾ ਹੈ।

*ਪ੍ਰਸ਼ਨ : ਜੋ ਗਿਆਨ ਸਰੂਪ ਸ਼ਿਵਜੀ ਰੂਪ ਦੀਪਕ ਹੈ, ਉਸ ਦਾ ਸਰੂਪ ਕਿਸ ਪ੍ਰਕਾਰ ਦਾ ਹੈ ?*

*ਉੱਤਰ :*

**ਜਿਨ ਭੂਖਨ ਭਾਲ; ਮਯੰਕ ਸਹੀ ॥**
**ਕਲਿ ਕਾ ਕਲਿ; ਦੂਜ ਕਲੰਕ ਨਹੀ ॥੭॥**

ਜਿਨ = ਜਿਸ ਸ਼ਿਵਜੀ ਦੇ ਭਾਲ = ਮੱਥੇ ਉੱਪਰ ਮਯੰਕ = ਚੰਦਰਮਾ ਰੂਪ ਭੂਖਨ = ਗਹਿਣਾ ਸਹੀ = ਸੋਭ ਰਿਹਾ ਹੈ, ਜਿਵੇਂ ਦੂਜ ਥਿਤ ਦੇ ਚੰਦਰਮਾ ਨੂੰ ਕਲੰਕ ਨਹੀਂ ਲੱਗਦਾ, ਇਉਂ ਸ਼ਿਵਜੀ ਨੂੰ ਕਲਿ = ਕਲਿਜੁਗ ਦੀ ਕਲਿ = ਕਲਪਨਾ ਰੂਪ ਕਲੰਕ ਨਹੀਂ ਲੱਗਦਾ ॥੭॥

**ਬਿਬ ਤਾਸ ਸਿਖਾਂ; ਪਰਕਾਸ਼ ਸਮੰ ॥**
**ਦਿਨ ਰਾਤ ਵਿਭਾਸ; ਪ੍ਰਸ਼ਾਂਤ ਤਮੰ ॥**

ਤਾਸ = ਉਸ ਚੰਦਰਮਾ ਦੀਆਂ ਬਿਬ = ਦੋ ਸਿਖਾਂ = ਚੋਟੀਆਂ ਹਨ ਤੇ ਸਮੰ = ਇੱਕੋ ਸਮਾਨ ਪ੍ਰਕਾਸ਼ ਹੈ, ਪਰ ਸ਼ਿਵਜੀ ਦਿਨ ਰਾਤ ਆਪਣੇ ਭਗਤਾਂ ਦੇ ਹਿਰਦਿਆਂ ਅੰਦਰ ਵਿਭਾਸ = ਪ੍ਰਕਾਸ਼ ਕਰ ਰਿਹਾ ਹੈ, ਅਤੇ ਅਗਿਆਨ ਰੂਪੀ ਤਮ = ਹਨੇਰੇ ਨੂੰ ਪ੍ਰਸ਼ਾਂਤ = ਨਾਸ਼ ਕਰਨ ਵਾਲਾ ਹੈ।

**ਪੁਨ ਤੀਨ ਗੁਣੋ ਯੁਤ; ਦੇਵ ਤ੍ਰਏ ॥**
**ਦ੍ਰਿਗਤੀਨ ਕੇ ਨੈਨ ਮੇ; ਐਨ ਕਏ ॥੮॥**

ਪੁਨ = ਫੇਰ ਜੋ ਤੀਨ = ਤਿੰਨ ਗੁਣਾਂ (ਸਤੋ, ਰਜੋ, ਤਮੋ) ਦੇ ਯੁਤ = ਸਹਿਤ ਤ੍ਰਏ = ਤਿੰਨ ਦੇਵਤੇ (ਬ੍ਰਹਮਾ, ਵਿਸ਼ਨੂੰ, ਸ਼ਿਵਜੀ) ਹਨ, ਦ੍ਰਿਗਤੀਨ = ਤਿੰਨ ਨੇਤਰਾਂ ਵਾਲੇ ਸ਼ਿਵਜੀ ਦੇ ਤਿੰਨਾਂ ਹੀ ਨੈਨ = ਨੇਤਰਾਂ ਮੇ = ਵਿਚ ਇਨ੍ਹਾਂ ਤਿੰਨੋ ਦੇਵਤਿਆਂ ਨੇ ਐਨ = ਘਰ ਬਣਾਉਣਾ ਕਏ = ਕੀਤਾ ਹੈ ਭਾਵ ਨਿਵਾਸ ਕਰ ਰਹੇ ਹਨ ॥੮॥

**ਸਤ ਸੰਗ ਬਸੇ; ਹਰਿ ਨੇਤ੍ਰ ਸੱਜੇ ॥**
**ਸ-ਰਜੋ ਅਜ; ਲੋਚਨ ਦੂਜ ਸਜੇ ॥**

ਸਤ = ਸਤੋਗੁਣ ਦੇ ਸੰਗ = ਸੰਜੁਗਤ ਜੋ ਹਰਿ = ਵਿਸ਼ਨੂੰ ਜੀ ਹਨ, ਉਹ ਸ਼ਿਵਜੀ ਦੇ ਸੱਜੇ ਨੇਤ੍ਰ ਵਿਚ ਬਸੇ = ਵਾਸਾ ਕਰਦੇ ਹਨ ਅਤੇ ਜੋ ਰਜੋਗੁਣ ਦੇ ਸ = ਸਹਿਤ ਅਜ = ਬ੍ਰਹਮਾ ਹੈ, ਉਹ ਦੂਜ = ਦੂਸਰੀ ਭਾਵ ਖੱਬੀ ਲੋਚਨ = ਅੱਖ ਵਿਚ ਸਜੇ = ਸਜ ਭਾਵ ਵੱਸ ਰਿਹਾ ਹੈ।

**ਅਗਨਾਖਯ ਬਿਖੇ; ਹੈ ਸ-ਤਮੋ ॥**
**ਭਵ ਪਲ ਗ੍ਰਸੈ; ਅਸ ਈਸ ਨਮੋ ॥੯॥**

ਜੋ ਸ਼ਿਵਜੀ ਦੀ (ਅਗਨ + ਅਖਯ) ਅਗਨੀ ਨਾਮ ਵਾਲੀ ਤੀਸਰੀ ਅੱਖ ਹੈ, ਉਸ ਬਿਖੇ = ਵਿਚ ਨਿਜ = ਆਪ ਹੀ ਤਮੋ ਗੁਣ ਦੇ ਸ = ਸਹਿਤ ਨਿਵਾਸ ਕਰ ਰਿਹਾ ਹੈ। ਇਉਂ ਪਰਮਾਤਮਾ ਆਪ ਹੀ ਰਜੋ ਗੁਣ ਸਹਿਤ ਬ੍ਰਹਮਾ ਰੂਪ ਹੋ ਕੇ ਸੰਸਾਰ ਦੀ ਭਵ = ਉਤਪਤੀ ਕਰਦਾ ਹੈ, ਆਪ ਹੀ ਸਤੋ ਗੁਣ ਸਹਿਤ ਵਿਸ਼ਨੂੰ

ਰੂਪ ਹੋ ਕਰਕੇ ਸੰਸਾਰ ਦੀ ਪਲ = ਪਾਲਣਾ ਕਰ ਰਿਹਾ ਹੈ ਅਤੇ ਤਮੋ ਸਹਿਤ ਆਪ ਹੀ ਸੰਸਾਰ ਨੂੰ ਗ੍ਰਸੈ = ਗ੍ਰਸਣਾ ਭਾਵ ਨਾਸ਼ ਕਰ ਰਿਹਾ ਹੈ। ਕਵੀ ਜੀ ਕਥਨ ਕਰਦੇ ਹਨ ਕਿ ਜੋ ਈਸ਼ਵਰ ਤਿੰਨੇ ਰੂਪ ਧਾਰਨ ਕਰਨ ਵਾਲਾ ਹੈ, ਮੈਂ ਅਸ = ਐਸੇ ਈਸ = ਈਸ਼ਵਰ ਨੂੰ ਨਮੋ = ਨਮਸਕਾਰ ਕਰਦਾ ਹਾਂ॥੯॥

## ਦੋਹਰਾ॥

## ਭਰਤ ਸ਼ਤਿਕ ਵੈਰਾਗ ਦੇ; ਭਾਸ਼ਕਰ ਹਰਿ ਦਯਾਲ॥

ਭਰਤ = ਭਰਥਰੀ ਜੀ ਦੇ ਵੈਰਾਗ ਸ਼ਤਿਕ ਨਾਮੀ ਗ੍ਰੰਥ ਦਾ **ਵਾ:** ਸ਼ਤਿਕ (ਸਤ + ਇਕ) ਸੰਸਕ੍ਰਿਤ ਦੇ ਇਕ ਸਤ = ਸੌ (੧੦੦) ਸਲੋਕਾਂ ਦਾ ਮੈਂ ਕਵਿ ਹਰਿਦਯਾਲ (ਭਾਸ਼ + ਕਰ) ਬ੍ਰਜ ਭਾਸ਼ਾ[੧] ਵਿਚ ਉਲੱਥਾ ਕਰ = ਕਰਦਾ ਹਾਂ।

**ਵੈਰਾਗ :** (ਵੈ + ਰਾਗ) ਰਾਗ = ਮੋਹ ਆਦਿ ਤੋਂ ਜੋ ਵੈ = ਰਹਿਤ ਹੋਣਾ ਹੈ, ਇਸ ਨੂੰ ਵੈਰਾਗ ਕਹਿੰਦੇ ਹਨ। ਵੈਰਾਗ ਦਾ ਸਰੂਪ *ਅਧਯਾਤਮ ਪ੍ਰਕਾਸ਼* ਵਿਚ ਇਸ ਪ੍ਰਕਾਰ ਲਿਖਿਆ ਹੈ। ਜੈਸਾ ਕਿ :

**ਦੋਹਰਾ॥ ਬ੍ਰਹਮਾ ਇੰਦ੍ਰ ਆਦਿ ਲੌਂ ਹੋਤ ਜੋ ਦੇਹ ਧਰ ਭੋਗ॥**
**ਕਾਕ ਬਿਸ੍ਰ ਸਮ ਜੇ ਗਿਨੈ ਬੀਤ ਰਾਗ ਤੇ ਲੋਗ॥੧੪॥** *(ਅਧਯਾਤਮ ਪ੍ਰਕਾਸ਼)*

**ਵਾ: ਬ੍ਰਹਮ ਲੋਕ ਲੌਂ ਭੋਗ ਜੋ ਚਹੇ ਸਭਨ ਕੋ ਤਿਆਗ॥**
**ਵੇਦ ਅਰਥ ਗਯਾਤਾ ਮੁਨੀ ਕਹਿਤ ਤਾਂਹਿ ਵੈਰਾਗ॥** *(ਵਿਚਾਰ ਸਾਗਰ)*

## ਕੇਵਲ ਪ੍ਰੇਮ ਹੁਲਾਸ ਉਰ; ਲਵ ਨ ਕਵਿਨ ਕੀ ਚਾਲ॥੧੦॥

ਇਸ ਰਚਨਾ ਵਿਚ ਕੇਵਲ = ਸਿਰਫ਼ ਉਰ = ਹਿਰਦੇ ਦੇ ਪ੍ਰੇਮ ਦਾ ਹੁਲਾਸ = ਉਤਸ਼ਾਹ ਹੈ, ਕਵੀ ਜੀ ਨਿਮਰਤਾ ਦੇ ਘਰ ਵਿਚ ਆ ਕਰਕੇ ਕਥਨ ਕਰਦੇ ਹਨ ਕਿ ਮੇਰੇ ਵਿਚ ਕਵਿਨ = ਕਵੀ ਜਨਾਂ ਕੀ = ਦੀ ਚਾਲ = ਰੀਤੀ, ਮਰਯਾਦਾ ਲਵ = ਲੇਸ ਮਾਤਰ ਭਾਵ ਰੱਤੀ ਮਾਤਰ ਵੀ ਨਹੀਂ ਹੈ॥੧੦॥

## ਦੋਹਰਾ॥

## ਅਰਥ ਬਰ ਨ ਬ੍ਰਿਤ ਬਰ ਨ; ਯੁਤ ਭੂਪ ਬਚਨ ਸ਼ਿਵ ਊਪ॥

ਮੇਰੀ ਇਸ ਰਚਨਾ ਭਾਵ ਕਵਿਤਾ ਦਾ ਕੋਈ ਅਰਥ ਵੀ ਬਰ = ਸ੍ਰੇਸ਼ਟ ਨਹੀਂ ਹੈ ਅਤੇ ਕੋਈ ਬ੍ਰਿਤ = ਛੰਦ ਵੀ ਬਰ = ਸ੍ਰੇਸ਼ਟ ਨਹੀਂ ਹੈ, ਪਰ ਸ਼ਿਵਜੀ ਦੀ ਊਪ = ਉਪਮਾ ਦੇ ਯੁਤ = ਸਹਿਤ ਮਿਲੇ ਹੋਏ ਰਾਜੇ ਦੇ ਬਚਨ ਕਥਨ ਕਰਦਾ ਹਾਂ।

## ਬਾਲ ਬਯਾਹ ਕੀ ਗਾਲ ਸਮ; ਦੂਸਨ ਭੂਖਨ ਰੂਪ॥੧੧॥

ਕਵੀ ਜੀ ਕਥਨ ਕਰਦੇ ਹਨ ਕਿ ਜਿਵੇਂ ਗਾਲ ਦੂਖਨ ਰੂਪ ਹੈ, ਪਰ ਵਿਆਹ ਦੇ ਸਮੇਂ ਜਦ ਉਹੀ ਗਾਲ ਬਾਲ = ਇਸਤਰੀ ਦੇ ਮੂੰਹੋਂ ਨਿਕਲੀ ਹੋਈ ਭੂਖਨ ਰੂਪ ਸਮਝੀ ਜਾਂਦੀ ਹੈ, ਇਸੇ ਪ੍ਰਕਾਰ ਮੇਰੀ ਰਚਨਾ ਹੈ ਤਾਂ ਦੂਖਨ ਰੂਪ, ਪਰ ਸ਼ਿਵਜੀ ਦੀ ਉਪਮਾ ਅਤੇ ਰਾਜੇ ਭਰਥਰੀ ਦੇ ਬਚਨਾਂ ਨਾਲ ਮਿਲਣ ਕਰਕੇ ਭੂਖਨ ਰੂਪ ਮੰਨੀ ਜਾਵੇਗੀ॥੧੧॥

---

੧. ਬ੍ਰਜ ਭਾਸ਼ਾ = ਇਹ ਪੁਰਾਣੇ ਹਿੰਦ ਕਵੀਆਂ ਦੀ ਕਾਵਯ ਭਾਸ਼ਾ ਹੈ।

ਹੁਣ ਅੱਗੇ ਜਿਸ ਕਾਰਨ ਕਰਕੇ ਰਾਜੇ ਭਰਥਰੀ ਨੂੰ ਵੈਰਾਗ ਹੋਇਆ ਸੀ, ਉਸ ਬਾਰੇ ਕਥਨ ਕਰਦੇ ਹਾਂ।

## ਕਬਿੱਤ ॥

## ਸੋਮ ਨਾਮ ਬਿਪ੍ਰ ਵਰ, ਗਿਰਜਾ ਕੇ ਵਰ ਕਰ ਲੀਨੋ;

ਇਕ ਸੋਮ = ਚੰਦਰ ਸ਼ੇਖਰ ਨਾਮ ਦਾ ਬਹੁਤ ਵਰ = ਸ੍ਰੇਸ਼ਟ ਬਿਪ੍ਰ = ਬ੍ਰਾਹਮਣ ਸੀ, ਉਸ ਨੇ ਗਿਰਜਾ = ਪਾਰਬਤੀ ਦੀ ਬੜੀ ਭਾਰੀ ਤਪੱਸਿਆ ਕਰਨਾ ਕੀਤੀ, ਜਿਸ ਤੋਂ ਪਾਰਬਤੀ ਨੇ ਖ਼ੁਸ਼ ਹੋ ਕੇ ਉਸ ਨੂੰ ਇਕ ਅਮਰ ਫਲ ਦਿੱਤਾ ਅਤੇ ਨਾਲ ਹੀ ਇਕ ਵਰ ਦੇਣਾ ਕੀਤਾ ਕਿ ਜੋ ਵੀ ਇਸ ਫਲ ਨੂੰ ਖਾਣਾ ਕਰੇਗਾ, ਉਹ ਕਦੇ ਵੀ ਬੁੱਢਾ ਨਹੀਂ ਹੋਵੇਗਾ ਤੇ ਦੇਵਤਿਆਂ ਜਿਤਨੀ ਉਸ ਦੀ ਉਮਰ ਹੋ ਜਾਵੇਗੀ। ਬ੍ਰਾਹਮਣ ਨੇ ਉਸ ਅਮਰ ਫਲ ਨੂੰ ਲੀਨੋ = ਲੈਣਾ ਕਰ = ਕੀਤਾ ਅਤੇ :

## ਸੁਧਾ ਫਰ ਕਰ ਦੀਨੋ ਨਰ ਨਾਹ ਕੇ ॥

ਉਸ ਸੁਧਾ = ਅਮਰ ਫਲ ਨੂੰ ਕਰ = ਹੱਥ ਵਿਚ ਫਰ = ਪਕੜ ਕਰਕੇ ਸੋਚਣ ਲੱਗਾ ਕਿ ਜੇ ਮੈਂ ਇਹ ਫਲ ਖਾ ਲਿਆ ਤਾਂ ਮੈਂ ਹੋਰ ਵੀ ਅੱਗੋਂ ਨਾਲੋਂ ਵੱਧ ਗ਼ਰੀਬੀ ਕਰਕੇ ਦੁਖੀ ਹੋ ਜਾਵਾਂਗਾ ਕਿਉਂਕਿ ਹੁਣ ਤਾਂ ਮੈਨੂੰ ਉਮੀਦ ਹੈ ਕਿ ਮੈਂ ਬੁੱਢਾ ਹੋ ਚੁੱਕਾ ਹਾਂ ਤੇ ਮੌਤ ਆ ਹੀ ਜਾਣੀ ਹੈ ਤੇ ਮੌਤ ਹੋਣ ਦੇ ਨਾਲ ਮੇਰੇ ਗ਼ਰੀਬੀ ਆਦਿਕ ਦੁੱਖ ਵੀ ਨਵਿਰਤ ਹੋ ਜਾਣਗੇ, ਪਰ ਜੇਕਰ ਮੈਂ ਇਹ ਫਲ ਖਾਣਾ ਕੀਤਾ ਤਾਂ ਮੈਨੂੰ ਮੌਤ ਨਹੀਂ ਆਉਣੀ ਤਾਂ ਫਿਰ ਮੇਰੇ ਗ਼ਰੀਬੀ ਆਦਿਕ ਦੇ ਦੁੱਖ ਕਿਵੇਂ ਨਵਿਰਤ ਹੋਣਗੇ ? ਇਸ ਨਾਲੋਂ ਚੰਗਾ ਇਹ ਹੋਵੇਗਾ ਕਿ ਫਲ ਮੈਂ ਧਰਮੀ ਰਾਜੇ ਭਰਥਰੀ ਨੂੰ ਦੇਣਾ ਕਰਾਂ। ਇਸ ਦੇ ਬਦਲੇ ਵਿਚ ਮੈਨੂੰ ਉਹ ਮੋਹਰਾਂ ਆਦਿ ਪਦਾਰਥ ਦੇ ਦੇਵੇਗਾ, ਜਿਸ ਕਾਰਨ ਮੇਰਾ ਭੁੱਖ ਰੂਪ ਦੁੱਖ ਤੇ ਗ਼ਰੀਬੀ ਆਦਿ ਮਿਟ ਜਾਵੇਗੀ। ਇਉਂ ਵਿਚਾਰ ਕਰਦਾ ਕਰਦਾ ਬ੍ਰਾਹਮਣ ਰਾਜੇ ਦੇ ਮਹੱਲਾਂ ਵਿਚ ਪਹੁੰਚ ਗਿਆ ਤੇ ਉਹ ਫਲ ਨਰ ਨਾਹ = ਪੁਰਖਾਂ ਦੇ ਸੁਆਮੀ (ਮਾਲਕ) ਰਾਜੇ ਭਰਥਰੀ ਨੂੰ ਜਾ ਕੇ ਦੇਣਾ ਕੀਤਾ ਤੇ ਰਾਜੇ ਨੇ ਉਸ ਨੂੰ ਮੋਹਰਾਂ ਆਦਿ ਪਦਾਰਥ ਦੇ ਦਿੱਤੇ ਤੇ ਬ੍ਰਾਹਮਣ ਖ਼ੁਸ਼ ਹੋ ਕਰਕੇ ਆਪਣੇ ਘਰ ਚਲਾ ਗਿਆ।

## ਭੂਪਤਿ ਸ੍ਵੈ ਪਤਨੀ ਕੋ, ਰਾਣੀ ਨਿਜ ਮੀਤ ਹੀ ਕੋ;

ਰਾਜੇ ਨੇ ਉਹ ਫਲ ਆਪ ਇਸ ਕਰਕੇ ਨਹੀਂ ਖਾਧਾ ਕਿ ਮੈਂ ਤਾਂ ਫਲ ਖਾ ਕਰਕੇ ਜੋਬਨ ਅਵਸਥਾ ਨੂੰ ਪਾ ਲਵਾਂਗਾ, ਪਰ ਮੇਰੀ ਪਿਆਰੀ ਰਾਣੀ ਪਿੰਗਲਾ ਬੁੱਢੀ ਹੋ ਜਾਵੇਗੀ। ਉਸ ਤੋਂ ਬਿਨਾਂ ਮੇਰੀ ਜਵਾਨੀ ਕਿਸ ਕੰਮ ਹੈ, ਬਲਕਿ ਦੁੱਖ ਰੂਪ ਹੋ ਜਾਵੇਗੀ। ਇਸ ਲਈ ਚੰਗਾ ਇਹੀ ਹੋਵੇਗਾ ਕਿ ਇਹ ਅੰਮ੍ਰਿਤ ਫਲ ਮੈਂ ਆਪਣੀ ਰਾਣੀ ਪਿੰਗਲਾ ਨੂੰ ਖੁਆਣਾ ਕਰਾਂ ਤਾਂ ਕਿ ਉਸ ਦੀ ਜਵਾਨੀ ਦਾ ਮੈਂ ਸਦਾ ਅਨੰਦ ਲੁੱਟਦਾ ਰਹਾਂ। ਇਉਂ ਵਿਚਾਰਦਾ ਹੋਇਆ ਰਾਜਾ ਆਪਣੀ ਰਾਣੀ ਪਾਸ ਗਿਆ ਤੇ ਉਹ ਫਲ ਭੂਪਤਿ = ਰਾਜੇ ਨੇ ਸ੍ਵੈ = ਆਪਣੀ ਪਤਨੀ ਪਿੰਗਲਾ ਕੋ = ਨੂੰ ਦੇ ਦਿੱਤਾ। ਰਾਣੀ ਕਹਿੰਦੀ ਕਿ ਹੇ ਮੇਰੇ ਪਤੀਦੇਵ ! ਇਹ ਫਲ ਮੈਂ ਨਹਾ ਧੋ ਕੇ ਖਾਵਾਂਗੀ। ਪਰ ਜਦ ਰਾਜਾ ਚਲਾ ਗਿਆ ਤਾਂ ਪਿੱਛੋਂ ਰਾਣੀ ਨੇ ਨਿਜ = ਆਪਣੇ ਮੀਤ = ਮਿੱਤਰ ਹਥਵਾਨ ਕੋ = ਨੂੰ ਸੱਦ ਕੇ ਉਹ ਫਲ ਦੇ ਦਿੱਤਾ। ਉਹ ਫਲ ਲੈ ਕੇ ਚਲਾ ਗਿਆ ਤਾਂ ਉਸ ਦੇ ਮਿੱਤਰ ਨੇ ਵੀ ਫਲ ਨਾ ਖਾਧਾ ਅਤੇ :

## ਤਾ ਨੇ ਦੀਨੋ ਗੀਤਕੀ ਕੋ, ਨੀਕੋ ਫਲੁ ਚਾਹ ਕੇ ॥

ਤਾ = ਉਸ ਨੇ ਬੜਾ ਨੀਕੋ = ਚੰਗਾ ਫਲ ਜਾਣ ਕੇ ਆਪਣੀ ਪਿਆਰੀ ਗੀਤਕੀ = ਗੀਤ ਗਾਉਣ ਵਾਲੀ ਵੇਸਵਾ ਕੋ = ਨੂੰ ਉਹ ਫਲ ਬੜੇ ਚਾਹ = ਚਾਅ, ਉਤਸ਼ਾਹ ਕੇ = ਦੇ ਨਾਲ ਦੀਨੋ = ਦੇ ਦਿੱਤਾ। ਤੇ ਉਸ ਨੇ

ਉਹ ਫਲ ਲੈ ਕੇ ਸੋਚਿਆ ਕਿ ਮੈਂ ਸਾਰੀ ਉਮਰ ਪਾਪ ਕਰਮ ਹੀ ਕੀਤੇ ਹਨ, ਕਈਆਂ ਸਤਵੰਤੀਆਂ ਦੇ ਮੈਂ ਘਰ ਉਜਾੜੇ ਹਨ, ਜੇ ਮੈਂ ਇਹ ਫਲ ਖਾ ਕੇ ਅਮਰ ਹੋ ਗਈ ਤਾਂ ਇਹੋ ਕੁਝ ਕਰਦੀ ਰਹਾਂਗੀ, ਭਲਾ ਇਸ ਵਿਚ ਹੀ ਹੈ ਕਿ ਇਹ ਫਲ ਮੈਂ ਆਪਣੇ ਮਹਾਰਾਜੇ ਨੂੰ ਦੇ ਦੇਵਾਂ, ਜਿਸ ਦੇ ਰਾਜ ਵਿਚ ਸੁਖੀ ਵੱਸ ਰਹੀ ਹਾਂ। ਇਉਂ ਵਿਚਾਰਦੀ ਹੋਈ:

## ਆਗੇ ਗਨਕਾ ਸਰਾਗੇ, ਧਰਾਪਤਿ ਆਗੇ ਧਰਾ;

ਆਗੇ = ਅੱਗੋਂ ਗਨਕਾ = ਵੇਸਵਾ ਨੇ ਬੜੇ ਸਰਾਗੇ (ਸ + ਰਾਗੇ) ਸ = ਸਹਿਤ ਰਾਗੇ = ਪ੍ਰੇਮ ਦੇ ਲਿਜਾ ਕਰਕੇ ਉਹ ਫਲ ਧਰਾਪਤਿ = ਧਰਤੀ ਦੇ ਸੁਆਮੀ ਰਾਜੇ ਭਰਥਰੀ ਦੇ ਆਗੇ = ਅੱਗੇ ਧਰਾ = ਰੱਖ ਦਿੱਤਾ। ਰਾਜੇ ਨੇ ਹੈਰਾਨ ਹੋ ਕੇ ਵੇਸਵਾ ਨੂੰ ਪੁੱਛਿਆ ਕਿ ਇਹ ਫਲ ਤੂੰ ਕਿਥੋਂ ਲਿਆ ਹੈ? ਉਸ ਨੇ ਸੱਚ ਕਹਿ ਦਿੱਤਾ ਕਿ ਇਹ ਫਲ ਮੇਰੇ ਮਿੱਤਰ ਹਥਵਾਨ ਨੇ ਦਿੱਤਾ ਹੈ। ਫਿਰ ਰਾਜੇ ਨੇ ਹਥਵਾਨ ਨੂੰ ਸੱਦ ਕੇ ਪੁੱਛਿਆ ਕਿ ਤੈਨੂੰ ਇਹ ਫਲ ਕਿਥੋਂ ਮਿਲਿਆ ਹੈ? ਤੇ ਉਸ ਨੇ ਸਾਰੀ ਵਾਰਤਾ ਕਹਿ ਸੁਣਾਈ ਕਿ ਇਹ ਫਲ ਮੈਨੂੰ ਰਾਣੀ ਨੇ ਦਿੱਤਾ ਹੈ, ਬੱਸ ਫਿਰ:

## ਨਰ ਨਾਥ ਮਾਥ ਧੁਨਾ ਸੁਨਿ, ਧਨਾ ਤਾਹ ਕੇ ॥

ਤਾਹ = ਉਸ ਦਰੋਗੇ ਕੇ = ਦੇ ਮੂੰਹੋਂ ਆਪਣੀ ਧਨਾ = ਇਸਤਰੀ ਦੀ ਵਾਰਤਾ ਸੁਣ ਕੇ ਨਰ ਨਾਥ = ਪੁਰਸ਼ਾਂ ਦਾ ਸੁਆਮੀ ਰਾਜਾ ਭਰਥਰੀ ਫਿਰ ਮਾਥ = ਮੱਥੇ ਨੂੰ ਧੁਨਾ = ਹਿਲਾਉਂਦਾ ਹੋਇਆ **ਵਾ:** ਮੱਥੇ ਨੂੰ ਧੁਨਾ = ਪਿੱਟਦਾ ਹੋਇਆ ਆਖਦਾ ਹੈ ਕਿ:

## ਹਾ ਹਾ ਕਾਮਨੀ ਕੇ ਹੇਤ, ਹਤੇ ਕਾਮ ਨੀਕੇ ਅਬ;

ਹਾ ਹਾ = ਹਾਇ! ਹਾਇ! ਮੈਂ ਇਸ ਕਾਮਨੀ = ਇਸਤਰੀ ਕੇ = ਦੇ ਹੇਤ = ਵਾਸਤੇ ਨੀਕੇ = ਸ੍ਰੇਸ਼ਟ ਭਾਵ ਚੰਗੇ ਚੰਗੇ ਕਾਮ = ਕੰਮ ਹਤੇ = ਨਾਸ਼ ਕਰ ਦਿੱਤੇ ਭਾਵ ਇਸ ਰਾਣੀ ਦੇ ਵਾਸਤੇ ਮੈਂ ਚੰਗੇ ਕੰਮ ਸਾਰੇ ਤਿਆਗ ਦਿੱਤੇ, ਕੋਈ ਚੰਗਾ ਕੰਮ ਨਹੀਂ ਕੀਤਾ ਜੈਸਾ ਕਿ ਇਸ ਰਾਣੀ ਦੇ ਕਹਿਣ ਤੋਂ ਮੈਂ ਆਪਣੇ ਲਾਇਕ ਭਰਾ ਨੂੰ ਦੇਸ਼ ਨਿਕਾਲਾ ਦਿੱਤਾ। ਪਰ ਅਬ = ਹੁਣ ਤੋਂ ਮੈਂ ਇਸ ਇਸਤਰੀ ਦਾ ਤਿਆਗ ਕਰਦਾ ਹਾਂ। ਇਉਂ ਰਾਜੇ ਨੂੰ ਰਾਣੀ ਸਮੇਤ ਸਾਰੇ ਸੰਸਾਰ ਤੋਂ ਨਫ਼ਰਤ ਹੋ ਗਈ, ਵੈਰਾਗ ਜਾਗ੍ਰਿਤ ਹੋ ਗਿਆ ਅਤੇ ਫਿਰ ਕਹਿੰਦਾ ਕਿ ਹੁਣ ਤੋਂ ਮੈਂ:

## ਤਾਹਿ ਤਜੋ, ਤਹਾ ਭਜੌਂ, ਸਸੀ ਸੀਸ ਜਾਹ ਕੇ ॥੧੨॥

ਤਾਹਿ = ਉਸ ਰਾਣੀ ਨੂੰ ਤਜੋ = ਛੱਡਦਾ ਹਾਂ ਤੇ ਤਹਾ = ਉਸ ਨੂੰ ਭਜੌਂ = ਅਰਾਧਨਾ, ਸਿਮਰਨਾ ਕਰਦਾ ਹਾਂ, ਜਾਹ ਕੇ = ਜਿਸ ਦੇ ਸੀਸ = ਸਿਰ ਦੇ ਉੱਤੇ ਸਸੀ = ਚੰਦਰਮਾ ਸੋਭ ਰਿਹਾ ਹੈ ਭਾਵ ਹੁਣ ਮੈਂ ਉਸ ਸ਼ਿਵਜੀ ਨੂੰ ਭਜਨਾ (ਅਰਾਧਨਾ) ਕਰਦਾ ਹਾਂ ॥੧੨॥

***ਨੋਟ:*** ਇਸ ਕਬਿੱਤ ਦਾ ਸਾਰਅੰਸ਼ ਵਜੋਂ ਇਸ ਸਟੀਕ ਦੇ ਅਰੰਭ ਵਿਚ ਭਰਥਰੀ ਜੀ ਦੇ ਜੀਵਨ ਵਿਚ ਪੜ੍ਹੋ।

## ਸ੍ਵੈਯਾ ॥

ਹੁਣ ਅੱਗੇ ਜੋਗੀ ਭਰਥਰੀ ਜੀ ਉਚਾਰਨ ਕਰਦੇ ਹਨ ਕਿ:

## ਜਿਨਕੋ ਨਿਤ ਮੈਂ ਚਿਤ ਮੈ ਚਿਤਮੋ;
## ਤਿਨ ਕੀ ਰਤਿ ਮੋ ਤਨ ਮਾਂਹਿ ਰੱਤੀ ਨਾ॥

ਜਿਨਕੋ = ਜਿਸ ਪਿੰਗਲਾ ਰਾਣੀ ਨੂੰ ਮੈਂ ਨਿਤ = ਨਿਤਾਪ੍ਰਤੀ ਭਾਵ ਹਰ ਰੋਜ਼ ਆਪਣੇ ਚਿੱਤ (ਹਿਰਦੇ) ਮੈ = ਵਿਚ ਚਿਤਮੋ = ਚਿਤਵਦਾ ਰਹਿੰਦਾ ਸੀ, ਹੁਣ ਤਿਨ = ਉਸ ਰਾਣੀ ਕੀ = ਦੀ ਰਤਿ = ਪ੍ਰੀਤੀ ਮੋ = ਮੇਰੇ ਤਨ = ਸਰੀਰ ਮਾਂਹਿ = ਵਿਚ ਰੱਤੀ = ਰੰਚਕ ਮਾਤਰ ਭਾਵ ਥੋੜੇ ਮਾਤਰ ਵੀ ਨਾ = ਨਹੀਂ ਹੈ।

## ਵਹੁ ਆਨ ਪੁਮਾਨ ਕੇ ਸੰਗਿ ਰੱਤੀ;
## ਪੁਨ ਤਾ ਮਨ ਮੈ ਗਨਕਾ ਗ੍ਰਹ ਕੀਨਾ॥

ਕਿਉਂਕਿ ਵਹੁ = ਉਹ ਰਾਣੀ ਕਿਸੇ ਆਨ = ਹੋਰ ਪੁਮਾਨ = ਪੁਰਸ਼[1] ਕੇ = ਦੇ ਸੰਗਿ = ਨਾਲ ਰੱਤੀ = ਪ੍ਰੀਤੀ ਕਰਦੀ ਹੈ ਭਾਵ ਕਿਸੇ ਹੋਰ ਨਾਲ ਮਿਲੀ ਹੋਈ ਹੈ, ਪਰ ਉਸ ਪੁਰਸ਼ ਦੇ ਮਨ ਵਿਚ ਰਾਣੀ ਪ੍ਰਤੀ ਪਿਆਰ ਨਹੀਂ, ਪੁਨ = ਪੁਨਾ ਸਗੋਂ ਤਾ = ਉਸ ਦੇ ਮਨ ਮੈ = ਵਿਚ ਗਨਕਾ = ਵੇਸਵਾ ਨੇ ਗ੍ਰਹ = ਘਰ ਬਣਾਉਣਾ ਕੀਨਾ = ਕੀਤਾ ਹੈ।

## ਧਿਕ ਹੈ ਅਬਲਾ, ਭ੍ਰਿਤ, ਕੰਦ੍ਰਪ ਪੈ;
## ਅਰੁ ਮੋਹਿ ਧਿੱਕਾਰ ਜੋ ਮਾਰ ਅਧੀਨਾ॥

ਇਸ ਅਬਲਾ = ਇਸਤਰੀ ਭਾਵ ਰਾਣੀ ਪਿੰਗਲਾ ਨੂੰ ਧਿਕ = ਧ੍ਰਿਕਾਰ[2] ਹੈ, ਜੋ ਰਾਜੇ ਦੀ ਰਾਣੀ ਹੋ ਕੇ ਸੇਵਕ ਨਾਲ ਪ੍ਰੀਤੀ ਕਰਦੀ ਹੈ ਅਤੇ ਫਿਰ ਉਸ ਭ੍ਰਿਤ = ਸੇਵਕ (ਹਥਵਾਨ) ਨੂੰ ਵੀ ਧ੍ਰਿਕਾਰ ਹੈ, ਜਿਸ ਨਾਲ ਰਾਣੀ ਪਿਆਰ ਕਰਦੀ ਹੈ ਪਰ ਉਹ ਵੇਸਵਾ ਨਾਲ ਪਿਆਰ ਕਰਦਾ ਹੈ ਭਾਵ ਮਹਾਰਾਣੀ ਦਾ ਪਿਆਰਾ ਹੋ ਕਰਕੇ ਗਨਕਾ ਨਾਲ ਪਿਆਰ ਕਰਦਾ ਹੈ। ਧ੍ਰਿਕਾਰ ਹੈ ਐਸੇ ਸੇਵਕ ਨੂੰ, ਫੇਰ ਕੰਦ੍ਰਪ = ਕਾਮਦੇਵ ਦੇ ਪੈ = ਉੱਪਰ ਭਾਵ ਕਾਮਦੇਵ ਨੂੰ ਵੀ ਧ੍ਰਿਕਾਰ ਹੈ, ਜਿਸ ਨੇ ਊਚ-ਨੀਚ ਅਵਸਥਾ ਨੂੰ ਨਸ਼ਟ ਕਰ ਦਿੱਤਾ ਹੈ ਅਰੁ = ਅਤੇ ਅਖ਼ੀਰ ਵਿਚ ਭਰਥਰੀ ਜੀ ਕਹਿੰਦੇ ਹਨ ਕਿ ਮੋਹਿ = ਮੈਨੂੰ ਵੀ ਧਿੱਕਾਰ = ਧ੍ਰਿਕਾਰ ਹੈ ਜੋ ਮੈਂ ਇਸ ਮਾਰ = ਕਾਮ ਦੇ ਅਧੀਨਾ = ਅਧੀਨ, ਵੱਸ ਹੋ ਗਿਆ ਭਾਵ ਵਿਚਾਰਵਾਨ ਹੋ ਕੇ ਵੀ ਕਾਮ-ਵੱਸ ਇਸ ਇਸਤਰੀ ਦੇ ਪਿੱਛੇ ਲੱਗ ਗਿਆ।

## ਇਸ ਰੀਤ ਸਮੂਹ ਕੀ ਪ੍ਰੀਤਿ ਤਜੀ;
## ਨ੍ਰਿਪ ਹੋਇ ਜੋਗੀਸਰ, ਈਸ਼੍ਵਰ ਚੀਨਾ॥੧੩॥

ਇਸ ਰੀਤ = ਤਰੀਕੇ ਦੇ ਨਾਲ ਰਾਜੇ ਭਰਥਰੀ ਨੇ ਸਮੂਹ = ਸਾਰਿਆਂ ਕੀ = ਦੀ ਪ੍ਰੀਤੀ ਤਜੀ = ਤਿਆਗ ਦਿੱਤੀ ਅਤੇ ਨ੍ਰਿਪ = ਰਾਜਾ ਭਰਥਰੀ ਜੋਗੀਸਰ = ਜੋਗੀ ਬਣ ਕੇ ਈਸ਼੍ਵਰ = ਪਰਮਾਤਮਾ ਦੀ ਚੀਨਾ = ਪਛਾਣ ਵਾਲਾ ਹੋਇ = ਹੋ ਗਿਆ ਭਾਵ ਪਰਮਾਤਮਾ ਦਾ ਚਿੰਤਨ ਕਰਨ ਲੱਗ ਗਿਆ **ਵਾ:** ਜਦੋਂ ਨ੍ਰਿਪ = ਰਾਜਾ ਭਰਥਰੀ

---

੧. ਸੰਸਕ੍ਰਿਤ ਵਿਚ ਪੁਰਸ਼ ਨੂੰ ਪੁਮਾਨ ਕਹਿੰਦੇ ਹਨ।

੨. ਸੌ ਵਾਰੀ 'ਫਿਟਕਾਰ' ਸ਼ਬਦ ਕਹੀਏ ਤਾਂ ਇਕ 'ਲਾਹਨਤ' ਬਣਦੀ ਹੈ, ਅਤੇ ਸੌ ਵਾਰੀ 'ਲਾਹਨਤ' ਸ਼ਬਦ ਕਹਿਣ ਤੋਂ ਇਕ 'ਧ੍ਰਿਗ' ਬਣਦਾ ਹੈ।

(ਜੋਗੀ + ਈਸਰ) ਜੋਗੀਆਂ ਦੇ ਈਸ਼ਰ ਭਾਵ ਪਰਮਾਤਮਾ ਦੇ ਸਿਮਰਨ ਕਰਨ ਵਾਲਾ ਹੋਇ = ਹੋ ਗਿਆ ਭਾਵ ਪਰਮਾਤਮਾ ਦੇ ਨਾਮ ਵਿਚ ਮਨ ਲੀਨ ਹੋ ਗਿਆ ਤਾਂ ਫੇਰ ਈਸ੍ਵਰ = ਪਰਮਾਤਮਾ ਨੂੰ ਚੀਨਾ = ਜਾਣ ਲਿਆ **ਵਾ**: ਜਦੋਂ ਰਾਜਾ ਭਰਥਰੀ ਸੰਸਾਰ ਨੂੰ ਤਿਆਗ ਕੇ ਵੈਰਾਗਵਾਨ ਬਣ ਕਰਕੇ ਈਸ੍ਵਰ = ਪਰਮਾਤਮਾ ਦਾ ਸਿਮਰਨ ਕਰਨ ਲੱਗ ਪਿਆ ਅਤੇ ਆਪਣੇ ਆਤਮ ਸਰੂਪ ਨੂੰ ਚੀਨਾ = ਪਛਾਣ ਲਿਆ ਤਾਂ ਫੇਰ ਨ੍ਰਿਪ = ਰਾਜਾ ਭਰਥਰੀ ਜੋਗੀਸਰ = ਜੋਗੀਆਂ ਦਾ ਈਸ਼ਰ ਭਾਵ ਜੋਗੀਆਂ ਦਾ ਭੀ ਪੂਜਨੀਕ ਬਣ ਗਿਆ **ਵਾ**: ਹੋ ਗਿਆ ਸੀ ॥੧੩॥

## ਦੋਹਿਰਾ ॥

## ਭਨਯੋ ਭੂਪ ਵੈਰਾਗ ਸ਼ਤ; ਨਿਜ ਮਨ ਸਿਖਿਆ ਹੇਤ ॥

ਭੂਪ = ਰਾਜੇ ਭਰਥਰੀ ਜੀ ਨੇ ਵੈਰਾਗ ਨੂੰ ਉਤਪੰਨ ਕਰਨ ਵਾਲੇ ਸ਼ਤ = ਸੌ ਸਲੋਕ ਨਿਜ = ਆਪਣੇ ਮਨ ਨੂੰ ਸਿੱਖਿਆ ਦੇਣ ਦੇ ਹੇਤ = ਵਾਸਤੇ ਭਨਯੋ = ਉਚਾਰਨ ਕੀਤੇ ਹਨ।

## ਸੁਨੋ ਜਨੋ ਸੁਭ ਗਿਰਾ ਤਿਹ; ਜਗਤ ਜਲਧ ਮਹਿ ਸੇਤ ॥੧੪॥

ਹੇ ਜਨੋ = ਪੁਰਖੋ ! ਤਿਹ = ਤਿਸ ਸੁਭ = ਸ੍ਰੇਸ਼ਟ ਗਿਰਾ = ਬਾਣੀ ਭਾਵ ਸੌ ਸਲੋਕਾਂ ਨੂੰ ਧਿਆਨ ਦੇ ਕੇ ਸੁਨੋ = ਸੁਣਨਾ ਕਰੋ ਜੋ ਜਗਤ = ਸੰਸਾਰ ਰੂਪ ਜਲਧ = ਸਮੁੰਦਰ ਮਹਿ = ਵਿਚ ਸੇਤ = ਪੁਲ ਦੀ ਨਿਆਈਂ ਹਨ ਭਾਵ ਇਨ੍ਹਾਂ ਸਲੋਕਾਂ ਦੀ ਸਿੱਖਿਆ ਸੰਸਾਰ-ਸਮੁੰਦਰ ਤੋਂ ਪਾਰ ਉਤਾਰਨ ਲਈ ਸਹਾਇਕ ਹੈ ॥੧੪॥

## ਦੋਹਿਰਾ ॥

## ਅਤਿ ਨਦ ਵਤ ਗੰਭੀਰ; ਸ੍ਰੀ ਹਰਿ ਭਰਤ ਵੈਰਾਗ ਸ਼ਤ ॥

ਸ੍ਰੀ = ਸ਼ੋਭਾ ਦੇ ਮਾਲਕ ਹਰਿ ਭਰਤ = ਭਰਥਰੀ ਹਰੀ ਜੀ ਦਾ ਕਥਨ ਕੀਤਾ ਹੋਇਆ ਇਹ ਵੈਰਾਗ ਸ਼ਤ = ਸ਼ਤਕ ਨਾਮੀ ਜੋ ਗ੍ਰੰਥ ਹੈ, ਇਹ ਬਹੁਤ ਗੰਭੀਰ = ਡੂੰਘੇ ਨਦ = ਦਰਿਆ ਦੇ ਵਤ = ਸਮਾਨ ਹੈ।

## ਜਨਮ ਮਰਣ ਭਯ ਨੀਰ; ਵਿਕਸਤ ਕਮਲ ਸ਼ਲੋਕ ਗਣ ॥੧੫॥

ਇਸ ਗ੍ਰੰਥ ਵਿਚ ਜੰਮਣ-ਮਰਨ ਦਾ ਜੋ ਭਯ = ਡਰ ਕਥਨ ਕੀਤਾ ਹੈ, ਇਹ ਇਸ ਗ੍ਰੰਥ ਰੂਪ ਨਦੀ ਵਿਚ ਨੀਰ = ਪਾਣੀ ਹੈ ਤੇ ਜੋ ਗਣ = ਸਮੂਹ, ਸਾਰੇ ਸਲੋਕ ਹਨ, ਇਹ ਕਮਲਾਂ ਦੀ ਵਤ ਵਿਕਸਤ = ਖਿੜੇ ਹੋਏ ਹਨ **ਵਾ**: ਇਹ ਕਮਲਾਂ ਦਾ ਗਣ = ਝੁੰਡ ਵਿਕਸਤ = ਖਿੜਿਆ ਹੋਇਆ ਹੈ ॥੧੫॥

ਹੁਣ ਅੱਗੇ ਇਸ ਕਬਿੱਤ ਵਿਚ ਰੂਪਕ ਅਲੰਕਾਰ ਦੁਆਰਾ ਕਮਲ ਫੁੱਲਾਂ ਨਾਲ ਸਲੋਕਾਂ ਦੀ ਸਮਾਨਤਾ ਵਰਣਨ ਕਰਦੇ ਹਨ :

## ਕਬਿੱਤ ॥

## ਦੋਖ ਦ੍ਰਿਸ਼ਟ ਨਾਲਿ ਗੁਰ ਦਲ ਪਦ ਲਘੁ ਪਦ;

ਜੋ ਇਨ੍ਹਾਂ ਸਲੋਕਾਂ ਵਿਚ ਦੋਖ ਦ੍ਰਿਸ਼ਟ = ਦ੍ਰਿਸ਼ਟੀ (ਪਦਾਰਥਾਂ ਨੂੰ ਦੁੱਖ ਰੂਪ ਕਰਕੇ ਜਾਨਣ ਨੂੰ ਦੋਖ ਦ੍ਰਿਸ਼ਟੀ ਕਹਿੰਦੇ ਹਨ) ਦਾ ਕਥਨ ਕੀਤਾ ਹੈ, ਇਹੋ ਹੀ ਕਮਲ ਫੁੱਲਾਂ ਦੀ ਨਾਲਿ = ਨਾਲੀ, ਡੰਡੀ ਹੈ। ਜਿਹੜੇ ਗੁਰ = ਵੱਡੇ-ਵੱਡੇ ਪਦ ਕਥਨ ਕੀਤੇ ਹਨ, ਉਹ ਇਨ੍ਹਾਂ ਕਮਲ ਫੁੱਲ ਰੂਪ ਸਲੋਕਾਂ ਦੇ ਵੱਡੇ ਦਲ = ਪੱਤਰੇ ਹਨ ਤੇ ਜੋ ਲਘੁ = ਛੋਟੇ-ਛੋਟੇ ਪਦ ਹਨ, ਉਹ ਇਨ੍ਹਾਂ ਸਲੋਕਾਂ ਦੇ ਛੋਟੇ ਪੱਤਰੇ ਹਨ।

## ਅੰਕ ਮਾਤ੍ਰਾ ਤਰੀ ਤਰ ਅਰਥ ਸੁ ਬਾਸ ਹੈਂ॥

ਜੋ ਇਨ੍ਹਾਂ ਕਮਲ ਰੂਪ ਸਲੋਕਾਂ ਦੇ ਅੰਕ = ਅੱਖਰ ਤੇ ਮਾਤ੍ਰਾ = ਮਾਤਰਾਵਾਂ ਹਨ, ਇਹ ਤਰੀ ਤਰ = ਤਰੀਆਂ ਹਨ, ਭਾਵ ਜੋ ਕਮਲ ਫੁੱਲ ਦੇ ਵਿਚਾਲੇ ਛੋਟੇ-ਛੋਟੇ ਧਾਗੇ ਹੁੰਦੇ ਹਨ, ਉਨ੍ਹਾਂ ਨੂੰ ਤੁਰੀਆਂ ਕਹਿੰਦੇ ਹਨ। ਜਿਹੜੇ ਸਲੋਕਾਂ ਦੇ ਅਰਥ ਹਨ, ਇਹੋ ਹੀ ਕਮਲ ਫੁੱਲਾਂ ਦੀ ਸ੍ਰੇਸ਼ਟ ਬਾਸ = ਬਾਸਨਾ ਹੈ।

## ਡਾਟੇ ਕਾਟੇ ਮੰਦ ਸੰਗ, ਇੰਦੁ ਹੇਰਿ ਨਿਸਪੰਦ;

ਜੋ ਮੰਦ = ਭੈੜੇ ਪੁਰਸ਼ਾਂ ਦਾ ਸੰਗ (ਸਾਥ) ਕਰਨ ਵੱਲੋਂ ਡਾਟੇ = ਤਾੜਨਾ ਕੀਤੀ ਹੈ, ਉਹ ਇਨ੍ਹਾਂ ਕਮਲ ਫੁੱਲ ਰੂਪ ਸਲੋਕਾਂ ਦੇ ਕਾਟੇ = ਕੰਡੇ ਹਨ, ਜਿਵੇਂ ਰਾਤ ਨੂੰ ਕਮਲ ਫੁੱਲ ਇੰਦੁ = ਚੰਦਰਮਾ ਨੂੰ ਹੇਰਿ = ਵੇਖ ਕਰਕੇ ਨਿਸਪੰਦ = ਬਿਨਾਂ ਚੰਚਲਤਾ ਤੋਂ ਅਡੋਲ ਹੋ ਜਾਂਦੇ ਹਨ ਭਾਵ ਮੁੰਦੇ (ਮੀਟੇ) ਜਾਂਦੇ ਹਨ, ਇਸੇ ਤਰ੍ਹਾਂ ਕਮਲ ਰੂਪ ਸਲੋਕ ਚੰਦਰਮਾ ਦੀ ਨਿਆਈਂ ਬੁਰੇ ਪੁਰਸ਼ਾਂ ਦੀ ਸੰਗਤ ਨੂੰ ਵੇਖ ਕੇ ਮੀਟੇ ਜਾਂਦੇ ਹਨ ਭਾਵ ਬੁਰੇ ਪੁਰਸ਼ਾਂ ਦੀ ਸੰਗਤ ਵਿਚ ਇਨ੍ਹਾਂ ਸਲੋਕਾਂ ਦੀ ਵਿਚਾਰ ਪ੍ਰਗਟ ਨਹੀਂ ਹੋਵੇਗੀ **ਅਥਵਾ** ਇਨ੍ਹਾਂ ਸਲੋਕਾਂ ਵਿਚ ਖੋਟੇ ਪੁਰਸ਼ਾਂ ਦੀ ਸੰਗਤ ਦਾ ਵਰਣਨ ਨਹੀਂ ਆਵੇਗਾ ਕਿਉਂਕਿ ਖੋਟੇ ਪੁਰਖਾਂ ਦੀ ਸੰਗਤ ਵੱਲੋਂ ਵਰਜਿਤ ਕੀਤਾ ਹੈ, ਮਾਨੋ ਇਹ ਕਮਲ ਫੁੱਲ ਦਾ ਮੁੰਦਨਾ ਹੈ।

## ਅਰਕ ਬਿਬੇਕ ਕੇ ਪ੍ਰਕਾਸ਼ ਤੇ ਵਿਕਾਸ ਹੈਂ॥

ਬਿਬੇਕ ਰੂਪੀ ਅਰਕ = ਸੂਰਜ ਦੇ ਪ੍ਰਕਾਸ਼ ਹੋਣ ਤੇ = ਨਾਲ ਇਹ ਵਿਕਾਸ = ਖਿੜ ਪੈਂਦੇ ਹੈਂ = ਹਨ ਭਾਵ ਵਿਵੇਕਵਾਨ ਪੁਰਖਾਂ ਦੀ ਸੰਗਤ ਕਰਨ ਦੇ ਨਾਲ ਹੀ ਪੂਰਨ ਬੈਰਾਗ ਤੇ ਇਨ੍ਹਾਂ ਸਲੋਕਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ, ਮਾਨੋ ਇਹ ਕਮਲ ਫੁੱਲਾਂ ਦਾ ਖਿੜਨਾ ਹੈ।

## ਭੋਗੀ ਭੂੰਡ ਭੋਗ ਮਲ ਭੋਗਤ ਨ ਤਜ਼ੇ ਪਲ;

ਜਿਹੜੇ ਭੋਗੀ ਪੁਰਸ਼ ਹਨ, ਇਹ ਭੂੰਡ ਦੀ ਨਿਆਈਂ ਹਨ, ਜਿਵੇਂ ਭੂੰਡ ਗੋਹਾ ਆਦਿ ਖਾਂਦੇ ਹਨ, ਇਸੇ ਤਰ੍ਹਾਂ ਭੂੰਡ ਦੀ ਨਿਆਈਂ ਭੋਗੀ ਪੁਰਸ਼ ਭੋਗ = ਵਿਸ਼ੇ-ਵਿਕਾਰਾਂ ਰੂਪ ਮਲ = ਗੋਹਾ ਆਦਿ ਖਾਣ ਰੂਪ ਭੋਗਤ = ਭੋਗਦੇ ਹਨ। ਉਨ੍ਹਾਂ ਨੂੰ ਪਲ ਮਾਤਰ ਵੀ ਤਜ਼ੇ = ਤਿਆਗਦੇ ਨਹੀਂ ਹਨ।

## ਸੰਤਨ ਕੋ ਮਨ ਅਲਿ ਸੇਵੇ ਸਦਾ ਤਾਸ ਹੈਂ॥

ਸੰਤਨ = ਸੰਤ ਜਨਾਂ ਕੋ = ਦਾ ਮਨ ਅਲਿ = ਭੌਰੇ ਦੀ ਨਿਆਈਂ ਹੈ, ਜੋ ਸਦਾ = ਹਮੇਸ਼ਾਂ ਹੀ ਤਾਸ = ਉਸ ਵਾਹਿਗੁਰੂ ਨੂੰ ਸੇਵੇ = ਸਿਮਰਦਾ ਰਹਿੰਦਾ ਹੈ **ਵਾ:** ਉਨ੍ਹਾਂ ਦਾ ਮਨ ਵੈਰਾਗ ਵਾਲੇ ਸਲੋਕਾਂ ਰੂਪ ਕਮਲਾਂ ਨੂੰ ਸਦਾ ਸੇਵੇ = ਚੇਤੇ ਕਰਦਾ ਰਹਿੰਦਾ ਹੈ।

## ਐਸੋ ਨਰ ਆਖੋਂ ਸੇ ਵਿਲੋਕੋ ਨਾਹਿ ਜਾਹਿ ਆਖੋਂ;

ਐਸੋ = ਇਹੋ ਜਿਹੇ ਨਰ = ਪੁਰਸ਼ਾਂ ਨੂੰ ਮੈਂ ਆਪਣੀਆਂ ਆਂਖੋਂ = ਅੱਖਾਂ ਨਾਲ ਕਿਤੇ ਵੀ ਨਹੀਂ ਵਿਲੋਕੋ = ਦੇਖਣਾ ਕੀਤਾ ਕਿ ਜਾਹਿ = ਜਿਨ੍ਹਾਂ ਨੂੰ ਇਨ੍ਹਾਂ ਸਲੋਕਾਂ ਦੀ ਸਿੱਖਿਆ ਆਖੋਂ = ਆਖਣਾ ਕਰਾਂ।

## ਨਿਜ ਮਨ ਹੀ ਕੋ ਭਾਖੋਂ ਵਾਕ ਭਵ ਨਾਸ ਹੈਂ ॥੧੬॥

ਇਸ ਕਰਕੇ ਇਨ੍ਹਾਂ ਵੈਰਾਗਮਈ ਸਲੋਕਾਂ ਦੀ ਸਿੱਖਿਆ ਮੈਂ ਨਿਜ = ਆਪਣੇ ਮਨ ਕੋ = ਨੂੰ ਹੀ ਭਾਖੋਂ = ਆਖਣਾ ਕਰਦਾ ਹਾਂ ਤਾਂ ਜੋ ਸਿੱਖਿਆ ਰੂਪ ਵਾਕ = ਬਚਨ ਭਵ = ਜੰਮਣ ਮਰਨ ਰੂਪ ਡਰ ਦਾ ਨਾਸ਼ ਕਰਨ ਵਾਲੇ ਹੈਂ = ਹਨ ॥੧੬॥

*ਪ੍ਰਸ਼ਨ : ਹੇ ਭਰਥਰੀ ਹਰੀ ਜੀ ! ਸੰਸਾਰ ਵਿਚ ਇਤਨੇ ਵੱਡੇ-ਵੱਡੇ ਪੰਡਿਤ ਲੋਕ ਹਨ, ਅਨੇਕਾਂ ਹੀ ਰਾਜੇ ਮਹਾਰਾਜੇ ਹਨ ਅਤੇ ਹੋਰ ਵੀ ਅਨੇਕਾਂ ਲੋਗ ਹਨ, ਤੁਸੀਂ ਉਨ੍ਹਾਂ ਤਾਈਂ ਇਹ ਬਚਨ ਕਿਉਂ ਨਹੀਂ ਕਹਿਣਾ ਕਰਦੇ ?*

ਹੁਣ ਇਸ ਦਾ ਉੱਤਰ ਦੇਣਾ ਕਰਦੇ ਹਨ ਕਿ :

### ਦੋਹਰਾ ॥

## ਸ੍ਰੁਤਿ ਵਕਤਾ ਭੁਕਤਾ ਅਵਨਿ; ਬਹੁਰ ਇਤਰ ਬਹੁ ਲੋਕ ॥

ਬਹੁਤ ਹੀ ਸ੍ਰੁਤਿ = ਵੇਦਾਂ ਦੇ ਵਕਤਾ = ਬਕਤੇ ਪੰਡਿਤ ਹਨ ਅਤੇ ਅਨੇਕਾਂ ਹੀ ਅਵਨਿ = ਧਰਤੀ 'ਤੇ ਭੋਗ ਪਦਾਰਥਾਂ ਨੂੰ ਭੁਕਤਾ = ਭੋਗਣ ਵਾਲੇ ਰਾਜੇ ਮਹਾਰਾਜੇ ਹਨ ਅਤੇ ਬਹੁਰ = ਫੇਰ ਇਤਰ = ਹੋਰ ਵੀ ਬਹੁ = ਬਹੁਤ ਸਾਰੇ ਲੋਕ = ਲੋਗ ਹਨ।

## ਤਿਨਹਿ ਬਿਲੋਕ ਨ ਸਕਹਿ ਤਿਨ; ਸੁਭਗ ਸਰੋਜ ਸਲੋਕ ॥੧੭॥

ਪਰ ਤਿਨਹਿ = ਉਨ੍ਹਾਂ ਵੈਰਾਗਮਈ ਸਲੋਕਾਂ ਰੂਪ ਸੁਭਗ = ਸੁੰਦਰ ਸਰੋਜ = ਕਮਲ ਫੁੱਲਾਂ ਨੂੰ ਤਿਨ = ਉਹ ਸਾਰੇ (ਜੋ ਉਪਰੋਕਤ ਕਥਨ ਕੀਤੇ ਹਨ) ਬਿਲੋਕ = ਦੇਖ ਨ = ਨਹੀਂ ਸਕਦੇ।

*ਪ੍ਰਸ਼ਨ : ਉਹ ਦੇਖ ਕਿਉਂ ਨਹੀਂ ਸਕਦੇ ? ਇਸ ਦਾ ਕੀ ਕਾਰਣ ਹੈ, ਉਹ ਅੱਗੇ ਦੱਸਦੇ ਹਨ :*

### ਦੋਹਰਾ ॥

## ਤਿਨਕੇ ਅਨ ਅਧਿਕਾਰ ਕੋ; ਕਰਕੇ ਪ੍ਰਗਟ ਬਹੋਰ ॥

ਤਿਨਕੇ = ਉਨ੍ਹਾਂ ਸਾਰਿਆਂ ਦੇ ਅਨ ਅਧਿਕਾਰ ਕੋ = ਨੂੰ ਪ੍ਰਗਟ ਕਰ ਕੇ ਬਹੋਰ = ਫੇਰ :

## ਸ੍ਰੀ ਹਰਿ ਭਰਤ ਸੁ ਚਿਤ ਪ੍ਰਤਿ; ਭਨਤ ਸੁ ਬਚਨ ਨਿਚੋਰ ॥੧੮॥

ਸੁ = ਉਹ ਸ੍ਰੀ ਭਰਤ ਹਰਿ = ਭਰਥਰੀ ਹਰੀ ਜੀ ਆਪਣੇ ਚਿੱਤ ਪ੍ਰਤਿ = ਤਾਈਂ ਸੁ = ਸ੍ਰੇਸ਼ਟ ਨਿਚੋਰ = ਸਿਧਾਂਤ ਰੂਪ ਬਚਨ ਭਨਤ = ਉਚਾਰਨ ਕਰ ਕੇ ਕਹਿੰਦੇ ਹਨ ॥੧੮॥

### ਕਬਿੱਤ ॥

## ਗ੍ਰੰਥਨ ਕੇ ਗਯਾਤੇ ਮਾਤੇ, ਮਤਸਰ ਕੀਚ ਬੀਚ;

ਕਿ ਜੋ ਗ੍ਰੰਥਨ = ਗ੍ਰੰਥਾਂ ਕੇ = ਦੇ ਗਯਾਤੇ = ਜਾਨਣ ਵਾਲੇ ਹਨ ਭਾਵ ਗ੍ਰੰਥਾਂ ਦਾ ਗਿਆਨ ਰੱਖਣ ਵਾਲੇ ਹਨ, ਉਹ ਮਤਸਰ = ਈਰਖਾ ਦੇ ਕੀਚ = ਚਿੱਕੜ ਬੀਚ = ਵਿਚ ਮਾਤੇ = ਮਸਤ ਭਾਵ ਫਸੇ ਹੋਏ ਹਨ।

## ਧਰਾਨਾਥ ਮਦ ਸਾਥ ਭਰੇ ਦਰਸਾਤ ਹੈਂ॥

ਜੋ ਧਰਾਨਾਥ = ਪ੍ਰਿਥਵੀ ਦੇ ਮਾਲਕ ਭਾਵ ਰਾਜੇ ਲੋਕ ਹਨ, ਉਹ ਮਾਇਆ, ਬਿਭੂਤੀ ਆਦਿ ਪਦਾਰਥਾਂ ਦੇ ਮਦ = ਹੰਕਾਰ ਸਾਥ = ਨਾਲ ਭਰੇ ਹੋਏ ਦਰਸਾਤ = ਦਿੱਸਦੇ ਹਨ।

## ਦੂਖਨ ਚਮੋਰੇਂ ਮੋਰੇ ਭੂਖਨ ਸੇ ਭਾਖਨ ਕੋ;

ਪੰਡਿਤ ਲੋਕ ਈਰਖਾ ਵੱਸ ਹੋ ਕਰਕੇ ਮੋਰੇ = ਮੇਰੇ ਭੂਖਨ = ਗਹਿਣਿਆਂ ਸੇ = ਵਰਗੇ ਸ੍ਰੇਸ਼ਟ, ਸਿਧਾਂਤ ਰੂਪ ਭਾਖਨ = ਬਚਨਾਂ ਕੋ = ਨੂੰ ਦੂਸ਼ਨ ਚਮੇੜ ਦੇਂਦੇ ਹਨ ਭਾਵ ਮੇਰੇ ਕਥਨ ਕੀਤੇ ਹੋਏ ਭੂਖਣ ਰੂਪ ਬਚਨਾਂ ਵਿਚ ਦੂਖਨ = ਦੂਸ਼ਨ ਚਮੋਰੇਂ = ਚਮੇੜ ਦਿੰਦੇ ਹਨ।

## ਪੰਡਿਤ ਭੂਪਾਲ ਤੋ ਨਾਂ ਸੁਣੈਂ ਮੇਰੀ ਬਾਤ ਹੈਂ॥

ਪੰਡਿਤ ਤੇ ਭੂਪਾਲ = ਰਾਜੇ ਲੋਕ ਤੋ = ਤਾਂ ਮੇਰੀ ਗੱਲ ਸੁਣੈਂ = ਸੁਣਦੇ ਹੀ ਨਹੀਂ ਹਨ,

## ਔਰ ਜੀਵ ਜੰਤ ਜੇਤੇ, ਦੁਖੀ ਮੂਢ ਦੀਨ ਤੇਤੇ;

ਬਾਕੀ ਜੋ ਇਨ੍ਹਾਂ ਤੋਂ ਇਲਾਵਾ ਹੋਰ ਜੇਤੇ = ਜਿਤਨੇ ਵੀ ਜੀਵ = ਜੰਤੂ ਹਨ, ਤੇਤੇ = ਉਹ ਸਾਰੇ ਹੀ ਦੁਖੀ ਤੇ ਮੂਢ = ਮੂਰਖ ਤੇ ਦੀਨ = ਗ਼ਰੀਬ ਹਨ;

## ਮੋਤੇ ਸੁਕਚਾਤ ਹਮ ਓਤੇ ਸੁਕਚਾਤ ਹੈਂ॥

ਇਸ ਕਰਕੇ ਉਹ ਮੋਤੇ = ਮੇਰੇ ਕੋਲੋਂ ਸੁਕਚਾਤ = ਸੰਕੋਚ ਕਰਦੇ ਹਨ ਅਤੇ ਹਮ = ਮੈਂ ਓਤੇ = ਉਨ੍ਹਾਂ ਪਾਸੋਂ ਸੁਕਚਾਤ = ਸੰਕੋਚ ਕਰਦਾ ਹਾਂ ਜੋ ਮੇਰੇ ਬਚਨਾਂ ਵਿਚ ਦੂਸ਼ਣ ਚਮੇੜਦੇ ਹਨ।

## ਪਾਤ੍ਰ ਬਿਨਾ ਭਾਖੇ, ਰਾਖੇ ਹੱਵਿਨ ਕੋ ਰਾਖੇ;

ਇਸ ਕਰਕੇ ਪਾਤ੍ਰ = ਅਧਿਕਾਰੀ ਤੋਂ ਬਿਨਾਂ = ਬਗ਼ੈਰ ਜੋ ਬਚਨ ਭਾਖੇ = ਉਚਾਰਨ, ਕਥਨ ਕਰਨਾ ਹੈ, ਉਹ ਤਾਂ ਇਉਂ ਹੈ ਜਿਵੇਂ ਹੱਵਿਨ = ਹਵਨ ਕੋ = ਦੀ ਸਮੱਗਰੀ ਘਿਉ ਆਦਿਕ ਨੂੰ ਰਾਖੇ = ਰਾਖ, ਸੁਆਹ ਵਿਚ ਰਾਖੇ = ਰੱਖ, ਪਾ ਦੇਣਾ ਹੈ ਭਾਵ ਅੱਗ ਵਿਚ ਪਾਈ ਹੋਈ ਸਮੱਗਰੀ ਦਾ ਤਾਂ ਹੋਮ ਹੋ ਜਾਵੇਗਾ, ਪਰ ਸੁਆਹ ਵਿਚ ਪਾਈ ਹੋਈ ਸਮੱਗਰੀ ਵਿਅਰਥ ਹੀ ਜਾਂਦੀ ਹੈ, ਸਗੋਂ ਘਿਉ ਦੇ ਸਾਥ ਮਿਲਣ ਕਰਕੇ ਉਹ ਸੁਆਹ ਭਾਂਡੇ ਮਾਂਜਣ ਦੇ ਕੰਮ ਵੀ ਨਹੀਂ ਆਉਂਦੀ।

## ਜੈਸੇ ਜੀਰਨ ਮੋ ਗਾਤ ਮੈ ਸੁ ਬਾਤ ਹੋਤ ਜਾਤ ਹੈਂ॥੧੯॥

ਜੈਸੇ = ਜਿਸ ਤਰ੍ਹਾਂ ਇਹ ਉਪਰ ਦ੍ਰਿਸ਼ਟਾਂਤ ਦਿੱਤਾ ਹੈ, ਭਰਥਰੀ ਹਰੀ ਜੀ ਕਥਨ ਕਰਦੇ ਹਨ ਕਿ ਮੋ = ਮੇਰੇ ਜੀਰਨ = ਪੁਰਾਣੇ ਗਾਤ = ਸਰੀਰ ਦੇ ਨਾਲ-ਨਾਲ ਸੁ = ਸ੍ਰੇਸ਼ਟ, ਉੱਤਮ ਬਾਤ = ਬਚਨ ਵੀ ਪੁਰਾਣੇ ਹੋਤ = ਹੁੰਦੇ ਜਾਤ = ਜਾਂਦੇ ਹਨ **ਵਾ:** ਮੋ = ਮੇਰੇ ਗਾਤ = ਸਰੀਰ ਦੇ ਮੈ = ਵਿਚ ਹੀ ਬਾਤ = ਬਚਨ ਪੁਰਾਣੇ ਹੁੰਦੇ ਜਾਂਦੇ ਹਨ॥੧੯॥

## ਸੋਰਠਾ॥ ਵਕਤਾ ਹੋਇ ਨ੍ਰਿਪ ਆਪ; ਸ੍ਰੋਤਾ ਨਿਜ ਮਨ ਕੋ ਕੀਯੋ॥

ਨ੍ਰਿਪ = ਰਾਜਾ ਭਰਥਰੀ ਹਰੀ ਜੀ ਆਪ ਹੀ ਵਕਤਾ = ਕਥਨ ਕਰਨ ਵਾਲਾ ਹੋਇ = ਹੋ ਕੇ ਭਾਵ ਉਪਦੇਸ਼

ਦੇਣ ਵਾਲਾ ਹੋ ਕੇ ਫਿਰ ਆਪ ਹੀ ਨਿਜ = ਆਪਣੇ ਮਨ ਕੋ = ਨੂੰ ਸ੍ਰੋਤਾ = ਸੁਣਨ ਵਾਲਾ ਬਣਾਉਣਾ ਕੀਯੋ = ਕੀਤਾ ਹੈ, ਭਾਵ ਉਪਦੇਸ਼ ਸੁਣਨ ਵਾਲਾ ਕੀਤਾ ਹੈ, ਭਾਵ ਪਹਿਲਾਂ ਆਪਣੇ ਮਨ ਨੂੰ ਸਮਝਾਣਾ ਕੀਤਾ ਹੈ। ਜੈਸਾ ਕਿ :

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥** *(ਆਸਾ ਮ: ੫, ਅੰਗ ੩੮੧)*

## ਰੁਦ੍ਰ ਸ਼ਲੋਕ ਅਲਾਪ; ਕਰਯੋ ਅਚਲ ਨਿਹਤਾਪ ਚਿੱਤ ॥੨੦॥

ਇਉਂ ਇਹ ਰੁਦ੍ਰ = ਗਿਆਰਾਂ ਸਲੋਕ ਅਲਾਪ = ਕਥਨ ਕਰ ਕੇ ਚਿੱਤ ਨੂੰ ਅਚਲ = ਚੰਚਲਤਾ ਰਹਿਤ ਅਤੇ ਨਿਹਤਾਪ = ਤਿੰਨਾਂ ਤਾਪਾਂ (ਆਧ, ਬਿਆਧ, ਉਪਾਧ) ਤੋਂ ਰਹਿਤ ਕਰਯੋ = ਕੀਤਾ ਹੈ ॥੨੦॥

***ਨੋਟ :*** ਇਥੋਂ ਤਕ ਜੋ ਭਰਥਰੀ ਹਰੀ ਜੀ ਦੇ ਗਿਆਰਾਂ ਸਲੋਕ ਸੰਸਕ੍ਰਿਤ ਵਿਚ ਸੀ, ਉਨ੍ਹਾਂ ਨੂੰ ਬ੍ਰਜ ਭਾਸ਼ਾ ਵਿਚ ਕਰਕੇ ਭਾਸ਼ਕਰ (ਪੰਡਿਤ ਹਰਿਦਯਾਲ ਜੀ) ਨੇ ਗ੍ਰੰਥ ਦੀ ਭੂਮਿਕਾ ਅਤੇ ਮੰਗਲਾਂ ਦਾ ਵਰਣਨ ਕੀਤਾ ਹੈ।

ਹੁਣ ਆਪਣੇ ਮਨ ਨੂੰ ਟਿਕਾਅ ਵਿਚ ਲਿਆਉਣ ਵਾਸਤੇ, ਜੋ ਚੰਚਲਤਾ ਦਾ ਕਾਰਨ ਤ੍ਰਿਸ਼ਨਾ ਹੈ, ਪਹਿਲਾਂ ਭਰਥਰੀ ਜੀ ਉਸ ਦਾ ਕਥਨ ਕਰਦੇ ਹਨ।

## ਕਬਿੱਤ ॥

## ਦੁਰਗਮ ਵਿਖਮ ਅਸੇਸ ਦੇਸ ਭ੍ਰਮ ਕਰ;

ਹੇ ਤ੍ਰਿਸ਼ਨਾ! ਦੁਰਗਮ = ਜਿਥੇ ਜਾਣਾ ਔਖਾ ਹੈ ਭਾਵ ਮੈਂ ਤੇਰੇ ਪਿੱਛੇ ਲੱਗ ਕੇ ਇਸ ਤਰ੍ਹਾਂ ਦੇ ਅਸੇਸ = ਅਣਗਿਣਤ ਹੀ ਵਿਖਮ = ਕਠਿਨ ਦੇਸ਼ਾਂ ਵਿਚ ਭ੍ਰਮ = ਭਰਮਣ ਕਰ ਕੇ ਭਾਵ ਫਿਰ ਕੇ ਮੁੜ ਆਇਆ ਹਾਂ।

## ਲਹਯੋ ਮੈ ਕਲੇਸ਼, ਗਹਯੋ ਲੇਸ ਨਾਹਿੰ ਧਨ ਕੋ ॥

ਪਰ ਮੈ ਕਲੇਸ਼ = ਦੁੱਖ ਹੀ ਲਹਯੋ = ਪ੍ਰਾਪਤ ਕੀਤੇ ਹਨ, ਲੇਸ ਭਾਵ ਥੋੜੇ ਮਾਤਰ ਵੀ ਮੈਂ ਧਨ ਕੋ = ਨੂੰ ਨਹੀਂ ਗਹਯੋ = ਪਕੜਨਾ ਕੀਤਾ ਭਾਵ ਨਹੀਂ ਪ੍ਰਾਪਤ ਕੀਤਾ।

## ਜਾਤਿ ਕੁਲ ਕਾ ਅਭਿਮਾਨ ਉੱਚਿਤ ਵਿਹਾਇ ਤਾਇ;

ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਉੱਚਿਤ = ਉੱਤਮ ਜਾਤੀ ਦਾ ਅਤੇ ਚੰਗੀ ਕੁਲ ਕਾ = ਦਾ ਅਭਿਮਾਨ = ਹੰਕਾਰ ਵਿਹਾਇ = ਤਿਆਗ ਕਰਕੇ ਅਤੇ ਸਰੀਰ ਨੂੰ ਤਾਇ = ਕਸ਼ਟ ਦੇ ਕੇ;

## ਸੇਵ ਕੀਨੀ ਫਲ ਹੀਨੀ ਸੋਚ ਭਯੋ ਮਨ ਕੋ ॥

ਨੀਚ ਪੁਰਸ਼ਾਂ ਦੀ ਸੇਵ = ਟਹਿਲ ਕੀਨੀ = ਕਰਨਾ ਕੀਤੀ, ਪਰ ਉਹ ਸੇਵਾ ਵੀ ਫਲ ਤੋਂ ਹੀਨੀ = ਰਹਿਤ ਹੀ ਰਹੀ ਹੈ ਕਿਉਂਕਿ ਕੁਝ ਵੀ ਧਨ ਆਦਿ ਮਿਲਿਆ ਨਹੀਂ ਹੈ ਅਤੇ ਮਨ ਕੋ = ਨੂੰ ਸੋਚ = ਚਿੰਤਾ ਭਯੋ = ਹੋ ਗਈ ਕਿ ਕੁਝ ਵੀ ਪ੍ਰਾਪਤ ਨਹੀਂ ਹੋਇਆ।

## ਕਾਕ ਯੌ ਸ-ਸੰਕ ਮਾਨ ਬਿਨੁ, ਪਰ ਧਾਮ ਖਾਯੋ;

ਤੇ ਫਿਰ ਕਾਕ = ਕਾਂ ਯੌ = ਵਾਂਗ ਸ-ਸੰਕ = ਸ਼ੰਕਾ ਸਹਿਤ ਹੋ ਕਰਕੇ ਮਾਨ ਸਤਿਕਾਰ ਤੋਂ ਬਿਨੁ = ਬਗ਼ੈਰ ਪਰ = ਪਰਾਏ ਧਾਮ = ਘਰਾਂ ਵਿਚ ਜਾ ਕੇ ਅੰਨ ਪਦਾਰਥ ਖਾਯੋ = ਖਾਂਦਾ ਰਿਹਾ ਹਾਂ।

## ਅਜੇ ਰਜੇ ਨ ਸੁਪ੍ਰੀਤ ਭਜੇ, ਦੁਰਤ ਨ ਕੋ ॥

ਪਰ ਹੇ ਤ੍ਰਿਸ਼ਨਾ ! ਤੇਰੇ ਮਗਰ ਲੱਗਣ ਕਰਕੇ ਅਜੇ = ਹੁਣ ਤਕ ਵੀ ਮੈਂ ਰਜੇ = ਤ੍ਰਿਪਤ ਨਹੀਂ ਹੋਇਆ ਹਾਂ, ਬਲਕਿ ਸੁਪ੍ਰੀਤ = ਸਹਿਤ ਪ੍ਰੀਤੀ ਦੇ ਦੁਰਤ = ਪਾਪੀ, ਭੈੜੇ ਪੁਰਸ਼ਾਂ ਦੀ ਭਜੇ = ਭਜਨਾ ਭਾਵ ਸੇਵਾ ਕਰਦਾ ਰਿਹਾ ਹਾਂ ਕਿ ਇਨ੍ਹਾਂ ਪਾਸੋਂ ਕੁਝ ਨਾ ਕੁਝ ਜ਼ਰੂਰ ਪ੍ਰਾਪਤ ਹੋਵੇਗਾ, ਭਾਵ ਉਨ੍ਹਾਂ ਪਾਸੋਂ ਕੁਝ ਵੀ ਪ੍ਰਾਪਤ ਨਹੀਂ ਹੋਇਆ।

## ਬ੍ਰਹਮ ਤੇ ਵਿਛੋਰ ਨੀਚ ਤ੍ਰਿਸ਼ਨੇ ਕੀਨੋ ਢੋਰ;

ਪਰ ਹੇ ਨੀਚ = ਭੈੜੀ ਤ੍ਰਿਸ਼ਨੇ ! ਤੂੰ ਮੈਨੂੰ ਬ੍ਰਹਮ = ਪਰਮਾਤਮਾ ਤੇ = ਨਾਲੋਂ ਵਿਛੋਰ = ਵਿਛੋੜ ਕਰਕੇ ਢੋਰ = ਪਸ਼ੂ ਦੀ ਨਿਆਈਂ ਬਣਾਉਣਾ ਕੀਨੋ = ਕੀਤਾ ਹੈ ਭਾਵ ਮੇਰੀ ਜਾਤੀ ਮਨੁੱਖਾਂ ਵਾਲੀ ਹੈ, ਪਰ ਤੇਰੇ ਮਗਰ ਲੱਗਣ ਕਰਕੇ ਕਰਨੀ ਮੇਰੀ ਪਸ਼ੂਆਂ ਵਾਲੀ ਹੀ ਹੈ। ਜੈਸਾ ਕਿ :

**ਕਰਤੂਤਿ ਪਸੂ ਕੀ ਮਾਨਸ ਜਾਤਿ ॥** *(ਗਉੜੀ ਸੁਖਮਨੀ ਮ: ੫, ਅੰਗ ੨੬੭)*

## ਅਬ ਹੋਰ ਜੋ ਨਚਾਤ ਕਾਹੇ, ਹੋਰ ਕਰੇ ਜਨ ਕੋ ॥੨੧॥

ਹੇ ਤ੍ਰਿਸ਼ਨੇ ! ਅਬ = ਹੁਣ ਤੂੰ ਮੈਨੂੰ ਹੋਰ ਜੋ ਨਚਾਤ = ਨਚਾਉਂਦੀ ਫਿਰਦੀ ਹੈਂ, ਕਾਹੇ = ਕਿਸ ਵਾਸਤੇ ਨਚਾਉਂਦੀ ਹੈਂ, ਹੁਣ ਮੈਨੂੰ ਜਨ = ਦਾਸ ਕੋ = ਨੂੰ ਭਾਵ ਮੇਰੇ ਤੋਂ ਹੋਰ ਕੀ ਕਰਾਉਣਾ ਚਾਹੁੰਦੀ ਹੈਂ ? **ਵਾ:** ਹੇ ਤ੍ਰਿਸ਼ਨਾ ! ਮੈਂ ਤੇਰੇ ਕੋਲੋਂ ਪੁੱਛਦਾ ਹਾਂ, ਤੂੰ ਮੇਰੇ ਪਾਸੋਂ ਇਤਨੇ ਨੀਚ ਕਰਮ ਕਰਾ ਕੇ ਹੋਰ ਕੀ ਕਰਾਉਣਾ ਚਾਹੁੰਦੀ ਹੈਂ ਇਸ ਕਰਕੇ ਤੂੰ ਹੁਣ ਮੇਰਾ ਪਿੱਛਾ ਛੱਡ ਕਰਕੇ ਕਿਸੇ ਹੋਰ ਜਨ = ਪੁਰਸ਼ ਕੋ = ਨੂੰ ਕਰਨਾ ਕਰ ਭਾਵ ਮੇਰਾ ਪਿੱਛਾ ਛੱਡ ਕੇ ਕਿਸੇ ਹੋਰ ਕੋਲ ਜਾਣਾ ਕਰ ॥੨੧॥

## ਕਬਿੱਤ ॥

## ਆਸੇ ਫਲ ਹੀਨੀ ਕੀਨੀ ਤੇਰੇ ਬਲ ਸੋ ਸੇਵਾਦਿ;

ਆਸੇ = ਹੇ ਤ੍ਰਿਸ਼ਨੇ ! ਤੇਰੇ ਮਗਰ ਲੱਗ ਕੇ, ਬਲ ਦੇ ਨਾਲ ਮੇਰੀ ਕੀਤੀ ਹੋਈ ਸੋ = ਉਹ ਸਾਰੀ ਸੇਵਾਦਿ = ਸੇਵਾ ਆਦਿ (ਨੌਕਰੀ) ਫਲ ਤੋਂ ਹੀਨੀ = ਰਹਿਤ ਹੋ ਗਈ ਹੈ।

## ਮੂਢੋਂ ਕੇ ਕੁਬੈਨ ਸੋਢੇ ਨੈਨ ਛੋਡੇ ਬਨ ਕੋ ॥

ਤੇ ਮੂਢੋਂ = ਮੂਰਖਾਂ ਦੇ ਕੁਬੈਨ = ਖੋਟੇ ਬਚਨ ਸੋਢੇ = ਸਹਾਰਨੇ ਪਏ ਹਨ, ਜਿਨ੍ਹਾਂ ਨੂੰ ਸੁਣ ਕਰਕੇ ਨੈਨ = ਨੇਤਰ ਬਨ = ਪਾਣੀ ਕੋ = ਨੂੰ ਛੋਡੇ = ਛੱਡ ਗਏ ਭਾਵ ਐਸੇ ਭੈੜੇ ਬਚਨਾਂ ਨੂੰ ਸੁਣ ਕੇ ਅੱਖਾਂ ਵਿੱਚੋਂ ਹੰਝੂਆਂ ਰੂਪ ਪਾਣੀ ਵਗਣ ਲੱਗ ਪੈਂਦਾ ਹੈ।

## ਚਿੱਤ ਕੋ ਸੰਕੋਚ ਕੀਨੋ, ਕੰ ਦ੍ਰਿਗ ਸੋ ਰੋਕ ਲੀਨੋ;

ਮਾਲਕ ਦੇ ਸਾਹਮਣੇ ਚਿੱਤ ਕੋ = ਨੂੰ ਸੰਕੋਚ = ਸੰਕੋਚਣਾ ਕੀਤਾ, ਭਾਵ ਮਨ ਦੀ ਗੱਲ ਕਹਿਣ ਤੋਂ ਸੰਕੋਚ ਕਰ ਲਿਆ ਕਿ ਮਾਲਕ ਕਿਤੇ ਗ਼ੁੱਸੇ ਨਾ ਹੋ ਜਾਵੇ ਅਤੇ ਜੋ ਦ੍ਰਿਗ = ਨੇਤਰਾਂ ਵਿਚ ਆਇਆ ਹੋਇਆ ਕੰ = ਜਲ ਸੀ, ਸੋ = ਉਹ ਮੈਂ ਰੋਕ ਲੀਨੋ = ਲਿਆ ਹੈ ਭਾਵ ਨੇਤਰਾਂ 'ਚੋਂ ਪਾਣੀ ਨਹੀਂ ਕੱਢਿਆ ਕਿ ਕਿਤੇ ਅੱਖਾਂ ਵਿਚ ਹੰਝੂ ਦੇਖ ਕੇ ਮਾਲਕ ਗ਼ੁੱਸੇ ਹੋ ਕੇ ਨੌਕਰੀ ਤੋਂ ਕੱਢ ਨਾ ਦੇਵੇ।

## ਭਾਵੀ ਸੋਕ ਚੀਨੋ ਪੀਨੋ ਕੀਨੋ ਨ ਬਚਨ ਕੋ ॥

ਹੇ ਤ੍ਰਿਸ਼ਨਾ! ਮੈਂ ਭਾਵੀ = ਹੋਣਹਾਰ ਨੂੰ ਚੀਨੋ = ਜਾਣਦਾ ਹੋਇਆ ਵੀ ਸੋਕ = ਗ਼ਮ ਦੂਰ ਕਰ ਦਿੱਤਾ ਅਤੇ ਫਿਰ ਮਾਲਕ ਅੱਗੇ ਕੋਈ ਪੀਨੋ = ਕਰੜਾ ਬਚਨ ਨਹੀਂ ਕੀਨੋ = ਕੀਤਾ।

## ਹਸਯੋ ਭੀ ਨਿਕਾਰ ਦੰਤ ਜੈਸੇ ਚਿੰਤਾ ਮਾਨ ਜੰਤ;

ਜੈਸੇ = ਜਿਸ ਪ੍ਰਕਾਰ ਚਿੰਤਾ ਮਾਨ = ਚਿੰਤਾ ਵਿਚ ਗ੍ਰਸਿਆ ਹੋਇਆ ਜੰਤ = ਪੁਰਸ਼ ਆਪਣੀ ਚਿੰਤਾ ਨੂੰ ਛੁਪਾਉਣ ਵਾਸਤੇ ਖਿੜ-ਖਿੜ ਕਰਕੇ ਹੱਸ ਪੈਂਦਾ ਹੈ, ਇਸੇ ਤਰ੍ਹਾਂ ਮੈਂ ਵੀ ਆਪਣੇ ਮਾਲਕਾਂ ਨੂੰ ਖ਼ੁਸ਼ ਕਰਨ ਵਾਸਤੇ ਦੰਤ = ਦੰਦ ਨਿਕਾਰ = ਕੱਢ ਕੇ ਹਸਯੋ = ਹੱਸਦਾ ਰਿਹਾ ਹਾਂ।

## ਜੋਰ ਕਰ ਕਰ ਕਰੀ ਬੰਦਨਾ ਨੀਚਨ ਕੋ ॥

ਤੇ ਹੇ ਤ੍ਰਿਸ਼ਨਾ! ਤੇਰੇ ਵੱਸ ਪਿਆ ਹੋਇਆ ਮੈਂ ਨੀਚਨ = ਨੀਚ ਪੁਰਸ਼ਾਂ ਕੋ = ਨੂੰ ਕਰ ਕਰ = ਦੋਵੇਂ ਹੱਥ ਜੋਰ = ਜੋੜ-ਜੋੜ ਕੇ ਬੰਦਨਾ = ਨਮਸਕਾਰਾਂ ਵੀ ਕਰੀ = ਕਰਦਾ ਰਿਹਾ ਹਾਂ, ਭਾਵ ਤੇਰੇ ਪਿੱਛੇ ਲੱਗ ਕੇ ਖੋਟੇ ਪੁਰਖਾਂ ਦੀ ਖ਼ੁਸ਼ਾਮਦ ਕਰਦਾ ਰਿਹਾ ਪਰ ਕੁਝ ਵੀ ਨਾ ਮਿਲਿਆ।

## ਤੈਸੇ ਨਮੋ ਕਰੋਂ ਤੁਮੇ ਤੇਰੇ ਸੰਗ ਚਿਰ ਭ੍ਰਮੇ;

ਹੇ ਤ੍ਰਿਸ਼ਨਾ! ਤੈਸੇ = ਉਸੇ ਤਰ੍ਹਾਂ ਹੁਣ ਮੈਂ ਤੁਮੇ = ਤੈਨੂੰ ਨਮੋ = ਨਮਸਕਾਰ ਕਰੋਂ = ਕਰਦਾ ਹਾਂ। ਤੇਰੇ ਸੰਗ = ਸਾਥ ਬਹੁਤ ਚਿਰ ਭ੍ਰਮੇ = ਭ੍ਰਮਣ ਕਰਦਾ ਰਿਹਾ ਹਾਂ।

## ਅਬ ਚਾਹੇ ਛੋਰ ਹਮੈ ਕਾਹੇ ਦਹੇ ਜਨ ਕੋ ॥੨੨॥

ਹੇ ਚਾਹੇ = ਤ੍ਰਿਸ਼ਨਾ! ਅਬ = ਹੁਣ ਤੂੰ ਹਮੈ = ਮੈਨੂੰ ਛੋਰ = ਛੱਡ ਦੇਣਾ ਕਰ, ਤੂੰ ਕਾਹੇ = ਕਿਸ ਵਾਸਤੇ ਮੈਨੂੰ ਗ਼ਰੀਬ ਜਨ = ਦਾਸ ਕੋ = ਨੂੰ ਦਹੇ = ਸਾੜਦੀ ਹੈਂ॥੨੨॥

## ਤੋਟਕ ਛੰਦ॥ ਅਬ ਤੋ ਤਜ ਤੂੰ; ਹਮ ਕੋ ਤ੍ਰਿਸ਼ਨੇ ॥

ਹੇ ਤ੍ਰਿਸ਼ਨੇ! ਅਬ = ਹੁਣ ਤੋ = ਤਾਂ ਤੂੰ ਹਮ ਕੋ = ਮੈਨੂੰ ਤਜ = ਛੱਡ ਦੇਣਾ ਕਰ।

## ਤਵ ਲਾਭ ਬਿਖੇ; ਮਮ ਖੇਦ ਘਨੇ ॥

ਤਵ = ਤੇਰੀ ਲਾਭ = ਪ੍ਰਾਪਤੀ ਬਿਖੇ = ਵਿਚ ਮਮ = ਮੈਨੂੰ ਘਨੇ = ਬਹੁਤ ਹੀ ਖੇਦ = ਦੁੱਖ ਮਿਲੇ ਹਨ **ਵਾ:** ਮਮ = ਮੇਰਾ ਮਨ ਖੇਦ ਘਨੇ = ਬਹੁਤੇ ਦੁੱਖ ਸਹਾਰ ਕੇ ਵੀ ਤਵ = ਤੇਰੀ ਪ੍ਰਾਪਤੀ ਵਿਚ ਹੀ ਲੱਗਾ ਰਹਿੰਦਾ ਹੈ ਭਾਵ ਮੈਂ ਭਾਵੇਂ ਲੱਖਾਂ ਕਰੋੜਾਂ ਧਨ ਪਦਾਰਥ ਜੋੜ ਲਵਾਂ ਤਾਂ ਵੀ ਮੇਰਾ ਮਨ ਤ੍ਰਿਪਤ ਨਹੀਂ ਹੁੰਦਾ, ਤ੍ਰਿਸ਼ਨਾ[1] ਵਿਚ ਲੱਗ ਕੇ ਪਦਾਰਥਾਂ ਦੀ ਪ੍ਰਾਪਤੀ ਲਈ ਝਗੜਦਾ ਹੀ ਰਹਿੰਦਾ ਹੈ। ਜੈਸਾ ਕਿ:

**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥੧॥**

*(ਗਉੜੀ ਮ: ੫, ਅੰਗ ੨੧੩)*

---

੧. ਜੇਕਰ ਲੋੜ ਜਿਤਨਾ ਪਦਾਰਥ ਪਹਿਲਾਂ ਹੀ ਪ੍ਰਾਪਤ ਹੋ ਜਾਵੇ, ਫੇਰ ਵੀ ਹੋਰ ਪਦਾਰਥਾਂ ਦੀ ਇੱਛਾ ਬਣੀ ਰਹਿਣੀ ਤੇ ਇੱਛਾ ਹੋਰ ਵੱਧਦੀ ਜਾਣੀ, ਭਾਵ ਅਤ੍ਰਿਪਤੀ, ਉਸ ਦਾ ਨਾਮ ਤ੍ਰਿਸ਼ਨਾ ਹੈ।

## ਤੁਮ ਕੀਨ ਮੁਝੇ; ਮਨ ਬਾਸ ਜਬੇ ॥

ਜਬ = ਜਦੋਂ ਦਾ ਤੁਮ = ਤੂੰ ਮੁਝੇ = ਮੇਰੇ ਮਨ ਵਿਚ ਬਾਸ = ਨਿਵਾਸ ਕੀਤਾ ਹੋਇਆ ਹੈ;

## ਧਨ ਸ਼ੰਕ ਉਠੀ; ਉਰ ਮੋਰ ਤਬੇ ॥੨੩॥

ਤਬੇ = ਤਦੋਂ ਤੋਂ ਮੋਰ = ਮੇਰੇ ਉਰ = ਹਿਰਦੇ ਵਿਚ ਧਨ ਪਦਾਰਥ ਪ੍ਰਾਪਤ ਕਰਨ ਦਾ ਸ਼ੰਕ = ਸੰਸਾ ਉਠੀ = ਉੱਠਿਆ ਹੋਇਆ ਹੈ ਭਾਵ ਧਨ ਪ੍ਰਾਪਤ ਕਰਨ ਦੀ ਇੱਛਾ ਬਣੀ ਰਹਿੰਦੀ ਹੈ॥੨੩॥

ਭਾਵ ਹੇ ਤ੍ਰਿਸ਼ਨਾ! ਹੁਣ ਤੂੰ ਮੈਨੂੰ ਛੱਡ ਦੇਣਾ ਕਰ, ਤੇਰੇ ਕਰਕੇ ਮੈਨੂੰ ਬਹੁਤ ਦੁੱਖ ਭੋਗਣੇ ਪਏ ਹਨ, ਪਰ ਤੂੰ ਮੇਰਾ ਸਾਥ ਨਹੀਂ ਛੱਡਣਾ ਕਰਦੀ। ਜਿਵੇਂ ਪੰਡਿਤ ਗੁਲਾਬ ਸਿੰਘ ਜੀ ਨੇ ਇਸ ਪ੍ਰਕਾਰ ਕਿਹਾ ਹੈ। ਜੈਸਾ ਕਿ :

**ਤਨ ਕੇ ਬਲ ਨੇ ਅਬ ਪੀਠ ਦਈ ਆਰ ਹਾਰ ਪਰੇ ਦ੍ਰਿਗ ਬਾਲ ਸੰਗਾਤੀ।**
**ਤਜ ਕੇ ਇਹ ਲੋਕ ਬਿਖੇ ਹਮ ਕੋ ਚਲਿ ਆਪ ਗਏ ਸੁਰ ਲੋਕ ਸਜਾਤੀ।**
**ਜਗ ਮੀਤ ਸਖਾ ਮੁਖ ਫੇਰ ਗਏ ਅਬ ਸੇਵਕ ਹਾ ਨ ਪੁਛੇ ਮਮ ਬਾਤੀ।**
**ਮਮ ਆਹਿ ਪਲਾਂਗਮ ਹੇ ਤ੍ਰਿਸਨੇ ਇਕ ਤੂੰ ਮਮ ਸੰਗ ਰਹੀ ਦਿਨ ਰਾਤੀ॥੫੧॥** *(ਭਾਵਰਸਾਂਮ੍ਰਿਤ)*

ਇਸ ਕਰਕੇ ਹੇ ਤ੍ਰਿਸ਼ਨੇ! ਤੂੰ ਮੇਰੇ ਸੰਗ ਦਿਨ ਰਾਤ ਰਹਿ ਰਹੀ ਹੈਂ, ਹੁਣ ਤੂੰ ਮੈਨੂੰ ਛੱਡ ਦੇਣਾ ਕਰ। ਹੁਣ ਹੋਰ ਅੱਗੇ ਦੱਸਦੇ ਹਨ ਕਿ ਤ੍ਰਿਸ਼ਨਾ ਵੱਸ ਕੀ-ਕੀ ਕੀਤਾ।

## ਸਭ ਕੋ ਵਿਤ ਹੈ; ਸਭ ਭੂਮਿ ਤਲੇ ॥
## ਹਮ ਖੋਦ ਥਕੇ; ਪਰਜੰਤ ਜਲੇ ॥

ਫਿਰ ਮੈਨੂੰ ਖ਼ਬਰ ਪਈ ਕਿ ਸਭ = ਸਾਰੇ ਤਰ੍ਹਾਂ ਕੋ = ਦਾ ਜੋ ਵਿਤ = ਧਨ ਹੈ, ਉਹ ਸਭ = ਸਾਰੀ ਭੂਮਿ = ਧਰਤੀ ਦੇ ਤਲੇ = ਹੇਠਾਂ ਹੈ। ਉਸ ਨੂੰ ਢੂੰਡਣ ਵਾਸਤੇ ਹਮ = ਮੈਂ ਧਰਤੀ ਨੂੰ ਜਲੇ = ਪਾਣੀ ਪਰਜੰਤ = ਤਕ ਖੋਦ-ਖੋਦ ਭਾਵ ਪੁੱਟ-ਪੁੱਟ ਕੇ ਥਕੇ = ਥੱਕ ਗਿਆ, ਪਰੰਤੂ ਉਥੋਂ ਵੀ ਕੁਝ ਨਹੀਂ ਪ੍ਰਾਪਤ ਹੋਇਆ।

## ਗਿਰ ਧਾਤੁ ਕ੍ਰਿਸਾਨੁ; ਪ੍ਰਤਾਪ ਦਹੀ ॥
## ਅਬ ਲਾਭ ਰਸਾਇਣ; ਹੋਇ ਸਹੀ ॥੨੪॥

ਫਿਰ ਮੈਂ ਗਿਰ = ਪਹਾੜ ਦੀਆਂ ਧਾਤੁ = ਧਾਤਾਂ ਨੂੰ ਪ੍ਰਤਾਪ = ਤੇਜ਼ ਕ੍ਰਿਸਾਨੁ = ਅਗਨੀ ਦੇ ਨਾਲ ਦਹੀ = ਸਾੜਨਾ ਕੀਤਾ ਤੇ ਮੈਨੂੰ ਫੇਰ ਸਹੀ = ਨਿਸਚਾ ਹੋਇ = ਹੋ ਗਿਆ ਕਿ ਹੁਣ ਤਾਂ ਰਸਾਇਣ ਜ਼ਰੂਰ ਹੀ ਮਿਲ ਜਾਏਗੀ। ਫਿਰ ਧਨ ਦਾ ਘਾਟਾ ਬਿਲਕੁਲ ਨਹੀਂ ਰਹੇਗਾ, ਲਾਭ ਹੀ ਲਾਭ ਹੋਏਗਾ, ਪਰ ਉਥੋਂ ਵੀ ਕੁਝ ਨਾ ਮਿਲਿਆ॥੨੪॥

## ਹਮ ਸਿੰਧ ਤਰੇ; ਮੁਕਤਾਦਿ ਸੁਨੇ ॥
## ਮੁਕਤਾਦਿ ਕਹਾਂ; ਮੁਕਤਾਦਿ ਲੁਨੇ ॥

ਹੇ ਤ੍ਰਿਸ਼ਨਾ! ਫਿਰ ਹਮ = ਮੈਨੂੰ ਸੁਣਨ ਵਿਚ ਆਇਆ ਕਿ ਸਮੁੰਦਰ ਦੇ ਤਰੇ = ਥੱਲੇ ਬਹੁਤ

ਮੁਕਤਾਦਿ = ਮੋਤੀ, ਹੀਰੇ, ਲਾਲ, ਜਵਾਹਰਾਤ ਆਦਿ ਹਨ, ਜਿਹੜਾ ਵੀ ਕੋਈ ਗੋਤਾਖ਼ੋਰ ਟੁੱਭੀ ਮਾਰਦਾ ਹੈ, ਉਹ ਮੋਤੀ, ਹੀਰੇ, ਆਦਿ ਕੱਢ ਲਿਆਉਂਦਾ ਹੈ, ਪਰ ਜਦੋਂ ਮੈਂ ਟੁੱਭੀ ਮਾਰੀ ਤਾਂ ਮੁਕਤਾਦਿ = ਮੋਤੀ, ਹੀਰੇ ਆਦਿ ਕਹਾਂ = ਕਿਥੋਂ ਮਿਲਣੇ ਸੀ, ਮੈਨੂੰ ਤਾਂ ਮੁਕਤਾਦਿ = ਸਿੱਪੀਆਂ, ਘੋਗੇ ਹੀ ਲੁਨੇ = ਮਿਲੇ ਹਨ।

## ਬਹੁ ਭੂਪਨ ਕੋ; ਯਤਨੋ ਕਰਕੇ ॥
## ਅਤਿ ਕੀਨ ਪ੍ਰਸੰਨ; ਲਜਾ ਹਰ ਕੇ ॥੨੫॥

ਫਿਰ ਮੈਨੂੰ ਪਤਾ ਲੱਗਿਆ ਕਿ ਰਾਜੇ ਲੋਕਾਂ ਦੀ ਸੇਵਾ ਕਰ ਕੇ ਬਹੁਤ ਧਨ ਪਦਾਰਥ ਮਿਲ ਜਾਂਦਾ ਹੈ। ਮੈਂ ਵੀ ਧਨ ਦੀ ਪ੍ਰਾਪਤੀ ਲਈ ਬਹੁ = ਬਹੁਤ ਤਰ੍ਹਾਂ ਦੇ ਯਤਨੋ = ਯਤਨ ਕਰ ਕੇ, ਲੱਜਾ = ਸ਼ਰਮ ਭਾਵ ਲੋਕ-ਲਾਜ ਹਰ = ਦੂਰ ਕਰ ਕੇ ਭੂਪਨ = ਰਾਜੇ ਲੋਕਾਂ ਦੀ ਸੇਵਾ ਕਰਨੀ ਕੀਤੀ ਤੇ ਉਨ੍ਹਾਂ ਨੂੰ ਅਤਿ = ਬਹੁਤ ਪ੍ਰਸੰਨ ਕਰ ਲਿਆ, ਫਿਰ ਵੀ ਕੁਝ ਪ੍ਰਾਪਤ ਨਾ ਹੋਇਆ॥੨੫॥

## ਕਰਿ ਚਿਤ ਇਕਾਗ੍ਰ; ਕੁਮੰਤ੍ਰ ਜਪੇ ॥
## ਸ਼ਮਸ਼ਾਨਨ ਮੇਂ ਨਿਸ; ਪੁੰਜ ਖਪੇ ॥

ਫੇਰ ਮੈਂ ਚਿੱਤ ਨੂੰ ਇਕਾਗਰ ਕਰ ਕੇ ਕੁਮੰਤ੍ਰ = ਖੋਟੇ ਮੰਤਰ ਜਪੇ = ਜਪਦਾ ਰਿਹਾ ਹਾਂ ਭਾਵ ਭੂਤਾਂ ਪ੍ਰੇਤਾਂ ਨੂੰ ਵੱਸ ਕਰਨ ਵਾਸਤੇ ਖੋਟੇ ਮੰਦਰ ਜਪਦਾ ਰਿਹਾ ਹਾਂ ਅਤੇ ਮੈਂ ਇਸ ਪੁੰਜ = ਧਨ ਰਾਸ਼ੀ ਲਈ ਨਿਸ = ਰਾਤਾਂ ਨੂੰ ਸ਼ਮਸ਼ਾਨਨ = ਮੜ੍ਹੀਆਂ ਮਸਾਣਾਂ 'ਤੇ ਵੀ ਜਾ ਕੇ ਖਪੇ = ਖਪਦਾ ਰਿਹਾ ਹਾਂ। ਜੈਸਾ ਕਿ :

**ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥** *(ਰਾਮਕਲੀ ਮ: ੧, ਸਿਧ ਗੋਸਟਿ, ਅੰਗ ੯੪੧)*

## ਕਰਹੋਂ ਜਬ ਮੈਂ; ਵਸ ਭੂਤਨ ਕੋ ॥
## ਪਰ ਕੀ ਹਰ; ਦੇਹਿੰ ਵਿਭੂਤਨ ਕੋ ॥੨੬॥

ਜਬ = ਜਦੋਂ ਮੈਂ ਇਨ੍ਹਾਂ ਭੂਤਨਕੋ = ਭੂਤਾਂ ਨੂੰ ਆਪਣੇ ਵੱਸ ਵਿਚ ਕਰਹੋਂ = ਕਰ ਲੈਣਾ ਕਰਾਂਗਾ, ਤਦੋਂ ਉਹ ਮੈਨੂੰ ਪਰ = ਪਰਾਇਆਂ ਕੀ = ਦੀ ਵਿਭੂਤਨ = ਬਿਭੂਤੀ, ਧਨ ਸੰਪਦਾ ਕੋ = ਨੂੰ ਉਨ੍ਹਾਂ ਕੋਲੋਂ ਹਰ = ਚੁਰਾ ਕਰਕੇ ਲਿਆ ਕੇ ਦੇਹਿੰ = ਦੇਣਗੇ, ਪਰ ਉਥੋਂ ਵੀ ਕੁਝ ਹੱਥ ਨਹੀਂ ਲੱਗਿਆ॥੨੬॥

## ਇਵ ਆਉ ਬ੍ਰਿਥਾ; ਮਮ ਹੰਤ ਸਭੀ ॥
## ਮੁਹਿ ਕਾਨਿ ਵਿਰਾਟਕ; ਬੀ ਨ ਲਭੀ ॥

ਇਵ = ਇਸ ਪ੍ਰਕਾਰ ਦੇ ਨਾਲ ਮਮ = ਮੈਂ ਆਪਣੀ ਸਭੀ = ਸਾਰੀ ਆਉ = ਆਯੂ, ਉਮਰ ਬ੍ਰਿਥਾ = ਵਿਅਰਥ ਹੀ ਹੰਤ = ਨਾਸ਼ ਕਰ ਲਈ ਹੈ ਭਾਵ ਸਾਰੀ ਉਮਰ ਇਉਂ ਗਵਾ ਦਿੱਤੀ ਹੈ, ਮੁਹਿ = ਮੈਨੂੰ ਕਿਸੇ ਪਾਸੋਂ ਕਾਨਿ ਵਿਰਾਟਕ = ਕਾਣੀ ਕਉਡੀ ਵੀ ਨ = ਨਹੀਂ ਲਭੀ = ਲੱਭਣਾ ਕੀਤੀ ਭਾਵ ਸਾਰੀ ਉਮਰ ਵਿਅਰਥ ਗਵਾ ਲਈ, ਪਰ ਕੁਝ ਵੀ ਪੱਲੇ ਨਹੀਂ ਪਿਆ।

## ਕਤ ਕਾਜ ਨਿਲਾਜ; ਅਕਾਜ ਦਹੋਂ ॥
## ਤਜਿ ਮੋਹਿ ਕਹੂੰ; ਅਬ ਆਨ ਗਹੋ ॥੨੭॥

ਇਸ ਕਰਕੇ ਹੇ ਨਿਲਾਜ = ਬੇਸ਼ਰਮ ਤ੍ਰਿਸ਼ਨਾ! ਮੈਨੂੰ ਹੁਣ ਤੂੰ ਕਤ = ਕਿਸ ਕਾਜ = ਕੰਮ ਕਾਰਨ

ਅਕਾਜ = ਬੇਫ਼ਾਇਦਾ ਹੀ ਦਹੌਂ = ਸਾੜਨਾ ਕਰ ਰਹੀ ਹੈਂ ? ਅਬ = ਹੁਣ ਤੂੰ ਮੋਹਿ = ਮੈਨੂੰ ਤਜਿ = ਛੱਡ ਕਰਕੇ ਕਹੂੰ = ਕਿਸੇ ਆਨ = ਹੋਰ ਨੂੰ ਗਹੋ = ਪਕੜਨਾ ਕਰ ਭਾਵ ਮੈਨੂੰ ਛੱਡ ਕੇ ਕਿਸੇ ਹੋਰ ਕੋਲ ਜਾ॥੨੭॥

## ਸੋਰਠਾ॥
## ਕਰਿਓ ਬ੍ਰਹਮ ਤੇ ਜੀਵ; ਚਾਹੇ ਅਬ ਚਾਹੇਂ ਕਿਆ॥

ਹੇ ਤ੍ਰਿਸ਼ਨਾ! ਤੂੰ ਮੈਨੂੰ ਬ੍ਰਹਮ ਤੇ = ਤੋਂ ਜੀਵ ਕਰਿਓ = ਕਰ ਦਿੱਤਾ ਹੈ ਭਾਵ ਬ੍ਰਹਮ ਵੀ ਸਤ, ਚਿਤ, ਅਨੰਦ ਸਰੂਪ ਹੈ ਤੇ ਆਤਮਾ ਵੀ ਸਤ, ਚਿਤ, ਅਨੰਦ ਸਰੂਪ ਹੈ, ਜਿਵੇਂ ਅੱਗ ਦਾ ਇਕ ਕਿਣਕਾ ਵੀ ਅੱਗ ਦਾ ਰੂਪ ਹੈ, ਪਾਣੀ ਦੀ ਇਕ ਬੂੰਦ ਵੀ ਸਮੁੰਦਰ ਦਾ ਰੂਪ ਹੈ, ਸੋਨੇ ਦਾ ਇਕ ਕਣ ਵੀ ਸੋਨੇ ਦਾ ਰੂਪ ਹੈ, ਇਸੇ ਤਰ੍ਹਾਂ ਚੇਤਨ ਦੀ ਅੰਸ਼ ਹੋਣ ਕਰਕੇ ਇਹ ਆਤਮਾ ਵੀ ਬ੍ਰਹਮ ਦਾ ਸਰੂਪ ਹੈ। ਇਸ ਕਰਕੇ ਕਬੀਰ ਸਾਹਿਬ ਨੇ ਵੀ ਐਸਾ ਫ਼ੁਰਮਾਨ ਕੀਤਾ ਹੈ। ਜੈਸਾ ਕਿ:

**ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥੪॥੨॥੫॥**

*(ਗੋਂਡ ਭਗਤ ਕਬੀਰ ਜੀ, ਅੰਗ ੮੭੧)*

**ਵਾ: ਮਨ ਤੂੰ ਜੋਤਿ ਸਰੂਪੁ ਹੈ...॥** *(ਆਸਾ ਮ: ੩, ਛੰਤ, ਅੰਗ ੪੪੨)*

ਇਸ ਪ੍ਰਕਾਰ ਇਹ ਜੀਵਾਤਮਾ ਪਰਮੇਸ਼ਰ ਦਾ ਹੀ ਸਰੂਪ ਹੈ। ਸੰਖੇਪ ਦੇ ਨਾਲ ਮੂਲ (ਮੁੱਢ) ਦੇ ਪਹਿਚਾਨਣ ਦਾ ਇਹ ਤਰੀਕਾ ਹੈ ਕਿ ਸਰੀਰ ਦਾ ਮੂਲ ਮਨ ਹੈ, ਮਨ ਦਾ ਮੂਲ ਆਤਮਾ ਤੇ ਆਤਮਾ ਦਾ ਮੂਲ ਪਰਮਾਤਮਾ ਹੈ। ਜੈਸਾ ਕਿ:

**ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥**

*(ਧਨਾਸਰੀ ਮ: ੧, ਅੰਗ ੬੬੧)*

ਪਰ ਇਹ ਜੀਵਾਤਮਾ ਅਗਿਆਨ ਵੱਸ ਵਾਸ਼ਨਾ ਵਿਚ ਭਾਵ ਤ੍ਰਿਸ਼ਨਾ ਵਿਚ ਬੰਨ੍ਹਿਆ ਹੋਇਆ ਜੰਮਣ ਮਰਨ ਵਿਚ ਆਉਂਦਾ ਜਾਂਦਾ ਰਹਿੰਦਾ ਹੈ ਭਾਵ ਜਨਮ ਧਾਰ ਕੇ ਆਉਂਦਾ ਹੈ, ਮਰ ਕੇ ਫਿਰ ਜਾਂਦਾ ਹੈ। ਜੈਸਾ ਕਿ:

**ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।**

*(ਭਾਈ ਗੁਰਦਾਸ ਜੀ, ਵਾਰ ੧, ਪਉੜੀ ੧੫)*

ਇਸ ਕਰਕੇ ਭਰਥਰੀ ਹਰੀ ਜੀ ਤ੍ਰਿਸ਼ਨਾ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਹੇ ਤ੍ਰਿਸ਼ਨਾ! ਤੂੰ ਮੈਨੂੰ ਸ਼ੁੱਧ ਸਰੂਪ ਬ੍ਰਹਮ ਤੋਂ ਜੀਵ ਬਣਾ ਦਿੱਤਾ ਭਾਵ ਮੈਂ ਪਰਮਾਤਮਾ ਦਾ ਸਰੂਪ ਸੀ, ਤੇਰੇ ਵੱਸ ਪਿਆ ਮੈਂ ਅਗਿਆਨ ਕਰਕੇ ਆਪਣਾ ਆਤਮ ਸਰੂਪ ਭੁੱਲ ਕਰਕੇ ਜੀਵ ਬਣ ਗਿਆ ਹਾਂ। ਜੈਸਾ ਕਿ:

**ਭੂਲ ਗਯੋ ਅਗਜਾਨ ਤੇ ਅਪੁਨੋ ਆਤਮ ਰੂਪ॥** *(ਅਧਜਾਤਮ ਪ੍ਰਕਾਸ਼)*

ਇਸ ਕਰਕੇ ਹੇ ਚਾਹੇ = ਤ੍ਰਿਸ਼ਨਾ! ਅਬ = ਹੁਣ ਤੂੰ ਹੋਰ ਕਿਆ = ਕੀ ਚਾਹੇਂ = ਚਾਹੁੰਦੀ ਹੈਂ ਭਾਵ ਤੂੰ ਇਤਨਾ ਕੁਝ ਕਰ ਕੇ ਵੀ ਮੇਰਾ ਪਿੱਛਾ ਨਹੀਂ ਛੱਡਿਆ, ਤੇਰੇ ਵੱਸ ਹੋ ਕਰਕੇ ਤਾਂ ਮੇਰੀ ਜੀਵ ਦੀ ਇਸ ਤਰ੍ਹਾਂ ਦੀ ਹਾਲਤ ਹੈ। ਜੈਸਾ ਕਿ:

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥** *(ਰਾਮਕਲੀ ਮ: ੧, ਅੰਗ ੮੭੬)*

ਇਸ ਤਰ੍ਹਾਂ ਮੇਰਾ ਮਨ ਕਦੇ ਪਦਾਰਥਾਂ ਵਾਸਤੇ ਕਦੇ ਕਿਤੇ ਕਦੇ ਕਿਤੇ ਭਟਕਦਾ ਫਿਰਦਾ ਹੈ, ਇਹ ਇਕ ਛਿਨ ਮਾਤਰ ਵੀ ਸਥਿਰ ਹੋਣ ਰੂਪ ਨਹੀਂ ਬੈਠਣਾ ਕਰਦਾ, ਧਨ ਪਦਾਰਥਾਂ ਖ਼ਾਤਰ ਚਾਰੇ ਦਿਸ਼ਾਵਾਂ ਵਿਚ ਭਰਮਣ ਕਰ ਰਿਹਾ ਹੈ, ਹੁਣ ਤੂੰ ਹੋਰ ਦੱਸ ਕੀ ਚਾਹੁੰਦੀ ਹੈਂ ?

## ਕਿਸੌਂ ਕਰੇ ਨਿਰਜੀਵ; ਆਸੇ ਤਵ ਆਸੇ ਕਵਨ ?॥੨੮॥

ਹੇ ਤ੍ਰਿਸ਼ਨਾ ! ਕਿਸੌਂ = ਕਿਤੇ ਤੂੰ ਮੈਨੂੰ ਨਿਰਜੀਵ = ਚੇਤਨਤਾ ਰਹਿਤ ਜੜ੍ਹ ਵਸਤੂ ਤਾਂ ਨਹੀਂ ਕਰੇ = ਕਰਨਾ ਭਾਵ ਬਣਾਉਣਾ ਚਾਹੁੰਦੀ ?

ਆਸੇ = ਹੇ ਤ੍ਰਿਸ਼ਨਾ ! ਤਵ = ਤੇਰੀ ਹੁਣ ਕਵਨ = ਕਿਹੜੀ ਆਸੇ = ਆਸ਼ਾ ਹੈ ਭਾਵ ਤੇਰਾ ਕੀ ਖ਼ਿਆਲ, ਇਰਾਦਾ ਹੈ ? ਤੂੰ ਹੁਣ ਵੀ ਮੇਰਾ ਸਾਥ ਕਿਉਂ ਨਹੀਂ ਛੱਡਦੀ, ਹੁਣ ਤੂੰ ਕਿਰਪਾ ਕਰਕੇ ਮੇਰਾ ਪਿੱਛਾ ਛੱਡ ਕਰਕੇ ਕਿਸੇ ਹੋਰ ਕੋਲ ਜਾ॥੨੮॥

## ਸ੍ਵੈਯਾ ॥

## ਸ਼ਾਂਤਿ ਨਿਜਾਂਤਰ ਕਿੰ ਨ ਗਹੇਂ; ਕਤ ਡੋਲੇਂ ਬ੍ਰਿਥਾ ਭਵ ਮੋ ਸੁ ਘਨਾ ॥

ਹੇ ਮੇਰੇ ਮਨਾਂ! ਤੂੰ ਨਿਜਾਂਤਰ (ਨਿਜ + ਅੰਤਰ) ਨਿਜ = ਆਪਣੇ ਆਪ ਅੰਤਰ = ਵਿਚ ਸ਼ਾਂਤੀ ਨੂੰ ਕਿੰ = ਕਿਉਂ ਨ = ਨਹੀਂ ਗਹੇਂ = ਗ੍ਰਹਿਣ ਕਰਦਾ ਭਾਵ ਧਾਰਨ ਕਰਦਾ ? ਕਤ = ਕਿਸ ਵਾਸਤੇ ਡੋਲੇਂ = ਡੋਲਦਾ ਹੈਂ, ਸੁ = ਉਸ ਭਵ = ਸੰਸਾਰ ਮੋ = ਵਿਚ ਕਿਸ ਵਾਸਤੇ ਘਨਾ = ਬਹੁਤਾ ਬ੍ਰਿਥਾ = ਵਿਅਰਥ ਹੀ ਭਟਕਦਾ ਫਿਰਦਾ ਹੈਂ ?

## ਹੋਇ ਯਥਾ ਸੁ ਤਥਾ ਨਿਜ ਹ੍ਵੈ; ਤੁਮਤੇ ਅਨਥਾ ਵਹੁ ਹੋਵਤ ਨਾ ॥

ਯਥਾ = ਜਿਸ ਪ੍ਰਕਾਰ ਜੋ ਹੋਇ = ਹੋਣਾ ਹੈ, ਸੁ = ਉਹ ਤਾਂ ਤਥਾ = ਤਿਸੇ ਤਰ੍ਹਾਂ ਨਿਜ = ਆਪਣੇ ਆਪ ਹੀ ਹ੍ਵੈ = ਹੋ ਜਾਣਾ **ਵਾ:** ਹੋ ਜਾਵੇਗਾ, ਪਰ ਤੁਮਤੇ = ਤੇਰੇ ਕੋਲੋਂ ਵਹੁ = ਉਸ ਦਾ ਅਨਥਾ = ਨਾ ਹੋਵਤ = ਹੋਣਾ ਨਹੀਂ ਹੋ ਸਕਦਾ ਭਾਵ ਜੋ ਹੋਣਾ ਹੈ, ਉਹ ਤਾਂ ਹੋ ਕੇ ਹੀ ਰਹਿੰਦਾ ਹੈ, ਤੇਰੇ ਕੋਲੋਂ ਕੁਝ ਨਹੀਂ ਹੋਣਾ। ਜੈਸਾ ਕਿ :

**ਮਾਈ ਹੋਨਹਾਰ ਸੋ ਹੋਈਐ ॥**
**ਰਾਚਿ ਰਹਿਓ ਰਚਨਾ ਪ੍ਰਭੁ ਅਪਨੀ ਕਹਾ ਲਾਭੁ ਕਹਾ ਖੋਈਐ ॥੧॥ਰਹਾਉ॥**

*(ਦੇਵਗੰਧਾਰੀ ਮ: ੫, ਅੰਗ ੫੨੮)*

ਇਸ ਕਰਕੇ ਹੇ ਮਨਾਂ ! ਐਵੇਂ ਵਿਅਰਥ ਹੀ ਭਟਕਣਾ ਨਾ ਕਰ, ਜੋ ਤੇਰੇ ਕਰਮਾਂ ਵਿਚ ਲਿਖਿਆ ਹੈ, ਉਹ ਤੈਨੂੰ ਹੀ ਮਿਲਣਾ ਹੈ, ਉਸ ਨੂੰ ਕੋਈ ਦੂਸਰਾ ਨਹੀਂ ਲੈ ਸਕਦਾ। ਜੈਸਾ ਕਿ :

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** *(ਰਾਮਕਲੀ ਮ: ੧, ਅੰਗ ੯੩੭)*

**ਵਾ:** **ਨਾਨਕ ਲਿਲਾਰਿ ਲਿਖਿਆ ਸੋਇ ॥ ਮੇਟਿ ਨ ਸਾਕੈ ਕੋਇ ॥**

*(ਵਾਰ ਮਾਝ ਕੀ, ਸਲੋਕ ਮ: ੧, ਅੰਗ ੧੪੪)*

ਇਸ ਕਰਕੇ ਪਰਮੇਸ਼ਰ ਦੇ ਕੀਤੇ ਹੋਏ ਨੂੰ ਕੋਈ ਦੂਸਰਾ ਮੇਟ ਨਹੀਂ ਸਕਦਾ, ਜੋ ਤੇਰੇ ਭਾਗਾਂ ਵਿਚ ਹੈ, ਉਹ ਤੈਨੂੰ ਜ਼ਰੂਰ-ਬ-ਜ਼ਰੂਰ ਮਿਲੇਗਾ। ਜੈਸਾ ਕਿ :

**ਕੋਇ ਨ ਮੇਟੈ ਪ੍ਰਭ ਕਾ ਕੀਆ ਦੂਸਰ ਨਾਹੀ ਅਲੋਈਐ ॥** *(ਦੇਵਗੰਧਾਰੀ ਮ: ੫, ਅੰਗ ੫੨੮)*

## ਪ੍ਰੀਤ ਨ ਸਾਥ ਬਤੀਤ ਭਲੀ; ਕਛੁ ਹਾਥ ਮਿਲੀ ਨ, ਯਥਾ ਸੁਪਨਾ॥

ਹੇ ਮਨਾਂ! ਜੋ ਪਿੱਛੇ ਬਤੀਤ = ਗੁਜ਼ਰ ਚੁੱਕਿਆ ਹੈ, ਉਸ ਦੇ ਸਾਥ = ਨਾਲ ਪ੍ਰੀਤ ਕਰਨੀ ਭਲੀ = ਚੰਗੀ ਨਹੀਂ ਹੈ, ਭਾਵ ਉਸ ਨੂੰ ਬਾਰ-ਬਾਰ ਚੇਤੇ ਕਰਨਾ ਚੰਗੀ ਗੱਲ ਨਹੀਂ ਕਿਉਂਕਿ ਉਸ ਨੂੰ ਚੇਤੇ ਕਰਨ ਦੇ ਨਾਲ ਕਛੁ = ਕੁਝ ਵੀ ਹਾਥ = ਹੱਥ ਵਿਚ ਨਹੀਂ ਮਿਲੀ = ਮਿਲਦਾ ਭਾਵ ਪ੍ਰਾਪਤ ਨਹੀਂ ਹੁੰਦਾ। ਯਥਾ = ਜਿਵੇਂ ਰਾਤ ਦਾ ਸੁਪਨਾ ਗੁਜ਼ਰ ਜਾਣ ਤੋਂ ਉਸ ਨੂੰ ਚੇਤੇ ਕੀਤਿਆਂ ਕੁਝ ਨਹੀਂ ਮਿਲਦਾ, ਇਸੇ ਤਰ੍ਹਾਂ ਗੁਜ਼ਰ ਚੁੱਕੀ ਗੱਲ ਨੂੰ ਯਾਦ ਕਰਨ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ, ਜੋ ਕਰਮਾਂ ਵਿਚ ਹੈ, ਉਹੀ ਮਿਲਣਾ ਹੈ।

## ਮੋਨ ਗਹੋ ਅਬ ਮੋ ਨ ਗਹੋ; ਤੁਮ ਗਿਰਾ ਜਿਨ ਮੋਰ ਮਨਾ॥੨੯॥

ਹੇ ਮਨਾਂ! ਇਸ ਕਰਕੇ ਤੂੰ ਅਬ = ਹੁਣ ਮੋਨ = ਚੁੱਪ, ਸ਼ਾਂਤੀ ਨੂੰ ਗਹੋ = ਪਕੜਨਾ, ਗ੍ਰਹਿਣ ਕਰਨਾ ਕਰ, ਮੋ = ਮੈਨੂੰ ਨਾ ਗਹੋ = ਪਕੜ ਅਤੇ ਜਿਨ = ਜਿਹੜੇ ਇਹ ਗਿਰਾ = ਬਚਨ ਮੈਂ ਤੁਮ = ਤੈਨੂੰ ਕਹੇ ਹਨ, ਇਨ੍ਹਾਂ ਨੂੰ ਮੋਰ = ਮੋੜਨਾ ਨਾ ਕਰ **ਵਾ:** ਜੋ ਤੈਨੂੰ ਮੈਂ ਇਹ ਸਿੱਖਿਆ ਦੇਣਾ ਕੀਤੀ ਹੈ, ਇਸ ਵੱਲੋਂ ਮਨ੍ਹਾਂ ਭਾਵ ਇਨਕਾਰ ਨਾ ਕਰ ਭਾਵ ਮੇਰੇ ਮਨਾਂ! ਜੋ ਤੇਰੇ ਕਰਮਾਂ ਵਿਚ ਹੈ, ਉਹ ਤੈਨੂੰ ਮਿਲ ਹੀ ਜਾਣਾ ਹੈ। ਐਵੇਂ ਇਧਰ-ਉਧਰ ਨਾ ਭੱਜ, ਕਰਮਾਂ ਤੋਂ ਬਗ਼ੈਰ ਕੁਝ ਨਹੀਂ ਮਿਲਦਾ॥੨੯॥ ਜੈਸਾ ਕਿ:

**ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ॥** *(ਆਸਾ ਮ: ੩, ਅੰਗ ੪੩੦)*

**ਵਾ:** **ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥** *(ਤਿਲੰਗ ਮ: ੧, ਅੰਗ ੭੨੨)*

ਇਸੇ ਕਰਕੇ ਗੁਰੂ ਸਾਹਿਬ ਜੀ ਨੇ ਵੀ ਇਹੀ ਕਥਨ ਕੀਤਾ ਹੈ ਕਿ ਜਿਤਨੀ ਵੀ ਸ੍ਰਿਸ਼ਟੀ ਦੇਖਣ ਵਿਚ ਆ ਰਹੀ ਹੈ, ਕਿਸੇ ਨੂੰ ਵੀ ਬਿਨਾਂ ਕਰਮਾਂ ਤੋਂ ਕੁਝ ਨਹੀਂ ਮਿਲਿਆ।

**ਸਾਖੀ: ਕਰਮਾਂ ਦੇ ਸਿਧਾਂਤ 'ਤੇ (ਲੱਛਮੀ ਅਤੇ ਕਰਮਾਂ ਦੀ)**—ਇਸ ਸਿਧਾਂਤ ਨੂੰ ਸਾਖੀ ਰੂਪ ਵਿਚ ਸਮਝਣ ਲਈ ਪੁਰਾਤਨ ਗ੍ਰੰਥਾਂ ਵਿਚ ਇਕ ਕਥਾ ਮਿਲਦੀ ਹੈ। ਇਕ ਵਾਰ ਲੱਛਮੀ ਅਤੇ ਕਰਮ ਦੇਵਤਾ ਦਾ ਆਪਸ ਵਿਚ ਸੰਵਾਦ ਹੋ ਗਿਆ। ਇਸ ਸ਼ਬਦਾਂ ਦੀ ਲੜਾਈ ਵਿਚ ਲੱਛਮੀ ਆਪਣੀ ਮਹਾਨਤਾ ਦੱਸ ਕੇ ਕਹਿ ਰਹੀ ਸੀ ਕਿ ਮੈਂ ਤੇਰੇ ਨਾਲੋਂ ਵੱਡੀ ਹਾਂ। ਕਰਮ ਦੇਵਤਾ ਕਹਿ ਰਿਹਾ ਸੀ ਕਿ ਮੈਂ ਵੱਡਾ ਹਾਂ। ਲੱਛਮੀ ਕਹਿਣ ਲੱਗੀ ਕਿ ਮੇਰੀ ਇਹ ਸਮਰੱਥਾ ਹੈ ਕਿ ਮੈਂ ਕੰਗਾਲ ਨੂੰ ਸ਼ਾਹੂਕਾਰ ਬਣਾ ਸਕਦੀ ਹਾਂ। ਕਰਮ ਦੇਵਤਾ ਨੇ ਕਿਹਾ ਕਿ ਮੇਰੇ ਤੋਂ ਬਗ਼ੈਰ ਤੂੰ ਕੁਝ ਵੀ ਨਹੀਂ ਕਰ ਸਕਦੀ। ਇਸ ਸ਼ਬਦਾਂ ਦੀ ਲੜਾਈ ਦਾ ਅੰਤ ਕਰਨ ਲਈ ਇਕ ਪਰਖ ਕਰਨ ਦੀ ਸ਼ਰਤ ਰੱਖੀ ਗਈ ਕਿ ਕਿਸੇ ਗ਼ਰੀਬ ਕੰਗਾਲ ਉੱਪਰ ਦੋਵੇਂ ਆਪੋ-ਆਪਣੀ ਸ਼ਕਤੀ ਦਾ ਪ੍ਰਯੋਗ ਕਰਨ। ਇਕ ਲੱਕੜਹਾਰਾ ਜੰਗਲਾਂ ਵਿੱਚੋਂ ਲੱਕੜੀਆਂ ਕੱਟ ਕੇ ਗੁਜ਼ਾਰਾ ਕਰਦਾ ਸੀ। ਲੱਛਮੀ ਨੇ ਕਿਹਾ ਕਿ ਮੈਂ ਇਸ ਨੂੰ ਸ਼ਾਹੂਕਾਰ ਬਣਾਉਣ ਲੱਗੀ ਹਾਂ। ਵੇਖ! ਇਹ ਕਿਵੇਂ ਕੰਗਾਲ ਤੋਂ ਧਨੀ ਬਣਦਾ ਹੈ। ਕਰਮ ਦੇਵਤੇ ਨੇ ਕਿਹਾ—ਕਰ ਕੇ ਵਿਖਾ? ਨਹੀਂ ਕਰ ਸਕੇਂਗੀ। ਲੱਛਮੀ ਨੇ ਸ਼ਾਹੂਕਾਰਣੀ ਦਾ ਰੂਪ ਧਾਰਨ ਕਰ ਕੇ ਗ਼ਰੀਬ ਲੱਕੜਹਾਰੇ ਨੂੰ ੫੦੦ ਮੋਹਰਾਂ ਦੀ ਥੈਲੀ ਸੌਂਪ ਕੇ ਆਖਿਆ ਕਿ ਇਨ੍ਹਾਂ ਨਾਲ ਤੂੰ ਆਪਣੀ ਗ਼ਰੀਬੀ ਦੂਰ ਕਰ ਲਵੀਂ। ਲੱਕੜਹਾਰਾ ਬਹੁਤ ਪ੍ਰਸੰਨ ਹੋਇਆ। ਉਸ ਨੇ ਇਹ ਥੈਲੀ ਇਕ ਮੈਲੇ ਜਿਹੇ ਕੱਪੜੇ ਵਿਚ ਲਪੇਟ ਕੇ ਆਪਣੀ ਘਰਵਾਲੀ ਨੂੰ ਦੇਣ ਚੱਲ ਪਿਆ। ਘਰ ਪਹੁੰਚਣ 'ਤੇ ਉਸ ਨੇ ਵੇਖਿਆ ਕਿ ਘਰ ਨੂੰ ਤਾਲਾ ਲੱਗਾ ਹੋਇਆ ਹੈ ਅਤੇ ਉਸ ਦੀ ਘਰਵਾਲੀ ਘਰ ਨਹੀਂ ਹੈ। ਲੱਕੜਹਾਰੇ ਨੇ ਉਹ ੫੦੦ ਮੋਹਰਾਂ ਵਾਲੀ ਥੈਲੀ ਕੰਧ ਉੱਪਰੋਂ ਘਰ ਵਿਚ ਸੁੱਟ ਦਿੱਤੀ। ਗਵਾਂਢਣ ਨੇ ਖੜਾਕ ਸੁਣ ਲਿਆ। ਥੈਲੀ ਘਰ ਵਿਚ ਸੁੱਟ ਕੇ ਲੱਕੜਹਾਰਾ ਆਪਣੀ ਘਰਵਾਲੀ ਨੂੰ ਭਾਲ ਕੇ ਲਿਆਉਣ ਲਈ ਚੱਲ ਪਿਆ। ਲੱਕੜਹਾਰੇ ਦੇ ਜਾਣ ਪਿੱਛੋਂ ਗਵਾਂਢਣ ਨੇ ਕੰਧ ਟੱਪ ਕੇ ਉਹ ਥੈਲੀ ਚੁੱਕ ਲਈ ਅਤੇ ਲਿਆ ਕੇ ਆਪਣੇ ਘਰ ਵਿਚ ਲੁਕਾ ਲਈ।

ਜਦੋਂ ਵਾਪਸ ਆ ਕੇ ਲੱਕੜਹਾਰੇ ਤੇ ਉਸ ਦੀ ਘਰਵਾਲੀ ਨੇ ਦੇਖਿਆ ਕਿ ਉਥੇ ਕੁਝ ਵੀ ਨਹੀਂ ਸੀ। ਘਰਵਾਲੀ ਲੱਕੜਹਾਰੇ ਨਾਲ ਲੜਦੀ ਹੈ ਕਿ ਤੂੰ ਮੂਰਖ ਨਿਕਲਿਆ। ਪੈਸੇ ਕੋਈ ਐਵੇਂ ਥੋੜੀ ਸੁੱਟ ਦੇਈਦੇ ਹਨ। ਲੱਕੜਹਾਰੇ ਨੇ ਪਸ਼ਚਾਤਾਪ ਕੀਤਾ ਕਿ ਮੇਰੀ ਅਕਲ ਮਾਰੀ ਗਈ ਸੀ। ਪਸ਼ਚਾਤਾਪ ਕਰਦਾ ਹੋਇਆ ਜਦੋਂ ਦੂਜੇ ਦਿਨ ਲੱਕੜਾਂ ਕੱਟਣ ਲਈ ਗਿਆ ਤਾਂ ਸ਼ਾਹੂਕਾਰਣੀ ਦੇ ਰੂਪ ਵਿਚ ਲੱਛਮੀ ਫਿਰ ਮਿਲੀ। ਲੱਛਮੀ ਕਹਿਣ ਲੱਗੀ ਕਿ ਕੱਲ੍ਹ ਤੈਨੂੰ ਮੋਹਰਾਂ ਦੀ ਥੈਲੀ ਦਿੱਤੀ ਸੀ, ਤੂੰ ਅੱਜ ਫਿਰ ਲੱਕੜਾਂ ਕੱਟਣ ਲਈ ਤੁਰਿਆ ਫਿਰਦਾ ਹੈਂ। ਇਸ ਨੇ ਮੋਹਰਾਂ ਗੁਆਚਣ ਦੀ ਸਾਰੀ ਸਾਖੀ ਕਹਿ ਸੁਣਾਈ। ਉਸ ਨੂੰ ਦੂਜੀ ਵਾਰ ਅਮੀਰ ਬਣਾਉਣ ਹਿੱਤ ਹੀਰਿਆਂ ਦਾ ਕੀਮਤੀ ਹਾਰ ਦਿੱਤਾ ਅਤੇ ਤਾੜਨਾ ਕੀਤੀ ਕਿ ਅੱਜ ਕੱਲ੍ਹ ਵਾਲੀ ਮੂਰਖਤਾ ਨਹੀਂ ਕਰਨੀ ਅਤੇ ਇਸ ਨੂੰ ਗਵਾਉਣਾ ਨਹੀਂ। ਲੱਕੜਹਾਰੇ ਨੇ ਬੜੀ ਚੁਸਤੀ ਨਾਲ ਹਾਰ ਨੂੰ ਪੱਗ ਵਿਚ ਟੰਗ ਲਿਆ। ਗਰਮੀ ਬਹੁਤ ਪੈ ਰਹੀ ਸੀ। ਪਾਣੀ ਵੇਖ ਕੇ ਪਾਣੀ ਪੀਣ ਤੇ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਹੋ ਗਈ। ਹਾਰ ਸਮੇਤ ਪੱਗ ਲਾਹ ਕੇ ਕਿਨਾਰੇ 'ਤੇ ਰੱਖ ਦਿੱਤੀ। ਧਿਆਨ ਪੱਗ ਵਿਚ ਸੀ ਕਿ ਕਿਤੇ ਕੋਈ ਪੱਗ ਚੁੱਕ ਕੇ ਨਾ ਲੈ ਜਾਏ। ਪੱਗ ਚੁੱਕਣ ਲਈ ਕੋਈ ਇਨਸਾਨ ਤਾਂ ਨਹੀਂ ਆਇਆ ਪਰ ਐਸੀ ਕਰਮਾਂ ਦੀ ਮਾਰ ਪਈ ਕਿ ਇਕ ਇੱਲ ਹਾਰ ਸਮੇਤ ਪੱਗ ਚੁੱਕ ਕੇ ਲੈ ਗਈ ਅਤੇ ਜਾ ਕੇ ਪੱਗ ਸਮੇਤ ਹਾਰ ਖਾਣ ਵਾਲੀ ਚੀਜ਼ ਸਮਝ ਕੇ ਆਪਣੇ ਆਲ੍ਹਣੇ ਵਿਚ ਰੱਖ ਦਿੱਤੀ। ਤੀਜੇ ਦਿਨ ਸਿਰੋਂ ਨੰਗਾ ਫਿਰ ਲੱਕੜਾਂ ਕੱਟਣ ਲਈ ਜੰਗਲ ਵੱਲ ਤੁਰਿਆ ਜਾ ਰਿਹਾ ਸੀ। ਕਿਉਂਕਿ ਗ਼ਰੀਬ ਆਦਮੀ ਦੀ ਪੱਗ ਵੀ ਗੁੰਮ ਹੋ ਚੁੱਕੀ ਸੀ। ਲੱਛਮੀ ਦੇ ਤੀਜੇ ਦਿਨ ਪੁੱਛਣ 'ਤੇ ਉਸ ਨੇ ਇੱਲ ਵਾਲੀ ਸਾਰੀ ਵਾਰਤਾ ਕਹਿ ਸੁਣਾਈ। ਫਿਰ ਲੱਛਮੀ ਨੇ ਉਹਨੂੰ ਇਕ ਕੀਮਤੀ ਲਾਲ ਦਿੱਤਾ। ਇਹ ਲਾਲ ਇਸ ਨੇ ਸੰਭਾਲ ਕੇ ਕਮੀਜ਼ ਦੀ ਉੱਪਰਲੀ ਜੇਬ ਵਿਚ ਪਾ ਲਿਆ। ਘਰ ਨੂੰ ਵਾਪਸ ਆਉਂਦਿਆਂ ਰਸਤੇ ਵਿਚ ਪਾਣੀ ਦੀ ਪਿਆਸ ਲੱਗੀ। ਦਰਿਆ ਦੇ ਕੰਢੇ 'ਤੇ ਬੈਠ ਕੇ ਪਾਣੀ ਪੀਣਾ ਚਾਹਿਆ। ਜਦੋਂ ਪਾਣੀ ਪੀਣ ਲਈ ਥੋੜਾ ਜਿਹਾ ਝੁਕਿਆ ਤਾਂ ਜੇਬ ਵਿੱਚੋਂ ਕੀਮਤੀ ਲਾਲ ਦਰਿਆ ਵਿਚ ਡਿੱਗ ਗਿਆ। ਉਹ ਲਾਲ ਇਕ ਮੱਛੀ ਨੇ ਨਿਗਲ ਲਿਆ। ਬਹੁਤ ਦੁਖੀ ਹੋਇਆ ਕਿ ਮੇਰੇ ਨਾਲ ਇਹ ਕੀ ਹੋ ਰਿਹਾ ਹੈ ? ਚੌਥੇ ਦਿਨ ਲੱਕੜਾਂ ਕੱਟਣ ਗਏ ਨੂੰ ਫਿਰ ਲੱਛਮੀ ਮਿਲੀ ਤਾਂ ਇਸ ਨੇ ਦਰਿਆ ਵਿਚ ਲਾਲ ਦੇ ਡਿੱਗ ਜਾਣ ਅਤੇ ਮੱਛੀ ਦੇ ਨਿਗਲ ਜਾਣ ਦੀ ਗੱਲ ਕਹਿ ਸੁਣਾਈ।

ਕਰਮ ਦੇਵਤਾ ਨੇ ਲੱਛਮੀ ਜੀ ਨੂੰ ਪੁੱਛਿਆ ਕਿ ਇਸ ਕੰਗਾਲ ਲੱਕੜਹਾਰੇ ਨੂੰ ਅਮੀਰ ਬਣਾਉਣ ਲਈ ਕੁਝ ਹੋਰ ਵੀ ਕਰਨਾ ਬਾਕੀ ਹੈ ? ਲੱਛਮੀ ਨੇ ਹਾਰ ਮੰਨਦਿਆਂ ਕਿਹਾ ਕਿ ਮੈਂ ਹੋਰ ਕੁਝ ਨਹੀਂ ਕਰ ਸਕਦੀ ਅਤੇ ਉਸ ਨੇ ਕਰਮ ਦੇਵਤਾ ਨੂੰ ਕੁਝ ਕਰਕੇ ਦਿਖਾਉਣ ਲਈ ਕਿਹਾ ਕਿ ਕੀ ਉਹ ਕੰਗਾਲ ਲੱਕੜਹਾਰੇ ਨੂੰ ਅਮੀਰ ਬਣਾ ਸਕਦਾ ਹੈ ? ਕਰਮ ਦੇਵਤਾ ਉਸ ਜੰਗਲ ਵਿਚ ਪਹੁੰਚ ਗਿਆ, ਜਿਥੇ ਗ਼ਰੀਬ ਲੱਕੜਹਾਰਾ ਲੱਕੜਾਂ ਕੱਟ ਰਿਹਾ ਸੀ। ਉਹ ਆਪਣੀ ਕਿਸਮਤ ਬਾਰੇ ਸੋਚ ਕੇ ਬਹੁਤ ਉਦਾਸ ਹੋ ਰਿਹਾ ਸੀ। ਕਰਮ ਦੇਵਤਾ ਨੇ ਆਮ ਆਦਮੀ ਦਾ ਰੂਪ ਧਾਰ ਕੇ ਗ਼ਰੀਬ ਲੱਕੜਹਾਰੇ ਨੂੰ ਦੋ ਪੈਸੇ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਦੋ ਪੈਸਿਆਂ ਦਾ ਬਾਜ਼ਾਰ ਵਿੱਚੋਂ ਖਾਣ ਲਈ ਕੁਝ ਖ਼ਰੀਦ ਲਵੀਂ। ਦੋ ਪੈਸੇ ਲੈ ਕੇ ਉਹ ਲੱਕੜਹਾਰਾ ਬਾਜ਼ਾਰ ਚਲਿਆ ਗਿਆ। ਇਹ ਪੁਰਸ਼ ਮਾਸਾਹਾਰੀ ਸੁਭਾਅ ਦਾ ਸੀ। ਦੋ ਪੈਸਿਆਂ ਦੀ ਮੱਛੀ ਖ਼ਰੀਦ ਕੇ ਘਰ ਵਾਪਸ ਆ ਗਿਆ। ਕਰਮਾਂ ਦੇ ਪ੍ਰੇਰੇ ਹੋਏ ਨੂੰ ਮੱਛੀ ਵੀ ਉਹ ਮਿਲੀ, ਜਿਸ ਨੇ ਇਸ ਦਾ ਕੀਮਤੀ ਲਾਲ ਨਿਗਲਿਆ ਹੋਇਆ ਸੀ। ਜਦੋਂ ਮੱਛੀ ਚੀਰੀ ਗਈ ਤਾਂ ਉਸ ਦੇ ਪੇਟ ਵਿੱਚੋਂ ਉਹ ਕੀਮਤੀ ਲਾਲ ਨਿਕਲ ਆਇਆ ਤਾਂ ਖ਼ੁਸ਼ ਹੋ ਕੇ ਉੱਚੀ-ਉੱਚੀ ਕਹਿਣ ਲੱਗਾ, "ਲੱਭ ਗਿਆ, ਲੱਭ ਗਿਆ।" ਇਹ ਸੁਣ ਕੇ ਉਹ ਗੁਆਂਢਣ ਜਿਸ ਨੇ ਧਨ ਦੀ ਥੈਲੀ ਚੁਰਾਈ ਸੀ, ਡਰ ਗਈ ਤੇ ਸੋਚਣ ਲੱਗੀ ਕਿ ਇਸ ਨੂੰ ਮੇਰੇ ਧਨ ਚੁਰਾਉਣ ਬਾਰੇ ਪਤਾ ਲੱਗ ਗਿਆ ਹੈ। ਡਰੀ ਗੁਆਂਢਣ ਨੇ ਸੋਚਿਆ ਕਿ ਪੁਲਿਸ ਦੇ ਆਉਣ ਤੋਂ ਪਹਿਲਾਂ ਪਹਿਲਾਂ ਇਸ ਦੀ ੫੦੦ ਮੋਹਰਾਂ ਵਾਲੀ ਥੈਲੀ ਇਸ ਦੇ ਘਰ ਅੰਦਰ ਸੁੱਟ ਕੇ ਮੈਨੂੰ ਆਪਣੀ ਇੱਜ਼ਤ ਬਚਾਉਣੀ ਚਾਹੀਦੀ ਹੈ। ਉਸ ਨੇ ਮੋਹਰਾਂ ਵਾਲੀ ਥੈਲੀ ਉਸ ਦੇ ਘਰ ਅੰਦਰ ਸੁੱਟ ਦਿੱਤੀ। ਇਸ ਪ੍ਰਕਾਰ ਗਿਆ ਹੋਇਆ ਧਨ ਪ੍ਰਾਪਤ ਹੋ ਗਿਆ। ਹੁਣ ਘਰਵਾਲੀ ਵੀ ਬਹੁਤ

ਖ਼ੁਸ਼ ਹੋਈ ਤੇ ਕਹਿਣ ਲੱਗੀ ਕਿ ਸਾਡੇ ਘਰ ਤਾਂ ਹੁਣ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਰਹੀ। ਹੁਣ ਅਸੀਂ ਇਹ ਲੱਕੜਾਂ ਦਾ ਧੰਦਾ ਛੱਡ ਦਿਆਂਗੇ, ਪਰੰਤੂ ਆਂਢ-ਗੁਆਂਢ ਨੂੰ ਹਾਲੀਂ ਇਸ ਗੱਲ ਦਾ ਪਤਾ ਨਹੀਂ ਚੱਲਣਾ ਚਾਹੀਦਾ ਕਿ ਅਸੀਂ ਅਮੀਰ ਹੋ ਗਏ ਹਾਂ। ਮੱਛੀ ਰਿੰਨ੍ਹਣ ਲਈ ਲੱਕੜਾਂ ਲੈਣ ਚਲਾ ਗਿਆ। ਸੁੱਕੀਆਂ ਲੱਕੜਾਂ ਤੋੜਨ ਲਈ ਜਦੋਂ ਪਿੱਪਲ ਦੇ ਰੁੱਖ 'ਤੇ ਚੜ੍ਹਿਆ ਤਾਂ ਇੱਲ ਦੇ ਆਲ੍ਹਣੇ ਵਿੱਚੋਂ ਹੀਰਿਆਂ ਦਾ ਹਾਰ ਅਤੇ ਪੱਗ ਵੀ ਮਿਲ ਗਈ। ਹੇਠਾਂ ਉੱਤਰ ਕੇ ਖ਼ੁਸ਼ ਹੁੰਦਾ ਘਰ ਪਹੁੰਚਿਆ। ਲੱਛਮੀ ਨੇ ਇਹ ਨਿਸ਼ਚਾ ਕੀਤਾ ਕਿ ਕਰਮਾਂ ਤੋਂ ਬਿਨਾਂ ਮੈਂ ਕਿਸੇ ਨੂੰ ਕੁਝ ਨਹੀਂ ਦੇ ਸਕਦੀ। ਜੇਕਰ ਦੇਵਾਂਗੀ ਤਾਂ ਉਸ ਕੋਲ ਰਹੇਗਾ ਨਹੀਂ। ਉਪਰੋਕਤ ਕਥਾ ਅਨੁਸਾਰ ਕਰਮ ਦੇਵ ਦੀ ਜਿੱਤ ਹੋਈ। ਇਸੇ ਗੱਲ ਨੂੰ ਗੁਰੂ ਸਾਹਿਬ ਜੀ ਨੇ ਗੁਰਬਾਣੀ ਅੰਦਰ ਸਪੱਸ਼ਟ ਕੀਤਾ ਹੈ। ਜੈਸਾ ਕਿ :

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ॥** *(ਜਪੁ ਜੀ ਸਾਹਿਬ, ਅੰਗ ੨)*

**ਸਾਖੀ : ਜੋਤਸ਼ੀ ਪੰਡਿਤ ਦੀ—**ਇਕ ਜੋਤਸ਼ੀ ਨੇ ਜੋਤਸ਼ ਲਾਇਆ ਕਿ ਜੇ ਪਾਰਸ ਇਸ ਦੁਨੀਆਂ ਵਿਚ ਹੈ ਤਾਂ ਉਹ ਕਿਥੇ ਤੇ ਕਿਸ ਤਰ੍ਹਾਂ ਦਾ ਹੈ। ਉਸ ਨੇ ਹਿਸਾਬ ਲਾਇਆ ਕਿ ਪਾਰਸ ਜ਼ਰੂਰ ਹੈ ਤੇ ਅਟਕ ਦਰਿਆ ਦੇ ਕੰਢੇ ਉੱਤੇ ਇਸ ਤਰ੍ਹਾਂ ਦੀ ਸ਼ਕਲ ਦਾ ਹੈ। ਇਸ ਦੇ ਉੱਤਰ ਵਿਚ ਹਿਸਾਬ ਨਿਕਲਿਆ ਕਿ ੧੦੫ ਦਿਨ ਤਕ ਉਥੇ ਹੀ ਰਹੇਗਾ। ਹੁਣ ਇਸ ਦਾ ਫੁਰਨਾ ਹੋਇਆ ਕਿ ਮੈਂ ਉਥੇ ਜਾ ਕੇ ਉਹ ਪਾਰਸ ਚੁੱਕ ਲਵਾਂ, ਫਿਰ ਮੈਨੂੰ ਕੋਈ ਭੁੱਖ ਨਹੀਂ ਰਹੇਗੀ। ਲੋਹੇ ਦਾ ਸੋਨਾ ਬਣਾ ਕੇ ਬਹੁਤ ਧਨ ਪੈਦਾ ਕਰ ਲਵਾਂਗਾ। ਸੰਸਾਰਕ ਸੁੱਖ ਭੋਗਾਂਗਾ ਤੇ ਰਾਜੇ ਮਹਾਰਾਜੇ ਵੀ ਮੇਰੇ ਸਮਾਨ ਨਹੀਂ ਹੋਣਗੇ। ਇਹ ਫੁਰਨਾ ਹੋਣ ਦੇ ਨਾਲ ਪਾਰਸ ਨੂੰ ਲੈਣ ਲਈ ਤੁਰ ਪਿਆ। ਪੈਂਡਾ ਤੈਅ ਕਰਦਾ-ਕਰਦਾ ਸਮੇਂ ਸਿਰ ਮੰਜ਼ਿਲ 'ਤੇ ਪੁੱਜ ਗਿਆ। ੧੦੫ਵਾਂ ਦਿਨ ਹੈ, ਅਟਕ ਦਰਿਆ ਦੇ ਪੱਤਣ 'ਤੇ ਪਹੁੰਚ ਗਿਆ। ਜੋਤਸ਼ ਅਨੁਸਾਰ ਉਸੇ ਸ਼ਕਲ ਦਾ ਪੱਥਰ ਵੱਟਾ (ਪਾਰਸ) ਉਸੇ ਜਗ੍ਹਾ 'ਤੇ ਪਿਆ ਸੀ। ਉਸ ਵੱਟੇ ਤੋਂ ਦਸ ਕਦਮ ਦੀ ਵਿੱਥ 'ਤੇ ਪਾਣੀ ਭਰਨ ਵਾਲੀ ਮਾਈ ਨੇ ਉਹ ਵੱਟਾ (ਪਾਰਸ) ਚੁੱਕ ਲਿਆ ਅਤੇ ਦਰਿਆ ਦੇ ਪਾਣੀ ਨਾਲ ਉਸ ਵੱਟੇ ਨਾਲ ਮਾਈ ਪੈਰਾਂ ਤੋਂ ਮੈਲ ਲਾਹੁਣ ਲੱਗ ਗਈ। ਅਤੇ ਪੰਡਿਤ ਦੇਖ ਰਿਹਾ ਹੈ ਤੇ ਮਨ ਵਿਚ ਸੋਚ ਰਿਹਾ ਹੈ ਕਿ ਪਾਰਸ ਮਾਈ ਕੋਲੋਂ ਖੋਹ ਲਵਾਂ। ਪਰ ਇਹ ਮੈਂ ਅਯੋਗ ਗੱਲ ਨਹੀਂ ਕਰ ਸਕਦਾ। ਫਿਰ ਸੋਚਦਾ ਹੈ ਕਿ ਜੇ ਮਾਈ ਤੋਂ ਮੰਗਿਆ ਤਾਂ ਵੀ ਮਾਈ ਨੇ ਦੇਣਾ ਨਹੀਂ, ਉਸ ਨੇ ਜਵਾਬ ਦੇਣਾ ਹੈ ਕਿ ਦਰਿਆ ਦੇ ਕੰਢੇ ਉੱਤੇ ਥੋੜ੍ਹੇ ਪੱਥਰ ਹਨ, ਇਹ ਉਨ੍ਹਾਂ ਤੋਂ ਵੱਖਰਾ ਹੈ, ਹੋਰ ਚੁੱਕ ਲੈ। ਇਉਂ ਸੋਚਦਾ ਹੈ, ਪਰ ਮਾਈ ਨੂੰ ਕੀ ਪਤਾ ਹੈ ਕਿ ਇਹ ਪਾਰਸ ਦੀ ਵੱਟੀ ਹੈ, ਇਹ ਦੂਜੇ ਆਮ ਪੱਥਰ ਨਹੀਂ ਹਨ। ਫਿਰ ਸੋਚਦਾ ਹੈ ਕਿ ਮਾਈ ਨੂੰ ਕੀ ਦੇਣਾ ਕਰਾਂ, ਜੋ ਇਹ ਮੈਨੂੰ ਪਾਰਸ ਦੀ ਵੱਟੀ ਦੇ ਦੇਵੇ। ਇਉਂ ਮਨ ਵਿਚ ਵਿਚਾਰ ਕਰਦਾ ਹੋਇਆ ਪੰਡਿਤ ਮਾਈ ਦੇ ਹੱਥ ਵੱਲ ਪੂਰੀ ਨਜ਼ਰ ਗੱਡੀ ਬੈਠਾ ਹੈ। ਇਤਨੇ ਨੂੰ ਮਾਈ ਨੇ ਪੈਰ ਧੋ ਕੇ ਉਹ ਵੱਟੀ ਦਰਿਆ ਵਿਚ ਵਗਾਹ ਕੇ ਮਾਰੀ ਤਾਂ ਪੰਡਿਤ ਨੇ ਬੇਵੱਸ ਹੋ ਕੇ ਕਿਹਾ—ਹਾਇ ਮਾਈ! ਤੂੰ ਕੀ ਕਰ ਦਿੱਤਾ, ਇਹ ਵੱਟਾ ਲੈਣ ਵਾਸਤੇ ਤਾਂ ੧੦੫ ਦਿਨਾਂ ਤੋਂ ਪੈਂਡਾ ਕਰਦਾ ਇਥੇ ਪਹੁੰਚਿਆ ਹਾਂ। ਇਹ ਕਹਿ ਕੇ ਪੰਡਿਤ ਧਾਹਾਂ ਮਾਰਦਾ ਹੋਇਆ ਰੋਣ ਪਿੱਟਣ ਲੱਗ ਗਿਆ। ਮਾਈ ਨੇ ਧੀਰਜ ਦੇ ਕੇ ਕਿਹਾ—ਪੰਡਿਤ ਜੀ! ਤੁਸੀਂ ਸਿਆਣੇ ਹੋ, ਮੈਨੂੰ ਲੱਗਦਾ ਹੈ ਕਿ ਪੜ੍ਹੇ-ਲਿਖੇ ਵਿਦਵਾਨ ਵੀ ਹੋ। ਫਿਰ ਇਕ ਪੱਥਰ ਦੀ ਵੱਟੀ ਵਾਸਤੇ ਬਾਲਕਾਂ ਵਾਂਗੂੰ ਕਿਉਂ ਰੋ-ਪਿੱਟ ਰਹੇ ਹੋ? ਇਥੇ ਪੱਥਰ ਦੀਆਂ ਵੱਟੀਆਂ ਦਾ ਘਾਟਾ ਹੈ, ਜਿੰਨੀਆਂ ਲੈਣੀਆਂ ਚਾਹੁੰਦੇ ਹੋ, ਲੈ ਲਵੋ। ਪੰਡਿਤ ਨੇ ਕਿਹਾ—ਮਾਈ! ਉਹ ਪੱਥਰ ਦੀ ਵੱਟੀ ਨਹੀਂ ਸੀ, ਉਹ ਤਾਂ ਪਾਰਸ ਸੀ। ਪਰ ਤੈਨੂੰ ਕਿਵੇਂ ਪਤਾ ਲੱਗਾ ਕਿ ਉਹ ਪਾਰਸ ਸੀ? ਪੰਡਿਤ ਨੇ ਸਾਰੀ ਪਿਛਲੀ ਵਾਰਤਾ ਕਹਿ ਸੁਣਾਈ ਕਿ ਮੈਂ ਜੋਤਸ਼ ਵਿੱਦਿਆ ਦੇ ਜਾਨਣ ਵਾਲਾ ਹਾਂ। ਵਿੱਦਿਆ ਦੇ ਬਲ ਨਾਲ ਪਤਾ ਲਗਾਇਆ ਸੀ ਇਸ ਪਾਰਸ ਦਾ ਕਿ ਉਹ ਇਸ ਦਰਿਆ 'ਤੇ ਹੈ। ਇਤਨੀ ਮਿਹਨਤ ਨਾਲ ਪੈਂਡਾ ਤੈਅ ਕਰਦਾ ਆਇਆ ਹਾਂ, ਪਰ ਤੂੰ ਮੇਰੀ ਸਾਰੀ ਮਿਹਨਤ ਬਰਬਾਦ ਕਰ ਦਿੱਤੀ। ਮਾਈ ਨੇ

ਕਿਹਾ ਕਿ ਪੰਡਤਾ! ਤੂੰ ਜੋਤਸ਼ ਨਾਲ ਇਹ ਤਾਂ ਸਭ ਕੁਝ ਜਾਣ ਲਿਆ ਤੇ ਪੈਂਡਾ ਤੈਅ ਕਰਦਾ ਮੰਜ਼ਲ 'ਤੇ ਪੁੱਜ ਵੀ ਗਿਆ, ਪਰ ਸਾਰਾ ਕੁਝ ਕਰਨ ਤੋਂ ਪਹਿਲਾਂ ਤੂੰ ਇਹ ਨਹੀਂ ਜਾਣਿਆ ਕਿ ਜੋ ਪਾਰਸ ਦਾ ਪ੍ਰਾਪਤ ਹੋਣਾ ਤੇਰੀ ਕਿਸਮਤ ਵਿਚ ਹੈ ਜਾਂ ਨਹੀਂ? ਮੈਂ ਤੇਰੀ ਕਿਸਮਤ ਹਾਂ। ਤੇਰੇ ਕਰਮਾਂ ਵਿਚ ਪਾਰਸ ਦਾ ਮਿਲਣਾ ਨਹੀਂ ਹੈ। ਇਹ ਕਹਿ ਕੇ ਮਾਈ ਅਲੋਪ ਹੋ ਗਈ। ਪੰਡਿਤ ਨੂੰ ਵੀ ਸੁਰਤ ਆ ਗਈ ਕਿ ਬਿਨਾਂ ਕਰਮਾਂ ਤੋਂ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਜੇਕਰ ਕਰਮਾਂ ਵਿਚ ਹੋਵੇ, ਉਸ ਨੂੰ ਕੋਈ ਦੂਜਾ ਲੈ ਨਹੀਂ ਸਕਦਾ। ਜਿਵੇਂ ਉਪਰੋਕਤ ਸਾਖੀ ਵਿਚ ਲੱਕੜਹਾਰੇ ਨੂੰ ਪ੍ਰਾਪਤ ਹੋਇਆ।

ਇਸ ਕਰਕੇ ਮੇਰੇ ਮਨਾਂ! ਐਵੇਂ ਬੇਅਰਥ ਹੀ ਭਟਕਣਾ ਵਿਚ ਨਾ ਪੈਣਾ ਕਰ, ਜੋ ਤੇਰੇ ਕਰਮਾਂ ਵਿਚ ਹੋਵੇਗਾ, ਉਹ ਤੈਨੂੰ ਜ਼ਰੂਰ ਹੀ ਮਿਲ ਜਾਣਾ ਹੈ।

## ਸ੍ਵੈਯਾ ॥

## ਭਾਵੀ ਕੇ ਭਾਵ ਅਭਾਵਯਥਾ; ਨਰ ਮੋ ਤਿਨ ਮੋ ਨਭ ਕੋ ਸੁਮਨਾ ॥

ਹੇ ਨਰ = ਪੁਰਸ਼ਾ ਭਾਵ ਮਨਾਂ! ਭਾਵੀ = ਅੱਗੇ ਭਵਿੱਖਤ ਕਾਲ (ਸਮੇਂ) ਕੇ = ਦੇ ਆਉਣ ਵਾਲੇ ਜੋ ਪਦਾਰਥ ਹਨ, ਉਹ ਅਭਾਵ = ਨਾ ਹੋਣ ਦੇ ਸਮਾਨ ਹਨ, ਇਸ ਕਰਕੇ ਤਿਨ = ਉਨ੍ਹਾਂ ਦੇ ਮੋ = ਵਿਚ ਨਾ ਲੱਗਣਾ ਕਰ। ਯਥਾ = ਜਿਵੇਂ ਨਭ = ਅਕਾਸ਼ ਕੋ = ਦੇ ਮੋ = ਵਿਚ ਸੁਮਨਾ = ਫੁੱਲ ਹੈ ਨਹੀਂ, ਇਉਂ ਇਹ ਪਦਾਰਥ ਅਕਾਸ਼ ਦੇ ਫੁੱਲ ਵਾਂਗ ਝੂਠੇ ਨਾਸ਼ਵਾਨ ਹਨ।

ਵਿਦਵਾਨਾਂ ਨੇ ਅਭਾਵ ਦੇ ਪੰਜ ਭੇਦ ਮੰਨੇ ਹਨ:

੧. ਪ੍ਰਾਗਾਭਾਵ—ਕਿਸੇ ਵਸਤੂ ਦਾ ਪਹਿਲੇ ਕਾਲ ਵਿਚ ਨਾ ਹੋਣਾ, ਜਿਵੇਂ ਕਿ ਲੋਹੇ ਵਿਚ ਤਲਵਾਰ ਬਣਨ ਤੋਂ ਪਹਿਲਾਂ ਮੌਜੂਦਾ ਸ਼ਕਲ ਦੀ ਤਲਵਾਰ ਦਾ ਅਭਾਵ ਸੀ।

੨. ਪ੍ਰਧਵੰਸਾਭਾਵ—ਜੋ ਵਸਤੂ ਦੇ ਨਾਸ਼ ਹੋਣ ਤੋਂ ਉਸ ਦਾ ਅਭਾਵ ਹੋ ਜਾਣਾ, ਜਿਵੇਂ ਕਿ ਆਤਿਸ਼ਬਾਜ਼ੀ ਜਲ ਕੇ ਭਸਮ ਹੋ ਗਈ।

੩. ਅਨੋਜਨਜਾਭਾਵ—ਪਰਸਪਰ ਅਭਾਵ, ਇਕ ਪਦਾਰਥ ਦਾ ਦੂਜੇ ਦਾ ਰੂਪ ਨਾ ਹੋਣਾ, ਜਿਵੇਂ ਕਿ ਗਧਾ ਗਊ ਨਹੀਂ, ਗਊ ਗਧਾ ਰੂਪ ਨਹੀਂ ਅਰਥਾਤ ਗਧੇ ਵਿਚ ਗਾਂ ਦਾ ਅਤੇ ਗਾਂ ਵਿਚ ਗਧੇ ਦਾ ਅਭਾਵ ਹੈ।

੪. ਅਤਜੰਤਾਭਾਵ—ਸਭ ਸਮਿਆਂ ਵਿਚ ਕਿਸੇ ਵਸਤੂ ਦਾ ਨਾ ਹੋਣਾ ਜਿਵੇਂ ਕਿ ਸਹੇ ਦਾ ਸਿੰਗ, ਅਕਾਸ਼ ਦਾ ਫੁੱਲ ਆਦਿ।

੫. ਸਾਮਯਿਕਾਭਾਵ—ਕਿਸੇ ਸਮੇਂ ਕਿਸੇ ਪਦਾਰਥ ਦੇ ਹੋਣ 'ਤੇ ਵੀ ਨਾ-ਮੌਜੂਦਗੀ ਹੋਣ ਕਰਕੇ ਅਭਾਵ ਹੋਣਾ, ਜਿਵੇਂ ਕਿ ਘੜਾ ਹੋਣ 'ਤੇ ਵੀ ਕਿਸੇ ਥਾਂ ਤੋਂ ਘੜਾ ਲੈ ਜਾਣ ਤੋਂ ਘੜੇ ਦਾ ਅਭਾਵ ਹੈ।

## ਮਧ ਕੇ ਭੋਗਕੇ ਮਧਜ ਰਮੋ; ਗਤ ਰਾਗ ਭ੍ਰਮੇ ਅਨ ਉਤਰਨਾ ॥

ਤੂੰ ਮਧ = ਵਿਚਕਾਰਲੇ ਭਾਵ ਵਰਤਮਾਨ ਸਮੇਂ ਕੇ = ਦੇ ਮਧ = ਵਿਚ ਭੋਗਕੇ = ਭੋਗ ਪਦਾਰਥਾਂ ਨੂੰ ਰਮੋ = ਭੋਗਣਾ ਕਰ, ਪਰ ਰਾਗ ਅਨ = ਦ੍ਵੈਸ਼ ਨੂੰ ਗਤ = ਨਾਸ਼ ਕਰਨਾ ਕਰ। ਐਵੇਂ ਉਤਰਨਾ = ਹੇਠਾਂ ਉਪਰ ਭਾਵ ਭੂਤ-ਭਵਿੱਖਤ ਆਦਿ ਦੇ ਵਿਚ ਭ੍ਰਮੇ = ਭਰਮਣਾ, ਭਟਕਣਾ ਨਾ ਕਰ।

## ਬ੍ਰਹਮ ਨਿਪੁੰਸਕ ਯੋਂ ਮਨ ਤੂੰ; ਬਿਨਤਾਂ ਨਵ ਦੰਪਤੀ ਮੋ ਸੁਖਨਾ ॥

ਹੇ ਭਾਈ! ਮਨ = ਆਤਮਾ ਤੂੰ = ਤੇਰਾ ਆਪਣਾ ਸਰੂਪ ਬ੍ਰਹਮ ਯੋਂ = ਵਾਂਗੂੰ ਨਿਪੁੰਸਕ ਹੈਂ ਭਾਵ ਬ੍ਰਹਮ

ਨੂੰ ਏਥੇ ਨਿਪੁੰਸਕ ਇਸ ਕਰਕੇ ਕਿਹਾ ਕਿ ਉਸ ਵਿਚ ਕੋਈ ਇਸਤਰੀ-ਪੁਰਖ ਦਾ ਭਾਵ ਨਹੀਂ ਹੈ। ਉਹ ਪ੍ਰਕਾਸ਼ ਸਰੂਪ ਹੈ, ਇਸ ਕਰਕੇ ਮਨ ਦਾ ਅਰਥ ਇਥੇ ਆਤਮਾ ਕਰਕੇ ਕਿ ਆਤਮਾ ਬ੍ਰਹਮ ਵਾਗੂੰ ਨਿਪੁੰਸਕ ਹੈ ਭਾਵ ਆਤਮਾ ਵਿਚ ਵੀ ਇਸਤਰੀ-ਪੁਰਖ ਭਾਵ ਨਹੀਂ ਹੈ, ਉਹ ਆਤਮਾ ਬ੍ਰਹਮ ਦਾ ਹੀ ਸਰੂਪ ਹੈ। ਜੈਸਾ ਕਿ :

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥** *(ਰਾਗੁ ਗੋਂਡ ਬਾਣੀ ਕਬੀਰ ਜੀਉ ਕੀ, ਅੰਗ ੮੭੧)*

**ਵਾ:** **ਮਨ ਤੂੰ ਜੋਤਿ ਸਰੂਪੁ ਹੈ...॥** *(ਆਸਾ ਮ: ੩, ਅੰਗ ੪੪੨)*

ਹੇ ਮਨਾਂ! ਦੰਪਤੀ (ਦੰ + ਪਤੀ) ਨਵ = ਨਵੀਨ, ਸ਼ੁੱਧ ਸਰੂਪ ਬ੍ਰਹਮ ਰੂਪ ਪਤੀ ਤੋਂ ਬਿਨਤਾਂ = ਬਗ਼ੈਰ ਮਾਇਆ ਰੂਪ ਦੰ = ਇਸਤਰੀ ਮੋ = ਵਿਚ (ਸੁਖ + ਨਾ) ਸੁਖ ਨਾ = ਨਹੀਂ ਹੈ ਭਾਵ ਬ੍ਰਹਮ ਨੂੰ ਛੱਡ ਕੇ ਮਾਇਆ ਵਿਚ ਲੱਗਣ ਨਾਲ ਤੈਨੂੰ ਸੁੱਖਾਂ ਦੀ ਪ੍ਰਾਪਤੀ ਨਹੀਂ ਹੋਵੇਗੀ।

**ਵਾ:** (ਦੰ + ਪਤੀ) ਆਤਮਾ ਰੂਪ ਦੰ = ਪਤਨੀ, ਨਵ = ਸ਼ੁੱਧ ਸਰੂਪ ਬ੍ਰਹਮ ਰੂਪ ਪਤੀ ਦਾ ਸਰੂਪ ਹੈ, ਇਸ ਆਤਮਾ ਦੀ ਲਖਤਾ ਕੀਤੀ ਤੋਂ ਬਗ਼ੈਰ ਭਾਵ ਆਪਣੇਂ ਆਤਮਿਕ ਸਰੂਪ ਨੂੰ ਜਾਨਣ ਤੋਂ ਬਿਨਤਾਂ = ਬਿਨਾਂ ਪਦਾਰਥਾਂ ਮੋ = ਵਿਚ ਰੰਚਕ ਮਾਤਰ ਵੀ (ਸੁਖ + ਨਾ) ਸੁਖ ਨਾ = ਨਹੀਂ ਹੈ ਭਾਵ ਅਗਿਆਨ ਵੱਸ ਆਪਣੇ ਸਰੂਪ ਤੋਂ ਭੁੱਲ ਕੇ ਦੁੱਖ ਹੀ ਦੁੱਖ ਹਨ। ਜੈਸਾ ਕਿ :

**ਭੂਲ ਗਯੋ ਅਗਯਾਨ ਤੇ ਅਪੁਨੋ ਆਤਮ ਰੂਪ ॥** *(ਅਧਯਾਤਮ ਪ੍ਰਕਾਸ਼)*

**ਵਾ:** ਨਵ = ਨਵੀਨ, ਸ਼ੁੱਧ ਸਰੂਪ (ਦੰ + ਪਤੀ) ਈਸ਼ਵਰ ਰੂਪ ਪਤੀ ਤੇ ਜੀਵ ਰੂਪ ਦੰ = ਪਤਨੀ ਹੈ। ਇਨ੍ਹਾਂ ਦੋਨਾਂ ਭਾਵ ਜੀਵ ਦੇ ਖਟ ਵਿਕਾਰ ਤੇ ਈਸ਼ਵਰ ਦੇ ਖਟ ਗੁਣਾਂ ਦਾ ਤਿਆਗ ਕਰ ਕੇ, ਦੋਹਾਂ ਵਿਚ ਸਤ, ਚਿਤ, ਅਨੰਦ ਬ੍ਰਹਮ ਦੀ ਅੰਸ਼ ਹੀ ਰਹਿ ਜਾਂਦੀ ਹੈ। ਇਸ ਤਰ੍ਹਾਂ ਜੀਵ-ਈਸ਼ ਦੀ ਏਕਤਾ ਤੋਂ ਬਿਨਤਾਂ = ਬਗ਼ੈਰ ਮੋ = ਮੋਹ ਆਦਿ ਵਿਕਾਰਾਂ ਵਿਚ ਸੁਖ ਨਹੀਂ ਹੈ।

## ਟੇਰਤ ਮੈ ਪ੍ਰਤਿ ਫੇਰ ਤੁਮੈ; ਤੁਮ ਮੋ ਮਤ ਕੋ ਮਤ ਫੇਰ ਮਨਾ ॥੩੦॥

ਹੇ ਮੇਰੇ ਪਿਆਰੇ ਮਨਾਂ! ਮੈਂ ਤੁਮੈ = ਤੇਰੇ ਪ੍ਰਤਿ = ਤਾਈਂ ਫੇਰ ਟੇਰਤ[੧] = ਪੁਕਾਰ ਕੇ ਕਹਿੰਦਾ ਹਾਂ ਕਿ ਤੁਮ = ਤੂੰ ਮੋ = ਮੇਰੀ ਮਤ = ਸਿੱਖਿਆ ਕੋ = ਨੂੰ ਮਤਾਂ ਫੇਰਨਾਂ ਕਰ ਭਾਵ ਮੇਰੀ ਸਿੱਖਿਆ ਨੂੰ ਮੋੜਨਾ ਨਾ ਕਰ **ਵਾ:** ਮੇਰੀ ਇਸ ਸਿੱਖਿਆ ਨੂੰ ਮੰਨਣਾ ਕਰ ਤੇ ਮਨਾ = ਇਨਕਾਰ ਨਾ ਕਰ ॥੩੦॥

ਭਾਵ ਹੇ ਮਨ! ਆਉਣ ਵਾਲੇ ਸੁੱਖਾਂ ਦੀ ਆਸ ਨਾ ਕਰ ਤੇ ਲੰਘ ਚੁੱਕਿਆਂ ਦੀ ਚਿੰਤਾ ਨਾ ਕਰ, ਜਿਵੇਂ ਸੱਪ ਲੰਘ ਗਿਆ ਹੋਵੇ, ਫਿਰ ਕੇਵਲ ਧਰਤੀ ਉੱਤੇ ਉਸ ਦੀ ਪਈ ਹੋਈ ਲੀਕ ਹੀ ਹੈ, ਉਸ ਦੀ ਚਿੰਤਾ ਕਰਨ ਨਾਲ ਸੱਪ ਥੋੜੀ ਮਿਲ ਜਾਣਾ ਹੈ। ਇਸੇ ਤਰ੍ਹਾਂ ਬੀਤ ਗਿਆਂ ਦੀ ਚਿੰਤਾ ਨਾ ਕਰ। ਜੈਸਾ ਕਿ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥** *(ਸਲੋਕ ਮ: ੯, ਅੰਗ ੧੪੨੯)*

ਅਤੇ ਹੇ ਮਨਾਂ! ਭਾਵੀ (ਭਵਿੱਖਤ ਕਾਲ) ਦੇ ਭਾਵ (ਪਦਾਰਥ) ਇਨ੍ਹਾਂ ਨੂੰ ਭਾਵ ਨਾ ਜਾਨਣਾ ਕਰ, ਬਲਕਿ ਅਭਾਵ ਜਾਨਣਾ ਕਰ। ਇਹ ਤਿੰਨੇ ਕਾਲ ਹੋਏ ਹੀ ਨਹੀਂ, ਜਿਵੇਂ ਅਕਾਸ਼ ਦੇ ਫੁੱਲ ਕਦੇ ਵੀ ਨਹੀਂ ਹੋਏ, ਇਵੇਂ ਜੋ ਪਦਾਰਥ ਅੱਜ ਤਕ ਕਦੇ ਹੋਏ ਹੀ ਨਹੀਂ ਤਾਂ ਹੁਣ ਉਹ ਕਿਵੇਂ ਹੋ ਸਕਦੇ ਹਨ। ਜੋ ਹੋਣੇ ਹੀ ਨਹੀਂ, ਉਨ੍ਹਾਂ ਦੀ ਆਸ ਰੱਖਣੀ ਵਿਅਰਥ ਹੀ ਹੈ। ਇਸ ਕਰਕੇ ਰਾਗ ਦ੍ਵੈਸ਼ ਤੋਂ ਰਹਿਤ ਹੋ ਕੇ ਵਰਤਮਾਨ ਸਮੇਂ ਵਿਚ ਵਰਤਣਾ ਕਰ, ਪਰਮੇਸ਼ਰ ਦੇ ਹੁਕਮ ਨੂੰ ਮੰਨ ਕੇ ਇਸ ਵਿਚ ਹੀ ਪ੍ਰਸੰਨ ਰਹਿਣਾ ਕਰ। ਜੈਸਾ ਕਿ :

**ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥** *(ਸੂਹੀ ਮ: ੫, ਅੰਗ ੭੮੩)*

---

੧. ਟੇਰਤ = ਉੱਚੇ ਸੁਰ ਵਿਚ ਲੰਮੀ ਹੇਕ ਨਾਲ ਲਾਈ ਹੋਈ ਤਾਨ, ਇਸ ਨੂੰ 'ਟੇਰਤ' ਕਹਿੰਦੇ ਹਨ।

**ਵਾ:** **ਜੋ ਕਿਛੁ ਕਰੈ ਸੋਈ ਭਲ ਮਾਨੈ ॥** *(ਸੂਹੀ ਮ: ੫, ਅੰਗ ੭੪੧)*

ਇਸ ਕਰਕੇ ਮਨਾਂ! ਜੋ ਕੁਝ ਵੀ ਪਰਮੇਸ਼ਰ ਕਰਦਾ ਹੈ, ਉਸ ਨੂੰ ਭਲਾ, ਚੰਗਾ ਕਰ ਕੇ ਮੰਨਣਾ ਕਰ। ਫੇਰ ਤਾਂ ਤੂੰ ਸਹਿਜ ਅਵਸਥਾ ਵਿਚ ਆ ਜਾਵੇਂਗਾ।

## ਕਬਿੱਤ ॥

## ਚਿੱਤ ਰੇ ਤੂੰ ਵਿੱਤ ਕੇ ਨਮਿੱਤ, ਦਿਨ ਰਾਤ ਨਿੱਤ;

ਰੇ = ਹੇ ਚਿੱਤ = ਮਨਾਂ! ਤੂੰ ਵਿੱਤ = ਧਨ ਕੇ = ਦੇ ਨਮਿੱਤ = ਵਾਸਤੇ ਨਿੱਤ = ਹਮੇਸ਼ਾ ਹੀ ਦਿਨ-ਰਾਤ :

## ਸੇਵਕ ਪਰੋਂ ਕੇ ਚਿੱਤ, ਏਹੀ ਦੁਖ ਅੱਤ ਰੇ ॥

ਪਰੋਂ ਕੇ = ਦੂਜੇ ਪੁਰਖਾਂ ਦੀ ਚਿੱਤ ਲਾ ਕੇ ਸੇਵਤ = ਸੇਵਾ ਕਰਦਾ ਹੈਂ, ਰੇ = ਹੇ ਮਨਾਂ! ਮੈਨੂੰ ਏਹੀ = ਏਹੋ ਹੀ ਅੱਤ = ਬਹੁਤ ਭਾਰੀ ਦੁੱਖ ਹੈ।

## ਤਿਨ ਕੀ ਜੋ ਮੁਦਤਾ, ਸੋ ਉਦਤਾ ਕਲੇਸੋਂ ਕਰਿ;

ਕਿਉਂਕਿ ਤਿਨ = ਉਨ੍ਹਾਂ ਧਨਵਾਨ ਪੁਰਸ਼ਾਂ ਕੀ = ਦੀ ਜੋ ਮੁਦਤਾ = ਪ੍ਰਸੰਨਤਾ, ਖ਼ੁਸ਼ੀ ਲੈਣੀ ਹੈ ਭਾਵ ਜੋ ਸੇਵਾ ਕਰ ਕੇ ਉਨ੍ਹਾਂ ਦੀ ਪ੍ਰਸੰਨਤਾ ਲੈਣੀ ਹੈ, ਸੋ = ਉਹ ਤੈਨੂੰ ਬਹੁਤ ਸਾਰੇ ਕਠਿਨ ਕਲੇਸੋਂ = ਦੁੱਖ ਉਠਾਉਣ ਕਰਕੇ ਫਿਰ ਉਹ ਪ੍ਰਸੰਨਤਾ ਉਦਤਾ = ਪ੍ਰਗਟ ਹੋਵੇਗੀ ਭਾਵ ਕਠਿਨ ਤੋਂ ਕਠਿਨ ਦੁੱਖ ਪਾ ਕਰਕੇ ਸੇਵਾ ਕਰੇਂਗਾ, ਫਿਰ ਉਹ ਪ੍ਰਸੰਨ ਹੋਣਗੇ;

## ਮਤਿ ਮਾਨ ਕਰੇ, ਹਤਿ ਤਾਂ ਕੋ, ਤਾਕੋ ਮੱਤ ਰੇ ॥

ਰੇ = ਹੇ ਮਨਾਂ! ਤੂੰ ਮਤਿ = ਮਤਾਂ ਮਾਨ = ਹੰਕਾਰ ਕਰੇ = ਕਰਨਾ ਕਰ ਕਿ ਤੈਨੂੰ ਕੁਝ ਇਨ੍ਹਾਂ ਕੋਲੋਂ ਪ੍ਰਾਪਤ ਹੋਵੇਗਾ, ਪਰਮੇਸ਼ਰ 'ਤੇ ਭਰੋਸਾ ਰੱਖ ਅਤੇ ਤਾਂ ਕੋ = ਉਸ ਨੂੰ ਭਾਵ ਐਸੀ ਭੈੜੀ ਰੀਤੀ ਨੂੰ ਹਤਿ = ਨਾਸ਼ ਕਰ, ਤਿਆਗਣਾ ਕਰ ਤੇ ਐਸੇ ਲੋਕਾਂ ਵੱਲ ਮਤਾਂ ਤਾਕੋ = ਵੇਖਣਾ ਕਰ।

## ਨਿਜ ਚਿੰਤਾ ਤਜਿ ਸੋਵੈਂ, ਸਵਾਂਤਰ ਪ੍ਰਸੰਨ ਹੋਵੈ;

ਇਸ ਕਰਕੇ ਨਿਜ = ਆਪਣੇ ਇਸ ਸਰੀਰ ਦੀ ਚਿੰਤਾ ਤਜਿ = ਛੱਡਣ ਰੂਪ ਸੋਵੈਂ = ਸੌਣਾ ਕਰ ਭਾਵ ਚਿੰਤਾ ਨੂੰ ਤਿਆਗਣਾ ਕਰ ਅਤੇ (ਸਵ + ਅੰਤਰ) ਸਵ = ਆਪਣੇ ਅੰਤਰ = ਅੰਦਰ ਪ੍ਰਸੰਨ ਚਿੱਤ ਹੋਵੈ = ਹੋਣਾ ਕਰ;

## ਚਿੰਤਾ ਮਨਿ ਗੁਣ ਜੋਵੈਂ, ਦੇਹ ਮੈਂ ਮਹਤ ਰੇ ॥

ਰੇ = ਹੇ ਮਨਾਂ! ਚਿੰਤਾਮਣ ਮਣੀ[੧] ਦੀ ਨਿਆਈਂ ਜੋ ਤੇਰਾ ਆਪਣਾ ਆਤਮ ਸਰੂਪ ਹੈ, ਉਸ ਆਤਮ ਗੁਣ = ਵਿਚਾਰ ਨੂੰ ਜੋਵੈਂ = ਵੇਖਣਾ ਕਰ ਭਾਵ ਆਪਣੇ ਆਤਮ ਸਰੂਪ ਦੀ ਲਖਤਾ ਕਰ **ਵਾ:** ਜੋ ਪਰਮੇਸ਼ਰ ਸਾਰੀਆਂ ਚਿੰਤਾ ਮਨਿ = ਚਿਤਵਣੀਆਂ ਪੂਰੀਆਂ ਕਰਨ ਵਾਲਾ ਹੈ, ਇਹ ਤੇਰੀ ਆਤਮਾ ਉਸ ਪਰਮੇਸ਼ਰ ਦਾ

---

੧. ਚਿੰਤਾ ਮਨਿ = ਪੁਰਾਣਾਂ ਅਨੁਸਾਰ ਜੋ ਚਿੰਤਾਮਣਿ ਮਨੀ ਮਨ ਚਿਤਵੇ ਪਦਾਰਥ ਦਿੰਦੀ ਹੈ।

ਹੀ ਸਰੂਪ ਹੈ। ਇਸ ਗੁਣ = ਵਿਚਾਰ ਨੂੰ ਜੋਵੈਂ = ਵੇਖਣਾ ਕਰ ਭਾਵ ਆਪਣੇ ਆਤਮ ਸਰੂਪ ਦੀ ਲਖਤਾ ਕਰ, ਜੋ ਦੇਹ = ਸਰੀਰ ਦੇ ਮੈਂ = ਵਿਚ ਇਹ ਆਤਮਾ ਮਹਤ = ਵੱਡੀ ਵਸਤੂ ਹੈ ਭਾਵ ਇਹ ਬ੍ਰਹਮ ਦਾ ਹੀ ਸਰੂਪ ਹੈ।

## ਤਾਂਤੇ ਅਭਿਲੱਖਤ ਨ, ਤੇਰੋ ਕਿਧੋ ਸਿਧ ਹੋਇ;

ਤਾਂਤੇ = ਉਸ ਆਤਮ ਸਰੂਪ ਨੂੰ ਜਾਨਣ ਤੋਂ ਕਿਆ ਤੇਰੋ = ਤੇਰੀਆਂ ਅਭਿਲੱਖਤ = ਇੱਛਾਵਾਂ ਸਿਧ = ਪੂਰੀਆਂ ਨਹੀਂ ਹੋਇ = ਹੋਣਗੀਆਂ ? ਭਾਵ ਜ਼ਰੂਰ ਪੂਰੀਆਂ ਹੋਣਗੀਆਂ, ਪਰਮੇਸ਼ਰ ਦੀ ਪ੍ਰਾਪਤੀ ਤੋਂ ਬਾਅਦ ਕੋਈ ਦੁਨਿਆਵੀ ਇੱਛਾ ਰਹਿ ਨਹੀਂ ਜਾਂਦੀ। ਪਰਮੇਸ਼ਰ ਦੀ ਪ੍ਰਾਪਤੀ **ਵਾ:** ਆਤਮਿਕ ਸਰੂਪ ਦੀ ਪ੍ਰਾਪਤੀ ਰੂਪ ਇੱਛਾ ਇਹ ਪੂਰੀ ਹੋ ਜਾਵੇਗੀ। ਕਿਧੋ = ਜਾਂ ਫੇਰ :

## ਸੁਧਾ ਪਾਨ ਕਰੇ ਤੇ, ਨ ਕਿਧੋ ਬਿਆਧਿ ਹੱਤ ਰੇ ॥੩੧॥

ਰੇ = ਹੇ ਮਨਾਂ ! ਸੁਧਾ = ਅੰਮ੍ਰਿਤ ਰੂਪੀ ਆਤਮਾ ਦੇ ਪ੍ਰਾਪਤੀ ਰੂਪ ਪਾਨ = ਪੀਣ ਕਰੇ = ਕਰਨ ਤੇ = ਤੋਂ ਕੀ ਤੇਰਾ ਅਗਿਆਨ ਰੂਪੀ ਬਿਆਧਿ = ਰੋਗ ਹੱਤ = ਨਾਸ਼ ਨਹੀਂ ਹੋਵੇਗਾ ? ਭਾਵ ਜ਼ਰੂਰ ਨਾਸ਼ ਹੋਵੇਗਾ ਕਿਧੋ = **ਵਾ:** ਕੀ ਤੇਰੇ ਆਧਿ, ਬਿਆਧਿ, ਉਪਾਧ ਰੂਪ ਰੋਗ ਨਾਸ਼ ਨਹੀਂ ਹੋਣਗੇ ? ਭਾਵ ਆਤਮਿਕ ਸਰੂਪ ਦੀ ਪ੍ਰਾਪਤੀ ਹੋਈ ਤੋਂ ਤੇਰੇ ਸਭ ਰੋਗ ਨਾਸ਼ ਹੋ ਜਾਣਗੇ, ਕਿਉਂਕਿ ਆਤਮਾ ਪਾਰਬ੍ਰਹਮ ਪਰਮੇਸ਼ਰ ਦਾ ਸਰੂਪ ਹੈ, ਇਸ ਕਰਕੇ ਪਰਮੇਸ਼ਰ ਨੂੰ ਕੋਈ ਰੋਗ ਨਹੀਂ ਹੈ, ਆਤਮਾ ਉਸ ਦਾ ਸਰੂਪ ਹੋਣ ਕਰਕੇ ਉਸ ਨੂੰ ਵੀ ਕੋਈ ਰੋਗ ਨਹੀਂ ਹੈ, ਇਸ ਕਰਕੇ ਆਤਮਾ ਦੀ ਲਖਤਾ ਹੋਣ ਤੋਂ ਸਭ ਰੋਗ ਨਾਸ਼ ਹੋ ਜਾਂਦੇ ਹਨ। ਆਤਮਾ ਦਾ ਸਰੂਪ ਸਤਿਗੁਰੂ ਜੀ ਗੁਰਬਾਣੀ ਅੰਦਰ ਇਸ ਪ੍ਰਕਾਰ ਕਥਨ ਕਰਦੇ ਹਨ॥੩੧॥ ਜੈਸਾ ਕਿ :

**ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ਰਹਾਉ॥**
**ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥**
**ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥**
**ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥**
**ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥੨॥**
**ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥**
**ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥**

*(ਗੋਂਡ ਮ: ੫, ਅੰਗ ੮੬੮)*

ਭਾਵ ਭਰਥਰੀ ਹਰੀ ਜੀ ਆਪਣੇ ਮਨ ਨੂੰ ਮੁਖ਼ਾਤਬ ਕਰ ਕੇ ਸਰਬ ਸਾਂਝੀ ਸਿੱਖਿਆ ਦਿੰਦੇ ਹਨ। ਮਨ ਹਰ ਵਕਤ ਧਨ ਵਾਸਤੇ ਭੱਜਿਆ ਫਿਰਦਾ ਹੈ। ਸ਼ਾਹੂਕਾਰ ਰਾਜੇ ਲੋਕਾਂ ਦੀ ਸੇਵਾ ਕਰਦਾ ਹੈ ਕਿ ਮੈਨੂੰ ਖ਼ੁਸ਼ ਹੋ ਕੇ ਧਨ-ਦੌਲਤ ਦੇ ਦੇਣਗੇ। ਉਨ੍ਹਾਂ ਧਨੀ ਪੁਰਖਾਂ ਨੂੰ ਖ਼ੁਸ਼ ਕਰਨ ਹਿਤ ਹਰ ਵੇਲੇ ਉਨ੍ਹਾਂ ਦੀ ਖ਼ੁਸ਼ਾਮਦੀ ਕਰਦਾ ਰਹਿੰਦਾ ਹੈ, ਨਾ ਦਿਨ ਵੇਖਦਾ ਹੈ ਨਾ ਰਾਤ, ਨਾ ਧੁੱਪ ਵੇਖਦਾ ਹੈ ਨਾ ਛਾਂ, ਨਾ ਭੁੱਖ ਵੇਖਦਾ ਹੈ ਨਾ ਤ੍ਰੇਹ। ਇਉਂ ਸਰੀਰ ਦੀ ਸੁਧ-ਬੁਧ ਭੁਲਾ ਕੇ ਹਰ ਵੇਲੇ ਉਨ੍ਹਾਂ ਦੀ ਸੇਵਾ ਕਰਦਾ ਹੈ। ਫਿਰ ਵੀ ਧਨ ਵਾਲੇ ਪ੍ਰਸੰਨ ਨਹੀਂ ਹੁੰਦੇ। ਅਨੇਕਾਂ ਦੁੱਖ ਸਹਿਣ ਤੋਂ ਵੀ ਜੇ ਪ੍ਰਸੰਨ ਹੋਣ ਤਾਂ ਵੱਡੇ ਭਾਗ ਹੁੰਦੇ ਹਨ। ਸੇਵਕ ਸੇਵਾ ਕਰਦਾ-ਕਰਦਾ ਮਰ ਜਾਣ ਦੀ ਹਾਲਤ ਤਕ ਪਹੁੰਚ ਜਾਂਦਾ ਹੈ, ਪਰ ਪ੍ਰਸੰਨ ਹੋਣਾ ਤਾਂ ਇਕ ਪਾਸੇ ਰਿਹਾ, ਉਹ ਸੇਵਕ ਦੇ ਗੁਣਾਂ ਦੀ ਕਦਰ ਵੀ ਨਹੀਂ ਕਰਦੇ। ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਮਨ ! ਤੂੰ ਇਸ ਗੱਲ ਦਾ ਮਾਣ ਨਾ ਕਰ ਕਿ ਮੇਰੇ 'ਤੇ ਪਤੀਜ ਕੇ ਕੋਈ ਬਖ਼ਸ਼ਿਸ਼ ਕਰਨਗੇ। ਇਸ ਲਈ ਤੂੰ ਆਪਣੇ ਮਾਨ ਨੂੰ ਤਿਆਗ ਕੇ ਉਨ੍ਹਾਂ ਵੱਲ ਵੇਖਣਾ ਵੀ ਨਾ ਕਰ। ਪਰਮੇਸ਼ਰ 'ਤੇ ਭਰੋਸਾ ਰੱਖ।

ਰਹੀ ਗੱਲ ਸਰੀਰ ਤੇ ਪਰਿਵਾਰ ਦੀ ਪਾਲਣਾ ਦੀ ਕਿ ਕਿਵੇਂ ਹੋਵੇਗੀ ? ਤਾਂ ਕਹਿੰਦੇ ਹਨ ਕਿ ਆਪਣੇ ਸਰੀਰ ਦੀ ਚਿੰਤਾ ਵੀ ਛੱਡ ਦੇਵੋ ਕਿਉਂਕਿ ਪਿੱਛੇ ਕਹਿ ਚੁੱਕੇ ਹਨ, ਜੋ ਕੁਝ ਵੀ ਜਿਸ ਤਰ੍ਹਾਂ ਦਾ ਹੋਣਾ ਹੈ, ਉਹ ਕੁਝ ਉਸ ਤਰ੍ਹਾਂ ਦਾ ਹੀ ਹੋਵੇਗਾ। ਭਾਵੇਂ ਇਕ ਜੁਗ ਤੋਂ ਦੂਜਾ ਜੁਗ ਵੀ ਆ ਜਾਵੇ, ਤੇਰਾ ਫਲ ਤੈਨੂੰ ਜ਼ਰੂਰ ਮਿਲੇਗਾ। ਫਿਰ ਚਿੰਤਾ ਕਿਸ ਗੱਲ ਦੀ ਹੈ ? ਇਸ ਕਰਕੇ ਪਰਮੇਸ਼ਰ ਦੇ ਸਿਮਰਨ ਵਿਚ ਲੱਗਣਾ ਕਰ, ਜਿਸ ਤੋਂ ਸਭ ਕਾਮਨਾਵਾਂ ਪੂਰੀਆਂ ਹੋਣਗੀਆਂ, ਜਿਵੇਂ ਅੰਮ੍ਰਿਤ ਪੀਣ ਵਾਲੇ ਦੀ ਬਿਮਾਰੀ ਤਾਂ ਕਿਤੇ ਰਹੀ ਬਲਕਿ ਮੌਤ ਵੀ ਦੂਰ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਮ ਜਪਣ ਵਾਲੇ ਦੀਆਂ ਕਾਮਨਾਵਾਂ ਕਿਉਂ ਨਹੀਂ ਪੂਰੀਆਂ ਹੋਣਗੀਆਂ ? ਭਾਵ ਜ਼ਰੂਰ ਹੀ ਪੂਰੀਆਂ ਹੋਣਗੀਆਂ। ਜੈਸਾ ਕਿ :

**ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥**
**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥**

*(ਧਨਾਸਰੀ ਮ: ੪, ਅੰਗ ੬੬੯-੭੦)*

## ਦੋਹਰਾ ॥

## ਤਨ ਮੋ ਤਨਕ ਨਿਵਾਸ ਤਵ; ਚਿੰਤਾਮਨਿ ਤਜਿ ਤਾਹਿ ॥

ਹੇ ਮਨਾਂ ! ਇਸ ਤਨ = ਸਰੀਰ ਮੋ = ਵਿਚ ਤਵ = ਤੇਰਾ ਤਨਕ = ਥੋੜ੍ਹਾ ਚਿਰ ਨਿਵਾਸ = ਵਾਸਾ ਹੈ। ਤਾਹਿ = ਤਿਸ ਕਰਕੇ ਹੀ ਤੂੰ ਚਿੰਤਾਮਣੀ ਦੀ ਨਿਆਈਂ ਆਤਮਿਕ ਵਿਚਾਰ ਨੂੰ ਤਜਿ = ਛੱਡ ਦਿੱਤਾ ਹੈ।

## ਬਹੁਰ ਕ੍ਰਿਪਣ ਗ੍ਰਿਹਿ ਪ੍ਰਾਭਵ ਸਹਿਤ; ਦ੍ਰਵਯ ਹਿਤ ਕਾਹਿ ॥੩੨॥

ਅਤੇ ਬਹੁਰ = ਫਿਰ ਕ੍ਰਿਪਣ = ਸੂਮ ਪੁਰਖਾਂ ਦੇ ਗ੍ਰਿਹਿ = ਘਰ ਵਿਚ ਦ੍ਰਵਯ = ਦਰਬ, ਧਨ ਹਿਤ = ਵਾਸਤੇ ਕਾਹਿ = ਕਿਉਂ ਪ੍ਰਾਭਵ = ਨਿਰਾਦਰ ਸਹਿਤ = ਸਹਾਰਦਾ ਹੈਂ ਭਾਵ ਮਨੁੱਖਾ ਸਰੀਰ ਵਿਚ ਨਿਵਾਸ ਕਰਨ ਦਾ ਸਮਾਂ ਬਹੁਤ ਥੋੜ੍ਹਾ ਹੈ ਅਤੇ ਕਰਨਾ ਤਾਂ ਇਹ ਸੀ ਕਿ ਥੋੜ੍ਹੇ ਸਮੇਂ ਵਿਚ ਮਨੁੱਖਾ ਜਨਮ ਨੂੰ ਜਿੱਤ ਲੈਣਾ ਕਰਦਾ, ਪਰ ਮੂਰਖ ਮਨ ਨੇ ਇਸ ਕਾਰਜ ਨੂੰ ਛੱਡ ਕੇ ਧਨਵਾਨ ਪੁਰਖਾਂ ਦੇ ਘਰ ਜਾ ਕੇ ਧਨ ਵਾਸਤੇ ਉਨ੍ਹਾਂ ਦੀ ਖ਼ੁਸ਼ਾਮਦ ਕਰ ਕੇ ਆਪਣਾ ਨਿਰਾਦਰ ਹੀ ਸਹਿਣ ਕੀਤਾ ਹੈ। ਇਉਂ ਆਤਮਿਕ ਵਿਚਾਰ ਵਿਅਰਥ ਹੀ ਗਵਾ ਲਿਆ। ਜੈਸਾ ਕਿ :

**ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥੧॥**

*(ਗਉੜੀ ਭਗਤ ਕਬੀਰ ਜੀ, ਅੰਗ ੩੩੫)*

## ਯਥਾ ਕਬਿੱਤ ॥

## ਇੰਦ੍ਰਯੋ ਕੇ ਭੋਗ ਸਾਰੇ, ਭਾਰੇ ਰੋਗ ਦੇਨ ਵਾਰੇ;

ਭਰਥਰੀ ਜੀ ਕਥਨ ਕਰਦੇ ਹਨ ਕਿ ਇੰਦ੍ਰਯੋ = ਇੰਦਰਿਆਂ ਕੇ = ਦੇ ਸਾਰੇ ਹੀ ਜੋ ਭੋਗ ਹਨ, ਇਹ ਬਹੁਤ ਭਾਰੇ = ਭਾਰੀ ਰੋਗ = ਦੁੱਖ ਦੇਨ ਵਾਰੇ = ਦੇਣ ਵਾਲੇ ਹਨ।

## ਤਾਂਕੋ ਕੀਜੈ ਹੇਯ, ਮਤ ਸ੍ਰੇਯ ਪਥ ਤਜ ਰੇ ॥

ਰੇ = ਹੇ ਮਨਾਂ। ਤਾਂਕੋ = ਉਨ੍ਹਾਂ ਭੋਗਾਂ ਦਾ ਹੇਯ = ਤਿਆਗ ਕੀਜੈ = ਕਰਨਾ ਕਰ, ਸ੍ਰੇਯ = ਮੁਕਤੀ ਰੂਪ ਪਥ = ਪੰਥ ਭਾਵ ਰਸਤੇ ਨੂੰ ਮਤ = ਮਤਾਂ ਤਜ = ਛੱਡਣਾ ਕਰ।

## ਪਾਪ ਅਦ੍ਰ ਨਾਸਨ ਕੋ, ਬੱਜ੍ਰ ਪਾਕਸਾਸਨ ਕੋ;

ਪਾਪਾਂ ਰੂਪ ਅਦ੍ਰ = ਪਹਾੜ ਜੋ ਪਾਕਸਾਸਨ[੧] ਇੰਦਰ ਕੋ = ਦੇ ਬੱਜ੍ਰ = ਇੰਦਰ ਦੀ ਗਦਾ ਦੇ ਸਮਾਨ ਹਨ। ਉਨ੍ਹਾਂ ਪਾਪਾਂ ਕੋ = ਨੂੰ ਨਾਸਨ = ਨਾਸ਼ ਕਰਨ ਵਾਸਤੇ ਅਤੇ;

## ਦਾਹੇ ਦੋਖ ਘਾਸਨ ਕੋ ਮੋਖ ਸਿਖੀ ਸਜ ਰੇ॥

ਰੇ = ਹੇ ਮਨਾਂ! ਦੋਖ = ਦੋਸ਼ਾਂ ਰੂਪ ਘਾਸਨ = ਘਾਹ ਕੋ = ਨੂੰ ਦਾਹੇ = ਸਾੜਨ ਵਾਸਤੇ ਮੋਖ = ਮੋਖਸ਼ ਰੂਪ ਸਿਖੀ = ਅਗਨੀ ਨੂੰ ਸਜ = ਸਜਾਉਣਾ, ਬਾਲਣਾ ਕਰ।

## ਹੂਜੋ ਸ਼ਾਂਤਿ ਭਵ ਬੀਚ, ਪ੍ਰਾਪਤਿ ਕਦਾਪਿ ਨੀਚ;

ਨੀਚ ਮਨਾਂ! ਤੂੰ ਕਦਾਪਿ = ਕਦੇ ਤਾਂ ਸ਼ਾਂਤਿ ਭਵ = ਸ਼ਾਂਤੀ ਭਾਵ ਬੀਚ = ਵਿਚ ਪ੍ਰਾਪਤ ਹੂਜੋ = ਹੋਣਾ ਕਰ।

## ਆਪਨੀ ਕਲੋਲ ਲੋਕ, ਗਤ ਤੇ ਨ ਲਜ ਰੇ॥

ਰੇ = ਹੇ ਮਨਾਂ! ਤੂੰ ਆਪਣੀਆਂ ਲੋਲ = ਚੰਚਲ ਕਲੋਲਾਂ ਵਾਲੀ ਗਤ = ਰੀਤੀ ਤੇ = ਤੋਂ ਹਟਣ ਰੂਪ ਲਜ = ਸ਼ਰਮ ਕਿਉਂ ਨਹੀਂ ਕਰਦਾ।

## ਖਿਨ ਭੰਗ ਭਵ ਰਾਗ, ਤਾਕੋ ਮਨ ਕਰੋ ਤਿਆਗਿ;

ਜਦੋਂ ਭਵ = ਸੰਸਾਰਕ ਪਦਾਰਥ ਇਕ ਖਿਨ = ਛਿਨ ਵਿਚ ਹੀ ਭੰਗ = ਨਾਸ਼ ਹੋ ਜਾਂਦੇ ਹਨ, ਹੇ ਮਨਾਂ! ਤਾਕੋ = ਉਨ੍ਹਾਂ ਦਾ ਰਾਗ = ਪ੍ਰੇਮ ਤਿਆਗਣਾ ਕਰ। ਅਤੇ :

## ਮੋਖ ਕੋ ਵੈਰਾਗ ਸਹਿਕਾਰੀ, ਤਾਸ ਭਜ ਰੇ॥੩੩॥

ਰੇ = ਹੇ ਮਨਾਂ! ਜੋ ਮੋਖ = ਮੁਕਤੀ ਕੋ = ਦਾ ਸਹਿਕਾਰੀ = ਸਹਾਇਕ ਵੈਰਾਗ ਹੈ, ਤਾਸ = ਉਸ ਨੂੰ ਭਜ = ਭਜਨਾ ਕਰ ਭਾਵ ਧਾਰਨਾ ਕਰ॥੩੩॥

### ਵੈਰਾਗ ਦੀਆਂ ਨੌਂ ਕਿਸਮਾਂ ਹਨ

੧. **ਕਾਰਨ ਵੈਰਾਗ :** ਕਾਰਨ ਵੈਰਾਗ ਦਾ ਸਰੂਪ ਭਰਥਰੀ ਜੀ ਦੇ ਜੀਵਨ ਵਿੱਚੋਂ ਹੀ ਮਿਲਦਾ ਹੈ, ਪਿੰਗਲਾ ਰਾਣੀ ਦੀ ਬੇਵਫ਼ਾਈ ਵੇਖ ਕੇ, ਜਿਸ ਨੂੰ ਇਹ ਬਹੁਤ ਪਿਆਰ ਕਰਦਾ ਸੀ, ਉਸ ਨੇ ਹਥਵਾਨ ਦੇ ਨਾਲ ਸਰੀਰਕ ਸੰਬੰਧ ਕਾਇਮ ਕਰ ਲਏ ਸਨ। ਭਰਥਰੀ ਜੀ ਨੇ ਸਭ ਕੁਝ ਤਿਆਗ ਕੇ ਵੈਰਾਗ ਧਾਰਨ ਕਰ ਲਿਆ। ਗੋਰਖ ਨਾਥ ਦੀ ਸ਼ਰਣ ਗ੍ਰਹਿਣ ਕਰ ਕੇ ਜੋਗ ਧਾਰਨ ਕਰ ਲਿਆ। ਇਸਤਰੀ ਦਾ ਆਚਰਣ ਗੰਦਾ ਦੇਖ ਕੇ ਵੈਰਾਗ ਧਾਰਿਆ। ਇਸ ਦਾ ਨਾਮ ਕਾਰਨ ਵੈਰਾਗ ਹੈ। ਜੈਸਾ ਕਿ :

**ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ॥੧੩॥**

*(ਮਾਰੂ ਸੋਲਹੇ ਮ: ੧, ਅੰਗ ੧੦੩੦)*

---

੧. ਪਾਕਸਾਸਨ = (ਪਾਕ + ਸਾਸਨ) ਪਾਕ ਦੈਤ ਨੂੰ ਸਾਸਨ (ਤਾੜਨ) ਵਾਲਾ, ਇੰਦਰ।

**ਸ੍ਵੈਯਾ॥ ਜਿਨ ਕੋ ਨਿਤ ਮੈ ਚਿਤ ਮੈ ਚਿਤ ਮੋ ਤਿਨ ਕੀ ਰਤਿ ਮੋ ਤਨ ਮਾਂਹਿ ਰਤੀ ਨਾ॥**
**ਵਹੁ ਆਨ ਪੁਮਾਨ ਕੇ ਸੰਗਿ ਰਤੀ ਪੁਨ ਤਾ ਮਨ ਮੈ ਗਨਕਾ ਗ੍ਰਹ ਕੀਨਾ॥**
**ਧਿਕ ਹੈ ਅਬਲਾ ਭ੍ਰਿਤ ਕੰਦ੍ਰਪ ਪੈ ਅਰੁ ਮੋਹਿ ਧਿੱਕਾਰ ਜੋ ਮਾਰ ਅਧੀਨਾ॥**
**ਇਸ ਰੀਤ ਸਮੂਹ ਕੀ ਪ੍ਰੀਤਿ ਤਜੀ ਨ੍ਰਿਪ ਹੋਇ ਜੋਗੀਸ਼ਰ ਈਸ਼੍ਵਰ ਚੀਨਾ॥੧੩॥**

੨. **ਮੰਦ ਵੈਰਾਗ :** ਮੰਦ ਵੈਰਾਗ ਇਸ ਪ੍ਰਕਾਰ ਹੈ :

**ਨਾਰ ਮਰੈ ਘਰ ਸੰਪਤ ਨਾਸੀ ਮੂਡ ਮੁਡਾਏ ਭਏ ਸੰਨਿਆਸੀ॥** *(ਰਾਮਾਇਣ)*

ਇਸਤਰੀ ਮਰ ਗਈ, ਘਰ ਦੀ ਸੰਪਤੀ, ਵਿਭੂਤੀ ਨਾਸ਼ ਹੋ ਗਈ, ਕੋਈ ਪਦਾਰਥ ਨਾ ਰਿਹਾ। ਸੋਚਣ ਲੱਗ ਪਿਆ ਕਿ ਕੀ ਹੈ ? ਜਗਤ ਮਿੱਥਿਆ ਹੈ, ਸਭ ਕੁਝ ਨਾਸ਼ਵੰਤ ਹੈ। ਇਹ ਕਹਿ ਕੇ ਸਭ ਕੁਝ ਛੱਡ ਦਿੱਤਾ। ਪਦਾਰਥ ਦੀ ਥੋੜ੍ਹ ਕਾਰਨ ਵੈਰਾਗੀ ਹੋ ਗਿਆ। ਇਸ ਦਾ ਨਾਮ ਮੰਦ ਵੈਰਾਗ ਹੈ। ਇਸ ਦੀ ਬਾਬਤ ਸਤਪੁਰਸ਼ਾਂ ਦਾ ਕਥਨ ਹੈ :

**ਆਇਆ ਬੁਲਾ ਪਾਉਣ ਦਾ ਚੜ੍ਹਿਆ ਕੱਖ ਅਕਾਸ।**
**ਢਹਿੰਦਾ ਢਹਿੰਦਾ ਢਹਿ ਪਿਆ ਕੱਖ ਕੱਖਾਂ ਦੇ ਪਾਸ।** *(ਲੌਕਿਕ ਪ੍ਰਮਾਣ)*

ਜਿਵੇਂ ਪਉਣ ਦੇ ਬੁੱਲੇ ਨਾਲ ਕੱਖ ਉੱਡ ਕੇ ਅਕਾਸ਼ ਨੂੰ ਚੜ੍ਹ ਜਾਂਦਾ ਹੈ, ਪਰ ਜਿਸ ਵੇਲੇ ਹਵਾ ਦੀ ਗੰਢ ਖੁੱਲ੍ਹ ਗਈ, ਉਸ ਵੇਲੇ ਕੱਖ ਉਸੇ ਤਰ੍ਹਾਂ ਧਰਤੀ 'ਤੇ ਆ ਡਿੱਗਦਾ ਹੈ। ਇਸੇ ਰੀਤ ਅਨੁਸਾਰ ਇਸਤਰੀ ਦੇ ਮਰਨ ਤੇ ਧਨ ਨਾਸ਼ ਹੋਣ ਤੋਂ ਤਿਆਗੀ ਬਣ ਬੈਠਾ। ਇਹ ਵੈਰਾਗ ਹਿਰਦੇ ਰੂਪੀ ਆਕਾਸ਼ ਵਿਚ ਚੜ੍ਹਿਆ ਤੇ ਮਗਰੋਂ ਜਿਥੇ ਵਿਸ਼ੇ ਸੁਖ ਜਾਂ ਪਦਾਰਥ ਪ੍ਰਾਪਤ ਹੋਇਆ, ਉਥੇ ਹੀ ਬਿਰਤੀ ਡਿੱਗ ਜਾਂਦੀ ਹੈ। ਜੈਸਾ ਕਿ :

**ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥**
**ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥** *(ਗਉੜੀ ਕੀ ਵਾਰ, ਮ: ੫, ਅੰਗ ੩੨੨)*

ਇਉਂ ਇਕ ਇਸਤਰੀ ਛੱਡ ਕੇ ਸੌ-ਸੌ ਚੇਲੀ ਬਣਾ ਲੈਣੀ, ਇਕ ਟੁੱਟਾ ਜਿਹਾ ਘਰ ਛੱਡ ਕੇ ਕਈ ਕਈ ਪੱਕੇ ਡੇਰੇ ਬਣਾ ਲੈਣੇ, ਇਹ ਮੰਦ ਵੈਰਾਗ ਦਾ ਹਾਲ ਹੈ। ਮੰਦ ਵੈਰਾਗੀ ਨੂੰ ਘਰ ਨਹੀਂ ਤਿਆਗਣਾ ਚਾਹੀਦਾ।

੩. **ਏਕ ਇੰਦਰੇ ਵੈਰਾਗ :** ਮਨ ਤੇ ਇੰਦਰੀਆਂ ਦਾ ਹਰਿਆਏ ਪਸ਼ੂ ਵਾਂਗ ਹਰ ਸਮੇਂ ਵਿਕਾਰਾਂ ਵਿਚ ਡੋਲਦੇ ਰਹਿਣਾ, ਪਰ ਕੁਕਰਮਾਂ ਤੋਂ, ਪਾਪਾਂ ਤੋਂ ਸਰੀਰ ਬਚਾ ਕੇ ਰੱਖਣਾ। ਜੈਸਾ ਕਿ :

**ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥** *(ਮਾਰੂ ਮ: ੧, ਅੰਗ ੧੦੦੩)*

੪. **ਯਤਮਾਨ ਵੈਰਾਗ :** ਸੱਚ ਤੇ ਝੂਠ ਦਾ ਨਿਰਣਾ। ਸੱਚ ਵਸਤੂ ਦਾ ਗ੍ਰਹਿਣ ਅਤੇ ਝੂਠ ਦਾ ਤਿਆਗ ਕਰਨਾ। ਗੁਰਬਾਣੀ ਵਿਚ ਇਸ ਦਾ ਸਰੂਪ ਭਗਤ ਕਬੀਰ ਜੀ ਕਥਨ ਕਰਦੇ ਹਨ :

**ਕਹਤ ਕਬੀਰ ਚੇਤਿ ਰੇ ਅੰਧਾ॥ ਸਤਿ ਰਾਮੁ ਝੂਠਾ ਸਭੁ ਧੰਧਾ॥**
*(ਗਉੜੀ ਕਬੀਰ ਜੀ, ਅੰਗ ੩੨੬)*

ਇਸ ਦਾ ਨਾਮ ਯਤਮਾਨ ਵੈਰਾਗ ਹੈ।

੫. **ਵਿਤ੍ਰੇਕ ਵੈਰਾਗ :** ਅੰਦਰ ਇਹ ਵਿਚਾਰ ਫੁਰਨੀ ਕਿ ਮੈਂ ਇਤਨੀ ਦੇਰ ਦਾ ਸਤਿਸੰਗਤ, ਭਜਨ, ਸਿਮਰਨ ਕਰ ਰਿਹਾਂ, ਮੇਰੇ ਅੰਦਰੋਂ ਕਿੰਨੇ ਕੁ ਵਿਕਾਰ ਨਾਸ਼ ਹੋਏ ਹਨ ਅਤੇ ਕਿੰਨੇ ਕੁ ਸ਼ੁਭ ਗੁਣ ਆ ਗਏ ਹਨ। ਇਸ ਪ੍ਰਕਾਰ ਕਰਕੇ ਅਉਗਣਾਂ ਦਾ ਤਿਆਗ ਕਰਨਾ ਅਤੇ ਸ਼ੁਭ ਗੁਣਾਂ ਦੇ ਧਾਰਨੀ ਹੋਣਾ। ਇਸ ਦਾ ਸਰੂਪ ਗੁਰਬਾਣੀ ਅੰਦਰ ਇਉਂ ਹੈ :

**ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥** *(ਵਾਰ ਮਾਝ ਮ: ੧, ਅੰਗ ੧੪੬)*

ਇਸ ਦਾ ਨਾਮ ਵਿਤ੍ਰੇਕ ਵੈਰਾਗ ਹੈ।

੬. **ਵਸੀਕਾਰ ਵੈਰਾਗ :** ਮਨ ਤੇ ਇੰਦਰੀਆਂ ਨੂੰ ਰੋਕ ਲੈਣਾ। ਮਨ ਵਾਸ਼ਨਾ ਵੱਲੋਂ ਰੋਕ ਲੈਣਾ ਤੇ ਇੰਦਰੇ ਵਿਸ਼ਿਆਂ ਵੱਲੋਂ ਰੋਕ ਲੈਣੇ। ਇਸ ਦਾ ਸਰੂਪ ਗੁਰਬਾਣੀ ਵਿਚ ਇਸ ਪ੍ਰਕਾਰ ਹੈ :

**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥** *(ਗਉੜੀ ਸੁਖਮਨੀ ਮ: ੫, ਅੰਗ ੨੭੪)*

**ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥**

*(ਸਿਰੀਰਾਗ ਕੀ ਵਾਰ ਮ: ੪, ਅੰਗ ੮੭)*

੭. **ਤੀਬਰ ਵੈਰਾਗ :** ਸੰਸਾਰ ਦੇ ਸੁਖ, ਰਾਜ ਸਮੱਗਰੀ ਤਕ ਦੀ ਇੱਛਾ ਨਾਸ਼ ਹੋ ਕੇ ਇਕ ਵਾਹਿਗੁਰੂ ਦੀ ਪ੍ਰਾਪਤੀ ਲਈ ਵੈਰਾਗ ਸਹਿਤ ਰਹਿਣਾ ਕਿ ਹੇ ਵਾਹਿਗੁਰੂ ਜੀ ! ਮੈਨੂੰ ਰਾਜ ਅਤੇ ਵਿਸ਼ੇ ਸੁਖ ਪ੍ਰਾਪਤ ਨਾ ਹੋਣ। ਮੈਂ ਇਨ੍ਹਾਂ ਵਿਚ ਖਚਿਤ ਨਾ ਹੋਵਾਂ। ਜੈਸਾ ਕਿ :

**ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥**

*(ਜੈਤਸਰੀ ਕੀ ਵਾਰ ਮ: ੫, ਅੰਗ ੭੦੯)*

੮. **ਤਰ ਤੀਬਰ ਵੈਰਾਗ :** ਸਵਰਗ ਲੋਕ ਦੇ ਭੋਗਾਂ ਦਾ ਤਿਆਗ, ਜਿਵੇਂ ਸਵਰਗ ਦੇ ਲਈ ਯੱਗ ਆਦਿਕ ਕਰਮ ਕਰਦੇ ਹਨ ਕਿ ਸਾਨੂੰ ਇੰਦਰ ਪਦਵੀ ਪ੍ਰਾਪਤ ਹੋ ਜਾਵੇ। ਇਸ ਢੰਗ ਦੇ ਦਿੱਬ ਭੋਗਾਂ ਦੀ ਪ੍ਰਾਪਤੀ ਵਾਸਤੇ ਕੋਈ ਯੱਗ ਆਦਿਕ ਕਰਨ ਦੀ ਇੱਛਾ ਨਾ ਕਰਨੀ। ਇਸ 'ਤੇ ਭਾਈ ਤਿਲਕੂ ਜੀ ਦੀ ਸਾਖੀ ਢੁੱਕਦੀ ਹੈ ਕਿ ਜਿਸ ਨੇ ਮਹੇਸ਼ੇ ਜੋਗੀ ਦੇ ਸਵਰਗ ਸੁਖ ਦਾ ਤਿਆਗ ਕਰ ਕੇ ਗੁਰੂ 'ਤੇ ਦ੍ਰਿੜ੍ਹ ਨਿਸ਼ਚਾ ਰੱਖਿਆ ਸੀ ਤੇ ਕਿਹਾ ਸੀ ਕਿ ਮੈਨੂੰ ਸਵਰਗ ਸੁਖ ਦੀ ਲੋੜ ਨਹੀਂ ਹੈ। ਜੈਸਾ ਕਿ :

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥**
**ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥**

*(ਸਲੋਕ ਕਬੀਰ ਜੀ, ਅੰਗ ੧੩੭੦)*

੯. **ਤਰ ਤੀਬਰ ਤਰ ਤਮ ਵੈਰਾਗ :** ਜਿਵੇਂ ਕਾਂ ਦੀ ਵਿੱਠ ਜੋ ਵਿਸ਼ਟਾ ਦਾ ਵੀ ਵਿਸ਼ਟਾ ਹੈ, ਇਸ ਤਰੀਕੇ ਨਾਲ ਇਸ ਲੋਕ ਤੋਂ ਲੈ ਕੇ ਬ੍ਰਹਮ ਲੋਕ ਤਕ ਦੇ ਸਾਰੇ ਪਦਾਰਥਾਂ, ਭੋਗਾਂ ਨੂੰ ਕਾਂ ਦੀ ਵਿੱਠ ਸਮਾਨ ਸਮਝਣਾ। ਇਸ ਨੂੰ ਤਰ ਤੀਬਰ ਤਰ ਤਮ ਵੈਰਾਗ ਕਹਿੰਦੇ ਹਨ। ਕਾਂ ਦੀ ਗੰਦਗੀ ਨੂੰ ਖਾਣਾ ਤਾਂ ਇਕ ਪਾਸੇ ਰਿਹਾ, ਕੋਈ ਦੇਖਣਾ ਵੀ ਨਹੀਂ ਚਾਹੁੰਦਾ। ਇਸ ਪ੍ਰਕਾਰ ਦੀ ਨਫ਼ਰਤ ਹੋ ਜਾਣੀ। ਜੈਸਾ ਕਿ :

**ਬ੍ਰਹਮਾ ਇੰਦ੍ਰ ਆਦਿ ਲੌਂ ਹੋਤ ਜੋ ਦੇਹ ਧਰ ਭੋਗ ॥**
**ਕਾਕ ਬਿਸ੍ਰ ਸਮ ਜੇ ਗਿਨੈ ਬੀਤਰਾਗ ਤੇ ਲੋਗ ॥੧੨॥** *(ਅਧਯਾਤਮ ਪ੍ਰਕਾਸ਼)*

ਇਹ ਨੌਂ ਪ੍ਰਕਾਰ ਦਾ ਵੈਰਾਗ ਹੈ, ਇਸ ਤੋਂ ਇਲਾਵਾ ਹੋਰ ਵੀ ਤਿੰਨ ਪ੍ਰਕਾਰ ਦਾ ਵੈਰਾਗ ਗ੍ਰੰਥਾਂ ਵਿਚ ਲਿਖਿਆ ਹੈ : ਗਧਾ ਵੈਰਾਗ, ਘੋੜਾ ਵੈਰਾਗ, ਸ਼ੇਰ ਵੈਰਾਗ।

੧. **ਗਧਾ ਵੈਰਾਗ :** ਇਕ ਵਾਰ ਮਨ ਇਹੋ ਜਿਹਾ ਹੋ ਜਾਣਾ ਕਿ ਗ੍ਰਿਹਸਤ ਇਕ ਬੰਧਨ ਹੈ, ਨਾਸ਼ਵਾਨ ਹੈ, ਇਸ ਤੋਂ ਕੀ ਲੈਣਾ ਹੈ ? ਇਹ ਸੋਚ ਕੇ ਘਰ-ਬਾਰ ਤਿਆਗ ਦੇਣਾ, ਪਰ ਛੇਤੀ ਹੀ ਵਿਕਾਰਾਂ ਦੇ ਗ੍ਰਸੇ ਹੋਏ ਨੇ ਖ਼ੁਆਰ ਹੋ ਕੇ ਮੁੜ ਆਉਣਾ ਤੇ ਫਿਰ ਵਿਕਾਰਾਂ ਵਿਚ ਫਸ ਜਾਣਾ। ਜਿਵੇਂ ਖੋਤਾ ਘੁਮਿਆਰ ਦੇ ਘਰੋਂ ਬਾਹਰ ਚਲਾ ਜਾਂਦਾ ਹੈ ਤੇ ਰੂੜੀਆਂ 'ਤੇ ਤੁਰ-ਫਿਰ ਕੇ ਫਿਰ ਵਾਪਸ ਆਪਣੇ ਘਰ ਆ ਜਾਂਦਾ ਹੈ।

੨. **ਘੋੜਾ ਵੈਰਾਗ** : ਉਪਰਾਮ ਹੋ ਕੇ ਘਰ ਛੱਡ ਦੇਣਾ ਪਰ ਜਦੋਂ ਭੈਣ, ਭਰਾ, ਸੰਬੰਧੀ ਆ ਕੇ ਕਹਿਣ ਕਿ ਘਰ ਕਿਉਂ ਛੱਡਦਾ ਹੈਂ ? ਘਰ ਬੈਠ ਕੇ ਭਜਨ ਕਰ ਲੈ, ਘਰ ਦਾ ਵੀ ਖ਼ਿਆਲ ਰੱਖ ਤੇ ਉਨ੍ਹਾਂ ਦੇ ਕਹਿਣ 'ਤੇ ਮੁੜ ਆਉਣਾ। ਜਿਵੇਂ ਘੋੜਾ ਕਿੱਲੇ ਤੋਂ ਖੁੱਲ੍ਹ ਜਾਵੇ, ਫਿਰ ਉਸ ਨੂੰ ਘੇਰ ਕੇ ਉਸੇ ਹੀ ਘਰ ਵਿਚ ਲਿਆ ਕੇ ਬੰਨ੍ਹ ਲਈਦਾ ਹੈ, ਫਿਰ ਉਸ 'ਤੇ ਕਾਠੀ ਪਾ ਲਈਦੀ ਹੈ। ਇਸ ਤਰ੍ਹਾਂ ਘੋੜੇ ਦੀ ਤਰ੍ਹਾਂ ਉੱਦਮ ਕਰ ਕੇ ਸੰਬੰਧੀਆਂ ਲਈ ਘਰ ਵਿਚ ਖਚਿਤ ਹੋ ਜਾਣਾ।

੩. **ਸ਼ੇਰ ਵੈਰਾਗ** : ਜਿਵੇਂ ਸ਼ੇਰ ਇਕ ਵਾਰ ਪਿੰਜਰਾ ਤੋੜ ਕੇ ਨਿਕਲ ਜਾਵੇ, ਗਧਾ ਆਪ ਮੁੜ ਆਉਂਦਾ ਹੈ, ਘੋੜਾ ਜਾ ਕੇ ਲਿਆਉਣਾ ਪੈਂਦਾ ਹੈ, ਪਰ ਸ਼ੇਰ ਇਕ ਵਾਰ ਨਿਕਲ ਗਿਆ ਤਾਂ ਫਿਰ ਮੁੜਦਾ ਨਹੀਂ। ਇਸ ਤਰ੍ਹਾਂ ਇਕ ਵਾਰ ਘਰ ਛੱਡ ਕੇ ਨਿਕਲਣਾ, ਫਿਰ ਸੰਬੰਧੀਆਂ ਦਾ ਮੋਹ ਨਹੀਂ ਕਰਨਾ। ਇਸ ਦਾ ਨਾਮ ਸ਼ੇਰ ਵੈਰਾਗ ਹੈ।

ਇਸ ਕਬਿੱਤ ਦਾ ਭਾਵ ਇਹ ਹੈ ਕਿ ਇਸ ਸੰਸਾਰ ਅੰਦਰ ਜੀਵ ਨੂੰ ਮੋਹ ਨੇ ਬੰਨ੍ਹਿਆ ਹੋਇਆ ਹੈ। ਜੈਸਾ ਕਿ :

**ਪੰਕਜ ਮੋਹ ਨਿਘਰਤੁ ਹੈ ਪ੍ਰਾਨੀ...॥** *(ਕਾਨੜਾ ਮ: ੪, ਅੰਗ ੧੩੧੧)*

ਵਾ: **ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥**
**ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥** *(ਫੁਨਹੇ ਮ: ੫, ਅੰਗ ੧੩੬੩)*

ਜਿਤਨਾ ਚਿਰ ਰਾਗ (ਮੋਹ) ਨੂੰ ਤਿਆਗ ਕੇ ਵੈਰਾਗ ਨਾ ਹੋਵੇ, ਉਤਨੀ ਦੇਰ ਤਕ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ਵੈਰਾਗ ਦੀ ਪ੍ਰਾਪਤੀ ਲਈ ਸਭ ਤੋਂ ਪਹਿਲਾਂ ਭੋਗਾਂ ਤੋਂ ਉਪਰਾਮਤਾ ਹੋਣੀ ਚਾਹੀਦੀ ਹੈ। ਇਸ ਕਰਕੇ ਹੇ ਮਨਾਂ! ਤੂੰ ਪਹਿਲਾਂ ਇਹ ਗੱਲ ਸਤਿ ਜਾਣਨਾ ਕਰ ਕਿ ਜਿੰਨੇ ਵੀ ਸੰਸਾਰਕ ਭੋਗ ਪਦਾਰਥ ਹਨ, ਇਨ੍ਹਾਂ ਨੂੰ ਤਿਆਗਣਾ ਕਰ ਕਿਉਂਕਿ ਇਹ ਸਾਰੇ ਹੀ ਦੁਖ ਦੇਣ ਵਾਲੇ ਹਨ ਅਤੇ ਜੋ ਇਨ੍ਹਾਂ ਭੋਗਾਂ ਤੋਂ ਪਾਪ ਪੈਦਾ ਹੋਏ ਹਨ, ਉਨ੍ਹਾਂ ਨਾਲ ਬੁੱਧੀ ਮਲੀਨ ਹੋ ਜਾਂਦੀ ਹੈ। ਇਸ ਕਰਕੇ ਪਾਪਾਂ ਨੂੰ ਨਾਸ਼ ਕਰਨ ਵਾਸਤੇ ਪਰਮਾਤਮਾ ਦੇ ਨਾਮ ਵਿਚ ਰੰਗਣਾ ਕਰ, ਨਾਮ ਨੂੰ ਪ੍ਰੇਮ ਨਾਲ ਜਪਣਾ ਕਰ। ਜੈਸਾ ਕਿ :

**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥** *(ਜਪੁ ਜੀ ਸਾਹਿਬ, ਅੰਗ ੪)*

ਅਤੇ ਪ੍ਰੇਮ ਪ੍ਰਾਪਤੀ ਲਈ ਸ਼ਾਂਤੀ-ਭਾਵ ਚਾਹੀਦਾ ਹੈ, ਇਸ ਕਰਕੇ ਸ਼ਾਂਤੀ ਲਈ ਆਪਣੀ ਚੰਚਲਤਾ ਵਾਲੀ ਮੱਤ ਦੀ ਗਤੀ ਤਿਆਗਣਾ ਕਰ। ਫਿਰ ਚੰਚਲਤਾ ਦੇ ਤਿਆਗ ਕਰਨ ਲਈ ਵੈਰਾਗ ਧਾਰਨ ਕਰ, ਇਹ ਵੈਰਾਗ ਹੀ ਮੁਕਤੀ ਦਾ ਸਹਾਇਕ ਹੈ। ਜਿਥੇ ਵੈਰਾਗ ਹੈ, ਉਥੇ ਮੁਕਤੀ ਜ਼ਰੂਰ ਹੀ ਹੋਵੇਗੀ।

## ਕਬਿੱਤ॥
## ਪਰਵਾਰ ਕੇ ਸਨੇਹ ਕੋ, ਨਿਵਾਰ ਮਨ ਬੀਚ;

ਹੇ ਮਨਾਂ! ਜੋ ਪਰਵਾਰ = ਕੁਟੰਬ ਹੈ, ਇਸ ਕੇ = ਦੇ ਸਨੇਹ = ਮੋਹ ਕੋ = ਨੂੰ ਤੂੰ ਆਪਣੇ ਬੀਚ = ਅੰਦਰੋਂ ਨਿਵਾਰ = ਨਵਿਰਤ ਕਰਨਾ ਕਰ, ਕਿਉਂ ਤੂੰ ਇਸ ਪਰਿਵਾਰ ਦੇ ਮੋਹ ਵਿਚ ਖਚਿਤ ਹੋ ਕੇ ਸੜ ਰਿਹਾ ਹੈਂ। ਜੈਸਾ ਕਿ :

**ਵਡ ਪਰਵਾਰੁ ਪੂਤ ਅਰੁ ਧੀਆ॥ ਮੋਹਿ ਪਚੇ ਪਚਿ ਅੰਧਾ ਮੂਆ॥੩॥**
*(ਆਸਾ ਮ: ੫, ਅੰਗ ੩੯੨)*

ਇਸ ਕਰਕੇ ਆਪਣੇ ਅੰਦਰੋਂ ਪਰਿਵਾਰ ਦੇ ਮੋਹ ਨੂੰ ਤਿਆਗ ਕਰ ਕੇ ਪਰਮਾਤਮਾ ਦੇ ਨਾਮ ਨੂੰ ਜਪਣਾ ਕਰ, ਜੇ ਨਾਮ ਨਾ ਜਪਿਆ ਤਾਂ ਪਰਿਵਾਰ ਸਮੇਤ ਹੀ ਇਸ ਸੰਸਾਰ-ਸਮੁੰਦਰ ਵਿਚ ਡੁੱਬੇਂਗਾ। ਜੈਸਾ ਕਿ :

**ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥**

*(ਮਾਰੂ ਭਗਤ ਕਬੀਰ ਜੀ, ਅੰਗ ੧੧੦੩)*

## ਬੁਦਬੁਦੇ ਰੇਖਾ ਜਾਨ ਦਾਮਨੀ ਸਮਾਨੀਐ ॥

ਆਪਣੇ ਪਰਿਵਾਰ, ਸਰੀਰ, ਸੰਸਾਰ ਨੂੰ ਪਾਣੀ ਦੇ ਬੁਦਬੁਦੇ = ਬੁਲਬੁਲੇ ਅਤੇ ਦਾਮਨੀ = ਬਿਜਲੀ ਦੀ ਰੇਖਾ = ਲਕੀਰ ਦੇ ਸਮਾਨੀਐ = ਸਮਾਨ ਨਾਸ਼ਵਾਨ ਜਾਨ = ਜਾਣਨਾ ਕਰ।

## ਪੁਨਾ ਦਿਪਤਾਗਨਿ ਮੈ, ਨਾਗਨ ਮੈ, ਨਦੀ ਬੇਗ ਮਾਂਹਿ;

ਪੁਨਾ = ਫੇਰ ਜਿਵੇਂ ਕੋਈ ਮਨੁੱਖ ਕਿਤੇ (ਦਿਪਤ + ਅਗਨਿ) ਦਿਪਤ = ਲਟ-ਲਟ ਕਰ ਕੇ ਬਲਦੀ ਹੋਈ ਅਗਨਿ = ਅੱਗ ਮੈ = ਵਿਚ, ਨਾਗਨ = ਨਾਗਾਂ (ਸੱਪਾਂ) ਦੇ ਝੁੰਡ ਮੈ = ਵਿਚ ਅਤੇ ਨਦੀ ਦੇ ਤੇਜ ਬੇਗ = ਪ੍ਰਵਾਹ ਮਾਂਹਿ = ਵਿਚ ਫਸ ਜਾਵੇ;

## ਜੈਸੇ ਸੁਖ ਨਾਹਿ, ਤੈਸੇ ਤਹਾਂ ਜਾਨੀਐ ॥

ਤਾਂ ਜੈਸੇ = ਜਿਸ ਤਰ੍ਹਾਂ ਉਸ ਨੂੰ ਕੋਈ ਵੀ ਸੁਖ ਨਾਹਿ = ਨਹੀਂ ਹੋਵੇਗਾ ਭਾਵ ਉਸ ਦੀ ਇਨ੍ਹਾਂ ਤਿੰਨਾਂ ਚੀਜ਼ਾਂ ਕਰਕੇ ਮੌਤ ਵੀ ਹੋ ਸਕਦੀ ਹੈ, ਤੈਸੇ = ਉਸੇ ਤਰ੍ਹਾਂ ਤੂੰ ਆਪਣੇ ਤਹਾ = ਉਨ੍ਹਾਂ ਸੰਬੰਧੀਆਂ ਦੇ ਮੋਹ ਨੂੰ ਜਾਨੀਐ = ਜਾਣਨਾ ਕਰ।

## ਦੇਵ ਨਦੀ ਤੀਰ ਕੀ, ਪਵਿੱਤ੍ਰ ਧਰਾ ਪਰ;

ਇਸ ਕਰਕੇ ਹੇ ਮਨਾਂ! ਤੂੰ ਦੇਵ ਨਦੀ = ਗੰਗਾ ਨਦੀ ਦੇ ਤੀਰ = ਕਿਨਾਰੇ 'ਤੇ ਉੱਪਰਲੀ ਪਵਿੱਤਰ ਧਰਾ = ਧਰਤੀ ਪਰ = ਉੱਪਰ;

## ਬੈਠ ਨੀਲ ਕੰਠ[੧] ਮਾਹਿ, ਨੀਠ ਉਤਕੰਠਾ ਠਾਨੀਐ ॥

ਬੈਠ ਕਰਕੇ, ਕੰਠ = ਗਲੇ ਵਿਚ ਨੀਲ = ਜ਼ਹਿਰ ਧਾਰਨ ਕਰਨ ਵਾਲੇ ਸ਼ਿਵਜੀ ਦੇ ਧਿਆਨ ਮਾਹਿ = ਵਿਚ ਆਪਣੇ ਅੰਦਰ ਨੀਠ = ਪੱਕੀ (ਦ੍ਰਿੜ੍ਹ) ਉਤਕੰਠਾ = ਪ੍ਰੀਤੀ ਠਾਨੀਐ = ਇਸਥਿਤ ਕਰਨੀ ਕਰ, ਜੋੜਨੀ ਕਰ।

## ਅਬ ਐਸੀ ਰੀਤ ਕਰੋ, ਭੋਗਨ ਕੀ ਪ੍ਰੀਤਿ ਹਰੋ;

ਹੇ ਮਨਾਂ! ਅਬ = ਹੁਣ ਤੂੰ ਐਸੀ = ਇਸ ਤਰ੍ਹਾਂ ਦੀ ਰੀਤ = ਮਰਯਾਦਾ ਨੂੰ ਧਾਰਨ ਕਰੋ = ਕਰਨਾ ਕਰ ਕਿ ਭੋਗਨ = ਭੋਗਾਂ, ਪਦਾਰਥਾਂ ਕੀ = ਦੀ ਪ੍ਰੀਤੀ ਹਰੋ = ਨਾਸ਼ ਕਰਨਾ ਕਰ।

---

੧. ਨੀਲ ਕੰਠ = ਮਹਾਂਭਾਰਤ ਵਿਚ ਕਥਾ ਹੈ ਕਿ ਜਿਸ ਵੇਲੇ ਸਮੁੰਦਰ ਰਿੜਕਣ ਤੋਂ ਚੌਦਾਂ ਰਤਨ ਨਿਕਲੇ ਸਨ, ਤਦ ਉਨ੍ਹਾਂ ਵਿੱਚੋਂ ਜ਼ਹਿਰ (ਕਾਲਕੂਟ) ਵੀ ਨਿਕਲੀ ਸੀ, ਉਸ ਤੋਂ ਤਿੰਨੇ ਲੋਕ ਵਿਆਕੁਲ ਹੋ ਗਏ। ਬ੍ਰਹਮਾ ਦੇ ਕਹਿਣ 'ਤੇ ਸ਼ਿਵਜੀ ਨੇ 'ਰਾ' ਅੱਖਰ ਉਚਾਰਨ ਕਰ ਕੇ ਜ਼ਹਿਰ ਪੀ ਲਈ ਤੇ 'ਮ' ਅੱਖਰ ਕਹਿ ਕੇ ਕੰਠ ਵਿਚ ਹੀ ਸੰਪਟ ਕਰ ਲਈ ਤੇ ਨਾਮ ਦੇ ਪ੍ਰਤਾਪ ਕਰਕੇ ਕੰਠ ਵਿਚ ਹੀ ਰੋਕ ਲਿਆ ਤੇ ਮਿਹਦੇ ਵਿਚ ਜਾਣ ਨਹੀਂ ਦਿੱਤਾ। ਜਿਸ ਕਾਰਣ ਉਨ੍ਹਾਂ ਦਾ ਕੰਠ ਨੀਲਾ ਹੋ ਗਿਆ, ਜਿਸ ਕਰਕੇ ਸ਼ਿਵਜੀ ਦਾ ਨਾਮ 'ਨੀਲਕੰਠ' ਪੈ ਗਿਆ।

## ਗੁਰ ਵੇਦ ਵਾਕ ਧਰੋ, ਤੀਨ ਤਾਪ ਹਾਨੀਐ ॥੩੪॥

ਗੁਰ = ਗੁਰੂ ਦੇ ਵਾਕ = ਬਚਨ ਅਤੇ ਵੇਦ ਬਚਨਾਂ ਨੂੰ ਆਪਣੇ ਅੰਦਰ ਧਰੋ = ਧਾਰਨ ਕਰ, ਤਦੋਂ ਫੇਰ ਤੀਨ = ਤਿੰਨੇ ਤਾਪ (ਆਧਿ, ਬਿਆਧਿ, ਉਪਾਧਿ) ਹਾਨੀਐ = ਨਾਸ਼ ਹੋ ਜਾਣਗੇ ॥੩੪॥

### ਤਿੰਨ ਤਾਪ

੧. **ਆਧਿ** : ਮਨ ਦੇ ਆਸਰੇ ਹੋਣ ਵਾਲੇ, ਕਾਮਾਦਿਕ।

੨. **ਬਿਆਧਿ** : ਤੱਤਾਂ ਦੀ ਖਿਲਤਾਂ ਵਿਗੜਨ ਕਰਕੇ, ਬੈਇ, ਪਿਤ, ਕਫ਼ ਆਦਿ ਸਰੀਰ ਨੂੰ ਲੱਗ ਜਾਵੇ।

੩. **ਉਪਾਧਿ** : ਬਾਹਰੋਂ ਕਿਸੇ ਤੋਂ ਡਾਂਗ ਸੋਟਾ ਖਾ ਲੈਣਾ ਜਾਂ ਭੂਤ-ਪ੍ਰੇਤਾਂ ਆਦਿਕਾਂ ਦੀ ਪੀੜਾ। ਵੇਦਾਂਤ ਵਿਚ ਕ੍ਰਮਵਾਰ ਇਨ੍ਹਾਂ ਦੇ ਨਾਮ ਅਧਿਆਤਮ, ਅਧਿਭੂਤ, ਅਧਿਦੈਵ ਹਨ।

ਪਰ ਵਿਦਵਾਨਾਂ ਨੇ ਇਨ੍ਹਾਂ ਤੋਂ ਇਲਾਵਾ ਚਾਰ ਪ੍ਰਕਾਰ ਦੇ ਹੋਰ ਤਾਪ ਮੰਨੇ ਹਨ, ਜੋ ਉਨ੍ਹਾਂ ਵਿਚ ਵਿਦਵਾਨ ਹੈ, ਉਸ ਨੂੰ ਇਕ ਤਾਂ ਤਾਪ ਵਿੱਦਿਆ ਦਾ ਅਭਿਆਸ ਕਰਨ ਰੂਪ ਹੈ, ਦੂਜਾ ਤਾਪ ਕਿ ਉਨ੍ਹਾਂ ਨੂੰ ਇਹ ਸੰਸਾ ਬਣਿਆ ਰਹਿੰਦਾ ਹੈ ਕਿ ਕਿਤੇ ਭੁੱਲ ਨਾ ਜਾਵੇ। ਤੀਜਾ ਉਨ੍ਹਾਂ ਨੂੰ ਮਾਣ ਦੀ ਇੱਛਾ ਰਹਿੰਦੀ ਹੈ, ਚੌਥਾ ਕਿ ਕਿਤੇ ਸਨਮਾਨ ਵਿਚ ਕੋਈ ਫ਼ਰਕ ਨਾ ਪੈ ਜਾਵੇ।

## ਚੌਪਈ ॥

ਅੱਗੇ ਹੁਣ ਭਰਥਰੀ ਜੀ, ਕਾਲ, ਜੋ ਸਭ ਨੂੰ ਗ੍ਰਸ ਰਿਹਾ ਹੈ, ਉਸ ਬਾਰੇ ਦ੍ਰਿਸ਼ਟਾਂਤ ਦੇ-ਦੇ ਕੇ ਕਥਨ ਕਰਦੇ ਹਨ :

## ਜਨਮ ਮਹਾਂ ਬਰ; ਗ੍ਰਸਯੋ ਮਰਨ ਕਰ ॥
## ਅਘ ਕੋ ਜਪ ਜਿਉਂ; ਮ੍ਰਿਗ ਕੋ ਨਾਹਰ ॥

ਇਸ ਮਹਾਂ = ਬਹੁਤ ਬਰ = ਸ੍ਰੇਸ਼ਟ, ਉੱਤਮ ਮਨੁੱਖਾ ਜਨਮ ਨੂੰ ਮਰਨ = ਮੌਤ ਨੇ ਇਉਂ ਗ੍ਰਸਯੋ = ਫੜਨਾ ਕਰ = ਕੀਤਾ ਹੈ, ਜਿਉਂ = ਜਿਵੇਂ ਅਘ = ਪਾਪਾਂ ਕੋ = ਨੂੰ ਪਰਮਾਤਮਾ ਦੇ ਜਪ = ਜਾਪ, ਸਿਮਰਨ ਨੇ ਅਤੇ ਮ੍ਰਿਗ = ਹਿਰਨ ਕੋ = ਨੂੰ ਨਾਹਰ = ਸ਼ੇਰ ਨੇ ਪਕੜਨਾ ਕੀਤਾ ਹੈ ਭਾਵ ਜਿਵੇਂ ਪਰਮਾਤਮਾ ਦੇ ਨਾਮ ਨਾਲ ਪਾਪ ਨਾਸ਼ ਹੁੰਦੇ ਹਨ ਅਤੇ ਸ਼ੇਰ ਹਿਰਨ ਨੂੰ ਨਾਸ਼ ਕਰ ਦੇਂਦਾ ਹੈ, ਇਸੇ ਤਰ੍ਹਾਂ ਕਾਲ (ਮੌਤ) ਇਸ ਮਨੁੱਖਾ ਸਰੀਰ ਨੂੰ ਨਾਸ਼ ਕਰਦੀ ਜਾ ਰਹੀ ਹੈ।

## ਪੁਨ ਨਿਰਮਲ; ਅਤਿ ਜੁਬਾਨੁਕੂਲਾ ॥
## ਜਰਾ ਕਰਾ; ਤਾਂ ਕੋ ਨਿਰਮੂਲਾ ॥੩੫॥

ਪੁਨ = ਫਿਰ ਜੋ ਨਿਰਮਲ = ਉੱਜਲ, ਅਤਿ = ਅਤਿਅੰਤ ਬਲ ਵਾਲੀ ਤੇ ਆਪਣੇ (ਜੁਬਾ + ਅਨਕੂਲਾ) ਅਨਕੂਲਾ = ਅਨੁਸਾਰ ਚੱਲਣ ਵਾਲੀ ਜੁਬਾ = ਜੁਆਨ ਅਵਸਥਾ ਹੈ, ਤਾਂਕੋ = ਇਸ ਨੂੰ ਜਰਾ = ਬ੍ਰਿਧ ਅਵਸਥਾ ਨੇ ਨਿਰਮੂਲਾ = ਜੜ੍ਹ ਤੋਂ ਰਹਿਤ ਭਾਵ ਮੁੱਢ ਤੋਂ ਬਿਨਾਂ ਕਰਾ = ਕਰ ਦੇਣਾ ਕੀਤਾ ਹੈ ਭਾਵ ਜੋ ਜੁਆਨੀ ਆਪਣੇ ਮਨ ਭਾਉਂਦੇ ਸੁਖ ਭੋਗਣ ਵਾਲੀ ਹੈ, ਉਸ ਨੂੰ ਬ੍ਰਿਧ ਅਵਸਥਾ ਨੇ ਮੁੱਢ ਤੋਂ ਹੀ ਖ਼ਤਮ ਕਰ ਦਿੱਤਾ ਹੈ ॥੩੫॥

## ਦੁਰਤ ਹਰਤ ਜਿਉਂ; ਤੁਰਤ ਗੰਗ ਜਲ ॥
## ਕਲਹਿ ਗੌਨ ਜਿਉਂ; ਕਰੇ ਮੌਨ ਬਲ ॥

ਜਿਉਂ = ਜਿਵੇਂ ਗੰਗਾ ਦਾ ਜਲ = ਪਾਣੀ ਦੁਰਤ = ਪਾਪਾਂ ਨੂੰ ਹਰਤ = ਨਾਸ਼ ਕਰ ਦੇਂਦਾ ਹੈ ਅਤੇ ਜਿਉਂ = ਜਿਵੇਂ ਮੌਨ = ਚੁੱਪ ਧਾਰਨ ਕਰੇ = ਕਰਨੀ ਇਕ ਐਸਾ ਬਲ = ਜ਼ੋਰ ਹੈ ਕਿ ਜਿਸ ਨਾਲ ਕਲਹਿ = ਲੜਾਈ-ਝਗੜਾ ਗੌਨ = ਗਵਨ ਕਰ ਜਾਂਦਾ ਹੈ ਭਾਵ ਨਾਸ਼ ਹੋ ਜਾਂਦਾ ਹੈ **ਵਾ:** ਮੌਨ = ਚੁੱਪ ਕਰਨ ਰੂਪ ਬਲ = ਜ਼ੋਰ ਕਲਹਿ = ਕਲੇਸ਼ ਨੂੰ ਗੌਨ = ਗਵਨ ਭਾਵ ਨਾਸ਼ ਕਰ ਦੇਂਦਾ ਹੈ ਭਾਵ ਜੇਕਰ ਦੋ ਪੁਰਖਾਂ ਵਿਚ ਝਗੜਾ ਹੋ ਰਿਹਾ ਹੈ ਤਾਂ ਜੇ ਇਕ ਚੁੱਪ ਕਰ ਜਾਏ ਤਾਂ ਝਗੜਾ ਖ਼ਤਮ ਹੋ ਜਾਂਦਾ ਹੈ।

## ਪੁਨ ਧਨ ਚਾਹਿ; ਗ੍ਰਸਯੋ ਸੰਤੋਖਾ ॥
## ਯੱਗ ਵਿਪਾਕ; ਗ੍ਰਸੇ ਜਿਉਂ ਰੋਖਾ ॥੩੬॥

ਪੁਨਾ = ਫਿਰ ਜਿਵੇਂ ਧਨ ਦੀ ਜੋ ਚਾਹਿ = ਇੱਛਾ ਹੈ, ਇਸ ਨੇ ਸੰਤੋਖ ਨੂੰ ਗ੍ਰਸਯੋ = ਪਕੜਿਆ ਹੋਇਆ ਹੈ ਭਾਵ ਜਿਥੇ ਧਨ ਦੀ ਪ੍ਰਬਲ ਇੱਛਾ ਹੈ, ਉਥੇ ਸੰਤੋਖ ਨਹੀਂ ਰਹਿੰਦਾ ਅਤੇ ਜਿਉਂ = ਜਿਵੇਂ ਯੱਗ ਦੇ ਵਿਪਾਕ = ਫਲ ਨੂੰ ਰੋਖਾ = ਕ੍ਰੋਧ ਨੇ ਗ੍ਰਸੇ = ਗ੍ਰਸਣਾ ਕੀਤਾ ਹੈ ॥੩੬॥

## ਚੌਪਈ ॥
## ਤਰਲ ਤਰੁਣ; ਤਰਣੀ ਕੇ ਲੋਚਨ ॥
## ਤਾਹਿ ਵਿਭਰਮੇ; ਸਭ ਸੁਖ ਮੋਚਨ ॥

ਜਿਵੇਂ ਤਰੁਣ = ਜਵਾਨ ਤਰਣੀ = ਇਸਤਰੀ ਕੇ = ਦੇ ਤਰਲ = ਚੰਚਲ ਲੋਚਨ = ਨੇਤਰ ਹਨ, ਤਾਹਿ = ਉਨ੍ਹਾਂ ਨੇਤਰਾਂ ਨੂੰ ਵੇਖ ਕੇ ਪੁਰਸ਼ (ਵਿ + ਭਰਮੇ) ਵਿ = ਵਿਸ਼ੇਸ਼ ਕਰਕੇ ਭਰਮੇ = ਭਰਮਾਇਆ ਜਾਂਦਾ ਹੈ ਭਾਵ ਮੋਹਿਤ ਹੋ ਜਾਂਦਾ ਹੈ ਤੇ ਉਸ ਦੇ ਸਭ = ਸਾਰੇ ਸੁਖ ਮੋਚਨ = ਕੱਟੇ, ਨਾਸ਼ ਹੋ ਜਾਂਦੇ ਹਨ।

## ਜਿਉਂ ਨਿਰਵੇਦ; ਖੇਦ ਭਵ ਹਾਰੇ ॥
## ਪੁਨਾ ਸਤੋ ਜਿਉਂ; ਰਜ-ਤਮ ਟਾਰੇ ॥੩੭॥

ਜਿਉਂ ਨਿਰਵੇਦ = ਵੈਰਾਗ ਭਵ = ਸੰਸਾਰ ਦੇ ਸਾਰੇ ਖੇਦ = ਦੁੱਖਾਂ ਨੂੰ ਹਾਰੇ = ਹਰਾ ਭਾਵ ਨਾਸ਼ ਕਰ ਦੇਂਦਾ ਹੈ, ਪੁਨਾ = ਫੇਰ ਜਿਉਂ = ਜਿਵੇਂ ਜੋ ਸਤੋ ਗੁਣ ਹੈ, ਉਹ ਰਜੋ ਗੁਣ ਅਤੇ ਤਮੋ ਗੁਣ ਨੂੰ ਟਾਰੇ = ਦੂਰ, ਭਾਵ ਨਾਸ਼ ਕਰ ਦਿੰਦਾ ਹੈ ॥੩੭॥

ਅੱਗੇ ਹੋਰ ਦ੍ਰਿਸ਼ਟਾਂਤ ਦੇਂਦੇ ਹਨ:

## ਗ੍ਰਸੇ ਗੁਣੀ ਕੇ; ਗੁਣ ਕੋ ਖਲ ਇਉਂ ॥
## ਬ੍ਰਹਮ ਬਿਚਾਰ; ਬਿਕਾਰ ਗ੍ਰਸੇ ਜਿਉਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਗੁਣੀ = ਗੁਣਵਾਨ ਪੁਰਸ਼ ਦੇ ਜੋ ਸ਼ੁਭ ਗੁਣ ਹਨ, ਉਨ੍ਹਾਂ ਕੋ = ਨੂੰ ਖਲ = ਮੂਰਖ ਮਨੁੱਖ ਇਉਂ = ਇਸ ਪ੍ਰਕਾਰ ਗ੍ਰਸੇ = ਗ੍ਰਸ ਭਾਵ ਨਾਸ਼ ਕਰ ਦੇਂਦਾ ਹੈ, ਜਿਉਂ = ਜਿਸ ਤਰ੍ਹਾਂ ਬ੍ਰਹਮ ਸਰੂਪ ਦੀ ਵਿਚਾਰ **ਵਾ:** ਬ੍ਰਹਮ = ਆਤਮਿਕ ਵਿਚਾਰ ਨਾਲ ਸਾਰੇ ਵਿਕਾਰ ਗ੍ਰਸੇ = ਨਾਸ਼ ਹੋ ਜਾਂਦੇ ਹਨ।

## ਗ੍ਰਸਯੋ ਖਿਤ ਕੋ; ਇਉਂ ਉਰਗਾਦਿਕ ॥
## ਲਾਜ ਤ੍ਰਾਸ ਕੋ; ਜਿਉਂ ਕਾਮਾਦਿਕ ॥੩੮॥

ਉਰਗਾਦਿਕ = ਸੱਪਾਂ ਆਦਿ ਜ਼ਹਿਰੀਲੇ ਜੰਤੂਆਂ ਨੇ ਖਿਤ = ਪ੍ਰਿਥਵੀ ਕੋ = ਨੂੰ ਇਉਂ = ਇਸ ਪ੍ਰਕਾਰ ਗ੍ਰਸਯੋ = ਗ੍ਰਸਿਆ ਹੋਇਆ ਹੈ, ਜਿਉਂ = ਜਿਸ ਤਰ੍ਹਾਂ ਕਾਮਾਦਿਕ = ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਕਾਰਾਂ ਨੇ ਲੋਕ-ਲਾਜ (ਸ਼ਰਮ) ਤੇ ਤ੍ਰਾਸ = ਡਰ ਨੂੰ ਗ੍ਰਸਿਆ ਹੋਇਆ ਹੈ ॥੩੮॥

## ਚੌਪਈ ॥
## ਗ੍ਰਸਤ ਦੁਰਜਨੋ ਕਰ; ਨ੍ਰਿਪ ਐਸੇ ॥
## ਗਿਲੇ ਪ੍ਰਸਨ ਕੋ; ਉਤਰ ਜੈਸੇ ॥

ਦੁਰਜਨੋ = ਖੋਟੇ ਮਨੁੱਖਾਂ ਕਰ = ਕਰਕੇ ਨ੍ਰਿਪ = ਰਾਜੇ ਲੋਕ ਐਸੇ = ਇਸ ਪ੍ਰਕਾਰ ਗ੍ਰਸਤ = ਗ੍ਰਸੇ ਹੋਏ ਹਨ, ਜੈਸੇ = ਜਿਸ ਤਰ੍ਹਾਂ ਪ੍ਰਸ਼ਨ ਕੋ = ਨੂੰ ਉੱਤਰ ਗਿਲੇ = ਨਿਗਲ ਲੈਂਦਾ ਹੈ ਭਾਵ ਪ੍ਰਸ਼ਨ ਦਾ ਉੱਤਰ ਦਿੱਤੇ ਤੋਂ ਪ੍ਰਸ਼ਨ ਸਮਾਪਤ ਹੋ ਜਾਂਦਾ ਹੈ। ਇਸ ਕਰਕੇ ਕਿਹਾ ਕਿ ਉੱਤਰ ਪ੍ਰਸ਼ਨ ਨੂੰ ਨਿਗਲ ਲੈਂਦਾ ਹੈ, ਇਉਂ ਰਾਜੇ ਲੋਕ ਖੋਟੇ ਪੁਰਖਾਂ ਕਰਕੇ ਗ੍ਰਸੇ ਹੋਏ ਹਨ।

## ਸਗਲ ਵਿਭੂਤ; ਅਨਿਸਥਿਰਤਾ ਨੇ ॥
## ਗ੍ਰਸੀ ਮਨੀਖਾ; ਜਿਉਂ ਚਿੰਤਾ ਨੇ ॥੩੯॥

ਸਗਲ = ਸਾਰੀ ਵਿਭੂਤ = ਬਿਭੂਤੀ (ਮਾਇਆ) ਨੂੰ ਅਨਿਸਥਿਰਤਾ = ਨਾਸ਼ ਭਾਵ ਨੇ ਇਉਂ ਗ੍ਰਸਿਆ ਹੋਇਆ ਹੈ, ਜਿਉਂ = ਜਿਵੇਂ ਮਨੀਖਾ = ਬੁੱਧੀ ਨੂੰ ਚਿੰਤਾ ਨੇ ਗ੍ਰਸੀ = ਗ੍ਰਸਿਆ ਹੋਇਆ ਹੈ ॥੩੯॥

## ਇਸ ਪ੍ਰਕਾਰ ਜਨ; ਕੇ ਕੇ ਨਾਹੀ ॥
## ਗ੍ਰਸਤ ਕਾਲ ਕਰ; ਯਾ ਭਵ ਮਾਹੀਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਦੱਸੋ ਖਾਂ! ਇਸ ਪ੍ਰਕਾਰ ਦੇ ਨਾਲ ਯਾ = ਇਸ ਭਵ = ਸੰਸਾਰ ਮਾਹੀਂ = ਵਿਚ ਕਾਲ ਨੇ ਕੇ ਕੇ = ਕਿਹੜੇ ਕਿਹੜੇ ਜਨ = ਪੁਰਸ਼ ਗ੍ਰਸਤ = ਗ੍ਰਸਣਾ (ਨਾਸ਼) ਨਾਹੀ = ਨਹੀਂ ਕਰ = ਕੀਤੇ ਭਾਵ ਕਾਲ ਨੇ ਤਾਂ ਸਭ ਹੀ ਗ੍ਰਸਣਾ ਕੀਤੇ ਹਨ। ਜੈਸਾ ਕਿ :

**ਸਭੁ ਜਗੁ ਬਾਧੋ ਕਾਲ ਕੋ...॥** *(ਸਿਰੀਰਾਗੁ ਮ: ੧, ਅੰਗ ੫੫)*

***ਨੋਟ :*** ਉਪਰੋਕਤ ਦੋਵੇਂ ਪੰਕਤੀਆਂ ਦਾ ਅਰਥ ਅੰਨਵੈ ਰੀਤ ਅਨੁਸਾਰ ਕੀਤਾ ਗਿਆ ਹੈ, ਅੰਨਵੈ ਦੋ ਪ੍ਰਕਾਰ ਦਾ ਹੁੰਦਾ ਹੈ—(੧) ਦੰਡਕ ਅੰਨਵੈ—ਸਾਰੀਆਂ ਤੁਕਾਂ ਦਾ ਅੰਨਵੈ ਕਰ ਕੇ ਭਾਵ ਤੁਕਾਂ ਅੱਗੇ ਪਿੱਛੇ ਕਰ ਕੇ ਅਰਥ ਕਰਨਾ। (੨) ਖੰਡਕ ਅੰਨਵੈ—ਛੋਟੇ ਛੋਟੇ ਪਦਾਂ ਦੇ ਵੱਖੋ-ਵੱਖਰੇ ਭਾਵ ਅੱਗੇ ਪਿੱਛੇ ਕਰ ਕੇ ਅਰਥ ਕਰਨੇ। ਇਥੇ ਖੰਡਕ ਅੰਨਵੈ ਅਨੁਸਾਰ ਅਰਥ ਕੀਤਾ ਗਿਆ ਹੈ।

## ਅਜ ਪਪੀਲਕਾ ਲੌਂ; ਜਗ ਜੇਤੋ ॥
## ਗ੍ਰਸਤ ਸਮਸਤ; ਕਾਲ ਕਰ ਤੇਤੋ ॥੪੦॥

ਹੇ ਭਾਈ! ਅਜ = ਬ੍ਰਹਮਾ ਤੋਂ ਲੈ ਕਰਕੇ ਪਪੀਲਕਾ = ਕੀੜੀ ਲੌਂ = ਤਕ ਜੇਤੋ = ਜਿਤਨਾ ਵੀ

ਜਗ = ਸੰਸਾਰ ਹੈ, ਤੇਤੋ = ਉਤਨਾ ਉਹ ਸਮਸਤ = ਸਾਰਾ ਹੀ ਕਾਲ ਨੇ ਗ੍ਰਸਤ = ਗ੍ਰਸਣਾ ਪਕੜਨਾ (ਨਾਸ) ਕਰ = ਕੀਤਾ ਹੈ ਭਾਵ ਕਾਲ ਕਰਕੇ ਸਾਰੇ ਹੀ ਗ੍ਰਸੇ ਹੋਏ ਹਨ ॥੪੦॥ ਜੈਸਾ ਕਿ :

**ਜੇਤੇ ਜੀਅ ਜੰਤ ਪ੍ਰਭਿ ਕੀਏ ਸਭਿ ਕਾਲੈ ਮੁਖਿ ਗ੍ਰਸਿਆ ॥**

*(ਕਲਿਆਨ ਮ: ੪, ਅੰਗ ੧੩੧੯)*

## ਦੋਹਰਾ ॥

## ਸਕਲ ਭੋਗ ਭਵ ਹੇਤੁ ਮਨ; ਚਪਲ ਸਦੋਖ ਸਸੋਕ ॥

ਹੇ ਮਨਾਂ! ਜੋ ਸੰਸਾਰਕ ਭੋਗ ਪਦਾਰਥ ਹਨ ਇਹ ਸਕਲ = ਸਾਰੇ ਹੀ ਭਵ = ਜੰਮਣ ਮਰਨ ਦਾ ਹੇਤੁ = ਕਾਰਨ ਹਨ ਅਤੇ ਚਪਲ = ਚਲਾਇਮਾਨ (ਖਿੰਨ ਭੰਗਰ), ਸਦੋਖ = ਦੋਖਾਂ ਸਹਿਤ ਅਤੇ ਸਸੋਕ (ਸ + ਸੋਕ) ਸੋਕ = ਗ਼ਮਾਂ ਦੇ ਸ = ਸਹਿਤ ਹਨ।

## ਤਾਂ ਤਜਿ ਭੋਗੀ ਜਨੋ ਯੁਤ; ਗੁਰ ਸ਼੍ਰੁਤਿ ਪੰਥ ਵਿਲੋਕ ॥੪੧॥

ਤਾਂ ਕਰਕੇ ਉਨ੍ਹਾਂ ਪਦਾਰਥਾਂ ਨੂੰ ਭੋਗੀ ਜਨਾਂ ਦੇ ਯੁਤ = ਸਮੇਤ ਹੀ ਤਜਿ = ਤਿਆਗਣਾ ਕਰ ਅਤੇ ਗੁਰ = ਗੁਰੂ ਦੇ ਸ਼੍ਰੁਤਿ = ਗਿਆਨ ਰੂਪੀ ਪੰਥ = ਮਾਰਗ ਨੂੰ ਵਿਲੋਕ = ਦੇਖਣਾ ਕਰ ਭਾਵ ਗੁਰੂ ਦੇ ਗਿਆਨ ਰੂਪੀ ਰਸਤੇ ਉੱਪਰ ਚੱਲਣਾ ਕਰ ॥੪੧॥

## ਨਰਾਜ ਛੰਦ ॥

## ਵਿਚਿਤ੍ਰ ਰਾਗ ਰੰਗ ਜੌਂ; ਸੁ ਅਗ੍ਰਭਾਗ ਮੋ ਬਨੇ ॥

ਜੋ ਵਿਚਿਤ੍ਰ = ਅਨੇਕਾਂ ਤਰ੍ਹਾਂ ਦੇ ਰਾਗ ਰੰਗ ਹਨ, ਸੁ = ਉਹ ਮਨੁੱਖ ਦੇ ਅਗ੍ਰਭਾਗ = ਅਗਲੇ ਹਿੱਸੇ ਭਾਵ ਸਾਹਮਣੇ ਵਾਲੇ ਪਾਸੇ ਮੋ = ਵਿਚ ਬਣੇ ਹੋਣ।

## ਕਵਿੰਦ ਆਸ ਪਾਸ ਮੈ; ਰਸਾਲ ਵਾਕ ਜੇ ਭਨੇ ॥

ਜੇ = ਜੇਕਰ ਆਸ ਪਾਸ = ਇਰਦ ਗਿਰਦ ਕਵਿੰਦ = ਕਵੀ ਜਨ ਰਸਾਲ = ਰਸ ਵਾਲੇ ਸੁੰਦਰ ਵਾਕ = ਬਚਨਾਂ ਮੈ = ਵਿਚ ਕਵਿਤਾਵਾਂ ਭਨੇ = ਉਚਾਰਦੇ ਹੋਣ।

## ਪ੍ਰਬੀਨ ਚਾਰੁ ਕਾਮਨੀ ਜੁ; ਪ੍ਰਿਸਟ ਭਾਵ ਮੋ ਲਸੇ ॥

ਪ੍ਰਬੀਨ = ਚਤੁਰ ਤੇ ਚਾਰੁ = ਸੁੰਦਰ ਕਾਮਨੀ = ਇਸਤਰੀਆਂ ਜੁ = ਜਿਹੜੀਆਂ ਪ੍ਰਿਸਟ ਭਾਵ = ਪਿੱਛੇ ਪਿੱਛੇ ਖੜੀਆਂ ਹੋ ਕੇ ਲਸੇ = ਚਮਕ ਮੋ = ਵਿਚ ਹੋਣ ਭਾਵ ਖੜੀਆਂ ਚਮਕ-ਦਮਕ ਮਾਰਦੀਆਂ ਹੋਣ।

## ਅਲੰਕ੍ਰਿਤੀ ਮਨੋਹਰੀ; ਮੁਖਾਰ ਬਿੰਦ ਤੇ ਹਸੇ ॥੪੨॥

ਜੋ ਫੇਰ ਅਨੇਕਾਂ ਤਰ੍ਹਾਂ ਦੇ ਅਲੰਕ੍ਰਿਤੀ = ਗਹਿਣਿਆਂ ਨੂੰ ਪਹਿਨ ਕਰਕੇ ਮਨੋਹਰੀ (ਮਨੋ + ਹਰੀ) ਮਨੋ = ਮਨ ਨੂੰ ਹਰੀ = ਚੁਰਾਉਣ ਭਾਵ ਮੋਹਨ ਵਾਲੀਆਂ ਹੋਣ ਅਤੇ ਮੁਖਾਰ ਬਿੰਦ = ਕਮਲ ਵਰਗੇ ਮੁਖ ਤੇ = ਤੋਂ ਹਸੇ = ਹੱਸਦੀਆਂ ਹੋਣ ॥੪੨॥

## ਕਰੇ ਗ੍ਰਹੀਤ ਚਾਮਰੰ; ਬਿਲਾਸ ਸੋ ਭ੍ਰਮਾਵਤੀ ॥

ਅੱਗੇ ਹੋਰ ਕਥਨ ਕਰਦੇ ਹਨ ਕਿ ਸੋ = ਉਹ ਐਸੀਆਂ ਇਸਤਰੀਆਂ ਬਿਲਾਸ = ਹੱਸ ਹੱਸ ਕੇ ਚਾਮਰੰ = ਚੌਰ ਨੂੰ ਆਪਣੇ ਕਰੇ = ਹੱਥ ਵਿਚ ਗ੍ਰਹੀਤ = ਪਕੜ ਕਰਕੇ ਸਿਰ ਉੱਪਰ ਭ੍ਰਮਾਵਤੀ = ਫੇਰਨਾ ਕਰਦੀਆਂ ਹੋਣ **ਵਾ**: ਅਨੇਕਾਂ ਬਿਲਾਸ = ਕੌਤਕ ਕਰ ਕੇ ਜੋ ਚਿੱਤ ਨੂੰ ਭ੍ਰਮਾਵਤੀ = ਭਰਮਾਉਣ, ਮੋਹਿਤ ਕਰਨ ਵਾਲੀਆਂ ਹੋਣ।

## ਤਿਨੇ ਕਰੇ ਕਰੇ ਹਲੇ; ਕਰੇ ਧੁਨੀ ਸੁ ਭਾਵਤੀ ॥

ਤਿਨੇ = ਉਨ੍ਹਾਂ ਇਸਤਰੀਆਂ ਦੇ ਕਰੇ = ਹੱਥ ਵਿਚ ਪਾਏ ਹੋਏ ਕਰੇ = ਕੜੇ ਭਾਵ ਕੰਗਣ ਹਲੇ = ਹਿੱਲਦੇ ਹੋਏ ਛਣ-ਛਣ ਦੀ ਧੁਨੀ = ਆਵਾਜ਼ ਕਰੇ = ਕਰਦੇ ਹੋਣ ਅਤੇ ਸੁ = ਉਹ ਮਨ ਨੂੰ ਭਾਵਤੀ = ਭਾਉਂਦੇ, ਚੰਗੇ ਲੱਗਦੇ ਹੋਣ।

## ਅਰੋਗ ਦੇਹ ਆਯੁਖਾ; ਮਹਾਂ ਅਸੱਤ੍ਰ ਰਾਜ ਹੈ ॥

ਫਿਰ ਮਨੁੱਖ ਦਾ ਦੇਹ = ਸਰੀਰ ਅਰੋਗ = ਰੋਗ ਤੋਂ ਰਹਿਤ ਹੋਵੇ ਭਾਵ ਕੋਈ ਰੋਗ ਨਾ ਲੱਗਿਆ ਹੋਵੇ, ਆਯੁਖਾ = ਉਮਰ ਵੀ ਜੁਆਨ ਅਵਸਥਾ ਵਾਲੀ ਹੋਵੇ ਅਤੇ ਮਹਾ = ਬਹੁਤ ਵੱਡਾ ਰਾਜ ਭਾਗ ਐਸਾ ਹੋਵੇ ਜੋ ਅਸੱਤ੍ਰ = ਦੁਸ਼ਮਣ ਤੋਂ ਰਹਿਤ ਹੋਵੇ।

## ਜਬੈ ਸਮੀਪ ਅਪਨੇ ਲਖੇ; ਇਤੋ ਸਮਾਜ ਹੈ ॥੪੩॥

ਭਰਥਰੀ ਜੀ ਕਥਨ ਕਰਦੇ ਹਨ ਜਬੈ = ਜਦੋਂ ਪੁਰਖ ਇਤੋ = ਇਤਨੇ ਵੱਡੇ ਸਾਜ਼ੋ-ਸਾਮਾਨ ਦਾ ਸਮਾਜ = ਇਕੱਠ ਭਾਵ ਰਾਜ-ਭਾਗ ਨੂੰ (ਜੋ ਉਪਰੋਕਤ ਕਥਨ ਕੀਤਾ ਹੈ) ਆਪਣੇ ਸਮੀਪ = ਪਾਸ ਜਾਣ ਲੈਣਾ ਕਰੇ ॥੪੩॥

## ਪ੍ਰਪੰਚ ਭੋਗ ਸ੍ਵਾਦ ਮੈ; ਨਿਸੰਕ ਤੌ ਅਬੀ ਰਮੋ ॥

ਤੌ = ਤਦੋਂ ਫੇਰ ਪ੍ਰਪੰਚ = ਸੰਸਾਰਕ ਭੋਗ ਪਦਾਰਥਾਂ ਦੇ ਸੁਆਦ ਮਾਨਣ ਮੈ = ਵਿਚ ਨਿਸੰਕ = ਸ਼ੰਕਾ ਰਹਿਤ ਹੋ ਕੇ ਅਬੀ = ਹੁਣੇ ਹੀ ਰਮੋ = ਭੋਗਣ ਲੱਗ ਜਾਵੇ।

## ਭਵੇ ਤਥਾਨ ਤੌ ਕਹਾ; ਬ੍ਰਿਥਾ ਇਤੇ ਉਤੇ ਭ੍ਰਮੋ ॥

ਭਰਥਰੀ ਜੀ ਕਥਨ ਕਹਾ = ਕਥਨ ਕਰਦੇ ਹਨ ਕਿ ਜੇਕਰ ਮਨੁੱਖ ਨੂੰ (ਤਥਾ + ਨ) ਤਥਾ = ਇਸ ਤਰ੍ਹਾਂ ਦਾ ਰਾਜ-ਭਾਗ ਭਵੇ = ਪ੍ਰਾਪਤ ਨਾ ਹੋਵੇ, ਤੌ = ਤਦ ਫੇਰ ਉਹ ਬ੍ਰਿਥਾ = ਵਿਆਰਥ ਹੀ ਇਤੇ ਉਤੇ = ਇਧਰ ਉਧਰ ਭ੍ਰਮੋ = ਭ੍ਰਮਣ ਨਾ ਕਰੇ।

## ਅਸੰਗ ਵਿਸ੍ਵ ਤੇ ਭਵੋ; ਅਰੰਨ ਬਾਸ ਲੀਜੀਏ ॥

ਬਲਕਿ ਇਸ ਵਿਸ੍ਵ = ਸੰਸਾਰ ਤੇ = ਤੋਂ ਅਸੰਗ = ਨਿਰਲੇਪ ਹੋ ਕੇ ਆਪਣਾ ਮੂੰਹ ਭਵੋ = ਭੌਂ, ਮੋੜ ਲਵੇ ਅਤੇ ਅਰੰਨ = ਜੰਗਲ ਵਿਚ ਬਾਸ = ਵਾਸਾ ਲੀਜੀਏ = ਲੈਣਾ ਕਰੇ। ਅਤੇ :

## ਅਸੰ ਪ੍ਰਗਯਾਤ ਮੈ ਮਨਾ; ਪ੍ਰਵੇਸ਼ ਸ਼ੀਘ੍ਰ ਕੀਜੀਏ ॥੪੪॥

ਆਪਣੇ ਮਨਾ = ਮਨ ਮੈ = ਵਿਚ ਅਸੰ ਪ੍ਰਗਯਾਤ = ਨਿਰਵਿਕਲਪ ਸਮਾਧੀ ਦਾ ਸ਼ੀਘ੍ਰ = ਛੇਤੀ, ਜਲਦੀ

ਹੀ ਪ੍ਰਵੇਸ਼ (ਪ੍ਰ + ਵੇਸ਼) ਪ੍ਰ = ਵਿਸ਼ੇਸ਼ ਕਰਕੇ ਵੇਸ਼ = ਨਿਵਾਸ ਕੀਜੀਏ = ਕਰਨਾ ਕਰੇ **ਵਾ:** ਹੇ ਮੇਰੇ ਮਨ! ਤੂੰ ਅਸੰ ਪ੍ਰਗਯਾਤ = ਨਿਰਵਿਕਲਪ ਸਮਾਧੀ ਮੈ = ਵਿਚ ਸ਼ੀਘ੍ਰ = ਜਲਦੀ ਦੇ ਕੇ ਪ੍ਰਵੇਸ਼ = ਵਾਸਾ ਕੀਜੀਏ = ਕਰਨਾ ਕਰ ॥੪੪॥

***ਪ੍ਰਸ਼ਨ :*** *ਜੇਕਰ ਮੈਂ ਜੰਗਲ ਵਿਚ ਜਾ ਕੇ ਰਹਿਣਾ ਕਰਾਂਗਾ ਤਾਂ ਫੇਰ ਉਥੇ ਕੀ ਖਾਵਾਂਗਾ ਅਤੇ ਕੀ ਪਹਿਨਾਂਗਾ ?*

***ਉੱਤਰ :***

## ਕਬਿੱਤ ॥

## ਭੂਮਿ ਸੇਜ, ਮੂਲ ਫਲ ਮੇਧ, ਨਵ ਵਲਕਲ;

ਜਿਥੇ ਭੂਮਿ = ਧਰਤੀ ਨੂੰ ਸੇਜਾ ਬਣਾਉਣੀ ਕਰ, ਮੂਲ = ਜੜ੍ਹਾਂ ਵਿਚ ਲੱਗਣ ਵਾਲੇ ਗਾਜਰ, ਮੂਲੀ ਤੇ ਫਲ ਆਦਿ ਮੇਧ = ਪਵਿੱਤਰ ਭੋਜਨ ਨੂੰ ਛਕਣਾ ਕਰ ਅਤੇ ਵਲਕਲ = ਭੋਜ ਪੱਤਰ ਦੇ ਨਵ = ਨਵੇਂ ਕੱਪੜੇ ਬਣਾਉਣਾ ਕਰ।

## ਕਰਨੇ ਨ ਪਰੇ, ਦੇਵ ਆਗੇ ਰਚ ਧਰੇ ਹੈਂ ॥

ਇਹ ਕਰਨੇ = ਬਣਾਉਣੇ ਨ = ਨਹੀਂ ਪਰੇ = ਪੈਂਦੇ ਬਲਕਿ ਦੇਵ = ਪ੍ਰਕਾਸ਼ ਸਰੂਪ ਪਰਮਾਤਮਾ ਨੇ ਆਗੇ = ਪਹਿਲਾਂ ਹੀ ਰਚ = ਪੈਦਾ ਕਰ ਕੇ ਧਰੇ = ਰੱਖੇ ਹੋਏ ਹੈਂ = ਹਨ।

## ਕਰੋ ਇਨੇ ਸਾਥ ਰਤਿ, ਪਯਾਰੀ ਪ੍ਰੇਮ ਵਾਰੀ ਮਤਿ;

ਹੇ ਪ੍ਰੇਮ ਵਾਰੀ = ਵਾਲੀ ਪਿਆਰੀ ਮਤਿ = ਬੁੱਧੀ! ਤੂੰ ਇਨੇ = ਇਨ੍ਹਾਂ ਦੋਨਾਂ ਪਦਾਰਥਾਂ (ਖਾਣ, ਪਹਿਰਾਣ) ਸਾਥ = ਨਾਲ ਰਤਿ = ਪ੍ਰੇਮ ਕਰੋ = ਕਰ।

## ਉਠੋ ਉਠੋ ਤਾਮੈ ਅਬ, ਜਾਮੈ ਬਿਬ ਠਰੇ ਹੈਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਭਾਈ! ਉਠੋ = ਉੱਠਣਾ ਕਰੋ, ਉਠੋ = ਉੱਠਣਾ ਕਰੋ ਤੇ ਅਬ = ਹੁਣੇ ਤਾਮੈ = ਉਸ ਜੰਗਲ ਵਿਚ ਚੱਲਣਾ ਕਰੋ, ਜਾਮੈ = ਜਿਸ ਜੰਗਲ ਵਿਚ ਬਿਬ = ਦੋਵੇਂ ਪਦਾਰਥਾਂ ਦੇ ਠਰੇ = ਢੇਰ ਲੱਗੇ ਪਏ ਹੈਂ = ਹਨ।

## ਤੁੱਛ ਅਵਿਵੇਕੀ ਸਠ ਮੂਢ ਮਨ ਬੋਲਕਟੁ;

ਜੋ ਪੁਰਸ਼ ਤੁੱਛ ਬੁੱਧੀ ਵਾਲੇ, ਅਵਿਵੇਕ = ਵਿਚਾਰ ਤੋਂ ਹੀਣੇ ਭਾਵ ਬੇਸਮਝ, ਮਨ ਦੇ ਮੂਢ = ਮੂਰਖ ਹਨ ਤੇ ਜੋ ਸਠ = ਮੂਰਖ (ਬੋਲ + ਕਟੁ) ਕਟੁ = ਕੌੜੇ ਬੋਲ = ਬਚਨ ਬੋਲਣ ਵਾਲੇ ਹਨ।

## ਜਾਂ ਕੇ ਚਿਤ ਚਿੰਤ, ਆਗ ਕਰ ਸਦਾ ਜਰੇ ਹੈਂ ॥

ਜਾਂ = ਜਿਨ੍ਹਾਂ ਕੇ = ਦੇ ਚਿੱਤ ਚਿੰਤ = ਚਿੰਤਾ ਰੂਪੀ ਆਗ = ਅੱਗ ਕਰਕੇ ਸਦਾ = ਹਮੇਸ਼ਾ ਹੀ ਜਰੇ = ਸੜਦੇ ਰਹਿੰਦੇ ਹੈਂ = ਹਨ।

## ਐਸੋ ਧਨ ਵਾਨਨ ਕੇ, ਨਾਮ ਮਾਤ੍ਰ ਕਾਨਨ ਮੈ;
## ਜਾਹਿ ਮਹਾਂ ਕਾਨਨ ਮੈਂ ਕਬੂ ਨਾਹਿ ਪਰੇ ਹੈਂ ॥੪੫॥

ਜਾਹਿ = ਜਿਸ ਮਹਾਂ = ਬਹੁਤ ਵੱਡੇ ਕਾਨਨ = ਜੰਗਲ ਮੈ = ਵਿਚ ਐਸੋ = ਇਹੋ ਜਿਹੇ ਮੂਰਖ ਧਨ ਵਾਨਨ = ਧਨਵਾਨ ਪੁਰਸ਼ਾਂ ਕੇ = ਦੇ ਨਾਮ ਥੋੜ੍ਹੇ ਮਾਤਰ ਕਬੂ = ਕਦੇ ਵੀ ਕਾਨਨ = ਕੰਨਾਂ ਦੇ ਮੈ = ਵਿਚ ਨਾਹਿ = ਨਹੀਂ ਪਰੇ = ਪੈਂਦੇ ਹੈਂ = ਹਨ ॥੪੫॥

## ਦੋਹਰਾ ॥

## ਸਬਦ ਖਲੋਂ ਕੇ ਨਾਮ ਕੇ; ਪਰੇ ਨ ਕਰਨ ਮਝਾਰ ॥

ਜਿਸ ਜੰਗਲ ਵਿਚ ਖਲੋਂ = ਮੂਰਖ ਪੁਰਖਾਂ ਕੇ = ਦੇ ਨਾਮ ਕੇ = ਦੇ ਸ਼ਬਦ ਵੀ ਕਰਨ = ਕੰਨਾਂ ਮਝਾਰ = ਵਿਚ ਨ = ਨਹੀਂ ਪਰੇ = ਪੈਂਦੇ।

## ਐਸੇ ਨਿਰਜਨ ਬਲ ਬਿਖੈ; ਬਸੇ ਬੁਧਿ ਬਰ ਬਾਰ ॥੪੬॥

ਹੇ ਬੁਧਿ = ਬੁੱਧੀ! ਐਸੇ = ਇਸ ਪ੍ਰਕਾਰ ਦੇ ਨਿਰਜਨ = ਸੁੰਨਸਾਨ ਬਨ = ਜੰਗਲ ਬਿਖੈ = ਵਿਚ ਬਸੇ = ਵੱਸਣਾ ਕਰ, ਕਿਉਂਕਿ ਇਸ ਮਨੁੱਖਾ ਜਨਮ ਦਾ ਬਾਰ = ਵੇਲਾ, ਸਮਾਂ ਬਹੁਤ ਹੀ ਬਰ = ਸ੍ਰੇਸ਼ਟ ਹੈ। ਇਹ ਮਨੁੱਖਾ ਜਨਮ ਬਹੁਤ ਕਠਿਨਤਾਈ ਦੇ ਨਾਲ ਤੈਨੂੰ ਪ੍ਰਾਪਤ ਹੋਇਆ ਹੈ। ਇਸ ਨੂੰ ਅਜਾਈਂ ਨਾ ਗਵਾਉਣਾ ਕਰ, ਹੁਣ ਇਸ ਮਨੁੱਖਾ ਜਨਮ ਵਿਚ ਪਰਮਾਤਮਾ ਨੂੰ ਮਿਲਣ ਦਾ ਸਮਾਂ ਪ੍ਰਾਪਤ ਹੋਇਆ ਹੈ ॥੪੬॥ ਜੈਸਾ ਕਿ:

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥**
**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥**

*(ਗਉੜੀ ਗੁਆਰੇਗੀ ਮ: ੫, ਅੰਗ ੧੭੬)*

## ਸ੍ਵੈਯਾ ॥

ਹੁਣ ਮੂਰਖ ਪੁਰਖਾਂ ਦੀ ਹਾਲਤ ਦੱਸਦੇ ਹੋਏ ਨਾਲ-ਨਾਲ ਮਨ ਨੂੰ ਵੀ ਸਿੱਖਿਆ ਦੇਂਦੇ ਹਨ:

## ਸਠ ਜਾਹਿ ਪਤਾਲ ਕੋ, ਸੂੰਨ ਕੋ ਲਾਂਘ ਕੈ;
## ਸੂੰਨੋ ਫਿਰੈ ਦਿਗ ਮੰਡਲ ਧਾਵਤ ॥

ਸਠ = ਮੂਰਖ ਮਨੁੱਖ ਮਣੀ ਦੀ ਪ੍ਰਾਪਤੀ ਲਈ ਪਤਾਲ ਕੋ = ਨੂੰ ਜਾਹਿ = ਜਾਂਦਾ ਹੈ, ਫਿਰ ਸੂੰਨ = ਅਕਾਸ਼ ਕੋ = ਨੂੰ ਲਾਂਘ = ਲੰਘ ਕੈ = ਕਰ ਕੇ ਸਵਰਗ ਵਿਚ ਜਾਂਦਾ ਹੈ ਤੇ ਦਿਗ ਮੰਡਲ = ਦਿਸ਼ਾ ਰੂਪ ਮੰਡਲ = ਦੇਸ਼ ਵਿਚ ਧਾਵਤ = ਦੌੜਦਾ ਫਿਰੈ = ਫਿਰਦਾ ਹੈ ਭਾਵ ਧਨ ਦੀ ਪ੍ਰਾਪਤੀ ਲਈ ਦਸੋ ਦਿਸ਼ਾਵਾਂ ਵਿਚ ਫਿਰਦਾ ਹੈ, ਪਰ ਸੂੰਨੋ = ਖ਼ਾਲੀ ਹੀ ਮੁੜਦਾ ਹੈ।

## ਬਿਨੁ ਭਾਗ ਮਿਲੈ ਨ ਧਨਾਦਿ ਸੁਖੰ;
## ਤਵ ਚੰਚਿਲਤਾ ਦੁਖ ਹੇਤੁ ਜਨਾਵਤ ॥

ਇਸ ਕਰਕੇ ਬਿਨੁ = ਬਿਨਾਂ ਭਾਗ = ਭਾਗਾਂ (ਕਰਮਾਂ) ਤੋਂ ਧਨਾਦਿ = ਧਨ ਆਦਿ ਦਾ ਸੁਖੰ = ਸੁਖ ਪ੍ਰਾਪਤ

ਨਹੀਂ ਹੁੰਦਾ ਤੇ ਹੇ ਮੂਰਖ ਪੁਰਖ! ਤਵ = ਤੇਰੀ ਮਨ ਦੀ ਚੰਚਲਤਾ ਹੀ ਦੁੱਖਾਂ ਦਾ ਹੇਤੁ = ਕਾਰਨ ਜਨਾਵਤ = ਜਾਣੀ ਜਾਂਦੀ ਹੈ **ਵਾ:** ਹੇ ਮਨਾਂ! ਤਵ = ਤੇਰੀ ਚੰਚਲਤਾ ਹੀ ਦੁੱਖਾਂ ਦਾ ਕਾਰਨ ਜਾਣੀ ਜਾਂਦੀ ਹੈ।

## ਤੱਤ ਬ੍ਰਹਮ ਨਿਜਾਤਮ ਸੁਧ ਮਨਾ;
## ਭਰਮ ਸੋ ਭੀ ਕਬੀ ਸੁਖ ਹੇਤ ਨ ਧਜਾਵਤ ॥

ਹੇ ਮਨਾਂ! ਤੇਰਾ ਨਿਜਾਤਮ (ਨਿਜ + ਆਤਮ) ਨਿਜ = ਆਪਣਾ ਜੋ ਸੁਧ = ਉੱਜਲ ਆਤਮ ਸਰੂਪ ਹੈ, ਉਹ ਤੱਤ = ਸਾਰ ਰੂਪ ਬ੍ਰਹਮ ਦਾ ਹੀ ਸਰੂਪ ਹੈ। ਜੈਸਾ ਕਿ :

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥** *(ਗੋਂਡ ਭਗਤ ਕਬੀਰ ਜੀ, ਅੰਗ ੮੭੧)*

ਪਰ ਤੂੰ ਸੋ = ਉਹ ਆਤਮਿਕ ਸੁਖ ਲੈਣ ਦੇ ਹੇਤ = ਵਾਸਤੇ ਕਬੀ = ਕਦੀ ਭਰਮ = ਭੁੱਲ ਕੇ ਭੀ = ਵੀ ਉਸ ਨੂੰ ਧਜਾਵਤ = ਧਿਆਉਣਾ ਨ = ਨਹੀਂ ਕੀਤਾ।

## ਤਵ ਦੁੰਦ ਜਬੇ, ਭਵ ਸਿੰਧ ਤਬੈ;
## ਤਵ ਸਾਂਤਿ ਭਏ ਬਿਨੁ ਸ਼ਾਂਤਿ ਨ ਆਵਤ ॥੪੭॥

ਹੇ ਮਨਾਂ! ਜਬੇ = ਜਦੋਂ ਤਕ ਤਵ = ਤੇਰੇ ਅੰਦਰ ਦੁੰਦ = ਦੂਆਪਣ (ਦ੍ਵੈਸ਼) ਹੈ, ਤਬੈ = ਤਦੋਂ ਤਕ ਤੈਨੂੰ ਭਵ ਸਿੰਧ = ਸੰਸਾਰ-ਸਮੁੰਦਰ ਵਿਚ ਜੰਮਣ ਮਰਨ ਬਣਿਆ ਹੀ ਰਹੇਗਾ ਭਾਵ ਮੁਕਤੀ ਨੂੰ ਪ੍ਰਾਪਤ ਨਹੀਂ ਕਰ ਸਕੇਂਗਾ। ਇਸ ਕਰਕੇ ਤਵ = ਤੇਰੇ ਸ਼ਾਂਤ ਭਾਵ ਨਾਸ਼ ਭਏ = ਹੋਏ ਤੋਂ ਬਿਨੁ = ਬਗ਼ੈਰ ਤੈਨੂੰ ਅੰਦਰ ਦੀ ਸ਼ਾਤੀ ਨ = ਨਹੀਂ ਆਵਤ = ਆਵੇਗੀ **ਵਾ:** ਤੇਰੇ ਵਿਸ਼ੇ-ਵਿਕਾਰ ਸ਼ਾਂਤਿ ਹੋਏ ਤੋਂ ਬਿਨਾਂ ਤੈਨੂੰ ਆਤਮਿਕ ਸ਼ਾਂਤੀ ਨਹੀਂ ਆਵੇਗੀ ॥੪੭॥

## ਚੌਪਈ ॥
## ਮੂਢ ਕਰੇ; ਪਾਤਾਲ ਪ੍ਰਵੇਸ਼ਾ ॥ ਦੇਖਜਾ ਚਾਹੇ; ਦੇਸ਼ ਫਣੇਸ਼ਾ ॥

ਮੂਢ = ਮੂਰਖ ਮਨੁੱਖ ਪਾਤਾਲ ਵਿਚ ਪ੍ਰਵੇਸ਼ਾ = ਪ੍ਰਵੇਸ਼ ਕਰੇ = ਕਰ ਕੇ ਫਣੇਸ਼ਾ (ਫਣ + ਏਸ਼ਾ) ਫਣ = ਸੱਪਾਂ ਦੇ ਏਸ਼ਾ = ਰਾਜਾ ਭਾਵ ਸ਼ੇਸ਼ਨਾਗ ਦਾ ਦੇਸ਼ (ਪਾਤਾਲ) ਦੇਖਜਾ = ਦੇਖਣਾ ਚਾਹੇ = ਚਾਹੁੰਦਾ ਹੈ।

## ਬਿਸ਼ਨੁ ਸਹੰਸ੍ਰ ਨਾਮੁ; ਨਵਤਨ ਕੋ ॥
## ਭਾਖਹਿ ਸੇਖ; ਪਿਖੋ ਤਾ ਤਨ ਕੋ ॥੪੮॥

ਜੋ ਸੇਖ = ਸ਼ੇਸ਼ਨਾਗ (ਬਿਸ਼ + ਅਨੁ) ਬਿਸ਼ = ਵਿਸ਼ਵ ਭਾਵ ਸਾਰੇ ਬ੍ਰਹਿਮੰਡ ਦੀ ਅਨ = ਚੇਸ਼ਟਾ ਕਰਨ ਵਾਲੇ ਪਰਮਾਤਮਾ ਦੇ ਹਰ ਰੋਜ਼ ਨਵਤਨ = ਨਵੇਂ ਤੋਂ ਨਵੇਂ ਸਹੰਸ੍ਰ = ਹਜ਼ਾਰ ਨਾਮ ਕੋ = ਦਾ ਭਾਖਹਿ = ਉਚਾਰਨ ਕਰਦਾ ਹੈ। ਜੈਸਾ ਕਿ :

**ਸੇਸ ਨਾਗ ਸਿਰ ਸਹਸ ਬਨਾਈ ॥**
**ਦ੍ਵੈ ਸਹੰਸ ਰਸਨਾਹ ਸੁਹਾਈ ॥**
**ਰਟਤ ਅਬ ਲਗੇ ਨਾਮ ਅਪਾਰਾ ॥**
**ਤੁਮਰੋ ਤਊ ਨ ਪਾਵਤ ਪਾਰਾ ॥੬॥** *(ਬਚਿੱਤ੍ਰ ਨਾਟਕ, ਸ੍ਰੀ ਦਸਮ ਗ੍ਰੰਥ)*

ਮੂਰਖ ਮਨੁੱਖ ਤਾ = ਉਸ ਸ਼ੇਸ਼ਨਾਗ ਦੇ ਤਨ = ਸਰੀਰ ਕੋ = ਨੂੰ ਪਿਖੋ = ਦੇਖਣਾ ਚਾਹੁੰਦਾ ਹੈ॥੪੮॥

## ਫਨ ਸਹੰਸ੍ਰ ਪਰ; ਮਣਿ ਅਵਤੰਸਾ॥
## ਭਾਸਹਿ ਤਮ; ਧ੍ਵੰਸਕ ਸਮ ਹੰਸਾ॥

ਅਤੇ ਫਿਰ ਸੋਚਦਾ ਹੈ ਕਿ ਸ਼ੇਸ਼ਨਾਗ ਦੇ ਸਹੰਸ੍ਰ = ਹਜ਼ਾਰ ਫਨ ਪਰ = ਉੱਪਰ ਅਵਤੰਸਾ = ਪ੍ਰਕਾਸ਼ ਰੂਪ ਮਣੀਆਂ ਤਮ = ਹਨੇਰਾ ਧ੍ਵੰਸਕ = ਨਾਸ਼ ਕਰਨ ਵਾਲੇ ਹੰਸਾ = ਸੂਰਜ ਸਮ = ਸਮਾਨ ਭਾਸਹਿ = ਪ੍ਰਕਾਸ਼ ਰਹੀਆਂ ਹਨ।

## ਲਯਾਵੋਂ ਕਿਵੇਂ; ਏਕ ਮਣਿ ਹਰਕੇ॥
## ਨਾਸੇ ਸਭ ਕਲੇਸ; ਤਬ ਘਰ ਕੇ॥੪੯॥

ਉਨ੍ਹਾਂ ਵਿੱਚੋਂ ਮੈਂ ਜਿਵੇਂ ਕਿਵੇਂ ਕਰਕੇ ਏਕ = ਇਕ ਮਣੀ ਹਰਕੇ = ਚੁਰਾ ਕੇ ਲਿਆਉਣਾ ਕਰਾਂਗਾ, ਫੇਰ ਤਬ = ਤਦੋਂ ਮੇਰੇ ਘਰ ਕੇ = ਦੇ ਸਭ = ਸਾਰੇ ਹੀ ਕਲੇਸ = ਦੁੱਖ ਨਾਸੇ = ਨਾਸ਼ ਹੋ ਜਾਣਗੇ॥੪੯॥

## ਤਹ ਤੇ ਮੂਢ; ਸੂੰਨ ਮੁੜ ਆਵਹਿ॥
## ਪੁਨਾਕਾਸ ਕੋ; ਲਾਂਘ ਸਿਧਾਵਹਿ॥

ਤਹ = ਉਥੇ ਭਾਵ ਪਤਾਲ ਤੇ = ਤੋਂ ਮੂਢ = ਮੂਰਖ ਮਨੁੱਖ ਸੂੰਨ = ਖ਼ਾਲੀ ਹੀ ਮੁੜ ਕੇ ਆਵਹਿ = ਆਉਂਦਾ ਹੈ ਅਤੇ (ਪੁਨ + ਅਕਾਸ) ਪੁਨ = ਫੇਰ ਅਕਾਸ ਕੋ = ਨੂੰ ਲਾਂਘ = ਲੰਘ ਕਰਕੇ ਸਵਰਗ ਵਿਚ ਸਿਧਾਵਹਿ = ਜਾਣਾ ਚਾਹੁੰਦਾ ਹੈ।

## ਸੁਰਪਤਿ ਲੋਕ; ਵਿਲੋਕਨ ਕਾਰਣ॥
## ਸੁਧਾਤੜਾਗ, ਕਲਪ ਤਰ; ਬਾਰਣ॥੫੦॥

ਸੁਰ = ਦੇਵਤਿਆਂ ਦੇ ਪਤਿ = ਮਾਲਕ ਇੰਦਰ ਦੇ ਲੋਕ ਨੂੰ ਸੁਧਾਤੜਾਗ = ਅੰਮ੍ਰਿਤ ਦੇ ਤਾਲ (ਤਲਾਉ) ਨੂੰ, ਕਲਪ ਤਰ = ਬ੍ਰਿਛ ਨੂੰ, ਤੇ ਬਾਰਣ = ਐਰਾਵਤਿ ਨਾਮ ਦੇ ਹਾਥੀ ਨੂੰ, ਵਿਲੋਕਣ = ਵੇਖਣ ਦੇ ਕਾਰਣ = ਵਾਸਤੇ ਉਥੇ ਜਾਣਾ ਚਾਹੁੰਦਾ ਹੈ॥੫੦॥

## ਸੁਰਭੀ, ਨੰਦਨ-ਬਨ; ਉਪ-ਬਨ ਕੋ॥
## ਦਰਸੋ ਸੁਰਨ; ਸਹਿਤ ਬਾਹਨ ਕੋ॥

ਸੁਰਭੀ = ਕਾਮਧੇਨ ਗਊ ਨੂੰ, ਨੰਦਨ-ਬਨ ਦੇ ਨਾਮ ਵਾਲੇ ਉਪ-ਬਨ = ਬਾਗ਼ ਕੋ = ਨੂੰ ਅਤੇ ਬਾਹਨ = ਵਾਹਨਾਂ ਕੋ = ਦੇ ਉੱਪਰ ਸਵਾਰੀਆਂ ਦੇ ਸਹਿਤ = ਸਮੇਤ ਸੁਰਨ = ਦੇਵਤਿਆਂ ਨੂੰ ਵੀ ਵੇਖ ਲਵਾਂਗਾ।

## ਬੈਸਿ ਪਾਕਸਾਸਨ; ਸਿੰਘਾਸਨ॥
## ਕਰਹਿ ਕਵਣ ਬਿਧਿ; ਬਬੁਧਹਿ ਸਾਸਨ॥੫੧॥

ਅਤੇ ਪਾਕਸਾਸਨ = ਪਾਕ ਨਾਮੀ ਦੈਂਤ ਨੂੰ ਮਾਰਨ ਵਾਲਾ ਇੰਦਰ ਆਪਣੇ ਸਿੰਘਾਸਨ = ਤਖ਼ਤ ਉੱਤੇ

ਬੈਸਿ = ਬੈਠ ਕਰਕੇ ਬਬੁਧਹਿ = ਦੇਵਤਿਆਂ ਉੱਪਰ ਕਵਣ ਬਿਧਿ = ਕਿਸ ਤਰ੍ਹਾਂ ਦੇ ਨਾਲ ਸਾਸਨ = ਹੁਕਮ ਕਰਹਿ = ਕਰਦਾ ਹੈ, ਇਹ ਵੀ ਵੇਖ ਲਵਾਂਗਾ॥੫੧॥

## ਕਿਵੇਂ ਪਰੇ ਮਮ; ਤਿਹ ਪਰਚੋ ਜਬ॥
## ਨਿਜ ਗ੍ਰਿਹਿ ਪਠਵੋਂ; ਦਿੱਵ੍ਯ ਭੋਗ ਤਬ॥

ਜਬ = ਜਦੋਂ ਕਦੇ ਮਮ = ਮੇਰਾ ਕਿਵੇਂ ਨਾ ਕਿਵੇਂ ਕਰਕੇ ਤਿਹ = ਉਸ ਇੰਦਰ ਨਾਲ ਪਰਚੋ = ਪ੍ਰੇਮ ਪਰੇ = ਪੈ ਗਿਆ, ਤਬ = ਤਦੋਂ ਫੇਰ ਮੈਂ ਨਿਜ = ਆਪਣੇ ਗ੍ਰਿਹਿ = ਘਰ ਦਿੱਵ੍ਯ ਭੋਗ = ਸਵਰਗ ਦੇ ਪਦਾਰਥ ਪਠਵੋਂ = ਭੇਜਣਾ ਕਰਿਆ ਕਰਾਂਗਾ।

## ਇਤ ਰੀਤੋਂ; ਉਤ ਰੀਤੋ ਆਵਹਿ॥
## ਪੁਨਿ ਦਿਗ ਮੰਡਲ; ਕੋ ਉਠਿ ਧਾਵਹਿ॥੫੨॥

ਮੂਰਖ ਮਨੁੱਖ ਇਤ ਰੀਤ = ਇਸ ਤਰ੍ਹਾਂ ਦੇ ਨਾਲ ਇਧਰੋਂ ਭਾਵ ਸਵਰਗ ਵੱਲੋਂ ਵੀ ਖ਼ਾਲੀ ਹੱਥ ਆਉਂਦਾ ਹੈ ਤੇ ਉਤ ਰੀਤ = ਉਸ ਤਰ੍ਹਾਂ ਦੇ ਨਾਲ ਉਧਰੋਂ ਪਤਾਲ ਵਾਲੇ ਪਾਸੇ ਤੋਂ ਵੀ ਖ਼ਾਲੀ ਹੱਥ ਆਵਹਿ = ਆਉਂਦਾ ਹੈ, ਪੁਨਿ = ਫੇਰ ਦਿਗ = ਦਿਸ਼ਾ ਰੂਪ ਮੰਡਲ = ਦੇਸ਼ (੪੦੦ ਕੋਹ ਦਾ ਗੋਲਾਕਾਰ ਇਲਾਕਾ) ਕੋ = ਨੂੰ ਉੱਠ ਕਰਕੇ ਧਾਵਹਿ = ਦੌੜਦਾ ਹੈ ਭਾਵ ਦਸੋਂ ਦਿਸ਼ਾਵਾਂ ਵੱਲ ਦੌੜਦਾ ਹੈ॥੫੨॥

## ਦੁਰਗਮ ਵਿਖਮ; ਅਦਰਸੀ ਠੌਰਹਿ॥
## ਦਰਬ ਨਮਿੱਤ; ਨਿਰੰਤਰਿ ਦੌਰਹਿ॥

ਜਿਸ ਥਾਵਾਂ 'ਤੇ ਪਹੁੰਚਣਾ ਬਹੁਤ ਦੁਰਗਮ = ਕਠਿਨ ਹੈ, ਜੋ ਠੌਰਹਿ = ਸਥਾਨ ਬੜੇ ਵਿਖਮ = ਕਠਿਨ ਤੇ ਅਦਰਸੀ = ਨਾ ਦੇਖੇ ਹੋਏ ਭਾਵ ਲੁਕਵੇਂ ਥਾਂ 'ਤੇ ਹਨ, ਇਹ ਮੂਰਖ ਮਨੁੱਖ ਦਰਬ = ਧਨ ਦੇ ਨਮਿੱਤ = ਵਾਸਤੇ ਐਸੇ ਕਠਿਨ ਸਥਾਨਾਂ ਵੱਲ ਨਿਰੰਤਰ = ਇਕ-ਰਸ, ਲਗਾਤਾਰ ਦੌਰਹਿ = ਦੌੜਦਾ ਫਿਰਦਾ ਹੈ।

## ਚਿੱਤ ਚਪਲਤਾ ਕਰ; ਅਹਿ ਨਿਸ ਮੈ॥
## ਭਟਕਹਿ ਬਿਅਰਥ; ਕਹਾਂ ਦਿਸ ਦਿਸ ਮੈ॥੫੩॥

ਇਉਂ ਮੂਰਖ ਚਿੱਤ ਦੀ ਚਪਲਤਾ = ਚੰਚਲਤਾ ਕਰਕੇ ਅਹਿ ਨਿਸ = ਦਿਨ ਰਾਤ ਮੈ = ਵਿਚ ਵਿਅਰਥ ਹੀ ਦਿਸ ਦਿਸ = ਦਸੋਂ ਦਿਸ਼ਾਵਾਂ ਮੈ = ਵਿਚ ਕਹਾਂ = ਕਿਥੇ ਤੋਂ ਕਿਥੇ ਭਟਕਹਿ = ਭਟਕਦਾ ਫਿਰਦਾ ਹਾਂ॥੫੩॥

## ਤਤ ਨਿਰਮਲ; ਬ੍ਰਹਮਾਤਮ ਰੂਪਾ॥
## ਸਾਖੀ, ਸੁਧ; ਅਸੰਗ, ਅਨੂਪਾ॥

ਹੇ ਮਨਾਂ! ਜੋ ਤਤ = ਸਦਾ ਰਹਿਣ ਵਾਲਾ, (ਨਿਰ + ਮਲ) ਅਵਿੱਦਿਆ ਰੂਪੀ ਮਲ = ਮੈਲ ਤੋਂ ਨਿਰ = ਰਹਿਤ (ਬ੍ਰਹਮ + ਆਤਮ) ਆਤਮਾ ਹੈ, ਉਹ ਬ੍ਰਹਮ ਦਾ ਹੀ ਰੂਪਾ = ਸਰੂਪ ਹੈ। ਜੈਸਾ ਕਿ :

**ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥** *(ਗੋਂਡ ਮ: ੫, ਅੰਗ ੮੬੮)*

ਉਹ ਆਤਮਾ ਇੰਦਰਿਆਂ ਦੇ ਵਿਵਹਾਰ ਦਾ ਸਾਖੀ ਹੈ, ਰਾਗ ਦ੍ਵੈਸ਼ ਦੀ ਮੈਲ ਤੋਂ ਰਹਿਤ ਸ਼ੁੱਧ ਸਰੂਪ

ਹੈ। ਮੋਹ ਆਦਿਕ ਵਿਕਾਰਾਂ ਤੋਂ ਅਸੰਗ = ਨਿਰਲੇਪ ਹੈ, ਜਿਸ ਦੀ (ਅਨ + ਊਪਾ) ਊਪਾ = ਉਪਮਾ ਕਹੀ ਅਨ = ਨਹੀਂ ਜਾ ਸਕਦੀ, ਐਸਾ ਤੇਰਾ ਆਤਮ ਸਰੂਪ ਹੈ।

## ਭ੍ਰਮ ਕਰਿ ਭੀ; ਕਬਹੂੰ ਕਹੂ ਰੀਤੇ ॥
## ਨਿਹ ਸਿਮਰਸਿ; ਨਿਜ ਬ੍ਰਹਮ ਅਭੀਤੇ ॥੫੪॥

ਹੇ ਮਨਾਂ ! ਜੋ ਅਭੀਤੇ = ਡਰ ਤੋਂ ਰਹਿਤ, ਬ੍ਰਹਮ ਦਾ ਰੂਪ ਤੇਰਾ ਨਿਜ = ਆਪਣਾ ਆਤਮ ਸਰੂਪ ਹੈ, ਉਸ ਨੂੰ ਤੂੰ ਭ੍ਰਮ ਕਰਿ = ਭੁੱਲ ਕਰਕੇ ਕਬਹੂੰ = ਕਦੇ ਵੀ ਕਹੂ = ਕਿਸੇ ਰੀਤੇ = ਰੀਤੀ ਨਾਲ ਸਿਮਰਸਿ = ਸਿਮਰਨਾ ਨਿਹ = ਨਹੀਂ ਕੀਤਾ ਭਾਵ ਕਦੇ ਵੀ ਆਪਣੇ ਆਤਮ ਸਰੂਪ ਨੂੰ ਜਾਨਣਾ ਨਹੀਂ ਕੀਤਾ॥੫੪॥

## ਵਯਸਟਿ ਸਮਸਟਿ; ਉਪਾਧਿ ਭੇਦ ਕਰ ॥
## ਜੀਵ ਈਸੂਰ ਕਾ; ਦ੍ਵਿਧਿ ਭਿਦਾ ਪਰ ॥

ਵਿਅਸਟੀ ਉਪਾਧੀ ਭੇਦ ਕਰਕੇ ਜੀਵ ਤੇ ਸਮਸਟੀ ਉਪਾਧੀ ਭੇਦ ਕਰਕੇ ਈਸ਼ਵਰ ਕਾ = ਦਾ ਇਹ ਦ੍ਵਿਧਿ = ਦੋ ਤਰ੍ਹਾਂ ਦਾ ਭਿਦਾ = ਭੇਦ ਪਰ = ਪਿਆ ਹੋਇਆ ਹੈ।

ਵਸਤੂਆਂ ਦੇ ਵਿਅਸਟੀ ਉਪਾਧੀ ਕਰਕੇ ਤਿੰਨ ਭੇਦ ਹੁੰਦੇ ਹਨ :

੧. **ਵਿਸ੍ਵ**—ਵਿਸ੍ਵ ਨਾਮੇ ਜੀਵ ਜਾਗ੍ਰਤ ਦਾ ਅਭਿਮਾਨੀ ਹੈ।

੨. **ਤੈਜਸ੍ਵ**—ਤੈਜਸ੍ਵ ਨਾਮੇ ਜੀਵ ਸੁਪਨ ਦਾ ਅਭਿਮਾਨੀ ਹੈ।

੩. **ਪ੍ਰਾਗਯ**—ਪ੍ਰਾਗਯ ਨਾਮੇ ਜੀਵ ਸੁਖੋਪਤਿ ਦਾ ਅਭਿਮਾਨੀ ਹੈ।

ਸਮਸਟੀ ਉਪਾਧੀ ਕਰਕੇ ਵਸਤੂ ਦੇ ਤਿੰਨ ਭੇਦ ਹੁੰਦੇ ਹਨ :

੧. **ਵੈਰਾਟ**—ਸਮਸਟੀ ਉਪਾਧੀ ਕਰਕੇ ਉਹ ਸਾਰੇ ਬ੍ਰਹਿਮੰਡਾਂ ਦੀ ਜਾਗ੍ਰਤ ਦਾ ਅਭਿਮਾਨੀ ਵੈਰਾਟ ਹੈ, ਜਿਵੇਂ ਇਕ ਬ੍ਰਿਛ ਕੇਵਲ ਬ੍ਰਿਛ ਕਹਾਉਂਦਾ ਹੈ ਪਰ ਬ੍ਰਿਛ ਦਾ ਸਮੂਹ ਬਾਗ਼ ਜਾਂ ਜੰਗਲ ਕਹਾਉਂਦਾ ਹੈ। ਜਿਸ ਦਾ ਸਿਰ ਉਪਰਲੇ ਸੱਤ ਲੋਕ ਹਨ, ਚਰਨ ਸੱਤ ਪਤਾਲ ਹਨ, ਸੁਆਸ ਨਾਸਕਾਂ ਪਵਨ, ਸੱਜਾ ਖੱਬਾ ਨੇਤਰ ਸੂਰਜ ਤੇ ਚੰਦਰਮਾ, ਮੁੱਖ ਅਗਨੀ ਹੈ, ਹਿਰਦਾ ਵਿਸ਼ਨੂੰ ਹੈ, ਦੋਵੇਂ ਬਾਹਵਾਂ ਬ੍ਰਹਮਾ ਤੇ ਸ਼ਿਵ ਹਨ, ਪੇਟ ਸਮੁੰਦਰ, ਨਾੜੀਆਂ ਨਦੀਆਂ ਹਨ, ਹੱਡੀਆਂ ਪਰਬਤ ਹਨ, ਰੋਮ ਬਨਸਪਤੀ ਹੈ, ਬੀਰਜ ਮੇਘ ਮਾਲ ਹੈ, ਜਿਥੇ ਧਰਮ ਦਾ ਵਰਤਾਰਾ ਹੈ, ਉਥੇ ਈਸ਼ਵਰ ਦਾ ਮੁੱਖ ਹਿੱਸਾ ਭਾਵ ਅਗਲਾ ਹਿੱਸਾ ਹੈ। ਜਿਥੇ ਅਧਰਮ ਦਾ ਵਰਤਾਰਾ ਹੈ, ਉਥੇ ਈਸ਼ਵਰ ਦਾ ਪਿਛਲਾ ਪਾਸਾ ਭਾਵ ਪਿੱਠ ਹੈ। ਇਸ ਪ੍ਰਕਾਰ ਵੈਰਾਟ ਸਰੂਪ ਹੈ।

੨. **ਹਿਰਨ ਗਰਭ**—ਜੋ ਸਮਸਟੀ ਉਪਾਧੀ ਕਰਕੇ ਸਾਰਿਆਂ ਦੀ ਸੁਪਨ ਅਵਸਥਾ ਨੂੰ ਹਿਰਨ = ਪ੍ਰਕਾਸ਼ ਗਰਭ = ਕਰਨ ਵਾਲਾ ਹੈ, ਉਸ ਨੂੰ ਹਿਰਨ ਗਰਭ ਕਹਿੰਦੇ ਹਨ।

੩. **ਅੱਬਯਾਕ੍ਰਿਤ**—ਸਮਸਟੀ ਉਪਾਧੀ ਕਰਕੇ ਸਭ ਦੀ ਸੁਖੋਪਤਿ ਅਵਸਥਾ ਦੇ ਅਭਿਮਾਨੀ ਨੂੰ ਅੱਬਯਾਕ੍ਰਿਤ ਕਹਿੰਦੇ ਹਨ। ਮਾਇਆ ਕਰਕੇ ਇਹ ਤਿੰਨ ਵਸਤੂਆਂ ਦੇ ਭੇਦ ਹਨ, ਪਰ ਪਰਮੇਸ਼ਰ ਵਾਹਿਗੁਰੂ ਇਨ੍ਹਾਂ ਭੇਦਾਂ ਤੋਂ ਰਹਿਤ ਹੈ।

## ਮਾਯਾ ਅਵਿਦਯਾ; ਮਿਲਿ ਮਿਲਿ ਭਾਸੇ ॥
## ਮੁਗਧੋ ਕੇ; ਉਰ ਮਾਂਹਿ ਪ੍ਰਕਾਸੇ ॥੫੫॥

ਇਸ ਕਰਕੇ ਸ਼ੁੱਧ ਸਰੂਪ ਬ੍ਰਹਮ ਨਾਲ ਮਾਇਆ ਮਿਲ ਕੇ ਭਾਵ ਦੋਹਾਂ ਦਾ ਕਲਪਤਿਦਾਤਮ ਸੰਬੰਧ ਹੋਣੇ

ਕਰਕੇ ਤੇ ਸਤੋ ਪ੍ਰਧਾਨ ਰੂਪ ਮਾਇਆ ਵਿਚ ਚੇਤਨ ਦਾ ਅਭਾਸ ਪੈਣ ਕਰਕੇ ਈਸ਼ਵਰ ਅਤੇ ਅਵਿੱਦਿਆ ਨਾਲ ਮਿਲ ਕਰਕੇ ਭਾਵ ਅਵਿੱਦਿਆ ਵਿਚ ਚੇਤਨ ਦਾ ਆਭਾਸ ਪੈਣ ਕਰਕੇ ਜੀਵ ਭਾਸੇ = ਭਾਸਦਾ ਹੈ। ਮੁਗਧੋ = ਮੂਰਖ ਮਨੁੱਖਾਂ ਕੇ = ਦੇ ਉਰ = ਹਿਰਦਿਆਂ ਮਾਂਹਿ = ਵਿਚ ਇਸ ਪ੍ਰਕਾਰ ਦਾ ਭੇਦ ਪ੍ਰਕਾਸੇ = ਪ੍ਰਕਾਸ਼ ਹੁੰਦਾ ਹੈ॥੫੫॥

**ਕਲਪਤਿਦਾਤਮ ਸੰਬੰਧ—**ਜਿਵੇਂ ਬਲੌਰ ਚਿੱਟਾ, ਨਿਰਮਲ, ਉੱਜਲ ਹੁੰਦਾ ਹੈ, ਉਸ ਦੇ ਕੋਲ ਜਿਹੋ ਜਿਹੇ ਰੰਗ ਦੀ ਕੋਈ ਚੀਜ਼, ਫੁੱਲ ਜਾਂ ਕੱਪੜਾ ਆਦਿ ਰੱਖੀਏ, ਉਸੇ ਤਰ੍ਹਾਂ ਦਾ ਰੰਗ ਬਲੌਰ ਵਿਚ ਪ੍ਰਤੀਤ ਹੋਣ ਲੱਗ ਜਾਂਦਾ ਹੈ। ਕੱਪੜੇ ਜਾਂ ਫੁੱਲ ਅਤੇ ਬਲੌਰ ਦਾ ਇਹ ਕਲਪਤਿਦਾਤਮ ਸੰਬੰਧ ਹੈ। ਜਦੋਂ ਉਹ ਰੰਗਦਾਰ ਚੀਜ਼ ਦੂਰ ਹਟਾ ਦੇਈਏ ਤਾਂ ਬਲੌਰ ਉੱਜਲ ਦਾ ਉੱਜਲ ਰਹਿ ਜਾਂਦਾ ਹੈ। ਇਹ ਜੋ ਬ੍ਰਹਮ ਹੈ, ਉਹ ਸ਼ੁੱਧ ਸਰੂਪ ਹੈ। ਤ੍ਰੈ-ਗੁਣੀ ਮਾਇਆ ਦਾ ਉਸ ਨਾਲ ਕਲਪਤਿਦਾਤਮ ਸੰਬੰਧ ਪੈਣ ਤੋਂ ਈਸ਼ਵਰ ਕਹਾਉਂਦਾ ਹੈ। ਮਾਇਆ ਦਾ ਤਿਆਗ ਕਰ ਕੇ ਉਹ ਸ਼ੁੱਧ ਦਾ ਸ਼ੁੱਧ ਸਰੂਪ ਹੀ ਹੈ। ਜੋ ਸਦਾ ਸੱਚਾ ਨਾ ਹੋਵੇ ਅਤੇ ਕਲਪਿਆ ਹੋਵੇ, ਜਿਸ ਪ੍ਰਕਾਰ ਅੱਗ ਦੇ ਨਾਲ ਲੋਹੇ ਵਿਚ ਤਿੰਨ ਸ਼ਕਤੀਆਂ ਪੈਦਾ ਹੋ ਜਾਂਦੀਆਂ ਹਨ। ਪਹਿਲੀ ਪ੍ਰਕਾਸ਼ ਸ਼ਕਤੀ ਆਉਂਦੀ ਹੈ ਤੇ ਲੋਹਾ ਲਾਲ ਹੋ ਕੇ ਚਮਕਦਾ ਹੈ। ਦੂਜੀ ਸਾੜਨ ਸ਼ਕਤੀ ਤੇ ਤੀਜੀ ਊਸ਼ਨ ਸ਼ਕਤੀ ਜੋ ਗਰਮੀ ਪੈਦਾ ਕਰਦੀ ਹੈ। ਅੱਗ ਤੋਂ ਪਾਸੇ ਕਰ ਕੇ ਇਹ ਤਿੰਨੇ ਸ਼ਕਤੀਆਂ ਹੀ ਨਹੀਂ ਰਹਿੰਦੀਆਂ। ਇਸ ਪ੍ਰਕਾਰ ਬ੍ਰਹਮ ਦੀ ਸੱਤਾ ਨੂੰ ਲੈ ਕੇ ਜੜ੍ਹ ਮਾਇਆ ਹਰਕਤ ਵਿਚ ਆਈ। ਤ੍ਰਿਗੁਣੀ ਰੂਪ ਹੋਈ ਅਤੇ ਗੁਣਾਂ ਕਰਕੇ ਜੀਵ, ਈਸ਼ਵਰ ਹੋ ਕੇ ਸ੍ਰਿਸ਼ਟੀ ਰਚੀ। ਸਤੋ ਪ੍ਰਧਾਨ ਰੂਪ ਜਿਹੜੀ ਮਾਇਆ ਹੈ, ਜਿਸ ਵਿਚ ਰਜੋ ਤੇ ਤਮੋ ਗੁਣ ਘੱਟ ਹਨ ਅਤੇ ਸਤੋ ਪ੍ਰਧਾਨ ਹੈ, ਉਸ ਵਿਚ ਚੇਤਨ ਦਾ ਅਭਾਸ ਪੈਣ ਕਰਕੇ ਈਸ਼ਰ ਕਹਾਈ। ਜਿਸ ਵਿਚ ਸਤੋ ਘੱਟ ਤੇ ਰਜੋ ਤਮੋ ਗੁਣ ਪ੍ਰਧਾਨ ਹਨ, ਜੋ ਅਵਿੱਦਿਆ ਹੈ, ਉਸ ਵਿਚ ਚੇਤਨ ਦਾ ਅਭਾਸ ਪਿਆ ਤੇ ਉਹ ਜੀਵ ਕਹਾਈ। ਜਦੋਂ ਚੇਤਨ ਦਾ ਪ੍ਰਤਿਬਿੰਬ ਮਾਇਆ ਵਿਚ ਪਿਆ ਤਾਂ ਤਿੰਨ ਗੁਣ ਪੈਦਾ ਹੋਏ। ਜਿਸ ਪ੍ਰਕਾਰ ਭਾਸ਼ਾਵਾਦੀਆਂ ਦਾ ਮੱਤ ਹੈ ਕਿ ਜਿਤਨਾ ਚਿਰ ਘੜਾ ਪਾਣੀ ਨਾਲ ਭਰਿਆ ਹੋਇਆ ਸਾਹਮਣੇ ਰਹੇ, ਓਨਾ ਚਿਰ ਸੂਰਜ ਦਾ ਪ੍ਰਤਿਬਿੰਬ ਘੜੇ ਵਿਚ ਪੈਂਦਾ ਹੈ। ਜਦੋਂ ਬੱਦਲ ਆਦਿ ਆ ਜਾਣ ਤਾਂ ਨਹੀਂ ਪੈਂਦਾ। ਇਸੇ ਪ੍ਰਕਾਰ ਹੀ ਮਾਇਆ ਵਿਚ ਚੇਤਨ ਦਾ ਅਭਾਸ ਪੈਂਦਾ ਹੈ ਤਾਂ ਇਹ ਰਚਨਾ ਰਚਦੀ ਹੈ। ਐਸਾ ਸਮਾਂ ਦੱਸਿਆ ਨਹੀਂ ਜਾ ਸਕਦਾ ਕਿ ਮਾਇਆ ਫ਼ਲਾਣੇ ਸਮੇਂ ਉਸ ਤੋਂ ਓਹਲੇ ਹੋ ਸਕਦੀ ਹੈ, ਕਿਉਂਕਿ ਉਹ ਬ੍ਰਹਮ ਸਰਬ-ਵਿਆਪਕ ਹੈ। ਮਾਇਆ ਕਿਥੇ ਲੁਕ ਜਾਵੇਗੀ ? ਨਾ ਮਾਇਆ ਮਰਦੀ ਹੈ ਕਿ ਮਰਨ ਤੋਂ ਸ੍ਰਿਸ਼ਟੀ ਲੈਅ ਹੋਵੇਗੀ। ਇਹ ਅਜੂਨੀ ਨਾਦੀ ਹੈ, ਸ਼ਾਂਤ ਅਨਾਦੀ ਹੈ ਕਿਉਂਕਿ ਇਹ ਪ੍ਰਤੀਤ ਹੁੰਦੀ ਹੈ, ਜਿਵੇਂ ਜਾਗਦੇ ਹੋਏ ਪੁਰਖ ਦੀਆਂ ਅੱਖਾਂ ਦਾ ਪ੍ਰਕਾਸ਼ ਅੱਗੇ ਪੈਂਦਾ ਹੈ, ਜਦੋਂ ਸੌਂ ਜਾਵੇ ਤਾਂ ਅੱਖਾਂ ਮਿਚ ਜਾਂਦੀਆਂ ਹਨ ਅਤੇ ਅੱਖਾਂ ਦਾ ਪ੍ਰਕਾਸ਼ ਕਿਸੇ ਵਸਤੂ ਨੂੰ ਵੇਖਣ ਰੂਪ ਕੰਮ ਨਹੀਂ ਕਰਦਾ। ਇਸੇ ਪ੍ਰਕਾਰ ਜਦੋਂ ਪਰਮਾਤਮਾ ਸ੍ਵੈ ਰੂਪ ਵਿਚ ਲੀਨ ਹੁੰਦਾ ਹੈ ਕਿ ਜਗਤ ਦੀ ਰਚਨਾ ਦੀ ਹੁਣ ਲੈਅਤਾ ਕਰਨੀ ਹੈ, ਉਸ ਸਮੇਂ ਫੇਰ ਬੰਦ ਅੱਖਾਂ ਦੀ ਨਿਆਈਂ ਆਪਣਾ ਪ੍ਰਤਿਬਿੰਬ ਮਾਇਆ ਵਿਚ ਪੈਣ ਤੋਂ ਰੋਕ ਲੈਂਦਾ ਹੈ, ਮਾਇਆ ਅਸਕਤ ਜੜ੍ਹ ਹੈ, ਉਹ ਆਪ ਕੁਝ ਨਹੀਂ ਕਰ ਸਕਦੀ, ਜਿਸ ਪ੍ਰਕਾਰ ਕਲਾ ਨਾਲ ਪੁਤਲੀਆਂ ਦੀ ਕਿਰਿਆ ਹੁੰਦੀ ਹੈ। ਜੇ ਕਲਾ ਨਾ ਹੋਵੇ ਤਾਂ ਥਾਉਂ ਥਾਈਂ ਖੜੋ ਜਾਂਦੀਆਂ ਹਨ। ਇਸ ਪ੍ਰਕਾਰ ਸਭ ਰਚਨਾ ਸਮਾਪਤ ਹੋ ਜਾਂਦੀ ਹੈ। ਉਸ ਦਾ ਫੁਰਨਾ ਹੀ ਪ੍ਰਤਿਬਿੰਬ ਦਾ ਪੈਣਾ ਹੈ ਅਤੇ ਫੁਰਨਾ ਮੇਟਣਾ ਪ੍ਰਤਿਬਿੰਬ ਦਾ ਨਹੀਂ ਪੈਣਾ ਹੈ।

## ਤਦਪਿ ਵਿਮਲ ਲਖੇ; ਤਿਹ ਨਿਰ ਦੁਖ॥
## ਜਾਹਿ ਪਿਖੇ ਨਸ; ਜਾਹਿ ਨਿਖਲ ਦੁਖ॥

ਹੇ ਜੀਵ! ਭਾਵੇਂ ਇਹ ਭੇਦ ਪ੍ਰਤੀਤ ਹੋ ਰਿਹਾ ਹੈ, ਪਰ ਤਦਪਿ = ਤਦ ਵੀ ਦੁਖਾਂ ਤੋਂ ਨਿਰ = ਰਹਿਤ ਤਿਹ = ਉਸ ਆਪਣੇ ਵਿਮਲ = ਨਿਰਮਲ ਸਰੂਪ ਨੂੰ ਲਖੇ = ਜਾਨਣਾ ਕਰ। ਜਾਹਿ = ਜਿਸ ਬ੍ਰਹਮਾਤਮਾ ਦੇ

ਪਿਖੇ = ਦੇਖਣ ਭਾਵ ਜਾਣਨ ਕਰਕੇ ਨਿਖਲ = ਤਮਾਮ ਦੁਖ **ਵਾ:** ਜੰਮਣ ਮਰਨ ਆਦਿ ਦੇ ਦੁਖ ਨਸ = ਦੌੜ ਭਾਵ ਨਾਸ਼ ਹੋ ਜਾਹਿ = ਜਾਂਦੇ ਹਨ ਤੇ ਬ੍ਰਹਮਾਨੰਦ ਰੂਪੀ ਸੁਖ ਪ੍ਰਾਪਤ ਹੋ ਜਾਂਦਾ ਹੈ। ਜੈਸਾ ਕਿ:

**ਆਤਮੁ ਚੀਨਿ੍ ਪਰਮ ਸੁਖੁ ਪਾਇਆ ॥੪॥੧੫॥** *(ਆਸਾ ਮ: ੫, ਅੰਗ ੩੭੫)*

## ਜਾਸ ਲਾਭ ਕਰ; ਲਾਭ ਅਪਰ ਨਾ ॥
## ਜਾ ਸੁਖ ਕਰਿ; ਸੁਖ ਅਵਰ ਨ ਵਰਨਾ ॥੫੬॥

ਜਾਸ = ਜਿਸ ਆਪਣੇ ਆਤਮ ਸਰੂਪ ਰੂਪੀ ਲਾਭ ਨੂੰ ਪ੍ਰਾਪਤ ਕਰਨੇ ਕਰਕੇ, ਫਿਰ ਕੋਈ ਅਪਰ = ਹੋਰ ਲਾਭ = ਨਫ਼ਾ ਪ੍ਰਾਪਤ ਕਰਨ ਦੀ ਇੱਛਾ ਨਹੀਂ ਰਹਿੰਦੀ। ਜਾ = ਜਿਸ ਆਤਮਿਕ ਸੁਖ ਨੂੰ ਪ੍ਰਾਪਤ ਕਰਨੇ ਕਰਕੇ, ਫਿਰ ਕੋਈ ਅਵਰ = ਹੋਰ ਦੁਨਿਆਵੀ ਸੁਖਾਂ ਦਾ ਵਰਨਾ = ਵਰਣਨ ਨਹੀਂ ਕੀਤਾ ਜਾਂਦਾ ਹੈ ॥੫੬॥

## ਏਕ ਬਾਰ ਹ੍ਵੈ; ਦਰਸਨ ਜਾ ਕੋ ॥
## ਬੇਖਨ ਯੋਗ ਰਹੇ; ਪੁਨ ਨਾਂ ਕੋ ॥

ਜਾ = ਜਿਸ ਪਰਮਾਤਮਾ **ਵਾ:** ਆਤਮਾ ਕੋ = ਦਾ ਏਕ = ਇਕ ਵਾਰ ਦਰਸਨ = ਦੀਦਾਰ ਹ੍ਵੈ = ਹੋ ਜਾਵੇ, ਤਾਂ ਪੁਨ = ਫੇਰ ਕੋ = ਕੋਈ ਹੋਰ ਵਸਤੂ ਬੇਖਨ = ਦੇਖਣ ਯੋਗ ਨਾਂ = ਨਹੀਂ ਰਹੇ = ਰਹਿ ਜਾਂਦੀ ਭਾਵ ਬ੍ਰਹਮਾਤਮਾ ਦੇ ਦਰਸ਼ਨ ਕਰਨ ਤੋਂ ਬਾਅਦ ਕੋਈ ਪਦਾਰਥ ਵੇਖਣ ਦੀ ਇੱਛਾ ਹੀ ਨਹੀਂ ਰਹਿੰਦੀ।

## ਜਾਂ ਸਰੂਪ ਹੁਇ ਕਰ; ਭਵ ਮਾਂਹੀ ॥
## ਇਤਰ ਰੂਪ; ਪੁਨ ਹੋਵੈ ਨਾਹੀ ॥੫੭॥

ਜਾਂ = ਜਿਸ ਪਰਮਾਤਮਾ ਦਾ ਸਰੂਪ ਹੁਇ = ਹੋਣੇ ਕਰਕੇ ਭਾਵ ਉਸ ਦੇ ਸਰੂਪ ਵਿਚ ਲੀਨ ਹੋਣੇ ਕਰਕੇ, ਤਦ ਭਵ = ਸੰਸਾਰ ਮਾਂਹੀ = ਵਿਚ ਪੁਨ = ਫਿਰ ਜੀਵ ਇਤਰ = ਹੋਰ ਕੋਈ ਰੂਪ ਹੋਵੈ = ਹੁੰਦਾ ਹੀ ਨਾਹੀ = ਨਹੀਂ ਹੈ ਭਾਵ ਪਰਮਾਤਮਾ ਦਾ ਨਾਮ ਜਪਣ ਕਰਕੇ ਮੋਖਸ਼ ਨੂੰ ਪ੍ਰਾਪਤ ਹੋਣ ਤੋਂ ਬਾਅਦ ਫਿਰ ਚੌਰਾਸੀ ਦਾ ਚੱਕਰ ਮੁੱਕ ਜਾਂਦਾ ਹੈ ॥੫੭॥ ਜੈਸਾ ਕਿ:

**ਗੁਣ ਗਾਵੈ ਨਿਤ ਨਿਤ ਨਿਤ ਨਵੇ ॥ ਲਖ ਚਉਰਾਸੀਹ ਜੋਨਿ ਨ ਭਵੇ ॥**

*(ਪ੍ਰਭਾਤੀ ਮ: ੫, ਅੰਗ ੧੩੪੦)*

**ਲਖ ਚਉਰਾਸੀਹ ਨਰਕ ਨ ਦੇਖਹੁ ਰਸਕਿ ਰਸਕਿ ਗੁਣ ਗਾਈ ਹੇ ॥੧੦॥**

*(ਮਾਰੂ ਸੋਲਹੇ ਮ: ੫, ਅੰਗ ੧੦੭੨)*

## ਜੋ ਸਰਬੇਕ; ਸਮਾਨ ਸਮਾਨਾ ॥
## ਤੋ ਮੈਂ ਭੀ ਸੋ ਰਮਯੋ; ਨ ਆਨਾ ॥

ਹੇ ਮਨਾਂ! ਜੋ ਬ੍ਰਹਮ ਸਰਬੇਕ (ਸਰਬ + ਏਕ) ਸਰਬ = ਸਾਰਿਆਂ ਦੇ ਵਿਚ ਏਕ = ਇਕ ਸਮਾਨ ਸਮਾਨਾ = ਸਮਾਇਆ ਹੋਇਆ ਹੈ, ਤੋ = ਤੇਰੇ ਮੈਂ = ਵਿਚ ਭੀ = ਵੀ ਸੋ = ਉਹੋ ਹੀ ਰਮਯੋ = ਰਮਿਆ ਹੋਇਆ ਹੈ, ਉਸ ਤੋਂ ਬਿਨਾਂ ਆਨਾ = ਕੋਈ ਹੋਰ ਨ = ਨਹੀਂ ਹੈ।

## ਤੂ ਨ ਸਰਬ ਤੇ; ਅਨਤਜ ਜਾਤੇ ॥
## ਵਹੀ ਰੂਪ ਤਵ; ਨਿਸਚੇ ਤਾਤੇ ॥੫੮॥

ਜਾਤੇ = ਜਿਸ ਕਰਕੇ ਤੂੰ ਸਰਬ = ਸਾਰਿਆਂ ਤੇ = ਤੋਂ ਅਨਤਜ = ਹੋਰ ਭਾਵ ਵੱਖਰਾ ਨਹੀਂ ਹੈ। ਤਾਤੇ = ਤਿਸ ਕਰਕੇ ਤਵ = ਤੇਰਾ ਵੀ ਵਹੀ = ਉਹੋ ਹੀ ਬ੍ਰਹਮ ਰੂਪ ਨਿਸਚੇ ਕੀਤਾ ਗਿਆ ਹੈ॥੫੮॥

## ਬ੍ਰਹਮ ਸਰਬ ਮੈ; ਪੂਰਣ ਜੈਸੇ ॥
## ਸਰਬ ਵਿਖੈ ਤੁਮ; ਪੂਰਣ ਤੈਸੇ ॥

ਜੈਸੇ = ਜਿਸ ਪ੍ਰਕਾਰ ਬ੍ਰਹਮ ਸਰਬ = ਸਭਨਾਂ ਦੇ ਮੈ = ਵਿਚ ਪੂਰਣ = ਪਰੀਪੂਰਨ ਹੈ। ਤੈਸੇ = ਉਸੇ ਤਰ੍ਹਾਂ ਤੁਮ = ਤੂੰ ਵੀ ਸਰਬ = ਸਾਰਿਆਂ ਵਿਖੈ = ਵਿਚ ਪੂਰਨ ਹੋ ਰਿਹਾ ਹੈਂ।

## ਜਾਂਤੇ ਸ੍ਰੁਤਿ; ਤਵ ਬ੍ਰਹਮ ਬਖਾਨਾ ॥
## ਤਾਂਤੇ ਤਵ ਬਪੁ; ਵਯਾਭਵ ਨਾਨਾ ॥੫੯॥

ਜਾਂਤੇ = ਜਿਸ ਕਰਕੇ ਸ੍ਰੁਤਿ = ਵੇਦਾਂ ਨੇ ਵੀ ਤਵ = ਤੈਨੂੰ ਬ੍ਰਹਮ ਦਾ ਸਰੂਪ ਬਖਾਨਾ = ਕਥਨ ਕੀਤਾ ਹੈ ਤੇ ਗੁਰੂ ਸਾਹਿਬ ਜੀ ਵੀ ਗੁਰਬਾਣੀ ਅੰਦਰ ਇਉਂ ਕਥਨ ਕਰਦੇ ਹਨ। ਜੈਸਾ ਕਿ :

**ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ਰਹਾਉ॥**

*(ਗੋਂਡ ਮ: ੫, ਅੰਗ ੮੬੮)*

ਹੇ ਭਾਈ! ਤਾਂਤੇ = ਇਸ ਕਰਕੇ ਤਵ = ਤੇਰੇ ਬਪੁ = ਸਰੀਰ ਤੋਂ ਹੀ ਨਾਨਾ = ਅਨੇਕ ਪ੍ਰਕਾਰ ਦਾ (ਵਯਾ + ਭਵ) ਭਵ = ਸੰਸਾਰ ਵਯਾ = ਪੈਦਾ ਹੋਇਆ ਹੈ॥੫੯॥

***ਪ੍ਰਸ਼ਨ :*** *ਕੀ ਸਥੂਲ ਸਰੀਰ ਮੇਰਾ ਆਤਮ ਸਰੂਪ ਹੈ?*

***ਉੱਤਰ :***

## ਭੂਤਨ ਕੋ ਹੈ ਪੂਤ; ਅਮੂਤਨ ॥
## ਜੜ ਪਰਣਾਮ ਨਾਸ ਹੈ; ਮ੍ਰਿਦ ਜਨ ॥

ਹੇ ਮਨਾਂ! ਇਹ ਤੇਰਾ ਸਥੂਲ ਸਰੀਰ ਪੰਜ ਭੂਤਨ = ਤੱਤਾਂ ਕੋ = ਦਾ ਪੂਤ = ਪੁੱਤਰ ਹੈ ਭਾਵ ਪੰਜ ਤੱਤਾਂ ਤੋਂ ਪੈਦਾ ਹੋਇਆ ਹੈ। ਇਸ ਕਰਕੇ ਇਹ ਅਮੂਤਨ = ਜੜ੍ਹ ਹੈ, ਕਿਉਂਕਿ ਸਰੀਰ ਦਾ ਕਾਰਣ ਰੂਪ ਤੱਤ ਆਪ ਜੜ੍ਹ ਹਨ, ਜੜ੍ਹ ਪਦਾਰਥ ਪਰਣਾਮ = ਬਦਲਣ ਵਾਲਾ ਹੁੰਦਾ ਹੈ ਭਾਵ ਜੋ ਪ੍ਰਣਵ ਭਾਵ ਨੂੰ ਪ੍ਰਾਪਤ ਹੋਵੇ, ਜੋ ਬਦਲਦਾ ਜਾਵੇ, ਜੋ ਅਵਸਥਾ ਲੰਘ ਗਈ, ਉਹ ਦੁਬਾਰਾ ਪ੍ਰਾਪਤ ਨਹੀਂ ਹੁੰਦੀ, ਜਿਵੇਂ ਬਾਲ ਤੋਂ ਕਿਸ਼ੋਰ ਅਵਸਥਾ, ਕਿਸ਼ੋਰ ਤੋਂ ਬਾਲਕ ਨਹੀਂ ਹੋ ਸਕਦਾ, ਕਿਸ਼ੋਰ ਤੋਂ ਜਵਾਨ ਅਵਸਥਾ, ਜੋ ਜਵਾਨ ਹੋ ਕੇ ਕਿਸ਼ੋਰ ਨਹੀਂ ਹੋ ਸਕਦਾ। ਫਿਰ ਜੋ ਜਵਾਨ ਤੋਂ ਬਿਰਧ ਅਵਸਥਾ ਹੈ, ਬਿਰਧ ਤੋਂ ਜਵਾਨ ਨਹੀਂ ਹੋ ਸਕਦਾ। ਜਿਵੇਂ ਦੁੱਧ ਤੋਂ ਦਹੀਂ ਬਣ ਕੇ ਬਾਅਦ ਵਿਚ ਦੁੱਧ ਨਹੀਂ ਬਣ ਸਕਦਾ, ਇਸੇ ਤਰ੍ਹਾਂ ਇਹ ਸਰੀਰ ਪ੍ਰਣਵ ਭਾਵ ਨੂੰ ਪ੍ਰਾਪਤ ਹੋਣ ਵਾਲਾ ਹੈ ਅਤੇ ਇਹ ਸਰੀਰ ਮ੍ਰਿਦ = ਮਿੱਟੀ ਤੋਂ ਜਨ = ਪੈਦਾ ਹੋਣ ਵਾਲੇ ਘੜੇ ਵਾਂਗ ਨਾਸ਼ਵਾਨ ਹੈ, ਇਹ ਤੇਰਾ ਸਰੂਪ ਨਹੀਂ ਹੈ।

**ਪ੍ਰਣਵਵਾਦ ਤੇ ਵਿਵਰਤਵਾਦ** : ਇਹ ਸੰਸਾਰ ਵਿਚ ਦੋ 'ਵਾਦ' ਹਨ। ਇਕ ਨੂੰ ਪ੍ਰਣਵਵਾਦ ਕਹਿੰਦੇ

ਹਨ, ਜੋ ਮੁੜ ਉਸ ਰੂਪ ਵਿਚ ਨਾ ਆ ਸਕੇ। ਸੰਸਾਰ ਵਿਚ ਮਾਇਆ ਦਾ ਪ੍ਰਣਵਵਾਦ ਹੈ ਅਤੇ ਬ੍ਰਹਮ ਦਾ ਵਿਵਰਤਵਾਦ ਹੈ। ਵਿਵਰਤਵਾਦ ਉਸ ਨੂੰ ਕਹਿੰਦੇ ਹਨ ਜੋ ਬਾਹਰ ਦੀ ਸ਼ਕਲ ਬਦਲ ਕੇ ਆਪਣਾ ਰੂਪ ਜਿਉਂ ਦਾ ਤਿਉਂ ਰੱਖੇ। ਜਿਵੇਂ ਮਿੱਟੀ ਤੋਂ ਬਰਤਨ ਬਣ ਕੇ ਵੀ ਮਿੱਟੀ ਨੇ ਆਪਣਾ ਰੂਪ ਨਹੀਂ ਬਦਲਿਆ। ਪਰ ਬਰਤਨ ਵੀ ਬਣ ਗਿਆ। ਪਾਣੀ ਤੋਂ ਅਨੇਕਾਂ ਲਹਿਰਾਂ, ਝੱਗ, ਬੁਦਬੁਦੇ ਬਣ ਗਏ, ਪਰ ਪਾਣੀ ਨੇ ਆਪਣਾ ਰੂਪ ਨਹੀਂ ਛੱਡਿਆ। ਲਹਿਰ ਬਣ ਕੇ, ਬੂੰਦ ਬਣ ਕੇ, ਝੱਗ ਬਣ ਕੇ ਫਿਰ ਪਾਣੀ ਹੈ। ਜੈਸਾ ਕਿ:

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**

*(ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ, ਅੰਗ ੪੮੫)*

ਸੋਨੇ ਤੋਂ ਅਨੰਤ ਗਹਿਣੇ ਬਣ ਕੇ, ਨਾਮ ਭਾਵੇਂ ਵੱਖਰੇ-ਵੱਖਰੇ ਹੋ ਗਏ, ਜਿਵੇਂ ਇਹ ਮੁੰਦਰੀ ਹੈ, ਇਹ ਕੜਾ ਹੈ, ਇਹ ਕਾਂਟੇ ਹਨ, ਆਦਿ, ਪਰ ਸੁਨਿਆਰੇ ਤੋਂ ਪੁੱਛੋ ਕੀ ਹੈ? ਉਸ ਦੀ ਦ੍ਰਿਸ਼ਟੀ ਵਿਚ ਸੋਨਾ ਹੀ ਸੋਨਾ ਹੈ। ਜਦ ਕੁਠਾਲੀ ਵਿਚ ਢਾਲ ਦੇਈਏ ਤਾਂ ਕੇਵਲ ਸੋਨਾ ਹੀ ਸੋਨਾ ਰਹਿ ਜਾਂਦਾ ਹੈ। ਗਹਿਣਿਆਂ ਦੇ ਨਾਮ ਮਿਟ ਜਾਂਦੇ ਹਨ, ਕਿਉਂਕਿ ਕਲਪਿਤ ਸਨ। ਇਸ ਲਈ ਫ਼ੁਰਮਾਨ ਹੈ:

**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥** *(ਧਨਾਸਰੀ ਮ: ੫, ਅੰਗ ੬੭੨)*

ਇਸ ਪ੍ਰਕਾਰ ਬ੍ਰਹਮ ਸੰਸਾਰ ਦੇ ਅਨੰਤ ਜੀਵ ਰੂਪ ਲਹਿਰਾਂ, ਬੂੰਦਾਂ ਜਾਂ ਮਿੱਟੀ ਦੇ ਅਨੇਕਾਂ ਬਰਤਨ ਜਾਂ ਸੋਨੇ ਦੇ ਅਨੇਕਾਂ ਗਹਿਣੇ ਆਦਿ ਇਸ ਗੱਲ ਦਾ ਸੂਚਕ ਹਨ ਕਿ ਸੰਸਾਰ ਰੂਪ ਹੋ ਕੇ ਬ੍ਰਹਮ ਵਿਚ ਕੋਈ ਤਬਦੀਲੀ ਨਹੀਂ ਹੈ। ਉਸ ਦਾ ਆਪਣਾ ਰੂਪ ਹੀ ਹੈ। ਇਹ ਸੰਸਾਰ ਰੂਪ ਪਰਪੰਚ ਵਿਚ ਬ੍ਰਹਮ ਦਾ ਵਿਵਰਤਵਾਦ ਤੇ ਮਾਇਆ ਦਾ ਪ੍ਰਣਵਵਾਦ ਹੈ ਕਿਉਂਕਿ 'ਪਰਪੰਚ' ਦਾ ਅਰਥ ਹੈ ਕਿ ਜੋ ਪ੍ਰ = ਵਿਸ਼ੇਸ਼ ਕਰਕੇ ਪੰਚ = ਪੰਜ ਚੀਜ਼ਾਂ ਦਾ ਬਣਿਆ ਹੋਵੇ, ਜਿਸ ਵਿਚ ਤਿੰਨ ਅੰਸ਼ਾਂ ਬ੍ਰਹਮ ਦੀਆਂ ਅਸਤੀ, ਭਾਂਤੀ, ਪ੍ਰੇਯ ਜਿਸ ਨੂੰ ਸਰਲ ਭਾਸ਼ਾ ਵਿਚ ਸਤ, ਚਿਤ, ਆਨੰਦ ਕਿਹਾ ਜਾਂਦਾ ਹੈ, ਮਾਇਆ ਦੀਆਂ ਦੋ ਅੰਸਾ ਨਾਮ ਤੇ ਰੂਪ ਦੋਨੋਂ ਤਬਦੀਲ ਹੋਣ **ਵਾ:** ਮਿਟ ਜਾਣ ਵਾਲੀਆਂ ਹਨ। ਸਦਾ ਰਹਿਣ ਵਾਲਾ ਪ੍ਰਭੂ ਸਤ, ਚਿਤ, ਆਨੰਦ ਹੈ। ਇਉਂ ਬ੍ਰਹਮ ਦਾ ਵਿਵਰਤਵਾਦ ਤੇ ਮਾਇਆ ਦਾ ਪ੍ਰਣਵਵਾਦ ਹੈ।

## ਚੇਤਨ ਇਕ ਰਸ; ਆਵਯ ਆਤਮ॥
## ਤਾ ਬਿਨ; ਜੜ ਸੰਘਾਤ ਅਨਾਤਮ॥੬੦॥

ਤੇਰਾ ਆਪਣਾ ਆਤਮ ਆਵਯ = ਸਰੂਪ ਚੇਤਨ ਬ੍ਰਹਮ ਦਾ ਹੀ ਰੂਪ ਹੈ ਜੋ ਇਕ-ਰਸ ਰਹਿਣ ਵਾਲਾ ਹੈ **ਵਾ:** ਤੇਰਾ ਆਪਣਾ ਆਤਮ ਸਰੂਪ ਹੀ ਚੇਤਨ ਤੇ ਇਕ-ਰਸ ਰਹਿਣ ਵਾਲਾ ਹੈ, ਇਸ ਕਰਕੇ ਤਾ = ਉਸ ਬ੍ਰਹਮ ਰੂਪ ਆਤਮਾ ਤੋਂ ਬਿਨ = ਬਗ਼ੈਰ ਹੋਰ ਸਾਰਾ ਸੰਸਾਰ ਜੜ੍ਹ ਪਦਾਰਥਾਂ ਦਾ ਸੰਘਾਤ = ਸਮੁਦਾਯ (ਇਕੱਠ) ਹੈ ਅਤੇ ਇਹ ਸੰਸਾਰ, ਸਰੀਰ ਤਾਂ ਅਨਾਤਮ = ਜੜ੍ਹ **ਵਾ:** ਮਿਥਿਆ ਹੈ॥੬੦॥

***ਪ੍ਰਸ਼ਨ :*** *ਜੇ ਸਥੂਲ ਸਰੀਰ ਮੇਰਾ ਆਤਮਾ ਨਹੀਂ ਹੈ, ਕੀ ਫੇਰ ਸੂਖਮ ਸਰੀਰ ਮੇਰਾ ਆਤਮ ਸਰੂਪ ਹੈ?*

***ਉੱਤਰ :***

## ਸਤੋ ਅੰਸ; ਭੂਤਨ ਕੀ ਜੋ ਹੈ॥
## ਤਾਤੇ ਅੰਤਸ਼ਕਰਣ; ਭਯੋ ਹੈ॥

ਹੇ ਭਾਈ! ਜੋ ਪੰਜ ਭੂਤਨ = ਤੱਤਾਂ ਕੀ = ਦੀ ਸਤੋ ਮਈ ਅੰਸ਼ ਹੈ, ਤਾਤੇ = ਉਸ ਤੋਂ ਹੀ ਤੇਰਾ ਅੰਤਸ਼ਕਰਣ ਪੈਦਾ ਭਯੋ = ਹੋਇਆ ਹੈ। ਜੈਸਾ ਕਿ:

**ਇਹੁ ਮਨੁ ਪੰਚ ਤਤੁ ਤੇ ਜਨਮਾ॥** *(ਆਸਾ ਮਃ ੧, ਅੰਗ ੪੧੫)*

## ਰਾਗ ਦ੍ਵੈਖ ਕੋ; ਘੋਖ ਸੁ ਜਾਂਤੇ॥
## ਸੋ ਭੀ ਰਾਵਰੋ; ਰੂਪ ਨ ਤਾਂਤੇ॥੬੧॥

ਜਾਂਤੇ = ਜਿਸ ਕਰਕੇ ਸੁ = ਉਹ ਅੰਤਸ਼ਕਰਣ ਰਾਗ-ਦ੍ਵੈਸ਼ ਕੋ = ਦਾ ਘੋਖ = ਘਰ ਹੈ, ਤਾਂਤੇ = ਇਸ ਕਰਕੇ ਸੋ = ਉਹ ਅੰਤਸ਼ਕਰਣ ਭੀ = ਵੀ ਰਾਵਰੋ = ਤੇਰਾ ਸਰੂਪ ਨ = ਨਹੀਂ ਹੈ॥੬੧॥

***ਪ੍ਰਸ਼ਨ :** ਜੇ ਸਥੂਲ ਤੇ ਸੂਖਮ ਸਰੀਰ ਮੇਰਾ ਆਤਮਾ ਨਹੀਂ ਹੈ, ਕੀ ਫੇਰ ਕਾਰਨ ਸਰੀਰ ਮੇਰਾ ਆਤਮਾ ਹੈ ?*

## ਕਾਰਯ ਦੁਆਰਾ; ਜਿਸ ਅਨੁਮਾਨਾ॥
## ਨਾ ਤਰ ਸੋ; ਪਰਤੱਖ ਅਭਾਨਾ॥

***ਉੱਤਰ :*** ਅਸਥੂਲ ਤੇ ਸੂਖਮ ਸਰੀਰ ਰੂਪੀ ਕਾਰਯ = ਕਾਰਜ ਦੁਆਰਾ ਜਿਸ ਕਾਰਨ ਸਰੀਰ ਦਾ ਅਨੁਮਾਨਾ = ਅਨੁਮਾਨ ਭਾਵ ਗਿਆਨ ਹੁੰਦਾ ਹੈ।

**ਅਨੁਮਾਨ :** ਅਨੁਮਾਨ ਪ੍ਰਮਾਣ ਕਰਕੇ ਜਿਸ ਚੀਜ਼ ਦਾ ਗਿਆਨ ਹੋਵੇ, ਜਿਸ ਤਰ੍ਹਾਂ ਧੂੰਏਂ ਤੋਂ ਅੱਗ ਦਾ ਅਨੁਮਾਨ ਭਾਵ ਗਿਆਨ ਹੁੰਦਾ ਹੈ।

**ਅਸਥੂਲ ਸਰੀਰ :** ਪੰਜ ਤੱਤ (ਪਾਣੀ, ਹਵਾ, ਅਕਾਸ਼, ਧਰਤੀ, ਅਗਨੀ) ਤੇ ਪੱਚੀ ਪ੍ਰਕਿਰਤੀਆਂ ਦਾ ਸਥੂਲ ਸਰੀਰ ਹੈ।

**ਸੂਖਮ ਸਰੀਰ :** ਸਤਾਰਾਂ ਤੱਤਾਂ (ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਪੰਜ ਪ੍ਰਾਣ, ਮਨ ਤੇ ਬੁੱਧ) ਦਾ ਹੈ।

**ਕਾਰਨ ਸਰੀਰ :** ਜੋ ਅਵਿੱਦਿਆ ਦੇ ਪੜਦੇ ਵਾਲਾ ਹੈ।

ਨਾ ਤਰ = ਨਹੀਂ ਤਾਂ ਸੂਖਮ ਤੇ ਸਥੂਲ ਰੂਪੀ ਕਾਰਯ ਤੋਂ ਬਗ਼ੈਰ ਸੋ = ਉਹ ਕਾਰਨ ਸਰੀਰ ਦਾ ਪਰਤੱਖ ਗਿਆਨ ਅਭਾਨਾ = ਪ੍ਰਤੀਤ ਨਹੀਂ ਹੁੰਦਾ, ਭਾਵ ਜਾਣਿਆ ਨਹੀਂ ਜਾਂਦਾ ਕਿਉਂਕਿ ਉਹ ਸਥੂਲ ਦ੍ਰਿਸ਼ਟੀ ਦਾ ਵਿਸ਼ਯ ਨਹੀਂ ਹੈ ਤੇ ਕਾਰਯ ਦੇ ਅਨੁਮਾਨ (ਗਿਆਨ) ਤੋਂ ਹੀ ਜਾਣਿਆ ਜਾ ਸਕਦਾ ਹੈ।

## ਬਿਬ ਉਪਾਧਿ ਕੋ; ਕਾਰਣ ਜੋ ਹੈ॥
## ਕਾਰਣ ਦੇਹ ਨ; ਆਤਮ ਸੋ ਹੈ॥੬੨॥

ਸੂਖਮ ਤੇ ਸਥੂਲ ਸਰੀਰਾਂ ਰੂਪ ਬਿਬ = ਦੋ ਉਪਾਧਿ = ਉਪਾਧੀਆਂ ਕੋ = ਦਾ ਕਾਰਣ ਰੂਪ ਜੋ ਕਾਰਣ ਸਰੀਰ ਹੈ, ਸੋ = ਉਹ ਕਾਰਣ ਦੇਹ = ਸਰੀਰ ਵੀ ਤੇਰਾ ਆਤਮ ਸਰੂਪ ਨਹੀਂ ਹੈ **ਵਾ:** ਸੋ = ਉਹ ਜੋ ਆਤਮਾ ਬ੍ਰਹਮ ਦਾ ਸਰੂਪ ਹੈ, ਉਹ ਕਾਰਣ ਦੇਹ ਨਹੀਂ ਹੈ॥੬੨॥

***ਪ੍ਰਸ਼ਨ :** ਜੇਕਰ ਸਥੂਲ, ਸੂਖਮ, ਕਾਰਨ ਦੇਹ ਮੇਰਾ ਆਤਮਾ ਨਹੀਂ ਹੈ ਤਾਂ ਫਿਰ ਮੇਰਾ ਸਰੂਪ ਕੀ ਹੈ ?*

***ਉੱਤਰ :***

## ਤੀਨ ਉਪਾਧਿ; ਵਹੀਨੋ ਜੋਊ॥
## ਰੂਪ ਤੁਮਾਰੋ; ਨਿਸਚੈ ਸੋਊ॥

ਹੇ ਜੀਵ! ਜੋਊ = ਜੋ ਇਨ੍ਹਾਂ ਸਥੂਲ, ਸੂਖਮ, ਕਾਰਣ ਸਰੀਰ ਰੂਪ ਤੀਨ = ਤਿੰਨਾਂ ਉਪਾਧੀਆਂ ਤੋਂ

ਵਹੀਨੋ = ਰਹਿਤ ਬ੍ਰਹਮਾਤਮਾ ਹੈ, ਸੋਊ = ਉਹੋ ਹੀ ਬ੍ਰਹਮ ਤੁਮਾਰੋ = ਤੇਰਾ ਰੂਪ = ਸਰੂਪ ਹੈ। ਇਹ ਗੱਲ 'ਤੇ ਤੂੰ ਨਿਸਚੈ = ਨਿਸ਼ਚਾ ਕਰ ਲੈਣਾ ਕਰ **ਵਾ:** ਨਿਸ਼ਚੇ ਕਰ ਕਿ ਉਹ ਬ੍ਰਹਮ ਹੀ ਤੇਰਾ ਰੂਪ ਹੈ।

## ਨਹਿ ਤੱਤ; ਬ੍ਰਹਮ ਰੂਪ ਨਿਜ ਧਯਾਵਹਿੰ ॥
## ਜਾਕਰਿ ਮੂਢ; ਮੁਕਤਿ ਤੂੰ ਪਾਵਹਿੰ ॥੬੩॥

ਪਰ ਤੂੰ ਤੱਤ = ਉਸ ਨਿਜ = ਆਪਣੇ ਆਤਮ ਸਰੂਪ ਰੂਪ ਬ੍ਰਹਮ ਨੂੰ ਤਾਂ ਧਯਾਵਹਿੰ = ਧਿਆਉਣਾ ਨਹੀਂ ਕਰਦਾ **ਵਾ:** ਜੋ ਤੱਤ = ਸਾਰ ਰੂਪ ਬ੍ਰਹਮ ਹੈ, ਉਹੀ ਤੇਰਾ ਨਿਜ = ਆਪਣਾ ਆਤਮ ਸਰੂਪ ਹੈ, ਉਸ ਨੂੰ ਤੂੰ ਧਿਆਉਣਾ ਨਹੀਂ ਕਰਦਾ। ਹੇ ਮੂਢ = ਮੂਰਖ ਜੀਵ **ਵਾ:** ਮੂਰਖ ਮਨ! ਜਾਕਰਿ = ਜਿਸ ਬ੍ਰਹਮ ਦੇ ਧਿਆਉਣ ਕਰਕੇ ਤੂੰ ਮੁਕਤੀ ਨੂੰ ਪਾਵਹਿੰ = ਪ੍ਰਾਪਤ ਕਰੇਂਗਾ ਭਾਵ ਜਿਸ ਪਰਮਾਤਮਾ ਨੂੰ ਧਿਆਉਣ ਕਰਕੇ ਤੂੰ ਮੁਕਤੀ ਨੂੰ ਪ੍ਰਾਪਤ ਕਰਨਾ ਸੀ, ਉਸ ਨੂੰ ਤੂੰ ਕਦੇ ਸਿਮਰਿਆ ਨਹੀਂ ਹੈ, ਇਸ ਕਰਕੇ ਅਜੇ ਵੀ ਕੁਝ ਵਿਗੜਿਆ ਨਹੀਂ ਹੈ, ਪਰਮਾਤਮਾ ਦੇ ਗੁਣ ਗਾ ਕਰਕੇ, ਨਾਮ ਜਪ ਕਰਕੇ ਭੈ ਰਹਿਤ ਪਦਵੀ ਮੁਕਤੀ ਨੂੰ ਪਾਉਣਾ ਕਰ ॥੬੩॥ ਜੈਸਾ ਕਿ :

**ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥**
**ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥** *(ਤਿਲੰਗ ਮ: ੯, ਅੰਗ ੭੨੬)*

## ਦੋਹਰਾ ॥
## ਹੇ ਮਨਿ ਤਜਿ ਨਿਜ ਬਾਹਰ ਗਤਿ; ਅੰਤਰ ਬਰ ਸੁਖ ਹੇਤ ॥

ਹੇ ਮਨਾਂ! ਤੂੰ ਇਹ ਨਿਜ = ਆਪਣੀ ਬਾਹਰ ਦੀ ਗਤਿ = ਗਤੀ ਭਾਵ ਸੰਸਾਰਾਕਾਰ ਬਿਰਤੀ ਨੂੰ ਤਜਿ = ਤਿਆਗਣਾ ਕਰ ਅਤੇ ਆਤਮਿਕ ਸੁਖ ਦੇ ਹੇਤ = ਵਾਸਤੇ ਅੰਤਰਮੁਖ ਭਾਵ ਬ੍ਰਹਮਾਕਾਰ ਬਿਰਤੀ ਵਿਚ ਬਰ = ਪ੍ਰਵੇਸ਼ ਕਰਨਾ ਕਰ।

## ਅੰਤਰ ਮੁਖ ਬਿਨ ਸੁਖ ਨਹੀਂ; ਬਿਦਤ ਸਨਾਤਨ ਨੇਤ ॥੬੪॥

ਇਸ ਕਰਕੇ ਅੰਤਰਮੁਖੀ ਬਿਰਤੀ ਕੀਤੇ ਤੋਂ ਬਿਨ = ਬਗ਼ੈਰ ਤੈਨੂੰ ਆਤਮਿਕ ਸੁਖ ਦੀ ਪ੍ਰਾਪਤੀ ਨਹੀਂ ਹੋਣੀ, ਇਹ ਗੱਲ ਸਨਾਤਨ = ਆਦਿ ਕਾਲ (ਸਮੇਂ) ਤੋਂ ਨੇਤ = ਬੇਅੰਤ ਤਰ੍ਹਾਂ ਕਰਕੇ ਬਿਦਤ = ਪ੍ਰਗਟ ਹੈ ॥੬੪॥ ਭਾਵ ਹੇ ਮਨਾਂ! ਐਵੇਂ ਬਾਹਰ ਦੀ ਭਟਕਣਾ ਛੱਡ ਕੇ ਪਰਮਾਤਮਾ ਨੂੰ ਆਪਣੇ ਅੰਦਰ ਹੀ ਖੋਜਣਾ ਕਰ। ਤੈਨੂੰ ਅੰਦਰੋਂ ਹੀ ਆਤਮਿਕ ਸੁਖ ਦੀ ਪ੍ਰਾਪਤੀ ਹੋਵੇਗੀ ਕਿਉਂਕਿ ਉਹ ਪਰਮਾਤਮਾ ਤੇਰੇ ਅੰਦਰ ਹੀ ਵੱਸਦਾ ਹੈ, ਐਵੇਂ ਬੇਅਰਥ ਹੀ ਬਾਹਰ ਜੰਗਲਾਂ ਵਿਚ ਭਟਕਣਾ ਨਾ ਕਰ ਕਿਉਂਕਿ ਆਪਣੇ ਆਤਮਾ ਨੂੰ ਜਾਣੇ ਤੋਂ ਬਗ਼ੈਰ ਹਿਰਦੇ ਅੰਦਰੋਂ ਭਰਮ ਨਹੀਂ ਮਿਟਦਾ। ਇਸ ਕਰਕੇ ਆਪਣੇ ਹਿਰਦੇ ਵਿੱਚੋਂ ਖੋਜਣਾ ਕਰ। ਗੁਰੂ ਸਾਹਿਬ ਵੀ ਇਸ ਪ੍ਰਕਾਰ ਫ਼ੁਰਮਾਨ ਕਰਦੇ ਹਨ। ਜੈਸਾ ਕਿ :

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥**

**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥**
**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥੨॥੧॥**

*(ਧਨਾਸਰੀ ਮ: ੯, ਅੰਗ ੬੮੩)*

## ਕਬਿੱਤ॥

## ਚੰਚਲਾ ਕੋ ਮਤਿ ਚਿਤ, ਚੰਚਲ ਕਰਤ ਚਿਤ;

ਹੇ ਮਨਾਂ! ਤੂੰ ਚੰਚਲਾ = ਚੰਚਲ, ਚਲਾਇਮਾਨ ਭਾਵ ਮਾਇਕੀ ਪਦਾਰਥਾਂ ਨੂੰ ਮਤਿ = ਮਤਾਂ ਚਿਤ = ਚੇਤੇ ਕਰ ਭਾਵ ਇਨ੍ਹਾਂ ਦੀ ਚਿਤਵਨੀ ਨਾ ਕਰ, ਕਿਉਂਕਿ ਇਹ ਚਿੱਤ ਨੂੰ ਚੰਚਲ ਕਰਤ = ਕਰ ਦੇਣ ਵਾਲੇ ਹਨ।

## ਚੰਚਲਾ ਕੋ ਚੀਨ ਚਿਤ, ਚੰਚਲਾ ਕੇ ਵਤ ਹੈ॥

ਤੂੰ ਇਨ੍ਹਾਂ ਸਾਰਿਆਂ ਚੰਚਲਾ = ਚਲਾਇਮਾਨ ਪਦਾਰਥਾਂ ਕੋ = ਨੂੰ ਚਿੱਤ ਵਿਚ ਚੰਚਲਾ = ਬਿਜਲੀ ਕੇ = ਦੇ ਵਤ = ਸਮਾਨ ਨਾਸ਼ਵਾਨ ਜਾਨਣਾ ਕਰ ਭਾਵ ਜਿਵੇਂ ਬਿਜਲੀ ਖਿਨ ਵਿਚ ਆ ਕੇ ਚਲੀ ਜਾਂਦੀ ਹੈ, ਇਉਂ ਇਹ ਪਦਾਰਥ ਆਉਣ-ਜਾਣ ਵਾਲੇ ਤੇ ਨਾਸ਼ਵਾਨ ਹਨ।

## ਭੂਪਨ ਕੀ ਭ੍ਰਿਕੁਟੀ ਕੁਟੀ ਹੈ, ਮੈ ਬਾਰਬਧੂ ਵਤ;

ਭੂਪਨ = ਰਾਜਿਆਂ ਕੀ = ਦੀਆਂ ਅੱਖਾਂ ਦੇ ਭ੍ਰਿਕੁਟੀ = ਭਰਵੱਟਿਆਂ ਰੂਪ ਕੁਟੀਆਂ ਮੈ = ਵਿਚ ਇਹ ਮਾਇਆਵੀ ਪਦਾਰਥ ਬਾਰਬਧੂ = ਵੇਸਵਾ ਦੀ ਵਤ = ਨਿਆਈ :

## ਗਤਾਗਤ ਕੇ ਬਪਾਰ, ਵਿਚ ਵਿਚਰਤ ਹੈ॥

ਗਤਾਗਤ = ਆਉਣ-ਜਾਣ ਦੇ ਵਪਾਰ ਵਿਚ ਵਿਚਰਤ = ਵਿਚਰਦੇ ਫਿਰਦੇ ਹਨ ਭਾਵ ਰਾਜਿਆਂ ਪਾਸ ਇਹੋ ਜਿਹੇ ਪਦਾਰਥਾਂ ਦੇ ਭੰਡਾਰੇ ਪਏ ਹਨ।

## ਕਾਂਸ਼ੀ ਜੂ ਕੀ ਬੀਥਨ, ਕੇ ਜੂਥਨ ਮੈ ਧਾਮ;

ਹੇ ਮਨ! ਕਾਸ਼ੀ ਜੂ = ਜੀ ਦੀਆਂ ਬੀਥਨ = ਗਲੀਆਂ, ਬੀਹੀਆਂ ਕੇ = ਦੇ ਜੂਥਨ = ਝੁੰਡਾਂ ਮੈ = ਵਿਚ ਜੋ ਧਾਮ = ਘਰ ਹਨ।

## ਗ੍ਰਾਮ ਤਾਕੇ ਦ੍ਵਾਰੇ, ਅਟੋ ਓਢ ਕੰਥਾ ਮੋਰ ਮਤ ਹੈ॥

ਤਾਕੇ = ਉਨ੍ਹਾਂ ਗ੍ਰਾਮ = ਘਰਾਂ ਦੇ ਦ੍ਵਾਰੇ = ਦਰਵਾਜ਼ਿਆਂ ਅੱਗੇ ਕੰਥਾ = ਗੋਦੜੀ ਓਢ = ਪਹਿਨ ਕੇ ਅਟੋ = ਫਿਰਨਾ ਕਰ, ਤੈਨੂੰ ਮੋਰ = ਮੇਰੀ ਇਹੋ ਹੀ ਮਤ = ਸਿੱਖਿਆ ਹੈ।

## ਤਾਤੇ ਪਾਣ ਪਾਤ੍ਰ ਪਰੇ, ਭਿਖਯਾ ਤਾ ਸੋਂ, ਪ੍ਰਾਣ ਧਰੇ;

ਤਾਤੇ = ਇਸ ਕਰਕੇ ਤਾਸੋ = ਉਨ੍ਹਾਂ ਘਰਾਂ ਵਿੱਚੋਂ ਜੋ ਤੇਰੇ ਪਾਣ = ਹੱਥਾਂ ਰੂਪ ਪਾਤ੍ਰ = ਭਾਂਡਿਆਂ ਵਿਚ ਭਿਖਿਆ ਪਰੇ = ਪਵੇਗੀ, ਉਸ ਨਾਲ ਹੀ ਪ੍ਰਾਣਾਂ ਨੂੰ ਧਰੇ = ਧਾਰਨ ਕਰਨਾ ਕਰ।

## ਕਮਲਾ ਕੀ ਰਤਿ, ਲੋਕ ਕਮਲਾ ਕਰਤ ਹੈ ॥੬੫॥

ਅਤੇ ਮਾਇਆ ਨੂੰ ਤਿਆਗਣਾ ਕਰ, ਕਿਉਂਕਿ ਇਸ ਕਮਲਾ = ਮਾਇਆ ਨਾਲ ਰਤਿ = ਪ੍ਰੀਤੀ ਕਰਨ ਵਾਲੇ ਲੋਕਾਂ ਨੂੰ ਮਾਇਆ ਨੇ ਕਮਲਾ = ਸ਼ੁਦਾਈ ਕਰਤ = ਕਰ ਦਿੱਤਾ ਹੈ ॥੬੫॥

## ਦੋਹਰਾ ॥

## ਸ੍ਰੀ ਹਰਿ ਕੇ, ਸ੍ਰੀ ਹਰਿ ਪੁਰੀ; ਵਾਨਾਰਸ ਕੋ ਵਾਸ ॥

ਇਸ ਕਰਕੇ ਹੇ ਮਨਾਂ! ਤੂੰ ਸ੍ਰੀ = ਮਾਇਆ ਨੂੰ ਹਰਿ ਕੇ = ਤਿਆਗ ਕਰਕੇ, ਜੋ ਸ੍ਰੀ = ਸੋਭਾ ਦੇ ਮਾਲਕ ਹਰਿ = ਸ਼ਿਵਜੀ ਦੀ ਪੁਰੀ ਵਾਨਾਰਸ = ਕਾਂਸ਼ੀ ਹੈ, ਉਸ ਵਿਚ ਵਾਸ = ਵੱਸਣਾ ਕਰ।

## ਜੀਵਤ ਭੁਗਤਿ ਮੁਕਤਿ ਮਰੇ; ਕਰੇ ਚਹੋ ਚਿਤ ਤਾਸ ॥੬੬॥

ਭਰਥਰੀ ਜੀ ਕਥਨ ਕਰਦੇ ਹਨ ਕਿ ਕਿਉਂਕਿ ਕਾਂਸ਼ੀ ਜੀਵਤ = ਜਿਉਂਦਿਆਂ ਜੀਅ ਭੁਗਤਿ = ਪਦਾਰਥ ਭੁਗਤਾਣਾ ਕਰਦੀ ਹੈ ਤੇ ਮਰੇ = ਮਰਨ ਤੋਂ ਮੁਕਤਿ = ਮੁਕਤੀ ਦੇਣਾ ਕਰਦੀ ਹੈ, ਤਾਸ = ਤਿਸ ਲਈ ਹੇ ਚਿਤ = ਮਨਾਂ! ਤੂੰ ਇਸ ਦੀ ਚਹੋ = ਚਾਹਨਾ ਕਰ ਭਾਵ ਚਿੱਤ ਵਿਚ ਉਥੇ ਵੱਸਣ ਦੀ ਇੱਛਾ ਕਰ ਤੇ ਉਥੇ ਜਾਹ ॥੬੬॥

## ਕਬਿੱਤ ॥

## ਉਪਬਨੋ ਮਧਿ ਸਿਧਿ ਭੋਜਨ ਬਿਬਿਧ ਤਪ;
## ਬ੍ਰਿਧ ਹੂ ਤੇ ਬ੍ਰਿਧ, ਜਾਸ ਮੈਂ ਪ੍ਰਧਾਨ ਹੈਂ ॥

ਕਾਸ਼ੀ ਦੇ ਉਪ = ਨੇੜੇ ਦੇ ਬਨੋ = ਜੰਗਲ **ਵਾ:** ਉਪਬਨੋ = ਬਾਗ਼ ਮਧਿ = ਵਿਚ ਕੰਦ ਮੂਲ ਤੇ ਫਲ ਆਦਿਕ ਸਿਧਿ = ਤਿਆਰ ਕੀਤੇ ਹੋਏ ਬਿਬਿਧ = ਅਨੇਕਾਂ ਤਰ੍ਹਾਂ ਦੇ ਭੋਜਨ ਮਿਲਦੇ ਹਨ, ਇਸ ਕਰਕੇ ਇਨ੍ਹਾਂ ਨੂੰ ਖਾ ਕਰਕੇ ਇੰਦਰੀਆਂ ਨੂੰ ਵੱਸ ਕਰਨ ਰੂਪ ਤਪ ਬ੍ਰਿਧਹੂ = ਵੱਧ ਤੇ = ਤੋਂ ਬ੍ਰਿਧ = ਵੱਧ ਕਰਨਾ ਕਰੇ, ਜਾਸ = ਜਿਸ ਕਾਸ਼ੀ ਮੈਂ = ਵਿਚ ਇਹੋ ਕਰਮ ਪ੍ਰਧਾਨ = ਮੁੱਖ ਹੈ।

## ਪਟਲ ਕੋਪੀਨ ਹੀ ਕੇ, ਅਪ੍ਰਮਾਣ ਪਟ ਨੀਕੋ;
## ਭੀਖ ਹੀ ਕੋ ਰਮਨੀਕੋ, ਰਟਨੋ ਪ੍ਰਮਾਨ ਹੈਂ ॥

ਸਰੀਰ ਕੇ = ਦੇ ਉੱਪਰ ਕੇਵਲ ਕੋਪੀਨ = ਲੰਗੋਟੀ ਰੂਪ ਪਟਲ = ਬਸਤਰ ਹੀ ਪਹਿਨਿਆ ਹੋਵੇ, ਲੰਗੋਟੀ ਤੋਂ ਬਗ਼ੈਰ ਹੋਰ ਨੀਕੋ = ਸੁੰਦਰ ਪਟ = ਬਸਤਰ ਪਹਿਨਣੇ ਅਪ੍ਰਮਾਣ = ਪ੍ਰਵਾਨ ਨਹੀਂ ਹਨ ਅਤੇ ਭੀਖ = ਭਿੱਖਿਆ ਮੰਗਣ ਕੋ = ਦੇ ਵਾਸਤੇ ਜਾਣਾ ਹੀ ਰਮਨੀਕੋ = ਸੁੰਦਰ ਰਟਨੋ = ਫਿਰਨਾ ਪ੍ਰਮਾਨ = ਪ੍ਰਵਾਣਨੀਕ ਕੀਤਾ ਹੋਇਆ ਹੈ।

## ਚਾਰ ਖਾਨੀ ਪ੍ਰਾਣੀ ਜਾਮੈ, ਮਰ ਕੇ ਨ ਫੇਰ ਜਾਮੈਂ;
## ਆਵੈ ਢਿਗ ਮ੍ਰਿਤ ਤਾਮੈ, ਮੰਗਲ ਸਮਾਨ ਹੈਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਜੋ ਚਾਰ ਖਾਨੀ = ਖਾਣੀਆਂ ਦੇ ਵਿਚ ਪ੍ਰਾਣੀ = ਜੀਵ ਜਾਮੈ = ਜੰਮਦੇ

ਹਨ, ਜਿਹੜੇ ਕਾਸ਼ੀ ਵਿਚ ਮਰ ਜਾਂਦੇ ਹਨ, ਉਹ ਮਰ ਕੇ ਫੇਰ = ਦੁਬਾਰਾ ਜਾਮੈ = ਜੰਮਦੇ ਨਹੀਂ ਹਨ ਭਾਵ ਮੁਕਤ ਹੋ ਜਾਂਦੇ ਹਨ, ਜੇਕਰ ਤਾਮੈ = ਉਸ ਕਾਸ਼ੀ ਵਿਚ ਜੀਵ ਦੇ ਢਿਗ = ਨੇੜੇ ਮ੍ਰਿਤ = ਮੌਤ ਆ ਵੀ ਜਾਵੇ ਤਾਂ ਉਹ ਮੌਤ ਉਸ ਲਈ ਦੁੱਖ ਰੂਪ ਨਹੀਂ ਬਲਕਿ ਮੰਗਲ = ਖ਼ੁਸ਼ੀ ਦੇ ਸਮਾਨ = ਬਰਾਬਰ ਹੈ।

**ਚਾਰ ਖਾਣੀਆਂ**

੧. **ਅੰਡਜ :** (ਅੰਡ + ਜ) ਅੰਡ = ਆਂਡਿਆਂ ਤੋਂ ਜ = ਜਨਮ ਭਾਵ ਪੈਦਾ ਹੋਣ ਵਾਲੇ, ਜਿਵੇਂ ਪੰਛੀ ਆਦਿ।

੨. **ਜੇਰਜ :** ਜੇਰ ਦੁਆਰਾ ਪੈਦਾ ਹੋਣ ਵਾਲੇ ਜੀਵ।

੩. **ਸੇਤਜ :** ਸੇਤ = ਪਸੀਨੇ ਤੋਂ ਜ = ਪੈਦਾ ਹੋਣੇ ਵਾਲੇ, ਜਿਵੇਂ ਜੂੰਆਂ ਆਦਿ।

੪. **ਉਤਭੁਜ :** ਧਰਤੀ ਨੂੰ ਪਾੜ ਕੇ ਉਤਾਹਾਂ ਨੂੰ ਆਉਣ ਵਾਲੇ, ਜਿਵੇਂ ਬ੍ਰਿਛ ਆਦਿ।

## ਛੋੜ ਐਸੀ ਕਾਂਸ਼ੀ, ਕੈਸੇ ਸੁਧੀ ਔਰ ਠੌਰ ਬੈਸੇ;
## ਕੈਸੇ ਭਏ ਦੇਵ, ਜਮ ਹਾਸੀ ਕੋ ਸਥਾਨ ਹੈਂ ॥੬੭॥

ਐਸੀ = ਇਸ ਤਰ੍ਹਾਂ ਦੀ ਜੋ ਕਾਂਸ਼ੀ ਹੈ, ਸੁਧੀ = ਸ੍ਰੇਸ਼ਟ ਬੁੱਧੀ ਵਾਲੇ ਪੁਰਸ਼ ਇਸ ਨੂੰ ਛੋਡ = ਛੱਡ ਕਰਕੇ ਔਰ = ਹੋਰ ਠੌਰ = ਥਾਂ 'ਤੇ ਕੈਸੇ = ਕਿਵੇਂ ਜਾ ਕੇ ਬੈਸੇ = ਬੈਠ ਸਕਦਾ ਹੈ ? ਭਾਵ ਨਹੀਂ ਜਾ ਸਕਦਾ ਬਲਕਿ ਉਹ ਕਾਂਸ਼ੀ ਤਾਂ ਉਨ੍ਹਾਂ ਵਾਸਤੇ ਦੇਵ = ਦੇਵਤਿਆਂ ਤੇ ਜਮਾਂ ਨੂੰ ਹਾਸੀ = ਮਖ਼ੌਲ ਕਰਨ ਕੋ = ਦਾ ਸਥਾਨ ਹੈ ਭਾਵ ਭਰਥਰੀ ਜੀ ਅਨੁਸਾਰ ਕਾਂਸ਼ੀ ਵਿਚ ਰਹਿਣ ਵਾਲੇ ਪੁਰਖ ਦਾ ਕਰਮ ਜਾਲ ਨਾਸ਼ ਹੋ ਜਾਂਦਾ ਹੈ। ਇਸ ਲਈ ਜਮਾਂ ਨੂੰ ਮਖ਼ੌਲ ਕਰਦਾ ਹੈ। ਤੇਰੇ ਨਾਲ ਹੁਣ ਮੇਰਾ ਕੋਈ ਵਾਸਤਾ ਨਹੀਂ ਹੈ, ਮੈਂ ਜਮਾਂ ਤੋਂ ਛੁੱਟ ਗਿਆ ਹਾਂ ਅਤੇ ਦੇਵਤਿਆਂ ਨੂੰ ਤਾਂ ਹਾਸੀ ਕਰਦਾ ਹੈ ਕਿ ਤੁਸੀਂ ਵਿਸ਼ਿਆਂ ਵਿਚ ਜਨਮ ਗਵਾ ਲਿਆ ਹੈ, ਮੁਕਤੀ ਪ੍ਰਾਪਤ ਨਹੀਂ ਕਰ ਸਕਦੇ, ਪਰ ਅਸੀਂ ਕਾਂਸ਼ੀ ਵਿਚ ਰਹਿਣ ਵਾਲੇ ਭੋਗਾਂ ਨੂੰ ਵੀ ਭੋਗਦੇ ਹਾਂ ਤੇ ਮੁਕਤੀ ਨੂੰ ਵੀ ਪ੍ਰਾਪਤ ਕਰ ਲੈਂਦੇ ਹਾਂ ॥੬੭॥

***ਨੋਟ :*** ਉਪਰੋਕਤ ਜੋ ਕਿਹਾ ਹੈ ਕਿ ਕਾਂਸ਼ੀ ਵਿਚ ਰਹਿਣ ਵਾਲਾ ਹਰੇਕ ਪ੍ਰਾਣੀ ਮੁਕਤੀ ਨੂੰ ਪ੍ਰਾਪਤ ਕਰਦਾ ਹੈ, ਪਰ ਇਹ ਗੁਰਮਤਿ ਦਾ ਸਿਧਾਂਤ ਨਹੀਂ ਹੈ। ਗੁਰਮਤਿ ਵਿਚ ਨਾਮ ਜਪ ਕੇ ਮੁਕਤੀ ਨੂੰ ਪ੍ਰਾਪਤ ਹੋਣਾ ਲਿਖਿਆ ਹੈ, ਫੇਰ ਭਾਵੇਂ ਉਹ ਕਿਸੇ ਜਗ੍ਹਾ 'ਤੇ ਵੀ ਹੋਵੇ, ਪਰ ਜੇ ਪਾਪ ਕਰਮ ਕਮਾਉਂਦਾ ਹੈ, ਪਰਮਾਤਮਾ ਦਾ ਨਾਮ ਨਹੀਂ ਜਪਦਾ ਤਾਂ ਫੇਰ ਭਾਵੇਂ ਉਹ ਕਾਂਸ਼ੀ ਵਿਚ ਵੀ ਰਹਿੰਦਾ ਹੋਵੇ, ਫੇਰ ਵੀ ਮੁਕਤ ਨਹੀਂ ਹੋ ਸਕਦਾ। ਗੁਰਬਾਣੀ ਅੰਦਰ ਭਗਤ ਕਬੀਰ ਜੀ ਦਾ ਇਸ ਪ੍ਰਕਾਰ ਦਾ ਕਥਨ ਹੈ। ਜੈਸਾ ਕਿ :

**ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥**
**ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥**

*(ਆਸਾ ਭਗਤ ਕਬੀਰ ਜੀ, ਅੰਗ ੪੮੪)*

ਭਗਤ ਕਬੀਰ ਜੀ ਕਥਨ ਕਰਦੇ ਹਨ ਕਿ ਜੇਕਰ ਕੋਈ ਮਨ ਵਿੱਚੋਂ ਪੱਥਰ ਵਰਗਾ ਕਠੋਰ ਪਾਪੀ ਪੁਰਸ਼ ਹੈ, ਭਾਵੇਂ ਉਹ ਬਾਨਾਰਸਿ = ਕਾਂਸ਼ੀ ਵਿਚ ਵੀ ਮਰ ਜਾਵੇ ਤਾਂ ਭੀ ਉਸ ਤੋਂ ਨਰਕ ਵਿਚ ਪੈਣ ਤੋਂ ਬਾਂਚਿਆ = ਬਚਿਆ ਨਹੀਂ ਜਾ ਸਕਣਾ।

ਪਰ ਇਸ ਦੇ ਉਲਟ ਜੋ ਹਰਿ = ਪਰਮੇਸ਼ਰ ਦਾ ਸੰਤ, ਭਗਤ ਜਨ, ਭਾਵੇਂ ਉਹ ਹਾੜੰਬੈ = ਮਗਹਰ ਦੀ ਧਰਤੀ (ਜਿਥੇ ਸਾਰਿਆਂ ਨੂੰ ਲੋਕੀਂ ਖੋਤੇ ਦੀ ਜੂਨ ਵਿਚ ਪੈਣਾ ਮੰਨਦੇ ਹਨ) ਵਿਚ ਮਰ ਜਾਵੇ, ਤਦ ਵੀ ਉਹ ਸਾਰੇ ਸੈਨ = ਸਾਕ-ਸੰਬੰਧੀਆਂ ਨੂੰ ਹੀ ਤਾਰ ਲਏਗਾ।

ਜਿਸ ਵੇਲੇ ਸ਼ਿਵਜੀ ਨੇ ਕਾਂਸ਼ੀ ਨਗਰੀ ਵਸਾਈ ਤਾਂ ਉਥੇ ਵਰ ਦੇ ਦਿੱਤਾ ਕਿ 'ਕਾਂਸ਼ੀ ਮਰਣਾਦਿ ਮੁਕਤੀ' ਭਾਵ ਕਿ ਜਿਹੜਾ ਵੀ ਕਾਂਸ਼ੀ ਵਿਚ ਮਰੇਗਾ, ਉਹ ਮੁਕਤ ਹੋ ਜਾਵੇਗਾ। ਇਕ ਵਾਰ ਬਿਆਸ ਰਿਸ਼ੀ ਆਪਣੇ ਇਕ ਲੱਖ ਵਿਦਿਆਰਥੀਆਂ ਸਮੇਤ ਕਾਂਸ਼ੀ ਵਿਚ ਆਇਆ, ਪਰ ਉਥੇ ਇਸ ਨੂੰ ਭੋਜਨ ਪੂਰਾ ਨਾ ਮਿਲਿਆ। ਫਿਰ ਇਹ ਆਪਣੇ ਵਿਦਿਆਰਥੀਆਂ ਨਾਲ ਹਾੜੰਬੈ ਦੀ ਧਰਤੀ ਉੱਪਰ ਚਲਾ ਗਿਆ, ਉਥੇ ਬੈਠ ਕੇ ਲੋਕਾਂ ਨੇ ਬਹੁਤ ਨਿਉਂਦੇ ਦੇਣੇ ਸ਼ੁਰੂ ਕਰ ਦਿੱਤੇ, ਅਨੇਕਾਂ ਹੋਰ ਭੀ ਰਿਸ਼ੀ-ਮੁਨੀ ਉਥੇ ਆ ਪਹੁੰਚੇ। ਬਿਆਸ ਰਿਸ਼ੀ ਦਾ ਬਹੁਤ ਆਦਰ ਸਤਿਕਾਰ ਹੋਣ ਲੱਗਾ। ਬਿਆਸ ਰਿਸ਼ੀ ਨੇ ਕਿਹਾ ਕਿ ਮੇਰੀ ਇਸ ਨਗਰੀ ਵਿਚ ਜੋ ਵੀ ਪਸ਼ੂ, ਪੰਛੀ ਆ ਕੇ ਮਰੇਗਾ, ਉਹ ਮੁਕਤ ਹੋ ਜਾਏਗਾ। ਫਿਰ ਮਨੁੱਖ ਦੀ ਤਾਂ ਗੱਲ ਹੀ ਕੀ ਕਰਨੀ ਹੈ ? ਭਾਵ ਉਹ ਇਥੇ ਰਹਿ ਕੇ ਮੁਕਤ ਹੀ ਮੁਕਤ ਹੈ। ਉਧਰ ਸ਼ਿਵਜੀ ਬਹੁਤ ਉਦਾਸ ਹੋ ਗਿਆ ਕਿ ਮੇਰੀ ਕਾਂਸ਼ੀ ਦੀ ਰੌਣਕ ਘੱਟ ਗਈ ਹੈ, ਗਣੇਸ਼ ਨੇ ਆਪਣੇ ਪਿਤਾ ਤੋਂ ਉਦਾਸ ਹੋਣ ਦਾ ਕਾਰਨ ਪੁੱਛਿਆ ਤਾਂ ਸ਼ਿਵਜੀ ਨੇ ਕਿਹਾ ਕਿ ਮੇਰੀ ਵਸਾਈ ਹੋਈ ਕਾਂਸ਼ੀ ਉੱਜੜਦੀ ਜਾ ਰਹੀ ਹੈ ਤੇ ਬਿਆਸ ਦੀ ਹੜੰਬੇ ਵਾਲੀ ਧਰਤੀ ਪ੍ਰਫੁੱਲਤ ਹੁੰਦੀ ਜਾ ਰਹੀ ਹੈ। ਗਣੇਸ਼ ਨੇ ਕਿਹਾ ਕਿ ਪਿਤਾ ਜੀ, ਮੈਂ ਜਤਨ ਕਰਦਾ ਹਾਂ। ਤਦ ਗਣੇਸ਼ ਬਿਆਸ ਰਿਸ਼ੀ ਦੇ ਕੋਲ ਵਿਦਿਆਰਥੀ ਬਣ ਕੇ ਗਿਆ ਤੇ ਉਥੇ ਜਾ ਕੇ ਪੜ੍ਹਨ ਲੱਗਾ। ਗਣੇਸ਼ ਨੂੰ ਬਹੁਤ ਸੋਹਣਾ ਪੜ੍ਹਦਾ ਵੇਖ ਕੇ ਬਿਆਸ ਜੀ ਖ਼ੁਸ਼ ਹੋ ਗਏ ਤੇ ਗਣੇਸ਼ ਨੂੰ ਕਹਿਣ ਲੱਗੇ ਕਿ ਕੋਈ ਵਰ ਮੰਗ ਲੈ। ਗਣੇਸ਼ ਕਹਿੰਦਾ, ਰਿਸ਼ੀ ਜੀ ! ਵਰ ਕੀ ਮੰਗਣਾ ਹੈ ? ਤੁਸੀਂ ਇਹ ਦੱਸੋ, ਜੋ ਇਥੇ ਮਰ ਜਾਵੇਗਾ, ਉਸ ਦਾ ਕੀ ਬਣੇਗਾ ? ਬਿਆਸ ਨੇ ਕਿਹਾ ਕਿ ਮੁਕਤ ਹੋ ਜਾਵੇਗਾ। ਗਣੇਸ਼ ਨੇ ਜਾਣ-ਬੁੱਝ ਕੇ ਦੁਬਾਰਾ ਕਿਹਾ ਕਿ ਕੀ ਕਿਹਾ ਜੀ ? ਤਾਂ ਬਿਆਸ ਨੇ ਫਿਰ ਕਿਹਾ ਕਿ ਮੁਕਤ ਹੋ ਜਾਵੇਗਾ। ਦੁਬਾਰਾ ਫਿਰ ਗਣੇਸ਼ ਨੇ ਪੁੱਛਿਆ ਕਿ ਕੀ ਹੋਵੇਗਾ, ਮੈਨੂੰ ਸੁਣਿਆ ਨਹੀਂ ਹੈ ਤਾਂ ਫਿਰ ਬਿਆਸ ਨੇ ਕਿਹਾ ਕਿ ਮੁਕਤ ਹੋਵੇਗਾ। ਇਉਂ ਵਾਰ-ਵਾਰ ਪੁੱਛ ਕੇ ਗਣੇਸ਼ ਨੇ ਬਿਆਸ ਰਿਸ਼ੀ ਨੂੰ ਅਕਾ ਦਿੱਤਾ ਤਾਂ ਬਿਆਸ ਨੇ ਗ਼ੁੱਸੇ ਵਿਚ ਆ ਕੇ ਕਿਹਾ ਕਿ ਗਧਾ ਬਣੇਗਾ। ਗਣੇਸ਼ ਨੇ ਉਸੇ ਵੇਲੇ 'ਤਥਾਸਤੂ' ਕਹਿ ਦਿੱਤਾ। ਇਉਂ ਛਲ ਨਾਲ ਬਿਆਸ ਰਿਸ਼ੀ ਤੋਂ ਹੀ ਉਸ ਦੀ ਨਗਰੀ ਨੂੰ ਸਰਾਪ ਦਿਵਾ ਦਿੱਤਾ। ਫਿਰ ਬਿਆਸ ਜੀ ਉਪਰਾਮ ਹੋ ਕੇ ਉਥੋਂ ਚਲੇ ਗਏ।

ਪਰ ਭਗਤ ਕਬੀਰ ਜੀ ਨੇ ਭੀ ਉਸ ਸਰਾਪੀ ਹੋਈ ਧਰਤੀ 'ਤੇ ਜਾ ਕੇ ਉਥੇ ਰਹਿ ਕੇ ਇਹ ਸਿੱਧ ਕੀਤਾ ਕਿ ਭਗਤੀ ਕਰਨ ਵਾਲਾ ਭਾਵੇਂ ਕਿਤੇ ਵੀ ਜਾ ਕੇ ਮਰੇ, ਉਹ ਮੁਕਤ ਹੀ ਹੋਵੇਗਾ, ਭਾਵੇਂ ਉਹ ਹੜੰਬੇ ਵਰਗੀ ਧਰਤੀ ਕਿਉਂ ਨਾ ਹੋਵੇ, ਪਰ ਮਨ ਦਾ ਕਠੋਰ ਸਾਕਤ ਪੁਰਸ਼ ਭਾਵੇਂ ਕਾਂਸ਼ੀ ਵਿਚ ਮਰ ਜਾਵੇ, ਉਹ ਨਰਕ ਵਿਚ ਪੈਣ ਤੋਂ ਨਹੀਂ ਬਚ ਸਕਦਾ।

ਅੱਗੇ ਹੁਣ ਭਰਥਰੀ ਜੀ ਕਾਂਸ਼ੀ ਬਾਰੇ ਹੋਰ ਕਥਨ ਕਰਦੇ ਹਨ ਕਿ :

## ਦੋਹਰਾ ॥

## ਅਗਜ ਤਜਹਿ ਬਨਾਰਸੀ; ਤਉ ਨ ਖੇਦ ਕਛੁ ਮੋਹਿ ॥

ਜੇਕਰ ਅਗਜ = ਅਗਿਆਨੀ, ਬੇਸਮਝ ਪੁਰਸ਼ ਇਸ ਤਰ੍ਹਾਂ ਦੀ ਬਨਾਰਸੀ = ਕਾਂਸ਼ੀ ਨੂੰ ਤਜਹਿ = ਤਿਆਗ ਦੇਣਾ ਕਰੇ, ਤਉ = ਤਾਂ ਮੋਹਿ = ਮੈਨੂੰ ਕਛੁ = ਕੁਝ ਵੀ ਖੇਦ = ਦੁੱਖ ਨਹੀਂ ਹੈ।

## ਤਜਹਿ ਸੁਜਨ ਲਖਿ ਮੁਕਤਿ ਪ੍ਰਦ; ਦੁਸਹਿ ਦੁਖ ਮਮ ਹੋਹਿ ॥੬੮॥

ਪਰ ਜਦ ਸੁਜਨ = ਸ੍ਰੇਸ਼ਟ ਪੁਰਸ਼ ਇਹ ਗੱਲ ਨੂੰ ਲਖਿ = ਜਾਣਦਾ ਹੈ ਕਿ ਇਹ ਕਾਂਸ਼ੀ ਮੁਕਤੀ ਦੇ ਪ੍ਰਦ = ਦੇਣ ਵਾਲੀ ਹੈ, ਫਿਰ ਵੀ ਉਹ ਕਾਂਸ਼ੀ ਨੂੰ ਤਜਹਿ = ਤਿਆਗ ਦਿੰਦਾ ਹੈ, ਤਦ ਮਮ = ਮੈਨੂੰ ਉਹ ਦੁੱਖ ਹੋਹਿ = ਹੁੰਦਾ ਹੈ, ਜਿਸ ਦਾ ਦੁਸਹਿ = ਸਹਾਰਨਾ ਬਹੁਤ ਕਠਿਨ ਹੈ॥੬੮॥

## ਦੋਹਰਾ ॥

## ਰੇ ਮਨ ਤੂੰ ਤੋ ਤਿਆਗ; ਜਿਨ ਮੁਕਤਿ ਦ੍ਵਾਰ ਹਰਿ ਦ੍ਵਾਰ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਰੇ = ਹੇ ਮੇਰੇ ਮਨਾਂ! ਮੁਕਤੀ ਦਾ ਦ੍ਵਾਰ = ਦਰਵਾਜ਼ਾ ਤੇ ਹਰਿ = ਸ਼ਿਵਜੀ ਦਾ ਦ੍ਵਾਰ = ਦਰਵਾਜ਼ਾ ਜੋ ਕਾਂਸ਼ੀ ਹੈ, ਤੂੰ ਤੋ = ਤਾਂ ਉਸ ਦਾ ਜਿਨ = ਮਤਾਂ ਤਿਆਗ ਕਰ।

## ਸਿਮਰਿ ਸ-ਰਤਿ ਸਮਰਾਰਿ ਤਹਿ;
## ਜਗ ਜੀਵਨ ਦਿਨ ਚਾਰ ॥੬੯॥

ਬਲਕਿ ਤਹਿ = ਉਸ ਕਾਂਸ਼ੀ ਅਤੇ ਸਮਰਾਰਿ = ਕਾਮਦੇਵ ਦੇ ਵੈਰੀ ਸ਼ਿਵਜੀ ਨੂੰ ਸ-ਰਤਿ = ਸਹਿਤ ਪ੍ਰੀਤੀ ਦੇ ਸਿਮਰਿ = ਸਿਮਰਨਾ ਕਰ, ਕਿਉਂਕਿ ਇਸ ਜਗ = ਸੰਸਾਰ ਵਿਚ ਜੀਵਨ = ਜ਼ਿੰਦਗੀ ਚਾਰ ਕੁ ਦਿਨ ਭਾਵ ਥੋੜ੍ਹੇ ਕੁ ਦਿਨਾਂ ਦੀ ਹੈ (ਹਫ਼ਤੇ ਵਿਚ ਸੱਤ ਦਿਨ ਹੁੰਦੇ ਹਨ, ਇਕ ਮਰਨ ਦਾ, ਇਕ ਜੰਮਣ ਦਾ, ਇਕ ਅੱਜ ਦਾ ਕੱਢ ਕੇ ਬਾਕੀ ਚਾਰ ਹੀ ਦਿਨ ਰਹਿ ਜਾਂਦੇ ਹਨ)॥੬੯॥

## ਕਬਿੱਤ ॥

## ਭੂਪਨ ਕੀ ਚਾਹਿ ਕਰੇ ਕਾਹੇ, ਚਿਤ ਜਾਹਿ ਘਰੇ ਗਏ;
## ਛਰੀਦਾਰ ਹਰੇ ਸਤਿਕਾਰ ਜੋਤ ਹੈ ॥

ਹੇ ਮਨਾਂ! ਚਿੱਤ ਵਿਚ ਧਨ, ਪਦਾਰਥਾਂ ਕੀ = ਦੀ ਚਾਹਿ = ਇੱਛਾ ਕਰ = ਕਰਕੇ ਤੂੰ ਭੂਪਨ = ਰਾਜਿਆਂ ਦੇ ਘਰ ਵਿਚ ਕਾਹੇ = ਕਿਸ ਵਾਸਤੇ ਜਾਹਿ = ਜਾਣਾ ਕਰਦਾ ਹੈਂ? ਕਿਉਂਕਿ ਉਨ੍ਹਾਂ ਦੇ ਘਰ ਦੇ ਅੱਗੇ ਗਏ = ਗਿਆਂ ਛਰੀਦਾਰ = ਚੋਬਦਾਰ ਤੇਰਾ ਸਤਿਕਾਰ ਹਰੇ = ਨਾਸ਼ ਕਰ ਦਿੰਦਾ ਹੈ ਤੇ ਜਿਸ ਕਰਕੇ ਤੇਰੇ ਚਿਹਰੇ ਦੀ ਜੋਤ = ਕ੍ਰਾਂਤੀ ਨਾਸ਼ ਹੋ ਜਾਂਦੀ ਹੈ।

## ਨਾ ਰੇ ਇਹ ਕਾਲ, ਮਹੀਪਾਲ ਗੁਰਮਤੇ ਮਾਂਹਿ;
## ਅਜੇ ਸਮੋ ਨਾਹਿ ਨਰਨਾਹਿ ਸੁਖੀ ਸੋਤ ਹੈ ॥

ਅੱਗੋਂ ਚੋਬਦਾਹਰ ਕਹਿੰਦਾ ਹੈ ਕਿ ਰੇ = ਹੇ ਮੂਰਖਾ! ਇਹ ਕਾਲ = ਸਮਾਂ ਰਾਜੇ ਨੂੰ ਮਿਲਣ ਦਾ ਨਹੀਂ ਹੈ, ਕਿਉਂਕਿ ਮਹੀਪਾਲ = ਰਾਜਾ ਜੀ ਵਜ਼ੀਰ ਨਾਲ ਗੁਰਮਤੇ = ਸਲਾਹ ਕਰਨ ਮਾਂਹਿ = ਵਿਚ ਲੱਗੇ ਹੋਏ ਹਨ। ਦੂਸਰੀ ਵਾਰ ਫੇਰ ਗਿਆ ਤਾਂ ਫੇਰ ਚੋਬਦਾਰ ਕਹਿੰਦਾ ਕਿ ਅਜੇ ਵੀ ਸਮੋ = ਸਮਾਂ ਮਿਲਣ ਦਾ ਨਾਹਿ = ਨਹੀਂ ਹੈ, ਕਿਉਂਕਿ ਨਰਨਾਹਿ = ਨਰਾਂ ਦੇ ਮਾਲਕ ਰਾਜਾ ਜੀ ਸੁਖ ਦੀ ਨੀਂਦ ਵਿਚ ਸੋਤ = ਸੁੱਤੇ ਹੋਏ ਹਨ।

## ਸੁਨੇ ਬੈਨ ਤੇਰੇ, ਜਬ ਕ੍ਰੋਧ ਨੈਣ ਹੇਰੇ ਪ੍ਰਭ;
## ਜਾ ਕੈ ਪੌਰ ਐਸੇ ਕੌੜੇ ਵਾਕ ਕੋ ਉਦੋਤ ਹੈ ॥

ਜਬ = ਜਦੋਂ ਪ੍ਰਭ = ਮਾਲਕ ਰਾਜਾ ਤੇਰੇ ਬੈਨ = ਬਚਨ ਸੁਨੇ = ਸੁਣੇਗਾ ਤਾਂ ਉਹ ਕ੍ਰੋਧ ਭਰੇ ਨੈਣ = ਨੇਤਰਾਂ ਨਾਲ ਤੇਰੇ ਵੱਲ ਹੇਰੇ = ਵੇਖੇਗਾ। ਇਸ ਤਰ੍ਹਾਂ ਜਾ ਕੈ = ਜਿਨ੍ਹਾਂ ਰਾਜਿਆਂ ਦੇ ਪੌਰ = ਦਰਵਾਜ਼ਿਆਂ 'ਤੇ ਐਸੇ = ਅਜਿਹੇ ਕੌੜੇ ਵਾਕਾਂ ਕੋ = ਦਾ ਉਦੋਤ = ਪ੍ਰਗਟ ਹੋਣਾ ਹੁੰਦਾ ਹੈ।

## ਛੌਰ ਤਾਕੇ ਪੌਰ, ਦੌਰ ਮੋਖ ਠੌਰ ਕਾਂਸੀ ਮਾਹਿ; ਧੂਨਾ ਨ ਕਠੋਰ ਜਹਾਂ, ਦਰੌਪ ਅਗੋਤ ਹੈ ॥੭੦॥

ਭਰਥਰੀ ਜੀ ਕਥਨ ਕਰਦੇ ਹਨ ਕਿ ਤਾਕੇ = ਉਨ੍ਹਾਂ ਹੰਕਾਰੀ ਰਾਜਿਆਂ ਦੇ ਪੌਰ = ਦਰ ਛੌਡ = ਛੱਡਣਾ ਕਰ ਅਤੇ ਮੋਖ = ਮੁਕਤੀ ਦੀ ਠੌਰ = ਥਾਂ ਕਾਂਸ਼ੀ ਮਾਹਿ = ਵਿਚ ਦੌਰ = ਦੌੜ ਕੇ ਜਾਣਾ ਕਰ, ਜਹਾਂ = ਜਿਥੋਂ ਦੇ ਦਰੌਪ = ਦੁਆਰਪਾਲ, ਚੋਬਦਾਰ ਕੋਲੋਂ ਅਗੋਤ = ਅੱਗੋਂ ਦੀ ਕਠੋਰ ਧੂਨਾ = ਆਵਾਜ਼ ਸੁਣਦੀ ਹੀ ਨਹੀਂ ਹੈ ॥੭੦॥

## ਦੋਹਰਾ ॥

## ਅਪ੍ਰਮਾਨ ਆਨੰਦ ਪ੍ਰਦਿ; ਪੁਨਾ ਜਨਮ ਜਹ ਹਾਨ ॥

ਜੋ ਕਾਂਸ਼ੀ ਅਪ੍ਰਮਾਨ = ਤੋਲਣ ਤੋਂ ਬਿਨਾਂ ਭਾਵ ਬੇਅੰਤ ਆਨੰਦ ਦੇ ਪ੍ਰਦਿ = ਦੇਣ ਵਾਲੀ ਹੈ ਅਤੇ ਪੁਨਾ = ਫਿਰ ਜਾ = ਜਿਥੇ ਹਾਨ = ਨਾਸ਼ ਭਾਵ ਮਰਨ ਤੋਂ ਬਾਅਦ ਜਨਮ ਨਹੀਂ ਹੁੰਦਾ ਭਾਵ ਮੁਕਤੀ ਹੋ ਜਾਂਦੀ ਹੈ।

## ਬਸੋ ਮਨਾ ਅਨੰਦ ਬਨ; ਤਜਿ ਨ੍ਰਿਪ ਕ੍ਰਿਪਣ ਸਥਾਨ ॥੭੧॥

ਹੇ ਮਨਾਂ! ਤੂੰ ਉਸ ਆਨੰਦ ਬਨ ਭਾਵ ਕਾਂਸ਼ੀ ਵਿਚ ਜਾ ਕੇ ਬਸੋ = ਵੱਸਣਾ ਕਰ ਤੇ ਕ੍ਰਿਪਣ = ਸੂਮ ਨ੍ਰਿਪ = ਰਾਜਿਆਂ ਦੇ ਸਥਾਨਾਂ 'ਤੇ ਜਾਣਾ ਤਜਿ = ਤਿਆਗਣਾ ਕਰ ॥੭੧॥

## ਦੋਹਰਾ ॥

## ਦਈ ਸਿਖਿਆ ਭੂਪ ਜੋ; ਮਨ ਆਪਨ ਕੋ ਸਾਰ ॥

ਜੋ ਭੂਪ = ਰਾਜੇ ਭਰਥਰੀ ਜੀ ਨੇ ਇਹ ਵੈਰਾਗਮਈ ਸਾਰ = ਸ੍ਰੇਸ਼ਟ ਸਿੱਖਿਆ ਆਪਨ = ਆਪਣੇ ਮਨ ਕੋ = ਤਾਈਂ ਦਈ = ਦੇਣਾ ਕੀਤੀ ਹੈ।

## ਯਾ ਸਿਖ੍ਯਾ ਉਰ ਮੋਰ ਮੈ; ਸਦਾ ਬਸੈ ਕਰਤਾਰ ॥੭੨॥

ਪੰਡਿਤ ਹਰਿਦ੍ਯਾਲ ਜੀ ਕਥਨ ਕਰਦੇ ਹਨ ਕਿ ਹੇ ਕਰਤਾਰ = ਪਰਮੇਸ਼ਰ! ਯਾ = ਇਹ ਸ੍ਰੇਸ਼ਟ ਸਿੱਖਿਆ ਮੋਰ = ਮੇਰੇ ਉਰ = ਹਿਰਦੇ ਮੈ = ਵਿਚ ਸਦਾ = ਹਮੇਸ਼ਾਂ ਬਸੈ = ਵੱਸਦੀ ਰਹੇ ॥੭੨॥

## ਦੋਹਰਾ ॥

## ਅਲੰ ਭਰਤ ਵੈਰਾਗ ਕੋ; ਪ੍ਰਿਥਮ ਧਿਆਇ ਅਨੂਪ ॥

ਭਰਤ = ਭਰਥਰੀ ਹਰੀ ਜੀ ਦਾ ਕਥਨ ਕੀਤਾ ਹੋਇਆ ਵੈਰਾਗ ਸ਼ਕਤ ਗ੍ਰੰਥ ਕੋ = ਦਾ ਅਨੂਪ = ਉਪਮਾ ਤੋਂ ਰਹਿਤ ਭਾਵ ਮਹਾਂ ਸੁੰਦਰ ਪ੍ਰਿਥਮ = ਪਹਿਲਾ ਧਿਆਇ = ਅਧਿਆਇ ਇਥੇ ਅਲੰ = ਪੂਰਾ ਸਮਾਪਤ ਹੁੰਦਾ ਹੈ।

## ਸੂ ਮਨ ਸਿੱਖ ਕੋ ਸਿਖ ਮਤਿ ਦਈ;
## ਸ੍ਵਾਮਿ ਸਮ ਭੂਪ ॥੭੩॥

ਜਿਸ ਅਧਿਆਇ ਵਿਚ ਭੂਪ = ਰਾਜੇ ਭਰਥਰੀ ਜੀ ਨੇ ਸੂ = ਆਪਣੇ ਮਨ ਰੂਪੀ ਸਿੱਖ = ਚੇਲੇ ਕੋ = ਨੂੰ ਸ੍ਵਾਮਿ = ਮਾਲਕ ਭਾਵ ਗੁਰੂ ਸਮ = ਸਮਾਨ ਹੋ ਕਰਕੇ ਸਿਖ ਮਤਿ = ਸਿੱਖਿਆ ਦਈ = ਦੇਣਾ ਕੀਤੀ ਹੈ ॥੭੩॥

## ਇਤਿ ਪ੍ਰਥਮ ਅਧ੍ਯਾਇ ॥੧॥

ਏਥੇ ਪ੍ਰਥਮ = ਪਹਿਲਾ ਅਧਿਆਇ ਇਤਿ = ਸਮਾਪਤ ਹੁੰਦਾ ਹੈ ॥੧॥

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓਂ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਦੂਜਾ ਅਧਯਾਯ ਅਰੰਭ ॥

ਹੁਣ ਦੂਜਾ ਅਧਿਆਇ ਅਰੰਭ ਕਰਦੇ ਹਨ।

## ਦੋਹਰਾ ॥ ਦੁਤੀਏ ਪਸਚਾਤਾਪ ਕੇ; ਭਾਖੇ ਦਸ ਕੁ ਸਲੋਕ ॥

ਇਸ ਦੁਤੀਏ = ਦੂਸਰੇ ਅਧਿਆਇ ਵਿਚ ਮਨ ਵਿਚ ਪਸਚਾਤਾਪ (ਪਛਤਾਵਾ) ਕਰਨ ਦੇ ਦਸ ਕੁ ਸਲੋਕ ਭਾਖੇ = ਕਥਨ ਕੀਤੇ ਹੋਏ ਹਨ।

***ਨੋਟ :*** ਦਸ ਕੁ ਸਲੋਕ ਤੋਂ ਭਾਵ ਕਿ ਦਸ ਤੋਂ ਥੋੜ੍ਹੇ ਜ਼ਿਆਦਾ ਹਨ ਅਤੇ ਅਰੰਭ ਦਾ ਦੋਹਰਾ ਤੇ ਸਮਾਪਤੀ ਦਾ ਦੋਹਰਾ ਵਿਚ ਗਿਣ ਕੇ ਕੁਲ ਸਤਾਰਾਂ ਹਨ।

## ਜਾਕੇ ਸ੍ਵਣ ਮਨਨ ਤੇ; ਨਸ਼ਟ ਹੋਹਿੰ ਮਨ ਸ਼ੋਕ ॥੧॥

ਜਾਕੇ = ਜਿਨ੍ਹਾਂ ਸਲੋਕਾਂ ਦਾ ਸ੍ਵਣ ਤੇ ਮੰਨਣ ਕਰਨ ਦੇ ਤੇ = ਨਾਲ ਮਨ ਦੇ ਸਾਰੇ ਸ਼ੋਕ = ਗ਼ਮ ਨਸ਼ਟ = ਨਾਸ਼ ਹੋਹਿੰ = ਹੋ ਜਾਂਦੇ ਹਨ ॥੧॥

## ਕਬਿੱਤ ॥

## ਪਾਦ ਕੰਜ ਸ਼ਿਵਜੀ ਕੇ ਨ ਅਰਾਧੇ ਹਮ ਨੀਕੇ;
## ਕਰਣ ਉਧਾਰ ਜੀ ਕੇ ਰਮਣੀਕੇ ਚੀਨ ਮੈ ॥

ਜੋ ਸ਼ਿਵਜੀ ਕੇ = ਦੇ ਪਾਦ = ਚਰਨ ਕੰਜ = ਕਮਲਾਂ ਦੀ ਨਿਆਈਂ ਹਨ, ਉਨ੍ਹਾਂ ਰਮਣੀਕੇ = ਸੁੰਦਰ ਚਰਨਾਂ ਨੂੰ ਜੀ = ਜੀਵ ਕੇ = ਦੇ ਉੱਧਾਰ ਦਾ ਨੀਕੇ = ਚੰਗਾ ਕਾਰਣ ਚੀਨ = ਜਾਣ ਕਰਕੇ ਵੀ ਹਮ = ਮੈਂ ਉਨ੍ਹਾਂ ਦਾ ਅਰਾਧੇ = ਆਰਾਧਨ, ਧਿਆਉਣਾ ਨਹੀਂ ਕੀਤਾ, ਮੈਨੂੰ ਇਹ ਪਛਤਾਵਾ ਹੈ।

## ਨਾਕ ਪੌਰ ਤਾਕਨ ਕੇ, ਧਾਕਨ ਮੈ ਪੁੰਨ ਦਛ;
## ਤੇ ਭੀ ਨ ਇਕੱਤ੍ਰ ਕਛੁ ਕੀਨ ਭਾਗਹੀਨ ਮੈ ॥

ਜੋ ਪੁੰਨ ਕਰਮ ਨਾਕ = ਸਵਰਗ ਦੇ ਪੌਰ = ਦਰਵਾਜ਼ੇ ਦੇ ਤਾਕਨ = ਤਖ਼ਤਿਆਂ ਨੂੰ ਧਾਕਨ = ਧੱਕਣ ਭਾਵ ਖੋਲ੍ਹਣ ਮੈ = ਵਿਚ ਬਹੁਤ ਦਛ = ਚਤੁਰ ਹਨ ਭਾਵ ਸਵਰਗ ਵਿਚ ਪ੍ਰਵੇਸ਼ ਕਰਾਉਣ ਵਾਲੇ ਹਨ, ਮੈਂ ਤਾਂ

ਭਾਗ = ਕਰਮਾਂ ਤੋਂ ਹੀਣੇ ਨੇ ਤੇ = ਉਹ ਪੁੰਨ ਕਰਮ ਕਛੁ = ਕੁਝ ਵੀ ਇਕੱਤ੍ਰ = ਇਕੱਠੇ ਨਹੀਂ ਕੀਨ = ਕੀਤੇ ਭਾਵ ਥੋੜ੍ਹੇ ਮਾਤ੍ਰ ਵੀ ਇਕੱਤਰ ਨਹੀਂ ਕੀਤੇ।

## ਉਭੈ ਪੀਨ ਕੁਚੀ ਨਾਰੀ, ਭਾਰੀ ਰੂਪ ਗੁਣ ਵਾਰੀ; ਸੂਪਨੇ ਮਝਾਰੀ ਭੀ ਅਲਿੰਗਨ ਨ ਕੀਨ ਮੈ ॥

ਅਤੇ ਜੋ ਨਾਰੀ = ਇਸਤਰੀ ਉਭੈ = ਦੋ ਪੀਨ = ਕਰੜੇ ਕੁਚੀ = ਅਸਥਨਾਂ ਵਾਲੀ ਤੇ ਭਾਰੀ = ਮਹਾਂ ਸੁੰਦਰ ਰੂਪ ਵਾਲੀ ਤੇ ਗੁਣਾਂ ਵਾਰੀ = ਵਾਲੀ ਹੈ, ਮੈਂ ਮੰਦਭਾਗੀ ਨੇ ਸੁਪਨੇ ਮਝਾਰੀ = ਵਿਚ ਵੀ ਐਸੀ ਇਸਤਰੀ ਨੂੰ ਅਲਿੰਗਨ = ਛਾਤੀ ਨਾਲ ਲਾਉਣਾ ਨਹੀਂ ਕੀਨ = ਕੀਤਾ ਭਾਵ ਉਸ ਨਾਲ ਭੋਗ-ਵਿਲਾਸ ਨਹੀਂ ਕੀਤਾ।

## ਮਾਤਾ ਕੋ ਜੋਬਨ ਬਨ, ਤਾਸ ਨਾਸ ਹੇਤ ਜਨ; ਕੇਵਲ ਕੁਠਾਰ ਹੋਇ, ਖੋਇ ਸੁਖ ਤੀਨ ਮੈ ॥੨॥

ਇਸ ਕਰਕੇ ਮੇਰੀ ਮਾਤਾ ਕੋ = ਦਾ ਜੋ ਜੋਬਨ = ਜਵਾਨੀ ਰੂਪ ਬਨ ਹੈ, ਤਾਸ = ਉਸ ਨੂੰ ਨਾਸ਼ ਕਰਨ ਹੇਤ = ਵਾਸਤੇ ਹੀ ਮੇਰੇ ਨੀਚ ਜਨ = ਪੁਰਸ਼ ਦਾ ਜਨਮ ਹੋਇਆ ਹੈ, ਮੈਂ ਤਾਂ ਕੇਵਲ ਕੁਠਾਰ = ਕੁਹਾੜੇ ਵਾਂਗ ਕਰੜੇ ਮਨ ਵਾਲਾ ਹੋਇ = ਹੋ ਕੇ ਸਗੋਂ ਤੀਨ = ਤਿੰਨਾਂ ਹੀ ਸੁਖਾਂ (ਸ਼ਿਵਜੀ ਦੇ ਚਰਨਾਂ ਦੇ ਆਰਾਧਨ ਦਾ ਸੁਖ, ਸਵਰਗ ਦੇ ਸੁਖ, ਇਸਤਰੀ ਦੇ ਭੋਗ ਰੂਪ ਸੁਖ) ਨੂੰ ਖੋਇ = ਗਵਾ ਲਿਆ ਹੈ॥੨॥

## ਨਰਾਜ ਛੰਦ ॥ ਅਦੋਖ ਬੇਦ ਬੋਧ ਕੋ; ਅਧੈਨ ਮੈ ਨ ਕੀਨ ਹੈ ॥

ਅਦੋਖ = ਦੋਸ਼ਾਂ ਤੋਂ ਰਹਿਤ ਗਿਆਨ ਕੋ = ਨੂੰ ਪ੍ਰਤਿਪਾਦਨ ਕਰਨ ਵਾਲੇ ਜੋ ਬੇਦ ਹਨ, ਉਨ੍ਹਾਂ ਵੇਦਾਂ ਨੂੰ ਮੈਂ ਅਧੈਨ = ਪੜ੍ਹਨਾ ਨਹੀਂ ਕੀਨ = ਕੀਤਾ ਹੈ।

## ਨ ਸੇਵ ਮਾਤ ਤਾਤ ਕੀ; ਮਝਾਰ ਚਿਤ ਦੀਨ ਹੈ ॥

ਅਤੇ ਨਾ ਹੀ ਮੈਂ ਆਪਣੇ ਮਾਤਾ ਤਾਤ = ਪਿਤਾ ਕੀ = ਦੀ ਸੇਵਾ ਕਰਨ ਦੇ ਮਝਾਰ = ਵਿਚ ਚਿੱਤ ਨੂੰ ਦੀਨ = ਦਿੱਤਾ ਹੈ ਭਾਵ ਚਿੱਤ ਲਾ ਕੇ ਮਾਤਾ-ਪਿਤਾ ਦੀ ਸੇਵਾ ਨਹੀਂ ਕੀਤੀ।

## ਦਯਾ ਨ ਦੀਨ ਜੰਤ ਪੈ ਕਰੀ; ਮਨਾ ਕਿ ਮੈਂ ਕਬੀ ॥

ਨਾ ਹੀ ਮੈਂ ਦੀਨ = ਗ਼ਰੀਬ, ਦੁਖੀ ਜੰਤ = ਜੀਵਾਂ ਪੈ = ਉੱਤੇ ਕਬੀ = ਕਦੇ ਮਨਾ ਕਿ = ਮਨ ਕਰਕੇ ਦਇਆ ਕਰੀ = ਕੀਤੀ ਹੈ।

## ਨ ਨਯਾਇਵੰਤ ਦ੍ਰਵਯ ਕੀ; ਇਕੱਤ੍ਰ ਕੀਨ ਲੌ ਅਬੀ ॥੩॥

ਨਾ ਹੀ ਮੈਂ ਅਬੀ = ਹੁਣ ਲੌ = ਤਕ ਨਯਾਇਵੰਤ = ਹੱਕ ਵਾਲਾ ਦ੍ਰਵਯ = ਧਨ ਪਦਾਰਥ ਕੀ = ਦੀ ਇਕੱਤਰਤਾ ਕੀਨ = ਕੀਤੀ ਹੈ॥੩॥

## ਨਰਾਜ ਛੰਦ ॥ ਵਿਸ਼ਾਲ ਨੀਲ ਕੰਜ ਨੈਨ ਚੰਚਲੈ; ਰਿਦੈ ਪ੍ਰਿਯਾ ॥

ਜੋ ਨੀਲ = ਨੀਲੇ ਕੰਜ = ਕਮਲ ਦੀ ਨਿਆਈਂ ਵਿਸ਼ਾਲ = ਵੱਡੇ ਚੌੜੇ ਤੇ ਚੰਚਲੈ = ਚੰਚਲ

ਨੈਨ = ਨੇਤਰਾਂ ਵਾਲੀ ਇਸਤਰੀ ਹੈ, ਜਿਸ ਦਾ ਰਿਦੈ = ਹਿਰਦਾ ਪ੍ਰਿਯਾ = ਪਿਆਰ ਨਾਲ ਭਰਿਆ ਹੋਇਆ ਹੈ।

## ਨ ਕੀਨ ਸੁਪਨੈ ਭੀ ਮੈ; ਅਲਿੰਗਨੰ ਮਹਾਂ ਤ੍ਰਿਯਾ॥

ਐਸੀ ਮਹਾਂ ਸੁੰਦਰ ਤ੍ਰਿਯਾ = ਇਸਤਰੀ ਨੂੰ ਮੈਂ ਸੁਪਨੇ ਮੈ = ਵਿਚ ਭੀ = ਵੀ ਆਲਿੰਗਨੰ[1] = ਛਾਤੀ ਨਾਲ ਲਾਉਣਾ ਨ = ਨਹੀਂ ਕੀਨ = ਕੀਤਾ ਭਾਵ ਸੁਪਨੇ ਵਿਚ ਵੀ ਭੋਗ ਵਿਲਾਸ ਨਹੀਂ ਕੀਤਾ।

## ਪ੍ਰਪਿੰਡ ਪੈ ਸ ਲੋਭ; ਕਾਕ ਯੋ ਸਮਾ ਗਤੋ ਹਮੈ॥

(ਪ੍ਰ + ਪਿੰਡ) ਪ੍ਰ = ਪਰਾਏ ਪਿੰਡ = ਸਰੀਰ ਭਾਵ ਪਰਾਈ ਇਸਤਰੀ ਦੇ ਪੈ = ਉੱਤੇ ਲੋਭ ਸ = ਸਹਿਤ ਲੁਭਾਇਮਾਨ ਹੋ ਕਰਕੇ ਹਮੈ = ਮੈਂ ਕਾਕ = ਕਾਂ ਯੋ = ਵਾਂਗ ਜੀਵਨ ਦਾ ਸਾਰਾ ਸਮਾਂ ਵਿਅਰਥ ਹੀ ਗਤੋ = ਗੁਜ਼ਾਰ ਦਿੱਤਾ ਹੈ।

## ਵਿਕਾਸ ਮਾਤ ਆਸ ਕੰਜ; ਨਾਸ ਕੋ ਕਰੀ ਜਮੈ॥੪॥

ਮਾਤ = ਮਾਤਾ ਦੇ ਹਿਰਦੇ ਵਿਚ ਜੋ ਆਸਾ ਰੂਪ ਕੰਜ = ਕਮਲ ਵਿਕਾਸ = ਖਿੜਿਆ ਹੋਇਆ ਹੈ, ਉਸ ਕੋ = ਨੂੰ ਨਾਸ਼ ਕਰਨ ਦੇ ਲਈ ਮੈਂ ਕਰੀ = ਹਾਥੀ ਹੋ ਕੇ ਜਮੈ = ਜੰਮਿਆ ਹਾਂ॥੪॥

## ਕਬਿੱਤ॥

## ਤਾਂ ਜੀਵਨ ਕੋ ਧਿਕਾਰ ਜੋਊ ਦੁਖ ਕੋ ਅਗਾਰ;
## ਮਿਤ੍ਰ ਬੰਧ ਪਰਵਾਰ ਕਰ, ਨਿਤ ਜਿੱਤ ਹੈ॥

ਭਰਥਰੀ ਜੀ ਕਥਨ ਕਰਦੇ ਹਨ ਕਿ ਤਾਂ = ਉਸ ਜੀਵਨ ਕੋ = ਨੂੰ ਧ੍ਰਿਕਾਰ ਹੈ, ਜੋਊ = ਜੋ ਦੁੱਖਾਂ ਕੋ = ਦਾ ਅਗਾਰ = ਘਰ ਹੈ ਅਤੇ ਮਿੱਤਰ, ਬੰਧ = ਸੰਬੰਧੀਆਂ ਪਰਿਵਾਰ ਕਰ ਕੇ ਨਿਤ = ਹਮੇਸ਼ਾਂ ਹੀ ਜਿੱਤ = ਜਿੱਤਿਆ ਹੋਇਆ ਹੈ, ਭਾਵ ਮੋਹ ਕਾਰਨ ਇਨ੍ਹਾਂ ਸਭਨਾਂ ਦੇ ਵੱਸ ਹੈ।

## ਦੀਨਾ ਨਾਥ ਜਨੋ ਪਰਉਪਕਾਰ ਕੋ ਬਾਪਾਰ;
## ਤਾਕੋ ਤ੍ਰਿਸ਼ਕਾਰ ਜਾ ਮਝਾਰ, ਨਿੱਤ ਥਿੱਤ ਹੈ॥

ਦੀਨਾ = ਗ਼ਰੀਬਾਂ ਅਤੇ ਅਨਾਥ ਜਨੋ = ਪੁਰਸ਼ਾਂ ਉੱਪਰ ਜੋ ਪਰਉਪਕਾਰ ਕਰਨ ਦਾ ਵਪਾਰ ਹੈ, ਜਾ = ਜਿਸ ਜੀਵਨ ਮਝਾਰ = ਵਿਚ ਤਾਕੋ = ਉਸ ਦਾ ਤ੍ਰਿਸ਼ਕਾਰ = ਅਪਮਾਨ ਹੀ ਨਿਤ = ਸਦਾ ਥਿਤ = ਕਾਇਮ ਰਹਿੰਦਾ ਹੈ, ਉਸ ਜੀਵਨ ਨੂੰ ਧ੍ਰਿਕਾਰ ਹੈ।

## ਜਾ ਕੇ ਭਾਲ ਬਿਖੈ ਇੰਦ, ਦੂੰਦ ਤਾ ਪਦਾਰਬਿੰਦ;
## ਕੋ ਧਿਆਨ ਜਾ ਮੋ, ਮੰਦ ਭੂਤ ਨਿੰਦਾ ਨਿੱਤ ਹੈ॥

ਜਾ = ਜਿਸ ਸ਼ਿਵਜੀ ਕੇ = ਦੇ ਭਾਲ = ਮੱਥੇ ਬਿਖੈ = ਵਿਚ ਇੰਦ = ਚੰਦਰਮਾ ਸੋਭਦਾ ਹੈ, ਤੇ ਜਿਸ ਦੇ

---

੧. ਅਲਿੰਗਨ = ਭੋਗ ਕਰਨ ਤੋਂ ਪਹਿਲੀ ਕਿਰਿਆ।

ਦ੍ਵੰਦ = ਦੋਵੇਂ ਪਦਾਰ = ਚਰਨ ਬਿੰਦ = ਕਮਲਾਂ ਦੀ ਨਿਆਈਂ ਹਨ ਜਾ = ਜਿਸ ਜੀਵਨ ਮੇਂ = ਵਿਚ ਤਾ = ਉਸ ਸ਼ਿਵਜੀ ਕੋ = ਦਾ ਧਿਆਨ ਨਹੀਂ ਹੈ, ਬਲਕਿ ਮੰਦ = ਭੈੜੇ ਭੂਤ = ਪੁਰਸ਼ਾਂ ਦੀ ਸੰਗਤ ਵਿਚ ਮਿਲ ਕਰਕੇ ਨਿੱਤ = ਹਮੇਸ਼ਾਂ ਹੀ ਪਰਾਈ ਨਿੰਦਾ = ਨਿੰਦਿਆ ਹੁੰਦੀ ਰਹਿੰਦੀ ਹੈ, ਉਸ ਜੀਵਨ ਨੂੰ ਵੀ ਧ੍ਰਿਕਾਰ ਹੈ।

## ਅਲਿ ਲੋਲ ਲੋਚਨ ਬਿਸਾਲ ਕੁਚ ਤਟ ਤ੍ਰਿਯਾ;
## ਤਾਕੋ ਮੇਲਾ ਭੀ ਨਾ ਭਯੋ, ਯਹੀ ਵੇਲਾ ਬਿਤ ਹੈ॥੫॥

ਜਿਸ ਤ੍ਰਿਯਾ = ਇਸਤਰੀ ਦੇ ਲੋਚਨ = ਨੇਤਰ ਅਲਿ = ਭੌਰੇ ਦੀ ਨਿਆਈਂ ਕਾਲੇ ਤੇ ਲੋਲ = ਚੰਚਲ ਹਨ ਅਤੇ ਜਿਸ ਦੀ ਕੁਚ ਤਟ = ਅਸਥਨਾਂ ਵਾਲੀ ਜਗ੍ਹਾ ਭਾਵ ਛਾਤੀ ਬਿਸਾਲ = ਬਹੁਤ ਚੌੜੀ ਹੈ, ਜਿਸ ਜੀਵਨ ਵਿਚ ਤਾਕੋ = ਉਸ ਇਸਤਰੀ ਦਾ ਮੇਲਾ = ਮਿਲਾਪ ਵੀ ਨਹੀਂ ਭਯੋ = ਹੋਇਆ ਹੈ, ਯਹੀ = ਇਹ ਵੇਲਾ = ਸਮਾਂ ਵੀ ਵਿਅਰਥ ਹੀ ਬਿਤ = ਬਤੀਤ ਗਿਆ ਹੈ॥੫॥

## ਕਬਿੱਤ॥
## ਵਾਦੀ ਬ੍ਰਿੰਦ ਕੇ ਦਮਨ ਵਾਰੀ, ਪਯਾਰੀ ਸੰਤਨ ਕੋ;
## ਐਸੀ ਵਿਦਯਾ ਕੋ ਸਲੋਕ ਪਠਯੋ ਮੈਂ ਨ ਲੋਕ ਮੈਂ॥

ਜੋ ਵਾਦੀ = ਝਗੜੇ ਕਰਨ ਵਾਲੇ ਪੁਰਸ਼ਾਂ ਕੇ = ਦੇ ਬ੍ਰਿੰਦ = ਝੁੰਡ ਨੂੰ ਦਮਨ = ਦਬਾਉਣ ਭਾਵ ਸ਼ਾਂਤ ਕਰਨ ਵਾਰੀ = ਵਾਲੀ ਅਤੇ ਸੰਤਨ = ਸੰਤ ਜਨਾਂ ਦੀ ਪਿਆਰੀ ਹੈ, ਐਸੀ = ਅਜਿਹੀ ਵਿੱਦਿਆ ਕੋ = ਦੇ ਸਲੋਕਾਂ ਨੂੰ ਇਸ ਲੋਕ ਮੈ = ਵਿਚ ਮੈਂ ਮੰਦਭਾਗੀ ਨੇ ਪਠਯੋ = ਪੜ੍ਹਨਾ ਨਹੀਂ ਕੀਤਾ।

## ਖੜਗੋਂ ਕੇ ਅਗ੍ਰ ਕਰ ਕਰੀ ਕੁੰਭ ਪੀਠ ਨੀਕੋ;
## ਪੀਠ ਕੇ ਨ ਯਸ ਨੀਠ ਕੀਨੋ ਸੁਰ ਲੋਕ ਮੈਂ॥

ਨਾ ਹੀ ਮੈਂ ਜੰਗ ਵਿਚ ਜਾ ਕਰਕੇ ਕਰੀ = ਹਾਥੀਆਂ ਦੇ ਕੁੰਭ[੧] = ਮੱਥੇ ਅਤੇ ਉਸ ਦੀ ਪੀਠ = ਪਿੱਠ ਉੱਪਰ ਬੈਠੇ ਨੀਕੋ = ਸੁੰਦਰ ਸੂਰਮਿਆਂ ਨੂੰ ਖੜਗੋਂ = ਤਲਵਾਰਾਂ ਦੇ ਅਗ੍ਰ = ਫਲ ਕਰ = ਨਾਲ ਪੀਠ ਕੇ = ਪੀਸ ਕਰਕੇ ਭਾਵ ਮਾਰ ਕਰਕੇ ਜੱਸ ਪ੍ਰਾਪਤ ਕੀਤਾ ਹੈ ਅਤੇ ਨਾ ਹੀ ਮੈਂ ਨੀਠ = ਸੁੰਦਰ ਸੁਰ ਲੋਕ = ਸਵਰਗ ਲੋਕ ਪ੍ਰਾਪਤ ਕੀਨੋ = ਕੀਤਾ ਹੈ।

## ਕਾਂਤਾ ਕੇ ਅਧਰ ਮ੍ਰਿਦ ਦਲ ਵਤ ਰਸ ਨਿਧਿ;
## ਸੋ ਨ ਚੂਸੇ, ਉਦੈ ਬਿਧੁ ਸ੍ਰਿਛਿਤ ਅਸੋਕ ਮੈਂ॥

ਜਿਸ ਕਾਂਤਾ = ਇਸਤਰੀ ਦੇ ਜੋ ਅਧਰ = ਬੁੱਲ੍ਹ (ਹੋਂਠ) ਦਲ = ਪੱਤ੍ਰ ਵਤ = ਸਮਾਨ ਮ੍ਰਿਦ = ਕੋਮਲ ਤੇ ਰਸ ਦਾ ਨਿਧਿ = ਖ਼ਜ਼ਾਨਾ ਹਨ, ਮੈਂ ਸੋ = ਉਹ ਬੁੱਲ੍ਹ ਵੀ ਚੂਸੇ = ਚੂਸਣਾ ਨਹੀਂ ਕੀਤੇ ਅਤੇ ਨਾ ਹੀ ਮੈਂ ਉਦੈ = ਪ੍ਰਗਟ ਹੋਏ ਬਿਧੁ = ਚੰਦਰਮਾ ਦੀ ਸ੍ਰਿਛਿਤ = ਚਾਂਦਨੀ ਵਿਚ ਕਾਮ ਵਾਸਨਾ ਦੇ ਅਸੋਕ = ਸੋਗ ਤੋਂ ਰਹਿਤ ਹੋਇਆ ਹਾਂ।

---

੧. ਕੁੰਭ = ਹਾਥੀ ਦੇ ਮੱਥੇ ਉੱਪਰ ਘੜੇ ਜਿਹਾ ਉੱਭਰਿਆ ਹੋਇਆ ਹਿੱਸਾ।

## ਗਿਆਨ, ਨਾਕ, ਨਾਰੀ ਤਿਨ ਕੋ ਨ ਰਸ ਲੀਨੋ ਅਹੋ;
## ਬ੍ਰਿਥਾ ਯੁਬਾ ਖੀਨੋ ਜੈਸੇ ਦੀਪ ਸੂਨੋ ਓਕ ਮੈਂ ॥੬॥

ਮੈਂ ਗਿਆਨ, ਨਾਕ = ਸਵਰਗ, ਨਾਰੀ = ਇਸਤਰੀ ਤਿਨ = ਇਨ੍ਹਾਂ ਤਿੰਨਾਂ ਵਿੱਚੋਂ ਇਕ ਕੋ = ਦੇ ਵੀ ਰਸ = ਆਨੰਦ ਨੂੰ ਲੀਨੋ = ਲੈ ਨਹੀਂ ਸਕਿਆ, ਅਹੋ = ਅਸਚਰਜ ਗੱਲ ਹੈ, ਭਾਵ ਅਫ਼ਸੋਸ ਹੈ ਕਿ ਮੈਂ ਆਪਣੀ ਯੁਬਾ = ਜਵਾਨੀ ਇਸ ਤਰ੍ਹਾਂ ਬਿਅਰਥ ਹੀ ਖੀਨੋ = ਨਾਸ਼ ਕਰ ਲਈ ਹੈ, ਜੈਸੇ = ਜਿਸ ਪ੍ਰਕਾਰ ਸੂਨੋ = ਖ਼ਾਲੀ ਭਾਵ ਉਜੜੇ ਹੋਏ ਓਕ = ਘਰ ਮੈ = ਵਿਚ ਦੀਪ = ਦੀਵੇ ਦਾ ਚਾਨਣਾ ਬਿਅਰਥ ਹੁੰਦਾ ਹੈ ॥੬॥

## ਕਬਿੱਤ ॥ ਦੀਪ ਮੈ ਪਤੰਗ ਪਰੇ ਜਰੇ, ਨ ਪ੍ਰ-ਤਾਪ ਜਾਨੈ;

ਜਿਵੇਂ ਪਤੰਗ = ਪਰਵਾਨਾ ਦੀਪ = ਦੀਵੇ ਦੀ ਲਾਟ ਮੈ = ਵਿਚ ਪਰੇ = ਪੈ ਕੇ ਜਰੇ = ਸੜ ਜਾਂਦਾ ਹੈ, ਪਰ ਫੇਰ ਵੀ ਦੀਵੇ ਦੀ ਅੱਗ ਦੇ ਪ੍ਰ-ਤਾਪ = ਤੇਜ ਨੂੰ ਜਾਨੈ = ਜਾਣਦਾ ਨਹੀਂ ਹੈ, ਆਪਣਾ ਆਪ ਵਾਰ ਦੇਂਦਾ ਹੈ। ਜੈਸਾ ਕਿ :

**ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥** *(ਆਸਾ ਸ੍ਰੀ ਕਬੀਰ ਜੀ, ਅੰਗ ੪੮੨)*

**ਵਾ:** **ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ।**

*(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

ਇਸੇ ਤਰ੍ਹਾਂ ਜੀਵ ਰੂਪ ਪਤੰਗਾ ਦੀਵੇ ਦੀ ਲਾਟ ਦੀ ਨਿਆਈਂ ਪਰਾਈ ਇਸਤਰੀਆਂ ਦੇ ਰੂਪ ਨੂੰ ਦੇਖਣ ਰੂਪ ਜਰੇ = ਸੜਦਾ ਹੈ ਭਾਵ ਸੋਚਦਾ ਹੈ ਕਿ ਮੈਂ ਇਸਤਰੀ ਨਾਲ ਭੋਗ ਭੋਗਾਂ, ਇਉਂ ਸੜਦਾ ਹੈ, ਪਰ ਇਹ ਨਹੀਂ ਜਾਨੈ = ਜਾਣਦਾ ਕਿ ਇਸ ਵਿਸ਼ਿਆਂ ਰੂਪੀ ਅੱਗ ਦੇ ਪ੍ਰ-ਤਾਪ = ਤੇਜ ਨੇ ਮੈਨੂੰ ਸਾੜ ਦੇਣਾ ਹੈ।

## ਮੀਨ ਸੁ ਅਗ੍ਯਾਨ ਭਖੇ ਕੁੰਡੀ ਮਿਲੇ ਮਾਸ ਕੋ ॥

ਜਿਵੇਂ ਸੁ = ਉਹ ਮੀਨ = ਮੱਛੀ ਅਗਿਆਨ-ਵੱਸ ਕੁੰਡੀ ਨਾਲ ਮਿਲੇ ਭਾਵ ਲੱਗੇ ਹੋਏ ਮਾਸ ਕੋ = ਨੂੰ ਖਾਣ ਦੇ ਲਾਲਚ ਕਾਰਨ ਕੁੰਡੀ ਵਿਚ ਹੀ ਫਸ ਜਾਂਦੀ ਹੈ, ਇਉਂ ਨਾਸ਼ ਹੋ ਜਾਂਦੀ ਹੈ। ਜੈਸਾ ਕਿ :

**ਕੁੰਡੀ ਫਾਥੇ ਮਛ ਜਿਉ ਰਸਿ ਜੀਭ ਵਿਗਾੜੀ।** *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

ਇਸੇ ਤਰ੍ਹਾਂ ਇਹ ਜੀਵ ਰੂਪ ਮੱਛੀ ਅਗਿਆਨ-ਵੱਸ ਕੁੰਡੀ ਨਾਲ ਲੱਗੇ ਮਾਸ ਦੀ ਨਿਆਈਂ ਭੋਗਾਂ ਪਦਾਰਥਾਂ ਨੂੰ **ਵਾ:** ਪਰ-ਇਸਤਰੀ ਦੇ ਵਿਸ਼ੇ ਸੁਖ ਨੂੰ ਭੋਗਣ ਦੇ ਲਾਲਚ ਕਾਰਨ ਅੰਤ ਨੂੰ ਮੌਤ ਰੂਪੀ ਕੁੰਡੀ ਵਿਚ ਫਸ ਜਾਂਦਾ ਹੈ ਭਾਵ ਸਾਰੀ ਜ਼ਿੰਦਗੀ ਦੁਨਿਆਵੀ ਪਦਾਰਥਾਂ ਦੇ ਭੋਗਣ ਵਿਚ ਹੀ ਲੰਘਾ ਦਿੰਦਾ ਹੈ। ਫਿਰ ਅੰਤ ਨੂੰ ਮਰਨ ਤੋਂ ਬਾਅਦ ਜਮਾਂ ਰੂਪ ਕੁੰਡੀ ਵਿਚ ਫਸ ਜਾਂਦਾ ਹੈ ਭਾਵ ਫਿਰ ਜਮ ਫੜ ਕਰਕੇ ਲੈ ਜਾਂਦੇ ਹਨ। ਇਉਂ ਨਾਸ ਹੋ ਕੇ ਨਰਕਾਂ ਵਿਚ ਦੁਖ ਭੋਗਦਾ ਹੈ। ਜੈਸਾ ਕਿ :

**ਅਮਲੁ ਸਿਰਾਨੋ ਲੇਖਾ ਦੇਨਾ ॥**
**ਆਏ ਕਠਿਨ ਦੂਤ ਜਮ ਲੇਨਾ ॥**
**ਕਿਆ ਤੈ ਖਟਿਆ ਕਹਾ ਗਵਾਇਆ ॥**
**ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥** *(ਸੂਹੀ ਭਗਤ ਕਬੀਰ ਜੀ, ਅੰਗ ੭੯੨)*

**ਵਾ:** **ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥**
**ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥**

*(ਗਉੜੀ ਕੀ ਵਾਰ, ਮ: ੪, ਅੰਗ ੩੧੦)*

# ਗਜ ਗਜੀ ਹੇਤ ਪਰੇ ਖਾਤ ਖਾਤ ਅੰਕਸ ਕੋ;

ਜਿਵੇਂ ਗਜ = ਹਾਥੀ ਕਾਲਬੂਤ ਦੀ ਗਜੀ = ਹਥਨੀ ਦੇ ਹੇਤ = ਵਾਸਤੇ ਭਾਵ ਕਾਮ ਵਾਸ਼ਨਾ ਕਾਰਨ ਖਾਤ = ਟੋਏ ਵਿਚ ਡਿੱਗ ਪਰੇ = ਪੈਂਦਾ ਹੈ ਤੇ ਫਿਰ ਸਾਰੀ ਉਮਰ ਮਹਾਵਤ ਪਾਸੋਂ ਸਿਰ ਉੱਤੇ ਅੰਕਸ = ਕੁੰਡੇ ਦੀਆਂ ਮਾਰਾਂ ਖਾਤ = ਖਾਂਦਾ ਹੈ। ਜਿਸ ਪ੍ਰਕਾਰ ਹਾਥੀ ਨੂੰ ਪਕੜਨ ਵਾਲੇ ਜੰਗਲ ਵਿਚ ਇਕ ਡੂੰਘਾ ਟੋਆ ਪੁੱਟ ਕਰਕੇ ਉਸ ਨੂੰ ਘਾਹ ਆਦਿਕ ਨਾਲ ਢੱਕ ਕੇ ਉੱਪਰ ਕਾਲਬੂਤ ਭਾਵ ਕਾਗ਼ਜ਼ਾਂ ਦੀ ਹਥਨੀ ਬਣਾ ਕੇ ਖੜੀ ਕਰ ਦਿੰਦੇ ਹਨ ਤਾਂ ਕਾਮ ਵੱਸ ਮਸਤ ਹਾਥੀ ਉਸ ਨੂੰ ਸਪਰਸ਼ ਕਰਨ ਲਈ ਆਉਂਦਾ ਹੈ ਤੇ ਉਹ ਟੋਏ ਵਿਚ ਡਿੱਗ ਪੈਂਦਾ ਹੈ ਤਾਂ ਫਿਰ ਉਹ ਪੁਰਖ ਉਸ ਨੂੰ ਭੁੱਖਾ ਰੱਖ ਕੇ, ਕੁੰਡੇ ਮਾਰ ਕੇ, ਉਸ ਨੂੰ ਸਿਖਾ ਕੇ ਆਪਣੇ ਅਧੀਨ ਕਰ ਲੈਂਦੇ ਹਨ। ਜੈਸਾ ਕਿ :

**ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥**
**ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ॥੧॥**

*(ਰਾਗ ਗਉੜੀ ਪੂਰਬੀ ਕਬੀਰ ਜੀ, ਅੰਗ ੩੩੬)*

**ਵਾ: ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।** *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

ਇਸੇ ਪ੍ਰਕਾਰ ਇਹ ਜੀਵ ਰੂਪ ਹਾਥੀ ਕਾਲਬੂਤ ਦੀ ਹਸਤਨੀ ਦੀ ਨਿਆਈਂ ਪਰਾਈ ਇਸਤਰੀ ਦੇ ਵਾਸਤੇ ਭਾਵ ਕਾਮ ਵਾਸ਼ਨਾ ਦੇ ਅਧੀਨ ਹੋ ਕੇ ਮੋਹ ਰੂਪੀ ਟੋਏ ਵਿਚ ਡਿੱਗ ਪੈਂਦਾ ਹੈ ਤੇ ਫਿਰ ਤਰਕਾਂ ਰੂਪੀ ਕੁੰਡੇ ਆਪਣੇ ਸਿਰ 'ਤੇ ਸਹਾਰਦਾ ਹੈ।

# ਰਾਗ ਮੈ ਕੁਰੰਗ ਰਾਗ ਕਰੇ ਨਿਜ ਨਾਸ ਕੋ॥

ਜਿਸ ਪ੍ਰਕਾਰ ਕੁਰੰਗ = ਹਿਰਨ ਰਾਗ = ਘੰਡੇਹੇੜੇ ਦੇ ਸ਼ਬਦ ਮੈ = ਵਿਚ ਰਾਗ = ਪ੍ਰੇਮ ਕਰੇ = ਕਰਕੇ ਨਿਜ = ਆਪਣੇ ਆਪ ਨੂੰ ਨਾਸ਼ ਕਰਵਾ ਲੈਂਦਾ ਹੈ ਭਾਵ ਘੰਡੇਹੇੜੇ ਦੇ ਸ਼ਬਦ ਵਿਚ ਮੋਹਿਤ ਹੋਏ ਨੂੰ ਸ਼ਿਕਾਰੀ ਆਪਣੇ ਜਾਲ ਵਿਚ ਫਸਾ ਲੈਂਦਾ ਹੈ। ਇਸੇ ਤਰ੍ਹਾਂ ਜੀਵ ਰੂਪ ਹਿਰਨ ਘੰਡੇਹੇੜੇ ਦੇ ਸ਼ਬਦ ਨਿਆਈਂ ਵੇਸਵਾ ਦੇ ਘੁੰਘਰੂਆਂ ਦੇ ਛਣਕਾਟੇ ਵਿਚ ਰਾਗ = ਮੋਹ ਕਾਰਨ ਕਾਮ ਵਾਸ਼ਨਾ ਅਧੀਨ ਹੋਇਆ ਆਪਣੇ ਆਪ ਨੂੰ ਨਾਸ਼ ਕਰਵਾ ਲੈਂਦਾ ਹੈ, ਭਾਵ ਇਸ ਜੀਵ ਰੂਪ ਹਿਰਨ ਨੂੰ ਕਾਮ ਵਾਸ਼ਨਾ ਦੇ ਅਧੀਨ ਹੋਏ ਨੂੰ ਵੇਸਵਾ ਰੂਪ ਸ਼ਿਕਾਰਨ ਆਪਣੇ ਜਾਲ ਵਿਚ ਫਸਾ ਕੇ ਨਾਸ਼ ਕਰ ਦਿੰਦੀ ਹੈ। ਜੈਸਾ ਕਿ :

**ਘੰਡਾਹੇੜੁ ਅਹੇੜੀਆਂ ਮਾਣਸ ਮਿਰਗ ਵਿਣਾਹੁ ਸਥੋਈ।**

*(ਭਾਈ ਗੁਰਦਾਸ ਜੀ, ਵਾਰ ੩੩, ਪਉੜੀ ੯)*

# ਪੰਕਜ ਕੀ ਗੰਧ ਬੀਚ, ਨੀਚ ਭ੍ਰਿੰਗੁ ਮੀਚ ਗਹੇ;

ਜਿਸ ਤਰ੍ਹਾਂ ਭ੍ਰਿੰਗੁ = ਭੌਰਾ ਪੰਕਜ = ਕਮਲ ਫੁੱਲ ਕੀ = ਦੀ ਗੰਧ = ਸੁਗੰਧੀ ਬੀਚ = ਵਿਚ ਲੱਗਣ ਕਰਕੇ ਨੀਚ = ਗ਼ੁਲਾਮ ਹੋਇਆ ਭਾਵ ਉਸ ਵਿਚ ਫਸ ਕੇ ਮੀਚ = ਮੌਤ ਨੂੰ ਗਹੇ = ਗ੍ਰਹਿਣ ਕਰ ਲੈਂਦਾ ਹੈ ਭਾਵ ਕਮਲ ਫੁੱਲ ਦੇ ਬੰਦ ਹੋਣ 'ਤੇ ਵਿਚ ਹੀ ਘੁੱਟ ਕੇ ਮਰ ਜਾਂਦਾ ਹੈ, ਸੂਰਜ ਦੇ ਅਸਤ ਹੋਣ ਦੇ ਸਮੇਂ ਨੂੰ ਜਾਣਦਾ ਨਹੀਂ ਹੈ। ਜੈਸਾ ਕਿ :

**ਭਵਰੇ ਵਾਸ ਵਿਣਾਸੁ ਹੈ ਫਿਰਦਾ ਫੁਲਵਾੜੀ।** *(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੩)*

## ਇਤਯਾਦਿ ਅਗਯ ਨਾਸ ਕਰੇ ਨਿਜ ਸਾਸ ਕੋ॥

ਇਤਯਾਦਿ = ਇਸੇ ਪ੍ਰਕਾਰ ਇਹ ਜੀਵ ਰੂਪ ਭੌਰਾ ਕਮਲ ਫੁੱਲ ਦੀ ਸੁਗੰਧੀ ਦੀ ਨਿਆਈਂ ਵਿਸ਼ੇ ਵਾਸ਼ਨਾ ਵਿਚ ਫਸ ਕੇ ਮੌਤ ਨੂੰ ਗ੍ਰਹਿਣ ਕਰ ਲੈਂਦਾ ਹੈ ਭਾਵ ਅਗਿਆਨ ਵੱਸ ਸਾਰੀ ਜ਼ਿੰਦਗੀ ਵਿਸ਼ੇ ਭੋਗਦਾ ਭੋਗਦਾ ਅੰਤ ਨੂੰ ਨਿਜ = ਆਪਣੇ ਸਾਸ = ਸੁਆਸਾਂ ਨੂੰ ਨਾਸ਼ ਕਰੇ = ਕਰ ਲੈਂਦਾ ਹੈ।

**ਅਥਵਾ** ਜਿਵੇਂ ਭੌਰੇ ਨੂੰ ਵਾਸ਼ਨਾ (ਗੰਧ) ਦਾ ਵਿਸ਼ਾ ਪ੍ਰਬਲ ਹੈ, ਉਹ ਕਮਲ ਵਿਚ ਬੈਠਾ ਰਾਤ ਨੂੰ ਬੰਦ ਹੋਣ ਕਾਰਨ ਫਸ ਮਰਦਾ ਹੈ, ਮੱਛੀ ਨੂੰ ਜੀਭ ਦਾ ਰਸ ਹੈ, ਕੁੰਡੀ ਨੂੰ ਲੱਗੀ ਮਾਸ ਦੀ ਬੋਟੀ ਨੂੰ ਖਾਣ ਦੇ ਲਾਲਚ ਕਾਰਨ ਕੁੰਡੀ ਵਿਚ ਫਸ ਜਾਂਦੀ ਹੈ, ਇਸੇ ਤਰ੍ਹਾਂ ਹਾਥੀ ਨੂੰ ਕਾਮ ਦਾ ਵਿਸ਼ਾ ਪ੍ਰਬਲ ਹੈ, ਉਹ ਕਾਲਬੂਤ ਦੀ ਹਸਤਨੀ ਦੇਖ ਕੇ ਟੋਏ ਵਿਚ ਡਿੱਗ ਜਾਂਦਾ ਹੈ, ਫਿਰ ਕੁੰਡੇ ਸਹਾਰਦਾ ਹੈ ਤੇ ਮ੍ਰਿਗ ਨੂੰ ਨਾਦ (ਸ਼ਬਦ) ਸੁਣਨ ਦਾ ਵਿਸ਼ਾ ਪ੍ਰਬਲ ਹੈ। ਉਸ ਦੇ ਸੁਣਨ ਵਿਚ ਹੀ ਮਸਤ ਹੋਇਆ ਸ਼ਿਕਾਰੀ ਦਾ ਸ਼ਿਕਾਰ ਬਣ ਜਾਂਦਾ ਹੈ। ਇਸੇ ਤਰ੍ਹਾਂ ਪਤੰਗੇ ਨੂੰ ਰੂਪ ਭਾਵ ਪ੍ਰਕਾਸ਼ ਦੇਖਣੇ ਦਾ ਵਿਸ਼ਾ ਪ੍ਰਬਲ ਹੈ, ਦੀਵੇ ਦੀ ਲਾਟ 'ਤੇ ਮੋਹਿਤ ਹੋ ਕੇ ਦੀਵੇ ਦੇ ਕੋਲ ਜਾਂਦਾ ਹੈ ਤੇ ਸੜ ਮਰਦਾ ਹੈ। ਇਹ ਪੰਜੇ ਇਕ ਇਕ ਦੋਸ਼ ਭਾਵ ਵਿਸ਼ੇ ਕਰਕੇ ਨਾਸ਼ ਹੋ ਗਏ, ਪਰ ਅਜਿਹੇ ਅਸਾਧ ਪੰਜ ਦੋਖ, ਵਿਸ਼ੇ ਭਾਵ ਸ਼ਬਦ, ਸਪਰਸ਼, ਰੂਪ, ਰਸ, ਗੰਧ ਜਿਸ ਪੁਰਸ਼ ਵਿਚ ਹਨ, ਉਸ ਪੁਰਸ਼ ਦੇ ਜਿਊਣ ਦੀ ਕਿਤਨੀ ਕੁ ਆਸ ਹੈ, ਭਾਵ ਕੋਈ ਆਸ ਨਹੀਂ, ਛੇਤੀ ਹੀ ਨਾਸ਼ ਹੋ ਜਾਵੇਗਾ। ਜੈਸਾ ਕਿ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥**

*(ਆਸਾ ਭਗਤ ਰਵਿਦਾਸ ਜੀ, ਅੰਗ ੪੮੬)*

**ਵਾ:** **ਗਜ ਮ੍ਰਿਗ ਮੀਨ ਪਤੰਗ ਅਲਿ ਇਕਤੁ ਇਕਤੁ ਰੋਗਿ ਪਚੰਦੇ।**
**ਮਾਣਸ ਦੇਹੀ ਪੰਜਿ ਰੋਗ ਪੰਜੇ ਦੂਤ ਕੁਸੂਤ ਕਰੰਦੇ।**

*(ਭਾਈ ਗੁਰਦਾਸ ਜੀ, ਵਾਰ ੫, ਪਉੜੀ ੨੦)*

## ਅਹੋ, ਹਾਸ ਗਨ ਮਹਾ ਮੋਹ ਕੋ ਪ੍ਰਤਾਪ ਲਾਹਾ;

ਅਹੋ = ਬੜੀ ਅਸਚਰਜ ਗੱਲ ਹੈ ਤੇ ਮੈਨੂੰ ਆਪਣੇ ਉੱਪਰ ਗਨ = ਬਹੁਤ ਹਾਸ = ਹਾਸਾ ਆਉਂਦਾ ਹੈ, ਕਿਉਂਕਿ ਮੈਂ ਮਹਾ = ਬਹੁਤ ਬਲ ਵਾਲੇ ਮੋਹ ਕੋ = ਦੇ ਪ੍ਰਤਾਪ ਨੂੰ ਜਾਣਦਾ ਹਾਂ, ਫਿਰ ਵੀ ਮੈਂ ਇਸ ਦੇ ਲਾਹਾ = ਲਾਭ ਵਿਚ ਭਾਵ ਇਸ ਦੇ ਵੱਸ ਵਿਚ ਪਿਆ ਹੋਇਆ ਹਾਂ।

## ਸੁਭਾਸਭ ਜਾਨੋ ਪੈ ਨ ਹਾਨੋ, ਭੋਗ ਆਸ ਕੋ॥੭॥

ਮੈਂ (ਸੁਭ + ਅਸੁਭ) ਸੁਭ = ਚੰਗੇ ਤੇ ਅਸੁਭ = ਮੰਦੇ ਕਰਮਾਂ ਨੂੰ ਵੀ ਜਾਨੋ = ਸਮਝਦਾ ਹਾਂ, ਪਰ ਫਿਰ ਵੀ ਮੈਂ ਇਨ੍ਹਾਂ ਭੋਗਾਂ ਦੇ ਵਿਚ ਪੈ = ਪੈਣ ਦੀ ਆਸ = ਉਮੀਦ ਕੋ = ਨੂੰ ਹਾਨੋ = ਨਾਸ਼ ਨਹੀਂ ਕਰਦਾ ਹਾਂ॥੭॥

## ਦੋਹਰਾ॥

## ਮੋਹ ਮਹਾ ਤਮ ਰੂਪ ਕੋ; ਗਹਨ ਮਹਾਤਮ ਆਹਿ॥

ਮਹਾ = ਬਹੁਤੇ ਤਮ = ਹਨੇਰੇ ਦੀ ਰੂਪ = ਨਿਆਈਂ ਇਸ ਮੋਹ ਕੋ = ਦਾ ਮਹਾਤਮ = ਪ੍ਰਤਾਪ ਬਹੁਤ ਗਹਨ = ਕਠਿਨ ਆਹਿ = ਹੈ।

## ਮੋਹੇ ਪੁਰਖ ਮਹਾਤਮਾ; ਜਹਿ ਵਿਵੇਕ ਰਵਿ ਨਾਹਿ ॥੮॥

ਜਹ = ਜਿਨ੍ਹਾਂ ਮਹਾਤਮਾ ਪੁਰਸ਼ਾਂ ਦੇ ਹਿਰਦੇ ਰੂਪੀ ਅਕਾਸ਼ ਵਿਚ ਬਿਬੇਕ ਰੂਪੀ ਰਵਿ = ਸੂਰਜ ਨਾਹਿ = ਨਹੀਂ ਚੜ੍ਹਿਆ ਹੈ, ਉਹ ਵੀ ਇਸ ਪ੍ਰਬਲ ਮੋਹ ਨੇ ਮੋਹੇ = ਮੋਹਿਤ ਕਰ ਲਏ ਹਨ **ਵਾ:** ਉਹ ਮੋਹ ਕਰਕੇ ਮੋਹੇ ਗਏ ਹਨ ॥੮॥

**ਸਾਖੀ ਵਸ਼ਿਸ਼ਟ ਮੁਨੀ ਦੀ—**ਇਕ ਵਾਰ ਵਿਸ਼ਵਾਮਿੱਤ੍ਰ ਨੇ ਤਪ ਕਰ ਕੇ ਬ੍ਰਹਮਾ ਤੋਂ ਵਰ ਮੰਗਿਆ ਕਿ ਮੈਨੂੰ ਬ੍ਰਹਮ ਰਿਖੀ ਦੀ ਪਦਵੀ ਦਿਉ। ਤਦੋਂ ਉਸ ਨੇ ਕਿਹਾ ਕਿ ਮੇਰੀ ਤਰਫ਼ੋਂ ਤਾਂ ਤੂੰ ਬ੍ਰਹਮ ਰਿਖੀ ਹੋਇਆ ਪਰ ਬ੍ਰਹਮ ਰਿਖੀ ਤਾਂ ਮੰਨ ਹੋਵੇਂਗਾ ਜੇਕਰ ਵਸ਼ਿਸ਼ਟ ਮੁਨੀ ਤੈਨੂੰ ਬ੍ਰਹਮ ਰਿਖੀ ਕਹਿ ਦੇਵੇ ਤਾਂ ਬ੍ਰਹਮ ਰਿਖੀ ਦੀ ਪਦਵੀ ਮਿਲ ਸਕਦੀ ਹੈ। ਤਦੋਂ ਵਿਸ਼ਵਾਮਿੱਤ੍ਰ ਰਾਜਿਆਂ ਵਰਗੇ ਸ਼ਸਤਰ-ਬਸਤਰ ਪਹਿਨ ਕੇ ਵਸ਼ਿਸ਼ਟ ਮੁਨੀ ਕੋਲ ਗਿਆ। ਅੱਗੋਂ ਵਸ਼ਿਸ਼ਟ ਮੁਨੀ ਨੇ ਕਿਹਾ ਕਿ ਆਉ ਰਾਜ ਰਿਖੀ ਜੀ! ਇਹ ਸੁਣ ਕੇ ਵਿਸ਼ਵਾਮਿੱਤ੍ਰ ਨੂੰ ਬਹੁਤ ਕ੍ਰੋਧ ਆਇਆ ਕਿ ਮੈਨੂੰ ਬ੍ਰਹਮ ਰਿਖੀ ਕਿਉਂ ਨਹੀਂ ਕਿਹਾ। ਇਉਂ ਕ੍ਰੋਧ ਵਿਚ ਆ ਕੇ ਵਸ਼ਿਸ਼ਟ ਮੁਨੀ ਦੇ ਤਪ ਕਰਦੇ ਹੋਏ ਇਕ ਪੁੱਤਰ ਨੂੰ ਮਾਰ ਦਿੱਤਾ। ਜਦੋਂ ਫੇਰ ਮਿਲਣ ਗਿਆ ਤਾਂ ਅੱਗੋਂ ਵਸ਼ਿਸ਼ਟ ਨੇ ਫੇਰ 'ਰਾਜ ਰਿਖੀ' ਕਹਿ ਕੇ ਸੰਬੋਧਨ ਕੀਤਾ। ਇਸ ਨੇ ਕ੍ਰੋਧ ਵਿਚ ਆ ਕੇ ਫੇਰ ਉਸ ਦੇ ਦੂਸਰੇ ਪੁੱਤਰ ਨੂੰ ਮਾਰ ਦਿੱਤਾ। ਇਸ ਪ੍ਰਕਾਰ ਇਸ ਨੇ ਵਸ਼ਿਸ਼ਟ ਮੁਨੀ ਦੇ ਸੌ ਪੁੱਤਰ ਮਾਰ ਦਿੱਤੇ ਅਤੇ ਇਕ ਦਿਨ ਰਿਸ਼ੀਆਂ ਵਾਲੇ ਬਸਤਰ ਪਹਿਨ ਕੇ ਵਸ਼ਿਸ਼ਟ ਮੁਨੀ ਨੂੰ ਮਿਲਣ ਵਾਸਤੇ ਗਿਆ। ਉਸ ਸਮੇਂ ਵਸ਼ਿਸ਼ਟ ਮੁਨੀ ਨੇ ਕਿਹਾ ਕਿ ਆਉ ਬ੍ਰਹਮ ਰਿਖੀ ਜੀ। ਇਹ ਸੁਣ ਕੇ ਵਿਸ਼ਵਾਮਿੱਤ੍ਰ ਕਹਿਣ ਲੱਗਾ ਕਿ ਜੇਕਰ ਤੂੰ ਮੈਨੂੰ ਪਹਿਲਾਂ ਹੀ ਬ੍ਰਹਮ ਰਿਖੀ ਆਖ ਦੇਂਦਾ ਤਾਂ ਆਪਣੇ ਸੌ ਪੁੱਤਰ ਤਾਂ ਨਾ ਮਰਵਾਉਂਦਾ। ਆਪਣੇ ਪੁੱਤਰਾਂ ਦੇ ਮਰਨ ਦੀ ਖ਼ਬਰ ਸੁਣ ਕੇ ਵਸ਼ਿਸ਼ਟ ਮੁਨੀ ਰੋਣ ਲੱਗ ਪਿਆ ਅਤੇ ਆਪਣੇ ਪੁੱਤਰਾਂ ਦੇ ਵਿਜੋਗ ਦਾ ਦੁੱਖ ਨਾ ਸਹਾਰਦੇ ਹੋਏ ਖ਼ੁਦਕੁਸ਼ੀ ਕਰਨ ਦਾ ਪ੍ਰਣ ਕੀਤਾ। ਉਹ ਇਕ ਦਰਿਆ ਵਿਚ ਫਾਹੀ ਲੈ ਕੇ ਮਰਨ ਲੱਗਾ ਤਾਂ ਪਾਣੀ ਦੇ ਤੇਜ਼ ਪ੍ਰਵਾਹ ਕਰਕੇ ਫਾਹੀ ਟੁੱਟ ਗਈ, ਜਿਸ ਤੋਂ ਉਹ ਦਰਿਆ ਦਾ ਨਾਮ ਬਿਪਾਸ (ਬਿਆਸ) ਪ੍ਰਚੱਲਤ ਹੋਇਆ ਭਾਵ (ਬਿ + ਪਾਸ, ਪਾਸ = ਫਾਹੀ ਤੋਂ ਬਿ = ਰਹਿਤ ਕਰਨ ਵਾਲਾ) ਫੇਰ ਸਤਿਲੁਜ ਦਰਿਆ ਵਿਚ ਡੁੱਬਣ ਲੱਗਾ ਤਾਂ ਸਤਿਲੁਜ ਸੌ ਧਾਰਾਂ ਹੋ ਕੇ ਵਗਣ ਲੱਗ ਪਿਆ। ਫੇਰ ਅਖ਼ੀਰ ਪਹਾੜ ਨਾਲ ਮੱਥਾ ਮਾਰ ਕੇ ਮਰਨ ਲੱਗਾ ਤਾਂ ਅਕਾਸ਼ਬਾਣੀ ਹੋਈ ਕਿ ਤੇਰੀ ਪਤਨੀ ਅਰੁੰਤੀ ਦੇ ਗਰਭ ਵਿਚ ਤੇਰਾ ਇਕ ਪੁੱਤਰ ਹੈ, ਉਸ ਤੋਂ ਤੇਰੀ ਕੁਲ ਚੱਲੇਗੀ। ਸੋ ਜਿਹੜਾ ਵਸ਼ਿਸ਼ਟ ਮੁਨੀ 'ਜੋਗ ਵਸ਼ਿਸ਼ਟ' ਵਿਚ ਕਹਿੰਦਾ ਸੀ ਕਿ ਜਗਤ ਕਲਪਨਾ ਮਾਤਰ ਹੀ ਹੈ, ਇਸ ਮਿਥਿਆ ਜਗਤ ਦਾ ਮੋਹ ਨਹੀਂ ਕਰਨਾ ਚਾਹੀਦਾ, ਪਰ ਜਦੋਂ ਇਸ ਦਾ ਆਪਣਾ ਮੁਕਾਬਲਾ ਮੋਹ ਨਾਲ ਪਿਆ, ਤਦੋਂ ਖ਼ੁਦਕੁਸ਼ੀ ਕਰਨ ਤਕ ਚਲਾ ਗਿਆ ਸੀ। ਇਉਂ ਮੋਹ ਬਹੁਤ ਪ੍ਰਬਲ ਹੈ। ਜੈਸਾ ਕਿ :

**ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥**
**ਗਣ ਗੰਧਰਬ ਦੇਵ ਮਾਨੁਖ੍ਯੰ ਪਸੁ ਪੰਖੀ ਬਿਮੋਹਨਹ ॥**

*(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੮)*

## ਸ੍ਵੈਯਾ ॥

## ਏ ਸ੍ਰੁਤਿ ਗਿਆਨ ਸੁਜਾਨਨ ਕੇ; ਅਭਿਮਾਨ ਮਦਾਦਿ ਵਿਕਾਰ ਨਿਵਾਰੇ ॥

ਏ = ਇਹ ਸ੍ਰੁਤਿ = ਵੇਦਾਂ ਦਾ ਗਿਆਨ ਸੁਜਾਨਨ = ਸ੍ਰੇਸ਼ਟ ਪੁਰਸ਼ਾਂ ਕੇ = ਦੇ ਹਿਰਦੇ ਅੰਦਰੋਂ ਅਭਿਮਾਨ = ਹੰਕਾਰ ਤੇ ਮਦਾਦਿ = ਕਾਮ ਆਦਿਕ ਵਿਕਾਰ ਨਿਵਾਰੇ = ਨਵਿਰਤ, ਨਾਸ਼ ਕਰਦਾ ਹੈ।

## ਕੇਚਿਤ ਮੋ ਸਮ ਨੀਚਨ ਕੇ ਚਿੱਤ;
## ਮੋ ਵਹੁ ਮਾਨ ਮਦਾਦਿਕ ਧਾਰੇ॥

ਪਰ ਵਹੁ = ਉਹ ਵੇਦਾਂ ਦਾ ਗਿਆਨ ਕੇਚਿਤ = ਕਈ ਕੁ ਮੋ = ਮੇਰੇ ਸਮ = ਵਰਗੇ ਨੀਚਾਂ ਕੇ = ਦੇ ਚਿੱਤ ਮੋ = ਵਿਚ ਮਾਨ = ਹੰਕਾਰ ਤੇ ਮਦ ਆਦਿਕ ਵਿਕਾਰ ਧਾਰੇ = ਧਾਰਨ ਕਰਵਾ ਦੇਂਦਾ ਹੈ।

## ਸੂਨ ਯਥਾ ਮਠ ਸਾਧਨ ਕੋ ਅਤਿ;
## ਮੋਖ ਕੋ ਸਾਧਨ ਦੋਖ ਪ੍ਰਹਾਰੇ॥

ਯਥਾ = ਜਿਸ ਪ੍ਰਕਾਰ ਜੰਗਲ ਵਿਚ ਜੋ ਸੂਨ = ਖ਼ਾਲੀ ਮਠ = ਘਰ ਹੁੰਦਾ ਹੈ, ਉਹ ਅਤਿ = ਅਤਿਸ਼ੈ ਕਰਕੇ ਸਾਧਨ = ਸੰਤ ਜਨਾਂ ਕੋ = ਦੇ ਵਾਸਤੇ ਮੋਖ = ਮੋਖਸ਼ ਕੋ = ਦਾ ਸਾਧਨ ਅਤੇ ਦੋਖ = ਦੋਸ਼ਾਂ **ਵਾ:** ਦੁਖਾਂ ਦੇ ਪ੍ਰਹਾਰੇ = ਨਾਸ਼ ਕਰਨ ਵਾਲਾ ਹੁੰਦਾ ਹੈ ਭਾਵ ਸੰਤ ਜਨ ਐਸੀ ਇਕਾਂਤ ਥਾਂ 'ਤੇ ਪਰਮਾਤਮਾ ਦਾ ਭਜਨ ਸਿਮਰਨ ਕਰ ਕੇ ਮੁਕਤੀ ਨੂੰ ਪ੍ਰਾਪਤ ਕਰਦੇ ਹਨ ਤੇ ਆਪਣੇ ਦੁਖਾਂ ਦਾ ਨਾਸ਼ ਕਰਦੇ ਹਨ।

## ਸੋ ਹਮ ਸੇ ਮਦਨਾਤਰ ਕੋ ਅਤਿ;
## ਕਾਮ ਕੋ ਕਾਰਣ ਬਾਮ ਸਮਾਰੇ॥੯॥

ਪਰ ਸੋ = ਉਹ ਘਰ ਅਤਿਸ਼ੈ ਕਰਕੇ ਹਮ = ਮੇਰੇ ਸੇ = ਵਰਗੇ ਮਦਨਾਤਰ = ਕਾਮ ਵਿਚ ਪੀੜਤ ਭਾਵ ਕਾਮੀ ਪੁਰਸ਼ਾਂ ਵਾਸਤੇ ਕਾਮ ਕੋ = ਦਾ ਕਾਰਣ ਹੁੰਦਾ ਹੈ, ਜਿਥੇ ਬੈਠ ਕੇ ਉਹ ਕਾਮੀ ਪੁਰਸ਼ ਬਾਮ = ਇਸਤਰੀ ਨੂੰ ਸਮਾਰੇ = ਯਾਦ ਕਰਦਾ ਹੈ॥੯॥

## ਕਬਿੱਤ॥
## ਪੁੰਨਨ ਕੇ ਵਸਤੇ, ਸੁ ਭੋਗ ਚਿਰ ਵਸਤੇ;
## ਨਮਿਤ ਨਸੇ ਨਸਤੇ, ਮ੍ਰਯਾਦ ਆਦਿ ਦਿਨ ਮੈ॥

ਹੇ ਭਾਈ! ਪੂਰਬਲੇ ਕੀਤੇ ਹੋਏ ਪੁੰਨਨ = ਪੁੰਨ ਕਰਮਾਂ ਦੇ ਵਸਤੇ = ਵੱਸਣ ਕਰਕੇ, ਸੁ = ਉਹ ਭੋਗ ਪਦਾਰਥ ਵੀ ਪੁਰਸ਼ ਕੋਲ ਚਿਰ ਤਕ ਵਸਤੇ = ਵੱਸਦੇ ਹਨ, ਪਰ ਜਦੋਂ ਭੋਗਾਂ ਦਾ ਨਮਿਤ = ਕਾਰਣ ਪੁੰਨ ਨਸੇ = ਨਾਸ਼ ਹੋ ਗਏ ਤਦ ਭੋਗ ਵੀ ਨਸਤੇ = ਨਾਸ਼ ਹੋ ਜਾਂਦੇ ਹਨ, ਇਹ ਮਰਯਾਦਾ ਮੈ = ਵਿਚ ਆਦਿ ਦਿਨ ਤੋਂ ਇਉਂ ਹੀ ਚਲਿਆ ਆਉਂਦਾ ਹੈ।

## ਕੌਨ ਭੇਦ ਭੋਗਨਕੇ ਭੇਦ ਮੈ ਨ ਤਜੇ ਜਨ;
## ਏਕ ਕੋ ਵਿਯੋਗ ਤੋ ਅਵੱਸ ਹੋਤ ਇਨ ਮੈ॥

ਹੁਣ ਦੱਸਦੇ ਹਨ ਕਿ ਇਨ੍ਹਾਂ ਭੋਗਨਕੇ = ਭੋਗਾਂ ਦੇ ਤਿਆਗ ਕਰਨ ਦਾ ਭੇਦ ਕੌਣ = ਕੀ ਹੈ?

***ਉੱਤਰ:*** ਜਿਹੜਾ ਜਨ = ਪੁਰਸ਼ ਇਨ੍ਹਾਂ ਭੋਗਾਂ ਦੇ ਭੇਦ ਨੂੰ ਸਮਝ ਕੇ ਤਜੇ = ਤਿਆਗਦਾ ਨਹੀਂ ਹੈ, ਸਗੋਂ ਇਨ੍ਹਾਂ ਭੋਗਾਂ ਦੇ ਮੈ = ਵਿਚ ਲੱਗਾ ਰਹਿੰਦਾ ਹੈ ਤਾਂ ਇਨ = ਇਨ੍ਹਾਂ ਭੁਗਤਾ (ਭੋਗਣ ਵਾਲਾ) ਜਾਂ ਭੋਗਾਂ

ਮੈ = ਵਿੱਚੋਂ ਇਕ ਦਿਨ ਇਕ ਕੋ = ਦਾ ਵਿਯੋਗ = ਵਿਛੋੜਾ ਅਵੱਸ = ਜ਼ਰੂਰ-ਬ-ਜ਼ਰੂਰ ਹੋਤ = ਹੁੰਦਾ ਹੈ ਭਾਵ ਜਾਂ ਤਾਂ ਭੁਗਤਾ ਭੋਗਾਂ ਨੂੰ ਛੱਡ ਜਾਂਦਾ ਹੈ ਜਾਂ ਫੇਰ ਭੋਗ ਭੁਗਤਾ ਨੂੰ ਛੱਡ ਜਾਂਦੇ ਹਨ।

## ਸੁਤੇ ਜਬ ਆਵੈ, ਤਬ ਮਨ ਕੋ ਤਪਾਵੈ ਭਾਰੀ;
## ਮੋਖੇ ਤਿਨੇ ਆਪ, ਤਾਪ ਮੋਖੇ, ਤਿਨ ਖਿਨੇ ਮੈ॥

ਜਬ = ਜਦੋਂ ਇਹ ਭੋਗ ਪਦਾਰਥ ਆਪਣੇ ਆਪ ਸੁਤੇ-ਸਿਧ ਹੀ ਆਵੈ = ਆਉਂਦੇ ਹਨ, ਤਬ = ਤਦੋਂ ਜੀਵ ਦੇ ਮਨ ਕੋ = ਨੂੰ ਇਹ ਬਹੁਤ ਭਾਰੀ ਤਪਾਵੈ = ਤਪਾਉਣ ਰੂਪ ਦੁਖ ਦੇਂਦੇ ਹਨ, ਪਰ ਇਸ ਦੇ ਉਲਟ ਜਦੋਂ ਜੀਵ ਆਪਣੇ ਆਪ ਨੂੰ ਤਿਨੇ = ਇਨ੍ਹਾਂ ਭੋਗਾਂ ਤੋਂ ਮੋਖੇ = ਮੁਕਤ ਕਰਾ ਲੈਂਦਾ ਹੈ ਭਾਵ ਭੋਗ ਤਿਆਗ ਦਿੰਦਾ ਹੈ, ਤਦੋਂ ਤਿਨ = ਤਿੰਨੇ ਤਾਪ (ਆਧੀ, ਬਿਆਧੀ, ਉਪਾਧੀ) ਜੀਵ ਨੂੰ ਇਕ ਖਿਨੇ = ਛਿਨ ਮੈ = ਵਿਚ ਮੋਖੇ = ਮੁਕਤ ਭਾਵ ਛੱਡ ਜਾਂਦੇ ਹਨ।

## ਐਸੇ ਮੋਖ ਪ੍ਰਤਿਬੰਧੀ ਵਿਖੈ ਲਖੇ ਮੈ ਸਬੰਧੀ;
## ਕੋ ਕੁਭਾਗੀ ਬਿਨ ਮੈ ਜੋ ਰਾਗੀ ਹੋਤ ਇਨ ਮੈ॥੧੦॥

ਭਰਥਰੀ ਜੀ ਕਥਨ ਕਰਦੇ ਹਨ ਕਿ ਐਸੇ = ਇਸ ਪ੍ਰਕਾਰ ਦੇ ਜੋ ਭੋਗ ਮੋਖ = ਮੁਕਤੀ ਵਿਖੈ = ਵਿਚ ਪ੍ਰਤਿਬੰਧੀ = ਬੰਨ੍ਹਣ, ਰੁਕਾਵਟ ਪਾਉਣ ਵਾਲੇ ਹਨ, ਉਨ੍ਹਾਂ ਨੂੰ ਮੈਂ ਆਪਣਾ ਸਬੰਧੀ ਕਰਕੇ ਲਖੇ = ਜਾਣਿਆ ਹੋਇਆ ਹੈ, ਇਸ ਕਰਕੇ ਮੇਰੇ ਤੋਂ ਬਿਨ = ਬਗ਼ੈਰ ਕੁਭਾਗੀ = ਖੋਟੇ ਭਾਗਾਂ ਵਾਲਾ ਕੌਣ ਹੋ ਸਕਦਾ ਹੈ, ਜੋ ਇਨ੍ਹਾਂ ਭੋਗਾਂ ਦਾ ਰਾਗੀ = ਪ੍ਰੇਮੀ ਹੋ ਕਰਕੇ ਇਨ੍ਹਾਂ ਮੈ = ਵਿਚ ਖਚਿਤ ਹੋ ਰਿਹਾ ਹਾਂ ਭਾਵ ਕੋਈ ਨਹੀਂ ਹੋ ਸਕਦਾ॥੧੦॥

## ਮਾਤ੍ਰਿਕ ਸ੍ਵੈਯਾ॥
## ਅਹੋ ਸਖੈ ਮੈ ਭੋਗ ਨ ਭੋਗੇ; ਭੋਗਯੋ ਗਯੋ ਆਪ ਮੈ ਮੂਢ॥

ਅਹੋ = ਹੇ ਸਖੈ = ਮਿੱਤਰ ਜਨੋਂ ! ਮੈਂ ਭੋਗਾਂ ਨੂੰ ਨਹੀਂ ਭੋਗੇ = ਭੋਗਣਾ ਕੀਤਾ, ਬਲਕਿ ਮੈਂ ਮੂਢ = ਮੂਰਖ ਆਪ ਹੀ ਭੋਗਯੋ = ਭੋਗਿਆ ਗਯੋ = ਗਿਆ ਹਾਂ।

## ਕ੍ਰਮ ਕ੍ਰਮ ਹਮਰੋ ਪ੍ਰਾਕ੍ਰਮ; ਸਗਰੋ ਲੀਨੇ ਭੋਗੋਂ ਭੋਗ ਅਗੂਢ॥

ਭੋਗੋਂ = ਭੋਗਾਂ ਨੇ ਕ੍ਰਮ ਕ੍ਰਮ = ਨੰਬਰਵਾਰ ਭਾਵ ਸਹਿਜੇ ਸਹਿਜੇ ਹਮਰੋ = ਮੇਰੇ ਸਗਰੋ = ਸਾਰੇ ਪ੍ਰਾਕ੍ਰਮ = ਬਲ ਨੂੰ ਅਗੂਢ = ਪ੍ਰਗਟ ਹੀ ਭੋਗ ਲੀਨੇ = ਲਿਆ ਹੈ।

## ਭੁਗਤਾ ਜਾਨ ਭੋਗ ਮੈ ਭੋਗੇ; ਉਲਟਾ ਭੋਗੋਂ ਭੋਗਯੋ ਮੋਹ॥

ਮੈਂ ਆਪਣੇ ਆਪ ਨੂੰ ਭੁਗਤਾ = ਭੋਗਾਂ ਨੂੰ ਭੋਗਣ ਵਾਲਾ ਜਾਣ ਕਰਕੇ ਭੋਗਾਂ ਨੂੰ ਭੋਗੇ = ਭੋਗਿਆ ਹੈ, ਪਰ ਉਲਟਾ ਭੋਗੋਂ = ਭੋਗਾਂ ਨੇ ਮੋਹ = ਮੈਨੂੰ ਭੋਗਯੋ = ਭੋਗਣਾ ਕੀਤਾ ਹੈ।

## ਸਿਸਨੋਦਰ ਪਰ ਭੈਉ ਨ ਚੀਨੋ; ਕੀਨੋ ਮੈ ਨਿਜਾਪ ਸੋ ਦ੍ਰੋਹ॥੧੧॥

ਮੈਂ ਤਾਂ (ਸਿਸਨ + ਉਦਰ) ਸਿਸਨ = ਲਿੰਗ ਇੰਦਰੇ ਦੀ ਤ੍ਰਿਪਤੀ ਵਾਸਤੇ ਵਿਸ਼ੇ ਭੋਗ ਤੇ ਉਦਰ = ਪੇਟ

ਭਰਨ ਵਾਸਤੇ ਭੋਗਾਂ ਨੂੰ ਹੀ ਭੋਗਣਾ ਕੀਤਾ ਹੈ, ਪਰ ਮੈਂ ਪਰਮਾਤਮਾ ਦਾ ਭੈਉ = ਡਰ ਨਹੀਂ ਚੀਨੋ = ਜਾਣਿਆ। ਸੋ ਇਸ ਪ੍ਰਕਾਰ ਦੇ ਨਾਲ ਮੈਂ ਤਾਂ ਨਿਜਾਪ = ਆਪਣੇ ਆਪ ਨਾਲ ਹੀ ਦ੍ਰੋਹ = ਛਲ, ਫ਼ਰੇਬ ਕੀਤਾ ਹੈ॥੧੧॥

## ਇੰਦ੍ਰਯ ਗਣ ਕੇ ਸੰਜਮ ਤਪ ਕੋ;
## ਤਾਪਯੋ ਮੋਹ ਨ ਕਬਹੂ ਠੀਕ॥

ਗਣ = ਸਮੂਹ, ਸਾਰੇ ਇੰਦਰਿਆਂ ਕੇ = ਦੇ ਸੰਜਮ ਕਰਨ ਰੂਪ ਤਪ ਕੋ = ਨੂੰ ਭਾਵ ਇੰਦਰਿਆਂ ਨੂੰ ਵਿਸ਼ਿਆਂ ਵੱਲੋਂ ਹਟਾਉਣ ਰੂਪ ਤਪ ਨੂੰ ਮੋਹ = ਮੈਂ ਕਬਹੂ = ਕਦੇ ਵੀ ਠੀਕ = ਸਹੀ ਤਰੀਕੇ ਨਾਲ ਤਾਪਯੋ = ਤਪਾਉਣਾ ਨਹੀਂ ਕੀਤਾ।

## ਕਾਮ ਕ੍ਰੋਧ ਲੋਭਾਦਿ ਅਗਨਿ ਕਰਿ;
## ਮੈਂ ਸੰਤਪਤ ਭਯੋ ਅਬ ਤੀਕ॥

ਇਸ ਕਰਕੇ ਕਾਮ ਕ੍ਰੋਧ ਲੋਭਾਦਿ = ਲੋਭ ਆਦਿਕ ਵਿਕਾਰਾਂ ਰੂਪੀ ਅਗਨਿ = ਅੱਗ ਕਰਿ = ਕਰਕੇ ਮੈਂ ਅਬ ਤੀਕ = ਹੁਣ ਤਕ ਸੰਤਪਤ = ਬਹੁਤ ਤਪ ਭਾਵ ਅਤਿ ਦੁਖੀ ਹੋ ਰਿਹਾ ਹਾਂ।

## ਕਾਲ ਚਕ੍ਰ ਵਤ ਭ੍ਰਮਤ ਸਰਬਦਾ;
## ਸੀਤ ਉਸਨ ਬਪੁ ਧਰ ਵਖਯਾਤ॥

ਕਾਲ = ਸਮਾਂ ਚਕ੍ਰ = ਗੋਲ ਪਹੀਏ ਦੀ ਵਤ = ਨਿਆਈਂ ਸਰਬਦਾ = ਹਮੇਸ਼ਾਂ ਹੀ ਭ੍ਰਮਤ = ਫਿਰ ਰਿਹਾ ਹੈ ਤੇ ਸੀਤ ਉਸਨ = ਸਰਦੀ-ਗਰਮੀ ਰੂਪ ਬਪੁ = ਸਰੀਰ ਧਰ = ਧਾਰਨ ਕਰਕੇ ਵਖਯਾਤ = ਪ੍ਰਗਟ ਹੀ ਵਰਤ ਰਿਹਾ ਹੈ।

## ਸਮਾ ਨ ਬੀਤਯੋ, ਹਉਂ ਹੀ ਬੀਤਯੋ;
## ਭਯੋ ਵਿਲਖਣ ਮਮ ਸੰਗਾਤ॥੧੨॥

ਹੇ ਭਾਈ! ਸਮਾਂ ਨ = ਨਹੀਂ ਬੀਤਯੋ = ਬੀਤਿਆ ਭਾਵ ਗੁਜ਼ਰਿਆ, ਬਲਕਿ ਹਉਂ = ਮੈਂ ਹੀ ਬੀਤਯੋ = ਬੀਤ (ਗੁਜ਼ਰ) ਗਿਆ ਹਾਂ ਅਤੇ ਹੁਣ ਮਮ = ਮੇਰਾ ਸਰੀਰ ਇੰਦਰਿਆਂ ਦੇ ਸੰਗਾਤ = ਸਾਥ, ਸਮੇਤ ਵਿਲਖਣ = ਹੋਰ ਲਖਸ਼ਣ ਵਾਲਾ ਭਯੋ = ਹੋ ਗਿਆ ਹੈ ਭਾਵ ਕਾਲੇ ਕੇਸਾਂ ਤੋਂ ਚਿੱਟੇ ਹੋ ਗਏ ਅਤੇ ਅੱਖਾਂ ਦੀ ਜੋਤ ਮੱਧਮ ਹੋ ਗਈ, ਸਿਰ ਕੰਬਦਾ ਹੈ। ਪੈਰ ਡਗਮਗਾਉਂਦੇ ਹਨ॥੧੨॥ ਜੈਸਾ ਕਿ :

**ਸਿਰੁ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ॥** *(ਸਲੋਕ ਮ: ੯, ਅੰਗ ੧੪੨੮)*

**ਵਾ: ਕਾਲੀ ਹੂ ਫੁਨਿ ਧਉਲੇ ਆਏ॥** *(ਮਾਰੂ ਸੋਲਹੇ ਮ: ੧, ਅੰਗ ੧੦੨੭)*

## ਤ੍ਰਿਸਨਾ ਜੀਰਣ ਭਈ ਨ ਅਬ ਲੌਂ;
## ਮੈ ਹੂੰ ਭਯੋ ਜਰਜਰੋ ਆਪ॥

ਮੈਂ ਆਪ ਹੂੰ = ਹੀ ਜਰਜਰੋ = ਬੁੱਢਾ ਭਯੋ = ਹੋ ਗਿਆ ਹਾਂ, ਪਰ ਮੇਰੇ ਹਿਰਦੇ ਅੰਦਰੋਂ ਅਬ ਲੌਂ = ਹੁਣ ਤਕ ਭੋਗਾਂ ਪਦਾਰਥਾਂ ਦੀ ਤ੍ਰਿਸਨਾ = ਅਤ੍ਰਿਪਤੀ ਜੀਰਣ = ਬੁੱਢੀ ਭਾਵ ਕਮਜ਼ੋਰ ਨਹੀਂ ਭਈ = ਹੋਈ ਹੈ। ਜੈਸਾ ਕਿ :

**ਤਨ ਕੇ ਬਲ ਨੇ ਅਬ ਪੀਠ ਦਈ ਅਰ ਹਾਰ ਪਰੇ ਦ੍ਰਿਗ ਬਾਲ ਸੰਗਾਤੀ।**
**ਤਜ ਕੇ ਇਹ ਲੋਕ ਬਿਖੇ ਹਮ ਕੋ ਚਲਿ ਆਪ ਗਏ ਸੁਰ ਲੋਕ ਸਜਾਤੀ।**
**ਜਗ ਮੀਤ ਸਖਾ ਮੁਖ ਫੇਰ ਗਏ ਅਬ ਸੇਵਕ ਹਾ ਨ ਪੁਛੇ ਮਮ ਬਾਤੀ।**
**ਮਮ ਆਹਿ ਪਲਾਂਗਮ ਹੇ ਤ੍ਰਿਸਨੇ ਇਕ ਤੂੰ ਮਮ ਸੰਗ ਰਹੀ ਦਿਨ ਰਾਤੀ॥੫੧॥** *(ਭਾਵਰਸਾਂਮ੍ਰਿਤ)*

## ਬ੍ਰਿੱਧ ਭਯੋ, ਦੂਰਿ ਬੁਧਿ ਗਈ ਨਹਿ; ਮਮ ਉਰ ਮੋ ਯਹ ਗੁਰ ਸੰਤਾਪ॥

ਹੁਣ ਮੈਂ ਬ੍ਰਿੱਧ = ਬੁੱਢਾ ਭਯੋ = ਹੋ ਗਿਆ ਹਾਂ, ਪਰ ਮੇਰੀ ਦੁਰ ਬੁਧਿ = ਖੋਟੀ ਬੁੱਧੀ ਗਈ ਨਹੀਂ, ਭਾਵ ਨਾਸ਼ ਨਹੀਂ ਹੋਈ। ਯਹ = ਇਹੋ ਹੀ ਮਮ = ਮੇਰੇ ਉਰ = ਹਿਰਦੇ ਮੋ = ਵਿਚ ਗੁਰ = ਵੱਡਾ ਸੰਤਾਪ = ਦੁੱਖ ਹੈ।

## ਅਧਮ ਕਾਮ, ਮੋ ਅਵਧਿ ਗਈ ਸਭ; ਲਬਧਿ ਭਯੋ ਅਬ ਲੌ ਕਛੁ ਨਾਹਿ॥

ਇਸ ਤਰ੍ਹਾਂ ਅਧਮ = ਨੀਚ ਕਾਮ = ਕੰਮ ਕਰਦਿਆਂ ਹੀ ਮੋ = ਮੇਰੀ ਸਭ = ਸਾਰੀ ਅਵਧਿ = ਉਮਰ ਬਤੀਤ ਹੋ ਗਈ ਹੈ, ਪਰ ਮੈਨੂੰ ਅਬ ਲੌਂ = ਹੁਣ ਤਕ ਕਛੁ = ਕੁਝ ਵੀ ਲਬਧਿ = ਪ੍ਰਾਪਤ ਨਹੀਂ ਭਯੋ = ਹੋਇਆ।

## ਹਹਾ ਨ ਹਰਿ ਕੇ ਪਾ ਪਕਰੇ; ਹਰਿ ਪਾਪ ਕਰੇ ਮੈ ਅਹਿ ਨਿਸ ਮਾਹਿ॥੧੩॥

ਹਹਾ = ਹਾਇ ! ਮੈਂ ਤਾਂ ਸਾਰਾ ਜੀਵਨ ਵਿਅਰਥ ਹੀ ਗਵਾ ਲਿਆ ਹੈ, ਪਰ ਹਰਿ = ਪਰਮਾਤਮਾ ਕੇ = ਦੇ ਪਾ = ਚਰਨ ਨਹੀਂ ਪਕੜੇ = ਫੜਨਾ ਕੀਤੇ। ਮੈਂ ਤਾਂ ਹਰਿ = ਹਰੇਕ ਅਹਿ ਨਿਸ = ਦਿਨ ਰਾਤ ਮਾਹਿ = ਵਿਚ ਪਾਪ ਕਰਮ ਹੀ ਕਰੇ = ਕੀਤੇ ਹਨ॥੧੩॥

## ਸ੍ਵੈਯਾ॥

## ਫੂਲ ਨਿਬੰਧ, ਸੁਗੰਧਿ ਰਹੱਸ ਕੋ; ਧਾਰਤ ਜੋ ਸਬ ਸ੍ਵਾਤਮ ਚੀਨੋ॥

ਜੋ ਧਾਰਮਿਕ ਨਿਬੰਧ = ਗ੍ਰੰਥ ਹਨ, ਇਹ ਫੂਲ = ਫੁੱਲ ਹਨ ਤੇ ਜੋ ਉਨ੍ਹਾਂ ਗ੍ਰੰਥਾਂ ਦਾ ਰਹੱਸ = ਸਿਧਾਂਤ, ਤਾਤਪਰਜ ਹੈ, ਇਹ ਇਨ੍ਹਾਂ ਫੁੱਲ ਰੂਪ ਗ੍ਰੰਥਾਂ ਦੀ ਸੁਗੰਧੀ ਹੈ। ਜੋ ਪੁਰਸ਼ ਇਨ੍ਹਾਂ ਗ੍ਰੰਥਾਂ ਦੇ ਸਿਧਾਂਤ ਨੂੰ ਆਪਣੇ ਮਨ ਵਿਚ ਧਾਰਤ = ਧਾਰਦੇ ਹਨ, ਉਹ ਸਭ ਤਰ੍ਹਾਂ ਕਰਕੇ (ਸ੍ਵ + ਆਤਮ) ਸ੍ਵ = ਆਪਣੀ ਆਤਮਾ ਨੂੰ ਚੀਨੋ = ਜਾਣ ਲੈਂਦੇ ਹਨ ਭਾਵ ਆਤਮਾ ਦੀ ਲਖਤਾ ਵਾਲੇ ਹੋ ਜਾਂਦੇ ਹਨ।

## ਤੇ ਧਨ ਯਾ ਬਿਧ ਰਾਜਤ ਜੋ; ਭਵ ਬੰਧਨ ਬ੍ਰਿਧ ਕੀਓ ਜਿਸ ਖੀਨੋ॥

ਜੋ ਯਾ = ਇਸ ਬਿਧ = ਤਰੀਕੇ ਨਾਲ ਗ੍ਰੰਥਾਂ ਦਾ ਸਿਧਾਂਤ ਜਾਣ ਕੇ ਸੰਸਾਰ ਅੰਦਰ ਰਾਜਤ = ਬਿਰਾਜਦੇ

ਹਨ ਤੇ = ਉਹ ਪੁਰਸ਼ ਧਨ = ਧੰਨਤਾ ਦੇ ਯੋਗ ਹਨ, ਜਿਸ ਕਰਕੇ ਉਨ੍ਹਾਂ ਨੇ ਭਵ = ਸੰਸਾਰ ਦੇ ਬ੍ਰਿਧ = ਵਧੇ ਹੋਏ ਬੰਧਨਾਂ ਨੂੰ ਖੀਨੋ = ਨਾਸ਼ ਕੀਓ = ਕੀਤਾ ਹੈ **ਵਾ:** ਇਕ ਖਿਨ ਵਿਚ ਨਾਸ਼ ਕੀਤਾ ਹੈ।

## ਸਠ ਤੇ ਸ਼ਤ ਵਾਰ ਪਠੇ;
## ਨਹਿ ਸ੍ਵਾਤਮ ਚੀਨ, ਭਯੋ ਮਦ ਪੀਨੋ ॥

ਮੈਂ ਸਠ = ਮੂਰਖ ਨੇ ਤੇ = ਉਹ ਗ੍ਰੰਥ ਸ਼ਤ ਵਾਰ = ਸੈਂਕੜੇ ਵਾਰ ਪਠੇ = ਪੜ੍ਹ ਲਏ ਹਨ, ਪਰ ਮੈਂ ਸ੍ਵਾਤਮ = ਆਪਣੇ ਆਤਮ ਸਰੂਪ ਨੂੰ ਨਹੀਂ ਚੀਨ = ਜਾਣਿਆ, ਬਲਕਿ ਮੇਰਾ ਮਦ = ਅਹੰਕਾਰ ਅੱਗੇ ਨਾਲੋਂ ਵੀ ਪੀਨੋ = ਸਥੂਲ ਭਾਵ ਵੱਧ ਗਿਆ ਹੈ ਅਰਥਾਤ ਹੰਕਾਰ ਅੱਗੇ ਨਾਲੋਂ ਹੋਰ ਬਲ ਵਾਲਾ ਹੋ ਗਿਆ ਹੈ।

## ਹਾ ਨਰ ਕੇ ਤਨ ਮੋ ਬਸਬੇ ਮੈ;
## ਨਰਕੇ ਬਸਬੇ ਕੋ ਪ੍ਰਾਕ੍ਰਮ ਕੀਨੋ ॥੧੪॥

ਹਾ = ਹਾਇ! ਮੈਂ ਤਾਂ ਨਰ = ਮਨੁੱਖਾ ਤਨ = ਸਰੀਰ ਕੇ = ਦੇ ਮੋ = ਵਿਚ ਬਸਬੇ = ਵੱਸ ਕੇ ਵੀ ਨਰਕੇ = ਨਰਕ ਦੇ ਵਿਚ ਬਸਬੇ = ਵੱਸਣ ਕੋ = ਦਾ ਹੀ ਪ੍ਰਾਕ੍ਰਮ = ਪੁਰਸ਼ਾਰਥ (ਉੱਦਮ) ਕੀਨੋ = ਕੀਤਾ ਹੈ ਭਾਵ ਮੈਂ ਇਸ ਮਨੁੱਖਾ ਸਰੀਰ ਨੂੰ ਹੀ ਨਰਕ ਬਣਾ ਦਿੱਤਾ ਹੈ। ਜਿਸ ਕਾਰਜ ਵਾਸਤੇ ਮਿਲਿਆ ਸੀ, ਉਹ ਤਾਂ ਮੈਂ ਭੁੱਲ ਕਰਕੇ ਵੀ ਨਹੀਂ ਕੀਤਾ ਅਰਥਾਤ ਪ੍ਰਭੂ-ਪ੍ਰਾਪਤੀ ਵਾਸਤੇ ਮਿਲਿਆ ਸੀ ਪਰ ਮੈਂ ਮੂਰਖ ਨੇ ਸਮਾਂ ਵਿਅਰਥ ਹੀ ਗਵਾ ਦਿੱਤਾ ਤੇ ਸਰੀਰ ਨੂੰ ਨਰਕ ਹੀ ਬਣਾ ਛੱਡਿਆ ਹੈ॥੧੪॥

## ਕਬਿੱਤ ॥
## ਬ੍ਰਹਮ ਗਿਆਨ ਕੇ ਵਿਵੇਕੀ, ਵਿਮਲ ਮਨੀਖਾ ਜਾਂ ਕੀ;
## ਅਹੋ ਦੁਹ ਕ੍ਰਿਯਾ ਤਾਂਈ ਪਾਯੋਂ ਦ੍ਰਵ੍ਯ ਤਜਾਗੇ ਹੈਂ ॥

ਜੋ ਪੁਰਸ਼ ਬ੍ਰਹਮ ਗਿਆਨ ਦੀ ਵਿਵੇਕੀ = ਵਿਚਾਰ ਕਰਨ ਵਾਲੇ ਹਨ ਅਤੇ ਜਾਂ ਕੀ = ਜਿਨ੍ਹਾਂ ਦੀ ਮਨੀਖਾ = ਮਨ ਦੀ ਅੱਖ ਭਾਵ ਬੁੱਧੀ ਵਿਸ਼ੇ-ਵਿਕਾਰ ਰੂਪੀ (ਵਿ + ਮਲ) ਮਲ = ਮੈਲ ਤੋਂ ਵਿ = ਰਹਿਤ ਹੈ ਭਾਵ ਜਿਨ੍ਹਾਂ ਦੀ ਬੁੱਧੀ ਵਿਸ਼ੇ ਵਿਸ਼ੈਣੀ ਨਹੀਂ ਬਲਕਿ ਆਤਮ ਵਿਸ਼ੈਣੀ ਬੁੱਧੀ ਹੈ, ਅਹੋ = ਬੜੀ ਅਸਚਰਜ ਗੱਲ ਹੈ ਕਿ ਉਨ੍ਹਾਂ ਨੇ ਦੁਹ = ਕਠਿਨ ਤੋਂ ਕਠਿਨ ਕ੍ਰਿਯਾ = ਕੰਮ ਕਰ ਕੇ ਪਾਯੋ = ਪਾਏ ਹੋਏ ਦ੍ਰਵ੍ਯ = ਧਨ ਤਾਂਈ = ਨੂੰ ਤਜਾਗੇ = ਤਿਆਗ ਦਿੱਤਾ ਹੈ।

## ਭੋਜਨ ਕੀ ਰਾਸ ਕੋ, ਅਵਾਸ ਧਨ ਤੇ ਉਦਾਸ;
## ਜਾਤੇ ਭੋਗੋਂ ਤੇ ਨਿਰਾਸ ਆਤਮਾਨੁਰਾਗੇ ਹੈਂ ॥

ਸਾਰੇ ਭੋਜਨ ਸਗੱਮਰੀ ਆਦਿ ਦੀ ਰਾਸ = ਪੂੰਜੀ ਕੋ = ਦਾ ਅਵਾਸ = ਘਰ ਜੋ ਧਨ ਹੈ, ਉਹ ਸਤਪੁਰਸ਼ ਉਸ ਧਨ ਤੇ = ਤੋਂ ਉਦਾਸ = ਉਪਰਾਮ ਰਹਿੰਦੇ ਹਨ ਭਾਵ ਵਿਚ ਰਹਿੰਦੇ ਹੋਏ ਵੀ ਕਮਲ ਫੁੱਲ ਵਾਂਗ ਨਿਰਲੇਪ ਰਹਿੰਦੇ ਹਨ। ਜੈਸਾ ਕਿ :

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥**

*(ਮਾਰੂ ਸੋਲਹੇ ਮ: ੪, ਅੰਗ ੧੦੭੦-੭੧)*

**ਵਾ:** **ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ॥** *(ਜੈਤਸਰੀ ਮ: ੫, ਅੰਗ ੭੦੧)*

ਜਾਤੇ = ਜਿਸ ਕਰਕੇ ਉਹ ਭੋਗੋਂ = ਭੋਗਾਂ ਪਦਾਰਥਾਂ ਦੀ (ਨਿਰ + ਆਸ) ਆਸ = ਉਮੀਦਾਂ ਤੋਂ ਨਿਰ = ਰਹਿਤ ਹਨ, ਸਿਰਫ਼ (ਆਤਮ + ਅਨੁਰਾਗੇ) ਆਪਣੇ ਆਤਮ ਸਰੂਪ ਦੇ ਹੀ ਅਨੁਰਾਗੇ = ਪ੍ਰੇਮੀ ਹਨ।

## ਆਦਿ ਮੈ ਨ ਪ੍ਰਾਪਤਿ ਅਪ੍ਰਾਪਤਿ ਇਦਾਨੀ ਵਿਤ;
## ਦ੍ਰਿੜਨ ਪ੍ਰਤੀਤ ਹਮ ਆਗੇ ਕਛੁ ਪਾਗੇ ਹੈਂ॥

ਜੋ ਵਿਤ = ਧਨ ਮੈਨੂੰ ਆਦਿ = ਪਹਿਲੇ ਸਮੇਂ ਭਾਵ ਭੂਤ ਕਾਲ ਵਿਚ ਵੀ ਪ੍ਰਾਪਤ ਨਹੀਂ ਸੀ ਅਤੇ ਇਦਾਨੀ = ਇਸ ਸਮੇਂ ਭਾਵ ਵਰਤਮਾਨ ਕਾਲ ਵਿਚ ਅਪ੍ਰਾਪਤਿ = ਪ੍ਰਾਪਤ ਨਹੀਂ ਹੈ। ਇਸ ਕਰਕੇ ਇਹ ਵੀ ਦ੍ਰਿੜਨ = ਪੱਕਾ ਪ੍ਰਤੀਤ = ਭਰੋਸਾ ਨਹੀਂ ਹੈ ਕਿ ਹਮ = ਮੈਨੂੰ ਆਗੇ = ਅੱਗੇ ਨੂੰ ਭਾਵ ਭਵਿੱਖਤ ਕਾਲ ਵਿਚ ਕਛੁ = ਕੁਝ ਧਨ ਪਾਗੇ = ਪ੍ਰਾਪਤ ਹੋਵੇਗਾ ਜਾਂ ਨਹੀਂ।

## ਇਛਾ ਮਾਤ੍ਰ, ਧਨ ਕੇ ਇਕਤ੍ਰ ਕੋ, ਨ ਤਯਾਗ ਸਕੇ;
## ਵਹੀ ਵਡਭਾਗ, ਹਮਾਰੇ ਭਾਗ ਭਾਗੇ ਹੈਂ॥੧੫॥

ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਤਾਂ ਜੋ ਇੱਛਾ ਮਾਤਰ ਵੀ ਧਨ ਇਕਤ੍ਰ = ਇਕੱਠਾ ਕੀਤਾ ਹੋਇਆ ਹੈ, ਉਸ ਕੋ = ਨੂੰ ਵੀ ਤਿਆਗ ਨਹੀਂ ਸਕੇ = ਸਕਿਆ। ਇਸ ਕਰਕੇ ਵਹੀ = ਉਹ ਆਤਮਾ ਦੇ ਪ੍ਰੇਮੀ ਵਡਭਾਗ = ਵੱਡੇ ਭਾਗਾਂ ਵਾਲੇ ਹਨ, ਹਮਾਰੇ = ਮੇਰੇ ਭਾਗ = ਸ਼ੁਭ ਕਰਮ ਭਾਗੇ = ਭੱਜ **ਵਾ:** ਨਾਸ਼ ਹੋ ਗਏ ਹਨ॥੧੫॥

## ਅਨੰਗ ਸੇਖਰ ਛੰਦ॥
## ਜਾਚ ਜਾਚ ਕੇ ਅਹਾਰ, ਨਾਹਿ ਸੋ ਭੀ ਸ੍ਵਾਦ ਵਾਰ;

ਮੈਂ ਲੋਕਾਂ ਦੇ ਘਰਾਂ ਵਿਚ ਜਾਚ ਜਾਚ ਕੇ = ਮੰਗ ਮੰਗ ਕੇ ਅਹਾਰ = ਭੋਜਨ ਖਾਂਦਾ ਹਾਂ, ਪਰ ਸੋ = ਉਹ ਭੀ = ਵੀ ਸੁਆਦ ਵਾਰ = ਵਾਲਾ ਨਾਹਿ = ਨਹੀਂ ਹੁੰਦਾ ਭਾਵ ਮੈਨੂੰ ਬਚਿਆ ਖੁਚਿਆ ਭੋਜਨ ਦੇ ਦੇਂਦੇ ਹਨ, ਇਸ ਕਰਕੇ ਸੁਆਦ ਵਾਲਾ ਨਹੀਂ ਹੁੰਦਾ।

## ਲਾਭ ਹੋਤ ਏਕ ਵਾਰ, ਭੂਖ ਤਾਪ ਕੋ ਅਵਾਰ॥

ਸਿਰਫ਼ ਅੱਠਾਂ ਪਹਿਰਾਂ ਵਿਚ ਏਕ = ਇਕ ਵਾਰ ਹੀ ਭੋਜਨ ਲਾਭ = ਪ੍ਰਾਪਤ ਹੋਤ = ਹੁੰਦਾ ਹੈ, ਉਸ ਨਾਲ ਮੇਰੀ ਭੂਖ = ਭੁੱਖ ਕੋ = ਦਾ ਤਾਪ = ਦੁਖ ਅਵਾਰ = ਨਵਿਰਤ ਨਹੀਂ ਹੁੰਦਾ।

## ਸੈਨ ਭੂਮਿ ਪੈ ਬਨੋ, ਨ ਸਾਕ ਸੈਨ ਕੋ ਗਨੋ;

ਅਤੇ ਮੈਂ ਬਨੋ = ਜੰਗਲ ਦੀ ਭੂਮਿ = ਧਰਤੀ ਪੈ = ਉੱਪਰ ਸੈਨ = ਸੌਂਦਾ ਹਾਂ, ਜਿਥੇ ਮੇਰਾ ਕੋ = ਕੋਈ ਸਾਕ ਸੈਨ = ਸਾਕ-ਸੰਬੰਧੀ ਵੀ ਨਹੀਂ ਗਨੋ = ਗਿਣਿਆ ਜਾਂਦਾ ਹੈ ਭਾਵ ਏਥੇ ਮੈਨੂੰ ਕੋਈ ਨਹੀਂ ਜਾਣਦਾ।

## ਸਰੀਰ ਮਾਤ੍ਰ ਪੋਖਨੋ, ਨ ਜੋਬਨੋ, ਸੁਪੈਦ ਵਾਰ ॥

ਮਾਤ੍ਰ = ਕੇਵਲ ਸਰੀਰ ਦੀ ਹੀ ਪੋਖਨੋ = ਪਾਲਣਾ ਹੁੰਦੀ ਹੈ, ਨਾ ਜੋਬਨੋ = ਜਵਾਨੀ ਹੈ ਭਾਵ ਜਵਾਨੀ ਦਾ ਸਮਾਂ ਲੰਘ ਚੁੱਕਾ ਹੈ ਅਤੇ ਬੁਢੇਪੇ ਕਾਰਨ ਵਾਰ = ਵਾਲ ਕਾਲਿਆਂ ਤੋਂ ਚਿੱਟੇ ਹੋ ਗਏ ਹਨ।

## ਖੀਨ ਚੀਰ ਗੋਦਰੀ, ਅਨੇਕ ਲੀਰ ਸੋਂ ਕਰ ਕਰੀ;

ਮੇਰੇ ਕੋਲ ਖੀਨ = ਨਾਸ ਭਾਵ ਪਾਟੇ ਹੋਏ ਚੀਰ = ਬਸਤਰਾਂ ਦੀ ਗੋਦੜੀ ਹੈ, ਜੋ ਅਨੇਕਾਂ ਲੀਰਾਂ ਇਕੱਠੀਆਂ ਕਰ ਕੇ, ਉਨ੍ਹਾਂ ਲੀਰਾਂ ਸੋਂ = ਨਾਲ ਬਣਾਉਣਾ ਕਰੀ = ਕੀਤੀ ਹੈ।

## ਉਜਾਰ ਝੋਪਰੀ ਅਧੈਨ ਗ੍ਰੰਥ ਵਾਰ ਵਾਰ ॥

ਅਤੇ ਮੈਂ ਉਜਾੜ ਵਿਚ ਝੌਪਰੀ = ਝੌਂਪੜੀ ਬਣਾਉਣਾ ਕੀਤੀ ਹੈ, ਜਿਥੇ ਮੈਂ ਬੈਠ ਕੇ ਗ੍ਰੰਥਾਂ ਦਾ ਵਾਰ ਵਾਰ = ਪੁਨਾ ਪੁਨਾ ਅਭਿਆਸ ਕਰਨ ਰੂਪ ਅਧੈਨ = ਪੜ੍ਹਦਾ ਵੀ ਹਾਂ।

## ਹਾਇ ਹਾਇ ਭੋਗ ਚਾਹਿ, ਨਾਹਿ ਮੈਂ ਤਜੇ ਅਜੇ;

ਹਾਇ! ਹਾਇ! ਮੈਂ = ਮੇਰਾ ਮਨ ਅਜੇ ਵੀ ਭੋਗਾਂ ਦੀ ਚਾਹਿ = ਇੱਛਾ ਕਰਨੀ ਤਜੇ = ਤਿਆਗਦਾ ਨਹੀਂ ਹੈ;

## ਮੋਰ ਚਿਤ ਬੈਲ ਕੋ ਸਵਾਰ, ਬੈਲ ਕੇ ਸਵਾਰ ॥੧੬॥

ਹੇ ਬੈਲ = ਬਲਦ ਕੇ = ਦੇ ਉੱਤੇ ਸਵਾਰੀ ਕਰਨ ਵਾਲੇ ਸ਼ਿਵਜੀ! ਮੋਰ = ਮੇਰੇ ਚਿਤ = ਮਨ ਰੂਪੀ ਬੈਲ ਕੋ = ਨੂੰ ਸਵਾਰ = ਸਵਾਰਨਾ ਕਰ ਭਾਵ ਇਸ ਨੂੰ ਭੋਗਾਂ ਪਦਾਰਥਾਂ ਦੀ ਇੱਛਾ ਵੱਲੋਂ ਰੋਕਣਾ ਕਰ ॥੧੬॥

## ਦੋਹਰਾ ॥

## ਅਲੰ ਭਰਤ ਵੈਰਾਗ ਕੋ; ਭਯੋ ਦੂਸਰੋ ਧਿਆਇ ॥

ਭਰਤ = ਭਰਥਰੀ ਹਰੀ ਜੀ ਦੇ ਵੈਰਾਗ ਸ਼ਤਕ ਗ੍ਰੰਥ ਕੋ = ਦਾ ਦੂਸਰੋ = ਦੂਸਰਾ ਧਿਆਇ = ਅਧਿਆਇ ਇਥੇ ਅਲੰ = ਪੂਰਾ ਭਯੋ = ਹੋ ਗਿਆ ਹੈ।

## ਨਿੰਦਯੋ ਭੂਪ ਸ੍ਵਾਪ ਕੋ; ਕਲਯਾਨਾਰਿ ਸੁਭਾਇ ॥੧੭॥

ਜਿਸ ਅਧਿਆਇ ਵਿਚ ਭੂਪ = ਰਾਜੇ ਭਰਥਰੀ ਜੀ ਨੇ ਸ੍ਵਾਪ = ਆਪਣੇ ਆਪ ਕੋ = ਨੂੰ (ਕਲਯਾਨ + ਅਰਿ) ਕਲਯਾਨ = ਮੁਕਤੀ ਦਾ ਅਰਿ = ਦੁਸ਼ਮਣ ਜਾਣ ਕੇ ਆਪਣੇ ਖੋਟੇ ਸੁਭਾਇ = ਸੁਭਾਅ ਨੂੰ ਜਾਣ ਕੇ ਆਪਣੇ ਆਪ ਨੂੰ ਨਿੰਦਯੋ = ਨਿੰਦਣਾ ਕੀਤਾ ਹੈ ॥੧੭॥

## ਇਤਿ ਦੂਜਾ ਅਧਯਾਯ ॥੨॥

ਇਥੇ ਦੂਸਰੇ ਅਧਿਆਇ ਦੀ ਇਤਿ = ਸਮਾਪਤੀ ਹੁੰਦੀ ਹੈ ॥੨॥

## ੧ਓ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓਂ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਤੀਜਾ ਅਧਯਾਯ ਅਰੰਭ ॥

ਹੁਣ ਤੀਸਰਾ ਅਧਿਆਇ ਪ੍ਰਾਰੰਭ ਕਰਦੇ ਹਨ:

### ਦੋਹਰਾ ॥

### ਅਬ ਤ੍ਰਿਤੀਏ ਅਧਯਾਇ ਮੈ; ਆਠ ਸਲੋਕ ਉਚਾਰ ॥

ਅਬ = ਹੁਣ ਤ੍ਰਿਤੀਏ = ਤੀਸਰੇ ਅਧਿਆਇ ਮੈ = ਵਿਚ ਆਠ = ਅੱਠ ਸਲੋਕ ਉਚਾਰਨ ਕਰਦੇ ਹਨ।

### ਵਰਨੇ ਮਹਿਮਾ ਕਾਲ ਕੀ; ਸੁਨੋ ਜਨੋ ਉਰ ਧਾਰ ॥੧॥

ਜਿਨ੍ਹਾਂ ਵਿਚ ਕਾਲ = ਅਕਾਲ ਪੁਰਖ ਕੀ = ਦੀ ਮਹਿਮਾ = ਵਡਿਆਈ ਵਰਨੇ = ਵਰਣਨ ਕਰਦੇ ਹਨ। ਹੇ ਜਨੋ = ਪੁਰਸ਼ੋ! ਸੁਨੋ = ਸੁਣਨਾ ਕਰੋ ਅਤੇ ਆਪਣੇ ਉਰ = ਹਿਰਦੇ ਵਿਚ ਧਾਰ = ਧਾਰਨ ਕਰੋ ॥੧॥

### ਕਬਿੱਤ ॥

### ਇਨੇ ਪ੍ਰਾਨ ਤ੍ਰਾਣ ਕਾਜ, ਕੇ ਕੇ ਮੈ ਨ ਕੀਨ ਕਾਜ;

ਇਨੇ = ਇਨ੍ਹਾਂ ਪ੍ਰਾਣਾਂ ਦੀ ਤ੍ਰਾਣ = ਰੱਖਿਆ ਕਾਜ = ਵਾਸਤੇ ਮੈਂ ਕੇ ਕੇ = ਕਿਹੜੇ-ਕਿਹੜੇ ਕਾਜ = ਕੰਮ ਨਹੀਂ ਕੀਨ = ਕੀਤੇ ਭਾਵ ਸਭ ਕੁਝ ਕੀਤਾ ਹੈ, ਪਰ;

### ਕੰਜ ਦਲ ਪੈ ਬਿਰਾਜ ਕੰ ਕਣੀ ਜਿਉ ਹਤ ਹੈ ॥

ਜਿਉ = ਜਿਵੇਂ ਕੰਜ = ਕਮਲ ਦੇ ਦਲ = ਪੱਤੇ ਪੈ = ਉੱਪਰ ਬਿਰਾਜ = ਬਿਰਾਜੀ ਭਾਵ ਪਈ ਹੋਈ ਕੰ = ਪਾਣੀ ਦੀ ਕਣੀ = ਬੂੰਦ ਨਾਲ ਦੀ ਨਾਲ ਤਿਲਕ ਕੇ ਹੇਠਾਂ ਡਿੱਗ ਜਾਂਦੀ ਹੈ, ਇਵੇਂ ਹੀ ਮੇਰੇ ਸੁਆਸ ਹਤ = ਨਾਸ਼ ਹੁੰਦੇ ਜਾਂਦੇ ਹਨ।

### ਧਨ ਮਦ ਕਰਿ, ਜਾਂ ਕੇ ਅੰਧ ਮਨ, ਆਗੇ ਤਾਂ ਕੇ;

ਧਨ ਦੇ ਮਦ = ਹੰਕਾਰ ਕਰਕੇ ਜਾਂ ਕੇ = ਜਿਨ੍ਹਾਂ ਦੇ ਮਨ ਅੰਧ = ਅੰਨ੍ਹੇ ਹੋਏ ਪਏ ਹਨ, ਮੈਂ ਤਾਂ ਕੇ = ਉਨ੍ਹਾਂ ਦੇ ਆਗੇ = ਅੱਗੇ ਖੜੋ ਕਰਕੇ;

## ਬਕੇ ਗੁਣ ਵਾਂ ਕੇ, ਨਿਜ ਤਜੀ ਲਾਜ ਮਤਿ ਹੈ॥

ਵਾਂ ਕੇ = ਉਨ੍ਹਾਂ ਦੇ ਗੁਣਾਂ ਨੂੰ ਬਕੇ = ਉਚਾਰਨਾ ਭਾਵ ਗਾਉਣਾ ਕੀਤਾ ਹੈ, ਇਉਂ ਮੈਂ ਨਿਜ = ਆਪਣੀ ਕੁਲ ਦੀ ਲਾਜ = ਸ਼ਰਮ ਤੇ ਸ੍ਰੇਸ਼ਟ ਮਤਿ = ਬੁੱਧੀ ਤਜੀ = ਤਿਆਗ ਦਿੱਤੀ ਹੈ।

## ਹੌਂ ਤੌਂ ਗੁਣ ਖਾਨ, ਤੁਮ ਸਕ੍ਰ ਕੇ ਸਮਾਨ;

ਹੇ ਪ੍ਰਭੂ! ਹੌਂ = ਮੈਂ ਤੌਂ = ਤਾਂ ਗੁਣਾਂ ਦੀ ਖਾਨ ਰੂਪ ਦਾਨ ਦਾ ਅਧਿਕਾਰੀ ਹਾਂ ਅਤੇ ਤੁਮ = ਤੁਸੀਂ ਸਕ੍ਰ = ਇੰਦਰ ਕੇ = ਦੇ ਸਮਾਨ ਦਾਨੀ ਹੋ;

## ਕੁਰੁਖੇਤ੍ਰ ਗ੍ਰਸੇ ਭਾਨ, ਮੋ ਮੈ ਦਾਨ ਤਦ ਵਤ ਹੈ॥

ਜਿਵੇਂ ਕੁਰਛੇਤਰ ਵਿਚ ਭਾਨੁ = ਸੂਰਜ ਗ੍ਰਸੇ = ਗ੍ਰਹਿਣ ਸਮੇਂ ਦਿੱਤੇ ਹੋਏ ਦਾਨ ਦਾ ਫਲ ਬਹੁਤ ਅਧਿਕ ਹੁੰਦਾ ਹੈ, ਤਦ ਵਤ = ਉਸੇ ਤਰ੍ਹਾਂ ਹੀ ਮੈਨੂੰ ਗ਼ਰੀਬ ਨੂੰ ਦਿੱਤੇ ਹੋਏ ਗੁਣਾਂ ਦੇ ਦਾਨ ਦਾ ਆਪ ਨੂੰ ਫਲ ਹੋਵੇਗਾ।

## ਕੀਨੀ ਮੈ ਇਤਾਦਿ ਕ੍ਰਿਤ, ਸਾਸਨ ਨਮਿੱਤ;

ਮੈਂ ਸਾਸਨ = ਸੁਆਸਾਂ ਦੀ ਰੱਖਿਆ ਨਮਿੱਤ = ਵਾਸਤੇ ਇਤਾਦਿ = ਇਸ ਪ੍ਰਕਾਰ ਦੇ ਕ੍ਰਿਤ = ਕਾਰਜ ਕੀਨੀ = ਕੀਤੇ ਹਨ;

## ਪਰ ਸਾਸਨਾ ਭੀ ਸਹੀ, ਪਰ ਸਾਸ ਨ ਰਹਤ ਹੈ॥੨॥

ਪਰ = ਪਰਾਏ ਪੁਰਸ਼ਾਂ ਦੀ ਸਾਸਨਾ = ਤਾੜਨਾ ਭੀ = ਵੀ ਸਹੀ = ਸਹਾਰਨਾ ਕੀਤੀ ਹੈ, ਪਰ = ਪਰੰਤੂ ਇਹ ਸਾਸ = ਸੁਆਸ ਫਿਰ ਵੀ ਰਹਤ = ਰਹਿੰਦੇ ਨਹੀਂ ਹਨ॥੨॥

## ਕਬਿੱਤ॥

## ਜਾਹਿ ਮਾਤ ਪਿਤਾ ਤੇ ਮੈ ਭਯੋ ਉਤਪਤਿ;

ਭਰਥਰੀ ਜੀ ਕਥਨ ਕਰਦੇ ਹਨ ਕਿ ਜਾਹਿ = ਜਿਸ ਮਾਤਾ ਪਿਤਾ ਤੇ = ਤੋਂ ਮੈਂ ਉਤਪਤਿ = ਪੈਦਾ ਭਯੋ = ਹੋਇਆ ਹਾਂ;

## ਤੇ ਤੋ ਕਾਲ ਵਸ ਭਏ, ਚਿਰ ਕਾਲ ਬੀਤ ਗਯੋ ਹੈ॥

ਤੇ = ਉਹ ਤੋ = ਤਾਂ ਕਾਲ ਦੇ ਵੱਸ ਭਾਵ ਮ੍ਰਿਤੂ ਨੂੰ ਪ੍ਰਾਪਤ ਭਏ = ਹੋ ਗਏ ਹਨ ਤੇ ਉਨ੍ਹਾਂ ਨੂੰ ਮਰਿਆਂ ਨੂੰ ਵੀ ਚਿਰ ਕਾਲ = ਬਹੁਤ ਸਮਾਂ ਬੀਤ ਗਯੋ = ਗਿਆ ਹੈ।

## ਸਮ ਵੈਸ ਵਾਰੇ, ਦ੍ਵਾਰੈ ਮ੍ਰਿਤ ਕੇ ਸਿਧਾਰੇ ਸਾਰੇ;

ਮੇਰੀ ਸਮ = ਬਰਾਬਰ ਦੀ ਵੈਸ = ਉਮਰ ਵਾਰੇ = ਵਾਲੇ ਮੇਰੇ ਸਾਰੇ ਮਿੱਤਰ ਵੀ ਮ੍ਰਿਤ = ਮੌਤ ਦੇ ਦੁਆਰੇ ਵਿਚ ਸਿਧਾਰੇ = ਚਲੇ ਗਏ ਹਨ;

## ਰਹੇ ਹਮ ਸੇਖ, ਦੇਹ ਬ੍ਰਿਧ ਵੇਸ ਲਯੋ ਹੈ॥

ਅਤੇ ਹਮ = ਮੈਂ ਹੀ ਸੇਖ = ਬਾਕੀ ਰਹਿ ਗਿਆ ਹਾਂ, ਮੇਰੇ ਦੇਹ = ਸਰੀਰ ਨੇ ਵੀ ਬ੍ਰਿਧ ਵੇਸ = ਰੂਪ ਧਾਰ ਲਯੋ = ਲੈਣਾ ਕੀਤਾ ਹੈ।

## ਨਦੀ ਰੇਤ ਤੀਰ ਪਰ ਤਰੁ ਯੋ ਸਰੀਰ ਭਯੋ;

ਜਿਵੇਂ ਨਦੀ ਦੇ ਰੇਤਲੇ ਤੀਰ = ਕਿਨਾਰੇ ਪਰ = ਉੱਪਰ ਤਰੁ = ਬ੍ਰਿਛ ਦਾ ਕੋਈ ਵਿਸਾਹ ਨਹੀਂ ਕਿ ਪਾਣੀ ਉਸ ਨੂੰ ਕਦੋਂ ਰੋੜ੍ਹ ਕੇ ਲੈ ਜਾਵੇ, ਯੋ = ਇਸੇ ਤਰ੍ਹਾਂ ਮੇਰਾ ਸਰੀਰ ਭਯੋ = ਹੋ ਗਿਆ ਹੈ;

## ਪ੍ਰਤਿ ਦਿਨ ਮ੍ਰਿਤੁ ਤੀਰ ਤੀਰ ਅਬ ਅਯੋ ਹੈ॥

ਅਤੇ ਦਿਨ ਪ੍ਰਤਿ ਦਿਨ ਮ੍ਰਿਤੁ = ਮੌਤ ਅਬ = ਹੁਣ ਤੀਰ ਤੀਰ = ਨੇੜੇ ਤੋਂ ਨੇੜੇ ਅਯੋ = ਆਉਂਦੀ ਜਾਂਦੀ ਹੈ, ਇਸ ਸਰੀਰ ਰੂਪੀ ਬ੍ਰਿਛ ਦਾ ਕੋਈ ਵੀ ਭਰੋਸਾ ਨਹੀਂ ਕਿ ਕਾਲ ਰੂਪੀ ਪਾਣੀ ਕਦ ਰੋੜ੍ਹ ਕੇ ਲੈ ਜਾਵੇ।

## ਗਿਲੇ ਕਾਲ ਬਯਾਲ ਸਮ, ਮੈਂਡਕ ਕੇ ਅਜੇ ਹਮ;
## ਭਜੇ ਭੋਗ ਮਛਰ ਕੋ ਮੋ ਸੋ ਮੂਢ ਜਯੋ ਹੈ॥੩॥

ਜਯੋ = ਜਿਵੇਂ ਬਯਾਲ = ਸੱਪ ਨੇ ਮੈਂਡਕ = ਡੱਡੂ ਨੂੰ ਮੂੰਹ ਵਿਚ ਗਿਲੇ = ਨਿਗਲ ਭਾਵ ਫੜਿਆ ਹੋਵੇ, ਪਰ ਡੱਡੂ ਆਪਣੀ ਕਾਲ = ਮੌਤ ਨੂੰ ਭੁਲਾ ਕੇ ਮੱਛਰਾਂ ਨੂੰ ਖਾਣ ਵਾਸਤੇ ਭਜੇ = ਦੌੜਦਾ ਹੈ ਭਾਵ ਇੱਛਾ ਕਰਦਾ ਹੈ ਕਿ ਮੈਂ ਮੱਛਰਾਂ ਨੂੰ ਖਾ ਲਵਾਂ, ਇਸੇ ਪ੍ਰਕਾਰ ਮੋ ਸੋ = ਮੇਰੇ ਵਰਗੇ ਮੂਢ = ਮੂਰਖਾਂ ਦਾ ਵੀ ਇਹੀ ਹਾਲ ਹੈ, ਜੋ ਮੈਂ ਮੌਤ ਰੂਪੀ ਸੱਪ ਦੇ ਮੂੰਹ ਵਿਚ ਡੱਡੂ ਦੀ ਸਮ = ਨਿਆਈਂ ਫੜਿਆ ਹੋਇਆ ਅਜੇ ਵੀ ਭੋਗਾਂ ਪਦਾਰਥਾਂ ਰੂਪ ਮੱਛਰਾਂ ਨੂੰ ਭੋਗਣ ਵਾਸਤੇ ਭਜੇ = ਦੌੜਦਾ ਹਾਂ॥੩॥

## ਮਨੋ ਰਾਜ ਤ੍ਰਿਭੰਗੀ ਛੰਦ॥
## ਕਛੁਕ ਨਿਮੇਸਾ ਹਮਰੀ ਵੈਸਾ;
## ਲਖੌਂ ਨ ਕੈਸਾ ਕਾਮ ਧਰੋਂ॥

ਭਰਥਰੀ ਜੀ ਕਥਨ ਕਰਦੇ ਹਨ ਕਿ ਕਛੁਕ = ਕੁਝ ਨਿਮੇਸਾ = ਖਿਨਾਂ (ਅੱਖ ਝਮਕਣ ਜਿਤਨਾ ਸਮਾਂ) ਦੀ ਹਮਰੀ = ਮੇਰੀ ਵੈਸਾ = ਉਮਰ ਹੈ ਭਾਵ ਬੁਢਾਪਾ ਆ ਗਿਆ ਹੈ, ਪਤਾ ਨਹੀਂ ਸਰੀਰ ਕਿਸ ਵੇਲੇ ਸਾਥ ਛੱਡ ਦੇਵੇ ਤਾਂ ਕਿਹਾ ਹੈ ਕਿ ਕੁਝ ਕੁ ਛਿਨਾਂ ਦੀ ਮੇਰੀ ਉਮਰ ਹੈ, ਇਸ ਕਰਕੇ ਇਹ ਲਖੌਂ = ਜਾਣਿਆ ਨਹੀਂ ਜਾਂਦਾ ਕਿ ਕੈਸਾ = ਕਿਸ ਤਰ੍ਹਾਂ ਦੇ ਕਾਮ = ਕੰਮ ਮਨ ਵਿਚ ਧਰੋਂ = ਧਾਰਨ ਕਰਾਂ ਭਾਵ ਕਿਸ ਤਰ੍ਹਾਂ ਦੇ ਕੰਮਾਂ ਵਿਚ ਮਨ ਨੂੰ ਲਾਵਾਂ, ਕਿਉਂਕਿ ਮੇਰਾ ਮਨ ਦੁਬਿਧਾ ਦੇ ਵਿਚ ਹੈ।

## ਸੁਰ ਸਰਿ ਕੋ ਤਟ ਪਰ, ਕੁਟੀਆ ਠਟ ਕਰ;
## ਤਾ ਮਹਿ ਤਪ ਕਰ ਤਾਪ ਹਰੋਂ॥

ਕਦੇ ਮਨ ਵਿਚ ਇਉਂ ਖ਼ਿਆਲ ਆਉਂਦਾ ਹੈ ਕਿ ਸੁਰ ਸਰਿ = ਗੰਗਾ ਨਦੀ ਕੋ = ਦੇ ਤਟ ਪਰ = ਕਿਨਾਰੇ

ਉੱਤੇ ਕੁਟੀਆ ਠਟ = ਇਸਥਿਤ ਕਰ ਲਵਾਂ ਭਾਵ ਬਣਾ ਲਵਾਂ ਤੇ ਤਾ = ਉਸ ਮਹਿ = ਵਿਚ ਬੈਠ ਕਰਕੇ ਤਪ ਕਰਨਾ ਕਰਾਂ ਅਤੇ ਤਿੰਨੇ ਤਾਪਾਂ (ਆਧਿ, ਬਿਆਧਿ, ਉਪਾਧਿ) ਨੂੰ ਹਰੋ = ਨਾਸ਼ ਕਰ ਲਵਾਂ **ਵਾ:** ਤਾਪ = ਦੁੱਖਾਂ ਨੂੰ ਨਾਸ਼ ਕਰ ਲਵਾਂ।

## ਗੁਣ ਜਾਹਿ ਉਦਾਰੈਂ, ਅਸ ਗਨ ਦਾਰੈਂ;
## ਮਮ ਰੁਚਿ ਧਾਰੈਂ, ਤਹਿ ਵਿਚਰੋਂ ॥

ਕਦੇ ਮਨ ਵਿਚ ਖ਼ਿਆਲ ਆਉਂਦਾ ਹੈ ਕਿ ਜਾਹਿ = ਜਿਨ੍ਹਾਂ ਇਸਤਰੀਆਂ ਵਿਚ ਉਦਾਰੈਂ = ਉਦਾਰਤਾ, ਧੀਰਜਤਾ, ਸੁੰਦਰਤਾ, ਸੁਸ਼ੀਲਤਾ ਆਦਿ ਗੁਣ ਹਨ, ਜੋ ਅਸ = ਐਸੀਆਂ ਗਨ = ਬਹੁਤ ਦਾਰੈਂ = ਇਸਤਰੀਆਂ ਮਮ = ਮੇਰੇ ਨਾਲ ਰੁਚਿ = ਪ੍ਰੇਮ ਧਾਰੈ = ਰੱਖਦੀਆਂ ਹਨ, ਤਹਿ = ਉਨ੍ਹਾਂ ਨਾਲ ਵਿਚਰੋਂ = ਵਿਚਰਨਾ ਕਰਾਂ।

## ਗਣ ਗ੍ਰੰਥਨ ਮਹਿ ਉਤ ਕਾਵਿਨਿ;
## ਮੋ ਯੁਤ ਕਥਾ ਰਸਾਂਮ੍ਰਿਤ ਪਾਨ ਕਰੋਂ ॥੪॥

ਕਈ ਵਾਰ ਮਨ ਵਿਚ ਫੁਰਨਾ ਆਉਂਦਾ ਹੈ ਕਿ ਜੋ ਗਣ = ਸਮੂਹ ਕਾਵਿਨਿ = ਕਵਿਤਾ ਰੂਪ ਗ੍ਰੰਥਨਾਂ ਮਹਿ = ਵਿਚ ਲਿਖਿਆ ਹੈ, ਉਤ = ਉਸ ਵਿਚ ਮਨ ਨੂੰ ਲਾਵਾਂ **ਵਾ:** ਅਲੰਕਾਰਾਂ ਸੰਯੁਗਤ ਯੁਤ = ਸਮੇਤ ਕਾਵਯ ਗ੍ਰੰਥਾਂ ਮੋ = ਵਿਚ ਜੋ ਲਿਖਿਆ ਹੈ, ਉਸ ਦਾ ਵਿਚਾਰ ਕਰਨਾ ਕਰਾਂ ਅਤੇ ਉਨ੍ਹਾਂ ਦੀ (ਰਸ + ਅੰਮ੍ਰਿਤ) ਅੰਮ੍ਰਿਤ ਰਸ ਰੂਪ ਕਥਾ ਨੂੰ ਧਾਰਨ ਰੂਪ ਪਾਨ = ਪੀਣਾ ਕਰੋਂ = ਕਰਾਂ ॥੪॥

## ਦੋਹਰਾ ॥
## ਤਪ, ਤ੍ਰਿਯਾ, ਸੁਧਾ, ਅਸਿਧ ਤ੍ਰੈ; ਨਿਮਖ ਆਉਖਾ ਮਾਹਿ ॥

ਗੰਗਾ ਨਦੀ ਦੇ ਕਿਨਾਰੇ 'ਤੇ ਬੈਠ ਕਰਕੇ ਤਪ ਕਰਨਾ, ਸ਼ੁਭ ਗੁਣਾਂ ਵਾਲੀਆਂ ਇਸਤਰੀਆਂ ਦਾ ਮਿਲਾਪ, ਸੁਧਾ = ਅੰਮ੍ਰਿਤ ਰੂਪ ਕਥਾ ਦਾ ਸੁਣ ਕੇ ਧਾਰਨ ਕਰਨਾ, ਇਹ ਤ੍ਰੈ = ਤਿੰਨੇ ਕਰਮ ਨਿਮਖ = ਛਿਨ ਮਾਤਰ ਆਉਖਾ = ਆਯੂ, ਉਮਰ ਮਾਹਿ = ਵਿਚ ਅਸਿਧ = ਸਾਧੇ ਨਹੀਂ ਜਾ ਸਕਦੇ ਭਾਵ ਪੂਰੇ ਨਹੀਂ ਹੋ ਸਕਦੇ ਭਾਵ ਇਨ੍ਹਾਂ ਕਰਮਾਂ ਨੂੰ ਕਰਨ ਲਈ ਬਹੁਤ ਉਮਰ ਦੀ ਲੋੜ ਹੁੰਦੀ ਹੈ।

## ਦੂਖ ਰੂਪ ਭਵ ਤੇ ਅਭੈ; ਬਿਨ ਨਿਰਾਸ ਸੁਖ ਨਹਿ ॥੫॥

ਇਸ ਕਰਕੇ ਦੁਖ ਰੂਪ ਭਵ = ਸੰਸਾਰ ਤੇ = ਤੋਂ ਨਿਰਾਸ = ਉਪਰਾਮ ਹੋਏ ਬਿਨ = ਬਗ਼ੈਰ ਅਭੈ = ਡਰ ਤੋਂ ਰਹਿਤ ਪਦਵੀ ਭਾਵ ਆਤਮਿਕ ਸੁਖ ਪ੍ਰਾਪਤ ਨਹਿ = ਨਹੀਂ ਹੋ ਸਕਦਾ।

## ਕਬਿੱਤ ॥
## ਕਾਲ ਭਗਵਾਨ, ਬ੍ਰਿੰਦ ਕਲਾਵਾਨ, ਕਾਲੀ ਸੰਗ;
## ਖੇਲਤ ਚੌਸਾਰ ਚਾਰ ਦਿਗ ਹੂੰ ਕੀ ਘਰ ਕੇ ॥

ਬ੍ਰਿੰਦ = ਬੇਅੰਤ ਕਲਾਵਾਨ = ਸ਼ਕਤੀਆਂ ਵਾਲਾ ਕਾਲ (ਸਾਰੇ ਸੰਸਾਰ ਨੂੰ ਲੈਅ ਕਰਨ ਵਾਲਾ) ਆਪਣੀ

ਪਤਨੀ ਕਾਲੀ ਭਾਵ ਮੌਤ ਦੇ ਸੰਗ = ਨਾਲ ਚੌਸਾਰ = ਚੌਪੜ[੧] ਦੀ ਖੇਡ ਖੇਲਤ = ਖੇਲਦਾ ਹੈ, ਜੋ ਚਾਰ ਦਿਗ = ਦਿਸ਼ਾ, ਚਾਰ ਉਪਦਿਸ਼ਾ, ਚਾਰ ਪਹਿਰ, ਚਾਰ ਘੜੀਆਂ ਹਨ, ਇਹੋ ਹੂੰ = ਹੀ ਇਸ ਚਉਪੜ ਦੇ ਸੋਲ੍ਹਾਂ ਘਰ ਹਨ।

## ਚਾਰ ਖਾਣੀ ਪ੍ਰਾਣੀ ਗੋਟਾ, ਰੈਣ ਦਿਨ ਪਾਸ; ਜੋਟਾ ਮਾਰਤ ਅਚੂਕ ਚੋਟਾਂ ਦੰਪਤਿ ਅਡਰ ਕੇ ॥

ਜੋ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦੇ ਪ੍ਰਾਣੀ = ਜੀਵ ਹਨ, ਇਹ ਗੋਟਾ = ਨਰਦਾਂ ਹਨ, ਰੈਣ = ਰਾਤ ਦਿਨ ਪਾਸ = ਪਾਸੇ ਹਨ, ਇਹ ਜੋਟਾ = ਜੋੜਾ (ਦਿਨ ਰਾਤ) ਭਾਵ ਦੋਵੇਂ ਅਚੂਕ = ਨਾ ਚੁੱਕਣ ਵਾਲੀਆਂ ਚੋਟਾਂ = ਸੱਟਾਂ ਮਾਰਦੇ ਹਨ ਕਿਉਂਕਿ ਉਹ ਦੰਪਤਿ = ਪਤੀ-ਪਤਨੀ ਅਡਰ = ਡਰ ਤੋਂ ਰਹਿਤ ਹਨ।

## ਜਹਾਂ ਏਕ ਗ੍ਰਹ ਮੋ ਅਨੇਕ, ਤਹਾਂ ਏਕ ਰਹੇ; ਏਕ ਤੇ ਅਨੇਕ ਹ੍ਵੈ, ਖਿਣੇਕੁ ਸਭ ਸਰ ਕੇ ॥

ਜਹਾਂ = ਜਿਥੇ ਏਕ = ਇਕ ਗ੍ਰਹ = ਘਰ ਮੋ = ਵਿਚ ਅਨੇਕਾਂ ਜੀਵ ਸੀ, ਤਹਾਂ = ਉਥੇ ਕਾਲ ਕਰਕੇ ਏਕ = ਇਕ ਰਹੇ = ਰਹਿ ਗਿਆ ਅਤੇ ਜਿਥੇ ਏਕ = ਇਕ ਸੀ, ਉਥੇ ਅਨੇਕਾਂ ਹ੍ਵੈ = ਹੋ ਗਏ। ਇਹ ਸਭ = ਸਾਰਾ ਕੁਝ ਕਾਲ ਨੇ ਖਿਣੇਕੁ (ਖਿਣ + ਏਕੁ) ਇਕ ਖਿਨ ਵਿਚ ਸਰ = ਜਿੱਤ ਲਿਆ ਹੈ ਭਾਵ ਸਭ ਕੁਝ ਨਾਸ਼ ਕਰ ਦਿੱਤਾ ਹੈ।

## ਕਾਲ ਕਾਲੀ ਖਾਲੀ ਕੀਨੇ, ਲੋਕ ਲੋਕ ਪਾਲੀ ਸਨ; ਚੌਪਟ ਨ ਹਾਲੀ, ਅਜੇ ਸੇਖ ਲੌਂ ਕਰ ਕੇ ॥੬॥

ਕਾਲ ਤੇ ਕਾਲੀ = ਕਾਲ ਦੀ ਸ਼ਕਤੀ ਭਾਵ ਮੌਤ ਨੇ ਲੋਕ ਪਾਲੀ = ਲੋਕਾਂ ਦੀ ਪਾਲਨਾ ਕਰਨ ਵਾਲੇ ਵਰਨ, ਕੁੰਬੇਰ, ਇੰਦ੍ਰ ਆਦਿਕ ਸਨ = ਸਮੇਤ ਸਾਰੇ ਲੋਕ ਖਾ-ਖਾ ਕਰਕੇ ਖ਼ਾਲੀ ਕੀਨੇ = ਕਰ ਦਿੱਤੇ ਹਨ, ਪਰ ਅਜੇ ਲੌਂ = ਤਕ ਚੌਪਟ = ਚਉਪੜ ਨ = ਨਹੀਂ ਹਾਲੀ = ਹਿੱਲੀ, ਕਿਉਂਕਿ ਜੋ ਸੇਖ = ਬਾਕੀ ਹੋਰ ਰਹਿੰਦੇ ਹਨ, ਉਨ੍ਹਾਂ ਨੂੰ ਕਾਲ ਖਾਣਾ ਚਾਹੁੰਦਾ ਹੈ॥੬॥

## ਕਬਿੱਤ ॥

## ਭਾਨ ਹੂੰ ਕੀ ਗਤਾਗਤੀ ਕਰ ਦਿਨ ਦਿਨ ਪ੍ਰਤਿ; ਪ੍ਰਾਣ ਮੇਰੇ ਘਟੇ, ਜੈਸੇ ਖੋਰੇ ਘਟੇ ਪਾਨਿ ਹੈ ॥

ਭਾਨ = ਸੂਰਜ ਦੇ ਗਤਾਗਤੀ = ਆਉਣ ਜਾਣ ਭਾਵ ਚੜ੍ਹਨੇ ਉਤਰਨੇ ਕਰਕੇ ਮੇਰੇ ਪ੍ਰਾਣ ਦਿਨ ਪ੍ਰਤਿ

---

੧. ਚੌਸਾਰ = ਸੰਸਕ੍ਰਿਤ ਵਿਚ ਚਤੁਸ਼ਪਦਾ, ਪ੍ਰਾਕ੍ਰਿਤ ਵਿਚ ਚਉਪਟ ਅਤੇ ਪੰਜਾਬੀ ਵਿਚ ਚੌਪੜ। ਇਹ ਇਕ ਖੇਡ ਹੈ, ਜੋ ਨਰਦਾਂ ਨਾਲ ਖੇਡੀ ਜਾਂਦੀ ਹੈ। ਇਸ ਵਿਚ ਚਾਰ ਪਾਸੇ (ਹਿੱਸੇ) ਪਾਏ ਜਾਂਦੇ ਹਨ, ਜਿਨ੍ਹਾਂ ਵਿਚ ਮੁਰੱਬੇ (ਖ਼ਾਨੇ) ਹੁੰਦੇ ਹਨ, ਨਰਦਾਂ ਦੀ ਚਾਲ ਪਾਸੇ ਜਾਂ ਕੌਡੀਆਂ ਸੁੱਟ ਕੇ ਗਿਣਤੀ ਕਰ ਕੇ ਚੱਲਦੇ ਹਨ।

ਦਿਨ ਇਉਂ ਹੀ ਘਟੇ = ਘਟਦੇ ਜਾ ਰਹੇ ਹਨ, ਜੈਸੇ = ਜਿਸ ਪ੍ਰਕਾਰ ਘੋਰੇ ਘਟੇ = ਘੜੇ ਵਿੱਚੋਂ ਬੂੰਦ ਬੂੰਦ ਕਰਕੇ ਪਾਣੀ ਨਿਕਲਦਾ ਜਾਂਦਾ ਹੈ।

## ਗ੍ਰਾਮ ਕਾਮੋ ਕਰ ਸਾਰੇ, ਭਵ ਕੇ ਬੈਪਾਰ ਭਾਰੇ;
## ਤਾਂਮੋ ਮਤੇ ਮਤ ਵਾਰੇ ਮ੍ਰਿਤ ਕੋ ਨ ਧਿਆਨ ਹੈ॥

ਗ੍ਰਾਮ = ਸਮੂਹ ਕਾਮੋ = ਕਾਰਜਾਂ ਦੇ ਕਰਨ ਰੂਪ ਜੋ ਭਵ = ਸੰਸਾਰ ਕੇ = ਦੇ ਵਿਚ ਭਾਰੇ = ਵੱਡੇ-ਵੱਡੇ ਸਾਰੇ ਬਿਆਪਾਰ ਹਨ, ਜੀਵ ਤਾ = ਉਨ੍ਹਾਂ ਮੋ = ਵਿਚ ਇਤਨੇ ਮਤੇ = ਮਸਤ ਹੋ ਕਰਕੇ ਮਤ ਵਾਰੇ = ਮਤਵਾਲੇ ਹੋਏ ਪਏ ਹਨ ਕਿ ਉਨ੍ਹਾਂ ਨੂੰ ਮ੍ਰਿਤ = ਮੌਤ ਕਾ = ਦਾ ਧਿਆਨ ਹੀ ਨਹੀਂ ਹੈ।

## ਜਾਤ ਜਰਾ ਪਾਤ ਉਤਪਾਤ ਪੇਖ ਭੀਤ ਜਾਤ;
## ਚੀਤ ਮੋ ਨ ਜਾਤ, ਜੈਸੇ ਭੀਤ ਮੋ ਨ ਭਾਨ ਹੈ॥

ਜਾਤ = ਜਨਮ ਤੋਂ ਲੈ ਕਰਕੇ ਬਾਲ, ਜਵਾਨੀ, ਜਰਾ = ਬੁਢੇਪਾ ਅਤੇ ਪਾਤ = ਮੌਤ ਜੋ ਇਹ ਉਤਪਾਤ = ਉਪੱਦ੍ਰਵ (ਦੁਖ) ਪੇਖ = ਦਿੱਸਦੇ ਜਾਤ = ਜਾ ਰਹੇ ਹਨ, ਇਹ ਭੀਤ = ਡਰ ਚੀਤ = ਚਿੱਤ ਮੋ = ਵਿਚ ਇਸ ਪ੍ਰਕਾਰ ਨ = ਨਹੀਂ ਜਾਤ = ਜਾਂਦਾ, ਜੈਸੇ = ਜਿਸ ਪ੍ਰਕਾਰ ਭਾਨ = ਸੂਰਜ ਦਾ ਪ੍ਰਤਿਬਿੰਬ ਭੀਤ = ਕੰਧ ਦੇ ਮੋ = ਵਿਚ ਨਹੀਂ ਜਾਂਦਾ ਹੈ।

## ਮੋਹ ਰੂਪ ਮਦਰਾ, ਪ੍ਰਮਾਦ ਕਰ ਪਾਨ, ਕੀਨੋ ਬਉਰਾ ਭਯੋ;
## ਭਵ ਗੌਰਾ ਭਵ ਕੋ ਨ ਗਿਆਨ ਹੈ॥੭॥

ਮੋਹ ਰੂਪ ਮਦਰਾ = ਸ਼ਰਾਬ ਨੂੰ ਪ੍ਰਮਾਦ = ਭੁੱਲ ਕਰਕੇ ਪਾਨ = ਪੀਣ ਨਾਲ ਸੰਸਾਰ ਬਉਰਾ = ਝੱਲਾ, ਪਾਗਲ ਭਯੋ = ਹੋ ਗਿਆ ਹੈ। ਇਸ ਕਰਕੇ ਇਸ ਭਵ = ਸੰਸਾਰ ਨੂੰ ਭਵ = ਸ਼ਿਵਜੀ ਤੇ ਗੌਰਾ = ਪਾਰਬਤੀ ਦੀ ਆਰਾਧਨਾ ਕਰਨ ਕੋ = ਦਾ ਗਿਆਨ ਹੀ ਨਹੀਂ ਹੈ॥੭॥

## ਸ੍ਵੈਯਾ॥
## ਅਹੋ ਵਚਿੱਤ੍ਰ ਮਨੋਰਥ ਸਗਰੇ; ਮੋ ਉਰ ਮੋ ਸੰਭਵ ਫਲ ਹੀਨ॥

ਅਹੋ = ਇਕ ਬੜੀ ਅਸਚਰਜ ਗੱਲ ਹੈ ਕਿ ਜੋ ਸਗਰੇ = ਸਾਰੇ ਵਚਿੱਤ੍ਰ = ਅਨੇਕ ਤਰ੍ਹਾਂ ਦੇ ਮਨੋਰਥ ਹਨ, ਉਹ ਫਲ ਤੋਂ ਹੀਨ = ਰਹਿਤ ਮਨੋਰਥ ਸਦਾ ਹੀ ਮੋ = ਮੇਰੇ ਉਰ = ਹਿਰਦੇ ਮੋ = ਵਿਚ ਸੰਭਵ = ਉਤਪੰਨ, ਪੈਦਾ ਹੁੰਦੇ ਰਹਿੰਦੇ ਹਨ।

## ਇਨੇ ਨ ਆਦਿ ਅੰਤ ਮਧ ਚੀਨੋ;
## ਜਲ ਤਰੰਗ ਇਵ ਉਪਜਤ ਲੀਨ॥

ਇਨੇ = ਇਨ੍ਹਾਂ ਮਨੋਰਥਾਂ ਦਾ ਆਦਿ, ਮੱਧ ਤੇ ਅੰਤ ਨਹੀਂ ਚੀਨੋ = ਜਾਣਿਆ ਜਾਂਦਾ, ਜਿਸ ਤਰ੍ਹਾਂ ਜਲ = ਪਾਣੀ ਵਿੱਚੋਂ ਤਰੰਗ ਉਪਜਦੇ ਤੇ ਨਾਸ਼ ਹੁੰਦੇ ਰਹਿੰਦੇ ਹਨ, ਇਵ = ਇਸੇ ਤਰ੍ਹਾਂ ਮੇਰੇ ਹਿਰਦੇ ਅੰਦਰ ਇਹ ਸੰਕਲਪ ਉਪਜਤ = ਉਪਜਦੇ (ਪੈਦਾ) ਤੇ ਲੀਨ = ਬਿਨਸਦੇ ਰਹਿੰਦੇ ਹਨ।

## ਅਨੁ ਜਾਗ੍ਰਤ ਬਾਲਾਦਿ ਤੀਨ;
## ਤ੍ਰਿਕ ਮੈ ਨ ਹੀਨ ਕਛੁ, ਸੁਖਪਤੀ ਖੀਨ॥

ਭਰਥਰੀ ਜੀ ਕਥਨ ਕਰਦੇ ਹਨ ਕਿ ਅਨੁ = ਹੋਰ ਸੁਣੋ ਕਿ ਨਾ ਤਾਂ ਇਹ ਮਨੋਰਥ (ਸੰਕਲਪ) ਜਾਗ੍ਰਤ ਅਵਸਥਾ ਵਿਚ ਨਾਸ਼ ਹੁੰਦੇ ਹਨ ਅਤੇ ਨਾ ਹੀ ਬਾਲਾਦਿ = ਬਾਲ, ਜਵਾਨੀ, ਬੁਢੇਪੇ, ਇਨ੍ਹਾਂ ਤਿੰਨਾਂ ਵਿਚ ਨਾਸ਼ ਹੁੰਦੇ ਹਨ, ਨਾ ਹੀ ਤ੍ਰਿਗ = ਤਿੰਨਾਂ ਸਮਿਆਂ (ਭੂਤ, ਭਵਿੱਖਤ, ਵਰਤਮਾਨ) ਮੈ = ਵਿਚ ਕਛੁ = ਕੁਝ ਹੀਨ = ਨਾਸ਼ ਹੁੰਦੇ ਹਨ, ਕੇਵਲ ਸੁਖੋਪਤੀ ਅਵਸਥਾ ਵਿਚ ਹੀ ਖੀਨ = ਨਾਸ਼ ਹੁੰਦੇ ਹਨ।

## ਜਰਾ ਕੀਨ ਜੋਬਨ ਕੋ ਭੋਜਨ;
## ਪ੍ਰਾਕ੍ਰਮ ਹੀਨ, ਭਯੋ ਮੈਂ ਦੀਨ॥੮॥

ਅਤੇ ਇਸ ਜਰਾ = ਬੁਢੇਪੇ ਨੇ ਤਾਂ ਮੇਰੀ ਜੋਬਨ = ਜਵਾਨੀ ਕੋ = ਦਾ ਭੋਜਨ ਹੀ ਕੀਨ = ਕਰ ਲਿਆ ਹੈ ਭਾਵ ਜਵਾਨੀ ਨੂੰ ਬੁਢੇਪਾ ਖਾ ਹੀ ਗਿਆ ਹੈ, ਜਿਸ ਕਰਕੇ ਮੇਰਾ ਪ੍ਰਾਕ੍ਰਮ = ਬਲ ਹੀਨ = ਨਾਸ਼ ਹੋ ਗਿਆ ਹੈ, ਮੈਂ ਇਸ ਪ੍ਰਕਾਰ ਦੀਨ = ਗ਼ਰੀਬ ਭਯੋ = ਹੋ ਗਿਆ ਹਾਂ॥੮॥

## ਬਾਝ ਗੁਣ ਗਯੰ ਮੋ ਤਨ ਮੋ;
## ਗੁਣ ਅਫਲ ਭਏ ਸਭ, ਜਿਉਂ ਤ੍ਰਿਯਾ ਬਾਂਝ॥

ਗੁਣਾਂ ਦੇ ਗਯੰ = ਗਿਆਤੇ ਪਰਮਾਤਮਾ ਨੂੰ ਜਾਣਨ ਤੋਂ ਬਗ਼ੈਰ ਮੋ = ਮੇਰੇ ਤਨ ਮੋ = ਵਿਚ ਸਭ = ਸਾਰੇ ਗੁਣ ਇਸ ਪ੍ਰਕਾਰ ਅਫਲ = ਫਲ ਰਹਿਤ ਭਏ = ਹੋ ਗਏ ਹਨ, ਜਿਉਂ = ਜਿਸ ਪ੍ਰਕਾਰ ਬਾਂਝ ਤ੍ਰਿਯਾ = ਇਸਤਰੀ ਪੁੱਤਰ ਪੈਦਾ ਨਾ ਕਰਨ ਕਰਕੇ ਅਫਲ ਹੁੰਦੀ ਹੈ।

## ਕਾਲ ਖਿਮਾ ਬਿਨੁ ਬਲੀ ਕ੍ਰਿਤਾਂਤ;
## ਉਪ ਪ੍ਰਾਪਤ ਅਬ ਹਨੇ ਕੇ ਸਾਂਝ॥

ਕਾਲ ਖਿਮਾ ਤੋਂ ਬਿਨ = ਬਗ਼ੈਰ ਬਹੁਤ ਬਲੀ = ਬਲ ਵਾਲਾ ਹੈ ਭਾਵ ਬਲਵਾਨ ਕਾਲ ਕਿਸੇ ਨੂੰ ਵੀ ਮੁਆਫ਼ ਨਹੀਂ ਕਰਦਾ, ਉਹ ਬ੍ਰਹਮਾ ਦੀ ਪੈਦਾ (ਕ੍ਰਿਤ + ਅੰਤ) ਕ੍ਰਿਤ = ਕੀਤੀ ਹੋਈ ਸ੍ਰਿਸ਼ਟੀ ਦਾ ਵੀ ਅੰਤ ਕਰਨ ਵਾਲਾ ਹੈ ਅਤੇ ਪ੍ਰਾਪਤ ਹੋਣ ਦੇ ਉਪ = ਨੇੜੇ ਹੀ ਹੈ, ਅਬ = ਹੁਣੇ ਹੀ ਹਨੇ = ਮਾਰ ਦੇਵੇਗਾ ਕੇ = ਜਾਂ ਫੇਰ ਸਾਂਝ = ਸ਼ਾਮ ਨੂੰ ਮਾਰ ਦੇਵੇਗਾ।

## ਸਹਸਾ ਯੁਕਤਿ ਮੁਕਤਿ ਹਿਤ ਕੋ ਸੁਭ;
## ਜਾਂ ਕਰ ਮਨ ਕੋ ਸਹਸਾ ਜਾਇ॥

ਇਹ ਸੁਣ ਕੇ ਮਨ ਨੇ ਸਹਸਾ = ਸ਼ੰਕਾ ਭਾਵ ਪ੍ਰਸ਼ਨ ਕੀਤਾ ਕਿ ਮੁਕਤੀ ਨੂੰ ਪਾਉਣ ਹਿਤ = ਵਾਸਤੇ ਸੁਭ = ਸ੍ਰੇਸ਼ਟ ਯੁਕਤਿ = ਜੁਗਤੀ ਕੋ = ਕਿਹੜੀ ਹੈ ? ਜਾਂ = ਜਿਸ ਕਰਕੇ ਮਨ ਕੋ = ਦਾ ਸਹਸਾ = ਸੰਸਾ ਮਿਟ ਜਾਇ = ਜਾਵੇ ਅਤੇ ਸ਼ਾਂਤੀ ਪ੍ਰਾਪਤ ਹੋਵੇ।

*ਉੱਤਰ :*

## ਹਰ ਕੇ ਪਾਇ ਕੰਜ ਜੁਗ ਹਰਕੇ;
## ਅਵਰ ਸ੍ਰੇਯ ਕੌ ਕੌਣ ਉਪਾਇ ॥੯॥

ਜੋ ਹਰ = ਪਰਮਾਤਮਾ ਦੇ ਪਾਇ ਕੰਜ = ਚਰਨ ਕਮਲ ਹਨ, ਉਨ੍ਹਾਂ ਜੁਗ = ਦੋਵੇਂ ਚਰਨਾਂ ਨੂੰ ਹਰਕੇ = ਤਿਆਗ ਕੇ ਸ੍ਰੇਯ = ਮੁਕਤੀ ਕੌ = ਦਾ ਅਵਰ = ਹੋਰ ਕੌਣ = ਕੋਈ ਉਪਾਇ = ਉਪਾਅ ਨਹੀਂ ਹੋ ਸਕਦਾ **ਵਾ:** ਜੋ ਹਰੀ ਪਰਮਾਤਮਾ ਦੇ ਚਰਨ ਕਮਲਾਂ ਦੀ ਨਿਆਈਂ ਹਨ, ਉਨ੍ਹਾਂ ਦੋਵੇਂ ਸੁੰਦਰ ਚਰਨਾਂ ਨੂੰ ਛੱਡ ਕਰਕੇ ਸ੍ਰੇਯ = ਮੁਕਤੀ ਦਾ ਹੋਰ ਕੌਣ = ਕਿਹੜਾ ਉਪਾਅ ਹੋ ਸਕਦਾ ਹੈ ? ਭਾਵ ਕੋਈ ਹੋਰ ਉਪਾਅ ਹੋ ਨਹੀਂ ਸਕਦਾ ॥੯॥

## ਕਬਿੱਤ ॥
## ਜਾਂਕੇ ਬਾਮੇ ਦਾਹਨੇ ਸਮੰਤ ਚਕ੍ਰ ਹੋਤੇ;
## ਅਗ੍ਰ ਰਾਜਨ ਕੀ ਸਭਾ ਥੀ, ਮਯੰਕ ਮੁਖੀ ਨਾਰੀਆਂ ॥

ਜਾਂਕੇ = ਜਿਨ੍ਹਾਂ ਰਾਜਿਆਂ ਦੇ ਦਾਹਨੇ = ਸੱਜੇ ਬਾਮੇ = ਖੱਬੇ ਸਮੰਤ = ਸ੍ਰੇਸ਼ਟ ਵਜ਼ੀਰਾਂ ਦਾ ਚਕ੍ਰ = ਘੇਰਾ ਪਿਆ ਹੋਤੇ = ਹੁੰਦਾ ਸੀ ਤੇ ਜਿਨ੍ਹਾਂ ਦੇ ਅਗ੍ਰ = ਸਾਹਮਣੇ ਵਾਲੇ ਪਾਸੇ ਛੋਟਿਆਂ ਰਾਜਨ = ਰਾਜਿਆਂ ਕੀ = ਦੀ ਸਭਾ ਲੱਗੀ ਹੁੰਦੀ ਥੀ = ਸੀ ਅਤੇ ਜਿਨ੍ਹਾਂ ਦੇ ਮਹਿਲਾਂ ਵਿਚ ਮਯੰਕ ਮੁਖੀ = ਚੰਦਰਮਾ ਦੇ ਮੁਖ ਵਰਗੀਆਂ ਸੁੰਦਰ ਨਾਰੀਆਂ = ਇਸਤਰੀਆਂ ਸਨ।

## ਭੂਪਨ ਕੇ ਪੁਤ੍ਰ ਥੇ ਵਿਚਿੱਤ੍ਰ ਬੀਰ ਅਹੰਕਾਰੀ;
## ਬਿੰਦ੍ਰ ਬੰਦੀ ਜਨ ਹੋਤੇ, ਵੰਸ ਕੈ ਉਚਾਰੀਆਂ ॥

ਜਿਨ੍ਹਾਂ ਭੂਪਨ = ਰਾਜਿਆਂ ਕੇ = ਦੇ ਪੁੱਤਰ ਵਿਚਿੱਤ੍ਰ = ਅਸਚਰਜ ਅਹੰਕਾਰੀ = ਹੰਕਾਰ ਵਾਲੇ ਬੀਰ = ਸੂਰਮੇ ਸਨ ਤੇ ਜਿਨ੍ਹਾਂ ਕੈ = ਦੇ ਵੰਸ ਦੀ ਬ੍ਰਿੰਦ = ਸਮੂਹ ਬੰਦੀ ਜਨ = ਭਟ ਜਨ ਕੀਰਤੀ ਉਚਾਰੀਆਂ = ਉਚਾਰਦੇ ਸਨ ਭਾਵ ਜੱਸ ਕਰਦੇ ਸਨ।

## ਅਹੋ ਭਾਈ ਭਾਰੋ ਕਸਟ, ਭਾਰੀ ਭੂਪ ਭਏ ਨਸ਼ਟ;
## ਸਿੰਮ੍ਰਿਤਿ ਪਦੇ ਪ੍ਰਵਿਸ਼ਟ, ਜਾਂਕੀ ਕਥਾ ਭਾਰੀਆਂ ॥

ਹੇ ਭਾਈ ! ਅਹੋ = ਅਸਚਰਜ ਹੈ ਤੇ ਭਾਰੇ = ਬੜੇ ਭਾਰੀ ਕਸ਼ਟ = ਦੁਖ ਦੀ ਗੱਲ ਹੈ ਕਿ ਇਤਨੇ ਭਾਰੀ = ਵੱਡੇ-ਵੱਡੇ ਭੂਪ = ਰਾਜੇ ਵੀ ਨਸ਼ਟ = ਨਾਸ਼ ਭਾਵ ਕਾਲ ਵੱਸ ਭਏ = ਹੋ ਗਏ ਹਨ, ਜਾਂਕੀ = ਜਿਨ੍ਹਾਂ ਦੀਆਂ ਭਾਰੀ ਕਥਾਵਾਂ ਸਿੰਮ੍ਰਿਤੀਆਂ ਦੇ ਪਦਿਆਂ ਵਿਚ ਪ੍ਰਵਿਸ਼ਟ = ਪ੍ਰਵੇਸ਼ ਭਾਵ ਲਿਖੀਆਂ ਹੋਈਆਂ ਹਨ।

## ਹਿੰਸਕ ਪ੍ਰਪੰਚ ਸਾ ਬਰੰਚ ਕੋ ਅਸੰਗ ਪੁਨਾ;
## ਤਾਹਿ ਕਾਲ ਬੀਰ ਕੋ ਜੁਹਾਰ ਬਾਰ ਬਾਰੀਆਂ ॥੧੦॥

ਪੁਨਾ = ਫੇਰ ਹਿੰਸਕ = ਨਾਸ਼ ਕਰਨ ਵਾਲਾ ਕਾਲ ਪ੍ਰਪੰਚ = ਸੰਸਾਰ ਦੇ ਸਾ = ਸਮੇਤ ਬਰੰਚ = ਬ੍ਰਹਮਾ ਕੋ = ਨੂੰ ਵੀ ਨਾਸ਼ ਕਰ ਕੇ ਅਸੰਗ ਹੈ। ਭਰਥਰੀ ਹਰੀ ਜੀ ਕਥਨ ਕਰਦੇ ਹਨ ਕਿ ਮੈਂ ਤਾਹਿ = ਉਸ ਕਾਲ ਰੂਪੀ ਬੀਰ = ਸੂਰਮੇ ਕੋ = ਨੂੰ ਬਾਰ ਬਾਰੀਆਂ = ਵਾਰ-ਵਾਰ ਜੁਹਾਰ = ਨਮਸਕਾਰ ਕਰਦਾ ਹਾਂ ॥੧੦॥

## ਸੋਰਠਾ ॥

## ਅਹੋ ਭ੍ਰਾਤ ਅਤਿ ਕਸ਼ਟ; ਜਾਸ ਕਾਲ ਕੇ ਵਸ ਭਏ ॥

ਅਹੋ = ਅਸਚਰਜ ਹੈ ਹੇ ਭ੍ਰਾਤ = ਭਾਈ! ਅਤਿ = ਅਤਿਅੰਤ ਕਸ਼ਟ = ਦੁਖ ਦੀ ਗੱਲ ਹੈ ਕਿ ਜਾਸ = ਜਿਸ ਕਾਲ ਕੇ = ਦੇ ਵੱਸ ਰਾਜੇ ਲੋਕ ਵੀ ਭਏ = ਹੋ ਗਏ।

## ਭਏ ਪ੍ਰਾਕ ਸਭ ਨਸ਼ਟ ਗਏ; ਸਿਮ੍ਰਿਤਿਹਿ ਪਥਨ ਮੋ ॥੧੧॥

ਜੋ ਪ੍ਰਾਕ = ਪਹਿਲੇ ਸਮੇਂ ਵਿਚ ਭਏ = ਹੋ ਚੁੱਕੇ ਹਨ, ਉਹ ਸਭ = ਸਾਰੇ ਹੀ ਨਸ਼ਟ = ਨਾਸ਼ ਹੋ ਗਏ ਹਨ, ਜੋ ਸਿਮ੍ਰਿਤਿਹਿ = ਸਿੰਮ੍ਰਿਤੀਆਂ ਦੇ ਪਥਨ = ਰਸਤੇ ਮੋ = ਵਿਚ ਪ੍ਰਵੇਸ਼ ਕਰ ਗਏ ਹਨ ਭਾਵ ਜੇਕਰ ਸਿੰਮ੍ਰਿਤੀਆਂ ਦੀ ਕਥਾ ਸੁਣਨਾ ਕਰੀਏ ਤਾਂ ਉਨ੍ਹਾਂ ਦੇ ਨਾਮ ਆਦਿਕ ਪ੍ਰਸੰਗਾਂ ਬਾਰੇ ਪਤਾ ਚੱਲਦਾ ਹੈ॥੧੧॥

## ਅਰਧ ਭੁਯੰਗ ਪ੍ਰਯਾਤ ਛੰਦ ॥

## ਜਿਸੇ ਕਾਲ ਗਾਲੇ ॥ ਸੁ ਭੂਪਾਲ ਪਾਲੇ ॥
## ਜਿਸੇ ਆਸੇ ਪਾਸੇ ॥ ਸੁਮੰਤ੍ਰੀ ਪ੍ਰਕਾਸ਼ੇ ॥੧੨॥

ਹੇ ਭਾਈ! ਜਿਸੇ = ਜਿਸ ਕਾਲ ਨੇ ਸੁ = ਸ੍ਰੇਸ਼ਟ ਭੂਪਾਲ = ਰਾਜਿਆਂ ਦੀਆਂ ਪਾਲੇ = ਪਾਲਾਂ ਦੀਆਂ ਪਾਲਾਂ ਗਾਲੇ = ਗਾਲ ਦਿੱਤੀਆਂ ਹਨ ਅਤੇ ਜਿਸੇ = ਜਿਸ ਰਾਜਿਆਂ ਦੇ ਆਸੇ ਪਾਸੇ = ਆਸ ਪਾਸ ਸੁਮੰਤ੍ਰੀ = ਸ੍ਰੇਸ਼ਟ ਵਜ਼ੀਰਾਂ ਦਾ ਪ੍ਰਕਾਸ਼ੇ = ਪ੍ਰਕਾਸ਼ ਹੁੰਦਾ ਸੀ, ਕਾਲ ਨੇ ਉਹ ਵੀ ਨਾਸ਼ ਕਰ ਦਿੱਤੇ॥੧੨॥ ਜੈਸਾ ਕਿ:

**ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ॥੧॥**

*(ਸੋਰਠਿ ਭਗਤ ਕਬੀਰ ਜੀ, ਅੰਗ ੬੫੪)*

ਇਸ ਕਰਕੇ ਕਾਲ ਨੇ ਵੱਡੇ-ਵੱਡੇ ਰਾਜੇ ਮਹਾਰਾਜੇ ਸਭ ਨਾਸ਼ ਕਰ ਦਿੱਤੇ ਹਨ, ਕੋਈ ਵੀ ਕਾਲ ਤੋਂ ਬਚ ਨਹੀਂ ਸਕਿਆ। ਜੈਸਾ ਕਿ:

**ਮਾਮਾ ਜਿਸ ਕਾ ਕ੍ਰਿਸ਼ਨ ਜੀ ਪਿਤਾ ਧਨੰਜੈ ਬੀਰ।**
**ਵੁਹ ਭੀ ਹੁਆ ਕਾਲ ਬਸ ਲਗੇ ਮ੍ਰਿਤੁ ਕੇ ਤੀਰ॥੨॥** *(ਚਾਣਕਯ ਨੀਤੀ, ਅਧਿਆਇ ਚੌਧਵਾਂ)*

**ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ॥**

*(ਬਿਲਾਵਲੁ ਭਗਤ ਕਬੀਰ ਜੀ, ਅੰਗ ੮੫੫)*

## ਮਹਾਂ ਬੀਰ ਸਿਆਨੇ ॥ ਸਭੀ ਨੀਤਿ ਜਾਨੇ ॥

ਜੋ ਵਜ਼ੀਰ ਮਹਾਂ = ਬਹੁਤ ਵੱਡੇ ਬੀਰ = ਸੂਰਮੇ ਤੇ ਸਿਆਣੇ ਸਨ ਅਤੇ ਸਭੀ = ਸਾਰੀ ਰਾਜਨੀਤੀ ਨੂੰ ਜਾਨੇ = ਜਾਣਦੇ ਸਨ।

## ਪੁਨਾ ਜਾਂਹਿ ਆਗੇ ॥ ਸਭਾ ਰਾਜ ਲਾਗੇ ॥੧੩॥

ਪੁਨਾ = ਫਿਰ ਜਾਂਹਿ = ਜਿਨ੍ਹਾਂ ਦੇ ਆਗੇ = ਅੱਗੇ ਰਾਜਿਆਂ ਦੀ ਸਭਾ ਲਾਗੇ = ਲੱਗਦੀ ਸੀ॥੧੩॥

## ਚਲੈ ਅਗ੍ਰ ਜਾਂਕੇ ॥ ਤਨਯ ਭੂਪ ਬਾਂਕੇ ॥

ਜਾਂਕੇ = ਜਿਨ੍ਹਾਂ ਦੇ ਅਗ੍ਰ = ਅੱਗੇ ਭੂਪ = ਰਾਜਿਆਂ ਦੇ ਬਾਂਕੇ = ਸੁੰਦਰ ਤਨਯ = ਪੁੱਤਰ ਚਲੈ = ਚੱਲਦੇ ਸਨ।

## ਯੁਵਾ ਦ੍ਰਵ ਮਾਤੇ ॥ ਸਹੰਕਾਰ ਜਾਤੇ ॥੧੪॥

ਜੋ ਯੁਵਾ = ਜਵਾਨੀ ਤੇ ਦ੍ਰਵ = ਧਨ-ਦੌਲਤ ਦੇ ਵਿਚ ਮਾਤੇ = ਮਸਤ ਸਨ ਅਤੇ ਜਾਤੇ = ਜਿਸ ਕਰਕੇ ਸਹੰਕਾਰ = ਸਹਿਤ ਹੰਕਾਰ ਦੇ ਸਨ ॥੧੪॥

## ਹੁਤੇ ਚਾਰਨੱਗ੍ਰੇ ॥ ਸਭੋਗੰ ਸਮੱਗ੍ਰੇ ॥

ਜਿਨ੍ਹਾਂ ਦੇ (ਚਾਰਨ + ਅੱਗ੍ਰੇ) ਅੱਗ੍ਰੇ = ਸਨਮੁਖ ਚਾਰਨ = ਭਟ-ਜਨ ਉਨ੍ਹਾਂ ਦੀ ਉਪਮਾ ਦੇ ਕਬਿੱਤ ਗਾਇਨ ਕਰਦੇ ਸਨ ਅਤੇ ਜੋ ਸਮੱਗ੍ਰੇ = ਸੰਪੂਰਨ ਸਭੋਗੰ = ਭੋਗਾਂ ਪਦਾਰਥਾਂ ਵਾਲੇ ਸਨ।

## ਤਹਾਂ ਰਾਜ ਧਾਨੀ ॥ ਹੁਤੀ ਸ਼ਕ੍ਰ ਸਾਨੀ ॥੧੫॥

ਤਹਾਂ = ਉਥੇ ਉਨ੍ਹਾਂ ਦੀ ਰਾਜਧਾਨੀ ਸ਼ਕ੍ਰ = ਇੰਦਰ ਦੀ ਪੁਰੀ ਦੇ ਸਾਨੀ = ਸਦਰਸ਼ ਹੁਤੀ = ਹੁੰਦੀ ਸੀ ॥੧੫॥

## ਤੀਆ ਇੰਦੁ ਤੁੰਡੀ ॥ ਮਨੋ ਕਾਮ ਕੁੰਡੀ ॥

ਜਿਨ੍ਹਾਂ ਕੋਲ ਇੰਦੁ = ਚੰਦਰਮੇ ਦੇ ਸਦਰਸ਼ ਤੁੰਡੀ = ਮੁਖੜੇ ਵਾਲੀਆਂ ਤੀਆ = ਇਸਤਰੀਆਂ ਸਨ, ਮਨੋ = ਮਾਨੋ ਜੋ ਕਾਮ ਦੀਆਂ ਕੁੰਡੀ = ਕੁੰਡੀਆਂ ਹੀ ਸਨ।

## ਜਟੀ ਲਾਲ ਮੋਤੀ ॥ ਘਨੀ ਧਾਮ ਹੋਤੀ ॥੧੬॥

ਜੋ ਇਸਤਰੀਆਂ ਮੋਤੀਆਂ ਤੇ ਲਾਲਾਂ ਨਾਲ ਜਟੀ = ਜੜੀਆਂ ਹੁੰਦੀਆਂ ਸਨ, ਐਸੀਆਂ ਇਸਤਰੀਆਂ ਜਿਨ੍ਹਾਂ ਦੇ ਧਾਮ = ਘਰ ਵਿਚ ਘਨੀ = ਬਹੁਤ ਹੋਤੀ = ਹੁੰਦੀਆਂ ਸਨ ॥੧੬॥

## ਚਲੇ ਭਾਟ ਗਾਤੇ ॥ ਚਿਰੰਜੀਵ ਦਾਤੇ ॥

ਜਿਨ੍ਹਾਂ ਦੇ ਜੱਸ ਦੇ ਕਬਿੱਤ ਭਾਟ = ਭੱਟ ਜਨ ਗਾਤੇ = ਗਾਉਂਦੇ ਸਨ ਅਤੇ ਕਹਿੰਦੇ ਸਨ ਕਿ ਹੇ ਦਾਤਾ ਜੀ! ਤੁਸੀਂ ਚਿਰੰਜੀਵੀ ਹੋਵੋ।

## ਜਿਨੈ ਕੋਪ ਆਗੇ ॥ ਸਭੀ ਭੂਪ ਭਾਗੇ ॥੧੭॥

ਜਿਨੈ = ਜਿਨ੍ਹਾਂ ਦੇ ਕੋਪ = ਕ੍ਰੋਧ ਆਗੇ = ਅੱਗੇ ਸਭੀ = ਸਾਰੇ ਭੂਪ = ਰਾਜੇ ਵੀ ਹਾਰ ਮੰਨ ਕਰਕੇ ਭਾਗੇ = ਭੱਜ ਜਾਂਦੇ ਸਨ।

## ਸਿਰੇ ਛੱਤ੍ਰ ਛਾਜੇ ॥ ਦਿਸ਼ਾ ਚਾਰ ਭ੍ਰਾਜੇ ॥

ਜਿਨ੍ਹਾਂ ਦੇ ਸਿਰ ਦੇ ਉੱਤੇ ਛੱਤ੍ਰ ਛਾਜੇ = ਫੱਬਦਾ ਭਾਵ ਝੁੱਲਦਾ ਸੀ ਅਤੇ ਜਿਨ੍ਹਾਂ ਦਾ ਚਾਰ ਦਿਸ਼ਾਵਾਂ ਵਿਚ ਹੁਕਮ ਭ੍ਰਾਜੇ = ਪ੍ਰਕਾਸ਼ਦਾ ਭਾਵ ਚੱਲਦਾ ਸੀ **ਵਾ:** ਜਿਨ੍ਹਾਂ ਨੂੰ ਦੇਖ ਕਰਕੇ ਚਾਰੇ ਦਿਸ਼ਾਵਾਂ ਦੇ ਰਾਜੇ ਹਾਰ ਖਾ ਕੇ ਭ੍ਰਾਜੇ = ਭੱਜ ਜਾਂਦੇ ਸੀ।

## ਕਰੀ ਹੈ ਸਵਾਰੀ॥ ਕਰੀ ਹੈ ਸਵਾਰੀ॥

ਜੋ ਹੈ = ਘੋੜਿਆਂ ਦੀਆਂ ਸਵਾਰੀਆਂ ਕਰੀ = ਕਰਦੇ ਸਨ ਅਤੇ ਜੋ ਕਰੀ = ਹਾਥੀਆਂ ਦੀਆਂ ਸਵਾਰੀਆਂ ਵੀ ਕਰਦੇ ਹੈ ਸਨ॥੧੮॥

## ਇਨੇ ਆਦਿ ਰਾਜੇ॥ ਹੁਤੇ ਸਾ ਸਮਾਜੇ॥

ਇਨੇ = ਇਤਆਦਿਕ ਜੋ ਰਾਜੇ ਸਮਾਜੇ = ਸਾਜ਼ੋ-ਸਾਮਾਨ ਦੇ ਸਾ = ਸਹਿਤ ਹੁਤੇ = ਹੁੰਦੇ ਸਨ।

## ਸਭੀ ਕਾਲ ਮਾਰੇ॥ ਗਨੈ ਕੌਨ ਸਾਰੇ॥੧੯॥

ਉਹ ਸਭੀ = ਸਾਰੇ ਦੇ ਸਾਰੇ ਕਾਲ ਨੇ ਮਾਰ ਦਿੱਤੇ ਹਨ, ਉਨ੍ਹਾਂ ਸਾਰੇ = ਸਾਰਿਆਂ ਨੂੰ ਕੌਨ = ਕਿਹੜਾ ਗਨੈ = ਗਿਣ ਸਕਦਾ ਹੈ ? ਭਾਵ ਕੋਈ ਨਹੀਂ ਗਿਣ ਸਕਦਾ॥੧੯॥

## ਭਏ ਤੇ ਪੁਰਾਨੇ॥ ਨ ਕੋ ਤਾਹਿ ਜਾਨੇ॥

ਤੇ = ਉਹ ਸਭ ਪੁਰਾਣੇ ਭਏ = ਹੋ ਗਏ ਹਨ, ਤਾਹਿ = ਉਨ੍ਹਾਂ ਕੋ = ਨੂੰ ਕੋ = ਕੋਈ ਜਾਨੈ = ਜਾਣਦਾ ਨ = ਨਹੀਂ ਹੈ।

## ਕਥਾ ਜੇ ਪੁਰਾਨੇ॥ ਸੁਨੇ ਨਾਮ ਜਾਨੇ॥੨੦॥

ਪਰ ਜੇ = ਜਿਹੜਾ ਕੋਈ ਪੁਰਾਨੇ = ਪੁਰਾਣਾਂ ਆਦਿਕ ਦੀ ਕਥਾ ਸੁਨੇ = ਸੁਣਦਾ ਹੈ, ਉਹੋ ਹੀ ਉਨ੍ਹਾਂ ਦੇ ਨਾਮਾਂ ਨੂੰ ਜਾਨੇ = ਜਾਣਦਾ ਹੈ॥੨੦॥

## ਪੁਨਾ ਤੀਨ ਲੋਕੀ॥ ਸੁਨੀਓ ਵਿਲੋਕੀ॥

ਪੁਨਾ = ਫਿਰ ਜੋ ਤੀਨ = ਤਿੰਨਾਂ ਲੋਕੀ = ਲੋਕਾਂ ਦੇ ਜੀਵ ਸ਼ਾਸਤਰਾਂ ਆਦਿ ਦੁਆਰਾ ਸੁਣੇ ਤੇ ਅਨੁਭਵ ਦੁਆਰਾ ਵਿਲੋਕੀ = ਵੇਖੇ ਜਾਂਦੇ ਹਨ।

## ਨਿਮੇਖੇਕ ਮਾਹੀ॥ ਗਿਲੋ ਕਾਲ ਤਾਹੀ॥੨੧॥

ਤਾਹੀ = ਉਹ ਸਾਰੇ ਦੇ ਸਾਰੇ ਕਾਲ ਨੇ ਇਕ ਨਿਮੇਖੇਕ = ਖਿਨ ਭਾਵ ਅੱਖ ਦੇ ਝਮਕਣ ਜਿਤਨੇ ਸਮੇਂ ਮਾਹੀ = ਵਿਚ ਗਿਲੋ = ਨਿਗਲ ਭਾਵ ਨਾਸ ਕਰ ਦਿੱਤੇ ਹਨ॥੨੧॥

## ਯੁਬਾ ਬ੍ਰਿਧ ਛੋਰੇ॥ ਕਹੂੰ ਕੋ ਨ ਛੋਰੇ॥

ਨਾ ਤਾਂ ਕਾਲ ਨੇ ਯੁਬਾ = ਜਵਾਨ ਅਤੇ ਨਾ ਹੀ ਬ੍ਰਿਧ = ਬੁੱਢਾ ਛੋਰੇ = ਛੋਕਰੇ ਭਾਵ ਬੱਚਿਆਂ ਨੂੰ ਛੱਡਿਆ ਹੈ, ਕਾਲ ਨੇ ਕਹੂੰ = ਕਿਸੇ ਕੋ = ਨੂੰ ਵੀ ਨਹੀਂ ਛੋਰੇ = ਛੱਡਿਆ ਹੈ ਭਾਵ ਸਭ ਨਾਸ਼ ਕਰ ਛੱਡੇ ਹਨ।

## ਨਮੋ ਤਾਸ ਕਾਲੇ॥ ਜਿਸੇ ਸਰਬ ਗਾਲੇ॥੨੨॥

ਭਰਥਰੀ ਹਰੀ ਜੀ ਕਥਨ ਕਰਦੇ ਹਨ ਕਿ ਮੈਂ ਤਾਸ = ਉਸ ਕਾਲੇ = ਕਾਲ ਨੂੰ ਨਮੋ = ਨਮਸਕਾਰ ਕਰਦਾ ਹਾਂ, ਜਿਸੇ = ਜਿਸ ਨੇ ਸਰਬ = ਸਾਰਿਆਂ ਨੂੰ ਹੀ ਗਾਲੇ = ਗਾਲ ਭਾਵ ਨਾਸ਼ ਕਰ ਦਿੱਤਾ ਹੈ॥੨੨॥

## ਦੋਹਰਾ॥

## ਹਨੇ ਹਨਤ ਪੁਨ ਹਨੇਗੋ; ਉਤਮ ਮਧਮ ਮੰਦ॥

ਜਿਸ ਕਾਲ ਨੇ ਉੱਤਮ, ਮੱਧਮ ਤੇ ਮੰਦ = ਕਨਿਸ਼ਟ ਜੀਵਾਂ ਨੂੰ ਹਨੇ = ਮਾਰਨਾ ਕੀਤਾ ਹੈ ਤੇ ਹੁਣ ਹਨਤ = ਮਾਰਦਾ ਹੈ ਤੇ ਪੁਨ = ਪੁਨਾ ਅੱਗੇ ਨੂੰ ਹਨੇਗੋ = ਮਾਰਨਾ ਕਰੇਗਾ।

## ਗਨੇ ਬਰੋਬਰ ਸਰਬ ਕੋ; ਤਾਂ ਤੇ ਤਾਂ ਕੋ ਬੰਦ॥੨੩॥

ਜੋ ਸਰਬ = ਸਾਰਿਆਂ ਕੋ = ਨੂੰ ਬਰੋਬਰ = ਬਰਾਬਰ ਭਾਵ ਇਕ ਸਮਾਨ ਕਰਕੇ ਗਨੇ = ਗਿਣਦਾ ਹੈ ਭਾਵ ਸਭ ਨੂੰ ਹੀ ਨਾਸ਼ ਕਰਦਾ ਹੈ, ਕੋਈ ਵੱਡਾ ਛੋਟਾ ਨਹੀਂ ਦੇਖਦਾ। ਜੈਸਾ ਕਿ :

**ਰਾਵਣ ਸੇ ਮਹਿਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ॥**
**ਬਾਰਦ ਨਾਰਦ ਅਕੰਪਨ ਸੇ ਜਗ ਜੰਗ ਜੁਰੈ ਜਿਨ ਸਿਉ ਜਮ ਹਾਰੇ॥**
**ਕੁੰਭ ਅਕੁੰਭ ਸੇ ਜੀਤ ਸਭੈ ਜਗਿ ਸਾਤਹੂੰ ਸਿੰਧ ਹਥਿਆਰ ਪਖਾਰੇ॥**
**ਜੇ ਜੇ ਹੁਤੇ ਅਕਟੇ ਬਿਕਟੇ ਸੁ ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ॥੯੫॥** *(ਸ੍ਰੀ ਦਸਮ ਗ੍ਰੰਥ)*

ਭਰਥਰੀ ਜੀ ਕਹਿੰਦੇ ਹਨ ਕਿ ਤਾਂ ਤੇ = ਤਿਸ ਕਰਕੇ ਤਾਂ = ਉਸ ਕਾਲ ਕੋ = ਨੂੰ ਮੇਰੀ ਬੰਦ = ਨਮਸਕਾਰ ਹੈ॥੨੩॥

## ਕਬਿੱਤ॥

## ਜਿਨੋਂ ਧਨੋ ਕਰ, ਸਭ ਮਿਲੇ ਮਨੋ ਕਾਮ;
## ਜਬ ਤਾ ਕੋ ਭਯੋ ਸਿਧ, ਤਬ ਕਹਾਂ ਲਾਭ ਮਾਨ ਹੈ॥

ਹੇ ਜੀਵ ! ਜਿਨੋਂ = ਜਿਸ ਧਨੋ = ਧਨ ਕਰਕੇ ਸਭ = ਸਾਰੀਆਂ ਮਨੋ-ਕਾਮਨਾਵਾਂ ਮਿਲੇ = ਪ੍ਰਾਪਤ ਹੁੰਦੀਆਂ ਹਨ ਭਾਵ ਧਨ ਦੇ ਨਾਲ ਸਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ, ਜਬ = ਜਦੋਂ ਤਾ = ਉਸ ਧਨ ਦੀ ਸਿਧ = ਪ੍ਰਾਪਤੀ ਭਯੋ = ਹੋ ਜਾਵੇ, ਤਬ = ਤਦੋਂ ਫੇਰ ਕਹਾਂ = ਕੀ ਲਾਭ = ਨਫ਼ਾ ਮਾਨ = ਮਿਲਣਾ ਹੈ ਭਾਵ ਪ੍ਰਲੋਕ ਵਿਚ ਇਸ ਨੇ ਸਾਥ ਨਹੀਂ ਦੇਣਾ।

## ਅਰਿਨ ਕੋ ਸਿਰ ਪਰ, ਚਰਨ ਕੋ ਧਾਰ ਕਰ;
## ਕਹਾ ਭਯੋ ਡਰ ਡਾਰ ਸੋਯ ਸਾਭਿਮਾਨ ਹੈ॥

ਜੇਕਰ ਅਰਿਨ = ਦੁਸ਼ਮਣਾਂ ਕੋ = ਦੇ ਸਿਰ ਪਰ = ਉੱਪਰ ਚਰਨ = ਪੈਰਾਂ ਕੋ = ਨੂੰ ਧਾਰਨ ਕਰ ਕੇ ਭਾਵ ਉਨ੍ਹਾਂ ਨੂੰ ਹਰਾ ਕੇ ਡਰ = ਭੈ ਨੂੰ ਡਾਰ = ਤਿਆਗ ਕੇ, ਸਾਭਿਮਾਨ = ਸਹਿਤ ਹੰਕਾਰ ਦੇ ਸੋਯ = ਸੌਂ ਗਿਆ ਤਾਂ ਫੇਰ ਕਹਾਂ = ਕੀ ਭਯੋ = ਹੋ ਗਿਆ ? ਕਿਉਂਕਿ ਕਾਲ ਤੇ ਤੇਰੇ ਸਿਰ 'ਤੇ ਵੀ ਖੜਾ ਹੈ।

## ਜੋ ਸਨੇਹੀ ਜਨੋ, ਧਨ ਕਰ ਮਾਨ ਕੀਨੋ ਘਨੋ;
## ਕਹਾਂ ਭਯੋ ਤੋਹਿ ਭਨੋ ਤੂੰ ਤੋ ਕੁਲ ਕਾ ਭਾਨ ਹੈ॥

ਜੋ = ਜੇਕਰ ਸਨੇਹੀ = ਪਿਆਰ ਵਾਲੇ ਮਿੱਤਰ ਜਨੋ = ਜਨਾਂ ਨੇ ਧਨ ਦੇ ਪ੍ਰਤਾਪ ਕਰ ਕੇ ਘਨੋ = ਬਹੁਤ

ਮਾਨ ਆਦਰ ਕੀਨੋ = ਕਰ ਦਿੱਤਾ ਅਤੇ ਤੋਹਿ = ਤੈਨੂੰ ਉਨ੍ਹਾਂ ਨੇ ਇਹ ਵੀ ਕਹਿ ਦਿੱਤਾ ਕਿ ਤੂੰ ਤੋ = ਤਾਂ ਕੁਲ ਕਾ = ਦਾ ਭਾਨ = ਸੂਰਜ ਹੈਂ ਤਾਂ ਵੀ ਕਹਾਂ = ਕੀ ਭਯੋ = ਹੋ ਗਿਆ ?

## ਕਲਪ ਪ੍ਰਯੰਤ ਭੋਗ ਭੋਗੇ ਨਰ, ਕਹਾਂ ਹੋਗ ਜਾਤੇ;
## ਅੰਤ ਨਾਸ਼ੀ ਲੋਕ ਸਨੇ ਕਾਰ ਕਾਨ ਹੈ ॥੨੪॥

ਹੇ ਨਰ = ਜੀਵ ! ਜੇਕਰ ਤੂੰ ਕਲਪ ਪ੍ਰਯੰਤ = ਤਕ ਜੀਵਤ ਰਹਿ ਕੇ ਵੀ ਭੋਗਾਂ ਨੂੰ ਭੋਗੇ = ਭੋਗਣਾ ਕਰੇਂ ਤਾਂ ਕਹਾਂ = ਕੀ ਹੋਗ = ਹੋ ਜਾਤੇ = ਜਾਵੇਗਾ ? ਕਿਉਂਕਿ ਅੰਤ = ਅਖ਼ੀਰ ਨੂੰ ਕਾਲ ਨੇ ਕਾਰ ਕਾਨ = ਕਾਰਕ ਅਵਤਾਰਾਂ ਸਨੇ = ਸਮੇਤ ਸਭ ਲੋਕਾਂ ਨੂੰ ਨਾਸੀ = ਨਾਸ਼ ਕਰ ਹੀ ਦੇਣਾ ਹੈ॥੨੪॥

**ਕਲਪ :** ਬ੍ਰਹਮਾ ਦੇ ਇਕ ਦਿਨ ਨੂੰ ਇਕ ਕਲਪ ਆਖਦੇ ਹਨ, ਜਿਸ ਵਿਚ ਚੌਦਾਂ ਇੰਦਰ ਸਵਰਗ ਦਾ ਰਾਜ ਕਰਦੇ ਹੋਏ ਨਾਸ਼ ਹੋ ਜਾਂਦੇ ਹਨ ਤਾਂ ਬ੍ਰਹਮਾ ਦਾ ਇਕ ਦਿਨ ਹੁੰਦਾ ਹੈ ਅਤੇ ਚਾਰ ਜੁਗਾਂ ਦੇ ਸਮੇਂ ਨੂੰ ਇਕ ਚੌਂਕੜੀ ਕਿਹਾ ਜਾਂਦਾ ਹੈ। ਇਉਂ ਜਦੋਂ ਹਜ਼ਾਰ ਚੌਂਕੜੀਆਂ ਬਤੀਤ ਹੋ ਜਾਣ ਤਾਂ ਬ੍ਰਹਮਾ ਦਾ ਇਕ ਦਿਨ (ਕਲਪ) ਬਣਦਾ ਹੈ ਤੇ ੭੨ ਚੌਂਕੜੀਆਂ ਜੁਗ ਇਕ ਇੰਦਰ ਦੇ ਰਾਜ ਕਰਨ ਦਾ ਸਮਾਂ ਹੈ।

**ਕਾਰ ਕਾਨ :** ਕਾਰਕ ਅਵਤਾਰ, ਜੋ ਕਿਸੇ ਖ਼ਾਸ ਕਾਰਜ ਨੂੰ ਪੂਰਾ ਕਰਨ ਲਈ ਅਵਤਾਰ ਧਾਰਨ ਕਰੇ ਜਿਵੇਂ ਕਿ ਬਿਆਸ ਰਿਖੀ।

## ਦੋਹਰਾ ॥
## ਭਯੋ ਕਾਲ ਭੈ ਪ੍ਰਗਟ ਕਰ; ਤ੍ਰਿਤੀਏ ਇਤਿ ਸ੍ਰੀ ਆਪ ॥

ਕਾਲ ਦੇ ਭੈ = ਡਰ ਨੂੰ ਪ੍ਰਗਟ ਕਰ ਕੇ ਸ੍ਰੀ ਭਰਥਰੀ ਜੀ ਨੇ ਆਪ ਤ੍ਰਿਤੀਏ = ਤੀਸਰੇ ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ।

## ਵੈਰਾਗਾਦਿਕ ਸੁਤ ਜਨੇ; ਹਨੇ ਸਰਬ ਭੈ ਤਾਪ ॥੨੫॥

ਭਰਥਰੀ ਜੀ ਕਥਨ ਕਰਦੇ ਹਨ ਕਿ ਜਿਸ ਨੇ ਵੈਰਾਗਾਦਿਕ = ਵੈਰਾਗ ਬਿਬੇਕ ਆਦਿਕ ਸੁਤ = ਪੁੱਤਰ ਆਪਣੇ ਹਿਰਦੇ ਅੰਦਰ ਜਨੇ = ਪੈਦਾ ਕੀਤੇ ਹਨ। ਉਸ ਦੇ ਸਰਬ = ਸਾਰੇ ਭਾਵ ਸੱਤ ਪ੍ਰਕਾਰ ਦੇ ਭੈ = ਡਰ ਤੇ ਤਿੰਨੇ ਤਾਪ (ਆਧਿ, ਬਿਆਧਿ, ਉਪਾਧਿ) **ਵਾ:** ਤਾਪ = ਦੁੱਖ ਹਨੇ = ਨਾਸ਼ ਹੋ ਜਾਂਦੇ ਹਨ॥੨੫॥ ਜੈਸਾ ਕਿ :

**ਯਹ ਭੈ ਪਰਲੋਕ ਭੈ ਜਨਮ ਬੇਦਨਾ ਜਾਤਿ ॥**
**ਅਨ ਰੱਖਿਆ ਅਰੁ ਗੁਪਤ ਭੈ ਅਕਸ ਮਾਤਰ ਭੈ ਸਾਤ ॥**

੧. **ਯਹ ਭੈ :** ਯਹ = ਇਹ ਸੰਸਾਰ ਦਾ ਭੈ = ਡਰ ਭਾਵ ਇਸ ਜਗਤ ਵਿਚ ਜਿਤਨੇ ਵੀ ਮੱਛਰ ਤੋਂ ਲੈ ਕੇ ਬ੍ਰਹਮਾ ਤਕ ਅਰਥਾਤ ਛੋਟੇ ਵੱਡੇ ਜੀਵ-ਜੰਤ ਹਨ, ਉਹ ਸਾਰੇ ਇਕ ਦੂਸਰੇ ਦੇ ਭੈ ਵਿਚ ਹਨ, ਜਿਵੇਂ ਚੂਹੇ ਨੂੰ ਬਿੱਲੀ ਦਾ, ਬਿੱਲੀ ਨੂੰ ਕੁੱਤੇ ਦਾ, ਕੁੱਤੇ ਨੂੰ ਮਨੁੱਖ ਦਾ ਆਦਿ ਭੈ ਬਣਿਆ ਰਹਿੰਦਾ ਹੈ।

੨. **ਪ੍ਰਲੋਕ ਭੈ :** ਪ੍ਰਲੋਕ ਦਾ ਭੈ = ਡਰ ਭਾਵ ਧਰਮ ਸ਼ਾਸਤਰਾਂ ਅਤੇ ਗੁਰਬਾਣੀ ਅਨੁਸਾਰ ਪੜ੍ਹ ਸੁਣ ਕੇ ਇਹ ਭੈ ਆਉਣਾ ਕਿ ਜੀਵ ਨੂੰ ਕੀਤੇ ਮਾੜੇ ਕਰਮਾਂ ਅਨੁਸਾਰ ਪ੍ਰਲੋਕ ਵਿਚ ਸਜ਼ਾਵਾਂ ਮਿਲਣਗੀਆਂ। ਜੈਸਾ ਕਿ :

**ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥**
**ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥**

*(ਮਾਰੂ ਮ: ੫, ਅੰਗ ੧੦੧੯)*

੩. **ਜਨਮ ਵੇਦਨਾ :** ਜਨਮ ਸਮੇਂ ਦੀ ਵੇਦਨਾ = ਪੀੜਾ ਦਾ ਭੈ, ਭਾਵ ਧਰਮ ਸ਼ਾਸਤਰਾਂ ਅੰਦਰ ਜਨਮ ਸਮੇਂ ਦੇ ਕਸ਼ਟਾਂ ਨੂੰ ਸੁਨਿਆਰੇ ਦੇ ਜਿੰਦਰੀ ਵਿਚ ਤਾਰ ਖਿੱਚਣ ਸਮਾਨ ਜਨਮ ਵੇਲੇ ਦਾ ਕਸ਼ਟ ਦੱਸਿਆ ਹੈ। ਜੈਸਾ ਕਿ :

**ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ॥** *(ਆਸਾ ਮ: ੧, ਅੰਗ ੪੨੨)*

੪. **ਜਾਤਿ :** ਜਾਤੀ ਦਾ ਭੈ ਬਣਿਆ ਰਹਿਣਾ, ਭਾਵ ਕਈ ਵਾਰ ਇਕ ਜਾਤੀ ਦੇ ਜੀਵਾਂ ਨੂੰ ਕਿਸੇ ਮੁਸੀਬਤ ਸਮੇਂ ਭੈ ਬਣ ਆਉਣਾ, ਜਿਵੇਂ ਔਰੰਗਜ਼ੇਬ ਨੇ ਬ੍ਰਾਹਮਣ ਜਾਤੀ ਵਾਲਿਆਂ ਨੂੰ ਭੈ ਦਿੱਤਾ ਸੀ।

੫. **ਅਨਰੱਖਿਆ ਭੈ :** ਜਿਥੇ ਕੋਈ ਵੀ ਜੀਵ ਦੀ ਰੱਖਿਆ ਨਹੀਂ ਕਰ ਸਕਦਾ, ਉਥੋਂ ਦਾ ਭੈ ਬਣਿਆ ਰਹਿਣਾ ਕਿ ਉਥੇ ਮੇਰੀ ਕੋਈ ਰੱਖਿਆ ਨਹੀਂ ਕਰੇਗਾ।

੬. **ਗੁਪਤ ਭੈ :** ਜਿਵੇਂ ਘਾਹ ਆਦਿ ਕੱਖਾਂ ਵਿਚ ਤੁਰੇ ਫਿਰਦਿਆਂ ਸੱਪ ਆਦਿ ਜ਼ਹਿਰੀਲੇ ਜੀਵਾਂ ਦਾ ਮਨ ਵਿਚ ਭੈ ਬਣਿਆ ਰਹਿਣਾ ਜਾਂ ਰਾਤ ਸਮੇਂ ਹਨੇਰੇ ਅੰਦਰ ਮਨੁੱਖ ਦੇ ਮਨ ਵਿਚ ਭੂਤਾਂ ਪ੍ਰੇਤਾਂ ਆਦਿ ਦਾ ਗੁਪਤ ਰੂਹਾਂ ਦਾ ਭੈ ਬਣਿਆ ਰਹਿਣਾ।

੭. **ਅਕਸਮਾਤ੍ਰ ਭੈ :** ਅਕਸਮਾਤ੍ਰ = ਅਚਨਚੇਤ ਕਿਸੇ ਘਟਨਾ ਵਾਪਰਨ ਦਾ ਭੈ ਬਣਿਆ ਰਹਿਣਾ। ਜਿਵੇਂ ਅਸਮਾਨੀ ਬਿਜਲੀ ਕੜਕਣ ਤੇ ਡਿੱਗਣ ਦਾ ਡਰ ਜਾਂ ਕਿਸੇ ਵਹੀਕਲ 'ਤੇ ਜਾਣ ਸਮੇਂ ਦੁਰਘਟਨਾ ਵਾਪਰਨ ਦਾ ਭੈ ਬਣਿਆ ਰਹਿਣਾ।

ਇਹ ਸੱਤ ਪ੍ਰਕਾਰ ਦਾ ਦੁਨਿਆਵੀ ਭੈ ਮੰਨਿਆ ਹੈ, ਇਸ ਤੋਂ ਇਲਾਵਾ ਇਕ ਮੌਤ ਦਾ ਭੈ ਹੈ, ਜੋ ਸਾਰਿਆਂ ਨੂੰ ਵਿਆਪ ਰਿਹਾ ਹੈ, ਮੌਤ ਤੋਂ ਸਾਰੇ ਹੀ ਡਰਦੇ ਹਨ। ਜੈਸਾ ਕਿ :

**ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥** *(ਬਿਹਾਗੜੇ ਕੀ ਵਾਰ ਮ: ੪, ਅੰਗ ੫੫੫)*

ਪਰ ਜਿਸ ਨੇ ਵੈਰਾਗ ਬਿਬੇਕ ਪੁੱਤਰ ਪੈਦਾ ਕਰ ਲਏ ਹਨ, ਉਹ ਇਨ੍ਹਾਂ ਸਾਰੇ ਭੈਆਂ ਤੋਂ ਰਹਿਤ ਹੋ ਕੇ ਨਿਰਭਉ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

## ਇਤਿ ਤ੍ਰਿਤੀਯ ਅਧਜਾਯ॥੩॥

ਇਥੇ ਹੁਣ ਤ੍ਰਿਤੀਯ = ਤੀਸਰੇ ਅਧਿਆਇ ਦੀ ਇਤਿ = ਸਮਾਪਤੀ ਹੁੰਦੀ ਹੈ॥੩॥

## ੧ਓ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਦੋਹਰਾ ॥

## ਉਤਕੰਠਾ ਨਿਜ ਚਿਤ ਕੀ; ਕਹੇ ਚਤੁਰਥੇ ਧ੍ਯਾਇ ॥

ਰਾਜਾ ਭਰਥਰੀ ਜੀ ਨਿਜ = ਆਪਣੇ ਚਿੱਤ ਕੀ = ਦੀ ਉਤਕੰਠਾ = ਪ੍ਰਬਲ ਇੱਛਾ ਚਤੁਰਥੇ = ਚੌਥੇ ਅਧਿਆਇ ਵਿਚ ਕਹੇ = ਕਹਿਣਾ ਕਰਦੇ ਹਨ।

## ਕਰਤ ਬਿਨੌਂ ਨ੍ਰਿਪ ਸੰਭੁ ਪਹਿ; ਸਾਤ ਸਲੋਕ ਬਨਾਇ ॥੧॥

ਨ੍ਰਿਪ = ਰਾਜਾ ਭਰਥਰੀ ਜੀ ਇਸ ਅਧਿਆਇ ਵਿਚ ਸਾਤ = ਸੱਤ ਸਲੋਕ ਬਨਾਇ = ਬਣਾ ਕਰਕੇ ਸੰਭੁ = ਸ਼ਿਵਜੀ ਦੇ ਪਹਿ = ਪਾਸ ਬਿਨੌਂ = ਬੇਨਤੀ ਕਰਤ = ਕਰਦੇ ਹਨ ॥੧॥

## ਤੋਟਕ ਛੰਦ ॥

## ਇਕ ਏਕ ਨਿਸਾਪ੍ਰਿਹ; ਸ਼ਾਤਿ ਮਨਾ ॥
## ਕਰ ਪਾਤ੍ਰ; ਪਵਿਤ੍ਰ ਦਿਸਾ ਬਸਨਾ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਇਕ ਏਕ = ਕੇਵਲ ਇਕੱਲਾ ਹੀ ਨਿਸਾਪ੍ਰਿਹ = ਇੱਛਾ ਰਹਿਤ ਅਤੇ ਮਨ ਕਰਕੇ ਸ਼ਾਂਤ ਹੋਵਾਂ ਤੇ ਮੇਰੇ ਕਰ = ਹੱਥ ਵਿਚ ਪਾਤ੍ਰ = ਭਾਂਡਾ ਹੋਵੇ ਤੇ ਦਿਸ਼ਾਂ ਦੇ ਹੀ ਪਵਿਤ੍ਰ ਬਸਨਾ = ਬਸਤਰ ਪਾਉਣੇ ਕਰਾਂ।

## ਕਰਮਾ ਨਿਰਮੂਲਨ; ਮੈ ਨਿਪੁਨਾ ॥
## ਸਿਵਜੀ ਕਬ ਹ੍ਵੈ; ਮਮ ਐਸ ਦਿਨਾ ॥੨॥

ਸਕਾਮ ਕਰਮਾਂ ਨੂੰ ਮੈਂ (ਨਿਰ + ਮੂਲਨ) ਮੂਲਨ = ਜੜ੍ਹ ਤੋਂ ਨਿਰ = ਰਹਿਤ ਭਾਵ ਪਟਣ ਵਿਚ ਨਿਪੁਨਾ = ਨਿਪੁੰਨ, ਚਤੁਰ ਹੋਵਾਂ। ਹੇ ਸ਼ਿਵਜੀ ! ਮਮ = ਮੇਰੇ ਐਸ = ਇਸ ਪ੍ਰਕਾਰ ਦੇ ਦਿਨਾ = ਦਿਨ ਕਬ = ਕਦੋਂ ਹ੍ਵੈ = ਹੋਵਣਗੇ ?॥੨॥

## ਕਬਿੱਤ ॥

***ਨੋਟ :*** ਲੜੀ ਜੋੜਨ ਵਾਸਤੇ ਪਹਿਲਾਂ ਚੌਥੀ ਤੁਕ ਦਾ ਅਰਥ ਕਰਨਾ।

**ਭਵ ਕੇ ਅਭੋਗਨ ਤੇ, ਭਯੋ ਅਬ ਉਦਬੇਗ;**
**ਕਰੋਂ ਐਸੀ ਬਿਧੀ ਬੇਗ, ਐਸੀ ਮੋਰੀ ਮਤ ਹੈ ॥੩॥**

ਹੇ ਪ੍ਰਭੂ ! ਅਬ = ਹੁਣ ਮੈਨੂੰ ਭਵ = ਸੰਸਾਰ ਕੇ = ਦੇ ਅਭੋਗਨ = ਖੋਟੇ ਭੋਗਾਂ ਤੇ = ਤੋਂ ਉਦਬੇਗ = ਵੈਰਾਗ ਭਯੋ = ਹੋ ਗਿਆ ਹੈ। ਇਸ ਕਰਕੇ ਬੇਗ = ਜਲਦੀ ਦੇ ਨਾਲ ਮੇਰੀ ਐਸੀ ਬਿਧੀ ਕਰੋ = ਕਰ ਦੇਵੋ, ਇਹ ਮੇਰੀ ਐਸੀ ਮਤ = ਸਲਾਹ ਹੈ ਕਿ :

**ਸ਼ਾਂਤਿ ਧੁਨੀ, ਜਾਮਨੀ ਕੀ ਚਾਂਦਨੀ ਅਮਿਤ ਦੁਤ;**
**ਤਾ ਸੋਂ ਗੰਗਾ ਤੀਰ ਤਲੋਂ, ਉੱਜਲੋ ਲਸਤ ਹੈ ॥**

ਜਾਮਨੀ = ਰਾਤਰੀ ਕੀ = ਦੀ ਸ਼ਾਂਤਿ ਧੁਨੀ = ਆਵਾਜ਼ ਵਿਚ ਚੰਦਰਮਾ ਦੀ ਚਾਂਦਨੀ ਦਾ ਅਮਿਤ = ਬੇਹੱਦ ਦੁਤ = ਪ੍ਰਕਾਸ਼ ਹੋਵੇ, ਤਾ = ਉਸ ਪ੍ਰਕਾਸ਼ ਦੇ ਸੋਂ = ਨਾਲ ਨਾਲ ਗੰਗਾ ਦੇ ਤੀਰ = ਕਿਨਾਰੇ ਦਾ ਤਲੋਂ = ਹੇਠਲਾ ਹਿੱਸਾ ਉੱਜਲੋ = ਚਿੱਟਾ-ਚਿੱਟਾ ਲਸਤ = ਚਮਕਦਾ ਹੋਵੇ।

**ਤਾ ਮੈ ਸੁਖੀ ਬਹੂੰ ਕਹੂੰ ਸ਼ਿਵ ਸ਼ਿਵ ਕਹੂੰ;**
**ਐਸੀ ਬਾਨੀ ਭਨੋਂ, ਜੈਸੇ ਪ੍ਰਾਨੀ ਦੁਖਾਰਤ ਹੈ ॥**

ਤਾ = ਉਸ ਉਜਾਲੇ ਵਾਲੀ ਥਾਂ ਵਿਚ ਮੈਂ ਕਹੂੰ = ਕਿਤੇ ਪਾਸੇ ਸੁਖੀ = ਸੁਖ ਪੂਰਵਕ ਬਹੂੰ = ਬੈਠਣਾ ਕਰਾਂ ਅਤੇ ਸ਼ਿਵ ਸ਼ਿਵ = ਓਮ ਸ਼ਿਵਾਯ, ਓਮ ਸ਼ਿਵਾਯ ਕਹੂੰ = ਕਹਿਣਾ ਕਰਾਂ, ਐਸੀ = ਇਸ ਪ੍ਰਕਾਰ ਦੀ ਬਾਨੀ ਮੈਂ ਭਨੋ = ਉਚਾਰਨਾ ਕਰਾਂ, ਜੈਸੇ = ਜਿਸ ਪ੍ਰਕਾਰ ਕੋਈ ਦੁਖਾਰਤ = ਦੁਖੀ ਪ੍ਰਾਨੀ ਪੁਕਾਰਦਾ ਹੋਵੇ।

**ਪ੍ਰੇਮ ਉਦੈ ਪਾਥ ਸਾਥ ਦ੍ਰਿਗ ਭੀਗ ਜਾਂਹਿ;**
**ਕਬ ਆਵੈ ਸਾਹਿ ਸਾਹਿ ਮੌ ਰੋਮਾਂਚ ਪੁਲਕਤ ਹੈ ॥**

ਇਉਂ ਪ੍ਰੇਮ ਦੇ ਉਦੈ = ਪ੍ਰਗਟ ਹੋਣ ਨਾਲ ਪਾਥ = ਪਾਣੀ ਭਾਵ ਹੰਝੂਆਂ ਸਾਥ = ਨਾਲ ਮੇਰੇ ਦ੍ਰਿਗ = ਨੇਤਰ ਭੀਗ = ਭਿੱਜ ਜਾਂਹਿ = ਜਾਣ ਤੇ ਕਦੇ ਸਾਹਿ ਸਾਹਿ = ਹਾਉਕੇ ਆਉਣ ਅਤੇ ਆਨੰਦ ਵਿਚ ਰੋਮਾਂਚ ਪੁਲਕਤ = ਰੋਮ ਰੋਮ ਖੜੇ ਹੋ ਜਾਣ। ਹੇ ਪ੍ਰਭੂ ! ਮੇਰੇ ਇਹੋ ਜਿਹੇ ਦਿਨ ਕਬ = ਕਦੋਂ ਆਵੈ = ਆਉਣਗੇ ?

**ਭਵ ਕੇ ਅਭੋਗਨ ਤੇ, ਭਯੋ ਅਬ ਉਦਬੇਗ;**
**ਕਰੋਂ ਐਸੀ ਬਿਧੀ ਬੇਗ, ਐਸੀ ਮੋਰੀ ਮਤ ਹੈ ॥੩॥**

***ਨੋਟ :*** ਇਸ ਪੰਕਤੀ ਦੇ ਅਰਥ ਕਬਿੱਤ ਦੇ ਅਰੰਭ ਵਿਚ ਹੋ ਚੁੱਕੇ ਹਨ ॥੩॥

## ਕਬਿੱਤ ॥

## ਨ੍ਹਾਇਕੇ ਨਵਾਊਂ ਗੰਗਾ ਪਾਥ ਸਾਥ ਨਾਥ ਤੁਮੈ;
## ਸੁਚ ਫੂਲ ਫਲੌਂ ਕਰ ਰੁਚਿ ਧਰ ਧਿਆਵੇਂਗੇ ॥

ਹੇ ਨਾਥ! ਜਦੋਂ ਮੈਂ ਗੰਗਾ ਪਾਥ = ਜਲ ਵਿਚ ਆਪ ਨ੍ਹਾਇਕੇ = ਨਹਾ ਕਰਕੇ ਫੇਰ ਤੁਮੈ = ਤੁਹਾਨੂੰ ਗੰਗਾ ਜਲ ਸਾਥ = ਨਾਲ ਨਵਾਊਂ = ਨਵਾਉਣਾ ਕਰਾਂਗਾ ਅਤੇ ਸੁਚ = ਪਵਿੱਤਰ ਫੂਲ ਫਲੌ = ਫੁੱਲਾਂ-ਫਲਾਂ ਨੂੰ ਇਕੱਠੇ ਕਰ ਕੇ ਰੁਚਿ = ਪ੍ਰੀਤੀ ਸਹਿਤ ਤੁਹਾਡੇ ਅੱਗੇ ਧਰ = ਰੱਖਣਾ ਕਰਾਂਗਾ ਤੇ ਤੁਹਾਡਾ ਧਿਆਵੇਂਗੇ = ਸਿਮਰਨ ਕਰਾਂਗਾ।

## ਧਿਆਨ ਜੋਗ ਧਿਆਨ ਤੇਰੋ, ਤਾ ਮੈ ਲਾਗੇ ਮਨ ਮੇਰੋ;
## ਸੈਲ ਦਰੀ ਕਿਲਾ ਕੇ ਪ੍ਰਯੰਗ ਪੈ ਸੁਹਾਵੇਂਗੇ ॥

ਜੋ ਧਿਆਨ ਧਰਨੇ ਯੋਗ ਤੇਰੋ = ਤੁਹਾਡਾ ਧਿਆਨ ਹੈ, ਤਾ = ਉਸ ਮੈ = ਵਿਚ ਜਦੋਂ ਮੇਰੋ = ਤੇਰਾ ਮਨ ਲਾਗੇ = ਲੱਗਣਾ ਕਰੇਗਾ ਤੇ ਜਦੋਂ ਮੈਂ ਸੈਲ ਦਰੀ = ਪਹਾੜ ਦੀ ਗੁਫ਼ਾ ਕੇ = ਦੇ ਸਿਲਾ ਰੂਪ ਪ੍ਰਯੰਗ = ਮੰਜੇ ਪੈ = ਉੱਪਰ ਸੁਹਾਵੇਂਗੇ = ਸੋਭਾ ਪਾਵਾਂਗਾ।

## ਨਿਜਾਨੰਦ ਕਰ ਫਲਾ ਹਾਰੀ ਰਤਿ ਤਰ;
## ਗੁਰੋਂ ਕੇ ਬਚਨ ਸੋਂ ਚਰਨ ਥਾਰੇ ਭਾਵੇਂਗੇ ॥

ਜਦੋਂ ਮੈਂ (ਨਿਜ + ਆਨੰਦ) ਨਿਜ = ਆਪਣੇ ਆਤਮ ਸਰੂਪ ਦੇ ਆਨੰਦ ਕਰਕੇ ਸੁਖੀ ਹੋਵਾਂਗਾ ਤੇ ਤਰ = ਬ੍ਰਿਛਾਂ ਦੇ ਫਲਾ ਹਾਰੀ = ਫਲਾਂ ਰੂਪ ਭੋਜਨ ਨਾਲ ਰਤਿ = ਪ੍ਰੀਤ ਕਰਾਂਗਾ ਅਤੇ ਗੁਰੋਂ = ਗੁਰਾਂ ਕੇ = ਦੇ ਬਚਨਾਂ ਸੋਂ = ਨਾਲ ਥਾਰੇ = ਤੁਹਾਡੇ ਚਰਨ ਜਦੋਂ ਮੈਨੂੰ ਭਾਵੇਂਗੇ = ਚੰਗੇ ਲੱਗਣਾ ਕਰਨਗੇ।

## ਸਮਰਾਰੀ ਥਾਰੀ ਕ੍ਰਿਪਾ ਅਨੁਸਾਰੇ, ਸਾਰੇ ਦੁਖ ਸਾਰੇ;
## ਹਮ ਜਦੋਂ, ਸੋ ਦਿਹਾਰੇ ਕਦੋਂ ਆਵੇਂਗੇ ॥੪॥

ਹੇ ਸਮਰਾਰੀ = ਸਮਰ ਦੈਂਤ ਨੂੰ ਨਾਸ਼ ਕਰਨ ਵਾਲੇ **ਵਾ:** ਕਾਮ ਦੇ ਵੈਰੀ ਸ਼ਿਵਜੀ! ਜਦੋਂ ਹਮ = ਮੈਂ ਥਾਰੀ = ਤੁਹਾਡੀ ਕ੍ਰਿਪਾ ਅਨੁਸਾਰ ਸਾਰੇ ਦੁਖਾਂ-ਕਲੇਸ਼ਾਂ ਨੂੰ ਸਾਰੇ = ਸਾੜ ਲਵਾਂਗਾ, ਸੋ = ਉਹ ਦਿਹਾਰੇ = ਦਿਨ ਮੇਰੇ ਉੱਤੇ ਕਦੋਂ ਆਵੇਂਗੇ = ਆਉਣਗੇ?

## ਕਬਿੱਤ ॥

## ਸੁੰਦਰੀ ਕੇ ਭੋਗਨ ਮੈਂ, ਸੁੰਦਰ ਏ ਕਾਲ ਗਯੋ;
## ਧਾਰ ਕੇ ਭਵੋਟ ਭਵਯੋ ਸੋਗ ਮਗ ਚਿਰ ਮੈਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਮੇਰਾ ਏ = ਇਹ ਮਨੁੱਖਾ ਜਨਮ ਦਾ ਸੁੰਦਰ ਕਾਲ = ਸਮਾਂ

ਸੁੰਦਰੀ = ਇਸਤਰੀ (ਪਿੰਗਲਾ) ਕੇ = ਦੇ ਭੋਗਨ = ਭੋਗਾਂ ਵਿਚ ਹੀ ਗੁਜ਼ਰ ਗਯੋ = ਗਿਆ ਹੈ ਅਤੇ ਮੈਂ (ਭਵ + ਓਟ) ਭਵ = ਸੰਸਾਰ ਦੇ ਓਟ = ਆਸਰੇ ਨੂੰ ਚਿਰ ਤਕ ਧਾਰਨ ਕਰ ਕੇ ਸੋਗ = ਗ਼ਮਾਂ ਦੇ ਮਗ = ਰਸਤੇ ਵਿਚ ਭਵਯੋ = ਫਿਰਦਾ ਰਿਹਾ ਹਾਂ **ਵਾ:** ਸੋਗ = ਗ਼ਮਾਂ ਦੇ ਰਸਤੇ ਵਿਚ ਚਿਰ ਤਕ ਫਿਰਦਾ ਰਿਹਾ ਹਾਂ।

## ਪਾਯੋ ਅਤਿ ਖੇਦ, ਗਯੋ ਥਾਕ, ਨਿਰਵੇਦ ਅਬ;
## ਚਹੋਂ ਗੰਗ ਤੀਰ ਪਰ ਬਹੋ, ਉਤ ਗਿਰ ਮੈਂ॥

ਹੇ ਪ੍ਰਭੂ! ਮੈਂ ਇਨ੍ਹਾਂ ਭੋਗਾਂ ਕਰਕੇ ਅਤਿ = ਅਤਿਅੰਤ ਹੀ ਖੇਦ = ਦੁੱਖ ਪਾਯੋ = ਪਾਉਣਾ ਕੀਤਾ ਹੈ ਤੇ ਮੈਂ ਥਾਕ = ਥੱਕ ਗਯੋ = ਗਿਆ ਹਾਂ, ਇਸ ਕਰਕੇ ਅਬ = ਹੁਣ ਮੈਂ ਇਨ੍ਹਾਂ ਭੋਗਾਂ ਤੋਂ ਨਿਰਵੇਦ = ਵੈਰਾਗ ਚਾਹੁੰਦਾ ਹਾਂ। ਬਾਕੀ ਦੀ ਉਮਰ ਮੈਂ ਗੰਗਾ ਦੇ ਤੀਰ = ਕਿਨਾਰੇ ਪਰ = ਉੱਤੇ ਜਾਂ ਫੇਰ ਗਿਰ = ਪਹਾੜ ਉਤ = ਉੱਤੇ **ਵਾ:** ਪਰਬਤ ਦੀ ਗੁਫ਼ਾ ਵਿਚ ਬਹੋ = ਬੈਠ ਕਰਕੇ ਗੁਜ਼ਾਰਨਾ ਚਹੋਂ = ਚਾਹੁੰਦਾ ਹਾਂ।

## ਤੁੰਗ ਹੋਹਿੰ ਤਨ ਬਾਰ, ਨੈਨ ਪੂਰੇ ਪ੍ਰੇਮ ਬਾਰ;
## ਕੰਠ ਦਬੇ, ਨਾਮੋਂ ਚਾਰ, ਗੰਗਾ ਜਾਂ ਕੇ ਸਿਰ ਮੈਂ॥

ਮੇਰਾ ਤਨ = ਸਰੀਰ ਗੰਗਾ ਦੇ ਬਾਰ = ਪਾਣੀ ਦੇ ਕਿਨਾਰੇ ਸ਼ਿਵਜੀ ਦੀ ਯਾਦ ਵਿਚ ਤੁੰਗ = ਉੱਚਾ ਭਾਵ ਖੜਾ ਹੋਵੇ, ਨੈਨ = ਨੇਤਰ ਪ੍ਰੇਮ ਰੂਪੀ ਬਾਰ = ਪਾਣੀ ਨਾਲ ਪੂਰੇ = ਭਰੇ ਹੋਣ ਭਾਵ ਨੇਤਰਾਂ ਵਿਚ ਹੰਝੂ ਹੋਣ ਅਤੇ ਜਾਂ ਕੇ = ਜਿਸ ਸ਼ਿਵਜੀ ਦੇ ਸਿਰ ਮੈਂ = ਵਿਚ ਗੰਗਾ ਵੱਸ ਰਹੀ ਹੈ, ਉਸ ਦੇ ਚਾਰ = ਸੁੰਦਰ ਨਾਮੋਂ = ਨਾਮ ਨੂੰ ਮੈਂ ਸਿਮਰਨਾ ਕਰਾਂ ਅਤੇ ਸਿਮਰਨ ਕਰਦਿਆਂ ਮੇਰਾ ਕੰਠ = ਗਲਾ ਦਬੇ = ਦੱਬਿਆ ਜਾਵੇ।

## ਭੋਗ ਨਰਕਾਂਗਨ ਕੇ ਹੇਤ ਕੋ, ਨਾ ਭਜੋ ਅਬ;
## ਕਰੋਂ ਐਸੀ ਬਿਧਿ ਭਵੌਂ ਭਵ ਮੈ ਨ ਫਿਰ ਮੈਂ॥੫॥

ਹੇ ਸ਼ਿਵ! ਜੋ (ਨਰਕ + ਅਗਨ) ਨਰਕਾਂ ਰੂਪੀ ਅਗਨ = ਅੱਗ ਕੋ = ਦਾ ਹੇਤ = ਕਾਰਣ ਵਿਸ਼ੇ ਭੋਗ ਹਨ, ਅਬ = ਹੁਣ ਤੋਂ ਮੈਂ ਕਦੇ ਵੀ ਉਨ੍ਹਾਂ ਨੂੰ ਭੋਗਣਾ ਤਾਂ ਇਕ ਪਾਸੇ ਬਲਕਿ ਭਜੋ = ਸਿਮਰਨਾ ਵੀ ਨਾ ਕਰਾਂ। ਇਸ ਕਰਕੇ ਕੋਈ ਐਸੀ = ਅਜਿਹੀ ਵਿਧੀ ਕਰੋ = ਕਰ ਦੇਣਾ ਕਰੋ ਕਿ ਜਿਸ ਕਰਕੇ ਮੈਂ ਫਿਰ = ਦੁਬਾਰਾ ਭਵ = ਸੰਸਾਰ ਦੇ ਮੈ = ਵਿਚ ਜਨਮ ਧਾਰ ਕੇ ਭਵੌਂ = ਭਟਕਦਾ ਨਾ ਫਿਰਾਂ ਭਾਵ ਜੰਮਣ ਮਰਣ ਵਿਚ ਨਾ ਪਵਾਂ॥੫॥

## ਕਬਿੱਤ॥
## ਕਾਲ ਏਹ ਪੁੰਨਾਗਮੀਨ, ਸੋ ਤੋ ਭਯੋ ਬ੍ਰਿਥਾ ਖੀਨ;
## ਤਨ ਦੀਨ ਮਨੁ ਦੀਨ ਨਾਰੀ ਰਮਨੀਕ ਮੈ॥

ਜੋ ਇਹ (ਪੁੰਨ + ਆਗਮੀਨ) ਪੂਰਬਲੇ ਪੁੰਨਾਂ ਕਰਕੇ ਮਨੁੱਖਾ ਜਨਮ ਰੂਪੀ ਕਾਲ = ਸਮਾਂ ਆਗਮੀਨ = ਆ ਕੇ ਪ੍ਰਾਪਤ ਹੋਇਆ ਹੈ, ਸੋ = ਉਹ ਤਾਂ ਵਿਸ਼ੇ ਭੋਗਾਂ ਵਿਚ ਬ੍ਰਿਥਾ = ਵਿਅਰਥ ਹੀ ਖੀਨ = ਨਾਸ਼ ਕਰ ਲਿਆ ਹੈ, ਜੋ ਇਹ ਤਨ = ਸਰੀਰ ਪਰਮਾਤਮਾ ਨੇ ਭਜਨ ਸਿਮਰਨ ਕਰਨ ਵਾਸਤੇ ਦੀਨ = ਦਿੱਤਾ ਸੀ, ਜਿਸ ਨਾਲ

ਮਨ ਲਾ ਕੇ ਨਾਮ ਜਪਣਾ ਸੀ, ਉਹ ਤਨ ਤੇ ਮਨ ਤਾਂ ਮੈਂ ਮੰਦਭਾਗੇ ਨੇ ਰਮਨੀਕ = ਸੁੰਦਰ ਨਾਰੀ = ਇਸਤਰੀਆਂ ਦੇ ਵਿਸ਼ੇ ਭੋਗਾਂ ਮੈ = ਵਿਚ ਲਾ ਦੀਨ = ਦਿੱਤਾ ਹੈ।

**ਸੈਂਕਰੇ ਕਲੇਸੋ ਕੋ ਪ੍ਰਵੇਸੋ ਕਰ ਵਿਆਕੁਲ;**
**ਜੈਸੇ ਸੋ ਦਿਸਾ ਸਹੀ, ਸਹ ਕਹਾਂ ਕਹਾਂ ਤੀਕ ਮੈ॥**

ਸੈਂਕਰੇ = ਸੈਂਕੜੇ ਕਲੇਸੋ = ਦੁੱਖਾਂ ਕੋ = ਨੂੰ ਦੇਣ ਵਾਲੇ ਮੰਦ ਕਰਮਾਂ ਵਿਚ ਮੈਂ ਪ੍ਰਵੇਸੋ = ਪ੍ਰਵੇਸ਼ ਹੋ ਕਰਕੇ ਵਿਆਕੁਲ = ਮਹਾਂ ਦੁਖੀ ਹੋ ਰਿਹਾ ਹਾਂ। ਜੈਸੇ = ਜਿਸ ਪ੍ਰਕਾਰ ਮੇਰੀ ਉਸ ਵਿਆਕੁਲਤਾ ਕਰਕੇ ਸੋ = ਉਹ ਦਿਸਾ = ਹਾਲਤ ਹੋਈ ਹੈ ਤੇ ਸਹੀ = ਸਹਾਰਨਾ ਕੀਤੀ ਹੈ, ਉਹ ਸਹ = ਨਿਸ਼ਚਾ ਕਰ ਕੇ ਮੈਂ ਕਹਾਂ ਕਹਾਂ = ਕਿਥੋਂ ਕਿਥੋਂ ਤੀਕ = ਤਕ ਕਹਿਣੀ ਕਰਾਂ ?

**ਜੋ ਜੋ ਕਰੋਂ ਕਾਮ, ਸੋ ਸੋ ਦੁਖ ਗ੍ਰਾਮ ਮੋ ਕੋ;**
**ਅਹੋ ਵਹੀ ਅਪ ਕਾਮ ਕਰੋਂ ਅਬ ਤੀਕ ਮੈ॥**

ਜੋ ਜੋ = ਜਿਹੜਾ ਜਿਹੜਾ ਮੈਂ ਮਾੜਾ ਕਾਮ = ਕਰਮ ਕਰੋਂ = ਕੀਤਾ ਹੈ, ਸੋ ਸੋ = ਉਹ ਉਹ ਕਰਮ ਨੇ ਮੋ ਕੋ = ਮੈਨੂੰ ਦੁੱਖਾਂ ਦਾ ਗ੍ਰਾਮ = ਸਮੂਹ ਭਾਵ ਦੁੱਖਾਂ ਦਾ ਪੁੰਜ ਦੇ ਦਿੱਤਾ ਹੈ। ਅਹੋ = ਅਸਚਰਜ ਵਾਲੀ ਗੱਲ ਹੈ ਕਿ ਮੈਂ ਵਹੀ = ਉਹੋ ਹੀ ਅਪ = ਬੁਰੇ ਕਾਮ = ਕਰਮ ਅਬ ਤੀਕ = ਹੁਣ ਤਕ ਕਰੋਂ = ਕਰ ਰਿਹਾ ਹਾਂ।

**ਪ੍ਰਬਲ ਅਦਿਸ਼ਟ ਦੁਸ਼ਟ, ਜੋਰਤ ਅਨਿਸ਼ਟ ਮਾਂਹਿ;**
**ਤਾਂ ਕੇ ਸ਼ਾਂਤਿ ਬਿਨਾ ਸ਼ਾਂਤਿ ਨਾਹਿ ਚੀਨੋ ਠੀਕ ਮੈ॥੬॥**

ਭਰਥਰੀ ਜੀ ਕਥਨ ਕਰਦੇ ਹਨ ਕਿ ਪ੍ਰਬਲ = ਬਹੁਤ ਬਲ ਵਾਲੇ ਦੁਸ਼ਟ = ਭੈੜੇ ਅਦਿਸ਼ਟ = ਕਰਮ ਹੀ ਮੈਨੂੰ ਅਨਿਸ਼ਟ = ਬੁਰੇ ਕਰਮਾਂ ਮਾਂਹਿ = ਵਿਚ ਜੋਰਤ = ਜੋੜਨਾ ਕਰਦੇ ਹਨ, ਤਾਂ ਕੇ = ਇਨ੍ਹਾਂ ਦੇ ਸ਼ਾਂਤ ਭਾਵ ਨਾਸ਼ ਹੋਏ ਤੋਂ ਬਿਨਾ = ਬਗ਼ੈਰ ਮੈਨੂੰ ਆਤਮਿਕ ਸ਼ਾਂਤੀ ਪ੍ਰਾਪਤ ਨਾਹਿ = ਨਹੀਂ ਹੋ ਸਕਦੀ, ਇਹ ਗੱਲ ਮੈਂ ਠੀਕ = ਸਹੀ ਜਾਣ ਲਈ ਹੈ॥੬॥

## ਦੋਹਰਾ॥

**ਨਸ਼ਟ ਅਦ੍ਰਿਸ਼ਟ ਨਾ ਗਿਆਨ ਬਿਨ; ਗਯਾਨ ਨ ਬਿਨੁ ਵੈਰਾਗ॥**

ਇਸ ਕਰਕੇ ਗਿਆਨ ਹੋਏ ਤੋਂ ਬਿਨ = ਬਗ਼ੈਰ ਇਹ ਅਦ੍ਰਿਸ਼ਟ = ਕਰਮ ਨਸ਼ਟ = ਨਾਸ਼ ਨਹੀਂ ਹੁੰਦੇ ਅਤੇ ਵੈਰਾਗ ਤੋਂ ਬਿਨੁ = ਬਿਨਾਂ ਗਿਆਨ ਪ੍ਰਗਟ ਨਹੀਂ ਹੁੰਦਾ।

**ਤਾਂ ਤੇ ਭਵ ਨਿਰਵੇਦ ਪ੍ਰਦ; ਜਾ ਤੇ ਭਵ ਦੁਖ ਤਿਆਗ॥੭॥**

ਤਾਂ ਤੇ = ਇਸ ਕਰਕੇ ਹੇ ਭਵ = ਸ਼ਿਵ ! ਮੈਨੂੰ ਨਿਰਵੇਦ = ਵੈਰਾਗ ਪ੍ਰਦ = ਦੇਣਾ ਕਰੋ, ਜਾ ਤੇ = ਜਿਸ ਕਰਕੇ ਮੇਰਾ ਭਵ = ਸੰਸਾਰਕ ਦੁੱਖਾਂ ਤੋਂ ਤਿਆਗ = ਛੁਟਕਾਰਾ ਹੋਵੇ॥੭॥

## ਸ੍ਵੈਯਾ ॥ ਪੁੰਨ ਬਨੇ ਬਸ ਕੌਨ ਦਿਨੇ; ਭਨੋ ਭੋ ਸ਼ਿਵ ਸ਼ੰਭ ਜਟੀ ਸਮਰਾਰੀ ॥

ਪੁੰਨ = ਪਵਿੱਤਰ ਬਨੇ = ਜੰਗਲ ਵਿਚ ਵੱਸ ਕਰਕੇ ਭੋ = ਹੇ ਸ਼ਿਵ! ਹੇ ਸ਼ੰਭੂ! ਹੇ ਜਟੀ = ਜਟਾਧਾਰੀ! ਹੇ ਸਮਰਾਰੀ (ਸਮਰ ਦੈਂਤ ਨੂੰ ਮਾਰਨ ਵਾਲੇ ਸ਼ਿਵਜੀ) ਇਤਿਆਦਿਕ ਨਾਮ ਮੈਂ ਕੌਨ = ਕਿਹੜੇ ਦਿਨੇ = ਦਿਨ ਭਨੋ = ਉਚਾਰਨ ਕਰਾਂਗਾ।

## ਨਾਗਨ ਮੋਤਿਨ ਹਾਰਨ ਮੋ, ਉਤ ਸ਼ਤਰੁ ਬਲੀ; ਸੁ ਸੁਮਿਤ੍ਰ ਮੰਝਾਰੀ ॥

ਹੇ ਪ੍ਰਭੂ! ਨਾਗਨ = ਸੱਪਾਂ ਤੇ ਮੋਤਿਨ = ਮੋਤੀਆਂ ਦੇ ਹਾਰਨ = ਹਾਰਾਂ ਮੋ = ਵਿਚ, ਉਤ = ਉਧਰ ਬਲੀ = ਬਲਵਾਨ ਸ਼ਤਰੁ = ਦੁਸ਼ਮਣ ਤੇ ਉਸ ਸ੍ਰੇਸ਼ਟ ਮਿੱਤ੍ਰ ਮੰਝਾਰੀ = ਵਿਚ,

## ਮਾਹਿੰ ਮਨੀ ਮ੍ਰਿਤ ਪਿੰਡ ਵਿਖੈ; ਮਧ ਫੂਲੋਂ ਕੇ ਸਾਥਰ ਪਾਥਰ ਭਾਰੀ ॥

ਮਾਹਿੰ = ਪ੍ਰਕਾਸ਼ਮਈ ਮਣੀਆਂ ਤੇ ਮ੍ਰਿਤ = ਮਿੱਟੀ ਦੇ ਪਿੰਡ = ਗੋਲੇ ਵਿਖੈ = ਵਿਚ, ਫੂਲੋ = ਫੁੱਲਾਂ ਦੀ ਸਾਥਰ = ਸੇਜਾ ਤੇ ਪੱਥਰ ਦੀ ਭਾਰੀ ਸੇਜਾ ਮਧ = ਵਿਚ,

## ਵਣ ਤ੍ਰਿਣ ਬੀਚ ਤ੍ਰਿਆ ਬਿਖੇ; ਸਭ ਮੈਂ ਸਮ ਹ੍ਵੈ ਕਬ ਦ੍ਰਿਸ਼ਟ ਹਮਾਰੀ ॥੮॥

ਵਣ = ਬ੍ਰਿਛ ਤੇ ਤ੍ਰਿਣ = ਘਾਹ ਬੀਚ = ਵਿਚ ਤੇ ਤ੍ਰਿਆ = ਇਸਤਰੀਆਂ ਬਿਖੇ = ਵਿਚ ਇਤਿਆਦਿ ਸਭ = ਸਾਰਿਆਂ ਮੈਂ = ਵਿਚ ਹਮਾਰੀ = ਸਾਡੀ ਸਮ = ਸਮਾਨ ਦ੍ਰਿਸ਼ਟੀ ਕਬ = ਕਦੋਂ ਹ੍ਵੈ = ਹੋਵੇਗੀ ॥੮॥

## ਕਬਿੱਤ ॥

## ਗੰਗਾ ਤੀਰ ਪਰ, ਉਤ ਹਿਮ ਗਿਰਿ ਸਿਲਾ ਪਰ; ਬਾਂਧੇ ਪਦਮਾਸਨ ਕੋ ਮਨ ਇੰਦ੍ਰੇ ਜੀਤ ਕੇ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਗੰਗਾ ਨਦੀ ਦੇ ਤੀਰ = ਕਿਨਾਰੇ ਪਰ = ਉੱਤੇ ਉਤ = ਜਾਂ ਫਿਰ ਹਿਮ = ਹਿਮਾਲਯ ਗਿਰਿ = ਪਹਾੜ ਪਰ = ਉੱਤੇ ਮੈਂ ਆਪਣੇ ਸਰੀਰ ਨੂੰ ਉਥੇ ਇਸਥਿਤ ਹੋ ਕੇ ਤੇ ਪਦਮਾਸਨ ਕੋ = ਨੂੰ ਬਾਂਧੇ = ਬੰਨ੍ਹ ਕੇ ਭਾਵ ਲਗਾ ਕਰਕੇ ਮਨ ਤੇ ਇੰਦਰਿਆਂ ਨੂੰ ਜੀਤ ਕੇ = ਜਿੱਤਣਾ ਕਰਾਂਗਾ।

**ਪਦਮਾਸਨ** : ਜੋਗਮਤ ਅਨੁਸਾਰ ਕਮਲ ਦੇ ਆਕਾਰ ਦੀ ਇਕ ਬੈਠਕ, ਸੱਜਾ ਪੈਰ ਖੱਬੇ ਪੱਟ ਉੱਤੇ ਔਰ ਖੱਬਾ ਪੈਰ ਸੱਜੇ ਪੱਟ ਉੱਤੇ ਰੱਖ ਕੇ ਛਾਤੀ ਦਾ ਵਲ ਕੱਢ ਕੇ ਸਿੱਧੇ ਬੈਠਣਾ। ਸੱਜੀ ਬਾਂਹ ਪਿੱਠ ਪਿੱਛੋਂ ਦੀ ਲਿਆ ਕਰਕੇ ਸੱਜੇ ਪੈਰ ਦਾ ਅੰਗੂਠਾ ਤੇ ਖੱਬੀ ਬਾਂਹ ਨਾਲ ਖੱਬਾ ਅੰਗੂਠਾ ਫੜਨਾ। ਠੋਡੀ ਛਾਤੀ ਨਾਲ ਲਾ ਕੇ ਨੇਤਰਾਂ ਦੀ ਨਜ਼ਰ ਨੱਕ ਦੀ ਨੋਕ ਪਰ ਟਿਕਾਉਣੀ।

## ਬ੍ਰਹਮ ਕੇ ਧਿਆਨ ਕੀ ਅਭਖਾ ਵਿਧਿ ਸੋਂ ਨਿਵਾਸ;
## ਯੋਗ ਨਿੰਦ੍ਰਾ ਮਾਂਹਿ ਕਰੋਂ ਹਰੋਂ ਤਾਪ ਚੀਤ ਕੇ ॥

ਅਤੇ ਜੋ ਬ੍ਰਹਮ = ਪਰਮਾਤਮਾ ਕੇ = ਦੇ ਧਿਆਨ ਕੀ = ਦੀ ਵਿਧਿ = ਬਿਧੀ ਹੈ, ਉਸ ਦੇ ਸੋਂ = ਨਾਲ ਅਭਖਾ = ਨਿਰਵਿਕਲਪ ਸਮਾਧੀ ਵਿਚ ਨਿਵਾਸ = ਵੱਸਣਾ ਕਰਾਂ ਅਤੇ ਉਸ ਯੋਗ ਨਿੰਦ੍ਰਾ = ਜੋਗਾ ਅਭਿਆਸ ਦੀ ਨੀਂਦ ਵਿਚ ਭਾਵ ਨਿਰਵਿਕਲਪ ਸਮਾਧੀ ਮਾਂਹਿ = ਵਿਚ ਵੱਸ ਕਰਕੇ ਚੀਤ = ਚਿੱਤ ਕੇ = ਦੇ ਤਾਪ ਨੂੰ ਹਰੋਂ = ਨਾਸ਼ ਕਰੋਂ = ਕਰਨਾ ਕਰਾਂਗਾ, ਐਸੀ ਅਵਸਥਾ ਵਿਚ,

## ਜਠਰ ਕੁਰੰਗ ਕਰੇਂ ਸ੍ਰਿੰਗੋਂ ਸੰਗ ਕੰਡੂ ਮੋਹਿ;
## ਸੁਖ ਸੋਂ ਅਭੀਤ, ਮੋ ਕੋ ਜਾਨੇ ਸਮ ਭੀਤ ਕੇ ॥

ਜਠਰ = ਬੁੱਢੇ ਕੁਰੰਗ = ਹਿਰਨ ਆਪਣੇ ਸ੍ਰਿੰਗੋਂ = ਸਿੰਗਾਂ ਸੰਗ = ਨਾਲ ਮੋਹਿ = ਮੇਰੇ ਸਰੀਰ ਉੱਤੇ ਕੰਡੂ = ਖੁਰਕ ਕਰੇਂ = ਕਰਨਗੇ ਅਤੇ ਇਉਂ ਸੁਖ ਦੇ ਸੋਂ = ਨਾਲ ਅਭੀਤ = ਡਰ ਤੋਂ ਰਹਿਤ ਹੋ ਕੇ ਮੋ ਕੋ = ਮੈਨੂੰ ਭੀਤ = ਕੰਧ ਦੇ ਸਮ = ਸਮਾਨ ਜਾਨੇ = ਜਾਨ ਕੇ ਖੁਜਲੀ ਕਰਨਗੇ।

## ਪਾਰਬਤੀ ਨਾਥ ਮੈ ਅਨਾਥ ਕੇ ਅਭੀਤ ਵਾਰੇ;
## ਉੱਤਮ ਦਿਹਾਰੇ ਕਬ ਆਵੇਂ ਐਸੀ ਰੀਤ ਕੇ ॥੯॥

ਹੇ ਪਾਰਬਤੀ ਦੇ ਨਾਥ = ਸੁਆਮੀ ਸ਼ਿਵਜੀ ! ਮੈਂ = ਮੇਰੇ ਅਨਾਥ = ਯਤੀਮ ਕੇ = ਦੇ ਉੱਤੇ ਅਭੀਤ = ਡਰ ਤੋਂ ਰਹਿਤ ਹੋਣ ਵਾਰੇ = ਵਾਲੇ ਐਸੀ = ਇਹੋ ਜਿਹੀ ਰੀਤ = ਢੰਗ ਦੇ ਉੱਤਮ = ਸ੍ਰੇਸ਼ਟ ਦਿਹਾਰੇ = ਦਿਨ ਕਬ = ਕਦੋਂ ਆਵੇਂ = ਆਉਣਗੇ ?॥੯॥

## ਦੋਹਰਾ ॥
## ਨਿਜ ਵਿਖਾਣ ਕਰਿ ਹਰਿਣ ਕਰ;
## ਸੰਘਰਸਹਿੰ ਮਮ ਦੇਹ ॥

ਹੇ ਪ੍ਰਭੂ ! ਹਰਿਣ = ਮ੍ਰਿਗ ਕਦੋਂ ਨਿਜ = ਆਪਣੇ ਵਿਖਾਣ = ਸਿੰਗਾਂ ਦੇ ਕਰਿ = ਨਾਲ ਮਮ = ਮੇਰੇ ਦੇਹ = ਸਰੀਰ ਨੂੰ ਸੰਘਰਸਹਿੰ = ਰਗੜਨਾ ਭਾਵ ਖੁਰਕਨਾ ਕਰ = ਕਰਨਗੇ ?

## ਮੋਹਿ ਖਬਰ ਹੇ ਹਰ ਨ ਹ੍ਵੈ;
## ਕਬ ਹ੍ਵੈ ਮਮ ਅਸ ਦੇਹ ॥੧੦॥

ਹੇ ਹਰ = ਹਰੀ ਪਰਮਾਤਮਾ ! ਮੋਹਿ = ਮੈਨੂੰ ਉਨ੍ਹਾਂ ਹਿਰਨਾਂ ਦੇ ਖੁਰਕਣ ਦੀ ਖ਼ਬਰ ਵੀ ਨਾ ਹ੍ਵੈ = ਹੋਵੇ, ਅਸ = ਇਸ ਪ੍ਰਕਾਰ ਦੇ ਨਾਲ ਮਮ = ਮੇਰੀ ਦੇਹ ਬਾਹਰਲੇ ਗਿਆਨ ਤੋਂ ਰਹਿਤ ਕਬ = ਕਦੋਂ ਹ੍ਵੈ = ਹੋਵੇਗੀ ॥੧੦॥

## ਕਬਿੱਤ ॥

## ਕਾਂਸੀ ਗੰਗਾ ਕੇ ਕਿਨਾਰੇ, ਭਵ ਤੇ ਕਿਨਾਰੇ ਹੋਏ;
## ਕਦੋਂ ਬਸੋਂ ਬਸਨ ਕੌਪੀਨ ਏਕ ਧਾਰ ਕੇ ॥

ਹੇ ਪ੍ਰਭੂ! ਮੈਂ ਭਵ = ਸੰਸਾਰ ਤੇ = ਤੋਂ ਕਿਨਾਰੇ = ਇਕ ਪਾਸੇ ਭਾਵ ਤਿਆਗੀ ਹੋਏ = ਹੋ ਕਰਕੇ ਤੇ ਸਿਰਫ਼ ਸਰੀਰ 'ਤੇ ਏਕ = ਇਕ ਕੌਪੀਨ = ਲੰਗੋਟੀ ਰੂਪ ਬਸਨ = ਬਸਤਰ ਧਾਰਣ ਕਰ ਕੇ ਕਾਂਸ਼ੀ ਵਿਚ ਗੰਗਾ ਕੇ = ਦੇ ਕਿਨਾਰੇ = ਕੰਢੇ ਉੱਪਰ ਕਦੋਂ ਬਸੋਂ = ਵੱਸਣਾ ਕਰਾਂਗਾ?

## ਦੋਊ ਹਾਥ ਜੋਰ ਕਰ, ਨਾਯ ਮਾਥ ਨਮੋ ਕਰੋਂ;
## ਮ੍ਰਿਦ ਬਾਣੀ ਸਾਥ ਰਟੋਂ ਨਾਮ ਸਮਰਾਰਿ ਕੇ।

ਫਿਰ ਮੈਂ ਦੋਊ = ਦੋਵੇਂ ਹੱਥ ਜੋਰ = ਜੋੜ ਕਰਕੇ, ਮਾਥ = ਮੱਥਾ ਨਾਯ = ਨਿਵਾ ਕੇ ਸ਼ਿਵਜੀ ਨੂੰ ਨਮੋ = ਨਮਸਕਾਰ ਕਰਾਂਗਾ ਤੇ ਮ੍ਰਿਦ = ਮਿੱਠੀ ਬਾਣੀ ਦੇ ਸਾਥ = ਨਾਲ ਸਮਰਾਰਿ = ਸਮਰ ਦੈਂਤ ਦੇ ਵੈਰੀ ਸ਼ਿਵਜੀ ਕੇ = ਦੇ ਨਾਮ ਨੂੰ ਰਟੋਂ = ਉਚਾਰਨ ਕਰਾਂਗਾ।

## ਭੋ ਪ੍ਰਭੋ, ਭਵਾਨੀ ਵਰ, ਸੰਕਰ ਤ੍ਰਿਨੇਤਾ ਹਰ;
## ਤ੍ਰਿਪੁਰਾਰੀ, ਚੰਦ੍ਰਧਰ, ਭਵ ਭਵ ਹਾਰਿ ਕੇ ॥

ਭੋ = ਹੇ ਪ੍ਰਭੂ! ਹੇ ਭਵਾਨੀ = ਪਾਰਬਤੀ ਦੇ ਵਰ = ਸੁਆਮੀ! ਹੇ ਸ਼ੰਕਰਾ! ਹੇ ਤ੍ਰਿਨੇਤਾ = ਤਿੰਨ ਨੇਤਰਾਂ ਵਾਲੇ ਹਰ = ਸ਼ਿਵਜੀ! ਹੇ ਤ੍ਰਿਪੁਰਾਰੀ = ਤ੍ਰਿਪੁਰ ਦੈਂਤ ਨੂੰ ਮਾਰਨ ਵਾਲੇ! ਹੇ ਚੰਦ੍ਰਧਰ = ਚੰਦਰਮਾ ਨੂੰ ਸਿਰ 'ਤੇ ਧਾਰਣ ਵਾਲੇ! ਹੇ ਭਵ = ਸੰਸਾਰ ਦੇ ਭਵ = ਡਰ ਨੂੰ ਹਾਰਿ = ਨਾਸ਼ ਕਰਨ ਵਾਲੇ! ਇਤਿ ਆਦਿਕ ਨਾਮ ਜਪਦਿਆਂ,

## ਖਿਣ ਸਮ ਦਿਨ ਸਬ ਮੇਰੋ ਬੀਤ ਜਾਵੈ ਜਬ;
## ਐਸੇ ਅਹਿ ਆਵੈਂ ਕਬ, ਕਹੋ ਕ੍ਰਿਪਾ ਧਾਰ ਕੇ ॥੧੧॥

ਜਬ = ਜਦੋਂ ਮੇਰੋ = ਮੇਰਾ ਇਕ ਖਿਨ ਦੇ ਸਮ = ਸਮਾਨ ਸਬ = ਸਾਰਾ ਦਿਨ ਬੀਤ = ਬਤੀਤ ਹੋ ਜਾਵੈ = ਜਾਵੇ, ਐਸੇ = ਇਹੋ ਜਿਹੇ ਅਹਿ = ਦਿਨ ਮੇਰੇ ਕਬ = ਕਦੋਂ ਆਵੈਂ = ਆਉਣਗੇ? ਹੇ ਪ੍ਰਭੂ! ਤੁਸੀਂ ਇਹ ਗੱਲ ਕਿਰਪਾ ਧਾਰ ਕਰਕੇ ਕਹੋ = ਦੱਸਣਾ ਕਰੋ॥੧੧॥

## ਸ਼ੰਕਰ ਛੰਦ ॥

## ਕਬ ਦੇਹੁੰ ਮੈ ਅਰਥੀਨ; ਸਰਬੰਸ ਜੋਰ ਕਰ ਕਰ ਦੋਇ ॥

ਹੇ ਪ੍ਰਭੂ! ਮੈਂ ਅਰਥੀਨ = ਮੰਗਤਿਆਂ ਨੂੰ ਦੋਇ = ਦੋਵੇਂ ਕਰ = ਹੱਥਾਂ ਨੂੰ ਜੋਰ = ਜੋੜ ਕਰਕੇ ਕਬ = ਕਦੋਂ ਆਪਣਾ ਸਰਬੰਸ ਵਾਰ ਦੇਹੁੰ = ਦੇਵਾਂਗਾ?

## ਕਬ ਤਰੁਣ ਕਰਣਾ ਸਾਥ; ਅੰਤਹਕਰਣ ਪੂਰਣ ਹੋਇ॥

ਅਤੇ ਕਬ = ਕਦੋਂ ਤਰੁਣ = ਨਵੀਂ ਤੋਂ ਨਵੀਂ ਕਰਣਾ = ਕਿਰਪਾ ਭਾਵ ਸ੍ਰੇਸ਼ਟ ਗੁਣਾਂ ਦੇ ਸਾਥ = ਨਾਲ ਮੇਰਾ ਅੰਤਸ਼ਕਰਣ ਪੂਰਣ = ਲਬਾਲਬ ਹੋਇ = ਹੋਵੇਗਾ।

## ਦੁਸ਼ਕਾਮ ਕੋ ਪਰਿਣਾਮ; ਜੋਨੀ ਤ੍ਰਿਗਦਾਦਿ ਅਪਾਰ॥

ਦੁਸ਼ਕਾਮ = ਭੈੜੇ ਕਰਮਾਂ ਕੋ = ਦਾ ਪਰਿਣਾਮ = ਫਲ ਜੋ (ਤ੍ਰਿਗਦ + ਆਦਿ) ਤ੍ਰਿਗਦ = ਸੱਪ, ਡੱਡੂ ਆਦਿ ਅਪਾਰ = ਬੇਅੰਤ ਜੋਨੀ = ਜੂਨਾਂ ਵਿਚ ਭੋਗਣਾ ਪੈਂਦਾ ਹੈ।

## ਤਿਹ ਦੁਖ ਸੀਮਾ ਪਿਖ ਡਰੋਂ; ਨਿਜ ਮੰਦ ਕਰਮ ਨਿਹਾਰ॥੧੨॥

ਇਸ ਕਰਕੇ ਮੈਂ ਨਿਜ = ਆਪਣੇ ਤਿਹ = ਉਨ੍ਹਾਂ ਮੰਦ = ਭੈੜੇ ਕਰਮਾਂ ਨੂੰ ਨਿਹਾਰ = ਵੇਖ ਕਰਕੇ ਡਰੋਂ = ਡਰ ਰਿਹਾ ਹਾਂ, ਜਿਨ੍ਹਾਂ ਭੈੜੇ ਕਰਮਾਂ ਦਾ ਸੀਮਾ = ਹੱਦ ਬੰਨਾ ਪਿਖ = ਵੇਖ ਕੇ ਭਾਵ ਮੈਨੂੰ ਵੀ ਮਾੜੇ ਕਰਮਾਂ ਕਰਕੇ ਐਸੀਆਂ ਟੇਢੀਆਂ ਜੂਨੀਆਂ ਮਿਲਣਗੀਆਂ, ਤਾਂ ਡਰ ਰਿਹਾ ਹਾਂ॥੧੨॥

## ਸ਼ੰਕਰ ਛੰਦ॥

## ਜਿਸ ਪੁੰਨ ਬਨ ਮੈ, ਸਰਦ ਹਿਮਕਰ; ਕਿਰਣ ਪਰਣਿਤ ਚਾਰ॥

ਜਿਸ ਪੁੰਨ = ਪਵਿੱਤਰ ਬਨ = ਜੰਗਲ ਮੈ = ਵਿਚ ਸਰਦ ਰੁੱਤ ਦੇ ਹਿਮਕਰ = ਚੰਦਰਮਾ ਦੀਆਂ ਚਾਰ = ਸੁੰਦਰ ਕਿਰਣਾਂ ਪਰਣਿਤ = ਪਸਰ ਭਾਵ ਪੈਂਦੀਆਂ ਹਨ।

## ਬਨ ਤਾਸ ਮੈ, ਕਰ ਬਾਸ ਮੈ; ਨਿਰਵੇਦ ਸਹਿਤ ਵਿਚਾਰ॥

ਹੇ ਪ੍ਰਭੂ! ਤਾਸ = ਉਸ ਬਨ = ਜੰਗਲ ਮੈ = ਵਿਚ ਮੈਂ ਬਾਸ = ਵੱਸਣਾ ਕਰਾਂ ਅਤੇ ਉਥੇ ਨਿਰਵੇਦ = ਵੈਰਾਗ ਦੇ ਸਹਿਤ = ਸਮੇਤ ਹੋ ਕੇ ਆਪਣੇ ਆਤਮ ਸਰੂਪ ਦੀ ਵਿਚਾਰ ਕਰਾਂ।

## ਮਮ ਚਿਤ ਕੋ ਹਰ ਚਰਣ ਕੀ ਤਰ; ਸ਼ਰਨ ਹੋਇ ਸਰਾਗ॥

ਮਮ = ਮੇਰੇ ਚਿਤ ਕੋ = ਨੂੰ ਹਰ = ਹਰੀ ਪਰਮਾਤਮਾ ਦੇ ਚਰਣਾਂ ਕੀ = ਦੀ ਸਰਣ ਸਰਾਗ = ਸਹਿਤ ਪ੍ਰੇਮ ਦੇ ਪ੍ਰਾਪਤ ਹੋਇ = ਹੋ ਜਾਣਾ ਕਰੇ, ਜੋ ਚਰਣ ਸੰਸਾਰ-ਸਮੁੰਦਰ ਤੋਂ ਤਰ = ਤਾਰਣ ਵਾਲੇ ਹਨ।

## ਜਬ ਇਮ ਬਿਤਾਵੋਂ ਬਿਮਲ ਰੈਨਾ; ਤਬੀ ਮੈ ਬਡਭਾਗ॥੧੩॥

ਜਬ = ਜਦੋਂ ਇਮ = ਇਸ ਪ੍ਰਕਾਰ ਦੇ ਨਾਲ ਮੈਂ ਬਿਮਲ = ਨਿਰਮਲ ਭਾਵ ਚਾਂਦਨੀ ਰੈਨਾ = ਰਾਤ ਬਿਤਾਵੋਂ = ਬਤੀਤ ਕਰਾਂਗਾ, ਤਬੀ = ਤਦੋਂ ਹੀ ਮੈਂ ਆਪਣੇ ਆਪ ਨੂੰ ਬਡਭਾਗ = ਵੱਡਿਆਂ ਭਾਗਾਂ ਵਾਲਾ ਮੰਨਣਾ ਕਰਾਂਗਾ॥੧੩॥

## ਦੋਹਰਾ॥ ਤਜਿ ਸੁੰਦਰ ਭਵ ਭੋਗ; ਕਬ ਲਖੋਂ ਨਿਜਾਤਮ ਆਪ॥

ਹੇ ਪ੍ਰਭੂ! ਮੈਂ ਕਬ = ਕਦੋਂ ਭਵ = ਸੰਸਾਰ ਦੇ ਸੁੰਦਰ ਭੋਗਾਂ ਨੂੰ ਤਜਿ = ਛੱਡ ਕਰਕੇ (ਨਿਜ + ਆਤਮ) ਨਿਜ = ਆਪਣੇ ਆਪ ਨੂੰ ਆਤਮ ਸਰੂਪ ਲਖੋਂ = ਲਖਣਾ (ਜਾਨਣਾ) ਕਰਾਂਗਾ।

## ਦੇਹ ਬਿਖੇ ਸੰਦੇਹ ਬਿਨ; ਵਿਚਰੋਂ ਤਬ ਨਿਹ ਪਾਪ ॥੧੪॥

ਜਦੋਂ ਮੈਂ ਦੇਹ ਬਿਖੇ = ਵਿਚ ਰਹਿੰਦਿਆਂ ਹੋਇਆਂ ਸੰਦੇਹ = ਆਪਣੇ ਸਰੀਰ ਤੋਂ ਬਿਨਾਂ ਭਾਵ ਦੇਹ-ਅਧਿਆਸ ਤੋਂ ਬਗ਼ੈਰ ਹੋ ਕਰਕੇ ਵਿਚਰੋਂ = ਵਿਚਰਨਾ ਕਰਾਂਗਾ, ਤਬ = ਤਦੋਂ ਹੀ ਮੈਂ ਪਾਪਾਂ ਤੋਂ ਨਿਹ = ਰਹਿਤ ਆਪਣੇ ਸਰੂਪ ਨੂੰ ਜਾਣਨਾ ਕਰਾਂਗਾ ॥੧੪॥

## ਦੋਹਰਾ ॥

## ਮੁਨੋ ਕਰਮ ਜੋ ਜੋ ਕਰੇ; ਸੋ ਸੋ ਹਮ ਹੂੰ ਕੀਨ ॥

ਜੋ ਜੋ = ਜਿਹੜੇ ਜਿਹੜੇ ਕਰਮ ਮੁਨੀ ਜਨਾਂ ਨੇ ਕੀਤੇ ਹਨ, ਸੋ ਸੋ = ਉਹੋ ਉਹੋ ਕਰਮ ਹਮ ਹੂੰ = ਮੈਂ ਵੀ ਕੀਨ = ਕੀਤੇ ਹਨ।

## ਤਿਨ ਕਰਮੋਂ ਕੇ ਫਲੋਂ ਕਰਿ; ਹਮ ਠਾਗੇ ਮਤਿ ਹੀਨ ॥੧੫॥

ਹੇ ਪ੍ਰਭੂ ! ਪਰ ਹਮ = ਮੈਂ ਸ੍ਰੇਸ਼ਟ ਮਤਿ = ਬੁੱਧੀ ਤੋਂ ਹੀਨ = ਹੀਣਾ ਤਿਨ = ਉਨ੍ਹਾਂ ਕਰਮੋਂ = ਕਰਮਾਂ ਕੇ = ਦੇ ਫਲੋਂ = ਫਲਾਂ ਕਰਕੇ ਠਾਗੇ = ਠੱਗਿਆ ਗਿਆ ਹਾਂ ॥੧੫॥

***ਪ੍ਰਸ਼ਨ :*** *ਕਿਸ ਪ੍ਰਕਾਰ ਦੇ ਨਾਲ ਠੱਗਿਆ ਗਿਆ ਹਾਂ ?*

***ਉੱਤਰ :***

## ਦੋਹਰਾ ॥

## ਮੁਨਿਨ ਲਹਯੋ ਸੁਖ ਰੂਪ ਫਲ; ਹਮ ਹੂੰ ਦੁਖ ਫਲ ਲੀਨ ॥

ਮੁਨਿਨ = ਮੁਨੀ ਜਨਾਂ ਨੇ ਤਾਂ ਉਨ੍ਹਾਂ ਕਰਮਾਂ ਦਾ ਫਲ ਸੁਖ ਰੂਪ ਵਿਚ ਲਹਯੋ = ਪ੍ਰਾਪਤ ਕੀਤਾ ਹੈ, ਪਰ ਹਮ ਹੂੰ = ਮੈਂ ਦੁੱਖ ਰੂਪ ਦੇ ਵਿਚ ਫਲ ਲੀਨ = ਲਿਆ ਹੈ।

## ਕਰੇ ਕਰਮ ਸਮ, ਵਿਖਮ ਫਲ; ਇਉ ਮੈਂ ਠਾਗਯੋ ਦੀਨ ॥੧੬॥

ਮੁਨੀ ਜਨਾਂ ਨੇ ਅਤੇ ਮੈਂ ਕਰਮ ਤਾਂ ਸਮ = ਇਕ-ਸਾਰ ਕੀਤੇ ਸਨ, ਪਰ ਮੈਂ ਵਿਖਮ = ਕਠਿਨ ਭਾਵ ਦੁੱਖ ਰੂਪ ਫਲ ਪਾਉਣਾ ਕੀਤਾ ਹੈ, ਇਉਂ ਮੈਂ ਦੀਨ = ਗ਼ਰੀਬ ਠਾਗਯੋ = ਠੱਗਿਆ ਗਿਆ ਹਾਂ ॥੧੬॥

***ਪ੍ਰਸ਼ਨ :*** *ਤੇਰੇ ਅਤੇ ਮੁਨੀ ਜਨਾਂ ਦੇ ਕਰਮ ਸਮਾਨ ਕਿਵੇਂ ਹਨ ?*

***ਉੱਤਰ :***

## ਦੋਹਰਾ ॥

## ਮੁਨਨਿ ਤਜੇ ਗ੍ਰਿਹ ਉਚਿਤ ਸੁਖ; ਕਰਿ ਸੰਤੋਖ ਬਿਬੇਕ ॥

ਮੁਨਨਿ = ਮੁਨੀ ਜਨਾਂ ਨੇ ਤਾਂ ਗ੍ਰਿਹ = ਘਰ ਦੇ ਜੋ ਉਚਿਤ = ਯੋਗ ਸੁਖ ਸਨ, ਉਹ ਸੰਤੋਖ = ਸਬਰ ਅਤੇ ਬਿਬੇਕ ਕਰਕੇ ਤਜੇ = ਤਿਆਗ ਦਿੱਤੇ ਹਨ।

## ਅਹੰ ਵਿਦੇਸ ਕਲੇਸ਼ ਕਰਿ; ਤਿਆਗੇ ਭੋਗ ਅਨੇਕ ॥੧੭॥

ਪਰ ਅਹੰ = ਮੈਂ ਧਨ ਆਦਿ ਦੀ ਇੱਛਾ ਕਰ ਕੇ ਵਿਦੇਸ਼ਾਂ ਵਿਚ ਜਾ ਕੇ ਕਲੇਸ਼ = ਦੁੱਖ ਹੀ ਪਾਏ ਹਨ, ਅਨੇਕਾਂ ਭੋਗਾਂ ਦੇ ਸੁਖ ਤਿਆਗ ਦਿੱਤੇ ਹਨ ॥੧੭॥

## ਦੋਹਰਾ ॥

## ਰਿਖਨ ਖਿਮਾਂ ਕਰਿ ਖਲੋਂ ਕੇ; ਸੋਢੇ ਦੁਰ ਬਚਨਾਦਿ ॥

ਰਿਖਨ = ਰਿਖੀ ਜਨਾਂ ਨੇ ਖਿਮਾ ਗੁਣ ਨੂੰ ਧਾਰਨ ਕਰ ਕੇ ਖਲੋਂ = ਮੂਰਖ ਪੁਰਖਾਂ ਕੇ = ਦੇ ਦੁਰ = ਖੋਟੇ ਬਚਨਾਦਿ = ਬਚਨ, ਗਾਲ੍ਹਾਂ ਆਦਿਕ ਸੋਢੇ = ਸਹਾਰਨੇ ਕੀਤੇ ਹਨ ਭਾਵ ਦੂਖਨ ਰੂਪ ਬਚਨਾਂ ਨੂੰ ਭੂਖਨ ਰੂਪ ਕਰ ਕੇ ਮੰਨਿਆ ਹੈ।

## ਮੈਂ ਭੀ ਸਹੇ ਕੁਵਾਕ ਪਰ; ਕਰ ਜਾਚਨ ਸੇਵਾਦਿ ॥੧੮॥

ਮੈਂ ਭੀ = ਵੀ ਲੋਕਾਂ ਦੇ ਕੁਵਾਕ = ਖੋਟੇ ਬਚਨ ਸਹੇ = ਸਹਾਰਨੇ ਕੀਤੇ ਹਨ, ਪਰ ਮੈਂ ਸੇਵਾਦਿ = ਸੇਵਾ ਆਦਿਕ ਤੇ ਧਨ ਜਾਚਨ = ਮੰਗਣ ਦੀ ਇੱਛਾ ਕਾਰਨ ਸਹਾਰੇ ਹਨ ॥੧੮॥

## ਦੋਹਰਾ ॥

## ਸੀਤ ਵਾਤ ਆਤਪ ਦੁਸਹ; ਪੁਨਾ ਕਲੇਸ ਅਪਾਰ ॥

ਮੁਨੀ ਜਨਾਂ ਨੇ ਤਪ ਕਰਨ ਦੇ ਲਈ ਸੀਤ = ਠੰਢੀ ਵਾਤ = ਹਵਾ ਤੇ ਦੁਸਹ = ਕਠਿਨ ਆਤਪ = ਧੁੱਪ, ਗਰਮੀ ਸਹਾਰਨਾ ਕੀਤੀ ਹੈ ਅਤੇ ਪੁਨਾ = ਫੇਰ ਅਪਾਰ = ਬੇਅੰਤ ਕਲੇਸ਼ = ਦੁੱਖ ਵੀ ਸਹਾਰਨਾ ਕੀਤੇ ਹਨ।

## ਮੁਨਿਨ ਸਹੇ ਤਪ ਧਾਰ ਕਰ; ਹਮੋਂ ਸਹੇ ਸਹੇ ਨਾਰਿ ॥੧੯॥

ਮੁਨਿਨ = ਮੁਨੀ ਜਨਾਂ ਨੇ ਤਾਂ ਤਪ ਧਾਰਨ ਕਰ ਕੇ ਉਪਰੋਕਤ ਦੁੱਖ ਸਹੇ ਹਨ। ਹਮੋਂ = ਮੈਂ ਵੀ ਇਹੋ ਜਿਹੇ ਦੁੱਖ ਸਹੇ = ਸਹਾਰਨਾ ਕੀਤੇ ਹਨ, ਪਰ ਮੈਂ ਨਾਰ = ਇਸਤਰੀ ਦੇ ਮੋਹ ਸਹੇ = ਸਹਿਤ ਖਚਿਤ ਹੋ ਕੇ ਸਹਾਰਨਾ ਕੀਤੇ ਹਨ ॥੧੯॥

## ਦੋਹਰਾ ॥

## ਹਰ ਪਦ ਪਦਨ ਜੁਗਲ ਮੁਨੋਂ; ਧਯਾਯੋ ਮਨੁ ਕ੍ਰਿਤ ਬਾਚ ॥

ਮੁਨੋ = ਮੁਨੀ ਜਨਾਂ ਨੇ ਹਰਿ = ਹਰੀ ਪਰਮਾਤਮਾ ਦੇ ਜੁਗਲ = ਦੋਵੇਂ ਪਦ ਪਦਨ = ਚਰਨਾਂ ਕਮਲਾਂ ਨੂੰ ਮਨ, ਬਾਚ = ਬਾਣੀ ਕ੍ਰਿਤ = ਸਰੀਰ ਕਰ ਕੇ ਧਯਾਯੋ = ਧਿਆਉਣਾ ਕੀਤਾ ਹੈ ॥

## ਪ੍ਰਾਣੋ ਕਪਿ ਦਿਨ ਰਾਤ ਮੈਂ; ਧਿਆਯੋ ਧਨ ਕੇ ਸਾਚ ॥੨੦॥

ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਵੀ ਉਸ ਪਰਮਾਤਮਾ ਨੂੰ ਦਿਨ ਰਾਤ ਮੈਂ = ਵਿਚ ਕਪਿ = ਫਿਰ-ਫਿਰ ਕੇ ਪ੍ਰਾਣੋ = ਸੁਆਸ ਸੁਆਸ ਕਰਕੇ ਧਨ ਨੂੰ ਸਾਚ = ਸੱਚਾ ਜਾਣ ਕਰਕੇ ਧਿਯਾਯੋ = ਧਿਆਉਣਾ ਕੀਤਾ ਹੈ ਭਾਵ ਧਨ ਲੈਣ ਦੇ ਲਈ ਧਿਆਉਣਾ ਕੀਤਾ ਹੈ ॥੨੦॥

## ਦੋਹਰਾ ॥

## ਖਿਮਾ ਤ੍ਰਿਪਤਿ ਯੁਤ ਦੁਰਬਚਨ ਸਹੋਂ; ਤਜੋ ਗ੍ਰਿਹ ਭੋਗ ॥

ਜਦੋਂ ਮੈਂ ਖਿਮਾ ਦੇ ਯੁਤ = ਸਮੇਤ ਤ੍ਰਿਪਤਿ = ਸੰਤੁਸ਼ਟਤਾ ਨੂੰ ਧਾਰਨ ਕਰ ਕੇ ਦੁਰਬਚਨ = ਖੋਟੇ ਬਚਨਾਂ ਨੂੰ ਸਹੋਂ = ਸਹਾਰਨਾ ਕਰਾਂਗਾ ਅਤੇ ਗ੍ਰਿਹ = ਘਰ ਦੇ ਭੋਗਾਂ ਪਦਾਰਥਾਂ ਦਾ ਤਜੋ = ਤਿਆਗ ਕਰ ਦੇਵਾਂਗਾ, ਅਤੇ :

## ਸਰੁਚਿ ਧਯਾਉਂ ਹਰਿ ਪਾਉਂ ਮੈਂ; ਤਬ ਤਾ ਸਮ ਫਲ ਹੋਗ ॥੨੧॥

ਜਦੋਂ ਮੈਂ ਹਰਿ = ਪਰਮਾਤਮਾ ਦੇ ਪਾਉਂ = ਚਰਨਾਂ ਨੂੰ (ਸ + ਰੁਚਿ) ਸ = ਸਹਿਤ ਰੁਚਿ = ਪ੍ਰੀਤੀ ਦੇ ਧਯਾਉਂ = ਧਿਆਉਣਾ ਕਰਾਂਗਾ, ਤਬ = ਤਦੋਂ ਮੈਨੂੰ ਵੀ ਤਾ = ਉਨ੍ਹਾਂ ਮੁਨੀ ਜਨਾਂ ਦੇ ਸਮ = ਸਮਾਨ ਸੁਖ ਰੂਪ ਫਲ **ਵਾ:** ਆਤਮਾ ਆਨੰਦ ਰੂਪੀ ਫਲ ਪ੍ਰਾਪਤ ਹੋਗ = ਹੋਵੇਗਾ ॥੨੧॥

## ਦੋਹਰਾ ॥

## ਐਸੇ ਸ਼ੰਕਰ ਵੰਤ ਦਿਨ; ਹੇ ਹਰਿ ਸ਼ੰਕਰ ਸ਼ੰਭੁ ॥

ਹੇ ਹਰਿ = ਹਰੀ ! ਹੇ ਸ਼ੰਕਰ = ਕਲਿਆਣ ਸਰੂਪ ਸ਼ੰਭ = ਸ਼ਿਵਜੀ ! ਐਸੇ = ਇਹੋ ਜਿਹੇ ਸ਼ੰਕਰ = ਕਲਿਆਣ ਕਰਨ ਵੰਤ = ਵਾਲੇ ਦਿਨ ਮੇਰੇ ਕਦੋਂ ਆਉਣਗੇ ?

## ਹੋਇ ਕਬ ਸਮ ਮੁਨਿਨ ਕੇ; ਮੈਂ ਵਿਚਰੋਂ ਤਜਿ ਦੰਭ ॥੨੨॥

ਇਉਂ ਮੁਨਿਨ = ਮੁਨੀ ਜਨਾਂ ਦੇ ਸਮਾਨ ਮੇਰੇ ਸੁਖ ਵਾਲੇ ਦਿਨ ਕਬ = ਕਦੋਂ ਹੋਇ = ਹੋਣਗੇ ? ਤਿਸ ਕਰਕੇ ਫਿਰ ਮੈਂ ਵੀ ਸੰਤ ਜਨਾਂ ਵਾਂਗੂੰ ਦੰਭ = ਪਾਖੰਡ ਨੂੰ ਤਜਿ = ਛੱਡ ਕਰਕੇ ਵਿਚਰੋਂ = ਵਿਚਰਨਾ ਕਰਾਂਗਾ ॥੨੨॥

## ਦੋਹਰਾ ॥

## ਸੂਰਗ ਅਖਯ ਸੁਖ ਲਾਭ ਹਿਤ; ਕਰੇ ਮਖਾਦਿ ਸਰਾਗ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਜੋ ਸੂਰਗ ਦੇ ਸੁਖ ਅਖਯ = ਨਾਸ਼ ਤੋਂ ਰਹਿਤ ਹਨ ਭਾਵ ਜੋ ਅਤਿਅੰਤ ਸੁਖ ਹਨ, ਉਨ੍ਹਾਂ ਨੂੰ ਲਾਭ = ਪ੍ਰਾਪਤ ਕਰਨ ਹਿਤ = ਵਾਸਤੇ ਜੋ ਸਰਾਗ = ਪ੍ਰੇਮ ਦੇ ਸਹਿਤ ਮਖਾਦਿ = ਜੱਗ ਆਦਿਕ ਕਰਮ ਕਰਦਾ ਹੈ ਤਾਂ ਫਿਰ ਉਸ ਨੂੰ ਉਹ ਸੁਖ ਪ੍ਰਾਪਤ ਹੁੰਦੇ ਹਨ।

## ਕਰੇ ਯਾਗ ਰਿਖ ਵਾਕ ਗ੍ਰਹਿ; ਪੁਨਾ ਮੁਨਿਨ ਮਮ ਠਾਗ ॥੨੩॥

ਮੈਂ ਵੀ ਉਨ੍ਹਾਂ ਸੁਖਾਂ ਲਈ ਰਿਖੀ ਜਨਾਂ ਦੇ ਵਾਕ = ਬਚਨਾਂ ਨੂੰ ਗ੍ਰਹਿ = ਗ੍ਰਹਿਣ ਕਰਕੇ ਯਾਗ = ਯੱਗ ਆਦਿਕ ਕਰਮ ਕੀਤੇ ਪੁਨਾ ਮੈਂ ਜਾਣਦਾ ਹਾਂ ਕਿ ਮੁਨਿਨ = ਮੁਨੀ ਜਨਾਂ ਨੇ ਮਮ = ਮੈਨੂੰ ਠਾਗ = ਠੱਗਣਾ ਕੀਤਾ ਹੈ ॥੨੩॥

***ਪ੍ਰਸ਼ਨ :*** *ਰਿਖੀ ਜਨਾਂ ਨੇ ਤੈਨੂੰ ਕਿਸ ਪ੍ਰਕਾਰ ਠੱਗਣਾ ਕੀਤਾ ਹੈ :*

## ਦੋਹਰਾ ॥

*ਉੱਤਰ :*

## ਤਾ ਕ੍ਰਿਤਕੇ ਫਲ ਕੋ ਜਬੈ; ਪਰਾਮਰਸ ਮੈਂ ਕੀਨ ॥

ਜਬੈ = ਜਦੋਂ ਮੈਂ ਤੇ ਮੁਨੀ ਜਨਾਂ ਨੇ ਤਾ = ਉਨ੍ਹਾਂ ਯੱਗ ਆਦਿਕ ਕ੍ਰਿਤਕੇ = ਕਰਮਾਂ ਦੇ ਫਲ ਕੋ = ਦਾ ਆਪੋ ਵਿਚ ਪਰਾਮਰਸ = ਵਿਚਾਰ ਕੀਨ = ਕੀਤਾ।

## ਜਨਤ ਪੀਨ ਭੈ ਮਮ ਰਿਦੈ; ਹੋਇ ਪੁੰਨ ਜਬ ਖੀਨ ॥੨੪॥

ਜਦੋਂ ਮਮ = ਮੇਰੇ ਰਿਦੈ = ਹਿਰਦੇ ਵਿਚ ਬਹੁਤ ਪੀਨ = ਵੱਡਾ ਭੈ = ਡਰ ਜਨਤ = ਪੈਦਾ ਹੋ ਗਿਆ, ਜੋ ਡਰ ਜਦੋਂ ਪੁੰਨ ਖੀਨ = ਨਾਸ਼ ਹੋ ਜਾਣ, ਤਦ ਹੋਇ = ਹੁੰਦਾ ਹੈ ॥੨੪॥

## ਦੋਹਰਾ ॥

## ਗਿਰਤ ਨਾਕ ਗਿਰਤੇ ਅਧੇ; ਪੁਰਖ ਪਖਾਨ ਤੁਰੰਤ ॥

ਪੁਰਸ਼ ਪੁੰਨ ਨਾਸ਼ ਹੋਏ ਤੋਂ ਨਾਕ = ਸਵਰਗ ਵਿੱਚੋਂ ਇਉਂ ਅਧੇ = ਹੇਠਾਂ ਗਿਰਤ = ਡਿੱਗਦਾ ਹੈ, ਜਿਵੇਂ ਪਖਾਨ = ਪੱਥਰ ਪਹਾੜ ਤੋਂ ਤੁਰੰਤ = ਛੇਤੀ ਹੀ ਗਿਰਤੇ = ਡਿੱਗ ਜਾਂਦਾ ਹੈ।

## ਸਹਤ ਕਸ਼ਟ ਤੇ ਕਸ਼ਟ ਤਰ;
## ਅਨਭਵ ਕਰਤ ਸੁ ਜੰਤ ॥੨੫॥

ਅਤੇ ਫਿਰ ਜੋ ਕਸ਼ਟ = ਦੁੱਖਾਂ ਤੇ = ਤੋਂ ਤਰ = ਅਤਿਅੰਤ ਕਸ਼ਟ = ਦੁੱਖ ਸਹਤ = ਸਹਾਰਦਾ ਹੈ, ਸੁ = ਉਹੀ ਜੰਤ = ਜੀਵ ਉਨ੍ਹਾਂ ਦੁੱਖਾਂ ਨੂੰ ਅਨੁਭਵ ਕਰਤ = ਕਰਦਾ ਹੈ ॥੨੫॥

## ਦੋਹਰਾ ॥

## ਜਨਮ ਮਰਨ ਦ੍ਰਿੜ ਕਰਨ ਕੋ ਅਤਿ; ਦ੍ਰਿੜ ਕਰਨ ਸੁ ਭੋਗ ॥

ਸੁ = ਉਹ ਵਿਸ਼ੇ ਭੋਗਾਂ ਵਿਚ ਪ੍ਰੀਤੀ ਨੂੰ ਦ੍ਰਿੜ੍ਹ ਕਰਨਾ ਭਾਵ ਵਿਸ਼ਿਆਂ ਵਿਚ ਖਚਿਤ ਹੋਣਾ, ਇਹੋ ਹੀ ਅਤਿ = ਅਤਿਸ਼ੈ ਕਰਕੇ ਜਨਮ ਮਰਣ ਕੋ = ਨੂੰ ਦ੍ਰਿੜ = ਪਰਪੱਕ ਕਰਨ ਵਾਲੇ ਹਨ ਭਾਵ ਜੰਮਣ ਮਰਨ ਦੇ ਗੇੜ ਵਿਚ ਪਾਉਣ ਵਾਲੇ ਹਨ।

## ਤਾਂ ਹਿਤ ਮੈਂ ਕ੍ਰਿਤ ਕਰੇ ਭਵ ਕੋ; ਮਮ ਸਮ ਖਲ ਹੋਗ ॥੨੬॥

ਭਰਥਰੀ ਜੀ ਕਥਨ ਕਰਦੇ ਹਨ ਕਿ ਤਾਂ = ਉਨ੍ਹਾਂ ਵਿਸ਼ੇ ਕ੍ਰਿਤ = ਕਰਮਾਂ ਕੋ = ਨੂੰ ਮੈਂ ਹਿਤ = ਪ੍ਰੇਮ ਧਾਰ ਕਰੇ = ਕਰਕੇ ਕੀਤਾ ਹੈ, ਇਸ ਕਰਕੇ ਇਸ ਭਵ = ਸੰਸਾਰ ਵਿਚ ਮਮ = ਮੇਰੇ ਸਮ = ਵਰਗਾ ਖਲ = ਮੂਰਖ ਹੋਰ ਕੌਣ ਹੋਗ = ਹੋ ਸਕਦਾ ਹੈ ਭਾਵ ਕੋਈ ਨਹੀਂ ਹੋ ਸਕਦਾ ॥੨੬॥

## ਦੋਹਰਾ ॥

## ਭੋਗ ਬਡਾਈ ਕਰ ਮੁਨੋ; ਮੋਹਿ ਲੁਬਾਯੋ ਚਿਤ ॥

ਮੁਨੋ = ਮੁਨੀ ਜਨਾਂ ਨੇ ਸੁਅਰਗ ਆਦਿ ਭੋਗਾਂ ਦੀ ਬਡਾਈ = ਵਡਿਆਈ ਕਰ ਕੇ ਮੋਹਿ = ਮੇਰੇ ਚਿੱਤ ਨੂੰ ਲੁਬਾਯੋ = ਲੁਭਾਇਮਾਨ ਕਰ ਲੈਣਾ ਕੀਤਾ ਹੈ।

## ਕਰਮ ਗਰਤ ਮਹਿ ਡਾਰ ਮਮ; ਹਰਯੋ ਮੁਕਤਿ ਸੁਖ ਵਿਤ ॥੨੭॥

ਇਉਂ ਮਮ = ਮੈਨੂੰ ਯੱਗ ਆਦਿਕ ਕਰਨ ਵਿਚ ਲਾ ਕੇ ਕਰਮਾਂ ਰੂਪੀ ਗਰਤ = ਟੋਏ ਮਹਿ = ਵਿਚ ਡਾਰ = ਸੁੱਟ ਦਿੱਤਾ ਹੈ ਅਤੇ ਮੇਰੇ ਮੁਕਤਿ ਸਰੂਪ ਰੂਪੀ ਵਿਤ = ਧਨ ਨੂੰ ਹਰਯੋ = ਖੋਹ ਲਿਆ ਹੈ, ਜਿਸ ਨਾਲ ਮੈਨੂੰ ਆਤਮਾਨੰਦ ਰੂਪੀ ਸੁਖ ਦੀ ਪ੍ਰਾਪਤੀ ਹੋਣੀ ਸੀ, ਇਉਂ ਮੁਨੀ ਜਨਾਂ ਨੇ ਮੈਨੂੰ ਠੱਗ ਲਿਆ ਹੈ ॥੨੭॥

## ਸੋਰਠਾ ॥

## ਕਰ ਸੰਤੋਖ ਬਿਬੇਕ; ਤਜੇ ਨ ਗ੍ਰਿਹ ਕੇ ਉਚਿਤ ਸੁਖ ॥

ਮੈਂ ਸੰਤੋਖ ਅਤੇ ਬਿਬੇਕ (ਵਸਤੂ ਦੇ ਠੀਕ-ਠੀਕ ਸ੍ਵਰੂਪ ਦਾ ਨਿਸ਼ਚਯ ਕਰਨਾ) ਨੂੰ ਧਾਰਨ ਕਰ ਕੇ ਗ੍ਰਿਹ = ਘਰ ਕੇ = ਦੇ ਉਚਿਤ ਸੁਖ ਤਜੇ = ਤਿਆਗਣਾ ਨ = ਨਹੀਂ ਕੀਤੇ।

## ਤਿਆਗੇ ਭੋਗ ਅਨੇਕ; ਭ੍ਰਮਨ ਵਿਦੇਸ਼ ਕਲੇਸ਼ ਕਰ ॥੨੮॥

ਪਰ ਮੈਂ ਵਿਦੇਸ਼ਾਂ ਵਿਚ ਭ੍ਰਮਨ = ਫਿਰਨ ਕਰਕੇ ਅਤੇ ਸਰੀਰ ਦੇ ਕਲੇਸ਼ = ਦੁੱਖਾਂ ਕਰਕੇ ਅਨੇਕਾਂ ਹੀ ਵਿਸ਼ੇ ਭੋਗ ਤਿਆਗੇ = ਛੱਡ ਦਿੱਤੇ ਹਨ ॥੨੮॥

## ਦੋਹਰਾ ॥

## ਅਹੋ ਖਿਮਾ ਕਰ ਖਲੋਂ ਕੇ; ਸਹੇ ਨ ਦੁਰ ਬਚਨਾਦਿ ॥

ਅਹੋ = ਬਹੁਤ ਅਸਚਰਜ ਵਾਲੀ ਗੱਲ ਹੈ ਕਿ ਖਿਮਾ ਨੂੰ ਧਾਰਨ ਕਰ ਕੇ ਖਲੋਂ = ਮੂਰਖ ਪੁਰਖਾਂ ਕੇ = ਦੇ ਦੁਰ = ਖੋਟੇ ਬਚਨਾਦਿ = ਬਚਨ, ਗਾਲ੍ਹਾਂ ਆਦਿ ਸਹੇ = ਸਹਾਰਨਾ ਨਹੀਂ ਕੀਤੇ।

## ਸੋਢੇ ਮੋਹਿ ਕੁਵਾਕ ਪਰ; ਕਰ ਜਾਚਨ ਸੇਵਾਦਿ ॥੨੯॥

ਪਰ ਮੋਹਿ = ਮੈਂ ਧਨ ਆਦਿ ਨੂੰ ਜਾਚਨ = ਮੰਗਣ ਦੀ ਇੱਛਾ ਕਰਕੇ ਪਰ = ਪਰਾਈ ਸੇਵਾਦਿ = ਸੇਵਾ ਆਦਿ ਤੇ ਮੂਰਖ ਪੁਰਖਾਂ ਦੇ ਕੁਵਾਕ = ਖੋਟੇ ਬਚਨ ਸੋਢੇ = ਸਹਾਰਨਾ ਕੀਤੇ ਹਨ ॥੨੯॥

## ਦੋਹਰਾ ॥

## ਸੀਤ ਵਾਤ ਆਤਪ ਦੁਸਹਿ; ਪੁਨਾ ਕਲੇਸ਼ ਕਦੰਬ ॥

ਸੀਤ = ਠੰਢੀ ਵਾਤ = ਹਵਾ ਤੇ ਦੁਸਹਿ = ਕਠਿਨ ਆਤਪ = ਧੁੱਪ, ਪੁਨਾ = ਫਿਰ ਜੋ ਕਦੰਬ = ਸਮੂਹ ਕਲੇਸ਼ ਹਨ, ਇਹ ਸਾਰੇ :

## ਮੈ ਨ ਸਹੇ ਤਪ ਧਾਰ ਕਰ; ਸੌਢੇ ਬੀਚ ਕੁਟੰਬ ॥੩੦॥

ਮੈਂ ਤਪ ਧਾਰਨ ਕਰਕੇ ਸਹੇ = ਸਹਾਰਨਾ ਨ = ਨਹੀਂ ਕੀਤੇ, ਬਲਕਿ ਮੈਂ ਇਹ ਸਭ ਕੁਝ ਕੁਟੰਬ = ਪਰਿਵਾਰ ਲਈ ਸੌਢੇ = ਸਹਾਰਿਆ ਹੈ॥੩੦॥

## ਦੋਹਰਾ॥

## ਧਿਆਇਯੋ ਧਨ ਕੋ ਅਹਿ ਨਿਸੇ; ਮਨ ਕ੍ਰਿਤ ਬਚਨ ਸਨੇਮ॥

ਜਿਵੇਂ ਮੈਂ ਸਨੇਮ = ਨਿਯਮ ਦੇ ਸਹਿਤ ਮਨ, ਬਚਨ = ਬਾਣੀ, ਕ੍ਰਿਤ = ਸਰੀਰ ਕਰਕੇ ਧਨ ਕੋ = ਨੂੰ ਅਹਿ ਨਿਸੇ = ਦਿਨ ਰਾਤ ਧਿਆਇਯੋ = ਧਿਆਉਣਾ ਕੀਤਾ ਹੈ।

## ਈਸ਼ਰ ਕੇ ਪਦ ਪਦਮ ਕੋ; ਧਿਆਯੋ ਤਿਉ ਨ ਸਪ੍ਰੇਮ॥੩੧॥

ਤਿਉਂ = ਤਿਵੇਂ ਮੈਂ ਸਪ੍ਰੇਮ = ਸਹਿਤ ਪ੍ਰੇਮ ਦੇ ਈਸ਼ਰ = ਪਰਮੇਸ਼ਰ ਕੇ = ਦੇ ਪਦ ਪਦਮ = ਚਰਨਾਂ ਕਮਲਾਂ ਕੋ = ਨੂੰ ਧਿਆਯੋ = ਧਿਆਉਣਾ ਨਹੀਂ ਕੀਤਾ ਭਾਵ ਨਾ ਮੈਂ ਮਨ ਕਰਕੇ, ਨਾ ਹੀ ਬਾਣੀ ਕਰਕੇ ਅਤੇ ਨਾ ਹੀ ਸਰੀਰ ਕਰਕੇ ਪਰਮੇਸ਼ਰ ਨੂੰ ਯਾਦ ਕੀਤਾ ਹੈ॥੩੧॥

## ਦੋਹਰਾ॥

## ਏ ਗੁਰ ਪਸਚਾ ਤਾਪ ਉਰ; ਭਯੋ ਨ ਆਤਮ ਵਿਤ॥

ਹੇ ਭਾਈ! ਏ = ਇਹ ਗੁਰ = ਵੱਡਾ ਪਸਚਾਤਾਪ (ਪਛਤਾਵਾ) ਮੇਰੇ ਉਰ = ਹਿਰਦੇ ਅੰਦਰ ਹੈ ਕਿ ਇਹ ਅਮੋਲਕ ਮਨੁੱਖਾ ਸਰੀਰ ਧਾਰ ਕੇ ਮੈਨੂੰ ਆਤਮਾ ਰੂਪੀ ਵਿਤ = ਧਨ ਪ੍ਰਾਪਤ ਨਹੀਂ ਭਯੋ = ਹੋਇਆ।

## ਬਿਨ ਬਿਚਾਰ ਮੈ ਮੁਗਧ ਕੋ; ਲਯੋ ਵਿਸਯੋ ਭਵ ਜਿਤ॥੩੨॥

ਤੇ ਆਤਮਾ ਦੀ ਵਿਚਾਰ ਤੋਂ ਬਿਨ = ਬਗ਼ੈਰ ਮੈ = ਮੈਨੂੰ ਮੁਗਧ = ਮੂਰਖ ਕੋ = ਨੂੰ ਇਸ ਭਵ = ਸੰਸਾਰ ਵਿਚ ਵਿਸ਼ਿਆਂ ਨੇ ਹੀ ਜਿੱਤ ਲਯੋ = ਲੈਣਾ ਕੀਤਾ ਭਾਵ ਮੈਂ ਆਤਮ ਸਰੂਪ ਰੂਪੀ ਧਨ ਪ੍ਰਾਪਤ ਨਹੀਂ ਕਰ ਸਕਿਆ ਬਲਕਿ ਦੁਨਿਆਵੀ ਵਿਸ਼ਿਆਂ, ਭੋਗਾਂ ਵਿਚ ਖਚਿਤ ਹੋ ਕੇ ਇਹ ਅਮੋਲਕ ਜਨਮ ਹਾਰ ਲਿਆ ਹੈ॥੩੨॥

## ਦੋਹਰਾ॥

## ਦੁਸ਼ਟ ਆਦ੍ਰਿਸ਼ਟ ਸਨੇਹ ਯੁਤ; ਉਰ ਕਾਗਰ ਪਰ ਵਰਨ॥

ਹੇ ਭਾਈ! ਜੋ ਉਰ = ਹਿਰਦੇ ਰੂਪੀ ਕਾਗਰ = ਕਾਗ਼ਜ਼ ਪਰ = ਉੱਪਰ ਦੁਸ਼ਟ = ਖੋਟੇ ਆਦ੍ਰਿਸ਼ਟ = ਕਰਮਾਂ ਰੂਪੀ ਵਰਨ = ਅੱਖਰ ਮੋਹ ਰੂਪੀ ਸਨੇਹ = ਤੇਲ ਦੇ ਯੁਤ = ਸਮੇਤ ਲਿਖੇ ਹੋਏ ਹਨ।

## ਭੋਗ ਰਾਗ ਮੈ ਸੋ ਨ ਲਹੇ; ਅੰਕ ਵਿਚਾਰ ਅਵਰਨ॥੩੩॥

ਸੋ = ਉਹ ਅੱਖਰ ਵਿਸ਼ੇ ਭੋਗਾਂ ਦੇ ਮੈ = ਵਿਚ ਰਾਗ = ਪ੍ਰੇਮ ਕਰਨ ਨਾਲ ਨ = ਨਹੀਂ ਲਹੇ = ਲਹਿੰਦੇ ਭਾਵ

ਮਿਟਦੇ, ਉਹ ਕਰਮਾਂ ਰੂਪੀ ਅੰਕ = ਅੱਖਰ ਤਾਂ ਆਤਮਾ ਦੀ ਵਿਚਾਰ ਕਰਨ ਦੇ ਨਾਲ ਹੀ ਅਵਰਨ = ਨਾਸ਼ ਹੁੰਦੇ ਹਨ॥੩੩॥

## ਸੋਰਠਾ॥ ਪ੍ਰਭੁ ਅਨਾਥ ਕੇ ਨਾਥ; ਮੈਂ ਅਨਾਥ ਕੇ ਮਾਥ ਪਰ॥

ਇਸ ਕਰਕੇ ਇਉਂ ਬੇਨਤੀ ਕਰੀਏ ਕਿ ਹੇ ਅਨਾਥ = ਯਤੀਮਾਂ ਕੇ = ਦੇ ਨਾਥ = ਮਾਲਕ ਪ੍ਰਭੂ ! ਮੈਂ = ਮੇਰੇ ਅਨਾਥ ਕੇ = ਦੇ ਮਾਥ = ਮੱਥੇ ਪਰ = ਉੱਪਰ :

## ਕ੍ਰਿਪਾ ਦ੍ਰਿਸਟਿ ਕੇ ਸਾਥ; ਸਿਵਾ ਨਾਥ ਨਿਜ ਹਾਥ ਧਰ॥੩੪॥

ਹੇ ਸਿਵਾ = ਪਾਰਬਤੀ ਦੇ ਨਾਥ = ਮਾਲਕ, ਪਤੀ ਸ਼ਿਵਜੀ ! ਕਿਰਪਾ ਦ੍ਰਿਸ਼ਟੀ ਕੇ = ਦੇ ਸਾਥ = ਨਾਲ ਨਿਜ = ਆਪਣਾ ਹੱਥ ਧਰ = ਰੱਖਣਾ ਕਰੋ॥੩੪॥

## ਦੋਹਰਾ॥
## ਬਿਨ ਬੈਰਾਗ ਬਿਬੇਕ ਮੈ; ਤਵ ਪਦ ਪੰਕਜ ਟੇਕ॥

ਹੇ ਪ੍ਰਭੂ ! ਮੈਨੂੰ ਬੈਰਾਗ, ਬਿਬੇਕ ਤੋਂ ਬਿਨ = ਹੀਣੇ ਨੂੰ ਤਾਂ ਕੇਵਲ ਤਵ = ਤੇਰੇ ਪਦ ਪੰਕਜ = ਚਰਨਾਂ ਕਮਲਾਂ ਦਾ ਹੀ ਟੇਕ = ਸਹਾਰਾ ਹੈ।

## ਸ੍ਰੀ ਸ਼ੰਕਰ ਮਮ ਸ਼ੰਕਰੋ; ਦੇ ਵੈਰਾਗ ਬਿਬੇਕ॥੩੫॥

ਹੇ ਸ੍ਰੀ = ਸ਼ੋਭਾ ਦੇ ਮਾਲਕ, ਸ਼ੰਕਰ = ਸ਼ਿਵਜੀ ! ਮਮ = ਮੈਨੂੰ ਵੈਰਾਗ ਬਿਬੇਕ ਦੇ ਕਰਕੇ ਮੇਰੀ ਸ਼ੰਕਰੋ = ਕਲਿਆਨ ਕਰਨਾ ਕਰੋ॥੩੫॥

## ਚੌਪਈ॥ ਭਵ ਮੈ; ਵਹੀ ਪੁਰਖ ਵਡਭਾਗੀ॥
## ਇਤ ਉਤ ਭੋਗ; ਚਾਹ ਜਿਹ ਤਿਆਗੀ॥

ਹੇ ਭਾਈ ! ਇਸ ਭਵ = ਸੰਸਾਰ ਦੇ ਮੈ = ਵਿਚ ਵਹੀ = ਉਹੀ ਪੁਰਖ ਵਡਭਾਗੀ = ਵੱਡੇ ਭਾਗਾਂ ਵਾਲੇ ਹਨ, ਜਿਹ = ਜਿਨ੍ਹਾਂ ਨੇ ਇਤ = ਇਸ ਲੋਕ ਤੇ ਉਤ = ਉਸ ਲੋਕ ਭਾਵ ਲੋਕ-ਪ੍ਰਲੋਕ ਦੇ ਭੋਗਾਂ ਦੀ ਚਾਹ = ਇੱਛਾ ਤਿਆਗੀ = ਤਿਆਗ ਦਿੱਤੀ ਹੈ **ਵਾ:** ਜਿਹ = ਜਿਨ੍ਹਾਂ ਪੁਰਖਾਂ ਦਾ ਸੰਸਾਰ ਅੰਦਰ (ਵਡ + ਭਾਗੀ) ਵਡ = ਵਡਾਪਣ ਭਾਵ ਹੰਕਾਰ ਭਾਗੀ = ਭੱਜ ਭਾਵ ਨਾਸ਼ ਹੋ ਗਿਆ ਹੈ, ਉਹੋ ਹੀ ਲੋਕ-ਪ੍ਰਲੋਕ ਦੇ ਭੋਗਾਂ ਨੂੰ ਖਿਨਭੰਗਰ ਜਾਣ ਕਰਕੇ ਤਿਆਗਦੇ ਹਨ।

## ਕਰ ਨਿਵਾਸ; ਗਿਰਿ ਕੰਦਰ ਮਾਹੀ॥
## ਪਰਮ ਪ੍ਰਕਾਸ਼ ਰੂਪ; ਹਰਿ ਧਯਾਹੀ॥੩੬॥

ਉਹ ਪੁਰਸ਼ ਗਿਰਿ = ਪਹਾੜ ਦੀ ਕੰਦਰ = ਗੁਫ਼ਾ ਮਾਹੀ = ਵਿਚ ਨਿਵਾਸ ਕਰਕੇ ਉਸ ਪਰਮ ਪ੍ਰਕਾਸ਼ ਸਰੂਪ ਹਰਿ = ਪਰਮੇਸ਼ਰ ਨੂੰ ਧਯਾਹੀ = ਧਿਆਉਣਾ ਕਰਦੇ ਹਨ॥੩੬॥

## ਤਿਸੈ ਧਯਾਨ ਕੇ; ਆਨੰਦ ਕਰਕੇ ॥
## ਤਿਨਹਿ ਦ੍ਰਿਗਨ ਤੇ; ਉਦਕ ਜੁ ਸਰਕੇ ॥

ਤਿਸੈ = ਉਸ ਪ੍ਰਭੂ ਦੇ ਧਿਆਨ ਕੇ = ਦੇ ਆਨੰਦ ਕਰਕੇ, ਤਿਨਹਿ = ਉਨ੍ਹਾਂ ਦੇ ਦ੍ਰਿਗਨ = ਨੇਤਰਾਂ ਤੇ = ਤੋਂ, ਵਿੱਚੋਂ ਜੋ ਉਦਕ = ਜਲ ਸਰਕੇ = ਸਰਕਦਾ ਭਾਵ ਵਗਦਾ ਹੈ ਭਾਵ ਜੋ ਹੰਝੂ ਵਗਦੇ ਹਨ।

## ਬੈਸ ਨਿਸੰਕ; ਅੰਕ ਕੇ ਮਾਹੀ ॥
## ਅਚਵਹਿ ਵਿਹੰਗ; ਸਰਤ ਜਲ ਤਾਹੀ ॥੩੭॥

ਤਾਹੀ = ਉਸ ਸਰਤ = ਵਗਦੇ ਹੋਏ ਜਲ = ਪਾਣੀ ਨੂੰ ਵਿਹੰਗ = ਪੰਛੀ ਉਨ੍ਹਾਂ ਪੁਰਸ਼ਾਂ ਦੀ ਅੰਕ = ਗੋਦੀ ਮਾਹੀ = ਵਿਚ ਬੈਸ = ਬੈਠ ਕਰਕੇ ਤੇ ਨਿਸੰਕ = ਬੇਖ਼ੌਫ਼ ਹੋ ਕਰਕੇ ਅਚਵਹਿ = ਪੀਣਾ ਕਰਦੇ ਹਨ ॥੩੭॥

## ਚੌਪਈ ॥
## ਧਨ ਜਨੋਂ ਕੀ; ਉਮਰਾ ਐਸੇ ॥ ਪਰੀ ਹੋਤ ਖੈ; ਭਾਖੀ ਜੈਸੇ ॥

ਹੇ ਭਾਈ! ਉਹ ਜਨੋਂ = ਪੁਰਸ਼ ਧੰਨ ਹਨ, ਜਿਨ੍ਹਾਂ ਦੀ ਉਮਰਾ = ਉਮਰ ਐਸੇ = ਇਸ ਪ੍ਰਕਾਰ ਨਾਲ ਖੈ = ਨਾਸ਼ ਹੋਤ = ਹੁੰਦੀ ਪਰੀ = ਪਈ ਹੈ ਭਾਵ ਗੁਜ਼ਰਦੀ ਪਈ ਹੈ, ਜੈਸੇ = ਜਿਸ ਤਰ੍ਹਾਂ ਮੈਂ ਉਪਰੋਕਤ ਭਾਖੀ = ਕਥਨ ਕੀਤੀ ਹੈ।

## ਹਮ ਮਤਿ ਮੰਦ; ਅਧੰਨ ਕੁਭਾਗੀ ॥
## ਭੁਗਤਿ ਮੁਕਤਿ; ਬਿਭ ਤੇ ਵੈਰਾਗੀ ॥੩੮॥

ਹਮ = ਮੈਂ ਮੰਦ = ਖੋਟੀ ਮਤਿ = ਬੁੱਧੀ ਵਾਲਾ ਅਤੇ ਕੁਭਾਗੀ = ਖੋਟੇ ਭਾਗਾਂ ਵਾਲਾ ਅਧੰਨ = ਧੰਨ ਨਹੀਂ ਹਾਂ, ਕਿਉਂਕਿ ਸੰਸਾਰ ਦੇ ਭੁਗਤਿ = ਭੋਗਾਂ ਤੇ ਮੁਕਤਿ = ਮੁਕਤੀ ਦੇ ਦੇਣ ਵਾਲੇ ਜੋ ਵੈਰਾਗ ਤੇ ਬਿਬੇਕ ਹਨ, ਉਨ੍ਹਾਂ ਬਿਭ = ਦੋਹਾਂ ਤੇ = ਤੋਂ ਮੈਂ ਵੈਰਾਗੀ = ਉਪਰਾਮ ਹਾਂ ਭਾਵ ਦੋਵੇਂ ਧਾਰਨ ਨਹੀਂ ਕੀਤੇ ॥੩੮॥

## ਕੇਵਲ ਵਿਅਰਥ; ਮਨੋਰਥ ਸੰਗਾ ॥
## ਮਮ ਸ਼ੁਭ ਅਵਧ; ਭਵਤ ਪਰਿ ਭੰਗਾ ॥

ਕੇਵਲ ਵਿਅਰਥ ਮਨੋਰਥ = ਸੰਕਲਪਾਂ ਦੇ ਸੰਗਾ = ਸਾਥ ਹੀ ਮਮ = ਮੇਰੀ ਸ਼ੁਭ = ਸ੍ਰੇਸ਼ਟ ਮਨੁੱਖਾ ਜਨਮ ਦੀ ਅਵਧ = ਉਮਰ ਪਰਿ = ਵਿਸ਼ੇਸ਼ ਭੰਗਾ = ਨਾਸ਼ ਭਵਤ ਹੁੰਦੀ ਜਾ ਰਹੀ ਹੈ।

## ਬਾਪੀ ਬਾਗ; ਤੜਾਗ ਕਿਨਾਰੇ ॥
## ਸੁੰਦਰ ਮੰਦਰ; ਹੋਹਿ ਹਮਾਰੇ ॥੩੯॥

ਅਤੇ ਮਨ ਵਿਚ ਇਹ ਫੁਰਨਾ ਉੱਠਦਾ ਹੈ ਕਿ ਬਾਪੀ = ਬਾਉਲੀ ਜਾਂ ਕਿਸੇ ਸੋਹਣੇ ਜਿਹੇ ਬਾਗ਼ ਜਾਂ ਫਿਰ ਤੜਾਗ = ਤਲਾਉ ਦੇ ਕਿਨਾਰੇ = ਕੰਢੇ 'ਤੇ ਹਮਾਰੇ = ਸਾਡੇ ਸੁੰਦਰ-ਸੁੰਦਰ ਮੰਦਰ = ਘਰ ਹੋਹਿ = ਹੋਣ ॥੩੯॥

## ਚੌਪਈ॥

## ਸੁਭਗ ਭਵਾਨੀ ਸਹ; ਤਹ ਅੰਤਰ॥
## ਕਰਹਿ ਸੁ ਕ੍ਰੀੜਾ; ਕੇਲ ਨਿਰੰਤਰ॥

ਤਹ = ਉਸ ਘਰ ਅੰਤਰ = ਵਿਚ ਮੈਂ ਸੁਭਗ = ਸੁੰਦਰ ਭਵਾਨੀ = ਇਸਤਰੀ ਦੇ ਸਹ = ਨਾਲ ਨਿਰੰਤਰ = ਇਕ-ਰਸ ਕੇਲ = ਕਾਮ ਕ੍ਰੀੜਾ ਭਾਵ ਮੈਥੁਨ ਕਰਹਿ = ਕਰਦਾ ਰਹਾਂ।

## ਅਸ ਮਨੋਰਾਜ; ਕੌਤਕਹਿ ਧਿਆਵਤ॥
## ਐਸੀ ਆਉਖਾ; ਪਰੈ ਬਿਤਾਵਤ॥੪੦॥

ਅਸ = ਇਸ ਪ੍ਰਕਾਰ ਦੇ ਕੌਤਕਹਿ = ਕੌਤਕਾਂ ਦੇ ਵਿਚ (ਮਨੋ + ਰਾਜ) ਰਾਜ = ਸੰਕਲਪ ਵਿਕਲਪ ਮੇਰਾ ਮਨ ਹਮੇਸ਼ਾਂ ਧਿਆਵਤ = ਧਿਆਉਂਦਾ ਰਹਿੰਦਾ ਹੈ, ਐਸੀ = ਇਸ ਪ੍ਰਕਾਰ ਦੇ ਨਾਲ ਮੇਰੀ ਆਉਖਾ = ਉਮਰ ਬਿਤਾਵਤ = ਬਤੀਤ ਭਾਵ ਨਾਸ਼ ਹੁੰਦੀ ਪਰੈ = ਪਈ ਹੈ॥੪੦॥

## ਕਿੰਚਿਤ ਸੰਚਿਤ; ਭੋਗ ਮਝਾਰੀ॥
## ਪਰੀ ਹੋਤ ਹਤ; ਵੈਸ ਹਮਾਰੀ॥

ਸੋ ਜੋ ਕਿੰਚਿਤ = ਥੋੜ੍ਹੇ ਮਾਤਰ ਮੇਰੇ ਕੋਲ ਸੰਚਿਤ = ਇਕੱਠੇ ਕੀਤੇ ਹੋਏ ਭੋਗ = ਪਦਾਰਥ ਹਨ, ਉਨ੍ਹਾਂ ਮਝਾਰੀ = ਵਿਚ ਹੀ ਹਮਾਰੀ = ਮੇਰੀ ਵੈਸ = ਉਮਰ ਹਤ = ਨਾਸ਼ ਹੋਤ = ਹੁੰਦੀ ਪਰੀ = ਪਈ ਹੈ।

## ਤਿਨੋ ਸਮਾਨ; ਸੁ ਦਿਵਸ ਹਮਾਰੈ॥
## ਕਬ ਆਵਹਿੰਗੇ; ਹੇ ਸਮਰਾਰੇ॥੪੧॥

ਹੇ ਸਮਰਾਰੇ = ਸਮਰ ਨਾਮੀ ਦੈਂਤ ਨੂੰ ਮਾਰਨ ਵਾਲੇ ਸ਼ਿਵਜੀ! ਤਿਨੋ = ਉਨ੍ਹਾਂ ਮਹਾਂਪੁਰਖਾਂ ਦੇ ਸਮਾਨ ਹਮਾਰੈ = ਸਾਡੇ ਸੁ = ਸ੍ਰੇਸ਼ਟ ਦਿਵਸ = ਦਿਨ ਕਬ = ਕਦੋਂ ਆਵਹਿੰਗੇ = ਆਉਣਗੇ ?॥੪੧॥

## ਦੋਹਰਾ॥

## ਨਿਜ ਭਵ ਹਿਤ ਭਵ ਤਿਆਗ ਹਿਤ; ਭੋ ਭਵ ਮੈ ਭਵ ਧਿਆਉਂ॥

ਭੋ = ਹੇ ਭਵ = ਕਲਿਆਣ ਸਰੂਪ ਭਵ = ਸ਼ਿਵਜੀ! ਮੈਂ ਨਿਜ = ਆਪਣੀ ਭਵ = ਕਲਿਆਣ ਹਿਤ = ਵਾਸਤੇ ਤੇ ਭਵ = ਸੰਸਾਰ ਦੇ ਤਿਆਗ ਹਿਤ = ਵਾਸਤੇ ਤੈਨੂੰ ਧਿਆਉਂ = ਧਿਆਉਣਾ ਕਰਦਾ ਹਾਂ।

## ਸੇਖ ਆਯੁ ਨਿਜ ਕਬ ਵਿਅੰ; ਸੁਖ ਸੋਂ ਤਥਾ ਵਿਹਾਉਂ॥੪੨॥

ਹੇ ਭਗਵਾਨ! ਨਿਜ = ਮੇਰੀ ਸੇਖ = ਬਾਕੀ ਦੀ ਆਯੁ = ਉਮਰ ਸੁਖ ਦੇ ਸੋਂ = ਨਾਲ ਕਬ = ਕਦੋਂ ਵਿਅੰ = ਬੀਤੇਗੀ, ਜਿਵੇਂ ਉਨ੍ਹਾਂ ਮਹਾਂਪੁਰਖਾਂ 'ਤੇ ਕਿਰਪਾ ਕੀਤੀ ਹੈ ਤਥਾ = ਇਵੇਂ ਹੀ ਮੇਰੇ 'ਤੇ ਵੀ ਕਿਰਪਾ ਕਰੋ ਤਾਂ ਕਿ ਮੈਂ ਵੀ ਆਪਣੀ ਬਾਕੀ ਉਮਰ ਸੁਖ ਪੂਰਬਕ ਵਿਹਾਉਂ = ਬਤੀਤ ਕਰ ਲਵਾਂ॥੪੨॥

## ਦੋਹਰਾ ॥

## ਭਰਤ ਸ਼ਤਕ ਵੈਰਾਗ ਕੋ; ਧ੍ਯਾਯ ਚਤੁਰਥੋਂ ਬੱਸ ॥

ਭਰਤ = ਭਰਥਰੀ ਹਰੀ ਜੀ ਦੇ ਵੈਰਾਗ ਸ਼ਤਕ ਗ੍ਰੰਥ ਕੋ = ਦਾ ਇਥੇ ਚਤੁਰਥੋ = ਚੌਥਾ ਅਧਿਆਇ ਬੱਸ = ਸਮਾਪਤ ਹੋ ਗਿਆ ਹੈ।

## ਕਰੀ ਸ਼ੁਭ ਇਛਾ ਭਰਤ ਨ੍ਰਿਪ; ਤਾਂ ਬਿਨ ਜੀਵਤ ਭੱਸ ॥੪੩॥

ਇਸ ਅਧਿਆਇ ਵਿਚ ਨ੍ਰਿਪ = ਰਾਜੇ ਭਰਤ = ਭਰਥਰੀ ਜੀ ਨੇ ਸ਼ੁਭ = ਸ੍ਰੇਸ਼ਟ ਇੱਛਾ ਕਥਨ ਕਰੀ = ਕੀਤੀ ਹੈ, ਇਸ ਨੂੰ ਧਾਰਨ ਕੀਤੇ ਤਾ = ਤੋਂ ਬਿਨ = ਬਗ਼ੈਰ ਜੀਵਨ ਭੱਸ = ਖੇਹ ਰੂਪ ਹੈ ॥੪੩॥

## ਇਤਿ ਚਤੁਰਥ ਅਧ੍ਯਾਯ ॥

ਇਥੇ ਚਤੁਰਥ = ਚੌਥੇ ਅਧਿਆਇ ਦੀ ਇਤਿ = ਸਮਾਪਤੀ ਹੁੰਦੀ ਹੈ ॥੪॥

## ੧ਓ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਪੰਜਵਾਂ ਅਧਯਾਯ ਅਰੰਭ ॥

ਅਥ = ਹੁਣ ਪੰਜਵਾਂ ਅਧਿਆਇ ਅਰੰਭ ਹੁੰਦਾ ਹੈ।

## ਦੋਹਰਾ ॥ ਅਥ ਪੰਚਮ ਅਧਯਾਇ ਮੈਂ; ਸਾਤ ਸ਼ਲੋਕ ਅਨੂਪ ॥

ਅਥ = ਹੁਣ ਪੰਚਮ = ਪੰਜਵੇਂ ਅਧਿਆਇ ਮੈਂ = ਵਿਚ ਅਨੂਪ (ਅਨ + ਊਪ) ਊਪ = ਉਪਮਾ ਤੋਂ ਅਨ = ਰਹਿਤ ਭਾਵ ਮਹਾਂ ਸੁੰਦਰ ਸਾਤ = ਸੱਤ ਸਲੋਕ ਉਚਾਰਨ ਕਰਦੇ ਹਨ।

## ਬਿਧਿ ਕੋ ਦੇਤ ਉਲਾਹਨੋ; ਬਹੁ ਬਿਧਿ ਭਰਥਰਿ ਭੂਪ ॥੧॥

ਭੂਪ = ਰਾਜਾ ਭਰਥਰੀ ਜੀ ਬਹੁ = ਬਹੁਤ ਬਿਧਿ = ਤਰ੍ਹਾਂ ਕਰਕੇ ਬਿਧਿ = ਬ੍ਰਹਮਾ ਕੋ = ਨੂੰ ਉਲਾਹਨੋ = ਉਲਾਂਭੇ ਦੇਤ = ਦੇਣਾ ਕਰਦੇ ਹਨ ॥੧॥

## ਕਬਿੱਤ ॥

## ਮੋ ਮਨ ਕੋ ਅਜ ਖਲ ਮ੍ਰਿਦ ਪਿੰਡ ਮਖਲੂਕ;
## ਕਰ ਇਕੱਤ੍ਰ, ਚਿੰਤਾ ਚੱਕ੍ਰ ਪਰ ਧਰੇ ਹੈ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਖਲ = ਮੂਰਖ ਅਜ = ਬ੍ਰਹਮੇ ਨੇ ਮੋ = ਮੇਰੇ ਮਨ ਕੋ = ਦੀ ਮ੍ਰਿਦ = ਮਿੱਟੀ ਦੇ ਪਿੰਡ = ਗੋਲੇ ਵਾਂਗ ਮਖਲੂਕ = ਰਚਨਾ ਇਕੱਤ੍ਰ ਕਰ = ਬਣਾ ਕਰਕੇ ਚਿੰਤਾ ਰੂਪੀ ਚੱਕ੍ਰ = ਚੱਕ[੧] ਪਰ = ਉੱਪਰ ਧਰੇ = ਰੱਖਣਾ ਕੀਤਾ ਹੈ।

## ਦੁਖ ਮਾਂਝ ਦੁਖ, ਹੋਰ ਲਾਂਭ ਹੋਤ ਸਾਂਝ ਭੋਰ;
## ਦੰਡ ਜੋਰ ਕਰ, ਫੇਰੇ ਚਲ ਕਰੇ ਹੈ ॥

ਜੋ ਦੁੱਖਾਂ ਮਾਂਝ = ਵਿਚ ਅਤਿਅੰਤ ਹੋਰ ਦੁਖ ਭੋਰ = ਸਵੇਰੇ ਸਾਂਝ = ਸ਼ਾਮ ਲਾਂਭ = ਪ੍ਰਾਪਤ ਹੋਤ = ਹੁੰਦਾ

---

੧. ਚੱਕ੍ਰ = ਘੁਮਿਆਰ ਦਾ ਉਹ ਚੱਕ, ਜਿਸ ਉੱਤੇ ਮਿੱਟੀ ਦੇ ਭਾਂਡੇ ਘੜਦਾ ਹੈ।

ਹੈ, ਮਾਨੋਂ ਇਹੋ ਹੀ ਬ੍ਰਹਮ ਰੂਪ ਘੁਮਿਆਰ ਦਾ ਡੰਡਾ ਹੈ, ਇਸ ਦੰਡ = ਡੰਡੇ ਦੇ ਜੋਰ = ਬਲ ਕਰਕੇ ਹੀ ਉਹ ਚਿੰਤਾ ਰੂਪ ਫੇਰੇ = ਚੱਕ ਨੂੰ ਚਲ ਕਰੇ = ਚਲਾਉਣਾ ਕਰਦਾ ਹੈ ਭਾਵ ਘੁਮਾਉਣਾ ਕਰਦਾ ਹੈ।

## ਅਤ੍ਰ ਮਿਤ ਬਲਭ ਪ੍ਰਗਲਭ ਕੁਲਾਲ ਵਤ;
## ਕੌਨੇ ਵਿਧਿ ਕਰੇ, ਵਿਧਿ ਵੈ ਤੋ ਘਰੇ ਘਰੇ ਹੈ॥

ਜਿਵੇਂ ਵੈ = ਉਹ ਘੁਮਿਆਰ ਘੜੇ ਤੋ = ਤੋਂ ਅਤ੍ਰ = ਹੋਰ ਅਨੇਕਾਂ ਭਾਂਡੇ ਆਦਿ ਘੜਦਾ ਹੈ, ਇਸੇ ਤਰ੍ਹਾਂ ਕੁਲਾਲ = ਘੁਮਿਆਰ ਦੀ ਵਤ = ਨਿਆਈਂ ਵਿਧਿ = ਬ੍ਰਹਮਾ ਨੇ ਬਲਭ = ਪਿਆਰੇ ਮਿੱਤਰ, ਪ੍ਰਗਲਭ = ਚਤੁਰ ਮਿੱਤਰ ਰੂਪ ਘਰੇ = ਘੜਿਆਂ ਨੂੰ ਘਰੇ = ਘੜ ਕਰਕੇ ਪਤਾ ਨਹੀਂ ਕੌਨੇ = ਕਿਹੜੀ ਵਿਧੀ ਕਰੇ = ਕੀਤੀ ਹੈ।

## ਅਹੋ ਮੈ ਨ ਜਾਨੋ ਭੋਰਾ, ਦੇਵ ਮੋਤੇ ਮੁਖ ਮੋਰਾ;
## ਚਿੰਤਾ ਬਿਖੇ ਮੋਰਾ ਚਿਤ ਨਿਤ ਜਰੇ ਹੈ॥੨॥

ਅਹੋ = ਅਸਚਰਜ ਵਾਲੀ ਗੱਲ ਹੈ ਕਿ ਇਸ ਗੱਲ ਨੂੰ ਮੈਂ ਭੋਰਾ = ਰੱਤੀ ਮਾਤਰ ਵੀ ਜਾਨੋ = ਜਾਣਨਾ ਨਹੀਂ ਕੀਤਾ ਕਿ ਦੇਵ = ਪ੍ਰਕਾਸ਼ ਰੂਪ ਪਰਮੇਸ਼ਰ ਨੇ ਮੋਤੇ = ਮੇਰੇ ਵੱਲੋਂ ਆਪਣਾ ਮੁਖ = ਮੁਖੜਾ ਮੋਰਾ = ਮੋੜ ਲਿਆ ਹੈ। ਇਸ ਕਰਕੇ ਹੀ ਮੋਰਾ = ਮੇਰਾ ਚਿੱਤ ਚਿੰਤਾ ਰੂਪੀ ਅਗਨੀ ਬਿਖੇ = ਵਿਚ ਨਿਤ = ਨਿਤਾਪ੍ਰਤਿ ਜਰੇ = ਸੜਦਾ ਰਹਿੰਦਾ ਹੈ॥੨॥

## ਕਬਿੱਤ॥

## ਕੁਲ ਕੋ ਜੋ ਮਾਨ, ਸੋ ਮਹਾਨ ਦ੍ਰਿੜ ਗ੍ਰੰਥਿ ਆਹਿ;
## ਤਾਂਹਿ ਕੋ ਪ੍ਰਭੇਦਨ ਕੇ ਮਾਹਿ ਸਿਆਨੀ ਭਾਰੀ ਹੈ॥

ਮਨ ਦੇ ਵਿਚ ਜੋ ਆਪਣੀ ਉੱਚੀ ਕੁਲ ਹੋਣ ਕੋ = ਦਾ ਮਾਨ = ਹੰਕਾਰ ਹੈ, ਸੋ = ਉਹ ਮਹਾਨ = ਬਹੁਤ ਦ੍ਰਿੜ = ਪੱਕੀ ਗ੍ਰੰਥਿ = ਗੰਢ ਆਹਿ = ਹੈ, ਤਾਂਹਿ = ਉਸ ਗੰਢ ਕੋ = ਨੂੰ (ਪ੍ਰ + ਭੇਦਨ) ਪ੍ਰ = ਵਿਸ਼ੇਸ਼ ਕਰਕੇ ਭੇਦਨ = ਪਾੜਨ ਕੇ = ਦੇ ਮਾਹਿ = ਵਿਚ ਜੋ ਪੇਟ ਦੀ ਪਿਟਾਰੀ ਭਾਰੀ = ਬੜੀ ਸਿਆਣੀ ਹੈ।

## ਗੁਣ ਗਣ ਕਵੀ ਵਾਰੀ, ਵਾਰੀ ਕੋ ਖਿਰਾਨ ਵਾਰੀ;
## ਸੁਭ੍ਰ ਸੋਮ ਉਜਿਆਰੀ ਲਾਜ ਲਤਾ ਕੋ ਕੁਠਾਰੀ ਹੈ॥

ਜੋ ਗਣ = ਸਮੂਹ ਗੁਣਵਾਨ ਕਵੀ ਜਨਾਂ ਦੀ ਵਾਰੀ = ਵਾੜੀ ਹੈ, ਉਸ ਵਾੜੀ ਕੋ = ਨੂੰ ਖਿਰਾਨ = ਖਿੜਾਉਣ ਵਾਰੀ = ਵਾਲੀ ਸੁਭ੍ਰ = ਸੁੰਦਰ ਸੋਮ = ਚੰਦਰਮਾ ਦੀ ਉਜਿਆਰੀ = ਲਿਸ਼ਕਦੀ ਚਾਂਦਨੀ ਹੈ ਅਤੇ ਲਾਜ = ਲੱਜਾ ਰੂਪ ਲਤਾ = ਵੇਲ ਕੋ = ਨੂੰ ਕੱਟਣ ਵਾਸਤੇ ਕੁਠਾਰੀ = ਕੁਹਾੜੀ ਰੂਪ ਹੈ।

## ਮੋਖ ਭੋਗ ਸੁਖ ਆਰੀ, ਦੀਨਤਾ ਕਲੇਸ਼ ਕਿਆਰੀ;
## ਧੀਰਜ ਕੇ ਦੀਪ ਕੋ, ਸਮਾਨ ਬਜਾਰੀ ਹਾਰੀ ਹੈ॥

ਅਤੇ ਜੋ ਪੇਟ ਦੀ ਪਿਟਾਰੀ ਭੋਗ ਰੂਪ ਮੁਖ ਤੇ ਮੋਖ ਰੂਪ ਸੁਖ ਨੂੰ ਕੱਟਣ ਵਾਲੀ ਆਰੀ ਸਮਾਨ ਹੈ,

ਦੀਨਤਾ = ਗ਼ਰੀਬੀ ਤੇ ਕਲੇਸ਼ਾਂ ਦੀ ਕਿਆਰੀ ਹੈ, ਧੀਰਜ ਕੇ = ਦੇ ਦੀਪ = ਦੀਵੇ ਕੋ = ਨੂੰ ਹਾਰੀ = ਨਾਸ਼ ਕਰਨ ਵਿਚ ਬਯਾਰੀ = ਹਵਾ ਸਮਾਨ ਹੈ।

## ਪੇਟ ਕੀ ਪਿਟਾਰੀ ਲਾਈ, ਕ੍ਰੂਰ ਮੁਖਚਾਰੀ;
## ਪੂਰ ਪੂਰ ਸਭੀ ਹਾਰੀ, ਠਾਗੀ ਵਿਸ਼ ਸਾਰੀ ਹੈ ॥੩॥

ਕ੍ਰੂਰ = ਨਿਰਦਈ ਮੁਖਚਾਰੀ = ਬ੍ਰਹਮੇ ਨੇ ਇਹ ਇਸ ਪ੍ਰਕਾਰ ਦੀ ਜੋ ਪੇਟ = ਢਿੱਡ ਦੀ ਪਿਟਾਰੀ ਮਨੁੱਖਾ ਸਰੀਰ ਨੂੰ ਲਾਈ = ਲਾਉਣਾ ਕੀਤੀ ਹੈ, ਇਸ ਨੂੰ ਪੂਰ ਪੂਰ = ਭਰਦੀ-ਭਰਦੀ ਸਭੀ = ਸਾਰੀ ਦੁਨੀਆਂ ਹਾਰ = ਥੱਕ ਗਈ ਹੈ ਪਰ ਕਿਸੇ ਤੋਂ ਭਰੀ ਨਹੀਂ ਗਈ, ਇਸ ਕਰਕੇ ਸਾਰੀ ਵਿਸ਼ = ਦੁਨੀਆਂ ਠਾਗੀ = ਠੱਗੀ ਗਈ ਹੈ ਭਾਵ ਐਸੀ ਪੇਟ ਦੀ ਪਿਟਾਰੀ ਨੇ ਸਾਰੀ ਦੁਨੀਆਂ ਠੱਗ ਲਈ ਹੈ॥੩॥

## ਕਬਿੱਤ॥ ਨਾਗੋਂ ਕੋ ਅਹਾਰ ਬਿਆਰ ਮਾਟੀ ਕੀਨੋ ਮੁਖ ਚਾਰ;
## ਉੱਦਮ ਨ ਹਿੰਸਾ ਵਾਰ ਸੁਖ ਲਾਭ ਹੋਇ ਹੈ॥

ਭਰਥਰੀ ਜੀ ਕਥਨ ਕਰਦੇ ਹਨ ਕਿ ਚਾਰ ਮੁਖ = ਮੂੰਹਾਂ ਵਾਲੇ ਬ੍ਰਹਮੇ ਨੇ ਨਾਗੋਂ = ਸੱਪਾਂ ਕੋ = ਦਾ ਅਹਾਰ = ਭੋਜਨ ਬਿਆਰ = ਹਵਾ ਤੇ ਮਾਟੀ = ਮਿੱਟੀ ਬਣਾਉਣਾ ਕੀਨੋ = ਕੀਤੀ ਹੈ, ਜਿਸ ਅਹਾਰ ਨੂੰ ਪ੍ਰਾਪਤ ਕਰਨ ਵਾਸਤੇ ਨਾ ਹੀ ਕੋਈ ਉੱਦਮ = ਜਤਨ ਕਰਨਾ ਪੈਂਦਾ ਹੈ ਅਤੇ ਨਾ ਹੀ ਕੋਈ ਅਹਿੰਸਾ ਕਰਨੀ ਪੈਂਦੀ ਹੈ। ਵਾਰ = ਪੁਨਾ ਉਨ੍ਹਾਂ ਨੂੰ ਸਹਿਜੇ ਹੀ ਸੁਖ ਨਾਲ ਇਹ ਅਹਾਰ ਲਾਭ = ਪ੍ਰਾਪਤ ਹੋ ਜਾਂਦਾ ਹੈ।

## ਅੰਕੁਰ ਤ੍ਰਿਣਾਦਿ ਸੁਵਾਦਿ, ਸੁਧਾ ਸੋ ਪ੍ਰਸਾਦਿ ਪਾਇ;
## ਪਸੂ ਬ੍ਰਿੰਦ ਅਹਿਲਾਦ ਧਾਰ ਧਰਾ ਸੋਇ ਹੈ॥

ਫਿਰ ਅੰਕੁਰ = ਖੇਤੀ ਤੇ ਤ੍ਰਿਣਾਦਿ = ਘਾਹ ਆਦਿਕ ਸੁਧਾ = ਅੰਮ੍ਰਿਤ ਵਰਗੇ ਸੁਆਦ ਵਾਲਾ ਭੋਜਨ ਪਸ਼ੂਆਂ ਦੀ ਖ਼ੁਰਾਕ ਹੈ, ਜਿਸ ਪ੍ਰਸਾਦਿ = ਭੋਜਨ ਨੂੰ ਸੋ = ਉਹ ਬ੍ਰਿੰਦ = ਸਮੂਹ, ਸਾਰੇ ਪਸ਼ੂ ਪਾਇ = ਪਾ ਕੇ ਭਾਵ ਖਾ ਕੇ ਅਹਿਲਾਦ = ਆਨੰਦ ਧਾਰ ਕੇ ਧਰਾ = ਧਰਤੀ ਉੱਪਰ ਸੋਇ = ਸੌਂ ਜਾਂਦੇ ਹਨ।

## ਰਚੀ ਨਰੋਂ ਕੀ ਕੁਬ੍ਰਿਤ, ਸਿਧ ਜੋ ਨਾ ਬਿਨਾ ਬਿੱਤ;
## ਧਨ ਸਿੱਧਤਾ ਨਮਿੱਤ, ਗੁਣ ਨਿੱਤ ਖੋਇ ਹੈ॥

ਪਰ ਬ੍ਰਹਮਾ ਨੇ ਨਰੋਂ = ਮਨੁੱਖਾਂ ਦੀ (ਕੁ + ਬ੍ਰਿਤ) ਬ੍ਰਿਤ = ਉਪਜੀਵਕਾ ਹੀ ਕੁ = ਖੋਟੀ ਰਚੀ = ਰਚਨਾ, ਬਣਾਉਣਾ ਕੀਤੀ ਹੈ ਜੋ = ਜਿਹੜੀ ਉਪਜੀਵਕਾ ਬਿੱਤ = ਧਨ ਤੋਂ ਬਿਨਾਂ = ਬਗ਼ੈਰ ਸਿਧ = ਪ੍ਰਾਪਤ ਨਹੀਂ ਹੁੰਦੀ ਅਤੇ ਫਿਰ ਮਨੁੱਖ ਇਸ ਧਨ ਦੀ ਸਿੱਧਤਾ = ਪ੍ਰਾਪਤੀ ਨਮਿੱਤ = ਕਾਰਨ ਆਪਣੇ ਸ਼ੁਭ ਗੁਣਾਂ ਨੂੰ ਨਿੱਤ = ਨਿਤਾਪ੍ਰਤੀ ਖੋਇ = ਗਵਾਉਣਾ, ਨਾਸ਼ ਕਰਦਾ ਹੈ।

## ਜਨੋਂ ਸੋਂ ਵਿਰੋਧ ਵਿਧਿ, ਕਰਿ ਕਹਾ ਕੀਨੋ ਸਿੱਧ;
## ਰੰਡੀ ਪੂਤ ਸਮ, ਤਾਂਹਿ ਦੰਡੀ ਨਾਹਿ ਕੋਇ ਹੈ॥੪॥

ਭਰਥਰੀ ਜੀ ਕਥਨ ਕਰਦੇ ਹਨ ਕਿ ਵਿਧਿ = ਬ੍ਰਹਮਾ ਨੇ ਜਨੋਂ = ਮਨੁੱਖਾਂ ਸੋਂ = ਨਾਲ ਇਹ ਵਿਰੋਧ = ਵੈਰ

ਕਰ ਕੇ ਕਹਾ = ਕੀ ਸਿੱਧ = ਪ੍ਰਾਪਤ ਕੀਨੋ = ਕੀਤਾ ਹੈ ? ਮੈਨੂੰ ਪਤਾ ਹੈ ਕਿ ਜੋ ਬ੍ਰਹਮਾ ਹੈ ਉਹ ਰੰਡੀ = ਵਿਧਵਾ ਔਰਤ ਦੇ ਪੂਤ = ਪੁੱਤਰ ਦੇ ਸਮਾਨ ਹੈ, ਕਿਉਂਕਿ ਤਾਂਹਿ = ਉਸ ਨੂੰ ਕੋਇ = ਕੋਈ ਦੰਡੀ = ਦੰਡ ਦੇਣ ਵਾਲਾ ਨਾਹਿ = ਨਹੀਂ ਹੈ ॥੪॥

## ਸੋਰਠਾ ॥

## ਭਵ ਨਿਧਿ ਤਰਨ ਮਝਾਰ; ਬਲੀ ਨਰਨ ਕੀ ਤਰੁਣ ਧੀ ॥

ਭਵਨਿਧਿ = ਸੰਸਾਰ ਸਮੁੰਦਰ ਮਝਾਰ = ਵਿੱਚੋਂ ਤਰਨ ਲਈ, ਨਰਨ = ਪੁਰਖਾਂ ਕੀ = ਦੀ ਤਰੁਣ = ਜਵਾਨ ਭਾਵ ਸ੍ਰੇਸ਼ਟ ਧੀ = ਬੁੱਧੀ ਹੀ ਬਲੀ = ਬਲ ਵਾਲੀ ਹੈ।

## ਬਿਧਿ ਨਾ ਤਾਹਿ ਅਹਾਰ; ਕਤ ਉਲਟੀ ਬਿਧਿ ਨ ਕਿਯੋ ॥੪॥

ਪਰ ਤਾਹਿ = ਉਸ ਬਿਧਿ = ਬ੍ਰਹਮਾ ਨੇ ਉਨ੍ਹਾਂ ਮਨੁੱਖਾਂ ਦਾ ਅਹਾਰ = ਭੋਜਨ ਸੁਤੰਤਰ ਕਿਉਂ ਨਹੀਂ ਕੀਤਾ ? ਕਤ = ਕੀ ਉਸ ਨੇ ਇਹ ਉਲਟੀ = ਵਿਪਰੀਤ ਵਿਧੀ ਨਹੀਂ ਬਣਾਉਣਾ ਕਿਯੋ = ਕੀਤੀ ?॥੫॥

## ਕਬਿੱਤ ॥

## ਆਧ ਬਿਆਧਿ ਬ੍ਰਿੰਦ ਰੋਗ ਤਾਹਿ ਕੇ ਸੰਯੋਗ ਕਰ;
## ਆਉ ਮੈ ਅਰੋਗ ਕੋ ਵਿਯੋਗ ਭਯੋ ਅੱਤ ਹੈ ॥

ਇਸ ਸਰੀਰ ਵਿਚ ਆਧਿ, ਬਿਆਧਿ ਅਤੇ ਉਪਾਧਿ ਆਦਿਕ ਬ੍ਰਿੰਦ = ਸਮੂਹ, ਬਹੁਤੇ ਰੋਗ ਪੈਦਾ ਕੀਤੇ ਹਨ, ਤਾਹਿ = ਉਨ੍ਹਾਂ ਰੋਗਾਂ ਕੇ = ਦੇ ਸੰਜੋਗ ਕਰਕੇ ਮੇਰੀ ਆਉ = ਉਮਰ ਕੋ = ਦਾ ਸਰੀਰ ਨਾਲੋਂ ਅੱਤ = ਅਤਿਸ਼ੈ ਕਰਕੇ ਵਿਯੋਗ = ਵਿਛੋੜਾ ਭਯੋ = ਹੋ ਗਿਆ ਹੈ।

## ਪੁਨਾ ਰਮਾ ਜਹਾਂ ਵਸੇ, ਤਾਂਤੇ ਖਗ ਵਤ ਨਸੇ;
## ਖੁਲੇ ਦੁਆਰੇ ਵਤ ਧਸੇ ਬਿਪਤਾ ਮਹੱਤ ਹੈ ॥

ਪੁਨਾ = ਫਿਰ ਜਹਾਂ = ਜਿਥੇ ਰਮਾ = ਮਾਇਆ ਪਹਿਲਾਂ ਵਸੇ = ਵੱਸਦੀ ਹੈ, ਜੇਕਰ ਮਾਇਆ ਤਾਂਤੇ = ਉਸ ਥਾਂ ਤੋਂ ਖਗ = ਪੰਛੀ ਦੀ ਵਤ = ਨਿਆਈਂ ਉਡਾਰੀ ਮਾਰ ਕੇ ਨਸੇ = ਨੱਸ, ਦੌੜ ਜਾਵੇ ਤਾਂ ਮਹੱਤ = ਵੱਡੀਆਂ ਵਿਪਤਾਵਾਂ ਇਉਂ ਆਨ ਵੜਦੀਆਂ ਹਨ, ਜਿਵੇਂ ਕਿਸੇ ਮਕਾਨ ਦੇ ਦੁਆਰੇ = ਦਰਵਾਜ਼ੇ ਖੁੱਲ੍ਹੇ ਹੋਣ ਕਰਕੇ ਮਨੁੱਖ ਸਹਿਜੇ ਹੀ ਅੰਦਰ ਵੜ ਜਾਂਦਾ ਹੈ।

## ਜੋ ਜੋ ਨਿਰਮਯੋ ਭਯੋ ਪਰ ਵਸ ਤਾਂਹਿ;
## ਤਾਤਕਾਲ ਨਿਜ ਵਸਿ ਅਵਸ ਕਰਤ ਹੈ ॥

ਜੋ ਜੋ = ਜਿਹੜਾ ਜਿਹੜਾ ਮਨੁੱਖ ਨਿਰਮਯੋ = ਪੈਦਾ ਹੋਇਆ ਹੈ, ਉਹ-ਉਹ ਪਰ = ਪਰਾਏ ਵੱਸ ਭਯੋ = ਹੋ ਗਿਆ ਹੈ ਤਾਂਹਿ = ਉਨ੍ਹਾਂ ਸਾਰਿਆਂ ਨੂੰ ਕਾਲ ਤਾਤਕਾਲ = ਤੁਰੰਤ ਅਵਸ = ਜ਼ਰੂਰ ਹੀ ਨਿਜ = ਆਪਣੇ ਵੱਸ ਵਿਚ ਕਰ ਲੈਂਦਾ ਹੈ।

**ਅਜ ਜੋ ਅਕੁੰਡੇ ਕੀਨੋ ਕਾ ਕੀ ਸੁਭ ਬਿਤ ਚੀਨੋ;**
**ਬੇਦ ਲੋਕ ਮਤ ਸੋ ਨ ਸੁਖੀ, ਨ ਕੋ ਸਤ ਹੈ ॥੬॥**

ਜੋ = ਜਿਹੜੇ ਅਜ = ਬ੍ਰਹਮੇ ਦੇ ਸਿਰ ਉੱਪਰ ਕਿਸੇ ਦਾ ਅਕੁੰਡੇ = ਕੁੰਡਾ ਨਹੀਂ ਹੈ, ਐਸੇ ਬ੍ਰਹਮੇ ਨੇ ਜੋ ਕੁਝ ਵੀ ਰਚਨਾ ਕੀਨੋ = ਕੀਤਾ ਹੈ, ਦੱਸੋ ਖਾਂ! ਉਨ੍ਹਾਂ ਵਿੱਚੋਂ ਕਾ = ਕਿਸ ਕੀ = ਦੀ ਬਿਤ = ਉਪਜੀਵਕਾ ਸੁਭ = ਸੁਖਦਾਈ ਚੀਨੋ = ਜਾਣੀਦੀ ਹੈ ? ਸੋ = ਉਸ ਲੌਕਿਕ ਮੱਤ ਅਤੇ ਬੈਦਿਕ ਮੱਤ ਵਿੱਚੋਂ ਕੋਈ ਵੀ ਸੁਖ ਨ = ਨਹੀਂ ਹੈ, ਨਾ ਹੀ ਕੋ = ਕੋਈ ਸਤ = ਨਾਸ਼ ਰਹਿਤ ਹੈ ਭਾਵ ਸਭ ਨਾਸ਼ਵਾਨ ਹਨ ॥੬॥

## ਕਬਿੱਤ ॥

**ਬੰਸਰੀ ਕੀ ਧੂਨਾ ਕਹੂੰ ਹਾ ਹਾ ਇਕ ਰੋਨਾ ਕਹੂੰ;**
**ਸ੍ਰੇਸ਼ਟਨ ਕੀ ਗੋਸਟ ਕਹੂੰ ਦੁਸਟਤਾ ਹਰਤ ਹੈ ॥**

ਕਹੂੰ = ਕਿਤੇ ਤਾਂ ਬੰਸਰੀ ਆਦਿਕ ਸਾਜ਼ਾਂ ਕੀ = ਦੀ ਧੂਨਾ = ਧੁਨ, ਆਵਾਜ਼ ਆ ਰਹੀ ਹੈ ਅਤੇ ਕਹੂੰ = ਕਿਤੇ ਹਾ ਹਾ = ਹਾਇ-ਹਾਇ, ਇਤ = ਇਸ ਪ੍ਰਕਾਰ ਕਰਕੇ ਰੋਣਾ ਕੁਰਲਾਉਣਾ ਹੋ ਰਿਹਾ ਹੈ ਅਤੇ ਕਹੂੰ = ਕਿਤੇ ਸ੍ਰੇਸ਼ਟਨ = ਸ੍ਰੇਸ਼ਟ ਮਹਾਂਪੁਰਸ਼ਾਂ ਦੀ ਗੋਸਟ = ਚਰਚਾ ਹੋ ਰਹੀ ਹੈ, ਕਿਤੇ ਦੁਸ਼ਟ ਪੁਰਖ ਦੁਸ਼ਟਤਾ = ਦੁਸ਼ਟਾਈ ਕਰ ਕੇ ਲੋਕਾਂ ਨੂੰ ਹਰਤ = ਨਾਸ਼ ਕਰ ਰਹੇ ਹਨ।

**ਅੰਧ ਧੀ ਸੁਰਾਚੀ ਕਹੂੰ, ਮਹਾਂ ਕਟੁ ਵਾਚੀ ਕਹੂੰ;**
**ਸਯਾਮਾ ਅਭਿਰਾਮਾ ਰਮਾ ਮਨ ਹਰਿ ਅਤਿ ਹੈ ॥**

ਕਹੂੰ = ਕਿਤੇ ਧੀ = ਬੁੱਧੀ ਤੋਂ ਅੰਧ = ਅੰਨ੍ਹੇ ਪੁਰਸ਼ (ਸੁਰਾ + ਅਚੀ) ਸੁਰਾ = ਸ਼ਰਾਬ, ਅਚੀ = ਪੀ ਰਹੇ ਹਨ, ਕਹੂੰ = ਕਿਤੇ ਖੋਟੇ ਪੁਰਖ ਮਹਾਂ = ਬਹੁਤ ਕਟੁ = ਕੌੜੇ ਵਾਚੀ = ਬਚਨ ਬੋਲ ਰਹੇ ਹਨ, ਕਿਤੇ ਸਯਾਮਾ = ਜਵਾਨ ਤੇ ਅਭਿਰਾਮਾ = ਸੁੰਦਰ ਰਮਾ = ਇਸਤਰੀ ਲੋਕਾਂ ਦੇ ਮਨਾਂ ਨੂੰ ਅਤਿ = ਅਤਿਸ਼ੈ ਕਰ ਕੇ ਹਰਿ = ਚੁਰਾ ਭਾਵ ਮੋਹ ਰਹੀ ਹੈ।

**ਕਹੂੰ ਦੁਸ਼ਟ ਕੁਸ਼ਟ ਸੰਗ ਗਰੇ ਅੰਗ ਕਸ਼ਟ ਸਹੇ;**
**ਸਦਾ ਜਲਪਤ ਰਹੇ ਜੈਸੇ ਜਲਪਤਿ ਹੈ ॥**

ਕਹੂੰ = ਕਿਤੇ ਦੁਸ਼ਟ = ਖੋਟੇ ਪੁਰਸ਼ ਕੁਸ਼ਟ = ਕੋਹੜ ਰੋਗ ਸੰਗ = ਨਾਲ ਗਲ ਰਹੇ ਹਨ ਤੇ ਸਰੀਰ ਦੇ ਅੰਗਾਂ ਉੱਤੇ ਕਸ਼ਟ = ਦੁੱਖ ਸਹੇ = ਸਹਾਰਦੇ ਹੋਏ ਸਦਾ = ਹਮੇਸ਼ਾਂ ਹੀ ਇਉਂ ਜਲਪਤ = ਸੜ-ਬਲ ਰਹੇ ਹਨ, ਜੈਸੇ = ਜਿਸ ਪ੍ਰਕਾਰ ਬੜਵਾ ਅਗਨੀ ਨਾਲ (ਜਲ + ਪਤਿ) ਜਲ ਦਾ ਪਤਿ = ਸੁਆਮੀ ਸਮੁੰਦਰ ਸੜ ਰਿਹਾ ਹੈ।

**ਰਚਨਾ ਨਿਰੰਕੁਸ਼ ਬਿਰੰਚ ਕੀ ਨ ਜਾਨੇ ਹਮ;**
**ਸੁਧਾ ਰੂਪ ਕਿ ਵਿਖ ਰੂਪ ਏ ਜਗਤ ਹੈ ॥੭॥**

ਹਮ = ਅਸੀਂ ਨਿਰੰਕੁਸ਼ = ਨਿਡਰ ਬਿਰੰਚ = ਬ੍ਰਹਮਾ ਕੀ = ਦੀ ਰਚੀ ਹੋਈ ਰਚਨਾ ਨੂੰ ਜਾਨੇ = ਜਾਣ ਨਹੀਂ

ਸਕੇ ਕਿ ਇਹ ਜਗਤ = ਸੰਸਾਰ ਸੁਧਾ = ਅੰਮ੍ਰਿਤ ਰੂਪ ਹੈ ਕਿ = ਜਾਂ ਬਿਖ = ਜ਼ਹਿਰ ਰੂਪ ਹੈ **ਵਾ:** ਅੰਮ੍ਰਿਤ ਦੀ ਨਿਆਈਂ ਸੁਖ ਰੂਪ ਹੈ ਜਾਂ ਜ਼ਹਿਰ ਦੀ ਨਿਆਈਂ ਦੁੱਖ ਰੂਪ ਹੈ, ਇਹ ਜਾਣ ਨਹੀਂ ਸਕੇ।

**ਕਬਿੱਤ॥ ਰੁਚਤ ਸੁਮੇਰ ਸੋ ਨਾ ਆਵੇ ਕਹੂੰ ਕਾਮ ਜੋ ਨਾ;**
**ਨਿਜ ਗੌਰਤਾ ਮੈ ਸੋਨਾ ਸਦਾ ਗਲਤਾਨ ਹੈ॥**

ਭਰਥਰੀ ਜੀ ਕਥਨ ਕਰਦੇ ਹਨ ਕਿ ਜੋ ਸੁਮੇਰ ਪਰਬਤ ਸੋਨੇ ਦਾ ਹੈ, ਸੋ = ਉਹ ਮੇਰੇ ਮਨ ਨੂੰ ਰੁਚਤ = ਭਾਉਂਦਾ ਨਹੀਂ ਹੈ ਕਿਉਂਕਿ ਉਹ ਸੋਨਾ ਕਹੂੰ = ਕਿਸੇ ਕਾਮ = ਕੰਮ ਨਹੀਂ ਆਉਂਦਾ ਅਤੇ ਜੋ ਸੋਨੇ ਦਾ ਸੁਮੇਰ ਪਰਬਤ ਹੈ ਸਦਾ = ਹਮੇਸ਼ਾਂ ਹੀ ਨਿਜ = ਆਪਣੀ ਗੌਰਤਾ = ਵਡਿਆਈ ਮੈ = ਵਿਚ ਗਲਤਾਨ = ਖਚਿਤ ਰਹਿੰਦਾ ਹੈ।

**ਜੀਵ ਜੇ ਸੰਤੋਖ ਕਰ ਤ੍ਰਿਪਤ ਸਦੀਵ ਤਰ;**
**ਤਾਕੋ ਸੇਖ ਨਾ ਅਨੰਦ ਰਹਯੋ ਕਛੂ ਆਨ ਹੈ॥**

ਜੇ = ਜਿਹੜੇ ਜੀਵ ਸੰਤੋਖ ਕਰ ਕੇ ਸਦੀਵ = ਸਦਾ ਹੀ ਤਰ = ਤਰੇ ਭਾਵ ਰੱਜੇ ਰਹਿੰਦੇ ਹਨ ਤਾਕੋ = ਉਨ੍ਹਾਂ ਲਈ ਸੰਤੋਖ ਤੋਂ ਬਗ਼ੈਰ ਆਨ = ਹੋਰ ਕਛੂ = ਕੁਝ ਵੀ ਚੀਜ਼ ਆਨੰਦ ਦੇਣ ਵਾਲੀ ਸੇਖ = ਬਾਕੀ ਨਾ = ਨਹੀਂ ਰਹਯੋ = ਰਹੀ ਹੈ।

**ਪੁਨਾ ਜੇਈ ਆਨ ਜਨ ਧਨ ਲੋਭ ਕਰ ਮਨ ਵਿਆਕੁਲ ਹੈ;**
**ਜਾਂ ਕੇ ਤਾਂ ਕੀ ਤ੍ਰਿਸ਼ਨਾ ਨ ਹਾਨ ਹੈ॥**

ਪੁਨਾ = ਫਿਰ ਜੇਈ = ਜਿਹੜੇ ਆਨ = ਹੋਰ ਜਨ = ਪੁਰਸ਼ ਹਨ, ਉਨ੍ਹਾਂ ਵਿੱਚੋਂ ਜਾਂ ਕੇ = ਜਿਨ੍ਹਾਂ ਦਾ ਮਨ ਧਨ ਦੇ ਲੋਭ = ਲਾਲਚ ਕਰਕੇ ਵਿਆਕੁਲ = ਦੁਖੀ ਹੈ ਤਾਂ ਕੀ = ਉਨ੍ਹਾਂ ਦੀ ਤ੍ਰਿਸ਼ਨਾ ਕਦੇ ਵੀ ਹਾਨ = ਨਾਸ਼ ਨਹੀਂ ਹੁੰਦੀ ਭਾਵ ਇਕ ਸੁਮੇਰ ਪਰਬਤ ਤਾਂ ਇਕ ਪਾਸੇ ਰਿਹਾ, ਭਾਵੇਂ ਉਨ੍ਹਾਂ ਨੂੰ ਅਨੇਕਾਂ ਸੁਮੇਰ ਪਰਬਤ ਮਿਲ ਜਾਣ ਫੇਰ ਵੀ ਤ੍ਰਿਸ਼ਨਾ ਨਵਿਰਤ ਨਹੀਂ ਹੁੰਦੀ।

**ਕੌਨ ਕੇ ਨਿਮਿਤ ਐਸੀ ਸੰਪਦਾ ਅਮਿਤ ਰਚੀ;**
**ਇਤ ਬਿਧਿ ਕਰਕੇ ਨ ਬਿਧਿ ਬੁਧਿਮਾਨ ਹੈ॥੮॥**

ਐਸੇ = ਇਸ ਪ੍ਰਕਾਰ ਦੀ ਅਮਿਤ = ਬੇਅੰਤ ਸੰਪਦਾ = ਬਿਭੂਤੀ ਬ੍ਰਹਮਾ ਨੇ ਕੌਣ = ਕਿਸ ਦੇ ਨਿਮਿਤ = ਵਾਸਤੇ ਰਚੀ ਹੈ? ਇਤ ਬਿਧਿ = ਇਸ ਜੁਗਤੀ ਕਰਕੇ ਇਹ ਜਾਣਿਆ ਜਾਂਦਾ ਹੈ ਕਿ ਬਿਧਿ = ਬ੍ਰਹਮਾ ਬੁਧਿਮਾਨ = ਬੁੱਧੀਵਾਨ ਨਹੀਂ ਹੈ॥੮॥

**ਕਬਿੱਤ॥ ਪੁਰਖ ਰਤਨ ਗੁਣ ਗਣ ਕੋ ਸਦਨ;**
**ਪੁਨਾ ਪੌਰਖ ਕੋ ਆਇਤਨ ਪਰਮ ਪ੍ਰਬੀਨਾ ਹੈ॥**

ਇਹ ਅਮੋਲਕ ਪੁਰਖ = ਮਨੁੱਖਾ ਜਨਮ ਰਤਨ ਦੀ ਨਿਆਈਂ ਗਣ = ਸਮੂਹ ਗੁਣਾਂ ਕੋ = ਦਾ ਸਦਨ = ਘਰ

ਹੈ ਪੁਨਾ = ਫੇਰ ਪੌਰਖ = ਬਲ ਕੋ = ਦਾ ਵੀ ਆਇਤਨ = ਘਰ ਹੈ ਅਤੇ ਪਰਮ = ਵੱਡਾ ਪ੍ਰਬੀਨਾ = ਚਤੁਰ ਤੇ ਸਿਆਣਾ ਵੀ ਹੈ।

## ਸਾਰੀ ਧਰਾ ਕੋ ਸਿੰਗਾਰ ਜੜਾਜੜ ਕੇ ਸਿਰਦਾਰ;
## ਮੋਖ ਭੋਗ ਕੋ ਭੰਡਾਰ ਚਾਰੁ ਲਖ ਲੀਨਾ ਹੈ॥

ਅਤੇ ਉਹ ਮਨੁੱਖਾ ਸਰੀਰ ਸਾਰੀ ਧਰਾ = ਧਰਤੀ ਦਾ ਸ਼ਿੰਗਾਰ ਹੈ, (ਜੜ + ਅਜੜ) ਜੜ੍ਹ = ਬੇ-ਹਰਕਤ (ਚੇਤਨਤਾ ਤੋਂ ਰਹਿਤ) ਤੇ ਅਜੜ = ਚੇਤਨ ਵਸਤੂਆਂ ਦਾ ਸਿਰਦਾਰ = ਪ੍ਰਧਾਨ ਹੈ, ਮੋਖ ਅਤੇ ਭੋਗ ਦਾ ਚਾਰ = ਸੁੰਦਰ ਭੰਡਾਰ = ਖ਼ਜ਼ਾਨਾ ਹੈ, ਇਹ ਮੈਂ ਲਖ = ਜਾਣ ਲੀਨਾ = ਲਿਆ ਹੈ।

## ਚਤਰ ਬਦਨ ਕੋ ਚਤੁਰ ਹਮ ਚੀਨੋ ਤਬ;
## ਪ੍ਰਿਥਮੇ ਜੋ ਐਸੇ ਨਰ ਕੋ ਉਤਪਤਿ ਕੀਨਾ ਹੈ॥

ਭਰਥਰੀ ਜੀ ਕਥਨ ਕਰਦੇ ਹਨ ਕਿ ਤਬ = ਤਦੋਂ ਪ੍ਰਿਥਮੇ = ਪਹਿਲਾਂ ਹਮ = ਮੈਂ ਚਤੁਰ ਬਦਨ = ਚਾਰ ਮੂੰਹਾਂ ਵਾਲੇ ਬ੍ਰਹਮੇ ਕੋ = ਨੂੰ ਚਤੁਰ = ਸਿਆਣਾ ਚੀਨੋ = ਜਾਣਿਆ ਸੀ ਕਿਉਂਕਿ ਜੋ ਉਸ ਨੇ ਐਸੇ = ਇਹੋ ਜਿਹੇ ਨਰ = ਮਨੁੱਖ ਕੋ = ਨੂੰ ਉਤਪਤਿ = ਪੈਦਾ ਕੀਨਾ = ਕੀਤਾ ਹੈ।

## ਤਾਂ ਕੇ ਪਾਛੇ ਤਤਖਿਨ ਨਸ਼ਟ ਕਰੇ ਹਾ ਹਾ ਕਸ਼ਟ;
## ਇਤਿ ਬਿਧਿ ਬਿਧਨਾ ਕੋ ਪੰਡਿਤ ਨ ਚੀਨਾ ਹੈ॥੯॥

ਤਾਂ = ਤਦੋਂ ਫੇਰ ਉਸ ਦੇ ਪਾਛੇ = ਮਗਰੋਂ ਤਤਖਿਨ = ਤੁਰੰਤ ਹੀ ਉਸ ਸਰੀਰ ਨੂੰ ਨਸ਼ਟ = ਨਾਸ਼ ਕਰੇ = ਕਰ ਦਿੰਦਾ ਹੈ, ਹਾ ਹਾ = ਹਾਇ! ਹਾਇ! ਬੜੇ ਕਸ਼ਟ = ਦੁੱਖ ਦੀ ਗੱਲ ਹੈ, ਇਉਂ ਮੈਂ ਇਤਿ = ਇਸ ਬਿਧਿ = ਵਿਧੀ ਨੂੰ ਵੇਖ ਕਰਕੇ ਬਿਧਨਾ = ਬ੍ਰਹਮਾ ਕੋ = ਨੂੰ ਪੰਡਿਤ = ਸਿਆਣਾ ਨ = ਨਹੀਂ ਚੀਨਾ = ਜਾਣਿਆ ਹੈ॥੯॥

## ਦੋਹਰਾ॥ ਭਰਤ ਸ਼ਤਕ ਵੈਰਾਗ ਕੋ; ਧਯਾਇ ਪੰਚਮੋ ਅੰਤ॥

ਭਰਤ = ਭਰਥਰੀ ਜੀ ਦੇ ਵੈਰਾਗ ਸ਼ਤਕ ਗ੍ਰੰਥ ਕੋ = ਦਾ ਪੰਚਮੋ = ਪੰਜਵਾਂ ਅਧਿਆਇ ਏਥੇ ਅੰਤ = ਸਮਾਪਤ ਹੁੰਦਾ ਹੈ।

## ਦੋਸ਼ ਅਰੋਪ ਬਿਰੰਚ ਕੋ; ਹਰਿ ਦਿਆਲ ਵਰਣੰਤ॥੧੦॥

ਇਸ ਅਧਿਆਇ ਵਿਚ ਭਰਥਰੀ ਜੀ ਨੇ ਬਿਰੰਚ = ਬ੍ਰਹਮਾ ਵਿਚ ਦੋਸ਼ (ਔਗੁਣ) ਅਰੋਪ = ਥੋਪੇ, ਲਗਾਉਣਾ ਕੀਤੇ ਹਨ ਜਿਸ ਨੂੰ ਪੰਡਿਤ ਹਰਿਦਿਆਲ ਜੀ ਨੇ ਸੰਸਕ੍ਰਿਤ ਤੋਂ ਬ੍ਰਜ ਭਾਸ਼ਾ ਵਿਚ ਵਰਣੰਤ = ਵਰਣਨ ਕੀਤਾ ਹੈ।

## ਇਤਿ ਪੰਚਮੋ ਅਧਯਾਯ॥੫॥

ਇਥੇ ਹੁਣ ਪੰਚਮੋ = ਪੰਜਵਾਂ ਅਧਿਆਇ ਇਤਿ = ਸਮਾਪਤ ਹੁੰਦਾ ਹੈ॥੫॥

## ੧ਓ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ਓ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਛੇਵਾਂ ਅਧਯਾਯ ਅਰੰਭ ॥

ਅਥ = ਹੁਣ ਛੇਵਾਂ ਅਧਿਆਇ ਅਰੰਭ ਕਰਦੇ ਹਨ।

### ਦੋਹਰਾ ॥

### ਖਸ਼ਟੇ ਸ੍ਰੇਸ਼ਟ ਜਨਾਨ ਕੀ; ਵਰਨਨ ਕਰੇ ਪ੍ਰਸੰਸ ॥

ਇਸ ਖਸ਼ਟੇ = ਛੇਵੇਂ ਅਧਯਾਯ ਅੰਦਰ ਭਰਥਰੀ ਜੀ ਸ੍ਰੇਸ਼ਟ = ਉੱਤਮ ਜਨਾਨ = ਜਨਾਂ ਕੀ = ਦੀ ਪ੍ਰਸੰਸ = ਉਸਤਤ ਵਰਣਨ ਕਰਦੇ ਹਨ।

### ਸ਼ੁਭ ਸਲੋਕ ਸੱਤ੍ਰਾ ਤਿਸੇ; ਹ੍ਰਿਦਯ ਕਮਲ ਕੋ ਹੰਸ ॥੧॥

ਤਿਸੇ = ਉਸ ਮਹਿਮਾ ਦੇ ਸ਼ੁਭ = ਸੁੰਦਰ ਸੱਤ੍ਰਾ = ਸਤਾਰਾਂ ਸਲੋਕ ਹਨ, ਜੋ ਹਿਰਦੇ ਰੂਪੀ ਕਮਲ ਨੂੰ ਖਿੜਾਉਣ ਲਈ ਹੰਸ = ਸੂਰਜ ਸਮਾਨ ਹਨ ॥੧॥

### ਛਪਯ ਛੰਦ ॥

### ਸੰਤ ਗਏ ਬਨ ਮਾਹਿ; ਨਾਹਿ ਕੋ ਜੰਤ ਜਾਹਿ ਮਹਿ ॥

ਸੰਤ ਜਨਾਂ ਨੇ ਉਸ ਬਨ = ਜੰਗਲ ਮਾਹਿ = ਵਿਚ ਗਏ = ਪਹੁੰਚ ਕੇ ਨਿਵਾਸ ਕੀਤਾ ਹੈ, ਜਾਹਿ = ਜਿਸ ਬਨ ਮਾਹਿ = ਵਿਚ ਕੋਈ ਜੀਵ ਜੰਤੂ ਨਿਵਾਸ ਨਹੀਂ ਕਰਦਾ ਹੈ।

### ਬਸਨ ਹੇਤੁ ਕਿਧੋ ਧਾਮ; ਤਲੋ ਅਵਿਰਾਮ ਹੁਤੋ ਨਹਿ ॥

***ਪ੍ਰਸ਼ਨ :*** ਕਹਿੰਦੇ ਕਿਧੋ = ਕੀ ਉਨ੍ਹਾਂ ਸੰਤ ਜਨਾਂ ਕੋਲ ਵੱਸਣ ਦੇ ਹੇਤੁ = ਵਾਸਤੇ ਅਵਿਰਾਮ = ਸੁੰਦਰ ਧਾਮ = ਘਰ ਰੂਪੀ ਤਲੋ = ਅਸਥਾਨ ਨਹੀਂ ਹੁਤੋ = ਹੁੰਦਾ ਸੀ ?

### ਸ੍ਰਵਣ ਯੋਗ ਗੀਤਾਦ ਕਹਾਂ ਥੇ; ਤਹਾ ਵਿਯੋਗ ਦੁਖ ॥

ਜੋ ਸ੍ਰਵਣ = ਸੁਣਨ ਦੇ ਯੋਗ = ਲਾਇਕ ਗੀਤਾਦ = ਗੀਤਾ ਆਦਿਕ ਧਾਰਮਿਕ ਗ੍ਰੰਥ ਹਨ, ਉਹ ਵੀ

ਕਹਾਂ = ਕਿਥੇ ਥੇ = ਸਨ ? ਇਸ ਵਿਯੋਗ = ਵਿਛੋੜੇ ਰੂਪੀ ਦੁੱਖ ਕਾਰਨ ਸੰਤ ਜਨ ਨੇ ਤਹਾ = ਉਥੇ ਭਾਵ ਵਣ ਵਿਚ ਨਿਵਾਸ ਕੀਤਾ ਹੈ।

## ਕੈ ਨ ਅਧਿਕ ਰੁਚਿ ਹੇਤੁ; ਪ੍ਰਾਣ ਸਮ ਮਿਤ੍ਰ ਸੰਗ ਸੁਖ॥

ਕੈ = ਜਾਂ ਅਧਿਕ = ਬਹੁਤ ਰੁਚਿ ਹੇਤ = ਪਿਆਰ ਵਾਲੇ ਤੇ ਪ੍ਰਾਣਾਂ ਦੀ ਨਿਆਈਂ ਮਿੱਤਰਾਂ ਦੀ ਸੰਗ = ਸੰਗਤ ਦਾ ਸੁਖ ਨਹੀਂ ਸੀ, ਇਸ ਕਰਕੇ ਉਨ੍ਹਾਂ ਨੇ ਉਥੇ ਜੰਗਲਾਂ ਵਿਚ ਨਿਵਾਸ ਕੀਤਾ।

## ਤੇ ਹੁਤੇ ਸਰਬ ਪ੍ਰਤਿ ਹਤੇ; ਜੇ ਦੀਪ ਸਿਖਾ ਵਤ ਤਰਲ ਪਿਖ॥

***ਉੱਤਰ :*** ਤੇ = ਉਹ ਘਰ ਆਦਿਕ ਸਾਰੇ ਪਦਾਰਥ ਸੰਤ ਜਨਾਂ ਕੋਲ ਹੁਤੇ = ਹੁੰਦੇ ਸਨ। ਪਰ ਸਰਬ = ਸਾਰਿਆਂ ਪ੍ਰਤਿ = ਨੂੰ ਹਤੇ = ਤਿਆਗ ਦਿੱਤਾ ਹੈ ਕਿਉਂਕਿ ਜੇ = ਜੋ ਦੀਪ = ਦੀਵੇ ਦੀ ਸਿਖਾ = ਲਾਟ ਵਤ = ਵਾਂਗ ਤਰਲ = ਚੰਚਲ ਭਾਵ ਖਿੰਨ ਭੰਗਰ ਹਨ, ਇਉਂ ਉਨ੍ਹਾਂ ਨੂੰ ਨਾਸ਼ਵਾਨ ਪਿਖ = ਦੇਖ ਕਰਕੇ ਤਿਆਗ ਦਿੱਤਾ ਹੈ।

## ਯੁਤ ਭ੍ਰਮਤ ਪਤਤ ਪਤੰਗ ਕੇ; ਪੰਖ ਪਵਨ ਕਰਿ ਚਪਲ ਸਿਖ॥੨॥

ਜਿਵੇਂ ਪਤਤ = ਉੱਡਦਾ ਹੋਇਆ ਪਤੰਗਾ ਦੀਵੇ ਦੀ ਚਮਕਦੀ ਹੋਈ ਲਾਟ ਦੇ ਆਲੇ-ਦੁਆਲੇ ਭ੍ਰਮਤ = ਭਰਮਦਾ ਰਹਿੰਦਾ ਹੈ, ਜਦ ਪਤੰਗੇ ਕੇ = ਦੇ ਪੰਖ = ਖੰਭਾਂ ਦੀ ਪਵਨ = ਹਵਾ ਕਰਿ = ਨਾਲ ਦੀਵੇ ਦੀ ਸਿਖ = ਲਾਟ ਚਪਲ = ਚੰਚਲ ਹੋ ਜਾਂਦੀ ਹੈ, ਤਦ ਪਤੰਗਾ ਖੰਭਾਂ ਦੇ ਯੁਤ = ਸਮੇਤ ਦੀਵੇ ਦੀ ਲਾਟ ਉੱਪਰ ਡਿੱਗ ਕੇ ਨਾਸ਼ ਹੋ ਜਾਂਦਾ ਹੈ ਭਾਵ ਖੰਭ ਸੜਨ ਕਰਕੇ ਲਾਟ ਦੇ ਉੱਪਰ ਡਿੱਗ ਕੇ ਨਾਸ਼ ਹੋ ਜਾਂਦਾ ਹੈ। ਇਸੇ ਤਰ੍ਹਾਂ ਸੰਤ ਜਨਾਂ ਨੇ ਦੀਵੇ ਦੀ ਲਾਟ ਵਾਂਗ ਪਦਾਰਥਾਂ ਨੂੰ ਨਾਸ਼ਵਾਨ ਜਾਣ ਕਰਕੇ ਤਿਆਗ ਦਿੱਤਾ ਹੈ।

***ਪ੍ਰਸ਼ਨ :*** *ਸੰਤ ਜਨਾਂ ਨੇ ਪਦਾਰਥ ਨਾਸ਼ਵਾਨ ਜਾਣ ਕੇ ਤਿਆਗ ਤਾਂ ਦਿੱਤੇ ਹਨ ਪਰੰਤੂ ਪਦਾਰਥਾਂ ਦੇ ਸੁਖ ਨੂੰ ਵੇਖ ਕੇ ਕਦੇ ਨਾ ਕਦੇ ਤਾਂ ਮਨ ਲੋਭੀ ਹੋ ਹੀ ਜਾਂਦਾ ਹੋਵੇਗਾ ?*

***ਉੱਤਰ :***

## ਸ੍ਵੈਯਾ॥ ਯਹ ਮੰਡਲ ਮਾਤ੍ਰ ਪ੍ਰਪੰਚ ਸਭੀ;
## ਤਤ ਵੇਤਨ ਕੋ ਕਤ ਕਾਰਣ ਲੋਭਾ॥

ਜੋ ਯਹ = ਇਹ ਮੰਡਲ ਮਾਤ੍ਰ = ਗੋਲਾਕਾਰ ਚੱਕਰ ਵਰਗਾ ਤੇ (ਪ੍ਰ + ਪੰਚ) ਪ੍ਰ = ਵਿਸ਼ੇਸ਼ ਕਰਕੇ ਪੰਚ = ਪੰਜ ਚੀਜ਼ਾਂ (ਤਿੰਨ ਅੰਸ਼ਾ ਬ੍ਰਹਮ ਦੀਆਂ ਅਸਤੀ, ਭਾਂਤੀ ਪ੍ਰਿਅ ਤੇ ਦੋ ਅੰਸ਼ਾ ਮਾਇਆ ਦੀਆਂ ਨਾਮ ਤੇ ਰੂਪ) ਦਾ ਬਣਿਆ ਹੋਇਆ ਸਭੀ = ਸਾਰਾ ਸੰਸਾਰ ਹੈ, ਇਹ ਉਨ੍ਹਾਂ ਤਤ ਵੇਤਨ = ਤੱਤ ਬੇਤੇ ਮਹਾਂਪੁਰਸ਼ਾਂ ਕੋ = ਤਾਈਂ ਲੋਭਾ = ਲੋਭ ਦਾ ਕਾਰਣ ਕਦ = ਕਿਵੇਂ ਹੋ ਸਕਦਾ ਹੈ ? ਭਾਵ ਨਹੀਂ ਹੋ ਸਕਦਾ।

## ਜਿਮ ਸਾਗਰ ਮੈ ਮਛਰੀ ਮਛਰੀ ਉਛਰੇ;
## ਮਛਰੀ ਕਛ ਹੋਤ ਸੁ ਛੋਭਾ॥

ਜਿਮ = ਜਿਵੇਂ ਸਾਗਰ = ਸਮੁੰਦਰ ਮੈ = ਵਿਚ ਮਛਰੀ ਮਛਰੀ = ਮੱਛਲੀ ਨਾਲ ਮੱਛਲੀ ਮਿਲ ਕੇ

ਮਛਰੀ = ਮਛਲ ਭਾਵ ਚਮਲ੍ਹੀ ਹੋਈ ਉੱਪਰ ਨੂੰ ਉਛਰੇ = ਉੱਛਲਦੀ ਹੈ ਤਾਂ ਸੁ = ਉਸ ਸਮੁੰਦਰ ਵਿਚ ਕਛ = ਕੁਝ ਛੋਭਾ = ਖੋਭ ਹੋਤ = ਹੁੰਦਾ ਹੈ ? ਭਾਵ ਨਹੀਂ ਹੁੰਦਾ।

## ਤਿਵ ਨੈਕੁ ਲੁਭਾਇ ਸਕੇ ਨ ਤਿਸੇ ਖਿਨ ਖੀਣ;
## ਖੀਣ ਲਖੀ ਤਿਨ ਕੋ ਕੀ ਸੋਭਾ॥

ਤਿਵ = ਤਿਵੇਂ ਹੀ ਇਕ ਖਿਨ ਵਿਚ ਖੀਣ = ਨਾਸ਼ ਹੋਣ ਵਾਲੇ ਮੱਛੀ ਰੂਪ ਸੰਸਾਰਕ ਪਦਾਰਥ ਤਿਸੇ = ਉਨ੍ਹਾਂ ਸਮੁੰਦਰ ਰੂਪ ਮਹਾਂਪੁਰਸ਼ਾਂ ਨੂੰ ਨੈਕੁ = ਥੋੜ੍ਹੇ ਮਾਤਰ ਵੀ ਲੁਭਾਇ = ਲੁਭਾਇਮਾਨ ਨਹੀਂ ਕਰ ਸਕੇ = ਸਕਦੇ, ਕਿਉਂਕਿ ਤਿਨ = ਉਨ੍ਹਾਂ ਨੇ ਇਸ ਲੋਕ ਦੀ ਸੋਭਾ ਨੂੰ ਇਕ ਖਿਨ ਵਿਚ ਖੀਣ = ਨਾਸ਼ ਹੋ ਜਾਣ ਵਾਲੀ ਲਖੀ = ਜਾਣਿਆ ਹੈ।

## ਸ਼ੁਕਤੀਗਯ ਭ੍ਰਮਾਤ ਨ ਰੂਪ ਮ੍ਰਿਖਾ;
## ਤਤਵੇਤਨ ਕੋ ਨ ਤਥਾ ਤਿਹ ਖੋਭਾ॥੩॥

ਜਿਵੇਂ ਸ਼ੁਕਤੀਗਯ = ਸਿੱਪੀ ਦੇ ਅਸਲ ਸਰੂਪ ਦਾ ਗਿਆਨ ਰੱਖਣ ਵਾਲੇ ਨੂੰ ਸਿੱਪੀ ਵਿਚ ਚਾਂਦੀ ਦਾ ਭ੍ਰਮਾਤ = ਭੁਲੇਖਾ ਨਹੀਂ ਪੈ ਸਕਦਾ ਕਿਉਂਕਿ ਉਸ ਨੇ ਸਿੱਪੀ ਵਿਚ ਚਾਂਦੀ ਨੂੰ ਮ੍ਰਿਖਾ = ਮਿਥਿਆ ਰੂਪ ਕਰਕੇ ਜਾਣਿਆ ਹੋਇਆ ਹੈ ਤਥਾ = ਇਸੇ ਤਰ੍ਹਾਂ ਤਤਵੇਤਨ = ਤੱਤਵੇਤੇ ਯਥਾਰਥ ਰੂਪ ਦਾ ਗਿਆਨ ਰੱਖਣ ਵਾਲੇ ਮਹਾਂਪੁਰਸ਼ਾਂ ਨੇ ਸਿੱਪੀ ਦੀ ਨਿਆਈਂ ਸਾਰੇ ਸੰਸਾਰ ਨੂੰ ਮਿਥਿਆ ਜਾਣਿਆ ਹੋਇਆ ਹੈ। ਉਨ੍ਹਾਂ ਕੋ = ਨੂੰ ਤਿਹ = ਤਿਸ ਸੰਸਾਰ ਵਿਚ ਮੋਹ ਕਰਨ ਦਾ ਖੋਭਾ = ਖੋਭ **ਵਾ:** ਸੱਤਤਾ ਦਾ ਖੋਭ ਖਿਨ ਮਾਤਰ ਵੀ ਨਹੀਂ ਹੋ ਸਕਦਾ॥੩॥

## ਸਵੈਯਾ॥
## ਨਿਤ ਪੁੰਨ ਪਰਾਇਣ ਜਾਂ ਚਿਤ ਕੇਵਲ;
## ਤਾਂ ਭਵ ਬੰਧ ਹਨਯੋ ਗਨ ਹੈ॥

ਜਾਂ = ਜਿਸ ਪੁਰਸ਼ ਦਾ ਚਿੱਤ ਨਿਤ = ਸਦਾ ਹੀ ਕੇਵਲ = ਸਿਰਫ਼ ਪੁੰਨਾਂ ਦੇ ਪਰਾਇਣ = ਆਸਰੇ ਰਹਿੰਦਾ ਹੈ ਤਾਂ = ਉਸ ਨੇ ਸੰਸਾਰ ਦੇ ਗਨ = ਸਾਰੇ ਬੰਧ = ਬੰਧਨਾਂ ਨੂੰ ਹਨਯੋ = ਨਾਸ਼ ਕਰ ਲਿਆ ਹੈ।

## ਮਨ ਪੰਨਗ ਹਰ ਮਝਾਰ ਅਹੰ ਵਿਖ;
## ਮੂਲ ਸਨੇ ਜੁ ਤਿਨੇ ਹਨ ਹੈ॥

ਜੋ ਇਸ ਮਨ ਰੂਪ ਕ੍ਰੂਰ = ਭਿਆਨਕ ਪੰਨਗ = ਸੱਪ ਮਝਾਰ = ਵਿਚ ਅਹੰ = ਹੰਕਾਰ ਰੂਪੀ ਵਿਖ = ਜ਼ਹਿਰ ਹੈ, ਪਰ ਤਿਨੈ = ਉਸ ਪੁਰਸ਼ ਨੇ ਅਹੰਕਾਰ ਰੂਪੀ ਜ਼ਹਿਰ ਦੇ ਸਨੇ = ਸਮੇਤ ਸਰੀਰ ਦੇ ਮੂਲ = ਮੁੱਢ ਭਾਵ ਮਨ ਨੂੰ ਵਿਸ਼ਿਆਂ ਵੱਲੋਂ ਹਨ = ਨਾਸ਼ ਕਰ ਲਿਆ ਹੈ।

## ਬਰ ਸਾਰਦ ਚੰਦ੍ਰ ਕੀ ਚਾਂਦਨੀ ਸੋਂ;
## ਯਹ ਬਯੋਮ ਤਲੋ ਉਜਲੋ ਬਨ ਹੈ॥

ਬਰ = ਸ੍ਰੇਸ਼ਟ ਸਾਰਦ = ਸਰਦ ਰੁੱਤ (ਅੱਸੂ ਕੱਤਕ) ਦੇ ਵਿਚ ਚੰਦਰਮਾ ਕੀ = ਦੀ ਚਾਂਦਨੀ ਸੋਂ = ਨਾਲ ਯਹ = ਇਹ ਬਯੋਮ = ਅਕਾਸ਼ ਰੂਪ ਤਲੋ = ਅਸਥਾਨ ਦੀ ਨਿਆਈਂ ਜੋ ਉਜਲੋ = ਉੱਜਲਾ ਬਨ ਹੈ।

## ਬਸ ਜੋ ਬਨ ਹੈ ਅਸ ਰੈਨ ਬਿਤਾਵਤ;
## ਜੋਬਨ ਮੈ, ਜਨ ਸੋ ਧੰਨ ਹੈ॥੪॥

ਜੋ ਪੁਰਖ ਅਸ = ਇਸ ਪ੍ਰਕਾਰ ਦੇ ਬਨ = ਜੰਗਲ ਵਿਚ ਵੱਸ ਕਰਕੇ ਪੁਨਾ ਜੋਬਨ ਅਵਸਥਾ ਮੈ = ਵਿਚ ਵੱਸ ਕਰਕੇ ਆਪਣੀ ਉਮਰ ਰੂਪੀ ਰੈਨ = ਰਾਤਰੀ ਬਿਤਾਵਤ = ਬਿਤਾਉਣਾ ਕਰਦਾ ਹੈ, ਭਰਥਰੀ ਜੀ ਕਥਨ ਕਰਦੇ ਹਨ ਕਿ ਸੋ = ਉਹ ਜਨ = ਪੁਰਸ਼ ਧੰਨਤਾ ਦੇ ਯੋਗਤਾ ਹੈ॥੪॥

## ਸ੍ਵੈਯਾ॥ ਸੁਚ ਚਾਰ ਘਨੀ ਖਿਤ ਸੇਜ ਬਨੀ ਮ੍ਰਿਦ;
## ਦ੍ਵੈ ਭੁਜ ਬੇਲ ਬਿਸਾਲ ਸਿਰਾਨੋ॥

ਜੋ ਸੁਚ = ਉੱਜਲ ਘਾਹ ਨਾਲ ਘਨੀ = ਬਹੁਤ ਚਾਰ = ਸੁੰਦਰ ਖਿਤ = ਧਰਤੀ ਫੱਬ ਰਹੀ ਹੈ ਮਾਨੋ ਇਹ ਮ੍ਰਿਦ = ਕੋਮਲ ਸੇਜਾ ਬਣੀ ਹੋਈ ਹੈ ਦ੍ਵੈ = ਦੋ ਭੁਜ = ਬਾਹਾਂ ਵਾਂਗ ਜੋ ਬਿਸਾਲ = ਵੱਡੀਆਂ ਤੇ ਲੰਮੀਆਂ ਵੇਲਾਂ ਹਨ, ਇਹ ਸਿਰਾਨੋ = ਸਿਰਹਾਨਾ ਹੈ।

## ਸੀਅਰੋ ਗਤਿ ਮੰਦ ਸੁਗੰਧ ਵਹੇ;
## ਯਹ ਵਾਤ ਅਹੇ ਵਯੰਜਨੋ ਖ ਵਿਤਾਨੋ॥

ਸੀਅਰੋ = ਠੰਢੀ, ਮੰਦ = ਹੌਲੀ ਹੌਲੀ ਤੇ ਸੁਗੰਧੀ ਵਾਲੀ ਜੋ ਇਹ ਤਿੰਨ ਤਰ੍ਹਾਂ ਦੀ ਹਵਾ ਗਤਿ = ਚੱਲ ਰਹੀ ਹੈ, ਮਾਨੋ ਯਹ = ਇਹ ਵਾਤ = ਹਵਾਈ ਪੱਖਾ ਹੈ ਤੇ ਖ = ਅਕਾਸ਼ ਦਾ ਵਿਤਾਨੋ = ਚੰਦੋਆ ਹੈ।

## ਵਿਧੁ ਦੀਪ ਲਸੇ ਤਪਤਾਦਿ ਗ੍ਰਸੇ;
## ਸੁਧਿ ਬੁਧਿ ਬਧੂ ਮਿਲ ਮੋਦ ਮਹਾਨੋ॥

ਜੋ ਤਪਸ਼ ਆਦਿਕ ਦੁੱਖਾਂ ਨੂੰ ਗ੍ਰਸੇ = ਗ੍ਰਸਣ ਭਾਵ ਨਾਸ਼ ਕਰਨ ਵਾਲਾ ਵਿਧੁ = ਚੰਦਰਮਾ ਹੈ, ਇਹ ਹੀ ਲਸੇ = ਪ੍ਰਕਾਸ਼ ਕਰਨ ਵਾਲਾ ਦੀਪ = ਦੀਵਾ ਹੈ ਅਤੇ ਜੋ ਸੁਧਿ = ਸ੍ਰੇਸ਼ਟ ਆਤਮ ਵਿਸ਼ੈਣੀ ਬੁਧਿ = ਬੁੱਧੀ ਹੈ ਮਾਨੋ ਇਹ ਵਧੂ = ਇਸਤਰੀ ਹੈ ਜਿਸ ਨਾਲ ਮਿਲ ਕਰਕੇ ਸੰਤ ਜਨ ਮਹਾਨੋ = ਮਹਾਨ ਮੋਦ = ਆਨੰਦ ਭਾਵ ਬ੍ਰਹਮਾਨੰਦ ਪ੍ਰਾਪਤ ਕਰਦੇ ਹਨ।

## ਮੁਨਿ ਸਾਂਤਿ ਸਰੂਪ ਅਨੂਪ ਵਿਭੂਤਿ;
## ਸੋ ਭੂਪਤਿ ਕੇ ਸਮ ਸੋਵਤ ਮਾਨੋ॥੫॥

ਮੁਨੀ ਜਨ ਐਸੀ ਅਨੂਪ = ਉਪਮਾ ਤੋਂ ਰਹਿਤ ਸ਼ਾਂਤ ਸਰੂਪ ਰੂਪੀ ਵਿਭੂਤੀ ਨੂੰ ਪ੍ਰਾਪਤ ਕਰਨ ਵਾਲੇ

ਹਨ ਸੋ = ਉਹ ਸੰਤ ਜਨ ਭੂਪਤਿ = ਰਾਜਿਆਂ ਦੇ ਸਮਾਨ ਸੋਵਤ = ਸੁੱਤੇ ਹੋਏ ਆਤਮਿਕ ਆਨੰਦ ਨੂੰ ਮਾਨੋ = ਮਾਨਣਾ ਕਰਦੇ ਹਨ ਭਾਵ ਜਿਵੇਂ ਰਾਜਾ ਬੇਫ਼ਿਕਰ ਹੋ ਕੇ ਸੌਣਾ ਕਰਦਾ ਹੈ ਅਤੇ ਉਸ ਨੂੰ ਕਿਸੇ ਦੀ ਚਿੰਤਾ ਨਹੀਂ ਹੁੰਦੀ, ਇਸੇ ਤਰ੍ਹਾਂ ਸੰਤ ਜਨ ਨਿਰਵਿਕਲਪ ਸਮਾਧੀ ਵਿਚ ਸੌਣਾ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਵਿਸ਼ੇ-ਵਿਕਾਰ ਦੀ ਚਿੰਤਾ ਨਹੀਂ ਹੁੰਦੀ। ਇਉਂ ਉਹ ਆਤਮਾਨੰਦ ਰੂਪੀ ਸੁੱਖ ਨੂੰ ਮਾਨਣਾ ਕਰਦੇ ਹਨ ॥੫॥

ਅੱਗੇ ਭਰਥਰੀ ਜੀ, ਜੋ ਮਹਾਤਮਾ ਪੁਰਸ਼ ਭਿੱਖਿਆ ਲੈਣ ਵਾਸਤੇ ਕਿਤੇ ਜਾਂਦਾ ਹੈ ਤਾਂ ਲੋਕ ਕਿਸ ਤਰ੍ਹਾਂ ਦਾ ਖ਼ਿਆਲ ਕਰਦੇ ਹਨ, ਉਸ ਬਾਰੇ ਕਥਨ ਕਰਦੇ ਹਨ :

## ਕਬਿੱਤ ॥

**ਕਹਾਂ ਏ ਚੰਡਾਲ ਜਾਤ ਮਗ ਮੋ ਦ੍ਵਿਜਾਤ ਕਿਧੋ;**
**ਕੈਧੋ ਕੋਊ ਸ਼ੂਦ੍ਰ ਹੈ ਕਿ ਚੋਰ ਵਾ ਤਪੇਸ਼ ਹੈ ॥**

ਕਹਾਂ = ਕੋਈ ਕਹਿੰਦਾ ਹੈ ਕਿ ਏ = ਇਹ ਮਗ = ਰਸਤੇ ਮੋ = ਵਿਚ ਚੰਡਾਲ ਤੁਰਿਆ ਜਾਤ = ਜਾਂਦਾ ਹੈ, ਕਿਧੋ = ਜਾਂ ਕੋਈ ਕਹਿੰਦਾ ਹੈ ਕਿ ਦ੍ਵਿਜਾਤ = ਬ੍ਰਾਹਮਣ ਜਾਂਦਾ ਹੈ, ਕੈਧੋ = ਜਾਂ ਕੋਊ = ਕੋਈ ਸ਼ੂਦਰ ਕਹਿੰਦਾ ਹੈ ਕਿ = ਜਾਂ ਕੋਈ ਚੋਰ ਕਹਿੰਦਾ ਹੈ ਵਾ = ਅਥਵਾ ਕੋਈ ਤਪੇਸ਼ = ਤਪੱਸਵੀ ਕਹਿੰਦਾ ਹੈ।

**ਤਤ ਕੇ ਪ੍ਰਵੇਸ਼ ਮੈ ਪ੍ਰਬੀਨ ਮਤ ਮਾਨ ਉਤ;**
**ਉੱਤਮ ਯੋਗੇਸ਼ ਕੌਨ ਚੀਨ ਕੋਊ ਵੇਸ ਹੈ ॥**

ਪਰ ਜੋ ਤਤ = ਯਥਾਰਥ ਸਰੂਪ ਦੇ ਮੈ = ਵਿਚ ਪ੍ਰਵੇਸ਼ ਕਰਨ ਵਾਲੇ ਤੇ ਪ੍ਰਬੀਨ = ਚਤੁਰ ਤੇ ਮਤ ਮਾਨ = ਬੁੱਧੀਵਾਨ ਮਹਾਂਪੁਰਖ ਹੈ, ਉਤ = ਉਸ ਉੱਤਮ = ਸ੍ਰੇਸ਼ਟ ਯੋਗੇਸ਼ = ਜੋਗੀਆਂ ਦੇ ਈਸ਼ਰ ਭਾਵ ਰਾਜੇ ਰੂਪ ਮਹਾਂਪੁਰਖ ਦੇ ਵੇਸ = ਰੂਪ ਨੂੰ ਕੌਨ = ਕਿਹੜਾ ਕੋਊ = ਕੋਈ ਚੀਨ = ਜਾਣ ਸਕਦਾ ਹੈ ? ਭਾਵ ਕੋਈ ਨਹੀਂ ਜਾਣ ਸਕਦਾ। ਬੱਸ ਉਪਰੋਕਤ ਲਿਖੀਆਂ ਫ਼ਜ਼ੂਲ ਗੱਲਾਂ ਹੀ ਕਰਦੇ ਰਹਿੰਦੇ ਹਨ।

**ਇਤਿ ਬਿਧਿ ਕਰ ਜੋ ਸੰਭਾਖਮਾਨ ਜਨਨ ਕੇ;**
**ਮੁਖੋਂ ਕਰਿ ਸੰਭਵ ਵਿਕਲਪ ਅਸੇਸ ਹੈ ॥**

ਇਤਿ ਬਿਧਿ = ਇਸ ਪ੍ਰਕਾਰ ਕਰ = ਨਾਲ ਜੋ ਉਪਰੋਕਤ ਸੰਭਾਖਮਾਨ = ਕਥਨ ਕੀਤੇ ਹੋਏ ਬਚਨ ਜਨਨ = ਮਨੁੱਖਾਂ ਕੇ = ਦੇ ਮਨ ਵਿਚ ਅਸੇਸ = ਅਨੇਕ ਤਰ੍ਹਾਂ ਦੇ ਸੰਕਲਪ ਵਿਕਲਪ ਸੰਭਵ = ਉਤਪਤ ਹੁੰਦੇ ਹਨ ਤੇ ਮੁਖੋਂ = ਮੂੰਹ ਰਾਹੀਂ ਬਾਹਰ ਨਿਕਲਣਾ ਕਰਦੇ ਹਨ :

**ਸੁਨੇ ਗੁਨੇ ਮੁਨਿ ਤਾਂਹਿ ਵਰ ਸ਼੍ਰਾਪ ਦੇਤ ਨਾਹਿ;**
**ਸੁਖੀ ਜਾਤ ਪਥ ਮਾਹਿ, ਜੈਸੋ ਨਿਖਤ੍ਰੇਸ ਹੈ ॥੬॥**

ਐਸੇ ਬਚਨਾਂ ਨੂੰ ਮੁਨਿ = ਮੁਨੀ ਜਨ, ਸੰਤ ਜਨ ਸੁਨੇ = ਸੁਣਦੇ ਵੀ ਹਨ, ਗੁਨੇ = ਵਿਚਾਰਦੇ ਵੀ ਹਨ, ਪਰ ਤਾਂਹਿ = ਉਨ੍ਹਾਂ ਨੂੰ ਕੋਈ ਵਰ ਸਰਾਪ ਨਹੀਂ ਦੇਤ = ਦਿੰਦੇ ਬਲਕਿ ਆਤਮਾਨੰਦ ਦੇ ਸੁਖੀ = ਸੁਖ ਵਾਲੇ ਸੰਤ ਜਨ ਪਥ = ਰਸਤੇ ਮਾਹਿ = ਵਿਚ ਇਉਂ ਤੁਰੇ ਜਾਂਦੇ ਹਨ ਜੈਸੋ = ਜਿਸ ਪ੍ਰਕਾਰ ਅਕਾਸ਼ ਵਿਚ ਨਿਖਤ੍ਰੇਸ = ਚੰਦਰਮਾ ਤੁਰਿਆ ਜਾਂਦਾ ਹੈ ॥੬॥

ਹੁਣ ਸੰਤ ਜਨਾਂ ਦੀ ਮਹਿਮਾ ਕਥਨ ਕਰਦੇ ਹਨ :

## ਕਬਿੱਤ ॥

## ਹਿੰਸਾ ਨਾਹਿ ਕਰੇ, ਪਰ ਦਰਬ ਨ ਹਿਰੇ; ਸੱਤ ਬਚਨ ਉਚਾਰੇ, ਪੁੰਨ ਕਰੇ ਹੈ ॥

ਸੰਤ ਜਨ ਹਿੰਸਾ = ਜੀਵ ਘਾਤ ਨਾਹਿ = ਨਹੀਂ ਕਰੇ = ਕਰਦੇ ਭਾਵ ਉਹ ਮਨ ਕਰਕੇ ਕਿਸੇ ਦਾ ਬੁਰਾ ਨਹੀਂ ਚਿਤਵਦੇ, ਬਾਣੀ ਕਰਕੇ ਕਿਸੇ ਨੂੰ ਬੁਰਾ ਸ਼ਬਦ ਨਹੀਂ ਕਹਿੰਦੇ, ਸਰੀਰ ਕਰਕੇ ਕਿਸੇ ਨੂੰ ਦੁੱਖ ਨਹੀਂ ਦਿੰਦੇ। ਇਉਂ ਮਨ, ਬਾਣੀ, ਸਰੀਰ ਕਰਕੇ ਹਿੰਸਾ ਨਹੀਂ ਕਰਦੇ, ਪਰ = ਪਰਾਏ ਦਰਬ = ਧਨ ਨੂੰ ਹਿਰੇ = ਚੁਰਾਉਣਾ ਨਹੀਂ ਕਰਦੇ, ਮੁੱਖੋਂ ਹਮੇਸ਼ਾਂ ਹੀ ਸੱਤ = ਸੱਚੇ ਬਚਨ ਉਚਾਰੇ = ਉਚਾਰਨਾ ਕਰਦੇ ਹਨ ਅਤੇ ਸਮਾਂ ਦੇਖ ਕੇ ਪੁੰਨ-ਦਾਨ ਵੀ ਕਰੇ = ਕਰਦੇ ਹਨ।

## ਯਥਾ ਵਿਤ, ਕਥਾ ਪਰ ਨਾਰਨ ਕੀ ਨ ਭਨੇ ਸੁਨੇ; ਤਾਂਤੇ ਗੁੰਗਾ ਬੋਲਾ ਬਨੇ, ਭੋਲਾ ਸਮ ਚਰੇ ਹੈ ॥

ਪਰ ਯਥਾ = ਜਿਸ ਤਰ੍ਹਾਂ ਦਾ ਕੋਲ ਵਿਤ = ਧਨ ਹੈ, ਉਸ ਅਨੁਸਾਰ ਪੁੰਨ-ਦਾਨ ਕਰਦੇ ਹਨ, ਭਾਵ ਆਪਣੀ ਤਾਕਤ ਤੋਂ ਵੱਧ ਕੇ ਪੁੰਨ-ਦਾਨ ਨਹੀਂ ਕਰਦੇ, ਪਰ = ਪਰਾਈਆਂ ਨਾਰਨ = ਇਸਤਰੀਆਂ ਦੀਆਂ ਕਥਾ = ਵਾਰਤਾਵਾਂ ਨਾ ਆਪ ਆਪਣੇ ਮੁੱਖੋਂ ਭਨੇ = ਉਚਾਰਦੇ ਹਨ ਤੇ ਨਾ ਹੀ ਕਿਸੇ ਕੋਲੋਂ ਸੁਨੇ = ਸੁਣਦੇ ਹਨ, ਤਾਂਤੇ = ਉਸ ਵੱਲੋਂ ਤਾਂ ਗੁੰਗੇ ਬੋਲੇ ਹੀ ਬਨੇ = ਬਣ ਜਾਂਦੇ ਹਨ ਭਾਵ ਸੁਨਣ ਵੱਲੋਂ ਬੋਲ਼ੇ ਤੇ ਉਚਾਰਨ ਕਰਨ ਵੱਲੋਂ ਗੁੰਗੇ ਹੋ ਜਾਂਦੇ ਹਨ ਜਾਂ ਫਿਰ ਭੋਲਾ = ਸ਼ਿਵਜੀ ਦੇ ਸਮ = ਸਮਾਨ ਹੋ ਕੇ ਚਰੇ = ਵਿਚਰਦੇ ਹਨ।

## ਤ੍ਰਿਸ਼ਨਾ ਕੋ ਪ੍ਰਵਾਹ ਭੰਗ, ਗੁਰੋਂ ਬਿਖੇ ਨਿਮ੍ਰ ਅੰਗ; ਮਿਤ੍ਰ ਭਾਵ ਸਬੈ ਸੰਗ ਕਰੇ, ਹੇਰ ਹਰੇ ਹੈ ॥

ਸੰਤ ਜਨਾਂ ਨੇ ਤ੍ਰਿਸ਼ਨਾ ਕੋ = ਦੇ ਪ੍ਰਵਾਹ ਨੂੰ ਵੀ ਭੰਗ = ਨਾਸ਼ ਕਰ ਲਿਆ ਹੈ, ਆਪਣੇ ਤੋਂ ਗੁਰੋਂ = ਵੱਡੇ ਪੁਰਸ਼ਾਂ ਨਾਲ ਨਿਮ੍ਰ = ਨਿਮਰਤਾ ਬਿਖੇ = ਵਿਚ ਅੰਗ = ਚੱਲਣਾ ਕਰਦੇ ਹਨ, ਸਬੈ = ਸਾਰਿਆਂ ਸੰਗ = ਨਾਲ ਮਿਤ੍ਰ ਭਾਵ ਵਿਚ ਵਰਤਣਾ ਕਰੇ = ਕਰਦੇ ਹਨ ਅਤੇ ਉਹ ਸਾਰੇ ਸੰਸਾਰ ਨੂੰ ਹਰੇ = ਹਰੀ ਪਰਮਾਤਮਾ ਦਾ ਰੂਪ ਕਰਕੇ ਹੀ ਹੇਰ = ਵੇਖਦੇ ਹਨ। ਜੈਸਾ ਕਿ :

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥**

*(ਰਾਮਕਲੀ ਮ: ੩ ਅਨੰਦੁ, ਅੰਗ ੯੨੨)*

## ਗਾਯੋ ਸਭ ਗ੍ਰੰਥਨ ਮੈ, ਸੰਤ ਐਸੇ ਪੰਥਨ ਮੈ; ਰਾਗ ਦੋਖ ਮੋਖ ਚਰੇ, ਜੈਸੇ ਦਿਨਕਰੇ ਹੈ ॥੭॥

ਸਭ = ਸਾਰੇ ਗ੍ਰੰਥਨ = ਗ੍ਰੰਥਾਂ ਮੈ = ਵਿਚ ਇਹੋ ਹੀ ਗਾਯੋ = ਗਾਇਆ ਭਾਵ ਕਥਨ ਕੀਤਾ ਹੈ ਕਿ ਸੰਤ ਜਨ ਐਸੇ = ਇਸ ਤਰ੍ਹਾਂ ਦੇ ਪੰਥਨ = ਰਸਤੇ ਮੈ = ਵਿਚ ਚੱਲਦੇ ਹਨ ਤੇ ਐਸੇ ਗੁਣਾਂ ਵਾਲੇ ਹੁੰਦੇ ਹਨ, ਜੋ

ਰਾਗ ਦੋਖ = ਦ੍ਵੈਸ਼ ਤੋਂ ਮੋਖ = ਮੁਕਤ ਹੋ ਕਰਕੇ ਇਉਂ ਅਸੰਗ ਹੋ ਕੇ ਚਰੇ = ਵਿਚਰਦੇ ਹਨ, ਜੈਸੇ = ਜਿਸ ਤਰ੍ਹਾਂ ਦਿਨਕਰੇ = ਸੂਰਜ ਦੀਆਂ ਕਿਰਨਾਂ ਉੱਚੀ-ਨੀਵੀਂ, ਦੁਰਗੰਧੀ-ਸੁਗੰਧੀ ਵਾਲੀ ਜਗ੍ਹਾ ਵਿਚ ਵਿਚਰਦੀਆਂ ਹਨ, ਪਰੰਤੂ ਸੂਰਜ ਫੇਰ ਵੀ ਅਸੰਗ ਰਹਿੰਦਾ ਹੈ॥੭॥ ਜੈਸਾ ਕਿ :

**ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥** *(ਮਾਰੂ ਮ: ੫, ਅੰਗ ੧੦੧੮)*

## ਕਬਿੱਤ ॥

## ਪਾਨਿ ਪਾਤ੍ਰ ਪੈ ਪਵਿਤ੍ਰ ਭਿੱਖਯਾ ਅੰਨ ਅਖੈ; ਚਿੱਤ੍ਰ ਦ੍ਵਾਰੇ ਭ੍ਰਮੇ ਮਿਲੇ ਗਿਲੇ ਨਿਰਦੋਖ ਹੈ ॥

ਐਸੇ ਸੰਤ ਜਨ ਭਿੱਖਿਆ ਦਾ ਪਵਿੱਤਰ ਅੰਨ ਆਪਣੇ ਪਾਨਿ = ਹੱਥ ਰੂਪ ਪਾਤ੍ਰ = ਭਾਂਡੇ ਪੈ = ਉੱਪਰ ਪਾ ਕੇ ਅਖੈ = ਛਕਦੇ ਹਨ, ਜੋ ਅੰਨ ਚਿੱਤਰਕਾਰੀ ਨਾਲ ਗਿਲੇ = ਭਿੱਜੇ ਹੋਏ ਘਰਾਂ ਦੇ ਦ੍ਵਾਰੇ = ਦਰਵਾਜ਼ੇ ਅੱਗੇ ਭ੍ਰਮੇ = ਫਿਰਦਿਆਂ ਮਿਲੇ = ਮਿਲਦਾ ਹੈ, ਜੋ ਅੰਨ (ਨਿਰ + ਦੋਖ) ਦੋਖ = ਦੋਸ਼ ਤੋਂ ਨਿਰ = ਰਹਿਤ ਹੈ।

## ਦਸੋ ਦਿਸਾ ਚੈਲ ਵਿਸਤੀਰਣ ਅਮੈਲ ਪੁਨਿ; ਤਲਪ ਅਨੰਤਾ ਕੀ ਅਨੰਤ ਸੁਖ ਓਖ ਹੈ ॥

ਵੱਡੇ ਵਿਸਤੀਰਣ = ਵਿਸਥਾਰ ਵਾਲੀਆਂ ਦਸੋਂ ਦਿਸ਼ਾਵਾਂ ਹੀ ਉਨ੍ਹਾਂ ਦੇ ਅਮੈਲ = ਮੈਲ ਤੋਂ ਰਹਿਤ ਉੱਜਲ ਚੈਲ = ਬਸਤਰ ਹਨ, ਪੁਨਿ = ਪੁਨਾ ਅਨੰਤ = ਬੇਅੰਤ ਸੁਖ ਦੇਣ ਵਾਲੀ ਅਨੰਤਾ = ਧਰਤੀ ਹੀ ਉਨ੍ਹਾਂ ਕੀ = ਦੀ ਤਲਪ = ਸੇਜਾ ਓਖ = ਸਵਾਰੀ ਹੋਈ ਹੈ।

## ਕਰਮਾ ਕੋ ਮੂਲਾਮੂਲ ਅਵਿਦਯਾ ਨਿਰਮੂਲ ਜਾ ਕੀ; ਦੀਨਤਾ ਨਿਵਾਰੀ ਸਾਰੀ, ਸ੍ਵਾਤਮ ਸੰਤੋਖ ਹੈ ॥

ਜੋ ਕਰਮਾਂ ਕੋ = ਦਾ (ਮੂਲ + ਅਮੂਲ) ਮੂਲ = ਮੁੱਢ ਕਾਰਣ ਰੂਪ ਅਵਿੱਦਿਆ ਹੈ, ਉਹ ਮਹਾਤਮਾ ਜਨਾਂ ਨੇ ਅਮੂਲ = ਮੂਲ ਤੋਂ ਰਹਿਤ ਭਾਵ ਨਾਸ਼ ਕਰ ਲਈ ਹੈ, ਜਾ ਕੀ = ਜਿਨ੍ਹਾਂ ਮਹਾਤਮਾ ਜਨਾਂ ਦੀ ਅਵਿੱਦਿਆ ਨਿਰਮੂਲ = ਜੜ੍ਹ ਤੋਂ ਪੁੱਟੀ ਗਈ ਹੈ ਭਾਵ ਨਾਸ਼ ਹੋ ਗਈ ਹੈ, ਉਨ੍ਹਾਂ ਨੇ ਸਾਰੀ ਦੀਨਤਾਈ ਨੂੰ ਨਿਵਾਰੀ = ਨਵਿਰਤ ਕਰ ਲਿਆ ਹੈ ਅਤੇ (ਸ੍ਵ + ਆਤਮ) ਸ੍ਵ = ਆਪਣੇ ਆਤਮ ਸਰੂਪ ਦੇ ਆਨੰਦ ਨੂੰ ਪ੍ਰਾਪਤ ਕਰ ਕੇ ਸੰਤੋਖਵਾਨ ਹੋ ਗਏ ਹਨ।

## ਭੇਦਾਭੇਦ ਭ੍ਰਮ ਭਾਗੋ, ਬ੍ਰਹਮ ਵਿਤ ਬੀਤ ਰਾਗੋ; ਮਾਨ ਅਪਮਾਨ ਤੇ ਨ ਉਦੇ ਮੋਦ ਰੋਖ ਹੈ ॥੮॥

ਅਭੇਦ = ਵਿੰਨ੍ਹਣ ਤੋਂ ਰਹਿਤ ਜੋ ਭੇਦ ਆਦਿਕ ਪੰਜ ਤਰ੍ਹਾਂ ਦਾ ਭਰਮ ਹੈ, ਉਹ ਸੰਤ ਜਨਾਂ ਦਾ ਭਾਗੋ = ਭੱਜ, ਨਵਿਰਤ ਹੋ ਗਿਆ ਹੈ ਤੇ ਬ੍ਰਹਮ ਸਰੂਪ ਨੂੰ ਵਿਤ = ਜਾਣ ਕਰਕੇ ਸੰਸਾਰ ਦੇ ਰਾਗੋ = ਪ੍ਰੇਮ ਵੱਲੋਂ ਬੀਤ = ਹਟ ਗਏ ਹਨ ਭਾਵ ਵੈਰਾਗਵਾਨ ਹੋ ਗਏ ਹਨ। ਜੇਕਰ ਕੋਈ ਉਨ੍ਹਾਂ ਦਾ ਮਾਨ = ਸਤਿਕਾਰ ਕਰੇ ਤਾਂ ਉਹ ਮੋਦ = ਪ੍ਰਸੰਨ ਨਹੀਂ ਹੁੰਦੇ ਅਤੇ ਜੇਕਰ ਕੋਈ ਅਪਮਾਨ = ਨਿਰਾਦਰ ਕਰੇ ਤਾਂ ਉਨ੍ਹਾਂ ਦੇ ਅੰਦਰ ਰੋਖ = ਕ੍ਰੋਧ ਉਦੇ = ਪ੍ਰਗਟ ਨਹੀਂ ਹੁੰਦਾ, ਭਾਵ ਮਾਨ ਅਪਮਾਨ ਤੋਂ ਰਹਿਤ ਹਨ ਤੇ ਸਮਵਿਰਤੀ ਵਿਚ ਰਹਿੰਦੇ ਹਨ। ਜੈਸਾ ਕਿ :

**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥**

*(ਸੋਰਠਿ ਮ: ੯, ਅੰਗ ੬੩੩)*

## ਪੰਜ ਪ੍ਰਕਾਰ ਦਾ ਭਰਮ

***ਪ੍ਰਸ਼ਨ :*** *ਭਰਮ ਕੀ ਹੈ ? ਜੈਸਾ ਕਿ :*

**ਮਾਧਵੇ ਕਿਆ ਕਹੀਐ ਭ੍ਰਮੁ ਐਸਾ॥**

*(ਰਾਗ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਅੰਗ ੬੫੭)*

ਇਸ ਤੁਕ ਵਿਚ ਜਗਿਆਸੂ ਮੁੱਖ ਦੁਆਰਾ ਪ੍ਰਸ਼ਨ ਹੈ ਕਿ ਭਰਮ ਕੀ ਹੈ ?

***ਉੱਤਰ :*** ਅਗਲੀ ਤੁਕ ਸਪੱਸ਼ਟ ਕਰਦੀ ਹੈ :

**ਜੈਸਾ ਮਾਨੀਐ ਹੋਇ ਨ ਤੈਸਾ॥੧॥ਰਹਾਉ॥**

*(ਰਾਗ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਅੰਗ ੬੫੭)*

ਅਸਲੀਅਤ ਤੋਂ ਉਲਟ ਪ੍ਰਤੀਤ ਹੋਣਾ, ਇਸ ਦਾ ਨਾਮ ਭਰਮ = ਭੁਲੇਖਾ ਹੈ, ਜੈਸਾ ਕਿ ਰੱਸੀ ਵਿਚ ਸੱਪ ਦਾ ਪ੍ਰਤੀਤ ਹੋਣਾ, ਸਿੱਪੀ ਵਿਚ ਚਾਂਦੀ ਦਾ, ਅਕਾਸ਼ ਵਿਚ ਨੀਲਾਪਣ, ਗਰਮੀ ਦੀ ਰੁੱਤ ਵਿਚ ਸੂਰਜ ਨਾਲ ਤਪੇ ਹੋਏ ਰੇਤੇ ਵਿਚ ਪਾਣੀ ਦਾ ਪ੍ਰਤੀਤ ਹੋਣਾ, ਜਿਸ ਨੂੰ ਮ੍ਰਿਗ-ਤ੍ਰਿਸ਼ਨਾ ਦਾ ਜਲ ਕਿਹਾ ਜਾਂਦਾ ਹੈ ਅਤੇ ਮਿਰਗ ਦੀ ਨਾਭੀ ਵਿਚ ਪੈਦਾ ਹੋਈ ਕਸਤੂਰੀ ਦਾ ਭਰਮ ਮਿਰਗ ਨੂੰ ਝਾੜੀਆਂ ਵਿਚ ਜਾਂ ਕਿਸੇ ਹੋਰ ਥਾਂ ਪ੍ਰਤੀਤ ਹੋਣਾ। ਜੈਸਾ ਕਿ :

**ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥**

*(ਵਾਰ ਸੋਰਠਿ, ਮ: ੪, ਅੰਗ ੬੪੪)*

**ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥**

*(ਗਉੜੀ ਕੀ ਵਾਰ ਮ: ੪, ਅੰਗ ੩੦੯)*

**ਜੈਸੇ ਕੁਰੰਕ ਨਹੀ ਪਾਇਓ ਭੇਦੁ॥ ਤਨਿ ਸੁਗੰਧ ਢੂਢੈ ਪ੍ਰਦੇਸੁ॥**

*(ਬਸੰਤੁ ਬਾਣੀ ਰਵਿਦਾਸ ਜੀ ਕੀ, ਅੰਗ ੧੧੯੬)*

ਇਸੇ ਪ੍ਰਕਾਰ ਅਸੱਤ ਪ੍ਰਤੀਤੀ, ਸੱਤਯ ਦਾ ਗਿਆਨ ਹੁੰਦਿਆਂ ਹੀ ਨਾਸ਼ ਹੋ ਜਾਂਦੀ ਹੈ।

***ਪ੍ਰਸ਼ਨ :*** *ਭਰਮ ਦੀਆਂ ਕਿਸਮਾਂ ਕਿੰਨੀਆਂ ਹਨ ?*

***ਉੱਤਰ :*** ਭਰਮ ਦੀਆਂ ਪੰਜ ਕਿਸਮਾਂ ਹਨ। ਜੈਸਾ ਕਿ :

**ਭੇਦ ਭਰਮ ਕਰਤਤ ਭਰਮ, ਪੁਨ ਸੰਗ ਭਰਮ ਵਿਕਾਰ॥**
**ਬ੍ਰਹਮ ਇਤਰਿ ਜਗ ਸੱਤ ਹੈ, ਪਾਂਚੋ ਭਰਮ ਸੰਸਾਰ॥**

੧. **ਭੇਦ ਭਰਮ—**ਆਤਮਾ, ਜੋ ਚੇਤਨ ਬ੍ਰਹਮ ਦੀ ਸ਼ੁੱਧ ਅੰਸ਼ ਹੈ ਅਤੇ ਸਦਾ ਹੀ ਭੇਦ ਰਹਿਤ ਹੈ। ਉਸ ਵਿਚ ਅਗਿਆਨ ਕਰਕੇ ਜੀਵ ਨੂੰ ਬ੍ਰਹਮ ਨਾਲੋਂ ਭੇਦ = ਭਿੰਨਤਾ ਪ੍ਰਤੀਤੀ ਹੋਣੀ, ਇਹ ਭੇਦ ਭਰਮ ਹੈ। ਭੇਦ ਭਰਮ ਵੀ ਅੱਗੋਂ ਪੰਜ ਪ੍ਰਕਾਰ ਦਾ ਹੁੰਦਾ ਹੈ :

(ੳ) ਜੀਵ ਈਸ਼ਰ ਦਾ ਭੇਦ, (ਅ) ਜੀਵ ਜੀਵ ਦਾ ਭੇਦ, (ੲ) ਜੀਵ ਜੜ੍ਹ ਦਾ ਭੇਦ, (ਸ) ਜੜ੍ਹ ਜੜ੍ਹ ਦਾ ਭੇਦ, (ਹ) ਜੜ੍ਹ ਈਸ਼ਰ ਦਾ ਭੇਦ।

(ੳ) **ਜੀਵ ਈਸ਼ਰ ਦਾ ਭੇਦ—**ਜੀਵ ਈਸ਼ਰ ਨੂੰ ਸਰਬਗ ਮੰਨਦਾ ਹੈ ਅਤੇ ਜੀਵ ਨੇ ਆਪਣੇ ਆਪ ਨੂੰ ਅਲਪੱਗ ਮੰਨਿਆ ਹੈ। ਈਸ਼ਰ ਨੂੰ ਸਰਬ ਕਲਾ ਸਮਰੱਥ ਮੰਨਿਆ ਹੋਇਆ ਹੈ ਅਤੇ ਜੀਵ ਨੇ ਆਪਣੇ ਆਪ ਨੂੰ ਅਸਮਰੱਥ ਮੰਨਿਆ ਹੋਇਆ ਹੈ। ਜੀਵ ਨੇ ਈਸ਼ਰ ਨੂੰ ਸੁਤੰਤਰ ਮੰਨਿਆ ਹੋਇਆ ਹੈ ਅਤੇ ਆਪਣੇ ਆਪ ਨੂੰ ਪਰਤੰਤਰ ਮੰਨਿਆ ਹੋਇਆ ਹੈ। ਜੀਵ ਨੇ ਈਸ਼ਰ ਨੂੰ ਕਰਮ ਫਲ ਦੇਣ ਵਾਲਾ ਅਤੇ ਆਪਣੇ ਆਪ ਨੂੰ ਕਰਮਾਂ ਦਾ ਭੋਗਣ ਵਾਲਾ ਮੰਨਿਆ ਹੋਇਆ ਹੈ। ਈਸ਼ਰ ਵਿਚ ਛੇ ਗੁਣ ਹਨ:

**ਧਰਮ ਸੁਜਸ ਵੈਰਾਗ ਪੁਨ ਐਸ਼੍ਵਰਜ ਸ੍ਰੇਯ ਬਿਗਿਆਨ।**
**ਇਹ ਖਟ ਭਗਾ ਸੰਪੰਨ ਜੋ, ਤਾਹਿ ਕਹਤ ਭਗਵਾਨ।** *(ਧਰਮ ਸ਼ਾਸਤਰ)*

ਧਰਮ ਦਾ ਮਾਲਕ, ਸੁਜਸ = ਸ਼ੋਭਾ, ਵੈਰਾਗ = ਨਿਰਲੇਪਤਾ, ਐਸ਼੍ਵਰਜ = ਧਨ ਪਦਾਰਥ ਦੇ ਮਾਲਕ ਹੋਣ ਦਾ ਭਾਵ, ਸ੍ਰੇਯ = ਮੁਕਤ, ਬਿਗਿਆਨ = ਵਿਸ਼ੇਸ਼ ਕਰਕੇ ਗਿਆਨ, ਅੰਤਰਯਾਮਤਾ ਇਹ ਖਟ = ਛੇ ਭਗਾ = ਚਿੰਨ੍ਹਾਂ ਵਿਚ ਜੋ ਸੰਪੰਨ = ਸੰਪੂਰਨ ਹੈ, ਤਾਹਿ = ਉਸ ਨੂੰ ਹੀ ਭਗਵਾਨ = ਈਸ਼ਰ ਕਹਤ = ਕਹਿੰਦੇ ਹਨ। ਈਸ਼ਵਰ ਦੇ ਵਿਚ ਮਾਇਆ ਸਬਲ ਦੇ ਕਾਰਨ ਇਹ ਖਟ ਗੁਣ ਹਨ। ਜੈਸਾ ਕਿ:

**ਉਤਪਤ ਲੈਤਾ ਪਾਲਨਾ ਅੰਤਰਜਾਮੀ ਜਾਨ।**
**ਜੀਵ ਗਤਾਗਤ ਕਰਮ ਫਲ ਖਟ ਗੁਣ ਈਸ ਬਖਾਨ।**

ਇਸੇ ਪ੍ਰਕਾਰ ਜੀਵ ਵਿਚ ਅਗਿਆਨ ਦੀ ਉਪਾਧੀ ਕਰਕੇ ਛੇ ਵਿਕਾਰ ਹਨ:

**ਛੁਧਾ ਪਿਆਸਾ ਸੋਕ ਪੁਨ, ਹਰਖ ਜਨਮ ਅਰੁ ਅੰਤ।**
**ਏ ਖਟ ਉਰਮੀ ਧਰਮ ਤਨ, ਆਤਮ ਰਹਿਤ ਅਨੰਤ॥੯॥** *(ਵਿਚਾਰਮਾਲਾ, ਅਧਿ. ੫)*

ਸਰੀਰ ਦਾ ਜੰਮਣਾ ਤੇ ਮਰਨਾ, ਭੁੱਖ ਪਿਆਸ ਪ੍ਰਾਣਾਂ ਦੀ, ਹਰਖ ਸੋਗ ਮਨ ਦਾ, ਇਹ ਛੇ ਵਿਕਾਰ ਜੀਵ ਦੀਆਂ ਤਿੰਨ ਦੇਹਾਂ ਦੇ ਹਨ, ਪਰ ਅਗਿਆਨ ਕਰਕੇ ਆਤਮਾ ਵਿਚ ਮੰਨਦਾ ਹੈ। ਜੀਵ ਈਸ਼ਰ ਦਾ ਭੇਦ ਅਵਿੱਦਿਆ ਮਾਇਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਪ੍ਰਤੀਤ ਹੋ ਰਿਹਾ ਹੈ।

(ਅ) **ਜੀਵ ਜੀਵ ਦਾ ਭੇਦ—**ਇਹ ਜੀਅ ਜੰਤ ਤੇ ਮੈਂ ਮਨੁੱਖ ਹਾਂ।

(ੲ) **ਜੀਵ ਜੜ੍ਹ ਦਾ ਭੇਦ—**ਜੀਵ ਨੇ ਆਪਣੇ ਆਪ ਨੂੰ ਪ੍ਰਾਣਾਧਾਰੀ ਤੇ ਜੜ੍ਹ ਵਸਤੂਆਂ ਨੂੰ ਨਿਰਜਿੰਦ ਮੰਨਣਾ, ਇਹ ਜੀਵ ਜੜ੍ਹ ਦਾ ਭੇਦ ਹੈ।

(ਸ) **ਜੜ੍ਹ ਜੜ੍ਹ ਦਾ ਭੇਦ—**ਜੜ੍ਹ ਪਦਾਰਥ ਜਿਵੇਂ ਧਰਤੀ ਤੇ ਬ੍ਰਿਛ ਜਾਂ ਧਰਤੀ, ਪਾਣੀ, ਅਗਨੀ, ਅਕਾਸ਼ ਆਦਿ ਸਾਰੇ ਹੀ ਜੜ੍ਹ ਹਨ, ਪਰ ਕਿਸੇ ਵਿਚ ਤਮੋ ਗੁਣ ਦੀ, ਕਿਸੇ ਵਿਚ ਸਤੋ ਗੁਣ ਦੀ ਬਹੁਲਤਾ ਹੈ।

(ਹ) **ਈਸ਼ਰ ਤੇ ਜੜ੍ਹ ਦਾ ਭੇਦ—**ਈਸ਼ਰ ਨੇ ਮਾਇਆ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ ਤੇ ਮਾਇਆ ਦੇ ਗੁਣਾਂ ਕਰਕੇ ਈਸ਼ਰ ਨਾਲੋਂ ਜੜ੍ਹ ਪਦਾਰਥ ਵੱਖਰਾ ਪ੍ਰਤੀਤ ਹੋ ਰਿਹਾ ਹੈ।

੨. **ਕਰਤੱਤ ਭਰਮ—**ਆਤਮ, ਜੋ ਕਿ ਸਦਾ ਹੀ ਕਰਤਾ ਭੋਗਤਾ ਆਦਿਕ ਧਰਮਾਂ ਤੋਂ ਰਹਿਤ ਹੈ, ਪਰ ਅਗਿਆਨ ਕਰਕੇ ਆਤਮਾ ਵਿਚ ਕਰਤਾ ਭੋਗਤਾ ਦੀ ਪ੍ਰਤੀਤੀ ਹੋਣੀ **ਵਾ:** ਪਰਮੇਸ਼ਰ 'ਤੇ ਦੋਸ਼ ਲਾਉਣਾ ਕਿ ਸਾਥੋਂ ਪਾਪ-ਪੁੰਨ ਉਸੇ ਨੇ ਹੀ ਕਰਵਾਏ ਹਨ, ਇਸ ਨੂੰ ਕਰਤੱਤ ਭਰਮ ਕਹਿੰਦੇ ਹਨ।

੩. **ਸੰਗ ਭਰਮ—**ਆਤਮਾ, ਜੋ ਕਿ ਤਿੰਨਾਂ ਦੇਹਾਂ ਤੇ ਪੰਜੇ ਕੋਸ਼ਾਂ ਤੋਂ ਸਦਾ ਹੀ ਅਸੰਗ ਹੈ, ਇਸ ਵਿਚ ਦੇਹ ਆਦਿਕ ਦੇ ਸੰਗ ਦੀ ਪ੍ਰਤੀਤੀ ਹੋਣੀ, ਦੇਹ ਦੇ ਧਰਮਾਂ ਨੂੰ ਆਪਣੇ ਆਤਮਾ ਦੇ ਧਰਮ ਮੰਨ ਲੈਣਾ।

ਜੈਸਾ ਕਿ ਮੈਂ ਬ੍ਰਾਹਮਣ ਹਾਂ, ਖੱਤਰੀ ਹਾਂ, ਕਾਲਾ, ਚਿੱਟਾ ਹਾਂ, ਸੰਨਿਆਸੀ ਹਾਂ, ਗ੍ਰਿਹਸਥੀ ਹਾਂ, ਮੈਂ ਜੰਮਦਾ ਮਰਦਾ ਹਾਂ, ਇਹ ਸੰਗ ਭਰਮ ਹੈ।

੪. **ਵਿਕਾਰ ਭਰਮ—**ਜੀਵ, ਜੋ ਬ੍ਰਹਮ ਦੀ ਸ਼ੁੱਧ ਅੰਸ਼ ਹੈ, ਉਸ ਵਿਚ ਅਗਿਆਨ ਕਰਕੇ ਵਿਕਾਰ ਭਾਵ ਬਦਲਣਾ ਹੋਰ ਦੀ ਹੋਰ ਸ਼ਕਲ ਹੋ ਜਾਣਾ, ਇਹ ਦੇਹ ਆਦਿਕ ਦਾ ਧਰਮ ਹੈ, ਅਗਿਆਨ ਕਰਕੇ ਆਤਮਾ ਨੂੰ ਵਿਕਾਰੀ ਭਾਵ ਬਦਲਣ ਵਾਲਾ ਮੰਨ ਲੈਣਾ **ਅਥਵਾ** ਜਗਤ ਬ੍ਰਹਮ ਦਾ ਵਿਕਾਰ ਹੈ, ਇਸ ਨੂੰ ਵਿਕਾਰ ਕਰਮ ਕਹਿੰਦੇ ਹਨ।

੫. **ਬ੍ਰਹਮ ਇਤਰ ਜਗ ਸਤ ਹੈ—**ਅਗਿਆਨ ਕਰਕੇ ਜੀਵ ਦੀ ਜਗਤ ਵਿਚ ਬ੍ਰਹਮ ਤੋਂ ਇਤਰ = ਭਿੰਨ ਮੰਨ ਕੇ ਜੋ ਸੱਤਯ ਬੁੱਧੀ ਹੋ ਰਹੀ ਹੈ, ਭਾਵ ਸੰਸਾਰ ਸੱਚਾ ਪ੍ਰਤੀਤ ਹੋ ਰਿਹਾ ਹੈ, ਇਹ ਪੰਜਵਾਂ ਭਰਮ ਹੈ।

**ਨਵਿਰਤੀ—**ਇਨ੍ਹਾਂ ਪੰਜ ਪ੍ਰਕਾਰ ਦੇ ਭਰਮਾਂ ਦੀ ਨਵਿਰਤੀ ਵਾਸਤੇ ਧਰਮ ਸ਼ਾਸਤਰਾਂ ਨੇ ਐਸੀਆਂ ਜੁਗਤੀਆਂ ਦੱਸੀਆਂ ਹਨ:

**ਬਿੰਬ ਪ੍ਰਤਿਬਿੰਬ ਲੋਹਤ ਸਫਟਕ ਘਟਾਕਾਸ਼ ਗੁਣ ਮਾਰ।**
**ਕਨਕ ਕੁੰਡਲ ਦ੍ਰਿਸ਼ਟਾਂਤ ਦੇ, ਪਾਂਚੋਂ ਭਰਮ ਨਿਵਾਰ।**

## ਭੇਦ ਭਰਮ ਦੀ ਨਵਿਰਤੀ

(੧) **ਬਿੰਬ ਪ੍ਰਤਿਬਿੰਬ—**ਜਿਵੇਂ ਇਕ ਬਿੰਬ ਰੂਪੀ ਸੂਰਜ ਦਾ ਹਜ਼ਾਰਾਂ ਪਾਣੀ ਦੇ ਭਰੇ ਘੜਿਆਂ ਵਿਚ ਪ੍ਰਤਿਬਿੰਬ ਵੱਖਰਾ-ਵੱਖਰਾ ਭਾਸਦਾ ਹੈ, ਪਰੰਤੂ ਸੂਰਜ ਅਸੰਗ ਹੈ, ਪ੍ਰਤਿਬਿੰਬ ਘੜੇ ਅਤੇ ਪਾਣੀ ਦੀ ਉਪਾਧੀ ਕਰਕੇ ਭਿੰਨ ਪ੍ਰਤੀਤ ਹੁੰਦਾ ਹੈ। ਜੇ ਘੜੇ ਨੂੰ ਡੰਡਾ ਮਾਰ ਕੇ ਭੰਨ ਦੇਈਏ ਤਾਂ ਪ੍ਰਤਿਬਿੰਬ ਬਿੰਬ ਰੂਪ ਸੂਰਜ ਵਿਚ ਹੀ ਅਭੇਦ ਰੂਪ ਹੈ, ਇਸੇ ਪ੍ਰਕਾਰ ਮਾਇਆ ਉਪਾਧੀ ਕਰਕੇ ਬ੍ਰਹਮ ਬਿੰਬ ਦਾ ਮਾਇਆ ਦੀ ਸ਼ੁੱਧ ਸਤੋਮਈ ਅੰਸ਼ ਵਿਚ ਈਸ਼ਵਰ ਰੂਪ ਪ੍ਰਤਿਬਿੰਬ ਦਿੱਸਦਾ ਹੈ ਅਤੇ ਮਲਨ ਸਤੋਮਈ ਅੰਸ਼ ਵਿਚ ਪ੍ਰਤਿਬਿੰਬ ਜੀਵ ਰੂਪ ਕਰਕੇ ਭਾਸ ਰਿਹਾ ਹੈ। ਸ਼ੁੱਧ ਤੇ ਮਲਨ ਮਾਇਆ ਦੀ ਅੰਸ਼ **ਵਾ:** ਅੰਤਹਕਰਣ ਰੂਪੀ ਘੜਿਆਂ ਨੂੰ ਗਿਆਨ ਰੂਪੀ ਡੰਡੇ ਨਾਲ ਭੰਨ ਦੇਈਏ ਤਾਂ ਬ੍ਰਹਮ ਰੂਪੀ ਬਿੰਬ ਦਾ ਜੀਵ ਰੂਪੀ ਪ੍ਰਤਿਬਿੰਬ ਬ੍ਰਹਮ ਰੂਪੀ ਸੂਰਜ ਵਿਚ ਮਿਲ ਜਾਂਦਾ ਹੈ। ਜੈਸਾ ਕਿ:

**ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥**
**ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ॥**

*(ਆਸਾ ਭਗਤ ਕਬੀਰ ਜੀ, ਅੰਗ ੪੭੫)*

ਅਸਲ ਵਿਚ:

**ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥**

*(ਰਾਗ ਭੈਰਉ ਮ: ੧, ਅੰਗ ੧੧੫੩)*

ਇਤਿਆਦਿਕ ਗੁਰਬਾਣੀ ਦੇ ਗਿਆਨ ਰੂਪੀ ਬਚਨਾਂ ਅਨੁਸਾਰ ਜੀਵ ਅਤੇ ਬ੍ਰਹਮ ਦੇ ਭੇਦ ਨੂੰ ਮਿਥਿਆ ਜਾਣ ਕੇ ਅਭੇਦ ਨਿਸ਼ਚੇ ਕਰੇ। ਇਸ ਤਰੀਕੇ ਨਾਲ ਸਾਰੇ ਭੇਦਾਂ ਨੂੰ ਨਾਸ਼ ਕਰੇ।

**ਦੂਸਰਾ ਦ੍ਰਿਸ਼ਟਾਂਤ—**ਜਿਵੇਂ ਸ਼ੀਸ਼ੇ ਦੀ ਉਪਾਧੀ ਕਰਕੇ ਬਿੰਬ ਰੂਪ ਚਿਹਰੇ ਦਾ ਪ੍ਰਤਿਬਿੰਬ ਸ਼ੀਸ਼ੇ ਦੇ ਵਿਚ ਦਿਖਾਈ ਦੇ ਰਿਹਾ ਹੈ। ਉਹ ਪ੍ਰਤਿਬਿੰਬ ਆਪਣੇ ਚਿਹਰੇ ਨਾਲੋਂ ਵੱਖਰਾ ਨਹੀਂ, ਕਿਉਂਕਿ ਸ਼ੀਸ਼ੇ ਦੇ ਪਾਸੇ ਕਰਨ ਨਾਲ ਉਹ ਪਰਛਾਵਾਂ (ਪ੍ਰਤਿਬਿੰਬ) ਦਿੱਸਦਾ ਨਹੀਂ। ਇਸ ਵਾਸਤੇ ਉਸ ਦਾ ਅਲੱਗ ਦਿਸਣਾ ਸ਼ੀਸ਼ੇ ਕਰਕੇ ਹੈ, ਜੋ ਕਿ ਭਰਮ ਰੂਪ ਸੀ, ਉਸ ਪ੍ਰਤਿਬਿੰਬ ਦਾ ਵੱਖਰਾ ਪ੍ਰਤੀਤ ਹੋਣਾ ਮਿਥਿਆ ਰੂਪ ਸੀ। ਉਸ ਮਿਥਿਆ ਰੂਪ ਦਾ

ਨਾਸ਼ ਕਰ ਕੇ ਬਿੰਬ ਪ੍ਰਤਿਬਿੰਬ ਦਾ ਨਿਸ਼ਚੇ ਹੋ ਜਾਂਦਾ ਹੈ। ਇਸੇ ਢੰਗ ਨਾਲ ਅਗਿਆਨ ਸਹਿਤ ਅੰਤਸ਼ਕਰਣ ਰੂਪ ਸ਼ੀਸ਼ੇ ਕਰਕੇ ਬਿੰਬ ਰੂਪ ਬ੍ਰਹਮ ਦਾ ਪ੍ਰਤਿਬਿੰਬ ਰੂਪ ਜੀਵ ਪ੍ਰਤੀਤ ਹੋ ਰਿਹਾ ਹੈ। ਇਸੇ ਕਰਕੇ ਪ੍ਰਤਿਬਿੰਬ ਰੂਪ ਜੀਵ ਬਿੰਬ ਰੂਪ ਬ੍ਰਹਮ ਨਾਲੋਂ ਅਲੱਗ ਨਹੀਂ, ਉਸ ਦਾ ਵੱਖਰਾਪਨ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਜੈਸਾ ਕਿ :

**ਐਸੋ ਰਾਮ ਰਾਇ ਅੰਤਰਜਾਮੀ॥ ਜੈਸੇ ਦਰਪਨ ਮਾਹਿ ਬਦਨ ਪਰਵਾਨੀ॥**

*(ਰਾਗੁ ਕਾਨੜਾ, ਬਾਣੀ ਨਾਮਦੇਉ ਜੀ ਕੀ, ਅੰਗ ੧੩੧੮)*

**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥** *(ਧਨਾਸਰੀ ਮ: ੯, ਅੰਗ ੬੮੪)*

## ਦੂਸਰੇ ਕਰਤੱਤ ਭਰਮ ਦੀ ਨਵਿਰਤੀ

੨. **ਲੋਹਤ ਸਫਟਕ—**ਲੋਹਤ = ਲਾਲ ਰੰਗ ਦਾ ਫੁੱਲ, ਸਫਟਕ = ਬਿਲੌਰ **ਵਾ:** ਚਿੱਟੇ ਰੰਗ ਦੀ ਮਣੀ, ਜਿਸ ਪ੍ਰਕਾਰ ਚਿੱਟੇ ਰੰਗ ਦੀ ਮਣੀ (ਬਿਲੌਰ) ਕੋਲ ਲਾਲ ਰੰਗ ਦਾ ਫੁੱਲ ਰੱਖ ਦੇਈਏ, ਉਸ ਦਾ ਰੰਗ ਮਣੀ ਵਿਚ ਪ੍ਰਤੀਤ ਹੁੰਦਾ ਹੈ। ਲਾਲ ਰੰਗ ਦਾ ਫੁੱਲ ਪਰੇ ਕਰਨ ਨਾਲ ਮਣੀ ਦੇ ਵਿਚ ਲਾਲ ਰੰਗ ਨਹੀਂ ਭਾਸਦਾ। ਇਸੇ ਕਰਕੇ ਲਾਲ ਰੰਗ ਮਣੀ ਦਾ ਧਰਮ ਨਹੀਂ, ਭਰਮ ਕਰਕੇ ਮਣੀ ਵਿਚ ਪ੍ਰਤੀਤ ਹੁੰਦਾ ਹੈ। ਇਸੇ ਪ੍ਰਕਾਰ ਅੰਤਸ਼ਕਰਣ ਦਾ ਧਰਮ ਜੋ ਕਰਤਾ ਭੋਗਤਾਪੁਣਾ ਹੈ, ਸੋ ਸ਼ੁੱਧ ਆਤਮਾ ਵਿਖੇ ਕਲਪਤਦਾਤਮ ਸੰਬੰਧ ਕਰਕੇ ਦਿਸ ਰਿਹਾ ਹੈ, ਭਾਵ ਪ੍ਰਤੀਤੀ ਮਾਤਰ ਹੈ। ਪਰ ਉਹ ਅੰਤਸ਼ਕਰਣ ਦਾ ਧਰਮ ਹੈ, ਜਿਵੇਂ ਕਿ ਸੁਖੋਪਤੀ ਅਵਸਥਾ ਵਿਚ ਅੰਤਸ਼ਕਰਣ ਅਤੇ ਆਤਮਾ ਦਾ ਵਿਜੋਗ ਹੋਣੇ ਕਰਕੇ ਆਤਮਾ ਵਿਚ ਭਾਸਦਾ ਨਹੀਂ, ਇਸ ਕਰਕੇ ਆਤਮਾ ਦਾ ਧਰਮ ਨਹੀਂ ਹੈ। ਪਰੰਤੂ ਆਤਮਾ ਵਿਖੇ ਕਰਤਾ ਭੋਗਤਾਪੁਣਾ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਇਸ ਰੀਤ ਨਾਲ ਸਫਟਕ ਮਣੀ ਵਿਚ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਦੁਆਰਾ ਕਰਤਾ ਭੋਗਤੇਪੁਣੇ ਦੀ ਨਵਿਰਤੀ ਹੁੰਦੀ ਹੈ।

## ਤੀਸਰੇ ਸੰਗ ਭਰਮ ਦੀ ਨਵਿਰਤੀ

੩. **ਘਟਾਕਾਸ਼—**ਇਸ ਦ੍ਰਿਸ਼ਟਾਂਤ ਦੇ ਨਾਲ ਤੀਸਰਾ, ਜਿਸ ਦਾ ਨਾਮ ਸੰਗ ਭਰਮ ਹੈ, ਉਸ ਦੀ ਨਵਿਰਤੀ ਕਰੀ ਹੈ, ਜਿਵੇਂ ਘੁਮਿਆਰ ਅਨੇਕਾਂ ਭਾਂਡੇ ਬਣਾਉਂਦਾ ਹੈ। ਘੁਮਿਆਰ ਦੇ ਘੜਾ ਬਣਾਉਣ ਸਮੇਂ ਜੋ ਅਕਾਸ਼ ਹੈ, ਘੜੇ ਨਾਲ ਨਹੀਂ ਬਣਦਾ। ਜੇਕਰ ਘੜਾ ਭੰਨ ਦੇਈਏ ਤਾਂ ਅਕਾਸ਼ ਟੁੱਟਦਾ ਨਹੀਂ ਪਰੰਤੂ ਘੜਾ ਬਣਨ ਦੇ ਨਾਲ ਘੜੇ ਵਿਚ ਪੈਣ ਵਾਲੇ ਅਕਾਸ਼ ਨੂੰ ਘਟਾ ਅਕਾਸ਼ ਕਿਹਾ ਜਾਂਦਾ ਹੈ। ਅਕਾਸ਼ ਤਾਂ ਪਹਿਲਾਂ ਹੀ ਹੈ ਤੇ ਬਣਿਆ ਤਾਂ ਘੜਾ ਹੈ। ਜਦੋਂ ਘੜਾ ਭੰਨ ਦੇਣਾ ਕਰੀਏ ਤਾਂ ਅਕਾਸ਼ ਦਾ ਕੁਝ ਨਹੀਂ ਵਿਗੜਦਾ, ਉਹ ਅਕਾਸ਼ ਹੀ ਰਹਿੰਦਾ ਹੈ। ਇਸੇ ਤਰ੍ਹਾਂ ਆਤਮਾ ਹੈ ਤਾਂ ਬ੍ਰਹਮ ਦਾ ਹੀ ਇਕ ਹਿੱਸਾ, ਜਿਵੇਂ ਘੜੇ ਵਾਲਾ ਅਕਾਸ਼ ਮਹਾਂ ਅਕਾਸ਼ ਵਾਲਾ ਰੂਪ ਹੈ, ਇਸੇ ਤਰ੍ਹਾਂ ਬ੍ਰਹਮ ਦਾ ਸਰੂਪ ਜੀਵ ਦੇ ਆਤਮਾ ਰੂਪ ਹੋ ਕਰਕੇ ਹੈ। ਜੀਵ-ਆਤਮਾ ਬਣ ਕੇ ਵੀ ਆਤਮਾ ਬ੍ਰਹਮ ਦਾ ਸਰੂਪ ਹੈ, ਜੋ ਗੁਣ ਬ੍ਰਹਮ ਵਿਚ ਸੱਤ, ਚੇਤਨ, ਆਨੰਦ ਵਾਲੇ ਹਨ, ਉਹ ਗੁਣ ਹੀ ਆਤਮਾ ਵਿਚ ਹਨ। ਸਮਝਣ ਲਈ ਹੋਰ ਵਿਚਾਰ—ਪਾਣੀ, ਮਿੱਟੀ ਅਤੇ ਅਕਾਸ਼ ਤਿੰਨਾਂ ਦੁਆਰਾ ਘੁਮਿਆਰ ਘੜੇ ਦੀ ਬਣਤਰ ਬਣਾਉਂਦਾ ਹੈ। ਜਿਤਨਾ ਅਕਾਰ ਘੜੇ ਦਾ ਹੈ, ਉਹ ਅਕਾਰ ਅਕਾਸ਼ ਦਾ ਪ੍ਰਤੀਤ ਹੁੰਦਾ ਹੈ। ਚੇਤਨ ਅਕਾਸ਼ ਦੀ ਨਿਆਈਂ ਹੈ ਅਤੇ ਮਿੱਟੀ ਦੀ ਨਿਆਈਂ ਪੰਜ ਤੱਤ ਹਨ ਅਤੇ ਪਾਣੀ ਦੀ ਨਿਆਈਂ ਅਗਿਆਨ ਹੈ ਅਤੇ ਘੁਮਿਆਰ ਦੀ ਨਿਆਈਂ ਈਸ਼ਵਰ ਹੈ, ਜੋ ਸਰੀਰਾਂ ਰੂਪ ਘੜਿਆਂ ਦੀ ਘਾੜਤ ਘੜਦਾ ਹੈ। ਜੈਸਾ ਕਿ :

**ਘਾੜਤ ਤਿਸ ਕੀ ਅਪਰ ਅਪਾਰ॥** *(ਰਾਮਕਲੀ ਕੀ ਵਾਰ, ਮ: ੧, ਅੰਗ ੯੫੬)*

**ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥੩॥** *(ਭੈਰਉ ਮ: ੩, ਅੰਗ ੧੧੨੮)*

ਸਥੂਲ, ਸੂਖਮ ਅਤੇ ਕਾਰਨ ਦੇਹਾਂ ਨੂੰ ਈਸ਼ਵਰ ਘੜਦਾ ਹੈ, ਪਰੰਤੂ ਇਨ੍ਹਾਂ ਦੇਹਾਂ ਵਿਚ ਅਕਾਸ਼ ਦੀ ਨਿਆਈਂ ਚੇਤਨ ਨਿਰਲੇਪ ਰਹਿੰਦਾ ਹੈ, ਇਸੇ ਕਰਕੇ ਜੀਵਾਂ ਦੇ ਸੰਗ ਰਹਿੰਦਾ ਹੋਇਆ ਵੀ ਅਸੰਗ ਹੈ, ਉਸ ਨੂੰ ਸੰਗ ਦੋਸ਼ ਨਹੀਂ ਹੈ। ਘਟਾਕਾਸ਼ ਦੇ ਦ੍ਰਿਸ਼ਟਾਂਤ ਨਾਲ ਸੰਗ ਦੋਸ਼ ਦੀ ਨਵਿਰਤੀ ਹੈ, ਜੋ ਸਾਰਿਆਂ ਅਗਿਆਨੀਆਂ ਨੂੰ ਪਰਮਾਤਮਾ ਦਾ ਸੰਗ ਭਰਮ ਹੋ ਰਿਹਾ ਹੈ, ਉਸ ਦੀ ਨਵਿਰਤੀ ਵਿਚ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਵੀ ਐਸਾ ਫ਼ੁਰਮਾਨ ਕੀਤਾ ਹੈ। ਜੈਸਾ ਕਿ :

**ਸਹਸ ਘਟਾ ਮਹਿ ਏਕੁ ਆਕਾਸੁ॥**
**ਘਟ ਫੂਟੇ ਤੇ ਓਹੀ ਪ੍ਰਗਾਸੁ॥** *(ਸੂਹੀ ਮ: ੫, ਅੰਗ ੭੩੬)*

ਹਜ਼ਾਰਾਂ ਘੜਿਆਂ ਵਿਚ ਇੱਕੋ ਹੀ ਅਕਾਸ਼ ਪ੍ਰਤੀਤ ਹੁੰਦਾ ਹੈ, ਜਿਵੇਂ ਕੋਈ ਘੜਾ ਚੁੱਕੀ ਜਾਵੇ ਤਾਂ ਅਕਾਸ਼ ਵੀ ਨਾਲ ਤੁਰਦਾ ਪ੍ਰਤੀਤ ਹੁੰਦਾ ਹੈ। ਵਾਸਤਵ ਵਿਚ ਅਕਾਸ਼ ਅਚੱਲ ਹੈ, ਪਰੰਤੂ ਘੜੇ ਕਰਕੇ ਚਲਾਇਮਾਨ ਦਿੱਸਦਾ ਹੈ। ਇਸ ਤਰ੍ਹਾਂ ਸਰੀਰ ਦੇ ਤੁਰਨ ਫਿਰਨ ਦੇ ਨਾਲ, ਜੰਮਣ ਮਰਨ ਨਾਲ ਨਾ ਬ੍ਰਹਮ ਤੁਰਦਾ-ਫਿਰਦਾ ਹੈ ਅਤੇ ਨਾ ਹੀ ਜੰਮਦਾ-ਮਰਦਾ ਹੈ। ਇਸ ਨੂੰ ਸੱਤਾ ਦੇਣ ਵਾਸਤੇ ਰਹਿੰਦਾ ਨਾਲ ਹੀ ਹੈ ਪਰੰਤੂ ਸੰਗ ਭਰਮ ਤੋਂ ਦੂਰ ਹੈ। ਇਸ ਪ੍ਰਕਾਰ ਸੰਗ ਭਰਮ ਦੀ ਨਵਿਰਤੀ ਕਹੀ ਹੈ।

## ਚੌਥੇ ਵਿਕਾਰ ਭਰਮ ਦੀ ਨਵਿਰਤੀ

੪. **ਗੁਣਮਾਰ—**ਗੁਣ = ਰੱਸੀ, ਮਾਰ = ਸੱਪ। ਰੱਸੀ ਤੇ ਸੱਪ ਦਾ ਦ੍ਰਿਸ਼ਟਾਂਤ ਦੇ ਕੇ ਵਿਕਾਰ ਭਰਮ ਦੀ ਨਵਿਰਤੀ ਕੀਤੀ ਹੈ। ਬਦਲੇ ਹੋਏ ਰੂਪ ਨੂੰ ਵਿਕਾਰ ਕਹਿੰਦੇ ਹਨ। ਜਿਵੇਂ ਕਿ ਬਾਲਕ ਦੀ ਦੇਹ ਬਦਲ ਕੇ ਜਵਾਨ ਹੋ ਜਾਂਦੀ ਹੈ। ਜਵਾਨੀ ਬਦਲ ਕੇ ਬੁਢਾਪਾ ਆ ਜਾਂਦਾ ਹੈ। ਪਰਮਾਤਮਾ ਵਿਚ ਐਸਾ ਨਹੀਂ ਹੈ, ਉਸ ਦੇ ਵਿਚ ਖਟ ਵਿਕਾਰਾਂ ਵਿੱਚੋਂ ਕੋਈ ਵੀ ਵਿਕਾਰ ਨਹੀਂ ਹੈ। ਇਹ ਵਿਕਾਰ ਤਾਂ ਦੇਹ ਨੂੰ ਵਿਆਪਦੇ ਹਨ। ਬਾਲਕ ਅਵਸਥਾ, ਕਿਸ਼ੋਰ ਅਵਸਥਾ, ਜਵਾਨ ਅਵਸਥਾ, ਢਲਦੀ ਜਵਾਨੀ, ਬੁਢਾਪਾ ਅਤੇ ਕਾਲ ਇਹ ਦੇਹ ਦੇ ਵਿਕਾਰ ਜੋ ਆਤਮਾ ਵਿਚ ਪ੍ਰਤੀਤ ਹੋ ਰਹੇ ਹਨ, ਇਹ ਵਿਕਾਰ ਭਰਮ ਹੈ, ਪਰ ਆਤਮਾ ਵਿਚ ਨਹੀਂ। ਜੈਸਾ ਕਿ :

**ਨਾ ਇਹੁ ਬੂਢਾ ਨਾ ਇਹੁ ਬਾਲਾ॥**
**ਨਾ ਇਸੁ ਦੂਖੁ ਨਹੀ ਜਮ ਜਾਲਾ॥** *(ਗੋਂਡ ਮ: ੫, ਅੰਗ ੮੬੮)*

ਕਾਮ, ਕ੍ਰੋਧ ਆਦਿ ਵਿਕਾਰ ਵੀ ਅੰਤਸ਼ਕਰਣ ਵਿਚ ਹਨ, ਬ੍ਰਹਮ ਵਿਚ ਨਹੀਂ। ਉਸ ਦਾ ਸਰੂਪ ਸ਼ੁੱਧ ਹੈ, ਵਿਕਾਰ ਭਰਮ ਜੋ ਬ੍ਰਹਮ ਨੂੰ ਵਿਕਾਰੀ ਮੰਨਣਾ, ਇਸ ਦੀ ਨਵਿਰਤੀ ਗੁਣਮਾਰ (ਸੱਪ, ਰੱਸੀ) ਦੇ ਦ੍ਰਿਸ਼ਟਾਂਤ ਨਾਲ ਕੀਤੀ ਹੈ ਕਿ ਜਿਵੇਂ ਸਮਾਨ ਅੰਧਕਾਰ ਵਿਚ ਪਈ ਹੋਈ ਰੱਸੀ ਸੱਪ ਪ੍ਰਤੀਤ ਹੁੰਦਾ ਹੈ, ਪਰੰਤੂ ਉਹ ਸੱਪ ਨਹੀਂ ਹੁੰਦਾ, ਉਸ ਦਾ ਵਾਸਤਵ ਰੂਪ ਰੱਸੀ ਹੈ, ਇਸੇ ਪ੍ਰਕਾਰ ਅਸਤੀ, ਭਾਂਤੀ, ਪ੍ਰੇਯ ਰੂਪ ਚੇਤਨ ਬ੍ਰਹਮ ਨੂੰ ਜੀਵ ਅਗਿਆਨ ਕਰਕੇ ਜੰਮਣ ਮਰਨ ਵਾਲਾ ਸੰਸਾਰ ਰੂਪ ਸੱਪ ਮੰਨੀ ਬੈਠਾ ਹੈ ਤੇ ਦੁਖੀ ਹੁੰਦਾ ਹੈ। ਜਦੋਂ ਦੀਵਾ ਲਿਆ ਕੇ ਵੇਖਿਆ ਗਿਆ ਤਾਂ ਰੱਸੀ ਦਾ ਵਾਸਤਵ ਰੂਪ ਦਿਖਾ ਦਿੱਤਾ। ਚਾਨਣੇ ਨੇ ਸੱਪ ਤੇ ਸੱਪ ਦੇ ਭੈਅ ਦੀ ਨਵਿਰਤੀ ਕਰ ਦਿੱਤੀ। ਇਸੇ ਪ੍ਰਕਾਰ ਜੰਮਣ ਮਰਨ ਦਾ ਭੈਅ ਆਤਮਾ ਵਿਚ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਜਦੋਂ ਗਿਆਨ ਦਾ ਦੀਵਾ ਅੰਤਸ਼ਕਰਨ ਵਿਚ ਪ੍ਰਕਾਸ਼ ਹੋ ਜਾਵੇ ਤਾਂ ਅਗਿਆਨ ਦੇ ਅੰਧਕਾਰ

ਵਿਚ ਜੋ ਸੱਪ ਦੀ ਨਿਆਈਂ ਸੰਸਾਰ ਪ੍ਰਤੀਤ ਹੁੰਦਾ ਸੀ, ਉਸ ਦੀ ਨਵਿਰਤੀ ਹੋ ਕੇ ਬ੍ਰਹਮ ਦਿਸਣ ਲੱਗ ਪੈਂਦਾ ਹੈ, ਜਿਵੇਂ ਰੱਸੀ ਦੇ ਅਗਿਆਨ ਕਰਕੇ ਸੱਪ ਪ੍ਰਤੀਤ ਹੋਣ ਲੱਗ ਪੈਂਦਾ ਹੈ, ਉਸ ਸੱਪ ਨੂੰ ਡੰਡੇ ਸੋਟੇ ਦੇ ਨਾਲ ਨਹੀਂ ਮਾਰਿਆ ਜਾ ਸਕਦਾ, ਉਸ ਦੀ ਨਵਿਰਤੀ ਰੱਸੀ ਦੇ ਵਾਸਤਵ ਰੂਪ ਦਾ ਗਿਆਨ ਹੈ। ਇਸ ਤਰ੍ਹਾਂ ਬ੍ਰਹਮ ਦਾ ਵਾਸਤਵ ਰੂਪ ਸੱਤ, ਚੇਤਨ, ਆਨੰਦ ਹੈ ਜੋ ਬ੍ਰਹਮ ਦੇ ਅਗਿਆਨ ਦੁਆਰਾ ਜੰਮਣ, ਮਰਨ, ਦੁੱਖ, ਸੁਖ ਵਾਲਾ ਸੰਸਾਰ ਪ੍ਰਤੀਤ ਹੁੰਦਾ ਹੈ। ਜਦੋਂ ਗਿਆਨ ਦੁਆਰਾ ਸੱਤ, ਚੇਤਨ, ਆਨੰਦ ਦਿਸ ਜਾਵੇ ਤਾਂ ਸੰਸਾਰ ਦੀ ਨਵਿਰਤੀ ਹੋ ਜਾਂਦੀ ਹੈ। ਰੱਸੀ ਸੱਪ ਦੇ ਦ੍ਰਿਸ਼ਟਾਂਤ ਦੁਆਰਾ ਵਿਕਾਰ ਭਰਮ ਦੀ ਨਵਿਰਤੀ ਕਹੀ ਹੈ।

### ਬ੍ਰਹਮ ਇਤਰ ਜਗ ਸਤ ਹੈ ਭਰਮ ਦੀ ਨਵਿਰਤੀ

੫. **ਕਨਕ ਕੁੰਡਲ—**ਕਨਕ = ਸੋਨਾ, ਕੁੰਡਲ = ਗੋਲਾਕਾਰ ਗਹਿਣਾ। ਜਿਵੇਂ ਸੋਨੇ ਦੇ ਕੜੇ, ਨੱਥ, ਮੁੰਦਰੀ ਆਦਿ ਬਣੇ ਹੁੰਦੇ ਹਨ। ਇਕ ਸੋਨੇ ਦੇ ਅਨੇਕਾਂ ਗਹਿਣੇ ਬਣ ਕੇ ਵੱਖਰੇ-ਵੱਖਰੇ ਨਾਮ ਪੈ ਜਾਂਦੇ ਹਨ। ਗਹਿਣਾ ਬਣ ਕੇ ਵੀ ਸੋਨਾ ਕੋਈ ਪਿੱਤਲ, ਤਾਂਬਾ ਨਹੀਂ ਬਣ ਜਾਂਦਾ। ਪਰੰਤੂ ਲੋਕ ਉਸ ਨੂੰ ਸੋਨਾ ਕਹਿਣ ਦੀ ਬਜਾਏ ਗਹਿਣੇ ਕਹਿ ਦਿੰਦੇ ਹਨ। ਸੋਨੇ ਦੇ ਅਨੇਕਾਂ ਨਾਮ ਕਲਪੇ ਹੋਏ, ਜੋ ਵੱਖਰੇ-ਵੱਖਰੇ ਪ੍ਰਤੀਤ ਹੁੰਦੇ ਹਨ। ਜਦੋਂ ਕੁਠਾਲੀ ਵਿਚ ਸਾਰੇ ਗਹਿਣੇ ਪਾ ਕੇ ਸੁਨਿਆਰਾ ਉਨ੍ਹਾਂ ਨੂੰ ਢਾਲ ਦਿੰਦਾ ਹੈ ਤਾਂ ਕੜਾ, ਮੁੰਦਰੀ, ਨੱਥ ਆਦਿ ਦਾ ਨਾਮ ਵੀ ਮਿਟ ਜਾਂਦਾ ਹੈ ਤੇ ਉਸ ਦਾ ਰੂਪ ਵੀ ਮਿਟ ਜਾਂਦਾ ਹੈ, ਕੇਵਲ ਸੋਨਾ ਰਹਿ ਜਾਂਦਾ ਹੈ। ਇਸ ਦਾ ਰੂਪ ਗੁਰਬਾਣੀ ਵਿਚ ਸਤਿਗੁਰੂ ਸਾਹਿਬ ਜੀ ਨੇ ਐਸਾ ਕਥਨ ਕੀਤਾ ਹੈ:

**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥** *(ਧਨਾਸਰੀ ਮ: ੫, ਅੰਗ ੬੭੨)*

ਜਿਵੇਂ ਸਾਰਿਆਂ ਗਹਿਣਿਆਂ ਨੂੰ ਢਾਲ ਕੇ ਇਕ ਡਲੀ ਬਣਾ ਲਈਦੀ ਹੈ, ਫਿਰ ਗਹਿਣੇ ਦਾ ਨਾਮ ਅਤੇ ਸ਼ਕਲ ਨਹੀਂ ਰਹਿੰਦੀ, ਕੇਵਲ ਸੋਨਾ ਹੀ ਰਹਿ ਜਾਂਦਾ ਹੈ, ਇਸੇ ਪ੍ਰਕਾਰ ਪ੍ਰੇਮ ਦੀ ਕੁਠਾਲੀ, ਤਪ ਕਰਨ ਰੂਪ ਅੱਗ ਦੇ ਕਰਕੇ, ਨਾਮ ਦਾ ਸੁਹਾਗਾ, ਰਾਗ ਦ੍ਵੈਸ਼ ਦੀ ਮੈਲ ਕੱਢ ਕੇ ਮਨ ਨੂੰ ਸ਼ੁੱਧ ਬਣਾ ਲਈਦਾ ਹੈ। ਮਨ ਦੀ ਮੈਲ ਕਰਕੇ ਸੰਸਾਰ ਅਨੇਕਾਂ ਰੂਪਾਂ ਵਿਚ ਦਿੱਸਦਾ ਸੀ, ਜਦੋਂ ਮਨ ਜੋਤ ਸਰੂਪ ਹੋ ਗਿਆ, ਆਪਣੇ ਮੂਲ ਦੀ ਪਹਿਚਾਣ ਹੋ ਗਈ ਕਿ ਮੈਂ ਤਾਂ ਬ੍ਰਹਮ ਹਾਂ, ਇਉਂ ਇਹ ਭਰਮ ਨਵਿਰਤ ਹੋ ਜਾਵੇਗਾ। ਇਸ ਪ੍ਰਕਾਰ ਇਨ੍ਹਾਂ ਪੰਜ ਪ੍ਰਕਾਰ ਦੇ ਦ੍ਰਿਸ਼ਟਾਂਤਾਂ ਦੁਆਰਾ ਪੰਜ ਪ੍ਰਕਾਰ ਦੇ ਭਰਮਾਂ ਦੀ ਸਾਧਸੰਗਤ ਕਰ ਕੇ ਨਵਿਰਤੀ ਕਰ ਲਈਦੀ ਹੈ। ਭਰਮ ਦੀ ਨਵਿਰਤੀ ਸਾਧਸੰਗਤ ਦੁਆਰਾ ਹੀ ਹੋ ਸਕਦੀ ਹੈ। ਸੰਤਾਂ ਦੀ ਸੰਗਤ ਕਰ ਕੇ ਜਿਨ੍ਹਾਂ ਦੇ ਹਿਰਦੇ ਅੰਦਰ ਵਾਹਿਗੁਰੂ ਵੱਸ ਜਾਂਦਾ ਹੈ, ਭਗਤੀ ਅਤੇ ਗਿਆਨ ਦੁਆਰਾ ਹੀ ਭਰਮ ਦੀ ਨਵਿਰਤੀ ਹੁੰਦੀ ਹੈ। ਬਾਕੀ ਭਰਮ ਦੇ ਦੋਹਰੇ ਕੰਠ ਕਰਨ ਨਾਲ, ਨਵਿਰਤੀ ਦੇ ਦ੍ਰਿਸ਼ਟਾਂਤ ਕੰਠ ਕਰਨ ਨਾਲ, ਭਰਮ ਦੀਆਂ ਗੱਲਾਂ ਕਰਨ ਨਾਲ ਦੂਰ ਨਹੀਂ ਹੁੰਦਾ। ਭਰਮ ਦੀ ਨਵਿਰਤੀ ਪਰਮੇਸ਼ਰ ਦੀ ਕਿਰਪਾ ਦੁਆਰਾ ਹੁੰਦੀ ਹੈ। ਇਸ ਪ੍ਰਕਾਰ ਸਾਧਸੰਗਤ ਕਰਨ ਕਰਕੇ ਇਹ ਗਿਆਨ ਅਗਨੀ ਦੁਆਰਾ ਭਰਮ ਦੇ ਤਾਈਂ ਸਾੜਨਾ ਕਰੇ।

## ਗੀਆ ਮਾਲਤੀ ਛੰਦ ॥

## ਸ਼ਤ ਖੰਡ ਖੀਨ ਕੁਪੀਨ ਜਾਂਕੀ; ਤਾਸੁ ਸਮ ਜਿਹਿ ਗੋਦਰੀ ॥

ਜਾਂ = ਜਿਸ ਮਹਾਤਮਾ ਨੇ ਸ਼ਤ = ਸੌ ਖੰਡ = ਟੁਕੜੇ ਭਾਵ ਪੁਰਾਣੀਆਂ ਸੌ ਲੀਰਾਂ ਜੋੜ-ਜੋੜ ਕੇ ਕੁਪੀਨ = ਲੰਗੋਟੀ ਬਣਾਈ ਹੋਈ ਹੈ ਅਤੇ ਤਾਸੁ = ਇਸ ਦੇ ਸਮਾਨ ਹੀ ਜਿਹਿ = ਜਿਸ ਪੁਰਾਣੀਆਂ ਲੀਰਾਂ ਨੂੰ ਜੋੜ-ਜੋੜ ਕੇ ਗੋਦਰੀ = ਗੋਦੜੀ ਬਣਾਈ ਹੋਈ ਹੈ।

## ਸੁਖ ਸਾਥ ਭਿਖਯਹਾਰ; ਸੇਜਾ ਬਨ ਮਸਾਨੇ ਗਿਰਿ ਦਰੀ॥

ਜੋ ਮਹਾਤਮਾ ਸੁਖ ਸਾਥ = ਨਾਲ ਪ੍ਰਾਪਤ ਹੋਣ ਵਾਲਾ ਭਿਖਯਹਾਰ = ਭਿੱਖਿਆ ਮੰਗ ਕੇ ਅੰਨ ਖਾਂਦਾ ਹੈ ਅਤੇ ਜਿਸ ਨੇ ਬਨ = ਜੰਗਲ, ਮਸਾਨੇ = ਸ਼ਮਸ਼ਾਨ ਭੂਮੀ ਜਾਂ ਗਿਰਿ = ਪਹਾੜ ਦੀ ਗੁਫ਼ਾ ਰੂਪੀ ਦਰੀ ਦੀ ਸੇਜਾ ਬਣਾਈ ਹੋਈ ਹੈ।

## ਪਿਖ ਸੱਤਰੁ ਮਿਤ੍ਰ ਸਮਾਨ; ਮੁਖ ਦੁਤਿ ਸੂੰਨ ਸਦਨੋ ਮੈ ਸਦਾ॥

ਜਿਸ ਦੀ ਦ੍ਰਿਸ਼ਟੀ ਸੱਤਰੁ = ਦੁਸ਼ਮਣ ਅਤੇ ਮਿੱਤਰ ਨੂੰ ਇਕ ਸਮਾਨ ਕਰਕੇ ਪਿਖ = ਦੇਖਦੀ ਹੈ ਭਾਵ ਜੋ ਪਿਆਰ ਕਰਨ ਵਾਲੇ ਨਾਲ ਮੋਹ ਅਤੇ ਵੈਰ ਕਰਨ ਵਾਲੇ ਨਾਲ ਈਰਖਾ ਨਹੀਂ ਕਰਦਾ। ਜੈਸਾ ਕਿ :

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥** *(ਸਲੋਕ ਮ: ੯, ਅੰਗ ੧੪੨੭)*

**ਵਾ: ਸਹਣ ਸੀਲ ਸੰਤੰ ਸਮ ਮਿਤ੍ਰਸ੍ ਦੁਰਜਨਹ॥** *(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੬)*

ਅਤੇ ਜੋ ਸੂੰਨ = ਖ਼ਾਲੀ ਥਾਂ ਵਿਚ ਸਦਨੋ = ਮੱਠ ਆਦਿਕ ਹਨ, ਉਨ੍ਹਾਂ ਵਿਚ ਸਦਾ = ਹਮੇਸ਼ਾਂ ਹੀ ਬੈਠੇ ਹੋਏ ਦਾ ਜਿਸ ਦਾ ਮੁਖ = ਮੁਖੜਾ ਦੁਤਿ = ਸ਼ੋਭਾ ਵਾਲਾ ਹੈ ਭਾਵ ਨਾਮ ਦੀ ਕਮਾਈ ਕਰ ਕੇ ਜਿਸ ਦਾ ਮੁਖ ਸ਼ੋਭਾ ਵਾਲਾ ਹੋ ਰਿਹਾ ਹੈ।

## ਨਿਰਮਲ ਨਿਜਾਤਮ ਕੋ ਭਜੇ; ਸੁਖ ਰੂਪ ਤੇ ਜਨ ਸਰਬਦਾ॥੯॥

ਜੋ (ਨਿਰ + ਮਲ) ਮਲ ਵਿਖੇਪ ਦੀ ਮੈਲ ਤੋਂ ਨਿਰ = ਰਹਿਤ ਭਾਵ ਉੱਜਲ ਨਿਜਾਤਮ = ਆਪਣਾ ਆਤਮ ਸਰੂਪ ਹੈ, ਤੇ = ਉਹ ਜਨ = ਮਹਾਂਪੁਰਖ ਸਰਬਦਾ = ਹਮੇਸ਼ਾਂ ਹੀ ਉਸ ਸੁਖ ਸਰੂਪ ਦਾ ਭਜੇ = ਸਿਮਰਨ ਕਰਦੇ ਹਨ॥੯॥

## ਦੋਹਰਾ॥
## ਚਰਹਿ ਸੁਤੰਤ੍ਰ ਨਿਰੰਕੁਸੇ; ਸਪ੍ਰਮਾਦਿ ਮਦ ਨਸ਼ਟ॥

ਐਸੇ ਮਹਾਂਪੁਰਖ (ਨਿਰ + ਅੰਕੁਸੇ) ਅੰਕੁਸ = ਦਬਾਉ ਤੋਂ ਨਿਰ = ਰਹਿਤ ਹੁੰਦੇ ਹਨ **ਵਾ:** ਵਿਸ਼ੇ-ਵਿਕਾਰਾਂ ਰੂਪੀ ਦਬਾਉ ਤੋਂ ਰਹਿਤ ਹੁੰਦੇ ਹਨ, **ਵਾ:** ਜੋ ਰਾਜ ਦੰਡ, ਪਿਤਰੀ ਦੰਡ, ਰਿਖੀ ਦੰਡ, ਦੇਵ ਦੰਡ, ਇਨ੍ਹਾਂ ਚਾਰੇ (ਨਿਰ + ਅੰਕੁਸੇ) ਅੰਕੁਸੇ = ਦੰਡਾਂ ਤੋਂ ਨਿਰ = ਰਹਿਤ ਹਨ, ਉਸ ਨੂੰ ਨਿਰੰਕੁਸ਼ ਕਹਿੰਦੇ ਹਨ। ਐਸੇ ਮਹਾਤਮਾ ਜਨ ਇਨ੍ਹਾਂ ਰੋਗਾਂ ਤੋਂ ਰਹਿਤ ਹਨ, ਸੁਤੰਤਰ ਚਰਹਿ = ਵਿਚਰਦੇ ਹਨ, ਜਿਨ੍ਹਾਂ ਨੇ (ਸ + ਪ੍ਰਮਾਦਿ) ਪ੍ਰਮਾਦਿ = ਨਸ਼ੇ ਸ = ਸਮੇਤ ਮਦ = ਹੰਕਾਰ ਨੂੰ ਨਸ਼ਟ = ਨਾਸ਼ ਕਰ ਲਿਆ ਹੈ।

### ਚਾਰ ਪ੍ਰਕਾਰ ਦੇ ਦੰਡ

੧. **ਰਾਜ ਦੰਡ—**ਜੋ ਮਾਮਲਾ ਜਾਂ ਜੁਰਮਾਨਾ ਆਦਿਕ ਦੇਣ ਤੋਂ ਉਤਰਦਾ ਹੈ।

੨. **ਪਿਤਰੀ ਦੰਡ—**ਜੋ ਪਿਤਰਾਂ ਦੀ ਸੇਵਾ ਆਦਿ ਕਰਨ ਤੋਂ ਉਤਰਦਾ ਹੈ।

੩. **ਰਿਖੀ ਦੰਡ—**ਜੋ ਵਿੱਦਿਆ ਆਦਿਕ ਪ੍ਰਾਪਤ ਕਰਨ ਤੋਂ ਉਤਰਦਾ ਹੈ।

੪. **ਦੇਵ ਦੰਡ—**ਜੋ ਪੂਜਾ, ਦਾਨ ਆਦਿਕਾਂ ਦੇ ਕਰਨ ਤੋਂ ਉਤਰਦਾ ਹੈ।

## ਅਧਿਸ਼ਟਾਨ ਪ੍ਰਬੋਧ ਕਰਿ; ਕਲਪਤ ਨਸਟ ਸਮਸਟ ॥੧੦॥

ਜੋ ਅਧਿਸ਼ਟਾਨ = ਆਸਰਾ ਰੂਪ ਆਤਮਾ ਹੈ, ਉਨ੍ਹਾਂ ਨੇ ਉਸ ਆਤਮ ਸਰੂਪ ਦਾ ਪ੍ਰਬੋਧ = ਪੂਰਨ ਗਿਆਨ ਪ੍ਰਾਪਤ ਕਰ ਕੇ ਕਲਪਨਾ ਮਾਤਰ ਸਮਸਟ = ਸਾਰੇ ਸੰਸਾਰ ਨੂੰ ਮਿਥਿਆ ਜਾਣਨ ਰੂਪ ਨਸਟ = ਨਵਿਰਤ ਕਰ ਲਿਆ ਹੈ, ਭਾਵ ਉਨ੍ਹਾਂ ਦੀ ਸੰਸਾਰਾਕਾਰ ਬਿਰਤੀ ਨਾਸ਼ ਹੋ ਕੇ ਬ੍ਰਹਮਾਕਾਰ ਬਿਰਤੀ ਹੋ ਗਈ ਹੈ ॥੧੦॥

## ਲਲਤ ਛੰਦ ॥

## ਤੀਨ ਭਵਨ ਮਯ ਸਰਬ ਸਰਗ ਕੋ; ਆਸਮੰਤ ਮੈ ਢੂਢਯੋ ਤਾਤ ॥

ਹੇ ਤਾਤ = ਪ੍ਰਿਯ ਮਿੱਤਰ! ਮੈਂ ਤੀਨ = ਤਿੰਨੇ ਭਵਨਾਂ ਮਯ = ਰੂਪ ਸਰਬ = ਸਾਰੇ ਸਰਗ = ਜਗਤ ਕੋ = ਨੂੰ ਆਸਮੰਤ = ਆਸਾਵਾਨ ਹੋ ਕੇ ਭਾਵ ਚੰਗੀ ਤਰ੍ਹਾਂ ਢੂਢਯੋ = ਲੱਭਣਾ ਕੀਤਾ ਹੈ।

## ਕਹੂੰ ਨ ਦੇਖਾ ਸੁਨਾ ਕਹੂੰ ਨਹਿ; ਐਸੋ ਜਨ ਕੋ ਜਨਯੋ ਬਿਧਾਤ ॥

ਪਰ ਮੈਂ ਐਸਾ ਪੁਰਸ਼ ਨਾ ਤਾਂ ਕਹੂੰ = ਕਿਤੇ ਦੇਖਾ = ਦੇਖਣਾ ਕੀਤਾ ਹੈ ਅਤੇ ਨਾ ਹੀ ਕਹੂੰ = ਕਿਤੇ ਸੁਨਾ = ਸੁਣਨਾ ਕੀਤਾ ਹੈ। ਜੇਕਰ ਬਿਧਾਤ = ਫਲ ਪਰਦਾਤੇ ਪ੍ਰਭੂ ਨੇ ਐਸੋ = ਇਹੋ ਜਿਹਾ ਜਨ = ਪੁਰਸ਼ ਜਨਯੋ = ਪੈਦਾ ਕੀਤਾ ਹੋਵੇ ਤਾਂ ਫਿਰ ਮੈਨੂੰ ਪਤਾ ਨਹੀਂ ਪਰ ਮੈਂ ਦੇਖਿਆ ਸੁਣਿਆ ਨਹੀਂ ਹੈ।

## ਜਨ ਕੋ ਅੰਤਸ਼ਕਰਣ ਕਰੀ ਸਮ; ਵਿਸ਼ੇ ਰੂਪ ਕਰਣੀ ਮਿਲਿ ਰਾਤ ॥

ਜਨ = ਪੁਰਖ ਕੋ = ਦਾ ਜੋ ਚਤੁਸ਼ਟਾ ਅੰਤਸ਼ਕਰਣ ਹੈ ਇਹ ਕਰੀ = ਹਾਥੀ ਸਮ = ਸਮਾਨ ਹੈ ਜੋ ਅੰਤਸ਼ਕਰਣ ਵਿਸ਼ਿਆਂ ਰੂਪੀ ਕਰਣੀ = ਹਥਨੀ ਨਾਲ ਮਿਲ ਕਰਕੇ ਰਾਤ = ਰਾਤਾ, ਰੰਗਿਆ ਭਾਵ ਪ੍ਰੀਤਵਾਨ ਹੋ ਰਿਹਾ ਹੈ।

## ਸੰਜਮ ਸੰਗਲ ਤਿੰਹ ਪਗ ਮੈ;
## ਜਿਨ ਡਾਰਯੋ ਲੀਲਾ ਕਰਿ, ਭੋ ਭ੍ਰਾਤ ॥੧੧॥

ਜਿਸ ਪੁਰਸ਼ ਨੇ ਤਿੰਹ = ਉਸ ਦੇ ਪਗ = ਪੈਰਾਂ ਮੈ = ਵਿਚ ਸੰਜਮ ਕਰਨ ਰੂਪ ਸੰਗਲ ਪਾਏ ਹੋਏ ਹਨ ਅਤੇ ਭੋ = ਹੇ ਭ੍ਰਾਤ = ਭਾਈ! ਜਿਨ = ਜਿਸ ਨੇ ਇਸ ਅੰਤਸ਼ਕਰਣ ਰੂਪੀ ਹਾਥੀ ਨੂੰ ਵਿਸ਼ਿਆਂ ਰੂਪੀ ਲੀਲਾ = ਬਿਲਾਸ ਕਰਨ ਵੱਲੋਂ ਡਾਰਯੋ = ਸੁੱਟ ਭਾਵ ਹਟਾ ਲਿਆ ਹੈ **ਅਥਵਾ** ਵਿਸ਼ਿਆਂ ਦਾ ਤਿਆਗ ਕਰ ਦਿੱਤਾ ਹੈ ॥੧੧॥ ਅਤੇ :

## ਦੋਹਰਾ ॥

## ਸੁਖ ਪਤਿ ਵਤ ਜਾਗ੍ਰਤ ਵਿਖੇ; ਤਜੇ ਤ੍ਰਿਧਾ ਜਿਹ ਭੋਗ ॥

ਜਿਹ = ਜਿਸ ਨੇ ਸਖੋਪਤੀ ਅਵਸਥਾ ਵਤ = ਵਾਂਗ ਜਾਗ੍ਰਤ ਅਵਸਥਾ ਵਿਖੇ = ਵਿਚ ਤ੍ਰਿਧਾ = ਤਿੰਨ ਤਰ੍ਹਾਂ ਭਾਵ ਮਨ, ਬਾਣੀ, ਸਰੀਰ ਕਰਕੇ ਭੋਗ ਤਜੇ = ਤਿਆਗ ਦਿੱਤੇ ਹਨ।

## ਐਸੋ ਇੰਦ੍ਰਯ ਜਿੱਤ; ਜਨ ਕੋਇਕ ਇਸਥਿਤ ਹੋਗ ॥੧੨॥

ਐਸੋ = ਇਸ ਤਰ੍ਹਾਂ ਦੇ ਇੰਦਰਿਆਂ ਦੇ ਵਿਸ਼ਿਆਂ ਨੂੰ ਜਿੱਤਣ ਵਾਲਾ ਭਾਵ ਆਪਣੇ ਵੱਸ ਵਿਚ ਕਰਨ ਵਾਲਾ ਕੋਇਕ = ਕੋਈ ਇਕ ਵਿਰਲਾ ਜਨ = ਪੁਰਸ਼ ਹੀ ਇਸਥਿਤ ਹੋਗ = ਹੋਵੇਗਾ ॥੧੨॥

## ਨੀਲ ਛੰਦ ॥

## ਸ਼ੈਲ ਸ਼ਿਲਾ ਸਿਹਜਾ; ਗਿਰਿ ਮੰਦਰ ਕੰਦੁਰ ਹੈ ॥

ਜਿਨ੍ਹਾਂ ਮਹਾਂਪੁਰਸ਼ਾਂ ਦੀਆਂ ਸ਼ੈਲ = ਪਹਾੜ ਦੀਆਂ ਸ਼ਿਲਾ = ਚਟਾਨਾਂ ਹੀ ਮਾਨੋ ਸੇਜਾਂ ਹਨ, ਗਿਰਿ = ਪਹਾੜ ਦੀਆਂ ਕੰਦਰਾਂ ਹੀ ਮੰਦਰ ਹਨ।

## ਬ੍ਰਿਛਨ ਕੀ ਛਿਲ ਕੇ ਪਟ; ਵਾ ਦਿਗ ਅੰਬਰ ਹੈ ॥

ਜਿਨ੍ਹਾਂ ਨੇ ਬਿਰਛਾਂ ਦੀ ਛਿੱਲ ਕੇ = ਦੇ ਪਟ = ਬਸਤਰ ਪਹਿਨੇ ਹੋਏ ਹਨ ਵਾ = ਅਥਵਾ ਜਿਨ੍ਹਾਂ ਨੇ ਦਿਗ = ਦਿਸ਼ਾ ਦੇ ਹੀ ਅੰਬਰ = ਬਸਤਰ ਪਹਿਨੇ ਹੋਏ ਹਨ।

## ਮਿਤ੍ਰ ਕੁਰੰਗ ਸਮੂਹ; ਮਹੀ ਤਿਨ ਸੰਗ ਚਰੇ ॥

ਜਿਨ੍ਹਾਂ ਦੇ ਵਣ ਵਿਚਲੇ ਸਮੂਹ = ਸਾਰੇ ਕੁਰੰਗ = ਮ੍ਰਿਗ ਮਿੱਤਰ ਹਨ ਜੋ ਮਹੀ = ਧਰਤੀ ਉੱਪਰ ਤਿਨ = ਉਨ੍ਹਾਂ ਨਾਲ ਚਰੇ = ਵਿਚਰਨਾ ਕਰਦੇ ਹਨ।

## ਕੋਮਲ ਪੁੰਨ ਫਲੀਨ; ਫਲੋਂ ਕਰ ਪ੍ਰਾਨ ਧਰੇ ॥੧੩॥

ਜਿਨ੍ਹਾਂ ਮਹਾਂਪੁਰਸ਼ਾਂ ਨੇ ਕੋਮਲ = ਨਰਮ, ਪੁੰਨ = ਪਵਿੱਤਰ ਫਲੀਨ = ਫਲਾਂ ਵਾਲੇ ਬ੍ਰਿਛਾਂ ਦੇ ਫਲੋਂ = ਫਲਾਂ ਨੂੰ ਖਾ ਕੇ ਆਪਣੇ ਪ੍ਰਾਣਾਂ ਨੂੰ ਧਰੇ = ਧਾਰਨ ਕਰ ਕੇ ਰੱਖਿਆ ਹੋਇਆ ਹੈ ॥੧੩॥

## ਸੀਤਲ ਸ੍ਵੇਛਿਤ ਸ੍ਵੱਛ; ਸੁਗੰਧਤ ਮਿਸਟ ਘਨਾ ॥
## ਉਚਿਤ ਅੰਬੁ ਗਿਰਿੰਦਨ ਕੋ; ਅਚਤ ਜੋ ਜਨਾ ॥

ਜੋ ਸੀਤਲ = ਠੰਢਾ, ਸ੍ਵੇਛਿਤ = ਨਿਰਮਲ, ਸੁਆਦਿਸ਼ਟ, ਸ੍ਵੱਛ = ਪਵਿੱਤਰ, ਸੁਗੰਧਤ = ਸੁਗੰਧੀ ਵਾਲਾ, ਘਨਾ = ਬਹੁਤਾ ਮਿਸਟ = ਮਿੱਠਾ ਅੰਬੁ = ਪਾਣੀ ਗਿਰਿੰਦਨ = ਪਹਾੜਾਂ ਦੀਆਂ ਉਚਿਤ = ਉੱਚੀਆਂ ਚੋਟੀਆਂ ਤੋਂ ਹੇਠਾਂ ਡਿੱਗਦਾ ਹੈ, ਉਸ ਪਾਣੀ ਕੋ = ਨੂੰ ਜੋ = ਜਿਹੜੇ ਜਨਾ = ਪੁਰਸ਼ ਅਚਤ = ਛਕਦੇ, ਪੀਣਾ ਕਰਦੇ ਹਨ। ਅਤੇ :

## ਬ੍ਰਹਮ ਵਿਚਾਰ ਵਤੀ ਸੁਮੱਤੀ; ਯੁਵਤੀ ਕੋ ਸਦਾ ॥
## ਧਾਰ ਰਿਦੇ ਮਹਿ ਮੋਦ ਲਹੈ; ਨ ਤਜੈ ਸੁ ਕਦਾ ॥੧੪॥

ਜਿਹੜੇ ਮਹਾਂਪੁਰਸ਼ ਸਦਾ = ਹਮੇਸ਼ਾਂ ਹੀ ਬ੍ਰਹਮ ਵਿਚਾਰ ਵਤੀ = ਵਾਲੀ ਸੁਮੱਤੀ = ਸ੍ਰੇਸ਼ਟ ਬੁੱਧ ਭਾਵ ਆਤਮ ਵਿਸ਼ੈਣੀ ਬੁੱਧ ਰੂਪ ਯੁਵਤੀ = ਇਸਤਰੀ ਕੋ = ਨੂੰ ਆਪਣੇ ਰਿਦੇ = ਹਿਰਦੇ ਮਹਿ = ਅੰਦਰ

ਧਾਰ = ਧਾਰਨ ਕਰ ਕੇ ਮੋਦ = ਆਨੰਦ ਲਹੈ = ਪ੍ਰਾਪਤ ਕਰਦੇ ਹਨ, ਸੁ = ਉਹ ਕਦਾ = ਕਦੇ ਵੀ ਉਸ ਦਾ ਤਜੈ = ਤਿਆਗ ਨਹੀਂ ਕਰਦੇ ॥੧੪॥

## ਜੋ ਨਿਜ ਪ੍ਰਾਣਨਿ ਤ੍ਰਾਹ ਕੇ; ਕਾਰਣ ਪਾਣਿ ਬਿਬੋ ॥
## ਜੋਰ ਨਮੋ ਸਿਰ ਸੋਂ ਨ ਕਰੋਂ; ਕਹੂੰ ਅਗ੍ਰ ਕਬੇ ॥

ਜੋ = ਜਿਹੜੇ ਪੁਰਸ਼ ਨਿਜ = ਆਪਣੇ ਪ੍ਰਾਣਨਿ = ਪ੍ਰਾਣਾਂ ਦੀ ਤ੍ਰਾਹ = ਰੱਖਿਆ ਕੇ = ਦੇ ਕਾਰਣ = ਵਾਸਤੇ ਕਹੂੰ = ਕਿਸੇ ਅਗ੍ਰ = ਅੱਗੇ ਬਿਬੋ = ਦੋਵੇਂ ਪਾਣਿ = ਹੱਥ ਜੋਰ = ਜੋੜ ਕਰਕੇ, ਸਿਰ ਸੋਂ = ਨਾਲ ਭਾਵ ਸਿਰ ਨਿਵਾ ਕੇ ਨਮੋ = ਨਮਸਕਾਰ ਨਹੀਂ ਕਰੋਂ = ਕਰਦੇ ਭਾਵ ਉਨ੍ਹਾਂ ਨੂੰ ਪਤਾ ਹੈ ਕਿ ਜਿਤਨੀ ਸੁਆਸਾਂ ਰੂਪੀ ਪੂੰਜੀ ਪਰਮਾਤਮਾ ਨੇ ਬਖ਼ਸ਼ਿਸ਼ ਕੀਤੀ ਹੈ, ਉਸ ਨੂੰ ਕੋਈ ਵਧਾ ਘਟਾ ਨਹੀਂ ਸਕਦਾ ਹੈ। ਜੈਸਾ ਕਿ :

**ਫਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥**

*(ਗਉੜੀ ਬਾਵਨ ਅਖਰੀ ਮ: ੫, ਅੰਗ ੨੫੪)*

ਇਸ ਕਰਕੇ ਉਹ ਕਿਸੇ ਅੱਗੇ ਪ੍ਰਾਣਾਂ ਦੀ ਰੱਖਿਆ ਵਾਸਤੇ ਲੇਲੜੀਆਂ ਨਹੀਂ ਕੱਢਦੇ, ਉਹ ਪਰਮਾਤਮਾ ਦੇ ਆਨੰਦ ਵਿਚ ਵਿਚਰਦੇ ਹਨ।

## ਜੇ ਇਤਿ ਰੀਤਿ ਪੁਮਾਨ; ਬਿਰਾਜਤ ਲੋਕ ਬਿਖੇ ॥
## ਮਾਨਤ ਤਾ ਪ੍ਰਮੇਸ਼੍ਵਰ ਮੈ; ਸੁ ਨ ਜੀਵ ਸਖੇ ॥੧੫॥

(ਦੂਸਰਾ ਪਾਠ 'ਸੁਨ ਜੀਵ ਸਖੇ')

ਜੇ = ਜਿਹੜੇ ਇਤਿ = ਇਸ ਰੀਤਿ = ਮਰਯਾਦਾ ਨਾਲ ਪੁਮਾਨ = ਪੁਰਖ ਇਸ ਲੋਕ ਬਿਖੇ = ਵਿਚ ਬਿਰਾਜਤ = ਬਿਰਾਜਦੇ ਹਨ, ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਜੀਵ! ਹੇ ਸਖੇ = ਮਿੱਤਰ! ਤੂੰ ਤਾ = ਉਨ੍ਹਾਂ ਮਹਾਂਪੁਰਸ਼ਾਂ ਨੂੰ ਤਾਂ ਮੈਂ ਪਰਮੇਸ਼ਰ ਕਰਕੇ ਮਾਨਤ = ਮੰਨਦਾ ਹਾਂ ਭਾਵ ਉਹ ਤਾਂ ਪਰਮੇਸ਼ਰ ਦਾ ਹੀ ਸਰੂਪ ਹਨ ਸੁ = ਉਹ ਜੀਵ ਨਹੀਂ ਹਨ **ਵਾ:** ਹੇ ਜੀਵ! ਤੂੰ ਸੁਨ = ਸੁਣਨਾ ਕਰ, ਐਸੇ ਮਹਾਂਪੁਰਸ਼ ਜੋ ਪਰਮੇਸ਼ਰ ਦਾ ਹੀ ਸਰੂਪ ਹਨ, ਤਾ = ਉਹੋ ਹੀ ਮੇਰੇ ਸਖੇ = ਮਿੱਤਰ ਹਨ, ਐਸੇ ਮਹਾਂਪੁਰਸ਼ ਤੇ ਪਰਮੇਸ਼ਰ ਇੱਕੋ ਹੀ ਸਰੂਪ ਹਨ। ਜੈਸਾ ਕਿ :

**ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥**

*(ਮਾਰੂ ਸੋਲਹੇ ਮ: ੫, ਅੰਗ ੧੦੭੬)*

**ਵਾ:** **ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥**
**ਜਲ ਤੇ ਉਪਜਿ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੯੦॥**

*(ਸ੍ਰੀ ਦਸਮ ਗ੍ਰੰਥ, ਬਚਿੱਤ੍ਰ ਨਾਟਕ)*

## ਕਬਿੱਤ ॥
## ਕਬੀ ਭੂਮ ਆਸਨ, ਸਿੰਘਾਸਨ ਪੈ ਬਾਸ ਕਬੀ;
## ਕਬੀ ਭਿਸ ਗ੍ਰਾਸ, ਕਬੀ ਬਿੰਜਨ ਅਹਾਰ ਹੈ ॥

ਕਬੀ = ਕਦੇ ਤਾਂ ਮਹਾਂਪੁਰਸ਼ਾਂ ਦਾ ਆਸਨ ਭੂਮ = ਧਰਤੀ ਉੱਪਰ ਹੁੰਦਾ ਹੈ, ਕਦੇ ਸਿੰਘਾਸਨ = ਰਾਜ-ਤਖ਼ਤ

ਪੈ = ਉੱਤੇ ਬਾਸ = ਵਾਸਾ ਕਰ ਕੇ ਸ਼ੋਭਾ ਪਾਉਂਦੇ ਹਨ। ਕਬੀ = ਕਦੇ ਭਿਸ = ਕਮਲ ਦੀ ਜੜ੍ਹ ਭਾਵ ਡੰਡੀ (ਭੇਂਹ) ਗ੍ਰਾਸ = ਗ੍ਰਸਣਾ, ਖਾਣਾ ਕਰਦੇ ਹਨ, ਕਬੀ = ਕਦੇ ਅਹਾਰ = ਖਾਣ ਯੋਗ ਪਦਾਰਥ ਤੇ ਰੋਟੀ ਨਾਲ ਲਾ ਕੇ ਖਾਣ ਵਾਲੇ ਸਾਗ, ਤਿਰਕਾਰੀ ਆਦਿ ਭੋਜਨ **ਵਾ:** ਬਿੰਜਨ = ਖਟ-ਰਸੇ ਭੋਜਨ ਖਾਣਾ ਕਰਦੇ ਹਨ।

## ਕਬੀ ਸ਼ਤ ਖੰਡ ਵਤੀ ਗੋਦਰੀ ਕੋ ਓਢੇ ਜਤੀ;
## ਕੰਬਰ ਕੌਂ ਕਬਹੂੰ ਦਿਗੰਬਰ ਕੋ ਧਾਰ ਹੈ॥

ਕਬੀ = ਕਦੇ ਜਤੀ = ਤਿਆਗੀ ਭਾਵ ਸੰਨਿਆਸੀ ਵਾਂਗ ਸ਼ਤ = ਸੌ ਖੰਡ = ਟੁਕੜੇ ਭਾਵ ਲੀਰਾਂ ਵਤੀ = ਵਾਲੀ **ਅਥਵਾ** ਸੌ ਲੀਰਾਂ ਜੋੜ ਕੇ ਬਣਾਈ ਹੋਈ ਗੋਦੜੀ ਕੋ = ਨੂੰ ਓਢੇ = ਓਢਦੇ, ਪਹਿਨਦੇ ਹਨ, ਕਬਹੂੰ = ਕਦੇ ਕੰਬਰ = ਕੰਬਲ ਕੌਂ = ਨੂੰ ਲੈਣਾ ਕਰਦੇ ਹਨ ਅਤੇ ਕਬਹੂੰ = ਕਦੇ (ਦਿਗ + ਅੰਬਰ) ਦਿਗ = ਦਿਸ਼ਾ ਦੇ ਹੀ ਅੰਬਰ = ਬਸਤਰਾਂ ਕੋ = ਨੂੰ ਧਾਰ = ਧਾਰਨਾ ਕਰਦੇ ਹਨ, ਭਾਵ ਅਲਫ਼ ਨਗਨ ਰਹਿੰਦੇ ਹਨ।

## ਕਬੀ ਭਾਨ ਕਰ ਤਪੇ, ਕਬੀ ਸੀਸ ਛਤ੍ਰ ਦਿਪੈ;
## ਕਹੂੰ ਸਤਕਾਰ ਹੋਤ, ਕਹੂੰ ਤ੍ਰਿਸਕਾਰ ਹੈ॥

ਕਬੀ = ਕਦੇ ਭਾਨ = ਸੂਰਜ ਦੀ ਧੁੱਪ ਕਰਕੇ ਤਪੇ = ਤਪਦੇ ਹਨ, ਕਬੀ = ਕਦੇ ਉਨ੍ਹਾਂ ਦੇ ਸੀਸ = ਸਿਰ ਉੱਤੇ ਛਤਰ ਦਿਪੈ = ਪ੍ਰਕਾਸ਼ ਭਾਵ ਝੂਲਦਾ ਹੈ। ਕਹੂੰ = ਕਿਸੇ ਜਗ੍ਹਾ ਉਨ੍ਹਾਂ ਦਾ ਸਤਿਕਾਰ ਹੋਤ = ਹੁੰਦਾ ਹੈ, ਕਹੂੰ = ਕਿਸੇ ਜਗ੍ਹਾ ਉਨ੍ਹਾਂ ਦਾ ਤ੍ਰਿਸਕਾਰ = ਅਪਮਾਨ, ਨਿਰਾਦਰ ਹੁੰਦਾ ਹੈ।

## ਤਦਪਿ ਨ ਸੰਤ ਜਨ ਸੁਖੀ ਦੁਖੀ ਹੋਤ ਮਨ;
## ਆਤਮਾ ਅਸੰਗ ਲਖੇ ਦੇਹ ਕੋ ਵਿਹਾਰ ਹੈ॥੧੬॥

ਤਦਪਿ = ਤਦ ਵੀ ਸੰਤ ਜਨ ਮਨ ਕਰਕੇ ਸੁਖੀ ਦੁਖੀ ਨਹੀਂ ਹੋਤ = ਹੁੰਦੇ ਕਿਉਂਕਿ ਉਹ ਆਤਮਾ ਨੂੰ ਅਸੰਗ = ਨਿਰਲੇਪ ਲਖੇ = ਜਾਣਨਾ ਕਰਦੇ ਹਨ ਅਤੇ ਉਹ ਜਾਣਦੇ ਹਨ ਕਿ ਸੁਖ ਦੁੱਖ ਆਦਿਕ ਸਾਰੇ ਦੇਹ ਦੇ ਵਿਹਾਰ ਹਨ॥੧੬॥

## ਦੋਹਰਾ॥
## ਕ੍ਰਿਆ ਸ੍ਵਪਨ ਪ੍ਰਤਿਬਿੰਬ ਤੇ; ਬਿੰਬ ਪ੍ਰਬੁਧ ਅਰੰਗ॥

ਜਿਵੇਂ ਇਕ ਰਾਜਾ ਰਾਜ-ਤਖ਼ਤ 'ਤੇ ਬੈਠਾ ਹੋਇਆ ਹੀ ਸੌਂ ਗਿਆ। ਜੈਸਾ ਕਿ:

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥**

*(ਰਾਗ ਸੋਰਠਿ ਭਗਤ ਰਵਿਦਾਸ ਜੀ, ਅੰਗ ੬੫੭)*

ਤੇ ਨੀਂਦ ਦੇ ਆਉਣ ਕਰਕੇ ਸੁਪਨਾ ਆਇਆ, ਜਿਸ ਵਿਚ ਉਸ ਨੇ ਆਪਣੇ ਆਪ ਨੂੰ ਭਿਖਾਰੀ ਬਣਿਆ ਹੋਇਆ ਪ੍ਰਤੀਤ ਕੀਤਾ, ਭਾਵ ਸੁਪਨੇ ਵਿਚ ਉਸ ਦਾ ਸਾਰਾ ਰਾਜ-ਭਾਗ ਨਾਸ਼ ਹੋ ਗਿਆ ਤੇ ਦੁਸ਼ਮਣ ਨੇ ਦੋਸ਼ੀ ਜਾਣ ਕੇ ਰਾਜ ਦਰਬਾਰ ਵਿੱਚੋਂ ਕੱਢ ਦਿੱਤਾ। ਫੇਰ ਭੁੱਖ ਲੱਗੀ ਤੋਂ ਹੱਥ ਵਿਚ ਠੂਠਾ ਫੜ ਕੇ ਮੰਗਤਾ ਬਣ ਕੇ ਦਰ-ਦਰ 'ਤੇ ਮੰਗਦਾ ਫਿਰਦਾ ਹੈ, ਪਰ ਜਦੋਂ ਪ੍ਰਬੁਧ = ਜਾਗ ਆਈ ਤਾਂ ਕੀ ਵੇਖਿਆ ਕਿ ਮੈਂ ਤਾਂ

ਰਾਜ-ਸਿੰਘਾਸਨ ਉੱਤੇ ਹੀ ਬੈਠਾ ਹਾਂ, ਐਵੇਂ ਕੋਈ ਮੰਗਤਾ ਬਣਨ ਦਾ ਸੁਪਨਾ ਆਇਆ ਹੋਵੇਗਾ। ਇਉਂ ਫਿਰ ਰਾਜ-ਭਾਗ ਜਿਉਂ ਦਾ ਤਿਉਂ ਵੇਖ ਕੇ ਸ੍ਵਪਨ = ਸੁਪਨੇ ਦੀ ਕਿਰਿਆ ਤੋਂ ਅਰੰਗ = ਰੰਗ ਰਹਿਤ ਭਾਵ ਅਸੰਗ ਹੋ ਜਾਂਦਾ ਹੈ ਅਤੇ ਜਿਵੇਂ ਬਿੰਬ ਰੂਪੀ ਸੂਰਜ ਦਾ ਪ੍ਰਤਿਬਿੰਬ (ਪਰਛਾਵਾਂ) ਪਾਣੀ ਦੇ ਅਨੇਕਾਂ ਘੜਿਆਂ ਵਿਚ ਵੱਖਰਾ-ਵੱਖਰਾ ਭਾਸਦਾ ਹੈ, ਪਰੰਤੂ ਸੂਰਜ ਅਸੰਗ ਹੈ, ਪ੍ਰਤਿਬਿੰਬ ਤੇ ਪਾਣੀ ਦੀ ਉਪਾਧੀ ਕਰਕੇ ਭਿੰਨ ਪ੍ਰਤੀਤ ਹੁੰਦਾ ਹੈ, ਪਰ ਜੇਕਰ ਘੜੇ ਵਿੱਚੋਂ ਪਾਣੀ ਡੋਲ੍ਹ ਦਿੱਤਾ ਜਾਵੇ ਤਾਂ ਪ੍ਰਤਿਬਿੰਬ ਬਿੰਬ ਰੂਪ ਸੂਰਜ ਵਿਚ ਹੀ ਅਭੇਦ ਰੂਪ ਹੈ।

## ਤਥਾ ਤ੍ਰਿਧਾ ਕ੍ਰਿਤ ਕਾਲ ਤ੍ਰੈ;
## ਜੀਵਨ ਮੁਕਤਿ ਅਸੰਗ ॥੧੭॥

ਤਥਾ = ਇਸੇ ਪ੍ਰਕਾਰ ਬਿੰਬ ਰੂਪ ਪਰਮਾਤਮਾ ਅੰਤਸ਼ਕਰਣ ਦੀ ਉਪਾਧੀ ਕਰਕੇ ਵੱਖਰਾ ਭਾਸਦਾ ਹੈ, ਪਰ ਜਦੋਂ ਅੰਤਸ਼ਕਰਣ ਰੂਪ ਘੜੇ ਵਿੱਚੋਂ ਸਕਾਮ ਕਰਮਾਂ ਰੂਪੀ ਪਾਣੀ ਡੋਲ੍ਹ ਦਿੱਤਾ ਜਾਵੇ ਤਾਂ ਪ੍ਰਤਿਬਿੰਬ ਰੂਪ ਜੀਵ ਬਿੰਬ ਰੂਪ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ। ਇਉਂ ਜੀਵਨ ਮੁਕਤੀ ਵਾਲੇ ਮਹਾਂਪੁਰਸ਼ ਆਪਣੇ ਆਪ ਨੂੰ ਮਨ, ਬਾਣੀ, ਸਰੀਰ ਇਨ੍ਹਾਂ ਤ੍ਰਿਧਾ = ਤਿੰਨੇ ਕ੍ਰਿਤ = ਕਰਮਾਂ ਦੀ ਕਿਰਿਆ ਤੋਂ ਅਤੇ ਤ੍ਰੈ = ਤਿੰਨੇ ਕਾਲ = ਸਮਿਆਂ (ਭੂਤ, ਭਵਿੱਖ, ਵਰਤਮਾਨ) ਵਿਚ ਅਸੰਗ ਮੰਨਦੇ ਹਨ ॥੧੭॥

## ਕਬਿੱਤ ॥
## ਜਾਚ ਜਾਚ ਅੰਨ ਖਾਤੋ, ਆਨ ਲੈਨ ਦੇਨ ਘਾਤੋ;
## ਨੀਚ ਜੂਨ ਸੰਗ ਹਾਤੋ, ਸੁਤੇ ਆਤੋ ਜਾਤੋ ਹੈ ॥

ਐਸੇ ਮਹਾਂਪੁਰਖ ਭਗਤੀ-ਭਾਵ ਵਾਲੇ ਲੋਕਾਂ ਦੇ ਘਰਾਂ ਵਿੱਚੋਂ ਜਾਚ = ਮੰਗ ਮੰਗ ਕੇ ਅੰਨ ਖਾਤੋ = ਖਾਣਾ ਕਰਦੇ ਹਨ ਉਨ੍ਹਾਂ ਨੇ ਕਿਸੇ ਆਨ = ਹੋਰ ਪਾਸੋਂ ਲੈਨ ਦੇਨ ਦਾ ਵਿਵਹਾਰ ਘਾਤੋ = ਨਾਸ਼ ਕਰ ਦਿੱਤਾ ਹੈ; ਨੀਚ = ਖੋਟੇ ਜਨ = ਪੁਰਸ਼ਾਂ ਦੀ ਸੰਗ = ਸੰਗਤ ਦਾ ਵੀ ਹਾਤੋ = ਤਿਆਗ ਕਰ ਦਿੱਤਾ ਹੈ ਅਤੇ ਉਹ ਪਰਮੇਸ਼ਰ ਦੇ ਹੁਕਮ ਅਨੁਸਾਰ ਸੁਤੇ-ਸਿੱਧ ਹੀ ਇਸ ਸੰਸਾਰ ਅੰਦਰ ਜੀਵਾਂ ਦੇ ਭਲੇ ਵਾਸਤੇ ਆਤੋ ਜਾਤੋ = ਆਉਂਦੇ ਜਾਂਦੇ ਹਨ।

## ਵਿਚਰੇ ਅਲਗ ਮਗ ਮਾਂਹਿ, ਨਾਂਹਿ ਜਗ ਮਾਂਹਿ;
## ਕਾਹੂੰ ਸੋਂ ਵਿਰੋਧ ਨਾਤੋ ਬੋਧ ਸਿੰਧ ਨ੍ਹਾਤੋ ਹੈ ॥

ਉਹ ਸਾਰਿਆਂ ਤੋਂ ਅਲਗ = ਵੱਖਰੇ ਰਹਿ ਕੇ ਸੰਤਾਂ ਦੇ ਮਗ = ਮਾਰਗ ਮਾਂਹਿ = ਵਿਚ ਵਿਚਰੇ = ਵਿਚਰਦੇ ਹਨ ਭਾਵ ਮਨਮੁਖ ਲੋਕਾਂ ਦੀ ਸੰਗਤ ਤੋਂ ਵੱਖਰੇ ਰਹਿ ਕੇ ਸੰਤ ਜਨਾਂ ਦੇ ਨਾਲ ਪ੍ਰੇਮ ਰੱਖਦੇ ਹਨ, ਜਗ = ਸੰਸਾਰ ਵਿਚ ਪ੍ਰੀਤੀ ਨਾਂਹਿ = ਨਹੀਂ ਕਰਦੇ **ਵਾ:** ਜਗਤ ਦੀ ਨਿਆਈਂ ਝੂਠੇ ਵਿਸ਼ਿਆਂ ਵਿਚ ਪ੍ਰੀਤੀ ਨਹੀਂ ਕਰਦੇ। ਕਾਹੂੰ = ਕਿਸੇ ਸੋਂ = ਨਾਲ ਵੈਰ ਵਿਰੋਧ ਨਾਤੋ = ਨਹੀਂ ਕਰਦੇ ਅਤੇ ਸਦਾ ਹੀ ਬੋਧ = ਗਿਆਨ ਰੂਪੀ ਸਿੰਧ = ਸਮੁੰਦਰ ਵਿਚ ਨ੍ਹਾਤੋ = ਨਹਾਉਣਾ ਕਰਦੇ ਹਨ।

**ਗਲੀ ਗਲੀ ਮਾਂਹਿ ਬੀਨ ਗਲੀ ਗਲੀ ਟਲੀ ਲੀਨ;**
**ਤਾਂਕੋ ਖਿੰਥਾ, ਸਤਿ ਪੀਨ ਖੀਨ ਸੀਤ ਵਾਤੋ ਹੈ॥**

ਉਨ੍ਹਾਂ ਨੇ ਨਗਰਾਂ ਨਗਰਾਂ ਦੀ ਗਲੀ ਗਲੀ ਮਾਂਹਿ = ਵਿੱਚੋਂ ਪਵਿੱਤਰਤਾ ਤੋਂ ਬੀਨ = ਬਿਨਾਂ ਗਲੀ ਗਲੀ = ਗਲੀਆਂ ਸੜੀਆਂ ਲੀਰਾਂ ਇਕੱਠੀਆਂ ਕਰ ਕੇ ਫਿਰ ਉਨ੍ਹਾਂ ਦੀ ਮੈਲ ਟਲੀ = ਟਾਲ ਕੇ ਭਾਵ ਚੰਗੀ ਤਰ੍ਹਾਂ ਧੋ ਕਰਕੇ, ਤਾਂਕੋ = ਉਸ ਲੀਰਾਂ ਦੀ ਖਿੰਥਾ = ਗੋਦੜੀ ਸਤਿ = ਸਿਉਂ ਲੀਨ = ਲੈਣਾ ਕੀਤੀ ਹੈ ਅਤੇ ਉਸ ਨੂੰ ਪੀਨ = ਪਹਿਨ ਕੇ ਸੀਤ = ਠੰਢ ਤੇ ਵਾਤੋ = ਹਵਾ ਨੂੰ ਖੀਨ = ਨਾਸ਼ ਕਰ ਲੈਣਾ ਕੀਤਾ ਹੈ।

**ਅਹੰ ਕ੍ਰਿਤ ਬ੍ਰਿਤ ਰਾਤੋ ਨਾਹਿ, ਨਿਰਮਾਨ ਗਾਤੋ;**
**ਜਾ ਕੋ ਮਨ ਮੀਨ ਬ੍ਰਹਮ ਨੰਦ ਸਿੰਧ ਮਾਤੋ ਹੈ॥੧੮॥**

ਅਹੰ = ਮੈਂ ਕਰਨ ਵਾਲਾ ਹਾਂ, ਮੈਂ ਭੋਗਣ ਵਾਲਾ ਹਾਂ, ਉਹ ਮਹਾਂਪੁਰਸ਼ ਇਸ ਪ੍ਰਕਾਰ ਦੀ ਬ੍ਰਿਤ = ਬਿਰਤੀ ਵਿਚ ਰਾਤੋ = ਰੰਗੇ ਹੋਏ ਨਹੀਂ ਹਨ, ਜਿਨ੍ਹਾਂ ਦਾ ਗਾਤੋ = ਸਰੀਰ ਵੀ (ਨਿਰ + ਮਾਨ) ਮਾਨ = ਹੰਕਾਰ ਤੋਂ ਨਿਰ = ਰਹਿਤ ਹੈ ਅਤੇ ਜਾਂ = ਜਿਨ੍ਹਾਂ ਕੋ = ਦਾ ਮਨ ਰੂਪ ਮੀਨ = ਮੱਛ ਹਮੇਸ਼ਾਂ ਹੀ ਬ੍ਰਹਮਾਨੰਦ ਰੂਪੀ ਸਿੰਧ = ਸਮੁੰਦਰ ਵਿਚ ਮਾਤੋ = ਮਸਤ ਰਹਿੰਦਾ ਹੈ॥੧੮॥

**ਦੋਹਰਾ॥**

**ਚਿਤ ਸੋਂ ਮਿਲ ਚਿਤ ਸੋ ਭਯੋ; ਜਿਹ ਚਿਤ ਤਜਿ ਨਿਜ ਬਾਨ॥**

ਜਿਹ = ਜਿਨ੍ਹਾਂ ਦਾ ਚਿਤ ਨਿਜ = ਆਪਣੀ ਭੈੜੀ ਬਾਨ = ਆਦਤ ਨੂੰ ਤਜ = ਤਿਆਗ ਕੇ ਭਾਵ ਵਿਸ਼ੇ-ਵਿਕਾਰਾਂ ਰੂਪੀ ਖੋਟੀ ਆਦਤ ਨੂੰ ਛੱਡ ਕਰਕੇ ਚਿਤ = ਚੇਤਨ ਬ੍ਰਹਮ ਸੋਂ = ਨਾਲ ਮਿਲ ਕੇ ਸੋ = ਉਸ ਚਿਤ = ਚੇਤਨ ਬ੍ਰਹਮ ਦਾ ਰੂਪ ਹੀ ਹੋ ਗਿਆ ਹੈ।

**ਅਸ ਜੀਵਨ ਮੁਕਤੇ ਪੁਰਖ; ਨਹਿ ਮੁਕਤੈ ਜਗ ਜਾਨ॥੧੯॥**

ਅਸ = ਇਸ ਤਰ੍ਹਾਂ ਦੇ ਜੀਵਨ ਮੁਕਤੇ = ਮੁਕਤ ਪੁਰਖ ਜਗ = ਸੰਸਾਰ ਅੰਦਰੋਂ ਕਦੇ ਵੀ ਮੁਕਤੈ = ਮੁੱਕਦੇ ਨਹੀਂ ਹਨ। ਭਰਥਰੀ ਜੀ ਕਹਿੰਦੇ ਹਨ ਕਿ ਇਹ ਗੱਲ ਤੁਸੀਂ ਸੱਤ ਕਰ ਕੇ ਜਾਨ = ਜਾਨਣਾ ਕਰੋ॥੧੯॥

**ਕਬਿੱਤ॥**

**ਆਸਾ ਨਾਮ ਸਰੀ, ਮਨੋਰਾਜ ਨੀਰ ਭਰੀ;**
**ਤ੍ਰਿਸਨਾ ਤਰੰਗੋ ਖਰੀ, ਵਿਆਕੁਲੀ ਗੰਭੀਰ ਹੈ॥**

ਜੋ ਆਸਾ ਨਾਮ ਵਾਲੀ ਸਰੀ = ਨਦੀ ਹੈ, ਇਹ ਮਨੋਰਾਜ = ਮਨ ਦੇ ਸੰਕਲਪਾਂ ਰੂਪੀ ਨੀਰ = ਪਾਣੀ ਨਾਲ ਲਬਾਲਬ ਭਰੀ ਹੋਈ ਹੈ, ਜਿਸ ਵਿਚ ਖਰੀ = ਅਤਿਅੰਤ ਹੀ ਤ੍ਰਿਸ਼ਨਾ ਰੂਪੀ ਤਰੰਗੋ = ਲਹਿਰਾਂ ਉੱਠ ਰਹੀਆਂ ਹਨ, ਜੋ ਵਿਆਕੁਲੀ = ਵਿਆਕੁਲਤਾ ਹੈ, ਇਹ ਗੰਭੀਰ = ਡੂੰਘਾਪਣ ਹੈ।

## ਧੀਰਜ ਕੌ ਤਰੁ ਹਾਰੀ, ਬੁਧਿ ਨਾਵ ਕੋ ਨਿਵਾਰੀ;
## ਭਵਸਿੰਧ ਗਤਿ ਵਾਰੀ, ਬਿਪਤਾ ਸਮੀਰ ਹੈ॥

ਜੋ ਆਸਾ ਰੂਪ ਨਦੀ ਧੀਰਜਤਾ ਰੂਪੀ ਤਰੁ = ਬ੍ਰਿਛ ਕੋ = ਨੂੰ ਰੋੜ੍ਹ ਕੇ ਹਾਰੀ = ਲੈ ਜਾਣ ਵਾਲੀ ਹੈ ਭਾਵ ਨਾਸ਼ ਕਰਨ ਵਾਲੀ ਹੈ, ਜੋ ਨਦੀ ਸ੍ਰੇਸ਼ਟ ਬੁੱਧ ਰੂਪੀ ਨਾਵ = ਬੇੜੀ ਕੋ = ਨੂੰ ਨਿਵਾਰੀ = ਨਵਿਰਤ, ਨਾਸ਼ ਕਰਨ ਵਾਲੀ ਹੈ। ਜੋ ਨਦੀ ਭਵਸਿੰਧ = ਸੰਸਾਰ ਰੂਪੀ ਸਮੁੰਦਰ ਵੱਲ ਗਤਿ = ਗਵਨ ਕਰਨ ਵਾਰੀ = ਵਾਲੀ ਹੈ ਭਾਵ ਸੰਸਾਰ ਰੂਪੀ ਸਮੁੰਦਰ ਵੱਲ ਵਗਦੀ ਜਾ ਰਹੀ ਹੈ ਅਤੇ ਬਿਪਤਾ ਰੂਪੀ ਸਮੀਰ = ਹਵਾ ਚੱਲ ਰਹੀ ਹੈ।

## ਮਦਨਾਦਿ ਖਗ ਭੀਰ ਰਾਗ ਦ੍ਵੈਖ ਗ੍ਰਾਹਿ ਗੀਰ;
## ਮੋਹ ਚੱਕ੍ਰ ਯਾਂਕੋ ਨੀਰ ਜਾਰੇ ਵਾਂਕੋ ਸੀਰ ਹੈ॥

ਜਿਸ ਉੱਤੇ ਮਦਨਾਦਿ = ਹੰਕਾਰ ਆਦਿਕ ਖਗ = ਪੰਛੀਆਂ ਦੀ ਭੀਰ = ਭੀੜ ਹੈ ਅਤੇ ਰਾਗ ਦ੍ਵੈਸ਼ ਰੂਪੀ ਗ੍ਰਾਹਿ = ਤੰਦੂਏ ਜੀਵਾਂ ਨੂੰ ਗੀਰ = ਪਕੜਨ ਵਾਲੇ ਹਨ, ਮੋਹ ਰੂਪੀ ਚੱਕ੍ਰ = ਘੁੰਮਣਘੇਰੀ ਹੈ ਯਾਂਕੋ = ਜਿਨ੍ਹਾਂ ਜੀਵਾਂ ਨੂੰ ਉਹ ਘੁੰਮਣਘੇਰੀ ਡੋਬਣ ਵਾਲੀ ਹੈ ਅਤੇ ਵਾਂਕੋ = ਉਨ੍ਹਾਂ ਨੂੰ ਇਸ ਨਦੀ ਦਾ ਸੰਕਲਪਾਂ ਰੂਪੀ ਸੀਰ = ਠੰਢਾ ਪਾਣੀ ਜਾਰੇ = ਸਾੜਨ ਵਾਲਾ ਹੈ।

## ਊਚੇ ਚਿੰਤਾ ਤਟ ਜਾਂਤੇ, ਤਰਣੀ ਕਠਨ ਤਾਂਤੇ;
## ਭੋਗੀ ਤਾਮੋਂ ਬਹੇ, ਜੋਗੀ ਪਾਰ ਤੀਰ ਹੈ॥੨੦॥

ਜਾਂਤੇ = ਜਿਸ ਕਰਕੇ ਇਸ ਨਦੀ ਦੇ ਚਿੰਤਾ ਰੂਪ ਊਚੇ = ਉੱਚੇ ਤਟ = ਕਿਨਾਰੇ ਹਨ ਤਾਂਤੇ = ਇਸ ਕਰਕੇ ਇਹ ਆਸਾ ਰੂਪੀ ਨਦੀ ਤਰਨੀ ਬਹੁਤ ਕਠਿਨ ਹੈ। ਭੋਗੀ ਲੋਕ ਤਾਂਮੋ = ਉਸ ਨਦੀ ਵਿਚ ਬਹੇ = ਰੁੜ੍ਹ ਗਏ ਹਨ, ਪਰ ਜੋਗੀ ਪੁਰਸ਼, ਸੰਤ ਜਨ ਇਸ ਕਠਿਨ ਨਦੀ ਤੋਂ ਪਾਰ = ਪਰਲੇ ਤੀਰ = ਕਿਨਾਰੇ 'ਤੇ ਉਤਰ ਗਏ ਹਨ, ਭਾਵ ਤਰ ਗਏ ਹਨ॥੨੦॥

## ਸੋਰਠਾ॥
## ਸੁਖ ਸੂਰੂਪ ਤੇ ਸਾਧ; ਨਿਕਲ ਗਏ ਤਿਹ ਸਰਿਤ ਮੋ॥

ਜੋ (ਸੂ + ਰੂਪ) ਸੂ = ਆਪਣੇ ਆਤਮ ਸਰੂਪ ਰੂਪੀ ਸੁਖ ਨੂੰ ਪ੍ਰਾਪਤ ਕਰਨ ਵਾਲੇ ਸਾਧ = ਸੰਤ ਜਨ ਹਨ, ਤੇ = ਉਹ ਤਿਹ = ਉਸ ਆਸਾ ਰੂਪੀ ਸਰਿਤ = ਨਦੀ ਮੋ = ਵਿੱਚੋਂ ਨਿਕਲ ਭਾਵ ਤਰ ਗਏ ਹਨ।

## ਆਸਾ ਨਦੀ ਅਗਾਧ; ਨਿਗਲ ਗਏ ਜਨ ਇਤ੍ਰ ਗਣ॥੨੧॥

ਪਰ ਉਸ ਆਸਾ ਰੂਪੀ ਅਗਾਧ = ਅਤਿਅੰਤ ਡੂੰਘੀ ਨਦੀ ਵਿਚ ਇਤ੍ਰ = ਹੋਰ ਗਣ = ਸਮੂਹ, ਸਾਰੇ ਦੁਨਿਆਵੀ ਜਨ = ਪੁਰਸ਼ ਨਿਗਲੇ ਗਏ ਹਨ ਭਾਵ ਡੁੱਬ ਗਏ ਹਨ॥੨੧॥

## ਨਰਾਜ ਛੰਦ ॥

## ਪਥੇ ਪਥੇ ਨ ਭੀਖ, ਕਸ਼ਟ ਸਾਧ, ਸਾਥ ਪੈ ਧਰੇ ॥
## ਮਠੇ ਮਸਾਨਬਾਗ ਕਿ ਯੁਗਾਤ ਆਗ ਸੋਂ ਜਰੇ ॥

ਕੀ ਪਥੇ ਪਥੇ ਨ = ਰਸਤੇ ਰਸਤਿਆਂ ਵਿਚ ਭੀਖ = ਭਿੱਖਿਆ ਨਹੀਂ ਮਿਲਦੀ ? ਕੀ ਕਸ਼ਟ = ਦੁੱਖ ਸਹਿਣ ਨਾਲ ਹੀ ਭਿੱਖਿਆ ਹੱਥ ਉੱਤੇ ਧਰੇ = ਧਰੀ ਜਾਂਦੀ ਹੈ ? ਭਾਵ ਨਹੀਂ, ਉਨ੍ਹਾਂ ਨੂੰ ਸੁਖ ਨਾਲ ਹੀ ਹਰੇਕ ਜਗ੍ਹਾ ਭਿੱਖਿਆ ਮਿਲ ਜਾਂਦੀ ਹੈ, ਕੀ ਮਠੇ = ਮੰਦਰ ਮਸਾਨਬਾਗ = ਸ਼ਮਸ਼ਾਨ ਭੂਮੀ ਕਿ = ਜਾਂ ਯੁਗਾਤ = ਬੁਰਜ ਆਗ = ਅੱਗ ਸੋ = ਨਾਲ ਜਰੇ = ਸੜ ਗਏ ਹਨ ? ਭਾਵ ਜੋ ਬਨਾਂ ਵਿਚ ਵਿਚਰ ਰਹੇ ਹਨ, ਕੀ ਉਹ ਰਹਿਣ ਵਾਲੀ ਜਗ੍ਹਾ ਨਹੀਂ ਹੈ ?

## ਸਮੂਹ ਭੂਮ ਪੈ ਫਲੀ ਫਲੇ, ਕਹਾ ਨ ਦੇਂ ਫਲੇ ॥
## ਮ੍ਰਿਗਾਨ ਕੇ ਮ੍ਰਿਗਾਨ, ਕਿੰ ਨ ਸੀਤ ਵਾਤ ਕੋ ਦਲੇ ॥੨੨॥

ਜੋ ਸਮੂਹ = ਸਾਰੀ ਭੂਮ = ਪ੍ਰਿਥਵੀ ਪੈ = ਉੱਪਰ ਫਲੀ = ਫਲਾਂ ਨਾਲ ਫਲੇ = ਪ੍ਰਫੁੱਲਤ ਹੋਏ ਬ੍ਰਿਛ ਹਨ, ਕਹਾ = ਕੀ ਉਹ ਫਲੇ = ਫਲ ਨਹੀਂ ਦੇਂ = ਦਿੰਦੇ ? ਭਾਵ ਸਾਰੇ ਬ੍ਰਿਛ ਫਲ ਦੇਂਦੇ ਹਨ। ਕਿੰ = ਕੀ ਮ੍ਰਿਗਾਨ = ਹਿਰਨਾਂ ਦੀਆਂ ਮ੍ਰਿਗਾਨ = ਮ੍ਰਿਗਛਾਲਾਂ ਸੀਤ = ਠੰਢ ਤੇ ਵਾਤ = ਹਵਾ ਕੋ = ਨੂੰ ਦਲੇ = ਨਾਸ਼ ਨਹੀਂ ਕਰਦੀਆਂ ? ਭਾਵ ਮ੍ਰਿਗਛਾਲਾ ਠੰਢ ਤੇ ਹਵਾ ਨੂੰ ਦੂਰ ਕਰਦੀਆਂ ਹਨ॥੨੨॥

## ਇਸੋ ਸਮਾਜ ਆਜ ਲੌਂ; ਬਿਰਾਜਮਾਨ ਹੈ ਸਬੀ ॥
## ਇਨੇ ਹੁਤੇ ਤ੍ਰਿਨੇਤ੍ਰ ਕੋ; ਮਹਾਨ ਧੀ ਤਜੇ ਕਬੀ ॥

ਭਰਥਰੀ ਜੀ ਕਥਨ ਕਰਦੇ ਹਨ ਇਸੋ = ਇਸ ਪ੍ਰਕਾਰ ਦੇ ਸਬੀ = ਸਾਰੇ ਸਮਾਨ ਦਾ ਸਮਾਜ = ਇਕੱਠ ਧਰਤੀ ਉੱਤੇ ਆਜ ਲੌ = ਅੱਜ ਤਕ ਬਿਰਾਜਮਾਨ = ਪ੍ਰਕਾਸ਼ਵਾਨ ਭਾਵ ਮੌਜੂਦ ਹੈ, ਪਰ ਇਨੇ = ਇਤਨਾ ਕੁਝ ਹੁਤੇ = ਹੁੰਦਿਆਂ ਹੋਇਆਂ ਵੀ ਮਹਾਨ ਧੀ = ਬੁੱਧੀ ਭਾਵ ਸ੍ਰੇਸ਼ਟ ਬੁੱਧੀ ਵਾਲਾ ਪੁਰਸ਼ ਕਬੀ = ਕਦੇ ਵੀ (ਤ੍ਰਿ + ਨੇਤ੍ਰ) ਤ੍ਰਿ = ਤਿੰਨ ਨੇਤ੍ਰ = ਨੇਤਰਾਂ ਵਾਲੇ ਸ਼ਿਵਜੀ ਕੋ = ਨੂੰ ਧਿਆਉਣਾ ਨਹੀਂ ਤਜੇ = ਛੱਡਦਾ।

## ਪੁਨਾ ਕਬੇ ਭਜੇ ਧਨੰ ਕਣੀ; ਮਦਾਂਧ ਜੰਤੁ ਕੋ ॥
## ਬਸੇ ਇਨੇ ਬਨੇ ਬਨੋ; ਭਜੇ ਨਿਜਾਤਮਾ ਅਨੰਤ ਕੋ ॥੨੩॥

ਪੁਨਾ = ਫੇਰ ਜੋ ਇਕ ਕਣੀ ਮਾਤਰ ਧਨੰ = ਧਨ ਨੂੰ ਪ੍ਰਾਪਤ ਕਰ ਕੇ ਮਦਾਂਧ (ਮਦ + ਅੰਧ) ਮਦ = ਹੰਕਾਰ ਵਿਚ ਅੰਧ = ਅੰਨ੍ਹੇ ਹੋਏ ਪਏ ਹਨ, ਉਸ ਜੰਤੁ = ਜੀਵ ਕੋ = ਨੂੰ ਉਹ ਕਬੇ = ਕਦੋਂ ਭਜੇ = ਯਾਦ ਕਰਦਾ ਹੈ ? ਭਾਵ ਐਸੇ ਪੁਰਸ਼ਾਂ ਨੂੰ ਤਾਂ ਬੁੱਧੀਵਾਨ ਚੇਤੇ ਨਹੀਂ ਕਰਦਾ, ਇਸ ਕਰਕੇ ਇਨੇ = ਇਸ ਤਰ੍ਹਾਂ ਦੀ ਸਮੱਗਰੀ ਵਾਲੇ ਜੋ ਬਨੋ = ਜੰਗਲ ਬਣੇ ਹੋਏ ਹਨ, ਉਨ੍ਹਾਂ ਵਿਚ ਵੱਸ ਕਰਕੇ (ਨਿਜ + ਆਤਮਾ) ਨਿਜ = ਆਪਣੇ ਅਨੰਤ ਆਤਮਾ ਕੋ = ਨੂੰ ਭਜੇ = ਭਜਣਾ, ਸਿਮਰਨਾ ਕਰੋ॥੨੩॥

## ਸਮਾਨ, ਪਾਪ ਪੁੰਨ ਕੇ, ਵਿਪਾਕ ਸੁਖ ਦੁਖ ਕੋ ॥
## ਲਖੇ ਚਰੇ ਬਨੇ, ਨ ਰਾਗ ਦੋਖ ਯੋ ਵਿਦੁੱਖ ਕੌ ॥

ਜੋ ਪਾਪ ਕਰਮਾਂ ਦਾ ਵਿਪਾਕ = ਫਲ ਦੁੱਖ ਰੂਪ ਵਿਚ ਪੁੰਨ ਕਰਮਾਂ ਦਾ ਫਲ ਸੁਖ ਰੂਪ ਵਿਚ ਮਿਲਦਾ ਹੈ, ਜਿਹੜਾ ਪੁਰਸ਼ ਏਨਾ ਕੋ = ਨੂੰ ਇਕ ਸਮਾਨ ਲਖੇ = ਜਾਣਦਾ ਹੈ ਅਤੇ ਚਰੇ = ਵਿਚਾਰਦਾ ਹੈ, ਯੋ = ਐਸੇ ਵਿਦੁੱਖ = ਵਿਦਵਾਨ ਨੂੰ ਬਨੇ = ਵਣ ਵਿਚ ਵੀ ਕੋਈ ਰਾਗ ਦਵੈਖ ਦਾ ਰੋਗ ਨਹੀਂ ਹੈ।

## ਇਸੋ ਪ੍ਰਮਾਨ ਲੋਕ ਮੈਂ, ਅਸ਼ੋਕ ਕੋਇਕੇ ਕਹੂੰ ॥
## ਵਿਲੋਕ ਹੈਂ ਅਨੇਕ ਕੋ, ਜੁ ਬ੍ਰਹਮ ਰੂਪ ਏਕ ਹੂੰ ॥੨੪॥

ਇਸੋ = ਇਸ ਤਰ੍ਹਾਂ ਅਸ਼ੋਕ = ਗ਼ਮਾਂ ਤੋਂ ਰਹਿਤ ਪ੍ਰਮਾਨ = ਪੁਰਖ ਇਸ ਲੋਕ ਮੈ = ਵਿਚ ਕਹੂੰ = ਕਿਤੇ ਕੋਇਕੇ = ਕੋਈ ਵਿਰਲਾ ਹੀ ਹੁੰਦਾ ਹੈ, ਪਰ ਵਿਲੋਕ = ਦੇਖਣ ਵਿਚ ਤਾਂ ਅਨੇਕਾਂ ਹਨ, ਪਰੰਤੂ ਜੋ ਸਾਰੇ ਸੰਸਾਰ ਕੋ = ਨੂੰ ਬ੍ਰਹਮ ਰੂਪ ਕਰਕੇ ਜਾਣਦਾ ਹੈ, ਉਹ ਏਕ ਹੂੰ = ਕੋਈ ਇੱਕ, ਟਾਂਵਾਂ ਟਾਂਵਾਂ, ਵਿਰਲਾ ਹੀ ਹੁੰਦਾ ਹੈ ॥੨੪॥

## ਕਬਿੱਤ ॥
## ਦੇਵ ਏਕ ਮਹਾਦੇਵ, ਨਦੀ ਦੇਵ ਨਦੀ ਸੇਵ;
## ਗਿਰਿ ਗੁਹਾ ਧਾਮ, ਏਵ ਚੀਰ ਦਿਸਾ ਚਾਰ ਹੈਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਪੁਰਸ਼ਾਂ ਨੇ ਦੇਵ = ਦੇਵਤਿਆਂ ਵਿੱਚੋਂ ਏਕ = ਇਕ ਮਹਾਦੇਵ = ਸ਼ਿਵਜੀ ਨੂੰ ਸੇਵਨਾ ਕੀਤਾ ਹੈ ਅਤੇ ਨਦੀਆਂ ਵਿੱਚੋਂ ਦੇਵ ਨਦੀ = ਗੰਗਾ ਨਦੀ ਨੂੰ ਸੇਵ = ਸੇਵਨਾ, ਆਰਾਧਣਾ ਕੀਤਾ ਹੈ, ਜਿਨ੍ਹਾਂ ਨੇ ਗਿਰਿ = ਪਹਾੜ ਦੀਆਂ ਗੁਹਾ = ਗੁਫ਼ਾ ਦੇ ਧਾਮ = ਘਰ ਬਣਾਉਣਾ ਕੀਤੇ ਹਨ, ਏਵ = ਇਸੇ ਪ੍ਰਕਾਰ ਜਿਨ੍ਹਾਂ ਨੇ ਚਾਰ ਦਿਸ਼ਾਵਾਂ ਦੇ ਹੀ ਚੀਰ = ਬਸਤਰ ਬਣਾਏ ਹੋਏ ਹਨ, ਭਾਵ ਨਗਨ ਰਹਿੰਦੇ ਹਨ।

## ਏਕ ਕਾਲ ਮਿਤ੍ਰ ਨੀਕੋ, ਬ੍ਰਤ ਨਿਰਦੀਨਤਾ ਕੋ;
## ਸੰਗ ਬੁਧ ਜੁਵਤੀ ਕੋ, ਪ੍ਰਿਆ ਬਟ ਡਾਰ ਹੈਂ ॥

ਜਿਨ੍ਹਾਂ ਨੇ ਇਕ ਕਾਲ ਨੂੰ ਆਪਣਾ ਨੀਕੋ = ਚੰਗਾ ਮਿੱਤਰ ਬਣਾਉਣਾ ਕੀਤਾ ਹੈ, ਜਿਨ੍ਹਾਂ ਨੇ (ਨਿਰ + ਦੀਨਤਾ) ਦੀਨਤਾ = ਦਲਿੱਦਰਪੁਣੇ ਕੋ = ਦਾ ਨਿਰ = ਤਿਆਗ ਕਰਨ ਰੂਪ ਬ੍ਰਤ ਧਰਨ ਕੀਤਾ ਹੋਇਆ ਹੈ, ਜਿਨ੍ਹਾਂ ਨੇ ਆਤਮ ਵਿਸ਼ੈਣੀ ਬੁੱਧ ਰੂਪ ਜੁਵਤੀ = ਇਸਤਰੀ ਕੋ = ਨੂੰ ਆਪਣੇ ਸੰਗ = ਨਾਲ ਵਸਾਉਣਾ ਕੀਤਾ ਹੈ ਅਤੇ ਜਿਨ੍ਹਾਂ ਦੇ ਬਟ = ਬੋਹੜ ਆਦਿਕ ਬ੍ਰਿਛਾਂ ਦੇ ਡਾਰ = ਡਾਲ (ਟਾਹਣੇ) ਹੀ ਪ੍ਰਿਆ = ਪਿਆਰੇ ਅਸਥਾਨ ਹਨ, ਭਾਵ ਬ੍ਰਿਛਾਂ ਹੇਠ ਹੀ ਸਮਾਂ ਗੁਜ਼ਾਰਦੇ ਹਨ।

## ਸੁਤਾ ਨਿਰਵੈਰਤਾ, ਕੁਮਾਰ ਬ੍ਰਹਮ ਕੋ ਬਿਚਾਰ;
## ਔਰ ਕਹਾਂ ਭਨੋ, ਜਾਂਕੋ ਬਨਯੋ ਅਚਾਰ ਹੈਂ ॥

ਜੋ ਨਿਰਵੈਰਤਾ = ਵੈਰ ਭਾਵ ਤੋਂ ਰਹਿਤ ਰਹਿਣਾ ਹੈ ਭਾਵ ਕਿਸੇ ਨਾਲ ਵੈਰ ਭਾਵ ਨਹੀਂ ਕਰਨਾ, ਇਹੋ

ਹੀ ਜਿਨ੍ਹਾਂ ਦੀ ਸੁਤਾ = ਪੁੱਤਰੀ ਹੈ, ਜੋ ਬ੍ਰਹਮ ਦੀ ਵਿਚਾਰ ਕਰਨੀ ਹੈ, ਇਹੋ ਹੀ ਜਿਨ੍ਹਾਂ ਨੇ ਕੁਮਾਰ = ਪੁੱਤਰ ਪੈਦਾ ਕੀਤਾ ਹੋਇਆ ਹੈ, ਐਸੇ ਪੁਰਸ਼ਾਂ ਦੀ ਬਾਬਤ ਔਰ = ਹੋਰ ਕਹਾਂ = ਕੀ ਭਨੋ = ਕਥਨ ਕਰਾਂ, ਜਾਂਕੋ = ਜਿਨ੍ਹਾਂ ਪੁਰਸ਼ਾਂ ਦਾ ਇਸ ਪ੍ਰਕਾਰ ਦਾ ਅਚਾਰ = ਕਰਤਬ ਬਨਯੋ = ਬਣਿਆ ਹੋਇਆ ਹੈ।

## ਐਸੇ ਸਦਾ ਚਾਰ ਪਰਵਾਰ ਕਰ ਜੋਊ ਨਰ;
## ਸਦਾ ਪਰਵਾਰਯੋ ਸਦਾ ਤਾਹਿ ਕੋ ਜੋਹਾਰ ਹੈਂ ॥੨੫॥

ਭਰਥਰੀ ਜੀ ਕਥਨ ਕਰਦੇ ਹਨ ਕਿ ਜੋਊ = ਜਿਹੜਾ ਨਰ = ਪੁਰਸ਼ ਸਦਾ = ਨਿੱਤ ਹੀ ਐਸੇ = ਇਸ ਪ੍ਰਕਾਰ ਦੇ ਚਾਰ = ਸੁੰਦਰ ਅੰਤਰੀਵ ਪਰਿਵਾਰ ਦੇ ਕਰ = ਨਾਲ ਸਦਾ = ਹਮੇਸ਼ਾਂ ਹੀ ਪਰਵਾਰਯੋ = ਘੇਰਿਆ ਰਹਿੰਦਾ ਹੈ **ਵਾ:** ਹਮੇਸ਼ਾਂ ਹੀ ਐਸੇ ਕਰਤਬ ਰੂਪ ਪਰਿਵਾਰ ਵਿਚ ਪਰਵਾਰਯੋ = ਪਰਵਿਰਤ ਰਹਿੰਦਾ ਹੈ, ਤਾਹਿ = ਉਸ ਕੋ = ਨੂੰ ਮੇਰੀ ਸਦਾ = ਹਮੇਸ਼ਾਂ ਹੀ ਜੋਹਾਰ = ਨਮਸਕਾਰ ਹੈ॥੨੫॥

## ਕਬਿੱਤ ॥
## ਭਿਖਯਾ ਹਰਯੋ ਅੰਨ, ਸਰਬ ਗੁਣੋਂ ਸਪੰਨ;
## ਅਖੈਨਿਧ, ਅਜਤਨ ਲਾਭ, ਦੀਨਤਾ ਅਭਾਵ ਹੈ ॥

ਜੋ ਭਿੱਖਿਆ ਹਰਯੋ = ਲੈ ਭਾਵ ਮੰਗ ਕੇ ਪ੍ਰਾਪਤ ਕੀਤਾ ਹੋਇਆ ਅੰਨ ਹੈ, ਉਹ ਸਰਬ = ਸਾਰੇ ਗੁਣਾਂ ਕੇ = ਦੇ ਸੰਪੰਨ (ਪੂਰਨ) ਹੈ ਅਤੇ ਕਦੇ ਵੀ ਅਖੈ = ਨਾਸ਼ ਨਾ ਹੋਣ ਵਾਲਾ ਨਿਧ = ਖ਼ਜ਼ਾਨਾ ਹੈ ਭਾਵ ਜਦੋਂ ਭੀ ਚਾਹੋ ਭਿੱਖਿਆ ਮੰਗ ਕੇ ਅੰਨ ਪ੍ਰਾਪਤ ਕਰ ਸਕਦੇ ਹੋ, ਭਿੱਖਿਆ ਦਾ ਅੰਨ ਕਿਸੇ ਸਮੇਂ ਵੀ ਮੁੱਕਦਾ ਨਹੀਂ ਹੈ, ਸਰੀਰ ਦੁਆਰਾ ਬਹੁਤਾ ਕੋਈ ਅਜਤਨ = ਯਤਨ ਵੀ ਨਹੀਂ ਕਰਨਾ ਪੈਂਦਾ, ਬਿਨਾਂ ਯਤਨ ਹੀ ਲਾਭ = ਨਫ਼ੇ ਵਾਲੀ ਭਿੱਖਿਆ ਪ੍ਰਾਪਤ ਹੋ ਜਾਂਦੀ ਹੈ ਅਤੇ ਫੇਰ ਦੀਨਤਾਈ ਦਾ ਵੀ ਇਸ ਵਿਚ ਅਭਾਵ ਹੈ ਕਿਉਂਕਿ ਕਿਸੇ ਦੀ ਮੁਥਾਜਗੀ ਨਹੀਂ ਕਰਨੀ ਪੈਂਦੀ।

## ਦੁਰ, ਮਤਿਸਰ, ਤ੍ਰਾਸ, ਮਦ, ਅਭਮਾਨ, ਆਸ;
## ਹਨੇ ਦੁਖ ਰਾਸ, ਸਨੇ ਜਨੇ ਸਾਂਤਿ ਭਾਵ ਹੈ ॥

ਇਹ ਭਿੱਖਿਆ ਦਾ ਅੰਨ ਦੁਰ = ਖੋਟੀ ਮੱਤ, ਮਤਿਸਰ = ਈਰਖਾ, ਤ੍ਰਾਸ = ਡਰ, ਮਦ ਅਭਮਾਨ = ਹੰਗਤਾ, ਮਮਤਾ, ਪਦਾਰਥਾਂ ਦੀ ਆਸ = ਉਮੀਦ ਅਤੇ ਦੁੱਖਾਂ ਦੀ ਰਾਸ = ਪੂੰਜੀ ਦਾ ਹਨੇ = ਨਾਸ਼ ਕਰਦਾ ਹੈ ਤੇ ਹਿਰਦੇ ਅੰਦਰ ਸਨੇ = ਸਹਿਜੇ-ਸਹਿਜੇ ਹੀ ਸ਼ਾਂਤੀ ਭਾਵ ਜਨੇ = ਪੈਦਾ ਕਰਦਾ ਹੈ।

## ਨਾਹਿ ਪ੍ਰਤ ਹਤ ਹੈ, ਸਕਲ ਕਾਲ ਸਤ ਹੈ;
## ਅਖਲ ਦੇਸਿ ਗਤਿ ਹੈ, ਮਹੇਸ਼ ਯਗ ਗਾਵ ਹੈ ॥

ਇਸ ਭਿੱਖਿਆ ਦੇ ਅੰਨ ਪ੍ਰਤ = ਨੂੰ ਕੋਈ ਵੀ ਹਤ = ਨਾਸ਼ ਨਹੀਂ ਕਰ ਸਕਦਾ, ਸਕਲ = ਸਾਰਿਆਂ ਕਾਲ = ਸਮਿਆਂ ਵਿਚ ਸਤ = ਨਿਸ਼ਚੇ ਨਾਲ ਮਿਲਦਾ ਹੈ, ਅਖਲ = ਸਾਰਿਆਂ ਦੇਸ਼ਾਂ ਵਿਚ ਗਤਿ = ਪ੍ਰਾਪਤ ਹੋ ਜਾਂਦਾ ਹੈ ਅਤੇ ਇਸ ਦਾ ਨਾਮ ਮਹੇਸ਼ = ਸ਼ਿਵ ਯੱਗ ਹੈ ਭਾਵ ਇਸ ਦਾ ਨਾਮ ਰੱਬੀ ਯੱਗ ਹੈ, ਜੋ ਰੱਬ ਵੱਲੋਂ ਹੋ ਰਿਹਾ ਹੈ।

## ਹਿੰਸਾ ਬਾਧ, ਨਿਰੋਪਾਧਿ, ਭਨਤ ਪ੍ਰਸੰਸਾ ਸਾਧ; ਮੁਖ ਮੋਖ ਸਾਧਨ ਮੋਂ, ਸਾਧਨ ਕੋ ਭਾਵ ਹੈ ॥੨੬॥

ਬਾਕੀ ਦੇ ਯੱਗਾਂ ਵਿਚ ਜੀਵ ਹਿੰਸਾ ਹੁੰਦੀ ਹੈ, ਪਰ ਇਸ ਯੱਗ ਵਿਚ ਹਿੰਸਾ ਬਾਧ = ਰੋਕੀ ਗਈ ਹੈ ਭਾਵ ਹਿੰਸਾ ਨਹੀਂ ਹੁੰਦੀ। ਫੇਰ ਹੋਰਨਾਂ ਯੱਗਾਂ ਵਿਚ ਤਾਂ ਕਈ ਉਪਾਧੀਆਂ ਖੜੀਆਂ ਹੋ ਜਾਂਦੀਆਂ ਹਨ, ਪਰ ਇਹ ਯੱਗ (ਨਿਰ + ਉਪਾਧਿ) ਉਪਾਧੀਆਂ ਤੋਂ ਨਿਰ = ਰਹਿਤ ਹੈ ਅਤੇ ਸਾਧੂ ਜਨ ਵੀ ਇਸ ਪ੍ਰਕਾਰ ਦੀ ਪ੍ਰਸੰਸਾ = ਉਸਤਤ ਭਨਤ = ਕਥਨ ਕਰਦੇ ਹਨ ਕਿ ਇਹ ਯੱਗ ਮੋਖ = ਮੁਕਤੀ ਦੇ ਸਾਧਨ = ਸਾਧਨਾਂ ਮੋਂ = ਵਿੱਚੋਂ ਮੁਖ ਸਾਧਨ ਹੈ, ਇਹ ਸਾਧਨ = ਸਾਧੂਆਂ ਕੋ = ਦਾ ਭਾਵ ਹੈ **ਅਥਵਾ** ਸਾਧੂ ਜਨਾਂ ਦੇ ਮਨ ਦਾ ਇਹ ਭਾਵ ਹੈ ਕਿ ਭਿੱਖਿਆ ਦਾ ਅੰਨ ਮੁਕਤੀ ਦੇ ਸਾਰੇ ਸਾਧਨਾਂ ਵਿੱਚੋਂ ਉੱਤਮ ਸਾਧਨ ਹੈ ॥੨੬॥

***ਨੋਟ :*** ਇਹ ਸਾਧੂਆਂ ਦੇ ਮੱਤ ਵਿਚ ਤਾਂ ਠੀਕ ਹੈ ਪਰੰਤੂ ਗੁਰਮਤਿ ਦੇ ਵਿਚ ਮੰਗਣ ਦੀ ਮਨਾਹੀ ਹੈ।

ਹੁਣ ਐਸੇ ਵਿਰਕਤ ਪੁਰਸ਼ਾਂ ਨੂੰ ਕਿਸ ਤਰ੍ਹਾਂ ਦੇ ਲੱਛਣ ਗ੍ਰਹਿਣ ਕਰਨੇ ਚਾਹੀਦੇ ਹਨ, ਉਸ ਬਾਬਤ ਕਥਨ ਕਰਦੇ ਹਨ :

## ਦੋਹਰਾ ॥

## ਸਮ ਦਮਾਦਿ ਕੇ ਪੁਸ਼ਟਿ ਹਿਤ; ਗਰਬ ਹਿਤਾਰਥ ਸਪ੍ਰੀਤਿ ॥

ਸਮ = ਮਨ ਨੂੰ ਵਿਸ਼ਿਆਂ ਵੱਲੋਂ ਰੋਕਣਾ, ਦਮਾਦਿ = ਦਮ ਭਾਵ ਇੰਦਰਿਆਂ ਨੂੰ ਵਿਸ਼ਿਆਂ ਵੱਲੋਂ ਰੋਕਣਾ, ਇਤਿਆਦਿਕ ਕਰਮਾਂ ਕੇ = ਦੇ ਪੁਸ਼ਟਿ = ਪਾਲਣ ਹਿਤ = ਵਾਸਤੇ ਭਾਵ ਐਸੇ ਕਰਮਾਂ ਨੂੰ ਦ੍ਰਿੜ੍ਹ ਕਰਨ ਵਾਸਤੇ ਗਰਬ = ਹੰਕਾਰ ਨੂੰ ਨਾਸ਼ ਕਰਨ ਹਿਤਾਰਥ = ਵਾਸਤੇ ਸੁ = ਸਹਿਤ ਪ੍ਰੀਤੀ ਦੇ ਸਮ ਦਮ ਆਦਿ ਸਾਧਨਾਂ ਨੂੰ ਗ੍ਰਹਿਣ ਕਰਨਾ ਕਰੇ। ਅਤੇ :

## ਗਹੇ ਸਿੱਧ ਪ੍ਰਮਾਰਥ ਹਿਤ; ਭਿਖਿਆ ਅੰਨ ਅਤੀਤ ॥੨੭॥

ਅਤੀਤ = ਵਿਰਕਤ ਮਹਾਤਮਾ ਪੁਰਸ਼ ਪਰਮਾਰਥ ਦੇ ਰਸਤੇ ਨੂੰ ਸਿੱਧ ਭਾਵ ਪ੍ਰਾਪਤ ਕਰਨ ਹਿਤ = ਵਾਸਤੇ ਭਿਖਿਆ ਦੇ ਅੰਨ ਨੂੰ ਗਹੇ = ਗ੍ਰਹਿਣ ਕਰਨਾ ਕਰੇ ॥੨੭॥

## ਕਬਿੱਤ ॥ ਪਰੇ ਪਾਨ ਪਾਤ੍ਰ ਪੈ, ਸੁਭਾਵਕ ਪਵਿਤ੍ਰ ਤਾਸੋਂ; ਪ੍ਰਾਣ ਰਖਯਾ ਕਰੇ, ਜਹਾਂ ਚਹੇ ਬਹੇ ਹੈ ॥

ਜੋ ਸੁਭਾਵਕ = ਸੁਤੇ-ਸਿੱਧ ਹੀ ਪਾਨ = ਹੱਥਾਂ ਰੂਪ ਪਾਤ੍ਰ = ਭਾਂਡੇ ਪੈ = ਉੱਪਰ ਪਵਿੱਤਰ ਭਿੱਖਿਆ ਪਰੇ = ਪੈ ਜਾਵੇ, ਤਾਸੋਂ = ਉਸ ਨਾਲ ਆਪਣੇ ਪ੍ਰਾਣ = ਸੁਆਸਾਂ ਦੀ ਰੱਖਿਆ ਕਰਨੀ ਕਰੇ ਭਾਵ ਉਸ ਭਿੱਖਿਆ ਨਾਲ ਹੀ ਸਬਰ ਕਰੇ ਅਤੇ ਜਹਾਂ = ਜਿਥੇ ਚਹੇ = ਚਾਹੇ ਉਥੇ ਹੀ ਬਹੇ = ਬੈਠਣਾ ਕਰੇ। ਅਤੇ :

## ਵਾਰ ਵਾਰ ਵਿਸ੍ਵ ਕੋ ਨਿਹਾਰ, ਤ੍ਰਿਣ ਭਾਰ ਵਤ; ਕਰੇ ਤ੍ਰਿਸਕਾਰ, ਸਦਾਚਾਰ ਮਾਂਹਿ ਰਹੇ ਹੈ ॥

ਵਾਰ ਵਾਰ = ਪੁਨਹ ਪੁਨਹ **ਵਾ:** ਮੁੜ ਮੁੜ ਕੇ ਇਸ ਵਿਸ੍ਵ = ਜਗਤ ਕੋ = ਨੂੰ ਤ੍ਰਿਣ = ਕੱਖਾਂ ਦੇ

ਭਾਰ = ਬੋਝ ਵਤ = ਸਮਾਨ ਨਿਹਾਰ = ਵੇਖ ਕਰਕੇ ਹਮੇਸ਼ਾਂ ਹੀ ਇਸ ਦਾ ਤ੍ਰਿਸਕਾਰ = ਅਪਮਾਨ ਕਰੇ = ਕਰਨਾ ਕਰੇ ਭਾਵ ਇਸ ਸੰਸਾਰ ਨੂੰ ਮਿਥਿਆ ਨਿਸ਼ਚੇ ਕਰਕੇ ਹਮੇਸ਼ਾਂ ਹੀ ਸਦਾਚਾਰ = ਉੱਤਮ ਕਿਰਿਆ ਮਾਂਹਿ = ਵਿਚ ਲੱਗਿਆ ਰਹੇ।

## ਤਨ ਕੇ ਤਿਆਗ ਲਗ, ਸ਼ੁਭ ਮਗ ਲਗ ਰਹੇ;
## ਦੇਹ ਜੀਵਭਾਵ ਕੋ, ਸੁਭਾਵ ਬ੍ਰਹਮ ਗਹੇ ਹੈ॥

ਤਨ = ਸਰੀਰ ਕੇ = ਦੇ ਤਿਆਗ = ਛੱਡਣੇ ਲਗ = ਤਕ ਭਾਵ ਅੰਤ ਸਮੇਂ ਤਕ ਸ਼ੁਭ = ਸ੍ਰੇਸ਼ਟ ਮਗ = ਮਾਰਗ ਵਿਚ ਲੱਗਿਆ ਰਹੇ ਭਾਵ ਪਰਮਾਤਮਾ ਦੇ ਨਾਮ ਵਿਚ ਜੁੜਿਆ ਰਹੇ ਅਤੇ ਦੇਹ = ਸਰੀਰ ਵਿਚ ਜੀਵ ਭਾਵ ਨਾ ਰੱਖਣਾ ਕਰੇ, ਬ੍ਰਹਮ ਭਾਵ ਕੋ = ਨੂੰ ਗਹੇ = ਗ੍ਰਹਿਣ, ਧਾਰਨਾ ਕਰੇ **ਅਥਵਾ** ਦੇਹ ਨੂੰ ਜੀਵਾਤਮਾ ਨਾ ਮੰਨਣਾ ਕਰੇ ਬਲਕਿ ਜੀਵਾਤਮਾ ਨੂੰ ਬ੍ਰਹਮ ਦਾ ਹੀ ਸਰੂਪ ਮੰਨਣਾ ਕਰੇ, ਇਸ ਸੁਭਾਵ = ਸ੍ਰੇਸ਼ਟ ਭਾਵ ਨੂੰ ਗਹੇ = ਗ੍ਰਹਿਣ, ਧਾਰਨਾ ਕਰੇ।

## ਐਸੀ ਦੈਵੀ ਸੰਪਦਾ ਨ ਲਹੇ ਦੇਵ ਦਯਾ ਬਿਨ;
## ਈਸ ਕ੍ਰਿਪਾ ਤੇ, ਅਨੀਸ਼ ਨਿਜ ਰੂਪ ਲਹੇ ਹੈ॥੨੮॥

ਹੇ ਭਾਈ! ਐਸੀ = ਇਸ ਪ੍ਰਕਾਰ ਦੀ ਦੈਵੀ ਸੰਪਦਾ ਨੂੰ ਕੋਈ ਵੀ ਪਰਮੇਸ਼ਰ ਦੀ ਦਯਾ = ਕਰੁਣਾ ਤੋਂ ਬਿਨ = ਬਗ਼ੈਰ ਲਹੇ = ਪ੍ਰਾਪਤ ਨ = ਨਹੀਂ ਕਰ ਸਕਦਾ, ਇਸ ਕਰਕੇ ਅਨੀਸ਼ (ਅਨ + ਈਸ਼) ਈਸ਼ = ਈਸ਼ਵਰ ਤੋਂ ਅਨ = ਭਿੰਨ, ਵੱਖਰਾ ਜੋ ਜੀਵ ਹੈ, ਉਹ ਈਸ਼ = ਪਰਮੇਸ਼ਰ ਦੀ ਕ੍ਰਿਪਾ = ਮਿਹਰ ਤੇ = ਨਾਲ ਨਿਜ = ਆਪਣੇ ਸਰੂਪ ਨੂੰ ਲਹੇ = ਪ੍ਰਾਪਤ, ਜਾਣ ਲੈਣਾ ਕਰਦਾ ਹੈ॥੨੮॥

## ਕਬਿੱਤ॥
## ਸੁਚ ਬਨੋਂ ਕੋ ਨਿਵਾਸੀ, ਮ੍ਰਿਗੋਂ ਸੰਗ ਖੇਲ ਹਾਸੀ;
## ਮੇਲ ਦਾਸ ਦਾਸੀ ਕੋ ਨ, ਮੇਧ ਫਲ ਆਸੀ ਹੈ॥

ਭਰਥਰੀ ਜੀ ਕਥਨ ਕਰਦੇ ਹਨ ਕਿ ਜਿਹੜਾ ਪੁਰਖ ਸੁਚ = ਪਵਿੱਤਰ ਬਨੋਂ = ਜੰਗਲ ਦੇ ਵਿਚ ਨਿਵਾਸ = ਵਾਸਾ ਰੱਖਣਾ ਕਰਦਾ ਹੈ, ਮ੍ਰਿਗੋਂ = ਹਿਰਨਾਂ ਦੇ ਸੰਗ = ਨਾਲ ਹਾਸੀ = ਹਾਸਾ-ਠੱਠਾ ਕਰ ਕੇ ਖੇਲ = ਖੇਡਣਾ ਕਰਦਾ ਹੈ, ਦਾਸ ਦਾਸੀਆਂ ਕੋ = ਦਾ ਮੇਲ = ਮਿਲਾਪ ਰੱਖਣਾ ਨਹੀਂ ਚਾਹੁੰਦਾ ਭਾਵ ਚੇਲੇ-ਚੇਲੀਆਂ ਬਣਾਉਣ ਦੀ ਇੱਛਾ ਨਹੀਂ ਰੱਖਦਾ ਅਤੇ ਜੰਗਲ ਵਿਚਲੇ ਮੇਧ = ਪਵਿੱਤਰ ਫਲ ਹੀ ਆਸੀ = ਆਸਾ ਭਾਵ ਉਮੀਦ ਕਰਦਾ ਹੈ।

## ਕਬੀ ਪੂਤ ਨਦੀ ਤਟ, ਕਬੀ ਸਮਸਾਨੇ ਮਠ;
## ਕਬਹੂੰ ਪਖਾਨ ਬਟ ਤਰੁ ਤਰੇ ਬਾਸੀ ਹੈ॥

ਕਬੀ = ਕਦੇ ਜੋ ਪੂਤ = ਸ਼ੁੱਧ, ਪਵਿੱਤਰ ਨਦੀ ਦੇ ਤਟ = ਕਿਨਾਰੇ 'ਤੇ ਨਿਵਾਸ ਰੱਖਦਾ ਹੋਵੇ, ਕਬੀ = ਕਦੇ ਸਮਸਾਨੇ = ਮੜ੍ਹੀਆਂ ਵਿਚ ਹੀ ਮਠ = ਰਹਿਣਾ ਕਰਦਾ ਹੋਵੇ, ਕਬਹੂੰ = ਕਦੇ ਪਖਾਨ = ਪੱਥਰ ਦੀ ਸਿਲਾ ਉੱਤੇ ਅਤੇ ਕਦੇ ਬਟ = ਬੋਹੜ ਦੇ ਤਰੁ = ਬ੍ਰਿਛ ਤਰੇ = ਹੇਠਾਂ ਹੀ ਬਾਸੀ = ਵੱਸਣਾ ਕਰਦਾ ਹੋਵੇ।

## ਕੇਵਲ ਪ੍ਰਸੰਨ ਮਨ, ਤੁਲ ਆਇਤਨ ਬਨ;
## ਤਦਪਿ ਏਕਾਂਤ ਘਨ ਬਾਸੀ ਸੁਖ ਰਾਸੀ ਹੈ॥

ਕੇਵਲ ਜਿਸ ਦਾ ਮਨ ਪ੍ਰਸੰਨ ਹੈ ਭਾਵ ਸ਼ਾਂਤ ਭਾਵ ਵਿਚ ਹੈ, ਜੇਕਰ ਆਇਤਨ = ਘਰ ਅਤੇ ਬਨ = ਜੰਗਲ ਨੂੰ ਇਕ ਤੁਲ = ਸਮਾਨ ਸਮਝਣਾ ਕਰਦਾ ਹੈ, ਪਰੰਤੂ ਤਦਪਿ = ਤਦ ਵੀ ਏਕਾਂਤ ਵਿਚ ਵਾਸਾ ਕਰਨਾ ਕਰੇ, ਜੋ ਘਨ = ਸਮੂਹ ਸੁਖਾਂ ਦੀ ਰਾਸੀ = ਪੂੰਜੀ ਹੈ।

## ਈਸ਼ ਕੇ ਉਪਾਸੀ ਕੀ ਪ੍ਰਕਾਸੀ ਯਾ ਬਿਭੂਤ ਤਾਹਿ;
## ਗਾਵੇ ਸੁਨ ਧਯਾਵੈ ਨਾਂਹਿ ਪਾਵੈ ਜਮ ਪਾਸੀ ਹੈ॥੨੯॥

ਈਸ਼ = ਈਸ਼ਵਰ ਦੀ ਉਪਾਸੀ = ਉਪਾਸਨਾ ਕਰਨ ਵਾਲੇ ਦੇ ਹਿਰਦੇ ਅੰਦਰ ਯਾ = ਇਹ ਬਿਭੂਤ = ਦੈਵੀ ਸੰਪਦਾ ਪ੍ਰਗਟ ਹੋ ਜਾਂਦੀ ਹੈ। ਇਉਂ ਜਿਹੜਾ ਕੋਈ ਇਨ੍ਹਾਂ ਸ਼ੁਭ ਗੁਣਾਂ ਵਾਲਾ ਹੋ ਕਰਕੇ ਪਰਮਾਤਮਾ ਦੇ ਗੁਣਾਂ ਨੂੰ ਗਾਵੇ = ਗਾਉਣਾ ਕਰਦਾ ਹੈ ਤੇ ਸੁਨ = ਸੁਣਨਾ ਕਰਦਾ ਹੈ ਅਤੇ ਧਯਾਵੈ = ਧਿਆਉਣਾ ਕਰਦਾ ਹੈ, ਉਹ ਪੁਰਖ ਕਦੇ ਵੀ ਜਮਾਂ ਦੀ ਪਾਸੀ = ਫਾਹੀ ਨਾਂਹਿ = ਨਾਹੀਂ ਪਾਵੈ = ਪਾਉਣਾ ਕਰੇਗਾ ਭਾਵ ਜੰਮਣ ਮਰਨ ਤੋਂ ਮੁਕਤ ਹੋ ਜਾਵੇਗਾ॥੨੯॥

## ਦੋਹਰਾ॥
## ਭਰਤ ਸ਼ਤਕ ਵੈਰਾਗ ਕੋ; ਇਤੀ ਖਸ਼ਟਮੋ ਧਯਾਇ॥

ਭਰਤ = ਭਰਥਰੀ ਜੀ ਦੇ ਵੈਰਾਗ ਸ਼ਤਕ ਗ੍ਰੰਥ ਕੋ = ਦਾ ਖਸ਼ਟਮੋ = ਛੇਵਾਂ ਅਧਿਆਇ ਇਥੇ ਇਤੀ = ਸਮਾਪਤ ਹੋ ਗਿਆ ਹੈ।

## ਸੁਜਨੋ ਕੇ ਗੁਨ ਗਨ ਭਨੇ; ਹਰਦਿਆਲ ਸਿਰ ਨਯਾਇ॥੩੦॥

ਇਸ ਅਧਿਆਇ ਵਿਚ ਸੁਜਨੋ = ਸ੍ਰੇਸ਼ਟ ਜਨਾਂ ਭਾਵ ਸੰਤ ਜਨਾਂ ਦੇ ਗਨ = ਸਮੂਹ ਸ਼ੁਭ ਗੁਣਾਂ ਦਾ ਭਨੇ = ਉਚਾਰਨਾ, ਵਰਣਨ ਕੀਤਾ ਹੈ, ਇਸ ਗ੍ਰੰਥ ਨੂੰ ਬ੍ਰਜ ਭਾਸ਼ਾ ਵਿਚ ਕਰਨ ਵਾਲੇ ਪੰਡਿਤ ਹਰਦਿਆਲ ਜੀ ਐਸੇ ਸੰਤ ਜਨਾਂ ਦੇ ਚਰਨਾਂ ਵਿਚ ਆਪਣਾ ਸਿਰ ਨਯਾਇ = ਨਿਵਾਉਣਾ ਕਰਦੇ ਹਨ ਭਾਵ ਚਰਨਾਂ ਵਿਚ ਮੱਥਾ ਟੇਕਣਾ ਕਰਦੇ ਹਨ॥੩੦॥

## ਇਤਿ ਖਸ਼ਟਮੰ ਅਧਿਯਾਇ॥੬॥

ਇਥੇ ਖਸ਼ਟਮੰ = ਛੇਵੇਂ ਅਧਿਆਇ ਦੀ ਇਤਿ = ਸਮਾਪਤੀ ਹੋ ਗਈ ਹੈ॥੬॥

## ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਸਤਵਾਂ ਅਧਯਾਯ ਅਰੰਭ ॥

ਅਥ = ਹੁਣ ਸੱਤਵਾਂ ਅਧਿਆਇ ਅਰੰਭ ਕਰਦੇ ਹਨ।

## ਦੋਹਰਾ ॥

## ਸੱਤੇ ਤੀਨ ਭੂਪਾਨ ਸੋਂ; ਭਯੋ ਪ੍ਰਿਥਕ ਸੰਬਾਦ ॥

ਜੋ ਤੀਨ = ਤਿੰਨ ਭੂਪਾਨ = ਰਾਜਿਆਂ ਸੋਂ = ਨਾਲ ਭਰਥਰੀ ਜੀ ਦਾ ਪ੍ਰਿਥਕ = ਵੱਖੋ-ਵੱਖ ਸੰਬਾਦ ਹੋਇਆ, ਉਹ ਇਸ ਸੱਤੇ = ਸੱਤਵੇਂ ਅਧਿਆਇ ਵਿਚ :

## ਤਿਨੇ ਸ਼ਲੋਕ ਭਨੇ ਤਿਨੋਂ; ਹਨੇ ਮੋਹ ਗਰਬਾਦਿ ॥੧॥

ਤਿਨੋਂ = ਉਨ੍ਹਾਂ ਰਾਜਿਆਂ ਨੂੰ ਉੱਤਰ ਦੇਣ ਵਾਸਤੇ ਜੋ ਭਰਥਰੀ ਜੀ ਨੇ ਸਲੋਕ ਉਚਾਰਨ ਕੀਤੇ ਸਨ, ਤਿਨੇ = ਉਨ੍ਹਾਂ ਸਲੋਕਾਂ ਨੂੰ ਮੈਂ, ਹਰਿਦਿਆਲ ਭਾਸ਼ਾ ਵਿਚ ਭਨੇ = ਕਥਨ ਕਰਦਾ ਹਾਂ, ਜੋ ਸਲੋਕ ਮੋਹ ਗਰਬਾਦਿ = ਹੰਕਾਰ ਆਦਿਕਾਂ ਨੂੰ ਹਨੇ = ਨਾਸ਼ ਕਰਨ ਵਾਲੇ ਹਨ ॥੧॥

## ਸੋਰਠਾ ॥

## ਬਿਨੁ ਰੁਚਿ ਕਹੂੰ ਨਰੇਂਦ੍ਰ; ਦੀਨ ਭਰਤ ਪ੍ਰਤਿ ਭੋਗ ਕਛੁ ॥

ਕਿਸੇ ਨਰੇਂਦ੍ਰ = ਨਰਾਂ ਦੇ ਸੁਆਮੀ ਰਾਜੇ ਨੇ ਰੁਚਿ = ਇੱਛਾ ਤੋਂ ਬਿਨੁ = ਬਗ਼ੈਰ ਭਾਵ ਇੱਛਾ ਦੇ ਨਾ ਹੁੰਦਿਆਂ ਹੋਇਆਂ ਵੀ ਆਪਣੀ ਦਾਨਸ਼ੀਲਤਾ ਪ੍ਰਗਟ ਕਰਨ ਲਈ ਰਾਜੇ ਭਰਥਰੀ ਜੀ ਪ੍ਰਤਿ = ਨੂੰ ਕਛੁ = ਕੁਝ ਭੋਗ = ਪਦਾਰਥ ਦੀਨ = ਦੇਣਾ ਕੀਤਾ।

## ਤਤ ਅਲੀਨ ਜੋਗੇਂਦ੍ਰ; ਤੀਨ ਹੇਤੁ ਕਰਿ ਚੀਨ ਅਪਿ ॥੨॥

ਪਰ ਜੋਗੇਂਦ੍ਰ = ਜੋਗੀ ਰਾਜ ਭਰਥਰੀ ਜੀ ਨੇ ਤੱਤ = ਉਹ ਪਦਾਰਥ (ਅ + ਲੀਨ) ਲੀਨ = ਲੈਣਾ ਅ = ਨਹੀਂ ਕੀਤਾ ਕਿਉਂਕਿ ਭਰਥਰੀ ਜੀ ਨੇ ਉਸ ਵਿਚ ਤੀਨ = ਤਿੰਨੇ ਅਪਿ = ਹੀ ਹੇਤੁ = ਕਾਰਨ ਚੀਨ = ਪਛਾਣ ਲੈਣਾ ਕਰਿ = ਕੀਤੇ ॥੨॥

***ਪ੍ਰਸ਼ਨ :*** *ਹੇ ਭਰਥਰੀ ਜੀ, ਆਪ ਨੇ ਇਹ ਪਦਾਰਥ ਕਿਉਂ ਨਹੀਂ ਲੈਣਾ ਕੀਤਾ ?*

## ਸੋਰਠਾ ॥

## ਰਾਜ ਅੰਸ ਸਮ ਰਕਤ; ਭੋਗ ਯੋਗ ਨ ਵਿਰਕਤ ਕੋ ॥

ਤਾਂ ਭਰਥਰੀ ਜੀ ਨੇ ਉੱਤਰ ਦੇਣਾ ਕੀਤਾ ਕਿ ਹੇ ਰਾਜਨ! ਰਾਜ ਅੰਸ਼ ਦੇ ਪਦਾਰਥ ਰਕਤ = ਲਹੂ ਦੇ ਸਮ = ਸਮਾਨ ਹੋਇਆ ਕਰਦੇ ਹਨ, ਜੋ ਭੋਗ = ਪਦਾਰਥ ਵਿਰਕਤ = ਤਿਆਗੀ ਸਾਧੂ ਦੇ ਗ੍ਰਹਿਣ ਕਰਨ ਯੋਗ ਨਹੀਂ ਹੁੰਦੇ। ਇਸ ਕਰਕੇ ਮੈਂ ਇਹ ਪਦਾਰਥ ਲੈਣਾ ਨਹੀਂ ਕੀਤਾ, ਇਹ ਪਹਿਲਾ ਕਾਰਨ ਹੈ।

## ਦਾਨ ਕਰਤ ਬਿਨੁ ਭਕਤਿ; ਤਵ ਮਮ ਸਮ ਪਦ ਹੇਤ ਤ੍ਰੈ ॥੩॥

ਦੂਸਰਾ ਕਾਰਨ ਕਿ ਤੂੰ ਭਕਤਿ = ਭਗਤੀ ਭਾਵ ਸ਼ਰਧਾ ਤੋਂ ਬਿਨੁ = ਬਗ਼ੈਰ ਦਾਨ ਕਰਤ = ਕਰਦਾ ਹੈਂ। ਤੀਸਰਾ ਕਾਰਨ ਤਵ = ਤੂੰ ਤੇ ਮਮ = ਮੈਂ ਇੱਕੋ ਜਿਹੇ ਪਦ = ਦਰਜੇ ਵਾਲੇ ਹਾਂ, ਇਨ੍ਹਾਂ ਤ੍ਰੈ = ਤਿੰਨਾਂ ਹੇਤੁ = ਕਾਰਨਾਂ ਕਰਕੇ ਮੈਂ ਪਦਾਰਥ ਨਹੀਂ ਲਿਆ ॥੩॥

***ਪ੍ਰਸ਼ਨ :*** *ਹੇ ਰਾਜਾ ਜੋਗੀ ਭਰਥਰੀ ਜੀ! ਤੁਹਾਡੀ ਅਤੇ ਮੇਰੀ ਬਰਾਬਰਤਾ ਕਿਸ ਪ੍ਰਕਾਰ ਹੋ ਸਕਦੀ ਹੈ ? ਤੁਸੀਂ ਕੇਵਲ ਇੱਕੋ ਇਕ ਇਕੱਲੇ ਹੋ, ਮੇਰੇ ਨਾਲ ਚਾਰ ਤਰ੍ਹਾਂ ਦੀ ਫ਼ੌਜ ਹੈ। ਫੇਰ ਤੁਸੀਂ ਸਾਧੂ ਹੋ ਤੇ ਮੈਂ ਰਾਜਾ ਹਾਂ, ਫੇਰ ਇਕ ਪਦ ਦੇ ਅਧਿਕਾਰੀ ਕਿਸ ਪ੍ਰਕਾਰ ਹੋਏ ?*

## ਦੋਹਰਾ ॥

## ਤੂੰ ਰਾਜਾ ਰਾਜਾ ਅਹੰ; ਅਧਿਕ ਭੇਦ ਕਛੁ ਨਾਂਹਿ ॥

ਭਰਥਰੀ ਜੀ ਨੇ ਉੱਤਰ ਦਿੱਤਾ ਕਿ ਜਿਵੇਂ ਤੂੰ ਰਾਜਾ ਹੈਂ, ਇਸੇ ਪ੍ਰਕਾਰ ਅਹੰ = ਮੈਂ ਵੀ ਰਾਜਾ ਹਾਂ, ਇਸ ਕਰਕੇ ਤੇਰੇ-ਮੇਰੇ ਵਿਚ ਕਛੁ = ਕੁਝ ਅਧਿਕ = ਬਹੁਤਾ ਭੇਦ = ਅੰਤਰਾ ਨਾਂਹਿ = ਨਹੀਂ ਹੈ।

## ਤੂਮੂੰ ਚਤੁਰ ਬਿਧਿ ਚਮੂੰ ਕਰਿ; ਕਰੋ ਗਰਬ ਮਨ ਮਾਹਿ ॥੪॥

ਹੇ ਰਾਜਨ! ਜਿਵੇਂ ਤੂਮੂੰ = ਤੂੰ ਚਤੁਰ ਬਿਧਿ = ਚਾਰ ਪ੍ਰਕਾਰ ਦੀ ਚਮੂੰ = ਫ਼ੌਜ ਦੇ ਸਹਿਤ ਹੋ ਕਰਕੇ ਮਨ ਮਾਹਿ = ਵਿਚ ਗਰਬ = ਹੰਕਾਰ ਕਰੋ = ਕਰਦਾ ਹੈਂ ॥੪॥

## ਦੋਹਰਾ ॥ ਮਨ ਬੁਧਿ ਚਿਤ ਅਹੰ; ਚਤੁਰ ਸੈਨਾ ਪ੍ਰਬਲ ਪ੍ਰਬੀਨ ॥

ਇਸੇ ਪ੍ਰਕਾਰ ਮੇਰੇ ਕੋਲ ਵੀ ਮਨ, ਬੁਧਿ, ਚਿਤ ਅਹੰ = ਹੰਕਾਰ ਵਿਚ ਚਤੁਰ = ਚਾਰ ਪ੍ਰਕਾਰ ਦੀ ਸੈਨਾ = ਫ਼ੌਜ ਹੈ ਜੋ ਪ੍ਰਬਲ = ਬਹੁਤ ਬਲ ਵਾਲੀ ਤੇ ਪ੍ਰਬੀਨ = ਬਹੁਤ ਚਤੁਰ ਹੈ।

## ਲਬਧ ਗੁਰੋਂ ਕੀ ਸੇਵ ਕਰਿ; ਹਮ ਉੱਨਤ ਇਤ ਪੀਨ ॥੫॥

ਇਹ ਫ਼ੌਜ ਗੁਰੋਂ ਕੀ = ਗੁਰਾਂ ਦੀ ਸੇਵਾ ਕਰਕੇ ਲਬਧ = ਪ੍ਰਾਪਤ ਹੁੰਦੀ ਹੈ ਜੋ ਫ਼ੌਜ ਮੈਨੂੰ ਪ੍ਰਾਪਤ ਹੈ, ਇਤ = ਇਸ ਕਰਕੇ ਹਮ = ਅਸੀਂ ਉੱਨਤ = ਉੱਚੇ ਹਾਂ ਅਤੇ ਪੀਨ = ਤਕੜੇ ਹਾਂ ਭਾਵ ਦੁਸ਼ਮਣ ਤੋਂ ਜ਼ਿਆਦਾ ਬਲ ਵਾਲੇ ਹਾਂ ॥੫॥

## ਦੋਹਰਾ ॥

## ਬਹੁ ਪ੍ਰਕਾਰ ਕੇ ਧਨੋ ਕਰ, ਤੁਮ ਪ੍ਰਸਿਧ ਜਗ ਮਾਹਿੰ ॥

ਹੇ ਰਾਜਨ ! ਤੁਮ = ਤੁਸੀਂ ਬਹੁ = ਬਹੁਤ ਪ੍ਰਕਾਰ ਕੇ = ਦੇ ਧਨੋ = ਧਨ ਨੂੰ ਪ੍ਰਾਪਤ ਕਰ ਕੇ ਜਗ = ਜਗਤ ਵਿਚ ਪ੍ਰਸਿਧ = ਮਸ਼ਹੂਰ ਹੋ।

## ਹਮ ਨਿਜ ਨਿਰਮਲ ਗੁਨੋ ਕਰਿ;
## ਪ੍ਰਗਟ ਦਸੋਂ ਦਿਸ ਆਹਿੰ ॥੬॥

ਪਰੰਤੂ ਹਮ = ਅਸੀਂ ਸਾਧੂ ਜਨ ਵੀ ਨਿਜ = ਆਪਣੇ ਨਿਰਮਲ = ਉੱਜਲ ਸ਼ੁਭ ਗੁਣਾਂ ਕਰਕੇ ਦਸੋਂ ਦਿਸ = ਦਸੇ ਦਿਸ਼ਾਵਾਂ ਵਿਚ ਪ੍ਰਗਟ ਹੋ ਰਹੇ ਆਹਿੰ = ਹਾਂ ॥੬॥

***ਪ੍ਰਸ਼ਨ :*** *ਰਾਜੇ ਨੇ ਕਿਹਾ ਕਿ ਹੇ ਭਰਥਰੀ ਜੀ ! ਤੁਸੀਂ ਤਾਂ ਇਥੇ ਆਪਣੀ ਕੁਟੀਆ ਵਿਚ ਰਹਿੰਦੇ ਹੋ ਫੇਰ ਮੇਰੇ ਵਾਂਗ ਦਸੇ ਦਿਸ਼ਾਵਾਂ ਵਿਚ ਕਿਸ ਤਰ੍ਹਾਂ ਪ੍ਰਸਿੱਧ ਹੋ ?*

***ਉੱਤਰ :***

## ਦੋਹਰਾ ॥

## ਬੀਚ ਪੁਸਤਕੋਂ ਕਵਿ ਜਨੋ; ਗਾਯੋ ਹਮਰੋ ਗੀਤ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਪੁਸਤਕੋਂ = ਗ੍ਰੰਥਾਂ ਦੇ ਬੀਚ = ਵਿਚ ਕਵਿ ਜਨ = ਕਵੀ ਜਨਾਂ ਨੇ ਹਮਰੋ = ਸਾਡੇ ਭਾਵ ਸਾਧੂ ਸੰਤਾਂ ਦੇ ਜੱਸ ਰੂਪੀ ਗੀਤ ਗਾਯੋ = ਗਾਉਣਾ ਕੀਤੇ ਹਨ।

## ਭੋ ਭੂਪਤਿ ਸੰਸਾਰ ਮਹਿ; ਮੈ ਪ੍ਰਸਿਧ ਇਤਿ ਰੀਤਿ ॥੭॥

ਭੋ = ਹੇ ਭੂਪਤਿ = ਰਾਜਨ ! ਮੈਂ ਇਤਿ = ਇਸ ਰੀਤੀ ਨਾਲ ਸੰਸਾਰ ਦੀਆਂ ਦਸੋ ਦਿਸ਼ਾਵਾਂ ਵਿਚ ਪ੍ਰਸਿੱਧ ਹੋਇਆ ਹਾਂ ॥੭॥

## ਦੋਹਰਾ ॥

## ਭੂ ਕੇ ਕੋਟਿ ਵਿਭਾਗ ਕਰਿ; ਕਣਿ ਲਵਾਂਸ ਤਿਹ ਪਾਇ ॥

ਹੇ ਰਾਜਨ ! ਭੂ = ਧਰਤੀ ਕੇ = ਦੇ ਕੋਟਿ = ਕ੍ਰੋੜ ਵਿਭਾਗ = ਹਿੱਸੇ ਕਰ ਕੇ ਫੇਰ ਤਿਹ = ਉਸ ਦੇ ਇਕ ਕਣ ਵਿੱਚੋਂ ਤੂੰ ਲਵਾਂਸ = ਲੇਸ ਮਾਤਰ ਹਿੱਸਾ ਪਾਇ = ਪਾਉਣਾ ਕੀਤਾ ਹੈ।

## ਤਾਂ ਕਰਿ ਤੂੰ ਉੱਨਤ ਭਯੋ; ਰੁਚਿ ਵਿਹੀਨ ਦਰਸਾਇ ॥੮॥

ਤਾਂ ਕਰਿ = ਇਸ ਕਰਕੇ ਕੀ ਤੂੰ ਉੱਨਤ = ਉੱਚਾ ਹੋ ਗਿਆ ਹੈਂ ? ਭਾਵ ਲੇਸ ਮਾਤਰ ਪਦਾਰਥ ਦੇਣ ਨਾਲ ਤੂੰ ਉੱਚਾ ਨਹੀਂ ਭਯੋ = ਹੋ ਸਕਦਾ ਬਲਕਿ ਤੂੰ ਤਾਂ ਰੁਚਿ = ਪ੍ਰੀਤੀ ਤੋਂ ਵਿਹੀਨ = ਬਿਨਾਂ ਦਰਸਾਇ = ਦਿਖਦਾ ਹੈਂ ਭਾਵ ਤੇਰੇ ਵਿਚ ਪ੍ਰੀਤੀ ਰੰਚਕ ਮਾਤਰ ਵੀ ਨਹੀਂ ਹੈ ॥੮॥

## ਦੋਹਰਾ ॥

## ਬੋਧ ਨਿਜਾਤਮ ਰਾਜ ਕਰ; ਹਮ ਗਰਬਤ ਉਰ ਮਾਂਹਿ ॥

ਹੇ ਰਾਜਨ ! ਹਮ = ਅਸੀਂ ਸਾਧੂ ਜਨ ਨਿਜਾਤਮ = ਆਪਣੇ ਆਤਮ ਸਰੂਪ ਦੇ ਗਿਆਨ ਰੂਪ ਰਾਜ ਨੂੰ ਪਾ ਕਰਕੇ ਉਰ = ਹਿਰਦੇ ਮਾਂਹਿ = ਵਿਚ ਗਰਬਤ = ਸ਼ੁੱਧ ਹੰਕਾਰ ਕਰਦੇ ਹਾਂ।

## ਨਾਂਹਿ ਕਰੈ ਹਮ ਚਾਹਿ ਤਵ; ਹੇ ਮਾਨਵ ਨਰ ਨਾਹਿ ॥੯॥

ਹੇ ਮਾਨਵ = ਮਨੁੱਖਾਂ ਦੇ ਨਰ ਨਾਹਿ = ਸੁਆਮੀ ਰਾਜਨ ! ਹਮ = ਅਸੀਂ ਤਾਂ ਤਵ = ਤੇਰੀ ਚਾਹਿ = ਇੱਛਾ ਨਾਹਿ = ਨਹੀਂ ਕਰੈ = ਕਰਦੇ **ਅਥਵਾ** ਸਾਨੂੰ ਤੇਰੇ ਨਾਲ ਮਿਲਾਪ ਕਰਨ ਦੀ ਜਾਂ ਤੇਰੇ ਕੋਲੋਂ ਕੁਝ ਪਦਾਰਥ ਪ੍ਰਾਪਤ ਕਰਨ ਦੀ ਚਾਹਨਾ ਹੀ ਨਹੀਂ ਹੈ॥੯॥

## ਦੋਹਰਾ ॥

## ਈਸ਼੍ਵਰ ਅੰਸ ਅਥਿਤ ਲਖ; ਮਾਨ ਹਾਨ ਅਘ ਹੋਗ ॥

ਹੇ ਰਾਜਨ ! ਇਕ ਤਾਂ ਤੂੰ ਈਸ਼੍ਵਰ = ਪਰਮੇਸ਼ਰ ਦੀ ਅੰਸ਼ ਹੈਂ, ਕਿਉਂਕਿ ਰਾਜਿਆਂ ਨੂੰ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿਚ ਈਸ਼ਵਰੀ ਅੰਸ਼ ਮੰਨਿਆ ਹੈ ਅਰ ਕਿਹਾ ਹੈ ਕਿ ਮੈਂ ਪੁਰਖਾਂ ਵਿਚ ਰਾਜਾ ਰੂਪ ਹਾਂ ਕਿ ਈਸ਼ਵਰ ਦੀ ਅੰਸ਼ ਹੋਣ ਕਰਕੇ ਪਰਜਾ 'ਤੇ ਹੁਕਮ ਕਰਨ ਦੀ ਸਮਰੱਥਾ ਹੈ, ਦੂਸਰਾ ਤੂੰ ਸਾਡੀ ਕੁਟੀਆ ਵਿਚ ਚੱਲ ਕਰਕੇ ਆਇਆ ਹੈਂ ਇਸ ਕਰਕੇ ਅਸੀਂ ਤੈਨੂੰ ਅਥਿਤ[੧] = ਅਭਿਆਗਤ ਜਾਨਣਾ ਕੀਤਾ ਹੈ ਕਿਉਂਕਿ ਅਥਿਤੀ ਦਾ ਸਤਿਕਾਰ ਸ਼ਾਸਤ੍ਰ ਵਿਚ ਲਿਖਿਆ ਹੈ ਅਤੇ ਤੀਸਰਾ ਤੂੰ ਮਾਨ = ਸਤਿਕਾਰ ਦੀ ਇੱਛਾ ਰੱਖਣ ਵਾਲਾ ਹੈਂ। ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ ਮਾਨ ਦੀ ਇੱਛਾ ਰੱਖਣ ਵਾਲੇ ਨੂੰ ਮਾਨ ਦੇ ਦੇਣਾ ਚਾਹੀਦਾ ਹੈ, ਮਾਨ ਦੀ ਹਾਨ = ਹਾਨੀ ਕਰਨ ਵਾਲੇ ਨੂੰ ਅਘ = ਪਾਪ ਹੋਗ = ਹੁੰਦਾ ਹੈ। ਤਿੰਨੇ ਗੱਲਾਂ ਦੇਖ ਕੇ ਤੇਰਾ ਸਤਿਕਾਰ ਕੀਤਾ ਹੈ।

## ਹਮ ਕਰਿ ਤੁਮ ਇਉਂ ਤ੍ਰਿਬਿਧਿ ਹੋ; ਮਾਨ ਦਾਨ ਕੋ ਯੋਗ ॥੧੦॥

ਇਉਂ = ਇਸ ਤਰ੍ਹਾਂ ਇਨ੍ਹਾਂ ਤ੍ਰਿਬਿਧਿ = ਤਿੰਨੇ ਬਿਧੀਆਂ ਕਰਕੇ ਤੁਮ = ਤੁਸੀਂ ਹਮ = ਸਾਡੇ ਕੋਲੋਂ ਦਾਨ ਤੇ ਮਾਨ ਪ੍ਰਾਪਤ ਕਰਨ ਦੇ ਯੋਗ = ਲਾਇਕ ਭਾਵ ਅਧਿਕਾਰੀ ਹੋ॥੧੦॥

## ਸੋਰਠਾ ॥

## ਜਾਚਿਕਾਦਿ ਕਰਿ ਭੂਪ; ਮਾਨ ਦਾਨ ਕੇ ਯੋਗ ਤੁਮ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਭੂਪ = ਰਾਜਨ ! ਜਿਸ ਪ੍ਰਕਾਰ ਤੁਮ = ਤੁਸੀਂ ਰਾਜੇ ਲੋਕ ਜਾਚਿਕਾਦਿ = ਮੰਗਤਿਆਂ ਤੇ ਨੌਕਰਾਂ ਆਦਿਕਾਂ ਨੂੰ ਦਾਨ ਤੇ ਮਾਨ = ਸਤਿਕਾਰ ਕੇ = ਦੇ ਦੇਣ ਲਈ ਯੋਗ = ਲਾਇਕ ਹੋ।

---

੧. ਅਥਿਤ = ਜਿਸ ਦੇ ਆਉਣ ਦੀ ਕੋਈ ਥਿੱਤ ਮੁਕੱਰਰ ਨਹੀਂ, ਭਾਵ ਅਚਾਨਕ ਆਉਣ ਵਾਲਾ ਲੋੜਵੰਦ।

## ਤਿਉ ਹਮ ਤੇ ਤਵ ਊਪ; ਹੋਤ ਨ ਸਮਤਾ ਭਾਵ ਤੇ ॥੧੧॥

ਤਿਉਂ = ਤਿਵੇਂ ਹੀ ਤਵ = ਤੁਸੀਂ ਰਾਜੇ ਲੋਕ ਹਮ = ਮੇਰੇ ਕੋਲੋਂ ਦਾਨ ਤੇ ਊਪ = ਵਡਿਆਈ ਲੈਣ ਕਰਕੇ ਉੱਚੇ ਤਾਂ ਹੋ ਸਕਦੇ ਹੋ, ਪਰੰਤੂ ਸਮਤਾ = ਸਮਾਨਤਾ ਭਾਵ ਕਰਕੇ ਤੁਸੀਂ ਮੇਰੇ ਤੇ = ਤੋਂ ਉੱਚੇ ਨਹੀਂ ਹੋ ਸਕਦੇ, ਕਿਉਂਕਿ ਤੁਹਾਡਾ ਤੇ ਮੇਰਾ ਸਮਾਨ ਭਾਵ ਹੈ ॥੧੧॥

## ਦੋਹਰਾ ॥

## ਕਿੰਚਤ ਤਵ ਮਮ ਸਾਮਤਾ; ਬਾਹਯ ਗੁਨੋਂ ਕਰ ਚੀਨ ॥

ਹੇ ਰਾਜਨ! ਤਵ = ਤੇਰੀ ਤੇ ਮਮ = ਮੇਰੀ ਸਾਮਤਾ = ਸਮਾਨਤਾ ਕਿੰਚਤ = ਥੋੜ੍ਹੇ ਮਾਤਰ ਹੀ ਹੈ, ਉਹ ਵੀ ਬਾਹਯ = ਬਾਹਰਲੇ ਗੁਨੋਂ = ਗੁਣਾਂ ਕਰਕੇ ਚੀਨ = ਪਛਾਣੀ ਜਾਂਦੀ ਹੈ।

## ਰਾਜਾਂਤਰ ਮੈ ਅੰਤਰੋ; ਹਮ ਅਦੀਨ ਤੁਮ ਦੀਨ ॥੧੨॥

ਪਰ ਰਾਜਾਂਤਰ (ਰਾਜ + ਅੰਤਰ) ਅੰਤਰ = ਅੰਦਰਲੇ ਆਤਮਿਕ ਸਰੂਪ ਰੂਪੀ ਰਾਜ ਮੈ = ਵਿਚ ਤਾਂ ਬਹੁਤ ਅੰਤਰੋ = ਭੇਦ, ਫ਼ਰਕ ਹੈ, ਕਿਉਂਕਿ ਹਮ = ਮੈਂ ਅਦੀਨ = ਉਦਾਰ ਭਾਵ ਸੁਤੰਤਰ ਹਾਂ ਅਤੇ ਤੁਮ = ਤੂੰ ਦੀਨ = ਮੁਥਾਜ, ਪਤੰਤ੍ਰ ਹੈਂ ॥੧੨॥

## ਦੋਹਰਾ ॥

## ਯਥਾ ਲਾਭ ਸੰਤੁਸ਼ਟ ਹਮ; ਨਿਜਾਨੰਦ ਮੈ ਲੀਨ ॥

ਹੇ ਰਾਜਨ! ਯਥਾ ਲਾਭ = ਜੋ ਕੁਝ ਵੀ ਸਾਨੂੰ ਸਾਧੂ ਜਨਾਂ ਨੂੰ ਪ੍ਰਾਲਬਧ ਅਨੁਸਾਰ ਮਿਲ ਜਾਂਦਾ ਹੈ, ਹਮ = ਅਸੀਂ ਉਸ ਅਨੁਸਾਰ ਸੰਤੁਸ਼ਟ = ਅਤਿਅੰਤ ਪ੍ਰਸੰਨ ਰਹਿੰਦੇ ਹਾਂ ਅਤੇ (ਨਿਜ + ਅਨੰਦ) ਨਿਜ = ਆਪਣੇ ਆਤਮ ਸਰੂਪ ਦੇ ਆਨੰਦ ਮੈ = ਵਿਚ ਲੀਨ = ਮਗਨ ਰਹਿੰਦੇ ਹਾਂ।

## ਇਤ ਉਤ ਕੇ ਸੁਖ ਸੋਂ ਅਹਿਤ;
## ਯਾ ਬਿਧਿ ਅਹੰ ਅਦੀਨ ॥੧੩॥

ਅਤੇ ਅਸੀਂ ਇਤ = ਇਸ ਲੋਕ ਅਤੇ ਉਤ = ਉਸ ਲੋਕ ਭਾਵ ਪਰਲੋਕ ਕੇ = ਦੇ ਸੁਖਾਂ ਸੋਂ = ਨਾਲ ਅਹਿਤ = ਪ੍ਰੇਮ ਕਰਨ ਤੋਂ ਰਹਿਤ ਹਾਂ **ਅਥਵਾ** ਇਨ੍ਹਾਂ ਦੀ ਇੱਛਾ ਤੋਂ ਰਹਿਤ ਹਾਂ, ਯਾ = ਇਸ ਬਿਧਿ = ਪ੍ਰਕਾਰ ਨਾਲ ਅਹੰ = ਮੈਂ ਅਦੀਨ = ਦੀਨਤਾ ਤੋਂ ਰਹਿਤ ਭਾਵ ਸੁਤੰਤਰ ਹਾਂ ॥੧੩॥

## ਸੋਰਠਾ ॥

## ਮਦਨ ਮਦਾਦਿ ਕਲੇਸ਼; ਸ਼ੋਕ ਲੋਕ ਪ੍ਰਲੋਕ ਕੇ ॥

ਹੇ ਰਾਜਨ! ਤੈਨੂੰ ਮਦਨ = ਕਾਮ, ਕ੍ਰੋਧ, ਲੋਭ, ਮੋਹ ਮਦਾਦਿ = ਹੰਕਾਰ ਆਦਿਕਾਂ ਦਾ ਕਲੇਸ਼ ਹੈ ਅਤੇ ਲੋਕ ਪਰਲੋਕ ਕੇ = ਦੇ ਕਲੇਸ਼ਾਂ ਦਾ ਸ਼ੋਕ = ਗ਼ਮ ਹੈ।

**ਪੰਜ ਪ੍ਰਕਾਰ ਦੇ ਕਲੇਸ਼**

(੧) **ਅਵਿੱਦਿਆ**—ਆਤਮ ਸਰੂਪ ਦੇ ਪ੍ਰਕਾਸ਼ ਤੋਂ ਰਹਿਤ ਹੋਣਾ, (੨) **ਅਸੰਮਤਾ**—ਬਿਰਤੀ ਦੀ ਅਸਮਾਨਤਾ, (੩) **ਅਭੀਨਿਵੇਸ਼**—ਬੇਦਾਂ ਸ਼ਾਸਤਰਾਂ ਅਤੇ ਗੁਰਾਂ ਦੀ ਕਹੀ ਗੱਲ ਤੋਂ ਵਿਪਰੀਤ ਹੱਠ ਕਰਨਾ, (੪) **ਰਾਗ**—ਮੋਹ, (੫) **ਦ੍ਵੈਸ਼**—ਵੈਰ ਭਾਵ।

## ਤਾਂ ਕਰਿ ਦੁਖੀ ਹਮੇਸ਼; ਤੂੰ ਨਰੇਸ਼ ਹੈਂ ਦੀਨ ਇਉਂ ॥੧੪॥

ਤਾਂ ਕਰਿ = ਤਦ ਕਰਕੇ ਤੂੰ ਹਮੇਸ਼ = ਸਦਾ ਹੀ ਦੁਖੀ ਰਹਿੰਦਾ ਹੈਂ, ਹੇ ਨਰੇਸ਼ = ਰਾਜਨ! ਇਉਂ = ਇਸ ਪ੍ਰਕਾਰ ਦੇ ਨਾਲ ਤੂੰ ਦੀਨ = ਮੁਥਾਜ ਹੈਂ॥੧੪॥

## ਜਗ ਜੀਵਨ ਦਿਨ ਚਾਰ; ਤਜਿ ਮਦ ਸ੍ਵੈਛਿਤ ਸੰਚਰੋ ॥

ਹੇ ਰਾਜਨ! ਇਸ ਜਗ = ਸੰਸਾਰ ਦਾ ਜੀਵਨ ਚਾਰ ਕੁ ਦਿਨ ਦਾ ਹੈ **ਅਥਵਾ** ਸੱਤ ਦਿਨਾਂ ਵਿੱਚੋਂ ਇਕ ਦਿਨ ਜਨਮ ਦਾ, ਇਕ ਦਿਨ ਅੱਜ ਦਾ, ਇਕ ਦਿਨ ਮਰਨ ਦਾ ਬਾਕੀ ਪਿੱਛੇ ਚਾਰ ਕੁ ਦਿਨ ਹਨ, ਇਸ ਕਰਕੇ ਸੰਸਾਰ ਦਾ ਜੀਵਨ ਚਾਰ ਕੁ ਦਿਨ ਦਾ ਹੀ ਹੈ, ਇਸ ਕਰਕੇ ਤੂੰ ਇਸ ਝੂਠੇ ਰਾਜ ਦਾ ਮਦ = ਹੰਕਾਰ ਤਜਿ = ਛੱਡਣਾ ਕਰ ਅਤੇ ਸੁਤੰਤਰ ਹੋ ਕੇ (ਸ੍ਵੈ + ਛਿਤ) ਸ੍ਵੈ = ਆਪਣੀ ਛਿਤ = ਇੱਛਾ ਅਨੁਸਾਰ ਸੰਚਰੋ = ਵਿਚਰਨਾ ਕਰ।

## ਸਭ ਜਨ ਹਰਿ ਅਵਤਾਰ; ਕਰੋ ਮਿਤ੍ਰਤਾ ਸਰਬ ਸਹ ॥੧੫॥

ਸਭ = ਸਾਰੇ ਜਨ = ਪੁਰਖ ਹਰਿ = ਹਰੀ ਪਰਮੇਸ਼ਰ ਦਾ ਹੀ ਅਵਤਾਰ ਹਨ ਭਾਵ ਪ੍ਰਭੂ ਦੀ ਚੇਤਨ ਸੱਤਾ ਸਭ ਅੰਦਰ ਹੋਣ ਕਰਕੇ ਸਾਰੇ ਹੀ ਉਸ ਦਾ ਸਰੂਪ ਹਨ, ਇਸ ਕਰਕੇ ਹੇ ਰਾਜਨ! ਸਰਬ = ਸਾਰਿਆਂ ਦੇ ਸਹ = ਨਾਲ ਮਿੱਤਰਤਾ ਕਰਨੀ ਕਰੋ॥੧੫॥

## ਦੋਹਰਾ ॥

## ਗਹੇ ਪਾਂਇ ਯੋਗੀਸ ਕੇ; ਨਮੋ ਦੰਡ ਇਵ ਕੀਨ ॥

ਇਵ = ਇਉਂ ਉਪਰੋਕਤ ਵਰਣਨ ਕੀਤੀ ਹੋਈ ਸਿੱਖਿਆ ਨੂੰ ਸੁਣ ਕਰਕੇ ਰਾਜੇ ਨੇ ਯੋਗੀਸ = ਜੋਗੀ ਰਾਜ ਭਰਥਰੀ ਜੀ ਦੇ ਪਾਂਇ = ਚਰਨ ਗਹੇ = ਗ੍ਰਹਿਣ, ਫੜ ਲੈਣਾ ਕੀਤੇ ਅਤੇ ਦੰਡ = ਡੰਡੇਵਤ ਲੰਮਾ ਪੈ ਕੇ ਭਰਥਰੀ ਜੀ ਦੇ ਚਰਨਾਂ ਵਿਚ ਨਮੋ = ਨਮਸਕਾਰ ਕੀਤੀ ਭਾਵ ਡੰਡੇ ਦੀ ਨਿਆਈਂ ਜ਼ਮੀਨ 'ਤੇ ਸਿੱਧਾ ਲਿਟ ਕੇ ਮੱਥਾ ਟੇਕਣਾ ਕੀਤਾ।

## ਆਇਸ ਪਾਇ ਸ੍ਵਦੇਸ਼ ਨ੍ਰਿਪ;
## ਗਯੋ ਮੁਦਿਤ ਮਦ ਹੀਨ ॥੧੬॥

ਇਸ ਪ੍ਰਕਾਰ ਰਾਜਾ ਆਪਣਾ ਮਦ = ਹੰਕਾਰ ਹੀਨ = ਨਾਸ਼ ਕਰ ਕੇ ਮੁਦਿਤ = ਪ੍ਰਸੰਨ ਚਿੱਤ ਹੋ ਗਿਆ ਅਤੇ ਭਰਥਰੀ ਜੀ ਦੀ ਆਇਸ = ਆਗਿਆ ਪਾ ਕਰਕੇ ਸ੍ਵਦੇਸ਼ = ਆਪਣੇ ਦੇਸ਼ ਚਲਾ ਗਿਆ॥੧੬॥

## ਦੋਹਰਾ ॥

## ਬਚਨ ਨਾਥ ਕੇ ਧਾਰ ਉਰ; ਡਾਰ ਗਰਬ ਸੰਤਾਪ ॥

ਰਾਜੇ ਨੇ ਨਾਥ = ਭਰਥਰੀ ਹਰੀ ਜੀ ਕੇ = ਦੇ ਬਚਨਾਂ ਨੂੰ ਆਪਣੇ ਉਰ = ਹਿਰਦੇ ਅੰਦਰ ਧਾਰਨ ਕਰ ਕੇ ਗਰਬ = ਹੰਕਾਰ ਤੇ ਸੰਤਾਪ = ਕਲੇਸ਼ਾਂ ਨੂੰ ਡਾਰ = ਸੁੱਟ ਦਿੱਤਾ ਭਾਵ ਨਵਿਰਤ ਕਰ ਲਿਆ।

## ਭੂਪ ਅਭਯ ਵਿਚਰਤ ਭੋ; ਬ੍ਰਿਥਾ ਨ ਸਾਧ ਮਿਲਾਪ ॥੧੭॥

ਭੋ = ਹੇ ਭਾਈ! ਹੁਣ ਭੂਪ = ਰਾਜਾ ਅਭਯ = ਡਰ ਤੋਂ ਰਹਿਤ ਹੋ ਕੇ ਵਿਚਰਤ = ਵਿਚਰਨਾ ਕਰਦਾ ਹੈ, ਇਸ ਕਰਕੇ ਸਾਧ = ਸੰਤ ਜਨਾਂ ਦਾ ਮਿਲਾਪ = ਮੇਲ ਕਦੇ ਵੀ ਬ੍ਰਿਥਾ = ਬਿਅਰਥ ਨਹੀਂ ਜਾਂਦਾ ਹੈ॥੧੭॥

ਦੋਵੇਂ ਪੰਕਤੀਆਂ ਦਾ ਅਰਥ ਅੰਨਵੈ ਅਨੁਸਾਰ :

## ਦੋਹਰਾ ॥

## ਅੰਮ੍ਰਿਤ ਬਚਨ ਕੀ ਬ੍ਰਿਸ਼ਟ ਕਰਿ; ਕ੍ਰਿਪਾ ਦ੍ਰਿਸ਼ਟ ਕੇ ਸਾਥ ॥
## ਗਰਬ ਤਾਪੁ ਨਰ ਨਾਥ ਕੋ; ਹਰਿਓ ਨਾਥ ਕੋ ਨਾਥ ॥੧੮॥

ਇਸ ਪ੍ਰਕਾਰ ਨਾਥ ਕੋ ਨਾਥ = ਨਾਥਾਂ ਦੇ ਵੀ ਨਾਥ, ਜੋਗੀਰਾਜ ਭਰਥਰੀ ਜੀ ਨੇ ਕਿਰਪਾ ਦ੍ਰਿਸ਼ਟੀ ਕੇ = ਦੇ ਸਾਥ = ਸਮੇਤ ਅੰਮ੍ਰਿਤ ਰੂਪ ਬਚਨਾਂ ਕੀ = ਦੀ ਬ੍ਰਿਸ਼ਟ = ਵਰਖਾ ਕਰ ਕੇ ਉਸ ਨਰ = ਮਨੁੱਖਾਂ ਦੇ ਨਾਥ = ਮਾਲਕ ਰਾਜੇ ਕੋ = ਦਾ ਗਰਬ = ਹੰਕਾਰ ਰੂਪੀ ਤਾਪ ਹਰਿਓ = ਨਾਸ਼ ਕਰ ਦਿੱਤਾ॥੧੮॥

## ਦੋਹਰਾ ॥

## ਸ੍ਰੀ ਭਰਥ ਯੋਗਿੰਦ੍ਰ ਪ੍ਰਤਿ; ਅਮਕ ਖਿਤੀਸੋਵਾਚ ॥

ਇਸ ਤੋਂ ਉਪਰੰਤ ਸ੍ਰੀ ਯੋਗਿੰਦ੍ਰ = ਜੋਗੀਰਾਜ ਭਰਥ = ਭਰਥਰੀ ਜੀ ਦੇ ਪ੍ਰਤਿ = ਤਾਈਂ (ਖਿਤੀਸ + ਉਵਾਚ) ਖਿਤੀਸ = ਪ੍ਰਿਥਵੀ ਦਾ ਇਕ ਹੋਰ ਰਾਜਾ ਅਮਕ = ਆਣ ਕਰਕੇ ਉਵਾਚ = ਬੋਲਿਆ ਕਿ :

## ਚਿੰਤਾ ਮਣ ਸਮ ਰਾਜ ਤਜਿ; ਕਤ ਦਰਿਦ੍ਰ ਮੋਂ ਰਾਚ ॥੧੯॥

ਹੇ ਭਰਥਰੀ ਜੀ! ਤੁਸੀਂ ਆਪਣੇ ਚਿੰਤਾਮਣੀ ਦੇ ਸਮ = ਸਮਾਨ ਰਾਜ-ਭਾਗ ਨੂੰ ਤਜਿ = ਛੱਡ ਕਰਕੇ ਇਸ ਦਰਿਦ੍ਰ = ਕੰਗਾਲੀ ਵਾਲੇ ਭੇਸ ਮੋਂ = ਵਿਚ ਕਤ = ਕਿਸ ਵਾਸਤੇ ਰਾਚ = ਤਦਾਕਾਰ ਹੋ ਰਹੇ ਹੋ॥੧੯॥

## ਦੋਹਰਾ ॥

## ਸਮ ਮੁਦਤਾ ਨਿਰਦੀਨਤਾ; ਨਿਰਭੈ ਸਹਿਤ ਵੀਚਾਰ ॥

ਤਾਂ ਫੇਰ ਸਮ = ਸਮਾਨ ਬਿਰਤੀ ਵਿਚ ਮੁਦਤਾ = ਪ੍ਰਸੰਨਤਾ ਦੇ ਸਹਿਤ ਅਤੇ ਨਿਰਦੀਨਤਾ = ਦੀਨਤਾ ਤੋਂ ਰਹਿਤ ਅਤੇ ਨਿਰਭੈ = ਡਰ ਤੋਂ ਰਹਿਤ ਹੋ ਕਰਕੇ ਵਿਚਾਰ ਦੇ ਸਹਿਤ :

## ਕੀਰਤ ਕਰਤ ਦਰਿਦ੍ਰ ਕੀ; ਤਾਂ ਪ੍ਰਤਿ ਭਰਤ ਉਚਾਰ ॥੨੦॥

ਭਰਤ = ਭਰਥਰੀ ਜੀ ਤਾਂ = ਉਸ ਰਾਜੇ ਦੇ ਪ੍ਰਤਿ = ਤਾਈਂ ਦਰਿਦ੍ਰ = ਗਰੀਬੀ ਕੀ = ਦੀ ਕੀਰਤੀ ਕਰਤ = ਕਰਦੇ ਹੋਏ ਉਚਾਰ = ਉਚਾਰਨ ਕਰਦੇ ਹਨ ॥੨੦॥

## ਚੌਪਈ ॥

## ਵਲ ਕਲ ਕਰ; ਹੁਲਾਸ ਹੈ ਹਮ ਕੋ ॥ ਬਹੁ ਲਖਮੀ ਕਰ; ਮੋਦ ਸੁ ਤੁਮ ਕੋ ॥

ਕਿ ਹੇ ਰਾਜਨ! ਹਮ ਕੋ = ਮੈਨੂੰ ਵਲ ਕਲ = ਬ੍ਰਿਛ ਦੀਆਂ ਛਿੱਲਾਂ ਦੇ ਬਸਤਰ **ਵਾ:** ਭੋਜ ਪੱਤਰ ਦੇ ਬਸਤਰ ਪਹਿਨ ਕਰਕੇ ਹੁਲਾਸ = ਆਨੰਦ ਹੈ ਪਰ ਤੁਮ ਕੋ = ਤੈਨੂੰ ਬਹੁ = ਬਹੁਤੀ ਸੁ = ਉਸ ਲਖਮੀ = ਮਾਇਆ ਕਰਕੇ ਮੋਦ = ਆਨੰਦ ਹੈ।

## ਮੈ ਪ੍ਰਸੰਨ; ਸੱਤੂ ਸਾਗਾਦਿਹ ॥ ਤੂੰ ਪ੍ਰਸੀਦ; ਬਹੁਤ ਬਿੰਜਨ ਸ੍ਵਾਦਹਿ ॥੨੧॥

ਮੈਂ ਤਾਂ ਸੱਤੂ[੧] ਅਤੇ ਸਾਗਾਦਿਹ = ਸਾਗ ਆਦਿ ਖਾ ਕਰਕੇ ਪ੍ਰਸੰਨ = ਖ਼ੁਸ਼ ਹੁੰਦਾ ਹਾਂ ਅਤੇ ਤੂੰ ਬਹੁ = ਬਹੁਤ ਪ੍ਰਕਾਰ ਦੇ ਸ੍ਵਾਦਹਿ = ਸੁਆਦਲੇ ਬਿੰਜਨ = ਭੋਜਨ ਖਾ ਕੇ ਪ੍ਰਸੀਦ = ਪ੍ਰਸੰਨ ਹੁੰਦਾ ਹੈਂ ॥੨੧॥

## ਵਿਅੰ ਹਰਖ; ਖਿਤ ਸੈਲ ਸੈਨ ਕਰਿ ॥ ਯੁਯੰ ਤੁਸ਼ਟ; ਦ੍ਵੂਰ ਦੁਰਦ ਖਾਟ ਪਰ ॥

ਵਿਅੰ = ਹਮ ਭਾਵ ਮੈਨੂੰ ਤਾਂ ਖਿਤ = ਧਰਤੀ ਅਤੇ ਸੈਲ = ਪਰਬਤ ਉੱਤੇ ਸੈਨ = ਸੌਣ ਕਰਕੇ ਹਰਖ = ਖ਼ੁਸ਼ੀ ਹੁੰਦੀ ਹੈ, ਪਰ ਯੁਯੰ = ਤੈਨੂੰ ਦੁਰਦ = ਹਾਥੀ ਦੰਦਾਂ ਦੇ ਦ੍ਵੂਰ = ਦਰਵਾਜ਼ੇ ਵੇਖ ਕੇ ਅਤੇ ਖਾਟ = ਪਲੰਘ ਪਰ = ਉੱਪਰ ਸੌਂ ਕਰਕੇ ਤੁਸ਼ਟ = ਖ਼ੁਸ਼ੀ ਹੁੰਦੀ ਹੈ।

## ਸ਼ਾਂਤਿ ਤ੍ਰਿਯਾ ਯੁਤਿ; ਮਮ ਸੰਤੋਖਾ ॥ ਸੁੰਦਰ ਨਾਰਿਨ ਕਰ; ਤਵ ਪੋਖਾ ॥੨੨॥

ਹੇ ਰਾਜਨ! ਮਮ = ਮੈਂ ਤਾਂ ਆਤਮ ਵਿਸ਼ੈਣੀ ਬੁੱਧ ਰੂਪ ਤ੍ਰਿਯਾ = ਇਸਤਰੀ ਦੇ ਯੁਤਿ = ਸਹਿਤ ਹੋਣ ਕਰਕੇ ਮਨ ਕਰਕੇ ਸ਼ਾਂਤ ਅਤੇ ਸੰਤੋਖਾ = ਸਬਰ ਵਾਲਾ ਹਾਂ ਪਰੰਤੂ ਤਵ = ਤੂੰ ਸੁੰਦਰ ਨਾਰਿਨ = ਇਸਤਰੀਆਂ ਦਾ ਪੋਖਾ = ਪਾਲਣ ਪੋਸ਼ਣ ਕਰ ਕੇ ਉਨ੍ਹਾਂ ਨਾਲ ਭੋਗ ਵਿਲਾਸ ਕਰਨ ਵਾਲਾ ਹੈਂ ॥੨੨॥

---

੧. ਸੱਤੂ = ਜੌਂ ਆਦਿਕ ਅੰਨ ਭੁੰਨ ਕੇ ਪੀਠਾ ਹੋਇਆ ਆਟਾ, ਜਿਸ ਨੂੰ ਮਿੱਠਾ ਜਾਂ ਲੂਣ ਮਿਲਾ ਕੇ ਪਾਣੀ ਵਿਚ ਨਰਮ ਕਰ ਕੇ ਖਾਈਦਾ ਹੈ।

## ਨ੍ਰਿਪਤ ਤ੍ਰਿਪਤਿਤਾ ਜੋ; ਜਨ ਗ੍ਰਾਮੈ ॥
## ਕਿੰਚਿਤ ਤਾਰ ਤੰਮ; ਨਹੀਂ ਤਾਮੈ ॥

ਹੇ ਨ੍ਰਿਪਤ = ਰਾਜਨ ! ਜੋ ਤ੍ਰਿਪਤਿਤਾ = ਤ੍ਰਿਪਤੀ ਹੈ, ਉਹ ਗ੍ਰਾਮੈ = ਸਭਨਾਂ ਜਨ = ਪੁਰਖਾਂ ਵਿਚ ਇਕ ਸਮਾਨ ਹੈ, ਤਾਮੈ = ਉਸ ਦੇ ਵਿਚ ਕਿੰਚਿਤ = ਥੋੜ੍ਹੇ ਮਾਤਰ ਵੀ ਤਾਰ ਤੰਮ = ਘਾਟਾ-ਵਾਧਾ ਨਹੀਂ ਹੈ।

## ਪੁਨਾ ਦਰਿ੍ਦੀ; ਭਵਤੁ ਵਹੀ ਨਰ ॥
## ਹ੍ਰਿਦੈ ਸੁ ਜਾਸੁ; ਪ੍ਰਕਾਸ਼ ਆਸ ਤਰੁ ॥੨੩॥

ਪੁਨਾ = ਫਿਰ ਵਹੀ = ਉਹੀ ਨਰ = ਪੁਰਸ਼ ਦਰਿ੍ਦੀ ਭਵਤੁ = ਹੁੰਦਾ ਹੈ, ਜਾਸੁ = ਜਿਸ ਦੇ ਹਿਰਦੇ ਅੰਦਰ ਸੁ = ਉਹ ਆਸ = ਉਮੀਦਾਂ ਰੂਪੀ ਤਰੁ = ਬ੍ਰਿਛ ਪ੍ਰਕਾਸ਼ ਭਾਵ ਉੱਗਿਆ ਹੋਇਆ ਹੈ॥੨੩॥

## ਭੂਪਤ ਚਿਤ; ਪ੍ਰਾਤੁਸਟੈ ਜਬਹੀਂ ॥
## ਕੋ ਧਨਵੰਤ; ਰੰਕ ਕੋ ਤਬਹੀ ॥

ਹੇ ਭੂਪਤ = ਰਾਜਨ ! ਜਬਹੀਂ = ਜਦੋਂ ਕਿਸੇ ਦਾ ਚਿੱਤ ਨਾਮ ਦੇ ਆਨੰਦ ਵਿਚ ਪ੍ਰਾਤੁਸਟੈ = ਅਤਿਅੰਤ ਪ੍ਰਸੰਨਤਾ ਪ੍ਰਾਪਤ ਕਰ ਲਵੇ ਤਬਹੀ = ਤਦ ਫਿਰ ਕੋ = ਕੌਣ ਧਨਵੰਤ = ਧਨੀ ਤੇ ਕੋ = ਕੌਣ ਰੰਕ = ਕੰਗਾਲ ਹੈ ? ਭਾਵ ਇਸ ਅਵਸਥਾ ਵਿਚ ਕੋਈ ਧਨੀ ਤੇ ਕੰਗਾਲ ਨਹੀਂ ਦਿਖਦਾ, ਸਭ ਪਰਮਾਤਮਾ ਦਾ ਰੂਪ ਹੀ ਦਿੱਸਦੇ ਹਨ। ਜੈਸਾ ਕਿ :

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**

*(ਆਸਾ ਭਗਤ ਨਾਮਦੇਵ ਜੀ, ਅੰਗ ੪੮੫)*

## ਮੋ ਮਨ ਅਬ; ਸੰਤੁਸ਼ਟ ਭਯੋ ਅਤਿ ॥
## ਨਾਹਿੰ ਦਰਿਦ੍ਰੀ; ਧਨੀ ਨਿਹਾਰਤਿ ॥੨੪॥

ਹੇ ਰਾਜਨ ! ਅਬ = ਹੁਣ ਮੋ = ਮੇਰਾ ਮਨ ਵੀ ਅਤਿ = ਅਤਿਅੰਤ ਸੰਤੁਸ਼ਟ = ਪ੍ਰਸੰਨ ਭਯੋ = ਹੋ ਗਿਆ ਹੈ, ਇਸ ਕਰਕੇ ਮੇਰਾ ਮਨ ਹੁਣ ਕਿਸੇ ਨੂੰ ਧਨੀ ਅਤੇ ਦਰਿਦ੍ਰੀ = ਕੰਗਾਲ ਕਰਕੇ ਨਾਹਿੰ = ਨਹੀਂ ਨਿਹਾਰਤਿ = ਦੇਖਦਾ ਬਲਕਿ ਸਾਰਿਆਂ ਨੂੰ ਪਰਮੇਸ਼ਰ ਦਾ ਰੂਪ ਕਰਕੇ ਦੇਖਣਾ ਕਰਦਾ ਹੈ॥੨੪॥

## ਭੇਦ ਭਾਵ ਸਗਰੋ; ਅਬ ਨਾਸਿਓ ॥
## ਏਕ ਬ੍ਰਹਮ; ਉਰ ਮਾਹਿ ਪ੍ਰਕਾਸਿਓ ॥

ਇਸ ਪ੍ਰਕਾਰ ਦੇ ਨਾਲ ਅਬ = ਹੁਣ ਮੇਰਾ ਸਗਰੋ = ਸਾਰਾ ਹੀ ਭੇਦ ਭਾਵ ਨਾਸਿਓ = ਨਾਸ਼ ਹੋ ਗਿਆ ਹੈ ਅਤੇ ਉਰ = ਹਿਰਦੇ ਦੇ ਮਾਹਿ = ਵਿਚ ਏਕ = ਅਦੁੱਤੀ ਬ੍ਰਹਮ = ਪਰਮਾਤਮਾ ਦਾ ਪ੍ਰਕਾਸਿਓ = ਪ੍ਰਕਾਸ਼ ਹੋ ਗਿਆ ਹੈ ਭਾਵ ਮੇਰੇ ਹਿਰਦੇ ਅੰਦਰ ਬ੍ਰਹਮ ਦਾ ਸਾਖਿਆਤਕਾਰ ਹੋ ਗਿਆ ਹੈ।

## ਪਰਮਾਨੰਦ ਬ੍ਰਹਮ; ਮੈ ਜੋਰਾ ॥
## ਪਰਮਾਨੰਦ ਭਯੋ; ਮਨ ਮੋਰਾ ॥੨੫॥

ਜਦੋਂ ਮੈਂ ਪਰਮਾਨੰਦ = ਵੱਡਾ ਆਨੰਦ ਦੇਣ ਵਾਲੇ ਬ੍ਰਹਮ = ਪਰਮੇਸ਼ਰ ਵਿਚ ਆਪਣੇ ਮਨ ਨੂੰ ਜੋਰਾ = ਜੋੜਨਾ ਕੀਤਾ, ਹੇ ਰਾਜਨ ! ਤਾਂ ਫੇਰ ਮੋਰਾ = ਮੇਰਾ ਮਨ ਪਰਮਾਨੰਦ = ਪਰਮ ਆਨੰਦ ਦਾ ਸਰੂਪ ਹੀ ਹੋ ਗਿਆ ਹੈ ਭਾਵ ਬ੍ਰਹਮਾਨੰਦ ਦੇ ਰੰਗ ਵਿਚ ਮਗਨ ਹੋ ਗਿਆ ਹੈ ॥੨੫॥

## ਬ੍ਰਹਮਾਕਾਰ ਭਯੋ; ਮਨ ਜਾਂ ਤੈ ॥
## ਬ੍ਰਹਮਾਕਾਰ ਲਖੋਂ; ਭਵ ਤਾਂ ਤੈ ॥

ਜਾਂ ਤੈ = ਜਦੋਂ ਤੋਂ ਮੇਰਾ ਮਨ (ਬ੍ਰਹਮ + ਅਕਾਰ) ਬ੍ਰਹਮ ਅਕਾਰ = ਸਰੂਪ ਭਯੋ = ਹੋ ਗਿਆ ਹੈ ਤਾਂ ਤੈ = ਤਦੋਂ ਤੋਂ ਮੈਂ ਸਾਰੇ ਭਵ = ਸੰਸਾਰ ਨੂੰ ਬ੍ਰਹਮਾਕਾਰ = ਬ੍ਰਹਮ ਦਾ ਸਰੂਪ ਹੀ ਲਖੋਂ = ਜਾਣਨਾ ਕੀਤਾ ਹੈ। ਜੈਸਾ ਕਿ :

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥**

*(ਰਾਮਕਲੀ ਮ: ੩ ਅਨੰਦੁ, ਅੰਗ ੯੨੨)*

## ਤੁਮ ਜੁ ਕਹਿਯੋ; ਨ੍ਰਿਪ ਮੋਹਿ ਦਰਿਦ੍ਰੀ ॥
## ਕਵਨ ਜੁਗਤਿ; ਤੁਮ ਇਨ ਮੈ ਅਦ੍ਰੀ ॥੨੬॥

ਹੇ ਨ੍ਰਿਪ = ਰਾਜਨ ! ਜੋ ਤੁਮ = ਤੂੰ ਮੋਹਿ = ਮੈਨੂੰ ਦਰਿਦ੍ਰੀ ਕਹਿਯੋ = ਕਿਹਾ ਹੈ, ਇਨ ਮੈ = ਇਸ ਵਿਚ ਤੁਮ = ਤੂੰ ਕਵਨ = ਕਿਹੜੀ ਜੁਗਤੀ ਨਾਲ ਮੇਰੇ ਵਿਚ ਅਦ੍ਰੀ = ਪਹਾੜ ਵਰਗਾ ਦਰਿਦ੍ਰੀ ਹੋਣ ਦਾ ਔਗੁਣ ਦੇਖਿਆ ਹੈ ?॥੨੬॥

## ਦੇਖਿ ਦਿਗੰਬਰ; ਕਾਂਇ ਵਿਵਰਨਾ ॥
## ਮੋਹਿ ਦਰਿਦ੍ਰੀ; ਤੋਹਿ ਜੁ ਵਰਨਾ ॥

ਹੇ ਰਾਜਨ ! ਤੋਹਿ = ਤੂੰ ਜੋ ਮੇਰੀ ਦਿਗੰਬਰ = ਨਗਨ ਕਾਂਇ = ਦੇਹ ਦਾ ਵਿਵਰਨਾ = ਬਦਰੰਗ ਦੇਖਿ = ਵੇਖ ਕਰਕੇ ਮੋਹਿ = ਮੈਨੂੰ ਦਰਿਦ੍ਰੀ ਵਰਨਾ = ਕਹਿਣਾ ਕੀਤਾ ਹੈ। ਇਸ ਗੱਲ ਨੂੰ ਧਿਆਨ ਨਾਲ ਸੁਣਨਾ ਕਰ :

## ਦੈ ਕਰਿ ਤੁਮ ਤੇ; ਅਧਿਕ ਸਮਾਜਾ ॥
## ਲਯੋ ਦਰਿਦ੍ਰ; ਮੋਲ ਰੇ ਰਾਜਾ ॥੨੭॥

ਰੇ = ਹੇ ਰਾਜਨ ! ਮੈਂ ਤੁਮ ਤੇ = ਤੇਰੇ ਨਾਲੋਂ ਅਧਿਕ = ਬਹੁਤਾ ਜ਼ਿਆਦਾ ਸਮਾਜਾ = ਰਾਜ-ਭਾਗ ਦੈ = ਦੇ ਕਰਕੇ ਇਸ ਦਰਿੱਦਰ ਰੂਪੀ ਰਾਜ ਨੂੰ ਮੁੱਲ ਲਯੋ = ਲੈਣਾ ਕੀਤਾ ਹੈ ॥੨੭॥

## ਜਾਂਸ ਪ੍ਰਤਾਪ; ਨਿਜਾਤਮ ਸੋਧਾ॥
## ਭਏ ਨਿਰਸਤ; ਸਮਸਤ ਵਿਰੋਧਾ॥

ਜਾਂਸ = ਜਿਸ ਦੇ ਪ੍ਰਤਾਪ = ਤੇਜ ਕਰਕੇ ਮੈ (ਨਿਜ + ਆਤਮ) ਨਿਜ = ਆਪਣੇ ਆਤਮ ਸਰੂਪ ਨੂੰ ਸੋਧਾ = ਸੋਧਣਾ ਕੀਤਾ ਹੈ, ਭਾਵ ਜੋ ਮੈਂ ਅਗਿਆਨ ਕਰਕੇ ਆਪਣੇ ਆਤਮ ਸਰੂਪ ਨੂੰ ਪਾਉਣ ਤੋਂ ਰਹਿਤ ਸੀ, ਉਹ ਹੁਣ ਮੈਂ ਆਪਣੇ ਆਤਮ ਸਰੂਪ ਨੂੰ ਜਾਣ ਲਿਆ ਹੈ ਅਤੇ ਜੋ ਵਿਸ਼ੇ-ਵਿਕਾਰ ਆਤਮ ਸਰੂਪ ਜਾਣਨ ਤੋਂ ਵਿਰੋਧਾ = ਰੋਕਣ ਵਾਲੇ ਸਨ ਭਾਵ ਵਿਘਨ ਪਾਉਣ ਵਾਲੇ ਸਨ, ਉਹ ਹੁਣ ਸਮਸਤ = ਸਾਰੇ ਹੀ ਨਿਰਸਤ = ਨਾਸ਼ ਭਏ = ਹੋ ਗਏ ਹਨ **ਵਾ:** ਮੈਂ ਉਨ੍ਹਾਂ ਵੱਲੋਂ ਨਿਰਸਤ = ਨਿਰਾਸ਼ ਹੋ ਗਿਆ ਹਾਂ ਭਾਵ ਹੁਣ ਮੇਰੀ ਬਿਰਤੀ ਵਿਸ਼ਿਆਂ ਵੱਲੋਂ ਉਪਰਾਮਤਾ ਵਾਲੀ ਹੋ ਗਈ ਹੈ।

## ਜਾਸ ਮਯਾ ਕਰਿ; ਹੇ ਨਰਰਾਈ॥
## ਮੈਂ ਅਬ; ਸਿਧਿ ਅਵਸਥਾ ਪਾਈ॥੨੮॥

ਹੇ ਨਰਰਾਈ = ਨਰਾਂ ਦੇ ਰਾਜਨ! ਜਾਸ = ਜਿਸ ਦਰਿੱਦਰ ਦੀ ਮਯਾ = ਕਿਰਪਾ ਕਰਕੇ ਹੀ ਅਬ = ਹੁਣ ਮੈਂ ਸਿਧਿ = ਮੁਕਤ ਰੂਪ ਅਵਸਥਾ ਪਾਈ = ਪ੍ਰਾਪਤ ਕੀਤੀ ਹੈ, ਭਾਵ ਮੁਕਤੀ ਨੂੰ ਪ੍ਰਾਪਤ ਕੀਤਾ ਹੈ॥੨੮॥

## ਅਵਿਲੋਕੋਂ ਮੈ; ਲੋਕ ਸਬਾਇਆ॥
## ਮੋਹਿ ਨ ਹੇਰਤ; ਹੇ ਖਿਤਰਾਇਆ॥

ਹੇ ਖਿਤਰਾਇਆ = ਧਰਤੀ ਦੇ ਰਾਜੇ! ਜੋ ਸਬਾਇਆ = ਸਾਰੇ ਲੋਕ ਅਗਿਆਨ ਦੇ ਵੱਸ ਹਨ, ਮੈਂ ਤਾਂ ਉਨ੍ਹਾਂ ਸਾਰਿਆਂ ਨੂੰ ਜੰਮਣ ਮਰਨ ਰੂਪ ਦੁੱਖ ਕਰਕੇ ਦੁਖੀ ਅਵਿਲੋਕੋਂ = ਵੇਖਣਾ ਕਰਦਾ ਹਾਂ, ਪਰ ਮੋਹਿ = ਮੈਨੂੰ ਕੋਈ ਵੀ ਅਗਿਆਨੀ ਪੁਰਸ਼ ਹੇਰਤ = ਵੇਖ ਨਹੀਂ ਸਕਦਾ ਕਿ ਇਹ ਆਤਮ ਸਰੂਪ ਰੂਪੀ ਸੁਖ ਨੂੰ ਪ੍ਰਾਪਤ ਕਰ ਕੇ ਅਤਿਅੰਤ ਸੁਖੀ ਹੈ।

## ਦੂਧਾ ਪ੍ਰਕਾਰ; ਦਰਿਦ੍ਰ ਬਖਾਨਾ॥
## ਏਕ ਸਤੋ ਮਯ; ਤਮ ਮਯ ਆਨਾ॥੨੯॥

ਹੇ ਰਾਜਨ! ਇਹ ਦਰਿੱਦਰ ਦੂਧਾ = ਦੋ ਪ੍ਰਕਾਰ ਕਾ ਬਖਾਨਾ = ਕਥਨ ਕੀਤਾ ਜਾਂਦਾ ਹੈ, ਏਕ = ਇਕ ਤਾਂ ਸਤੋਗੁਣ ਮਯ = ਰੂਪ ਤੇ ਆਨਾ = ਦੂਸਰਾ ਤਮ = ਤਮੋਗੁਣ ਮਯ = ਰੂਪ ਹੈ॥੨੯॥

## ਮਨ ਕਰ ਤਨ ਕਰ; ਭੋਗ ਅਸੰਗ੍ਰਹ॥
## ਯਹਿ ਵਰਿਸ਼ਟ; ਦਰਿਦ੍ਰ ਮੋਰ ਗ੍ਰਿਹ॥

ਜੋ ਮਨ ਕਰਕੇ ਅਤੇ ਤਨ ਕਰਕੇ ਭੋਗਾਂ ਦਾ ਅਸੰਗ੍ਰਹ = ਤਿਆਗ ਕਰਨਾ ਹੈ ਯਹਿ = ਇਹ ਵਰਿਸ਼ਟ = ਅਤਿ ਉੱਤਮ ਦਰਿਦ੍ਰ ਮੋਰ = ਮੇਰੇ ਹਿਰਦੇ ਰੂਪੀ ਗ੍ਰਿਹ = ਘਰ ਵਿਚ ਹੈ।

## ਹਰਿ ਗੁਰ ਭਗਤ ਕ੍ਰਿਪਾਦ; ਤਿਆਗ ਜਹਿੰ ॥
## ਸੋ ਕਨਿਸ਼ਟ ਦਾਰਿਦਰ; ਤੋਰ ਮਹਿੰ ॥੩੦॥

ਹੇ ਰਾਜਨ ! ਪਰੰਤੂ ਜੋ ਹਰਿ = ਪਰਮੇਸ਼ਰ ਦੀ ਤੇ ਗੁਰਾਂ ਦੀ ਭਗਤੀ **ਵਾ:** ਹਰੀ ਸਰੂਪ ਗੁਰਾਂ ਦੀ ਭਗਤੀ ਅਤੇ ਦੀਨ ਦੁਖੀਆਂ ਉੱਤੇ ਕ੍ਰਿਪਾਦ = ਕਿਰਪਾ ਕਰਨੀ ਆਦਿਕ ਸ਼ੁਭ ਗੁਣਾਂ ਦਾ ਤਿਆਗ ਕਰਨਾ ਹੈ, ਸੋ = ਉਹ ਕਨਿਸ਼ਟ ਦਰਿੱਦਰ ਤੋਰ = ਤੇਰੇ ਮਹਿੰ = ਵਿਚ ਹੈ ॥੩੦॥

## ਚਾਹਿ ਆਹਿ; ਮਨ ਜਾਹਿ ਮਾਹਿ ਅਤਿ ॥
## ਸੋ ਪਿ; ਦਰਿਦ੍ਰੀ ਤੁਮਾ ਵਤਿ ਨਰਪਤਿ ॥

ਹੇ ਨਰਪਤਿ = ਰਾਜਨ ! ਜਾਹਿ = ਜਿਸ ਪੁਰਸ਼ ਦੇ ਮਨ ਮਾਹਿ = ਵਿਚ ਅਤਿ = ਅਤਿਅੰਤ ਚਾਹਿ = ਤ੍ਰਿਸ਼ਨਾ ਆਹਿ = ਹੈ, ਸੋ = ਉਹ ਪਿ = ਭੀ ਤੁਮ = ਤੇਰੇ ਵਤਿ = ਵਾਂਗ ਦਰਿੱਦਰੀ ਹੈ।

## ਤੁਛ ਸਦੁਖ; ਵਿਨਾਸੀ ਸੰਪਤਿ ॥
## ਪਾਇ ਬ੍ਰਿਥਾ; ਨ੍ਰਿਪ ਤੁਮ ਵਤਿ ਗਰਬਤਿ ॥੩੧॥

ਹੇ ਨ੍ਰਿਪ = ਰਾਜਨ ! ਜੋ ਸੰਪਤਿ = ਧਨ ਪਦਾਰਥ ਆਦਿ ਵਿਭੂਤੀ ਤੁਛ ਮਾਤਰ ਤੇ ਸਦੁਖ = ਦੁੱਖਾਂ ਦੇ ਸਹਿਤ ਅਤੇ ਖਿਨ ਵਿਚ ਹੀ ਨਾਸ਼ ਹੋ ਜਾਣ ਵਾਲੀ ਹੈ, ਪਰ ਫੇਰ ਵੀ ਲੋਕ ਉਸ ਨੂੰ ਪਾਇ = ਪ੍ਰਾਪਤ ਕਰ ਕੇ ਤੁਮ ਵਤ = ਤੇਰੇ ਵਾਂਗ ਬ੍ਰਿਥਾ = ਵਿਅਰਥ ਹੀ ਗਰਬਤਿ = ਹੰਕਾਰ ਕਰਦੇ ਹਨ ॥੩੧॥

## ਦੋਹਰਾ ॥
## ਮੌਨ ਧਰੋ ਨਿਜ ਭੌਨ ਕੋ; ਗੌਨ ਕਰੋ ਭੂਪਾਲ ॥

ਹੇ ਭੂਪਾਲ = ਰਾਜਨ ! ਮੌਨ = ਚੁੱਪ ਧਰੋ = ਧਾਰਨ ਕਰ ਅਤੇ ਨਿਜ = ਆਪਣੇ ਭੌਨ = ਘਰ ਕੋ = ਨੂੰ ਗੌਨ = ਗਵਨ ਕਰੋ = ਕਰਨਾ ਕਰ ਭਾਵ ਚੁੱਪ ਧਾਰ ਕੇ ਆਪਣੇ ਘਰ ਨੂੰ ਵਾਪਸ ਜਾਣਾ ਕਰ, ਕਿਉਂਕਿ :

## ਤ੍ਰਿਸਨਾ ਚਿਤ ਵਿਸ਼ਾਲ ਜਹਿ; ਵਹੀ ਪਰਮ ਕੰਗਾਲ ॥੩੨॥

ਜਹਿ = ਜਿਸ ਦੇ ਚਿੱਤ ਵਿਚ ਵਿਸ਼ਾਲ = ਬਹੁਤ ਜ਼ਿਆਦਾ ਤ੍ਰਿਸ਼ਨਾ ਹੈ, ਵਹੀ = ਉਹੋ ਹੀ ਪਰਮ = ਵੱਡਾ ਕੰਗਾਲ = ਦਰਿੱਦਰੀ ਹੈ ॥੩੨॥

## ਦੋਹਰਾ ॥
## ਜਿਉਂ ਰਵਿ ਮਾਸ ਨਿਸਾਂਤ ਮੈ; ਸਾਂਤਿ ਅਵਸ ਉਤਪੰਨ ॥

ਜਿਉਂ = ਜਿਵੇਂ ਰਵਿ = ਸੂਰਜ ਦੇ ਬਾਰਾਂ ਮਾਸ = ਮਹੀਨਿਆਂ ਮੈ = ਵਿਚ ਨਿਸਾਂਤ (ਨਿਸ + ਅੰਤ) ਨਿਸ = ਰਾਤ ਦੇ ਅੰਤ = ਸਮਾਪਤੀ ਵੇਲੇ ਭਾਵ ਅੰਮ੍ਰਿਤ ਵੇਲੇ ਅਵਸ = ਜ਼ਰੂਰ-ਬ-ਜ਼ਰੂਰ ਸ਼ਾਂਤੀ ਉਤਪੰਨ = ਪੈਦਾ ਹੁੰਦੀ ਹੈ।

## ਤਿਉ ਨ੍ਰਿਪ ਉਰ ਧਰਿ ਭਰਥ ਰਵ;
## ਭਯੋ ਗਿਆਨ ਸੰਪੰਨ ॥੩੩॥

ਤਿਉ = ਤਿਵੇਂ ਹੀ ਨ੍ਰਿਪ = ਰਾਜਾ, ਜੋਗੀਰਾਜ ਭਰਥ = ਭਰਥਰੀ ਜੀ ਦੇ ਰਵ = ਸ਼ਬਦਾਂ ਨੂੰ ਆਪਣੇ ਉਰ = ਹਿਰਦੇ ਵਿਚ ਧਰਿ = ਧਾਰਨ ਕਰ ਕੇ ਗਿਆਨ ਦੇ ਸੰਪੰਨ = ਸਹਿਤ ਭਯੋ = ਹੋ ਗਿਆ ॥੩੩॥

## ਦੋਹਰਾ ॥

## ਅਤਿ ਬਰਖਾ ਜਲ ਭਰਤ ਰਵ; ਨ੍ਰਿਪ ਉਰ ਊਖਰ ਗਾਇ ॥
## ਤਿਹ ਯੁਤ ਤਹਿ ਵਿਤ ਜਲਜ ਭਵ; ਗਯੋ ਨਮੋ ਕਰਿ ਰਾਇ ॥੩੪॥

ਜਿਸ ਪ੍ਰਕਾਰ ਅਤਿ = ਅਤਿਅੰਤ ਬਰਖਾ = ਮੀਂਹ ਦਾ ਪਾਣੀ ਜੇਕਰ ਕੱਲਰੀ ਜ਼ਮੀਨ ਵਿਚ ਠਹਿਰ ਜਾਵੇ ਤਾਂ ਕੱਲਰ ਨਾਸ਼ ਹੋ ਕੇ ਹਰਿਆਵਲ ਉਤਪੰਨ ਹੋ ਜਾਂਦੀ ਹੈ, ਤਿਹ = ਇਸੇ ਪ੍ਰਕਾਰ ਭਰਤ = ਭਰਥਰੀ ਹਰੀ ਜੀ ਦੀ ਰਵ = ਬਾਣੀ ਤਾਂ ਮਾਨੋ ਅਤਿਅੰਤ ਵਰਖਾ ਦੇ ਜਲ = ਪਾਣੀ ਸਮਾਨ ਹੈ ਅਤੇ ਨ੍ਰਿਪ = ਰਾਜੇ ਦਾ ਉਰ = ਹਿਰਦਾ ਊਖਰ = ਕੱਲਰੀ ਗਾਇ = ਜ਼ਮੀਨ ਵਾਂਗ ਸੀ, ਪਰ ਉਸ ਹਿਰਦੇ ਰੂਪੀ ਕੱਲਰੀ ਜ਼ਮੀਨ ਵਿਚ ਭਰਥਰੀ ਜੀ ਦੇ ਬਚਨ ਰੂਪੀ ਜਲ ਪੈਣ ਕਰਕੇ ਸ਼ੁਭ ਗੁਣਾਂ ਰੂਪੀ ਵਿਤ = ਧਨ ਦੇ ਯੁਤ = ਸਹਿਤ ਗਿਆਨ ਰੂਪੀ ਜਲਜ = ਕਮਲ ਪੈਦਾ ਹੋ ਗਿਆ। ਇਉਂ ਰਾਇ = ਰਾਜਾ ਭਰਥਰੀ ਜੀ ਨੂੰ ਨਮੋ = ਨਮਸਕਾਰ ਕਰ ਕੇ ਆਪਣੇ ਭਵ = ਘਰ ਨੂੰ ਵਾਪਸ ਚਲਾ ਗਯੋ = ਗਿਆ ॥੩੪॥

ਅੱਗੇ ਹੁਣ ਇਕ ਹੋਰ ਭਾਵ ਤੀਸਰੇ ਰਾਜੇ ਨੇ ਭਰਥਰੀ ਹਰੀ ਜੀ ਨੂੰ ਆ ਕਰਕੇ ਕਿਹਾ ਕਿ:

## ਮਮ ਆਇਨ ਪਾਵਨ ਕਰੋ; ਨਿਜ ਪਾਵਨ ਕੋ ਪਾਇ ॥

ਹੇ ਭਰਥਰੀ ਜੀ! ਤੁਸੀਂ ਨਿਜ = ਆਪਣੇ ਪਵਿੱਤਰ ਪਾਵਨ = ਚਰਨਾਂ ਕੋ = ਨੂੰ ਮਮ = ਮੇਰੇ ਆਇਨ = ਘਰ ਵਿਚ ਪਾਇ = ਪਾ ਕਰਕੇ ਪਾਵਨ = ਪਵਿੱਤਰ ਕਰਨਾ ਕਰੋ।

## ਵਕਤਾ ਨ੍ਰਿਪ ਵਤ ਰਾਜ ਨਿਜ;
## ਨਿਰਭੈਤਾ ਪ੍ਰਤਿ ਗਾਇ ॥੩੫॥

ਇਸ ਪ੍ਰਕਾਰ ਦੇ ਵਾਕ ਵਕਤਾ = ਬੋਲਣੇ ਵਾਲੇ ਰਾਜੇ ਦੇ ਪ੍ਰਤਿ = ਤਾਈਂ ਭਰਥਰੀ ਜੀ ਨ੍ਰਿਪ = ਰਾਜੇ ਦੀ ਵਤ = ਨਿਆਈਂ ਹੋ ਕਰਕੇ ਨਿਜ = ਆਪਣੇ ਅੰਤਰੀਵ ਨਿਰਭੈ ਰਾਜ ਨੂੰ ਗਾਇ = ਕਥਨ ਕਰ ਕੇ ਸੁਣਾਉਣਾ ਕਰਦੇ ਹਨ ॥੩੫॥

## ਕਬਿੱਤ ॥

## ਵਿਭਵਾ ਕੇ ਈਸ ਤੁਮ, ਵਾਗਮ ਕੇ ਈਸ ਹਮ;

ਹੇ ਰਾਜਨ! ਜੇਕਰ ਤੁਮ = ਤੁਸੀਂ ਰਾਜੇ ਲੋਕ ਵਿਭਵਾ = ਧਨ-ਵਿਭੂਤੀ ਕੇ = ਦੇ ਈਸ = ਮਾਲਕ ਹੋ ਤਾਂ ਹਮ = ਅਸੀਂ ਸਾਧ ਜਨ ਵੀ ਵਾਗਮ = ਬਚਨਾਂ ਕੇ = ਦੇ ਈਸ = ਸੁਆਮੀ ਹਾਂ।

## ਭੂਪਤ ਭਵਾਨ, ਸੂਰਬੀਰ ਹਮ ਅਤਿ ਹੈਂ॥

ਜੇਕਰ ਤੁਸੀਂ ਭੂਪਤ = ਰਾਜੇ ਲੋਕ ਮਹਾਂਬਲੀ ਭਵਾਨ = ਹੈਗੇ ਹੋ ਤਾਂ ਹਮ = ਅਸੀਂ ਵੀ ਅਤਿ = ਅਤਿਅੰਤ ਬਲ ਵਾਲੇ ਸੂਰਬੀਰ = ਸੂਰਮੇ ਹਾਂ **ਵਾ:** ਮਨ ਦੇ ਅਨੰਤ ਸੰਕਲਪਾਂ ਨੂੰ ਜਿੱਤਣ ਵਾਲੇ ਸੂਰਮੇ ਹਾਂ।

੧. ਯੋਧਾ (ਰਥੀ) ਉਹ ਹੁੰਦਾ ਜੋ ਸੌ ਜਾਂ ਹਜ਼ਾਰ ਨਾਲ ਇਕੱਲਾ ਹੀ ਜੰਗ ਕਰ ਕੇ ਫ਼ਤਹਿ ਪਾਵੇ।

੨. ਮਹਾਂਬਲੀ (ਮਹਾਂਰਥੀ) ਉਹ ਹੁੰਦਾ ਹੈ, ਜੋ ਇਕੱਲਾ ਹੀ ਦਸ ਹਜ਼ਾਰ ਨਾਲ ਜੰਗ ਕਰ ਕੇ ਜਿੱਤ ਪ੍ਰਾਪਤ ਕਰੇ।

੩. ਸੂਰਮਾ (ਅਤਿਰਥੀ) ਉਹ ਹੁੰਦਾ ਹੈ, ਜੋ ਇਕੱਲਾ ਹੀ ਅਣਗਿਣਤ ਨਾਲ ਜੰਗ ਕਰ ਕੇ ਫ਼ਤਹਿ ਪਾਵੇ।

**ਅੰਤਰੀਵ ਭਾਵ**

੧. ਯੋਧਾ ਉਹ ਹੁੰਦਾ ਹੈ ਜੋ ਸਰੀਰ ਨੂੰ ਬੁਰਿਆਈਆਂ ਵੱਲੋਂ ਜਿੱਤ ਲਵੇ।

੨. ਮਹਾਂਬਲੀ ਉਹ ਹੁੰਦਾ ਹੈ ਜੋ ਦਸੇ ਇੰਦਰਿਆਂ ਨੂੰ ਜਿੱਤ ਲਵੇ।

੩. ਸੂਰਮਾ ਉਹ ਹੁੰਦਾ ਹੈ ਜੋ ਮਨ ਦੇ ਅਨੰਤ ਸੰਕਲਪਾਂ ਉੱਤੇ ਫ਼ਤਹਿ ਪਾ ਲਵੇ, ਭਾਵ ਮਨ ਨੂੰ ਜਿੱਤ ਲਵੇ।

## ਪਰ ਪ੍ਰਾਣੀ ਮਾਹਿ ਮਦ ਤਾਪ ਤਾਸ ਨਾਸਬੇ ਕੋ; ਮਮ ਗਿਰਾਚਲ ਚਤੁਰਾਈ ਕੋ ਧਰਤਿ ਹੈਂ॥

ਜੇ ਤੁਸੀਂ ਪਰ = ਦੁਸ਼ਮਣਾਂ ਨੂੰ ਮਾਰਨ ਲਈ ਫ਼ੌਜ ਰੱਖਦੇ ਹੋ ਤਾਂ ਮੈਂ ਵੀ ਫ਼ੌਜ ਰੱਖੀ ਹੋਈ ਹੈ, ਕਿਹੜੀ ? ਅੱਗੇ ਦੱਸਦੇ ਹਾਂ—ਜੋ ਪ੍ਰਾਣੀਆਂ ਮਾਹਿ = ਵਿਚ ਮਦ = ਹੰਕਾਰ ਤੇ ਤਿੰਨੇ ਤਾਪ (ਆਧਿ, ਬਿਆਧਿ, ਉਪਾਧਿ) ਆਦਿਕ ਵੈਰੀ ਹਨ, ਤਾਸ = ਉਨ੍ਹਾਂ ਦੇ ਨਾਸਬੇ = ਨਾਸ਼ ਕਰਨ ਲਈ ਮਮ = ਮੇਰੇ (ਗਿਰਾ + ਚਲ) ਗਿਰਾ = ਬਚਨਾਂ ਰੂਪ ਚਲ = ਚੱਕਰ ਚਤੁਰਾਈ ਕੋ = ਨੂੰ ਧਰਤਿ = ਧਾਰਨ ਕਰ ਰਹੇ ਹਨ, ਇਹ ਮੇਰੀ ਫ਼ੌਜ ਹੈ।

## ਸੇਵਤ ਧਨਾਂਧੇ ਤੋ ਕੌਂ, ਪੂਜਤ ਹੈਂ ਸੋਤ੍ਰੇ ਮੋ ਕੌਂ; ਮਤ ਮਲ ਹਤ ਹੇਤੁ ਲੇਤ ਮੋਤੇ ਮਤਿ ਹੈਂ॥

ਹੇ ਰਾਜਨ ! (ਧਨ + ਅੰਧੇ) ਧਨ ਪ੍ਰਾਪਤ ਕਰਨ ਦੀ ਇੱਛਾ ਵਿਚ ਅੰਧੇ = ਅੰਨ੍ਹੇ ਹੋਏ ਪੁਰਸ਼ ਤੋ ਕੌਂ = ਤੈਨੂੰ ਸੇਵਤ = ਸੇਵਣਾ ਕਰਦੇ ਹਨ, ਮੋ ਕੋ = ਮੈਨੂੰ ਸੋਤ੍ਰੇ = ਸੁਣਨ ਵਾਲੇ ਸੇਵਕ ਮੇਰੀ ਪੂਜਤ = ਪੂਜਾ ਭਾਵ ਸੇਵਾ ਕਰਦੇ ਹਨ ਅਤੇ ਮਤ = ਬੁੱਧੀ ਦੀ ਮਲ = ਮਲੀਨਤਾ ਨੂੰ ਹਤ = ਨਾਸ਼ ਕਰਨ ਹੇਤੁ = ਲਈ ਮੋਤੇ = ਮੇਰੇ ਕੋਲੋਂ ਮਤਿ = ਸਿੱਖਿਆ ਲੈਣੀ ਕਰਦੇ ਹਨ।

## ਰਾਵਰੋ ਹਮਾਰੋ ਰਾਜ, ਗੁਣ ਕੋ ਸਮਾਜ ਸਮ; ਅੰਤਰ ਕੇ ਰਾਜ ਮਾਂਹਿ ਅੰਤਰੋ ਮਹੱਤਿ ਹੈ॥੩੬॥

ਹੇ ਰਾਜਨ ! ਰਾਵਰੋ = ਤੁਹਾਡੇ ਰਾਜੇ ਲੋਕਾਂ ਦੇ ਅਤੇ ਹਮਾਰੋ = ਸਾਡੇ ਸਾਧੂ ਜਨਾਂ ਦੇ ਬਾਹਰਲੇ

ਰਾਜ = ਸਮਾਜ ਦੇ ਸਾਰੇ ਗੁਣ ਇਕ ਸਮਾਨ ਹਨ, ਪਰੰਤੂ ਤੇਰੇ ਤੇ ਮੇਰੇ ਅੰਤਰ = ਅੰਤਰੀਵ ਰਾਜ ਕੇ = ਦੇ ਮਾਂਹਿ = ਵਿਚ ਮਹੱਤਿ = ਬਹੁਤ ਵੱਡਾ ਅੰਤਰੋ = ਫ਼ਰਕ ਹੈ ॥੩੬॥

## ਚੌਪਈ ॥

## ਰਾਜਨ ਤੁਮ; ਪ੍ਰਿਥਵੀ ਪਤਿ ਰਾਜੇ ॥
## ਹਮ ਰਾਜੇ; ਤ੍ਰਿਭਵਣ ਕੇ ਸਾਜੇ ॥

ਹੇ ਰਾਜਨ ! ਤੁਮ = ਤੁਸੀਂ ਰਾਜੇ ਲੋਕ ਥੋੜ੍ਹੀ ਜਿਹੀ ਪ੍ਰਿਥਵੀ = ਧਰਤੀ ਦੇ ਪਤਿ = ਸੁਆਮੀ, ਮਾਲਕ ਬਣ ਕੇ ਅਭਿਮਾਨੀ ਹੋ ਰਹੇ ਹੋ, ਪਰ ਹਮ = ਅਸੀਂ ਸੰਤ ਜਨ ਤ੍ਰਿਭਵਣ = ਤਿੰਨੇ ਲੋਕਾਂ ਦੇ ਰਾਜੇ ਹੋ ਕਰਕੇ ਸਾਜੇ = ਬਿਰਾਜ ਰਹੇ ਹਾਂ।

## ਲਾਜੇ ਤੁਮਰੇ; ਧਾਮ ਬਿਰਾਜੇ ॥
## ਦੇਖ ਦੋਖ ਬਹੁ; ਤਾਂਤੇ ਭਾਜੇ ॥੩੭॥

ਜਿਹੜੇ ਤੁਮਰੇ = ਤੁਹਾਡੇ ਧਾਮ = ਘਰਾਂ ਵਿਚ ਬਿਰਾਜੇ = ਬਿਰਾਜਣਾ ਕਰਦੇ ਹਨ, ਉਹ ਲਾਜੇ = ਸ਼ਰਮਿੰਦੇ ਹੀ ਹੁੰਦੇ ਹਨ, ਤਾਂਤੇ = ਇਸ ਕਰਕੇ ਬਹੁ = ਬਹੁਤੇ ਦੋਖ = ਦੋਸ਼ ਦੇਖ ਕਰਕੇ ਅਸੀਂ ਉਨ੍ਹਾਂ ਤੋਂ ਦੂਰ ਹੀ ਭਾਜੇ = ਭੱਜਣਾ ਕਰਦੇ ਹਾਂ ਭਾਵ ਐਸੇ ਲੋਕਾਂ ਦੀ ਸੰਗਤ ਤੋਂ ਦੂਰ ਰਹਿਣਾ ਕਰਦੇ ਹਾਂ ॥੩੭॥

## ਬੁਧਿ ਬੇਲ ਕੇ; ਹਰਨੇ ਹਾਰੀ ॥
## ਅੰਸ ਤੁਮਾਰੀ; ਕਠਨ ਕੁਠਾਰੀ ॥

ਹੇ ਰਾਜਨ ! ਤੁਮਾਰੀ = ਤੁਹਾਡੀ ਰਾਜ ਅੰਸ਼ ਬੁੱਧ ਰੂਪੀ ਵੇਲ ਕੇ = ਦੇ ਹਰਨੇ = ਨਾਸ਼ ਕਰਨ ਹਾਰੀ = ਵਾਲੀ ਬੜੀ ਕਠਨ = ਕਰੜੀ ਕੁਠਾਰੀ = ਕੁਹਾੜੀ ਹੈ।

## ਛਰਦ ਮੈਲ; ਮੂਤ੍ਰਾਦਿ ਤਿਆਗ ਸਮ ॥
## ਤਜੇ ਪਦਾਰਥ, ਨਾਂਹਿ ਗਹੇਂ ਹਮ ॥੩੮॥

ਹਮ = ਅਸਾਂ ਛਰਦ = ਉਲਟੀ, ਮੈਲ = ਗੰਦਗੀ ਤੇ ਮੂਤਰ ਆਦਿਕ ਨੂੰ ਤਿਆਗਣ ਦੇ ਸਮ = ਸਮਾਨ ਇਹ ਸਾਰੇ ਪਦਾਰਥ ਤਜੇ = ਤਿਆਗ ਦਿੱਤੇ ਹਨ, ਮੁੜ ਕਦੇ ਵੀ ਗਹੇਂ = ਗ੍ਰਹਿਣ ਨਾਂਹਿ = ਨਹੀਂ ਕਰਾਂਗੇ ॥੩੮॥

## ਹਮ ਨਿਸਪਰੇਹੀ; ਚਰਹਿ ਸ੍ਵਤੰਤਰ ॥
## ਦੁਸਹਿ ਦੁਖ; ਮਮ ਸੁਖ ਪਰਤੰਤਰ ॥

ਹੇ ਰਾਜਨ ! ਹਮ = ਅਸੀਂ ਨਿਸਪਰੇਹੀ = ਇੱਛਾ ਰਹਿਤ ਹੋ ਕੇ ਸੁਤੰਤਰ ਚਰਹਿ = ਵਿਚਰਨਾ ਕਰਦੇ ਹਾਂ, ਕਿਉਂਕਿ ਮਮਤ = ਮੈਨੂੰ ਪਰਤੰਤਰ = ਪਰਾਧੀਨਤਾ ਦਾ ਸੁਖ ਦੁਸਹਿ = ਨਾ ਸਹਾਰੇ ਜਾਣ ਵਾਲਾ ਦੁੱਖ ਲੱਗਦਾ ਹੈ।

## ਹਮ ਆਨੰਦੀ; ਨਿਜਾਨੰਦ ਕਰ ॥
## ਵਿਖੈ ਭੋਗ; ਸੁਖ ਕੇ ਤੁਮ ਕਿੰਕਰ ॥੩੯॥

ਹਮ = ਅਸੀਂ ਸੰਤ ਜਨ (ਨਿਜ + ਅਨੰਦ) ਨਿਜ = ਆਪਣੇ ਆਤਮ ਸਰੂਪ ਦੇ ਆਨੰਦ ਨੂੰ ਪ੍ਰਾਪਤ ਕਰ ਕੇ ਉਸ ਆਨੰਦੀ = ਆਨੰਦ ਨੂੰ ਮਾਨਣ ਵਾਲੇ ਹਾਂ ਅਤੇ ਤੁਮ = ਤੁਸੀਂ ਰਾਜੇ ਲੋਕ ਵਿਸ਼ੇ ਭੋਗਾਂ ਰੂਪ ਸੁਖਾਂ ਕੇ = ਦੇ ਕਿੰਕਰ = ਦਾਸ ਹੋ ॥੩੯॥

## ਕਰੋ ਦੰਡ ਤੁਮ; ਦੁਸਟ ਜਨਾ ਕੋ ॥
## ਸਹ ਨ ਸਕੋ; ਮੈਂ ਦੁਖ ਸੁ ਤਾਂਕੋ ॥

ਹੇ ਰਾਜਨ! ਤੁਮ = ਤੁਸੀਂ ਦੁਸ਼ਟ ਜਨਾਂ ਕੋ = ਨੂੰ ਦੰਡ = ਡੰਡ (ਸਜ਼ਾ) ਦੇਣਾ ਕਰੋ = ਕਰਦੇ ਹੋ, ਪਰੰਤੂ ਮੈਂ ਸੋ ਤਾਂਕੋ = ਉਨ੍ਹਾਂ ਦੇ ਦੁੱਖ ਨੂੰ ਵੇਖ ਕਰਕੇ ਸਹ = ਸਹਾਰ ਨਹੀਂ ਸਕੋ = ਸਕਦਾ।

## ਤੁਮ ਡਾਟੇ ਤਿਹ; ਮੁਕਤਿ ਚਹੇਂ ਹਮ ॥
## ਤੁਵ ਮਮ ਸੰਗਤ; ਤੁਲ ਤੇਜ ਤਮ ॥੪੦॥

ਤੁਮ = ਤੁਸੀਂ ਰਾਜੇ ਲੋਕ ਤਿਹ = ਉਨ੍ਹਾਂ ਨੂੰ ਡਾਟੇ = ਤਾੜਨਾ ਕਰਦੇ ਹੋ, ਪਰ ਹਮ = ਅਸੀਂ ਸੰਤ ਜਨ ਉਨ੍ਹਾਂ ਨੂੰ ਜੰਮਣ-ਮਰਨ ਤੋਂ ਮੁਕਤ ਕਰਨਾ ਚਾਹੇਂ = ਚਾਹੁੰਦੇ ਹਾਂ, ਇਸ ਕਰਕੇ ਤੁਵ = ਤੇਰੀ ਸੰਗਤ ਤਮ = ਹਨੇਰੇ ਵਾਂਗ ਹੈ ਤੇ ਮਮ = ਮੇਰੀ ਸੰਗਤ ਸੂਰਜ ਦੇ ਤੇਜ = ਪ੍ਰਕਾਸ਼ ਤੁਲ = ਵਾਂਗ ਹੈ **ਅਥਵਾ** ਤੇਰੀ ਤੇ ਮੇਰੀ ਸੰਗਤ ਆਪਸ ਵਿਚ ਵਿਰੋਧੀ ਹੈ, ਜਿਵੇਂ ਹਨੇਰੇ ਦਾ ਵੈਰੀ ਸੂਰਜ ਤੇ ਸੂਰਜ ਦਾ ਵੈਰੀ ਹਨੇਰਾ ਹੈ ॥੪੦॥

## ਚੌਪਈ ॥
## ਮਹਤ ਰਾਜ ਵਾਰੇ; ਹਮ ਰਾਜਨ ॥
## ਸੂਲਪ ਰਾਜ ਤਵ; ਸੋ ਹਮ ਕਾਜ ਨ ॥

ਹੇ ਰਾਜਨ! ਹਮ = ਅਸੀਂ ਸਾਧੂ ਜਨ ਮਹਤ = ਬਹੁਤ ਵੱਡੇ ਰਾਜ ਵਾਰੇ = ਵਾਲੇ ਰਾਜਨ = ਰਾਜੇ ਹਾਂ, ਇਸ ਕਰਕੇ ਤਵ = ਤੇਰਾ ਸੂਲਪ = ਥੋੜ੍ਹਾ ਜਿਹਾ ਰਾਜ ਸੋ = ਉਹ ਹਮ = ਸਾਡੇ ਕਿਸੇ ਕਾਜ = ਕੰਮ ਦਾ ਨਹੀਂ ਹੈ।

## ਤੁਮਰੇ ਸਦਨ; ਸ ਦਰੌਪ ਪੌਰੇ ॥
## ਸਹ ਨ ਸਕੋਂ; ਮੈਂ ਬਾਇਕ ਕੌਰੇ ॥੪੧॥

ਤੁਮਰੇ = ਤੇਰੇ ਸਦਨ = ਘਰ ਭਾਵ ਮਹਿਲ ਦੇ ਪੌਰੇ = ਦਰਵਾਜ਼ੇ ਦਰੌਪ = ਦੁਆਰਪਾਲਾਂ ਦੇ ਸ = ਸਹਿਤ ਹਨ ਭਾਵ ਦਰਵਾਜ਼ਿਆਂ ਉੱਤੇ ਚੋਬਦਾਰ ਖੜੇ ਹਨ, ਇਸ ਕਰਕੇ ਮੈਂ ਉਨ੍ਹਾਂ ਦੇ ਕੌਰੇ = ਕੌੜੇ ਬਾਇਕ = ਬਚਨ ਸਹ = ਸਹਾਰ ਨਹੀਂ ਸਕੋਂ = ਸਕਦਾ ॥੪੧॥

**ਤਵ ਨਿਕੇਤ; ਇਤਯਾਦਿਕ ਦੂਖਨ ॥**
**ਸੋ ਮਮ ਜੋਗ ਨ; ਭੋ ਭੂ ਭੂਪਨ ॥**

ਜੋ ਤਵ = ਤੇਰੇ ਨਿਕੇਤ = ਘਰ ਵਿਚ ਇਤਯਾਦਿਕ = ਇਸ ਪ੍ਰਕਾਰ ਦੇ ਦੂਖਨ = ਦੋਸ਼ ਹਨ, ਭੋ = ਹੇ! ਭੂ = ਧਰਤੀ ਦੇ ਭੂਪਨ = ਰਾਜਨ! ਸੋ = ਉਹ ਮਮ = ਮੇਰੇ ਯੋਗ ਨਹੀਂ ਹਨ।

**ਨਮੋ ਮਾਤ੍ਰ ਜੋ; ਭੂਪ ਤਿਹਾਰੀ ॥**
**ਹਮ ਤਾਕੇ ਭੀ; ਨਹੀ ਅਧਿਕਾਰੀ ॥੪੨॥**

ਹੇ ਭੂਪ = ਰਾਜਨ! ਜੋ = ਜਿਹੜੀ ਮਾਤ੍ਰ = ਸਿਰਫ਼ ਤਿਹਾਰੀ = ਤੁਹਾਡੀ ਰਾਜੇ ਲੋਕਾਂ ਦੀ ਨਮੋ = ਨਮਸਕਾਰ ਹੈ ਭਾਵ ਜੋ ਤੁਸੀਂ ਸਾਨੂੰ ਨਮਸਕਾਰ ਕਰਦੇ ਹੋ, ਹਮ = ਅਸੀਂ ਤਾਕੇ = ਉਸ ਦੇ ਭੀ = ਵੀ ਅਧਿਕਾਰੀ = ਹੱਕਦਾਰ ਨਹੀਂ ਹਾਂ ਭਾਵ ਅਸੀਂ ਤੁਹਾਡੀ ਨਮਸਕਾਰ ਵੀ ਪ੍ਰਵਾਨ ਨਹੀਂ ਕਰਦੇ॥੪੨॥

**ਚੌਪਈ ॥ ਤਵ ਆਲੇ; ਤਨ ਪਾਲੇ ਲਾਜੇ ॥**
**ਜਾਤੇ ਹਮ ਤੁਮ; ਦੋਨੋਂ ਰਾਜੇ ॥**

ਹੇ ਰਾਜਨ! ਤਵ = ਤੇਰੇ ਆਲੇ = ਘਰ ਵਿਚ ਰਹਿ ਕੇ ਮੈਨੂੰ ਆਪਣਾ ਤਨ = ਸਰੀਰ ਪਾਲੇ = ਪਾਲਣ ਵਿਚ ਲਾਜੇ = ਸ਼ਰਮ ਆਉਂਦੀ ਹੈ, ਜਾਤੇ = ਜਿਸ ਕਰਕੇ ਹਮ ਤੁਮ = ਤੂੰ ਅਤੇ ਮੈਂ ਦੋਨੋਂ = ਦੋਵੇਂ ਇਕ ਸਮਾਨ ਰਾਜੇ ਹਾਂ।

**ਤਾਂਤੇ ਹਮਰੇ; ਤੁਮਰੇ ਮਾਂਹੀ ॥**
**ਹੇ ਨ੍ਰਿਪ; ਅਧਿਕ ਅੰਤਰੋ ਨਾਂਹੀ ॥੪੩॥**

ਹੇ ਨ੍ਰਿਪ = ਰਾਜਨ! ਤਾਂਤੇ = ਤਿਸ ਕਰਕੇ ਹਮਰੇ ਤੁਮਰੇ = ਤੇਰੇ ਤੇ ਮੇਰੇ ਮਾਂਹੀ = ਵਿਚ ਕੋਈ ਅਧਿਕ = ਬਹੁਤਾ ਅੰਤਰੋ = ਫ਼ਰਕ ਨਾਂਹੀ = ਨਹੀਂ ਹੈ॥੪੩॥

**ਰਾਜਾਂਤਰ ਮੋ; ਆਹਿ ਵਿਖਮਤਾ ॥**
**ਵਾਹਯ ਰਾਜ; ਗੁਣ ਕੀ ਕਛ ਸਮਤਾ ॥**

ਪਰੰਤੂ (ਰਾਜ + ਅੰਤਰ) ਅੰਤਰ = ਅੰਤਰੀਵ ਰਾਜ ਮੋ = ਵਿਚ ਅਤਿਅੰਤ ਵਿਖਮਤਾ = ਅਸਮਤਾ ਆਹਿ = ਹੈ ਭਾਵ ਬਹੁਤ ਫ਼ਰਕ ਹੈ, ਵਾਹਯ = ਬਾਹਰਲੇ ਰਾਜ ਦੇ ਕਛ = ਕੁਝ ਕੁ ਗੁਣਾਂ ਕੀ = ਦੀ ਸਮਤਾ = ਬਰਾਬਰੀ ਹੈ ਭਾਵ ਕੁਝ ਕੁ ਗੁਣ ਮਿਲਦੇ ਹਨ।

**ਅਸੁਰ ਸੰਪਦਾ ਕੇ; ਪਤਿ ਤੁਮਹੂੰ ॥**
**ਸੁਰੀ ਸੰਪਦਾ ਕੇ; ਪ੍ਰਭ ਹਮਹੂੰ ॥੪੪॥**

ਹੇ ਰਾਜਨ! ਤੁਮਹੂੰ = ਤੁਸੀਂ ਰਾਜੇ ਲੋਕ ਅਸੁਰ = ਆਸੁਰੀ ਸੰਪਦਾ ਕੇ = ਦੇ ਪਤਿ = ਸੁਆਮੀ ਹੋ ਭਾਵ

ਤੁਸੀਂ ਕਾਮ, ਕ੍ਰੋਧ ਆਦਿਕ ਵਿਕਾਰਾਂ ਵਿਚ ਫਸੇ ਹੋਏ ਹੋ, ਪਰ ਹਮਹੂੰ = ਅਸੀਂ ਸੰਤ ਜਨ ਸੁਰੀ = ਦੈਵੀ ਸੰਪਦਾ ਕੇ = ਦੇ ਪ੍ਰਭ = ਮਾਲਕ ਹਾਂ ਭਾਵ ਅਸੀਂ ਸਤ, ਸੰਤੋਖ, ਦਇਆ, ਧਰਮ ਆਦਿਕ ਸ਼ੁਭ ਗੁਣਾਂ ਵਾਲੇ ਹਾਂ ॥੪੪॥

## ਤੁਮ ਸੂਦੇਸ ਕੇ; ਅਰਥਹੁ ਕੇ ਪਤਿ ॥
## ਰੰਕ ਧਨੀ ਕੀ, ਕਰਹੁ ਵਿਖਮ ਗਤਿ ॥

ਤੁਮ = ਤੁਸੀਂ ਰਾਜੇ ਲੋਕ ਸੂਦੇਸ = ਆਪਣੇ ਦੇਸ਼ ਕੇ = ਦੇ ਅਰਥਹੁ = ਧਨਵਾਨ ਲੋਕਾਂ ਕੇ = ਦੇ ਪਤਿ = ਸੁਆਮੀ, ਮਾਲਕ ਹੋ, ਇਸ ਕਰਕੇ ਰੰਕ = ਕੰਗਾਲਾਂ ਅਤੇ ਧਨੀ ਲੋਕਾਂ ਕੀ = ਦੀ ਵਿਖਮ = ਊਚ-ਨੀਚ ਵਾਲੀ ਗਤਿ = ਹਾਲਤ ਕਰਦੇ ਹੋ **ਵਾ:** ਇਨ੍ਹਾਂ ਦਾ ਵੱਖਰਾ-ਵੱਖਰਾ ਗਤਿ = ਮਾਰਗ ਕਰਦੇ ਹੋ।

## ਹਮ ਬਾਣੀ ਪਤਿ; ਨਿਜ ਬਾਣੀ ਕਰ ॥
## ਕਰਹਿ ਤਾਰਤਮ; ਤੁਮ ਸਮ ਨਰ ਵਰ ॥੪੫॥

ਹੇ ਰਾਜਨ ! ਹਮ = ਅਸੀਂ ਵੀ ਬਾਣੀ ਦੇ ਪਤਿ = ਸੁਆਮੀ ਹੋ ਕੇ ਨਿਜ = ਆਪਣੀ ਬਾਣੀ ਦੇ ਕਰ = ਨਾਲ ਤੁਮ ਸਮ = ਤੁਹਾਡੇ ਵਾਂਗ ਨਰ ਵਰ = ਛੋਟੇ-ਵੱਡੇ ਪੁਰਸ਼ਾਂ ਨੂੰ ਤਾਰਤਮ = ਘੱਟ-ਵੱਧ ਭਾਵ ਉੱਚੀ-ਨੀਵੀਂ ਅਵਸਥਾ ਕਰਦੇ ਹਾਂ ॥੪੫॥

## ਨਿਜ ਪਰਜਾ ਕੇ; ਅਰਿ ਤੁਮ ਬੀਰਾ ॥
## ਬਲ ਵਿਖਯਾਤ; ਰਾਵਰੋ ਬੀਰਾ ॥

ਤੁਮ = ਤੁਸੀਂ ਨਿਜ = ਆਪਣੀ ਪਰਜਾ ਕੇ = ਦੇ ਅਰਿ = ਦੁਸ਼ਮਣਾਂ ਨੂੰ ਨਾਸ਼ ਕਰਨ ਵਾਲੇ ਬੀਰਾ = ਯੋਧੇ ਹੋ ਅਤੇ ਰਾਵਰੋ = ਤੁਹਾਡੀ ਬੀਰਾ = ਸੂਰਮਗਤੀ ਦਾ ਬਲ ਸਭ ਪਾਸੇ ਵਿਖਯਾਤ = ਪ੍ਰਗਟ ਹੈ।

## ਨਿਜ ਵਿਭਾਗ ਕੇ; ਹਰਨੇ ਕਾਜਾ ॥
## ਰੱਖਕ ਤੁਮ; ਲੋਕਨ ਕੇ ਰਾਜਾ ॥੪੬॥

ਹੇ ਰਾਜਨ ! ਤੁਮ = ਤੁਸੀਂ ਨਿਜ = ਆਪਣੇ ਵਿਭਾਗ = ਹਿੱਸੇ ਕੇ = ਦੇ ਹਰਨੇ = ਖੋਹਣ ਵਾਸਤੇ ਕੋਈ ਵੀ ਕਾਜਾ = ਕੰਮ ਕਰ ਸਕਦੇ ਹੋ ਅਤੇ ਲੋਕਾਂ ਕੇ = ਦੇ ਰੱਖਕ = ਰੱਖਿਅਕ ਹੋ ਭਾਵ ਲੋਕਾਂ ਦੀ ਮਾੜੇ ਸਮੇਂ ਵਿਚ ਰੱਖਿਆ ਕਰਨ ਵਾਲੇ ਹੋ ॥੪੬॥

## ਚੌਪਈ ॥
## ਬਾਹਰ ਧਨ ਕੇ; ਹਰਤਾ ਤਸਕਰ ॥
## ਤਾਕੇ ਦੰਡਕ; ਤੁਮ ਭੂਪਤ ਬਰ ॥

ਜੋ ਬਾਹਰਲੇ ਧਨ ਕੇ = ਦੇ ਹਰਤਾ = ਚੁਰਾਉਣ ਵਾਲੇ ਤਸਕਰ = ਚੋਰ ਹਨ, ਤਾਕੇ = ਉਨ੍ਹਾਂ ਨੂੰ ਦੰਡਕ = ਡੰਡ, ਸਜ਼ਾ ਦੇਣ ਵਾਲੇ ਤੁਮ = ਤੁਸੀਂ ਬਰ = ਸ੍ਰੇਸ਼ਟ ਭੂਪਤ = ਰਾਜੇ ਹੋ।

## ਅਰਿ ਤਵ ਮਨ; ਦੁਸਮਨ ਤਵ ਅੰਤਰ ॥
## ਤੁਮਰੇ ਬਲ ਕੋ; ਹਰਤ ਨਿਰੰਤਰ ॥੪੭॥

ਹੇ ਰਾਜਨ ! ਤਵ = ਤੇਰਾ ਮਨ ਹੀ ਤੇਰਾ ਦੁਸ਼ਮਨ ਹੈ ਅਰਿ = ਅਤੇ ਜਿਹੜਾ ਤਵ = ਤੇਰੇ ਅੰਤਰ = ਅੰਦਰ ਵੱਸ ਰਿਹਾ ਹੈ, ਜੋ ਤੁਮਰੇ = ਤੇਰੇ ਬਲ = ਜ਼ੋਰ ਕੋ = ਨੂੰ ਨਿਰੰਤਰ = ਇਕ-ਰਸ ਹਰਤ = ਲੁੱਟ, ਨਾਸ਼ ਕਰ ਰਿਹਾ ਹੈ, ਜਿਸ ਉੱਪਰ ਤੇਰਾ ਜ਼ੋਰ ਨਹੀਂ ਚੱਲਦਾ, ਤੇਰਾ ਸਿਰਫ਼ ਬਾਹਰਲੇ ਦੁਸ਼ਮਨਾਂ 'ਤੇ ਹੀ ਜ਼ੋਰ ਚੱਲਦਾ ਹੈ ॥੪੭॥

## ਬ੍ਰਹਮ ਸਚਿਦਾਨੰਦ; ਰੂਪ ਤਵ ॥
## ਢਾਪ ਲਯੋ ਇਹ; ਯਥਾ ਅਭ੍ਰ ਰਵਿ ॥

ਜੋ ਬ੍ਰਹਮ ਸਚਿਦਾਨੰਦ = ਸਤ, ਚਿਤ, ਆਨੰਦ ਸਰੂਪ ਹੈ, ਤਵ = ਤੂੰ ਉਸ ਦਾ ਹੀ ਰੂਪ ਹੈਂ। ਜੈਸਾ ਕਿ :

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥** *(ਗੋਂਡ ਕਬੀਰ ਜੀ, ਅੰਗ ੮੭੧)*

ਇਸ ਨੂੰ ਅਗਿਆਨ ਨੇ **ਵਾ:** ਮਨ ਨੇ ਇਸ ਪ੍ਰਕਾਰ ਢਾਪ = ਢੱਕਣਾ ਕੀਤਾ ਹੈ, ਯਥਾ = ਜਿਸ ਪ੍ਰਕਾਰ ਅਭ੍ਰ = ਬੱਦਲ ਰਵਿ = ਸੂਰਜ ਨੂੰ ਢੱਕ ਲੈਂਦੇ ਹਨ।

## ਮ੍ਰਿਖਾ ਅਚੇਤਨ; ਦੁਖ ਰੂਪ ਤਨੀਅਰ ॥
## ਪਰਣਾਮੀ; ਬਿਪਤਾ ਬਾਸਨ ਹਰੀਅਰ ॥੪੮॥

ਅਤੇ ਇਹ ਤਨੀਅਰ = ਸਰੀਰ ਮ੍ਰਿਖਾ = ਅਸੱਤ, ਅਚੇਤਨ = ਜੜ੍ਹ ਤੇ ਦੁੱਖ ਰੂਪ ਹੈ, ਜੋ ਸਦਾ ਹੀ ਪਰਣਾਮੀ = ਬਦਲਦਾ ਰਹਿੰਦਾ ਹੈ ਭਾਵ ਪ੍ਰਣਵਵਾਦ ਨੂੰ ਪ੍ਰਾਪਤ ਹੋਣ ਵਾਲਾ ਹੈ ਅਤੇ ਬਿਪਤਾ ਦਾ ਬਾਸਨ = ਭਾਂਡਾ ਹੈ ਤੇ ਹਰੀਅਰਿ (ਹਰਿ + ਅਰਿ) ਕਾਲ ਰੂਪੀ ਅਰਿ = ਦੁਸ਼ਮਣ ਦੁਆਰਾ ਹਰੀ = ਨਾਸ ਹੋਣ ਵਾਲਾ ਹੈ ॥੪੮॥

## ਤਾਂ ਮੈ; ਅਹੰ ਭਾਵ ਤੁਮ ਕੀਨੋ ॥
## ਨਖ ਸਿਖਾਗ੍ਰ ਲੌਂ; ਨਿਜ ਬਪੁ ਚੀਨੋ ॥

ਹੇ ਰਾਜਨ ! ਤੁਮ = ਤੂੰ ਤਾਂ = ਉਸ ਸਰੀਰ ਦੇ ਮੈ = ਵਿਚ ਅਹੰ ਭਾਵ ਕਰਨਾ ਕੀਨੋ = ਕੀਤਾ ਹੈ ਅਤੇ ਤੂੰ ਪੈਰਾਂ ਦੇ ਨਖ = ਨਹੁੰਆਂ ਤੋਂ ਲੈ ਕਰਕੇ ਸਿਖਾਗ੍ਰ = ਸਿਰ ਦੀ ਚੋਟੀ ਲੌਂ = ਤਕ ਇਸ ਬਪੁ = ਸਰੀਰ ਨੂੰ ਨਿਜ = ਆਪਣਾ ਸਰੂਪ ਚੀਨੋ = ਪਛਾਣੀ ਬੈਠਾ ਹੈਂ।

## ਅਜ ਅਸੰਗ ਲੌਂ; ਧਰਮ ਤੁਮਾਰੇ ॥
## ਚਿੱਤ ਸੱਤ੍ਰ ਤੇ; ਢਾਂਪੇ ਸਾਰੇ ॥੪੯॥

ਪਰ ਤੁਮਾਰੇ = ਤੇਰਾ ਆਤਮ ਸਰੂਪ, ਅਜ = ਅਜਨਮਾ ਅਸੰਗ = ਨਿਰਲੇਪ ਅਤੇ ਸਰੀਰ ਦੇ ਅੰਤ ਲੌਂ = ਤਕ ਇਹੋ ਧਰਮ ਵਾਲਾ ਹੈ ਤੇ = ਉਹ ਸਾਰੇ ਹੀ ਚਿੱਤ ਰੂਪੀ ਸੱਤ੍ਰ = ਵੈਰੀ ਨੇ ਢਾਂਪੇ = ਢੱਕ ਲਏ ਹਨ ॥੪੯॥

## ਜਨਮ ਮਰਨ ਲੌਂ; ਤਨ ਕੇ ਕਰਮਾ॥
## ਚੀਨੇ ਤੁਮ; ਅਪਨੇ ਬਪੁ ਧਰਮਾ॥

ਜੋ ਜੰਮਣ ਤੋਂ ਲੈ ਕਰਕੇ ਮਰਨ ਲੌਂ = ਤਕ ਦੇ ਤਨ = ਸਰੀਰ ਕੇ = ਦੇ ਕਰਮਾ = ਕਰਮ ਹਨ, ਉਨ੍ਹਾਂ ਬਪੁ = ਦੇਹ ਦੇ ਧਰਮਾਂ ਨੂੰ ਤੁਮ = ਤੂੰ ਆਪਣੇ ਕਰਕੇ ਚੀਨੇ = ਜਾਣਨਾ ਕੀਤਾ ਹੈ।

## ਨਿਜਾਨੰਦ ਤੇ; ਤੁਮ ਕੋ ਤੋਰੇ॥
## ਨੀਚ ਬਿਖੈ ਸੁਖ; ਬੀਚ ਸੁ ਜੋਰੇ॥੫੦॥

ਇਸ ਪ੍ਰਕਾਰ ਦੇ ਨਾਲ ਮਨ ਨੇ ਤੁਮ ਕੋ = ਤੈਨੂੰ ਤੋਰੇ (ਨਿਜ + ਅਨੰਦ) ਨਿਜ = ਆਤਮ ਸਰੂਪ ਦੇ ਆਨੰਦ ਤੇ = ਤੋਂ ਤੋਰੇ = ਤੋੜ ਦਿੱਤਾ ਹੈ ਅਤੇ ਜੋ ਨੀਚ = ਭੈੜੇ ਵਿਸ਼ੇ ਸੁਖ ਹਨ, ਸੁ = ਉਨ੍ਹਾਂ ਬੀਚ = ਵਿਚ ਤੈਨੂੰ ਜੋਰੇ = ਜੋੜ ਦਿੱਤਾ ਹੈ॥੫੦॥

## ਕਾਮ ਕ੍ਰੋਧ; ਲੋਭਾਦਿ ਰੂਪ ਧਰਿ॥
## ਨਟ ਵਟ ਮੋਹੇ; ਤੁਮਕੋ ਮਨ ਅਰਿ॥

ਹੇ ਰਾਜਨ! ਤੇਰਾ ਮਨ ਹੀ ਕਾਮ, ਕ੍ਰੋਧ, ਲੋਭਾਦਿ = ਲੋਭ ਆਦਿਕ ਰੂਪ ਧਰਿ = ਧਾਰਨ ਕਰਕੇ ਤੇਰਾ ਅਰਿ = ਦੁਸ਼ਮਣ ਹੈ ਅਤੇ ਜੋ ਮਨ ਨਟ = ਮਦਾਰੀ ਵਟ = ਵਾਂਗ ਤਰ੍ਹਾਂ-ਤਰ੍ਹਾਂ ਦੇ ਕੌਤਕ ਕਰ ਕੇ ਤੁਮਕੋ = ਤੈਨੂੰ ਮੋਹੇ = ਮੋਹ ਰਿਹਾ ਹੈ।

## ਤੁਮਰੇ ਸੁਖ ਕੋਂ; ਅਹਿ ਨਿਸ ਕਾਟੇ॥
## ਸਤ ਪਥ ਤੇ; ਤੁਮ ਕੋ ਨਿਤ ਡਾਟੇ॥੫੧॥

ਤੁਮਰੇ = ਤੇਰੇ ਆਤਮਿਕ ਸੁਖ ਕੋ = ਨੂੰ ਮਨ ਅਹਿ = ਦਿਨ ਨਿਸ = ਰਾਤ ਕਾਟੇ = ਕੱਟੀ ਜਾ ਰਿਹਾ ਹੈ ਭਾਵ ਤੈਨੂੰ ਆਤਮ ਸਰੂਪ ਵੱਲ ਜਾਣ ਨਹੀਂ ਦੇਂਦਾ ਬਲਕਿ ਵਿਸ਼ਿਆਂ ਵਿਚ ਹੀ ਫਸਾਈ ਜਾ ਰਿਹਾ ਹੈ, ਉਹ ਤੁਮ ਕੋ = ਤੈਨੂੰ ਸਤ = ਸੱਚ ਦੇ ਪਥ = ਮਾਰਗ ਵੱਲ ਜਾਣ ਤੇ = ਤੋਂ ਨਿਤ = ਨਿਤਾਪ੍ਰਤਿ ਡਾਟੇ = ਤਾੜਨਾ ਭਾਵ ਰੋਕਣਾ ਕਰਦਾ ਹੈ॥੫੧॥

## ਕੀਨ ਦੀਨ ਤੇ ਦੀਨ; ਤੁਮੇ ਮਨ॥
## ਜਨਮ ਜਨਮ ਕੋਂ; ਮਨ ਤਵ ਦੁਸ਼ਮਨ॥

ਹੇ ਰਾਜਨ! ਤੁਮੇ = ਤੈਨੂੰ ਮਨ ਨੇ ਦੀਨ = ਕੰਗਾਲ ਤੇ = ਤੋਂ ਵੀ ਦੀਨ = ਕੰਗਾਲ ਕਰ ਦਿੱਤਾ ਹੈ, ਇਹ ਮਨ ਤਵ = ਤੇਰਾ ਜਨਮ ਜਨਮ = ਜਨਮਾਂ-ਜਨਮਾਂਤਰਾਂ ਕੋ = ਦਾ ਦੁਸ਼ਮਨ ਬਣਿਆ ਹੋਇਆ ਹੈ।

## ਤਵ ਆਸਰੇ; ਬਲ ਪਾਇ ਤਿਹਾਰੋ॥
## ਹਰਯੋ ਸਰਬ ਮਨ; ਹੈ ਜੋ ਤੁਮਾਰੋ॥੫੨॥

ਇਹ ਮਨ ਤਵ = ਤੇਰੇ ਆਸਰੇ ਹੀ ਰਹਿੰਦਾ ਹੋਇਆ ਤਿਹਾਰੋ = ਤੇਰੇ ਬਲ ਨੂੰ ਪਾਇ = ਪਾ ਕਰਕੇ

ਜੋ = ਜਿਹੜਾ ਵੀ ਤੁਮਾਰੋ = ਤੇਰਾ ਤੇਜ-ਪ੍ਰਤਾਪ ਸੀ, ਉਹ ਸਰਬ = ਸਾਰਾ ਕੁਝ ਮਨ ਨੇ ਹਰਯੋ = ਨਾਸ਼ ਕਰ ਦਿੱਤਾ ਹੈ ॥੫੨॥

## ਤੁਮਰੇ ਬਲ ਕੋ; ਜਬ ਮਨ ਧਾਰੇ ॥
## ਤਬੇ ਸੁਭਾਸੁਭ; ਪੰਥ ਪਧਾਰੇ ॥

ਹੇ ਰਾਜਨ ! ਜਬ = ਜਦੋਂ ਮਨ ਤੁਮਰੇ = ਤੇਰੀ ਚੇਤਨ ਸੱਤਾ ਦੇ ਬਲ = ਜ਼ੋਰ ਕੋ = ਨੂੰ ਧਾਰੇ = ਧਾਰਨ ਕਰਦਾ ਹੈ, ਤਬੇ = ਤਦੋਂ ਹੀ ਇਹ (ਸੁਭ + ਅਸੁਭ) ਸੁਭ = ਚੰਗੇ ਅਤੇ ਅਸੁਭ = ਮਾੜੇ ਪੰਥ = ਮਾਰਗ ਵੱਲ ਪਧਾਰੇ = ਪਧਾਰਣਾ, ਜਾਣਾ ਕਰਦਾ ਹੈ।

## ਤਵ ਬਲ ਰਿਤੇ; ਕਿਤੇ ਨ ਸਿਧਾਰੇ ॥
## ਜੜ ਸੁਭਾਵ ਤੇ; ਬਾਨ ਪ੍ਰਕਾਰੇ ॥੫੩॥

ਪਰ ਤਵ = ਤੇਰੀ ਚੇਤਨ ਸੱਤਾ ਦੇ ਬਲ ਤੋਂ ਰਿਤੇ = ਖ਼ਾਲੀ ਭਾਵ ਬਗ਼ੈਰ ਇਹ ਮਨ ਕਿਤੇ = ਕਿਸੇ ਪਾਸੇ ਨਹੀਂ ਸਿਧਾਰੇ = ਜਾ ਸਕਦਾ ਕਿਉਂਕਿ ਇਹ ਸੁਭਾਅ ਤੇ = ਤੋਂ ਬਾਨ ਪ੍ਰਕਾਰੇ = ਤੀਰ ਵਾਂਗ ਜੜ੍ਹ ਹੈ **ਅਥਵਾ** ਜਿਵੇਂ ਤੀਰ ਕਿਸੇ ਦਾ ਚਲਾਇਆ ਹੋਇਆ ਚੱਲਦਾ ਹੈ, ਇਸੇ ਪ੍ਰਕਾਰ ਮਨ ਤੇਰੇ ਬਲ ਕਰਕੇ ਦੌੜਦਾ ਫਿਰਦਾ ਹੈ ॥੫੩॥

## ਜਬ ਲਗ; ਤੁਮਰੋ ਮਨ ਅਰਿ ਜੀਤਾ ॥
## ਤਬ ਲਗ; ਲਵ ਸੁਖ ਲਹੋ ਨ ਮੀਤਾ ॥

ਹੇ ਮੀਤਾ = ਮਿੱਤਰ ! ਜਬ ਲਗ = ਜਦੋਂ ਤਕ ਤੁਮਰੋ = ਤੇਰਾ ਮਨ ਰੂਪੀ ਅਰਿ = ਵੈਰੀ ਜੀਤਾ = ਜਿਊਂਦਾ ਹੈ ਭਾਵ ਬੁਰੇ ਸੰਕਲਪ-ਵਿਕਲਪ ਕਰਦਾ ਹੈ, ਤਬ ਲਗ = ਤਦੋਂ ਤਕ ਤੂੰ ਲਵ = ਲੇਸ ਮਾਤਰ ਵੀ ਸੁਖ ਨਹੀਂ ਲਹੋ = ਪ੍ਰਾਪਤ ਕਰ ਸਕਦਾ।

## ਜਬ ਤੁਮ; ਚਿੱਤ ਸਤ੍ਰ ਨਿਜ ਜੀਤਾ ॥
## ਤਬ ਮੋ ਸਮ; ਤੁਮ ਚਰਹੁ ਅਭੀਤਾ ॥੫੪॥

ਹੇ ਰਾਜਨ! ਜਬ = ਜਦੋਂ ਤੁਮ = ਤੂੰ ਨਿਜ = ਆਪਣੇ ਇਸ ਚਿੱਤ = ਮਨ ਰੂਪੀ ਸਤ੍ਰ = ਵੈਰੀ ਨੂੰ ਜੀਤਾ = ਜਿੱਤ ਲੈਣਾ ਕਰੇਂਗਾ, ਤਬ = ਤਦੋਂ ਤੁਮ = ਤੂੰ ਮੋ = ਮੇਰੇ ਸਮ = ਸਮਾਨ ਅਭੀਤਾ = ਡਰ ਤੋਂ ਰਹਿਤ ਹੋ ਕਰਕੇ ਚਰਹੁ = ਵਿਚਰਨਾ ਕਰੇਂਗਾ ॥੫੪॥

## ਮਨੁ ਰਿਪੁ ਜੀਤਾ; ਸਭੁ ਰਿਪੁ ਜੀਤੇ ॥
## ਮਨ ਰਿਪੁ ਜੀਤਾ; ਸਭ ਰਿਪੁ ਜੀਤੇ ॥

ਹੇ ਰਾਜਨ ! ਜੇਕਰ ਇਹ ਮਨ ਰੂਪੀ ਰਿਪੁ = ਵੈਰੀ ਜੀਤਾ = ਜਿਊਂਦਾ ਹੈ ਤਾਂ ਫੇਰ ਕਾਮਾਦਿਕ ਵਿਕਾਰ ਤੇ ਸ਼ਬਦ ਸਪਰਸ਼ ਆਦਿਕ ਇਹ ਸਭੁ = ਸਾਰੇ ਹੀ ਰਿਪੁ = ਵੈਰੀ ਜੀਤੇ = ਜਿਊਂਦੇ ਹਨ, ਪਰੰਤੂ ਜੇਕਰ ਮਨ ਰੂਪੀ ਰਿਪੁ = ਵੈਰੀ ਨੂੰ ਜੀਤਾ = ਜਿੱਤ ਲਿਆ, ਭਾਵ ਇਸ ਉੱਤੇ ਫ਼ਤਹਿ ਪਾ ਲਈ ਤਾਂ ਫੇਰ ਸਮਝ, ਕਿ ਤੂੰ

ਕਾਮਾਦਿਕ ਰੂਪੀ ਸਭ = ਸਾਰੇ ਹੀ ਰਿਪੁ = ਵੈਰੀ ਜੀਤੇ = ਜਿੱਤ ਲੈਣਾ ਕੀਤੇ ਹਨ ਭਾਵ ਜੇ ਤੂੰ ਮਨ ਜਿੱਤ ਲਿਆ ਤਾਂ ਸਮਝ ਕਿ ਤੂੰ ਸਾਰਾ ਸੰਸਾਰ ਹੀ ਜਿੱਤ ਲਿਆ। ਜੈਸਾ ਕਿ :

**...ਮਨਿ ਜੀਤੈ ਜਗੁ ਜੀਤੁ॥** *(ਜਪੁ ਜੀ ਸਾਹਿਬ, ਅੰਗ ੬)*

ਮਨ ਜਿੱਤਣ ਦੇ ਪ੍ਰਥਾਇ ਹੋਰ ਪ੍ਰਮਾਣ ਇਸ ਪ੍ਰਕਾਰ ਹਨ। ਜੈਸਾ ਕਿ :

੧. **ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ॥**
*(ਮਾਰੂ ਵਾਰ ਮ: ੩, ਅੰਗ ੧੦੮੯)*

੨. **ਹਾਥ ਹਲਾਏ ਸੁਰਗ ਨ ਜਾਹੂ॥ ਜੋ ਮਨ ਜੀਤ ਸਕਾ ਨਹੀਂ ਕਾਹੂ॥**
*(ਦਸਮ ਗ੍ਰੰਥ, ਅੰਗ ੫੯)*

੩. **ਗੁਰਮਤਿ ਮਨੁ ਸਮਝਾਇਕੈ ਬਾਹਰਿ ਜਾਂਦਾ ਵਰਜਿ ਰਹਾਇਆ।**
*(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੨)*

੪. **ਮਨ ਮਾਰਨ ਅਤਿ ਕਰ ਬਹੁ ਔਖਾ ਕੋਈ ਵਿਰਲਾ ਮਨ ਕਉ ਮਾਰੇ।**
**ਰਾਵਨ ਕਾ ਯੇਹ ਜੇਠਾ ਭਾਈ ਰਾਖਤ ਸੀਸ ਅਪਾਰੇ॥** *(ਆਸਾਵਰੀਆਂ)*

੫. **ਮੈ ਜਾਨਿਓ ਮਨ ਮਰ ਗਇਓ ਮਨ ਤੋ ਮਰਿਓ ਨਾਹਿ॥**
**ਕੁਸੰਗਤ ਬਰਖਾ ਹੋਣ ਤੇ ਬਹੁਰ ਹਰੋ ਹੋਇ ਜਾਹਿ॥** *(ਸ੍ਰੀ ਨਾਰਾਇਣ ਹਰੀ ਉਪਦੇਸ਼)*

ਜਿਵੇਂ ਕਿ ਕਲਪਿਤ ਉਦਾਹਰਣ ਹੈ ਕਿ ਇਕ ਵਾਰ ਮਹਾਤਮਾ ਨੇ ਕਿਸੇ ਦਵਾਈ ਦੇ ਵਿਚ ਵਰਤਣ ਲਈ ਸੁੱਕੇ ਛੱਪੜ ਵਿੱਚੋਂ ਮਰੇ ਹੋਏ ਡੱਡੂ ਨੂੰ ਰਗੜ ਕੇ ਪੁੜੀ ਬਣਾ ਕਰਕੇ ਆਸਣ ਹੇਠ ਰੱਖ ਦਿੱਤਾ। ਜਦੋਂ ਵਰਖਾ ਰੁੱਤ ਆਈ ਤਾਂ ਉਸ ਵਿਚ ਨਿੱਕੀਆਂ-ਨਿੱਕੀਆਂ ਅਨੇਕਾਂ ਡੱਡੀਆਂ ਪੈਦਾ ਹੋ ਗਈਆਂ। ਜਦੋਂ ਆਸਣ ਹੇਠਾਂ ਦੇਖਿਆ ਤਾਂ ਪੁੜੀ ਖ਼ਾਲੀ ਪਈ ਮਿਲੀ। ਫਿਰ ਇਹ ਉਪਰੋਕਤ ਦੋਹਰਾ ਉਚਾਰਣਾ ਕੀਤਾ। ਮਹਾਤਮਾ ਨੇ ਕਿਹਾ ਕਿ ਜੇ ਕੋਈ ਇਹ ਸਮਝੇ ਕਿ ਮੈਂ ਮਨ ਮਾਰ ਲਿਆ ਹੈ, ਜਿਵੇਂ ਡੱਡੂ ਪੀਸਿਆ ਹੋਇਆ ਸੀ, ਮਤਾਂ ਕੋਈ ਬਿਰੱਕਤੀਪੁਣੇ ਦੀ ਹੰਗਤਾ ਕਰਕੇ ਕਹੇ ਕਿ ਮੈਂ ਮਨ ਕਾਬੂ ਕਰ ਲਿਆ ਹੈ, ਪਰ ਜਦੋਂ ਕੁਸੰਗਤ ਰੂਪੀ ਬੱਦਲਾਂ ਵਿੱਚੋਂ ਵਿਸ਼ੇ ਰਸ ਦੀਆਂ ਗੱਲਾਂ ਰੂਪ ਮੀਂਹ ਪੈਣ ਲੱਗਦਾ ਹੈ ਤਾਂ ਫਿਰ ਵਿਕਾਰ ਫੁਰਦੇ ਹਨ ਅਤੇ ਵਿਸ਼ਿਆਂ ਵਿਚ ਖਚਿਤ ਹੋ ਜਾਂਦਾ ਹੈ ਭਾਵ ਬੜੇ ਜਤਨਾਂ ਨਾਲ ਮਨ ਜਿੱਤਿਆ ਨਹੀਂ ਜਾਂਦਾ। ਬੜੇ-ਬੜੇ ਜਪੀ, ਤਪੀ, ਹਠੀ, ਜੋਗੀ, ਸੰਨਿਆਸੀ ਮਨ ਅੱਗੇ ਹਾਰ ਜਾਂਦੇ ਹਨ। ਜਿਵੇਂ ਕਿ ਮਛੰਦਰ ਨਾਥ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਦੇ ਪਿਤਾ ਅਮਰੂ ਦੀ ਮੁਰਦਾ ਦੇਹ ਵਿਚ 'ਪਰ ਕਾਂਇਆ ਪ੍ਰਵੇਸ਼ ਸਿਧੀ' ਦੁਆਰਾ ਉਥੇ ਦੀਆਂ ਸੁੰਦਰ ਇਸਤਰੀਆਂ ਦੇ ਨਾਲ ਵਿਸ਼ੇ ਸੁਖ ਮਾਣਨ ਲੱਗ ਪਿਆ ਸੀ। ਜਦੋਂ ਗੋਰਖ ਨਾਥ ਦੀ ਬਾਲ ਗੁੰਦਾਈ ਨਾਲ ਚਰਚਾ ਹੋਈ ਤਾਂ ਉਸ ਨੇ ਤਰਕ ਮਾਰੀ ਤੇ ਕਿਹਾ ਕਿ ਹੇ ਗੋਰਖ ਨਾਥ! ਤੂੰ ਜਤੀ ਬਣਿਆ ਫਿਰਦਾ ਹੈਂ? ਪਹਿਲੇ ਆਪਣੇ ਗੁਰੂ ਨੂੰ ਵੇਖ ਕਿ ਉਹ ਕਿਥੇ ਹੈ? ਗੋਰਖ ਬੜਾ ਸ਼ਰਮਿੰਦਾ ਹੋਇਆ। ਉਸ ਨੇ ਤਬਲਾ ਵਜਾਉਣਾ ਸਿੱਖਿਆ ਤੇ ਫਿਰ ਤਬਲਾ ਵਜਾ ਕੇ ਉਸ ਵਿੱਚੋਂ ਆਵਾਜ਼ ਕੱਢੀ 'ਜਾਗ ਮਛੰਦਰਾ ਗੋਰਖ ਆਇਓ'। ਤਦ ਉਸ ਨੂੰ ਆਪਣੇ ਉੱਪਰ ਘਿਰਣਾ ਆਈ ਤੇ ਮਛੰਦਰ ਨਾਥ ਨੇ ਫਿਰ ਉਹ ਦੇਹ ਛੱਡ ਦਿੱਤੀ। ਤਦ ਫੇਰ ਗੋਰਖ ਨਾਥ ਆਪਣੇ ਗੁਰੂ ਮਛੰਦਰ ਨਾਥ ਨੂੰ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਲੈ ਕਰਕੇ ਆਇਆ ਸੀ, ਤਦ ਹਜ਼ੂਰ ਨੇ ਸ਼ਬਦ ਉਚਾਰਨ ਕੀਤਾ ਸੀ। ਜੈਸਾ ਕਿ :

**ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥ ਵਸਗਤਿ ਪੰਚ ਕਰੇ ਨਹ ਡੋਲੈ॥**
*(ਰਾਮਕਲੀ ਮ: ੧, ਅੰਗ ੮੭੭)*

ਇਸੇ ਤਰ੍ਹਾਂ ਰੁਹੇਲਿਆਂ ਦੇ ਰਾਜੇ ਪਾਰਸ ਨਾਥ ਨੇ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦੁਆਰਾ ਸਾਰੀ ਦੁਨੀਆਂ ਦੇ ਇਕ ਲੱਖ ਰਾਜੇ ਜਿੱਤ ਲਏ ਸਨ, ਪਰ ਮਨ ਅੱਗੇ ਹਾਰ ਗਿਆ ਸੀ। ਕਟਾਸ਼ ਤੀਰਥ ਉੱਤੇ ਚਿਖਾ ਬਣਾ ਕੇ ਜਿਊਂਦਾ ਹੀ ਸੜ ਗਿਆ।

***ਪ੍ਰਸ਼ਨ :*** *ਫੇਰ ਇਹ ਮਨ ਜਿੱਤਿਆ ਕਿਵੇਂ ਜਾਂਦਾ ਹੈ?*

***ਉੱਤਰ :*** ਜੇਕਰ ਪੂਰਨ ਸਤਿਗੁਰਾਂ ਦੀ ਕਿਰਪਾ ਹੋ ਜਾਵੇ ਤਾਂ ਇਹ ਮਨ ਜਿੱਤਿਆ ਭਾਵ ਵੱਸ ਵਿਚ ਆ ਸਕਦਾ ਹੈ।

**ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥**

*(ਥਿਤੀ ਗਉੜੀ ਮ: ੫, ਅੰਗ ੨੯੮)*

ਇਉਂ ਸਤਿਗੁਰਾਂ ਦੀ ਕਿਰਪਾ ਦੁਆਰਾ ਹੀ ਇਹ ਮਨ ਜਿੱਤਿਆ ਜਾ ਸਕਦਾ ਹੈ।

## ਇਤਰ ਤਨੋ ਮੈਂ; ਹੋਇ ਨ ਨਿਗ੍ਰਹਿ॥
## ਮਾਨਸ ਕੋ; ਬਿਨ ਮਾਨਸ ਵਿਗ੍ਰਹਿ॥੫੫॥

ਹੇ ਰਾਜਨ! ਮਨੁੱਖਾ ਸਰੀਰ ਤੋਂ ਬਗ਼ੈਰ ਇਤਰ = ਹੋਰਨਾਂ ਤਨੋ = ਸਰੀਰਾਂ ਮੈਂ = ਵਿਚ ਭਾਵ ਪਸ਼ੂ ਪੰਛੀਆਂ ਦੀਆਂ ਜੂਨਾਂ ਵਿਚ ਇਸ ਮਨ ਦਾ ਨਿਗ੍ਰਹਿ = ਰੋਕਣਾ ਨਹੀਂ ਹੋਇ = ਹੋ ਸਕਦਾ, ਇਸ ਕਰਕੇ ਜੋ (ਮਾਨ + ਸ) ਮਾਨ = ਮਨ ਸ = ਸਹਿਤ ਸੰਕਲਪਾਂ ਵਿਕਲਪਾਂ ਦੇ ਹੈ, ਇਸ ਕੋ = ਨੂੰ ਵਿਸ਼ੇ-ਵਿਕਾਰਾਂ ਵੱਲੋਂ ਜੋ ਰੋਕਣਾ ਹੈ, ਉਹ ਮਾਨਸ = ਮਨੁੱਖਾ ਵਿਗ੍ਰਹਿ = ਸਰੀਰ ਤੋਂ ਬਿਨ = ਬਗ਼ੈਰ ਨਹੀਂ ਹੋ ਸਕਦਾ ਭਾਵ ਮਨੁੱਖਾ ਸਰੀਰ ਪ੍ਰਾਪਤ ਹੋਏ ਤੋਂ ਪਰਮੇਸ਼ਰ **ਵਾ:** ਗੁਰਾਂ ਦੀ ਕਿਰਪਾ ਦੁਆਰਾ ਇਹ ਮਨ ਵੱਸ ਹੋ ਸਕਦਾ ਹੈ॥੫੫॥

## ਤਾਂਤੇ ਸ੍ਵਾਂਤਰ; ਮਨ ਵਸਿ ਕੀਜੈ॥
## ਨਿਰਭੈ ਪਦ; ਸੂਰਨ ਕੋ ਲੀਜੈ॥

ਤਾਂਤੇ = ਇਸ ਕਰਕੇ ਮਨੁੱਖਾ ਸਰੀਰ ਪ੍ਰਾਪਤ ਕਰ ਕੇ ਗੁਰਾਂ ਦੀ ਕਿਰਪਾ ਦੁਆਰਾ ਇਸ ਮਨ ਨੂੰ ਵੱਸ ਵਿਚ ਕੀਜੈ = ਕਰਨਾ ਕਰੀਦਾ ਹੈ, ਫੇਰ ਸੂਰਨ = ਸੂਰਮਿਆਂ ਕੋ = ਦਾ ਨਿਰਭੈ = ਡਰ ਤੋਂ ਪਦ = ਰੁਤਬਾ ਪ੍ਰਾਪਤ ਕਰ ਲੀਜੈ = ਲੈਣਾ ਕਰੀਦਾ ਹੈ ਭਾਵ ਜਿਵੇਂ ਸੂਰਮਾ ਅਨੇਕਾਂ ਦੁਸ਼ਮਣਾਂ ਨੂੰ ਮਾਰ ਕਰਕੇ ਜਿੱਤ ਪ੍ਰਾਪਤ ਕਰ ਲੈਂਦਾ ਹੈ, ਇਸੇ ਪ੍ਰਕਾਰ ਮਨ ਦੇ ਅਨੇਕਾਂ ਸੰਕਲਪਾਂ-ਵਿਕਲਪਾਂ ਰੂਪੀ ਦੁਸ਼ਮਣਾਂ ਨੂੰ ਨਾਸ਼ ਕਰ ਕੇ ਸੂਰਮਿਆਂ ਵਾਲੀ ਨਿਰਭੈ ਪਦਵੀ ਪ੍ਰਾਪਤ ਕਰੀਦੀ ਹੈ।

## ਮਦਨ ਮਦਾਦਿ ਸਤ੍ਰ; ਭਗਤਾਂ ਕੇ॥
## ਹਰਹਿ ਮੋਖ ਸੁਖਿ; ਅਰਿ ਹਮ ਤਾਕੇ॥੫੬॥

ਮਦਨ = ਕਾਮ, ਮਦਾਦਿ = ਹੰਕਾਰ ਆਦਿਕ ਵਿਕਾਰ ਇਹ ਭਗਤ ਜਨਾਂ ਕੇ = ਦੇ ਸਤ੍ਰ = ਦੁਸ਼ਮਣ ਹਨ, ਜਿਹੜੇ ਮੋਖ = ਮੁਕਤੀ ਰੂਪੀ ਸੁਖ ਨੂੰ ਹਰਹਿ = ਨਾਸ਼ ਕਰਦੇ ਹਨ ਭਾਵ ਮੁਕਤੀ ਦੇ ਮਾਰਗ ਵਿਚ ਵਿਘਨ ਪਾਉਣ ਵਾਲੇ ਹਨ, ਇਸ ਕਰਕੇ ਹਮ = ਅਸੀਂ ਸੰਤ ਜਨਾਂ ਨੇ ਇਨ੍ਹਾਂ ਨੂੰ ਅਰਿ = ਦੁਸ਼ਮਣ ਰੂਪ ਕਰਕੇ ਤਾਕੇ = ਵੇਖਣਾ ਕੀਤਾ ਹੈ॥੫੬॥

## ਬਾਯਕ ਸਾਯਕ; ਕਰਿ ਤਿਹ ਹਨਕੇ ॥
## ਸਮ ਦਮਾਦਿ; ਜਨ ਕੇ ਮਨ ਜਨਕੇ ॥

ਹੇ ਰਾਜਨ! ਅਸੀਂ ਤਿਹ = ਉਨ੍ਹਾਂ ਕਾਮਾਦਿਕਾਂ ਨੂੰ-ਸ੍ਰੇਸ਼ਟ ਬਾਯਕ = ਬਚਨਾਂ ਰੂਪੀ ਸਾਯਕ = ਤੀਰਾਂ ਦੇ ਕਰਿ = ਨਾਲ ਹਨਕੇ = ਨਾਸ਼ ਕਰ ਕੇ ਜਗਿਆਸੂ ਜਨਾਂ ਕੇ = ਦੇ ਮਨ ਅੰਦਰ ਸਮ ਦਮ ਆਦਿਕ ਸ਼ੁਭ ਗੁਣ ਜਨਕੇ = ਪੈਦਾ ਕਰ ਕੇ :

## ਤ੍ਰਿਧਾ ਤਾਪ ਤੇ; ਤਾਂਕੋ ਰਾਖਹਿ ॥
## ਤੇ ਨਿਜ ਗਜਾਨ; ਪਾਇ ਭੈ ਨਾਖਹਿ ॥੫੭॥

ਅਤੇ ਤਾਂਕੋ = ਉਨ੍ਹਾਂ ਦੀ ਤ੍ਰਿਧਾ = ਤਿੰਨੇ ਤਾਪਾਂ (ਆਧੀ, ਬਿਆਧੀ, ਉਪਾਧੀ) ਤੇ = ਤੋਂ ਰਾਖਹਿ = ਰੱਖਿਆ ਕਰਦੇ ਹਾਂ ਭਾਵ ਤਿੰਨੇ ਤਾਪ ਨਾਸ਼ ਕਰਦੇ ਹਾਂ, ਜਿਸ ਕਰਕੇ ਤੇ = ਉਹ ਜਗਿਆਸੂ ਜਨ ਨਿਜ = ਆਪਣੇ ਆਤਮ ਸਰੂਪ ਦੇ ਗਿਆਨ ਨੂੰ ਪਾਇ = ਪਾ ਕਰਕੇ ਜੰਮਣ-ਮਰਨ ਦੇ ਭੈ = ਡਰ ਨੂੰ ਨਾਖਹਿ = ਨਾਸ਼ ਕਰ ਲੈਂਦੇ ਹਨ ॥੫੭॥

## ਭੂਪ ਪੁਨਾ ਸਮ; ਸੂਰ ਸੂਰ ਹਮ ॥
## ਗਿਰਾ ਕਿਰਣ ਕਰ; ਹਰਹਿ ਭਰਮ ਤਮ ॥

ਹੇ ਭੂਪ = ਰਾਜਨ! ਪੁਨਾ = ਫਿਰ ਜਿਵੇਂ ਸੂਰ = ਸੂਰਜ ਆਪਣੀਆਂ ਕਿਰਨਾਂ ਨਾਲ ਅੰਧੇਰੇ ਨੂੰ ਨਾਸ਼ ਕਰਦਾ ਹੈ, ਇਸੇ ਪ੍ਰਕਾਰ ਹਮ = ਮੈਂ ਵੀ ਸੂਰ = ਸੂਰਜ ਦੇ ਸਮ = ਸਮਾਨ ਹਾਂ ਕਿਉਂਕਿ ਮੈਂ ਗਿਆਨ ਸਹਿਤ ਗਿਰਾ = ਬਾਣੀ ਰੂਪ ਕਿਰਣਾਂ ਦੁਆਰਾ ਜਗਿਆਸੂ ਜਨਾਂ ਦੇ ਹਿਰਦੇ ਅੰਦਰੋਂ ਭਰਮ ਰੂਪੀ ਤਮ = ਹਨੇਰੇ **ਵਾ:** ਅਗਿਆਨ ਰੂਪੀ ਹਨੇਰੇ ਨੂੰ ਹਰਹਿ = ਨਾਸ਼ ਕਰਦਾ ਹਾਂ।

## ਰਾਗ ਦ੍ਵੈਸ਼ ਕੋ; ਮਦ ਜੂਰ ਭਾਰੀ ॥
## ਤਾ ਕਰ ਜਰਤ; ਸਰਬ ਤਨੁ ਧਾਰੀ ॥੫੮॥

ਹੇ ਰਾਜਨ! ਜੋ ਰਾਗ ਦ੍ਵੈਸ਼ ਤੇ ਮਦ = ਹੰਕਾਰ ਕੋ = ਦਾ ਭਾਰੀ = ਵੱਡਾ ਜੂਰ = ਤਾਪ ਹੈ ਤਾ = ਇਸ ਕਰਕੇ ਹੀ ਸਰਬ = ਸਾਰੇ ਤਨੁ ਧਾਰੀ = ਸਰੀਰ ਧਾਰਨ ਕਰਨ ਵਾਲੇ ਜੀਵ ਜਰਤ = ਸੜ ਰਹੇ ਹਨ ॥੫੮॥

## ਮਮ ਬਚਨੌਖਧਿ ਕੋ; ਜਨ ਜਬਹੀ ॥ ਸੰਜਮ ਸੰਜੁਤ; ਸੇਵਹਿ ਤਬਹੀ ॥

ਜਬਹੀ = ਜਦੋਂ ਹੀ ਕੋਈ ਜਨ = ਪੁਰਸ਼ ਮਮ = ਮੇਰੇ (ਬਚਨ + ਓਖਧਿ) ਬਚਨਾਂ ਰੂਪੀ ਓਖਧਿ = ਦਵਾਈ ਕੋ = ਨੂੰ ਸੰਜਮ ਦੇ ਸੰਜੁਤ = ਸਹਿਤ ਸੇਵਹਿ = ਸੇਵਨਾ ਕਰਹੀ = ਕਰਦਾ ਹੈ। ਤਬਹੀ = ਤਾਂ ਫਿਰ :

## ਹੇਤੁ ਸਮੇਤ; ਪ੍ਰਹਾਰਤ ਤਾਪ ਸਭ ॥
## ਲਹਤ ਨਿਰਤਸਹ; ਨਿਜਾਨੰਦ ਤਬ ॥੫੯॥

ਮੋਹ ਰੂਪੀ ਹੇਤੁ = ਕਾਰਣ **ਵਾ:** ਰਾਗ ਦ੍ਵੈਸ਼ ਰੂਪੀ ਕਾਰਣ ਦੇ ਸਮੇਤ ਸਭ = ਸਾਰੇ ਤਾਪ (ਪ੍ਰ + ਹਾਰਤ)

ਪ੍ਰ = ਵਿਸ਼ੇਸ਼ ਕਰਕੇ ਹਾਰਤ = ਹਾਰ, ਨਾਸ਼ ਹੋ ਜਾਂਦੇ ਹਨ, ਤਬ = ਤਦੋਂ ਉਹ ਪੁਰਸ਼ ਨਿਜ = ਆਪਣੇ ਆਤਮ ਸਰੂਪ ਦੇ ਆਨੰਦ ਨੂੰ ਲਹਤ = ਪ੍ਰਾਪਤ ਕਰ ਲੈਂਦਾ ਹੈ ਨਿਰਤਸਹ = ਜਿਸ ਅਨੰਦ ਤੋਂ ਵਧੀਕ ਹੋਰ ਕੋਈ ਅਨੰਦ ਨਹੀਂ ਹੈ॥੫੯॥

## ਅਤਿ ਤ੍ਰਿਸਨਾ ਕਰਿ; ਬੌਰੈ ਜੇ ਨਰ॥
## ਗਹੇ ਮਾਨ ਬਿਨ; ਧਨ ਕਿਨਕਾਖਰ॥

ਹੇ ਰਾਜਨ! ਜੇ = ਜਿਹੜੇ ਨਰ = ਪੁਰਸ਼ ਅਤਿ = ਅਤਿਅੰਤ ਤ੍ਰਿਸ਼ਨਾ ਕਰਕੇ ਬੌਰੇ = ਕਮਲੇ (ਝੱਲੇ) ਹੋ ਰਹੇ ਹਨ, ਉਹ ਲੋਭੀ ਲੋਕ ਮਾਨ ਤੋਂ ਬਿਨ = ਬਗ਼ੈਰ ਹੋ ਕਰਕੇ (ਕਿਨਕ + ਅਖਰ) ਇਕ ਕਿਨਕ = ਕਿਨਕਾ ਅਖਰ = ਮਾਤਰ ਧਨ ਨੂੰ ਗਹੇ = ਗ੍ਰਹਿਣ ਕਰ ਕੇ:

## ਤਨ ਪੋਖਤ; ਯੋਖਤ ਭੋਗਾਰਥ॥
## ਤੇ ਨ ਲਖਹਿ; ਪਸੁ ਵਤ ਪਰਮਾਰਥ॥੬੦॥

ਜੋ ਯੋਖਤ = ਇਸਤਰੀਆਂ ਨੂੰ (ਭੋਗ + ਅਰਥ) ਭੋਗਣ ਅਰਥ = ਵਾਸਤੇ ਆਪਣੇ ਤਨ = ਸਰੀਰ ਨੂੰ ਪੋਖਤ = ਪਾਲਣਾ ਕਰਦੇ ਹਨ **ਵਾ:** ਉਨ੍ਹਾਂ ਇਸਤਰੀਆਂ ਦੇ ਸਰੀਰਾਂ ਨੂੰ ਪਾਲਣਾ ਕਰਦੇ ਹਨ, ਤੇ = ਉਹ ਪੁਰਸ਼ ਪਸੁ = ਪਸ਼ੂਆਂ ਦੀ ਵਤ = ਨਿਆਈਂ ਹਨ, ਜੋ ਪਰਮਾਰਥ ਦੇ ਰਸਤੇ ਨੂੰ ਲਖਹਿ = ਜਾਣਨਾ ਨਹੀਂ ਕਰਦੇ ਹਨ॥੬੦॥

## ਅਸ ਪਾਮਰ; ਤਵ ਸੇਵਤ ਰਾਜਨ॥
## ਸੇਵਤ ਮੋਹਿ; ਮੋਖ ਕੇ ਭਾਂਜਨ॥

ਹੇ ਰਾਜਨ! ਅਸ = ਇਸ ਪ੍ਰਕਾਰ ਦੇ ਪਾਮਰ ਪੁਰਖ ਤਵ = ਤੇਰੀ ਸੇਵਤ = ਸੇਵਾ ਕਰਦੇ ਹਨ ਅਤੇ ਮੋਖ = ਮੁਕਤੀ ਕੇ = ਦੇ ਭਾਂਜਨ = ਪਾਤਰ (ਅਧਿਕਾਰੀ) ਜਗਿਆਸੂ ਜਨ ਮੋਹਿ = ਮੇਰੀ ਸੇਵਤ = ਸੇਵਾ ਕਰਦੇ ਹਨ। ਅਤੇ:

## ਨਿਜ ਮਤ ਕੀ; ਮਲ ਹਤਬੇ ਕਾਜਾ॥
## ਸੁਨਤੇ ਵਚਨ, ਸਰੁਚਿ ਮਮ ਰਾਜਾ॥੬੧॥

ਹੇ ਰਾਜਾ = ਰਾਜਨ! ਉਹ ਨਿਜ = ਆਪਣੀ ਮਤ = ਬੁੱਧੀ ਕੀ = ਦੀ ਮਲ = ਮਲੀਨਤਾ ਨੂੰ ਹਤਬੇ = ਨਾਸ਼ ਕਾਜਾ = ਕਰਨ ਵਾਸਤੇ ਮਮ = ਮੇਰੇ ਬਚਨ ਸਰੁਚਿ = ਸਹਿਤ ਪ੍ਰੀਤੀ ਦੇ ਸੁਨਤੇ = ਸੁਣਨਾ ਕਰਦੇ ਹਨ॥੬੧॥

## ਅਵ ਸਹਕਾਮੀ; ਭੋਗ ਨਮਿੱਤਾ॥
## ਅਰਚਹਿ ਮੋਹਿ; ਜਬੈ ਇਕ ਚਿੱਤਾ॥

ਅਵ = ਹੋਰ ਜੇ ਕੋਈ ਪੁਰਸ਼ ਸਹਕਾਮੀ = ਸਹਿਤ ਕਾਮਨਾ ਦੇ ਹੁੰਦਾ ਹੈ ਤਾਂ ਉਹ ਵੀ ਆਤਮਿਕ ਭੋਗ = ਸੁੱਖ ਦੇ ਨਮਿੱਤਾ = ਵਾਸਤੇ ਜਬੈ = ਜਦੋਂ ਮੋਹਿ = ਮੇਰੀ ਇਕ ਚਿੱਤ ਹੋ ਕਰਕੇ ਅਰਚਹਿ = ਪੂਜਾ ਕਰਦਾ ਹੈ। ਅਤੇ:

## ਪ੍ਰਗਟੇ ਜੋ ਤਿਹ; ਪੁੰਨ ਵਸ਼ੇਸਾ॥
## ਤੇ ਪਿ ਤਜੋ; ਨਿਜ ਨਿਖਲ ਕਲੇਸਾ॥੬੨॥

ਤਿਹ = ਉਸ ਦਾ ਜਦੋਂ ਕੋਈ ਜੋ = ਜਿਹੜਾ ਵੀ ਵਸ਼ੇਸਾ = ਖ਼ਾਸ ਪੁੰਨ ਪ੍ਰਗਟ ਹੁੰਦਾ ਹੈ, ਤਦ ਤੇ = ਉਹ ਪਿ = ਵੀ ਨਿਜ = ਆਪਣੇ ਨਿਖਲ = ਸਾਰੇ ਕਲੇਸਾ = ਦੁੱਖਾਂ ਨੂੰ ਤਜੋ = ਤਿਆਗ ਕੇ ਆਤਮਿਕ ਸੁਖ ਵਾਲਾ ਹੋ ਜਾਂਦਾ ਹੈ॥੬੨॥

## ਸੁਖਦ ਸੁਖੇਨ; ਸੀਘ੍ਰ ਬਹੁ ਭੋਗਾ॥
## ਕਰੇ ਗਿਰਾ ਮਮ; ਤਾ ਨਿਰਜੋਗਾ॥

ਹੇ ਰਾਜਨ! ਜੋ ਸੁਖਦ = ਸੁਖਦਾਇਕ, ਸੁਖੇਨ = ਸੌਖੇ ਤੇ ਸੀਘ੍ਰ = ਤਤਕਾਲ ਭਾਵ ਛੇਤੀ ਨਾਲ ਪ੍ਰਾਪਤ ਹੋਣ ਵਾਲੇ ਬਹੁ = ਬਹੁਤੇ ਭੋਗਾ = ਭੋਗ ਹਨ, ਮਮ = ਮੇਰੀ ਗਿਰਾ = ਬਾਣੀ ਤਾ = ਉਨ੍ਹਾਂ ਜਨ = ਪੁਰਸ਼ਾਂ ਨੂੰ ਭੋਗਾਂ ਦੇ ਵਿਚ (ਨਿਰ + ਜੋਗਾ) ਜੋਗਾ = ਜੁੜਨ ਤੋਂ ਨਿਰ = ਰਹਿਤ ਕਰੇ = ਕਰਨ ਵਾਲੀ ਹੈ।

## ਚਪਲ ਚਿਤ ਮਹਿ; ਬਚਨ ਬਸਹ ਮਮ॥
## ਕਰਹਿ ਤਿਸੈ ਤਬ; ਅਚਲ ਅਚਲ ਸਮ॥੬੩॥

ਜਿਸ ਚਪਲ = ਚੰਚਲ ਚਿੱਤ ਮਹਿ = ਵਿਚ ਮਮ = ਮੇਰੇ ਸ੍ਰੇਸ਼ਟ ਬਚਨ ਬਸਹ = ਵੱਸ ਜਾਂਦੇ ਹਨ, ਤਬ = ਤਦੋਂ ਉਹ ਬਚਨ ਤਿਸੈ = ਉਸ ਪੁਰਸ਼ ਦੇ ਚਿੱਤ ਨੂੰ ਅਚਲ = ਪਰਬਤ ਦੇ ਸਮ = ਸਮਾਨ ਅਚੱਲ ਕਰਹਿ = ਕਰ ਦਿੰਦੇ ਹਨ ਭਾਵ ਚਿੱਤ ਭੈੜੀਆਂ ਚਿਤਵਣੀਆਂ ਵੱਲੋਂ ਅਚੱਲ ਹੋ ਜਾਂਦਾ ਹੈ॥੬੩॥

## ਪੂਰਬ ਚਪਲ ਰੂਪ; ਨਿਜ ਖੋਯੋ॥
## ਚਿਤ ਸੋ ਮਿਲ ਚਿਤ; ਚਿਤ ਸੋ ਹੋਯੋ॥

ਪੂਰਬ = ਪਹਿਲਾਂ ਉਸ ਪੁਰਸ਼ ਨੇ ਨਿਜ = ਆਪਣੇ ਚਪਲ = ਚੰਚਲ ਰੂਪ ਨੂੰ ਖੋਯੋ = ਗਵਾਉਣਾ ਭਾਵ ਨਾਸ਼ ਕਰਨਾ ਕੀਤਾ ਅਤੇ ਫਿਰ ਚਿੱਤ ਸੋ = ਉਸ ਚਿਤ = ਚੇਤਨ ਬ੍ਰਹਮ ਦੇ ਨਾਲ ਮਿਲ ਕਰਕੇ ਸੋ = ਉਸੇ ਚੇਤਨ ਦਾ ਰੂਪ ਹੋਯੋ = ਹੋ ਗਿਆ। ਇਉਂ ਸਾਡੀ ਸੰਗਤ ਦਾ ਉਨ੍ਹਾਂ ਨੂੰ ਇਹ ਫਲ ਹੋਇਆ।

## ਚਿਤ, ਚਿਤ ਨਾਮ; ਸਜਾਤੀ ਜਾਂਤੇ॥
## ਭਵਨ ਅਭੇਦ; ਉਭੈ ਚਿਤ ਤਾਂਤੇ॥੬੪॥

ਜਾਂਤੇ = ਜਿਸ ਕਰਕੇ ਚਿੱਤ ਤੇ ਚਿਤ = ਚੇਤਨ ਇਹ ਦੋਵੇਂ ਨਾਮ ਸਜਾਤੀ = ਇੱਕੋ ਜਾਤ ਦੇ ਹਨ। ਤਾਂਤੇ = ਇਸ ਕਰਕੇ ਉਭੈ = ਦੋਵੇਂ ਆਪਸ ਵਿਚ ਅਭੇਦ ਭਵਨ = ਹੋ ਜਾਂਦੇ ਹਨ ਤੇ ਫਿਰ ਦੋਵੇਂ ਹੀ ਚੇਤਨ ਹਨ॥੬੪॥

## ਅਚੱਲ ਨਿਜਾਤਮ; ਸੁਖ ਕੀ ਦਾਨੀ॥
## ਤਾਤੇ ਅਚਲ; ਚਤੁਰ ਮਮ ਬਾਨੀ॥

ਹੇ ਰਾਜਨ! ਮੇਰੀ ਬਾਣੀ (ਨਿਜ + ਆਤਮ) ਨਿਜ = ਆਪਣੇ ਆਤਮ ਸਰੂਪ ਦੇ ਸੁਖ ਕੀ = ਦੀ ਅਚੱਲ

ਪਦਵੀ ਦਾਨੀ = ਦੇਣ ਵਾਲੀ ਹੈ, ਤਾਤੇ = ਇਸ ਕਰਕੇ ਮਮ = ਮੇਰੀ ਬਾਣੀ ਅਚੱਲ ਤੇ ਚਤੁਰ = ਸਿਆਣਪ ਦੇਣ ਵਾਲੀ ਹੈ।

**ਜਹਾਂ ਸੋ ਚਰੇ; ਗਿਰਾ ਹਮਾਰੀ ॥**
**ਕਰੇ ਤਿਸੇ ਤਬ; ਨਿਜ ਅਨੁਸਾਰੀ ॥੬੫॥**

ਸੋ ਜਹਾਂ = ਜਿਥੇ-ਜਿਥੇ ਹਮਾਰੀ = ਮੇਰੀ ਗਿਰਾ = ਬਾਣੀ ਇਸ ਗ੍ਰੰਥ ਦੇ ਰੂਪ ਵਿਚ ਚਰੇ = ਵਿਚਰਨਾ ਕਰੇਗੀ, ਤਬ = ਤਦ ਹੀ ਤਿਸੇ = ਉਸੇ ਨੂੰ ਨਿਜ = ਆਪਣੇ ਅਨੁਸਾਰੀ ਕਰੇ = ਕਰਨਾ ਕਰੇਗੀ ਭਾਵ ਆਤਮ ਸਰੂਪ ਵੱਲ ਨੂੰ ਲੈ ਕੇ ਜਾਣਾ ਕਰੇਗੀ ॥੬੫॥

**ਤਾਤੇ ਵਾਕ; ਹਮਾਰੇ ਰਾਜਨ ॥**
**ਜਨ ਸਰਧਾਲੂ ਕੇ; ਅਤਿ ਸਾਜਨ ॥**

ਹੇ ਰਾਜਨ ! ਤਾਤੇ = ਇਸ ਕਰਕੇ ਹਮਾਰੇ = ਮੇਰੇ ਵਾਕ = ਬਚਨ ਸ਼ਰਧਾਲੂ ਜਨਾਂ ਕੇ = ਦੇ ਅਤਿ = ਅਤਿਸ਼ੈ ਕਰਕੇ ਸਾਜਨ = ਸੱਜਣ ਹਨ।

**ਮਮ ਬਚਨੋਂ ਪਰ; ਤਵ ਸਰਧਾ ਜਬ ॥**
**ਧਰੋ ਤਬੈ; ਉਰ ਤਾਪ ਹਰੋ ਸਬ ॥੬੬॥**

ਜਬ = ਜਦੋਂ ਤਵ = ਤੁਸੀਂ ਮਮ = ਮੇਰੇ ਬਚਨੋਂ = ਬਚਨਾਂ ਪਰ = ਉੱਤੇ ਸ਼ਰਧਾ ਧਰੋ = ਧਾਰਨ ਕਰਨਾ ਕਰੋਗੇ, ਤਬੈ = ਤਦੋਂ ਹੀ ਤੁਹਾਡੇ ਉਰ = ਹਿਰਦੇ ਦੇ ਸਬ = ਸਾਰੇ ਤਾਪ ਹਰੋ = ਨਾਸ਼ ਹੋ ਜਾਣਗੇ ॥੬੬॥

**ਸਰਬ ਜਨੋਂ ਕੇ; ਹਿਤ ਕੀ ਕੀਜੈ ॥**
**ਨਿਰਭੈ ਦਾਨ; ਸਗਲ ਕੋ ਦੀਜੈ ॥**

ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਰਾਜਨ! ਹਮੇਸ਼ਾਂ ਸਰਬ = ਸਾਰਿਆਂ ਜਨੋਂ = ਪੁਰਸ਼ਾਂ ਕੇ = ਦੇ ਹਿਤ = ਭਲੇ ਕੀ = ਦੀ ਹੀ ਗੱਲ ਕੀਜੈ = ਕਰਨੀ ਚਾਹੀਦੀ ਹੈ ਅਤੇ ਸਗਲ = ਸਾਰਿਆਂ ਕੋ = ਨੂੰ ਨਿਰਭੈਤਾ ਦਾ ਦਾਨ ਦੀਜੈ = ਦੇਣਾ ਚਾਹੀਦਾ ਹੈ।

**ਜਸ ਕੋ ਤਿਲਕ; ਧਾਰ ਜਗ ਜੀਜੈ ॥**
**ਮਾਨਸ ਦੇਹ; ਸਫਲ ਕਰਿ ਲੀਜੈ ॥੬੭॥**

ਜਸ ਕੋ = ਦਾ ਤਿਲਕ = ਟਿੱਕਾ ਧਾਰ = ਧਾਰਨ ਕਰ ਕੇ ਜਗ = ਸੰਸਾਰ ਵਿਚ ਜੀਜੈ = ਜਿਊਣਾ ਕਰ **ਵਾ**: ਜਿਊਣਾ ਚਾਹੀਦਾ ਹੈ ਅਤੇ ਇਸ ਮਾਨਸ = ਮਨੁੱਖਾ ਦੇਹ = ਸਰੀਰ ਨੂੰ ਨਾਮ ਜਪ ਕੇ ਸਫਲ = ਗਿਆਨ ਰੂਪੀ ਫਲ ਦੇ ਸਹਿਤ ਕਰ ਲੀਜੈ = ਲੈਣਾ ਕਰ **ਵਾ**: ਕਰ ਲੈਣਾ ਚਾਹੀਦਾ ਹੈ ॥੬੭॥

## ਦੋਹਰਾ ॥

## ਹਰਹੁ ਦੁਖੀ ਕੇ ਦੁਖ ਕੋ; ਸੁਖੀਏ ਕੋ ਸੁਖ ਦੇਹੁ ॥

ਇਸ ਕਰਕੇ ਸਦਾ ਹੀ ਦੁਖੀ ਪੁਰਸ਼ ਕੇ = ਦੇ ਦੁੱਖ ਕੋ = ਨੂੰ ਹਰਹੁ = ਨਾਸ਼ ਕਰਨਾ ਕਰੋ ਅਤੇ ਸੁਖੀਏ = ਸੁਖ ਵਾਲੇ ਕੋ = ਨੂੰ ਹੋਰ ਸੁਖ ਦੇਹੁ = ਦੇਣਾ ਕਰੋ ਭਾਵ ਦੁੱਖ ਕਿਸੇ ਨੂੰ ਵੀ ਨਹੀਂ ਦੇਣਾ ਚਾਹੀਦਾ ਬਲਕਿ ਦੁਖੀ ਦੇ ਦੁੱਖ ਨੂੰ ਨਾਸ਼ ਕਰ ਕੇ ਸੁਖ ਦੇਣਾ ਕਰੋ ਤੇ ਸੁਖੀਏ ਦੇ ਸੁਖ ਨੂੰ ਨਾਸ਼ ਕਰ ਕੇ ਦੁੱਖ ਨਾ ਦੇਣਾ ਕਰੋ, ਸਭ ਨੂੰ ਸੁਖ ਦੇਣਾ ਕਰੋ।

## ਧਰੋ ਸਿਰੋਮਣਿ ਬਚਨ ਮਨ; ਰਮੋ ਨਰੋਮਣਿ ਗੇਹੁ ॥੬੮॥

ਹੇ ਨਰੋਮਣਿ = ਰਾਜਨ ! ਤੂੰ ਮੇਰੇ ਇਨ੍ਹਾਂ ਸ਼ਿਰੋਮਣੀ ਬਚਨਾਂ ਨੂੰ ਆਪਣੇ ਮਨ ਅੰਦਰ ਧਰੋ = ਧਾਰਨ ਕਰਨਾ ਕਰ ਅਤੇ ਆਪਣੇ ਗੇਹੁ = ਘਰ ਨੂੰ ਰਮੋ = ਜਾਣਾ ਕਰ ॥੬੮॥

## ਦੋਹਰਾ ॥

## ਮਾਨ ਹਾਨ ਭੂਪਾਨ ਕੋ; ਕੀਨ ਸਪਤਮੇ ਧਿਆਇ ॥

ਇਉਂ ਭਰਥਰੀ ਜੀ ਨੇ ਇਸ ਸਪਤਮੇ = ਸੱਤਵੇਂ ਅਧਿਆਇ ਵਿਚ ਆਪਣੇ ਬਚਨਾਂ ਨਾਲ ਤਿੰਨ ਭੂਪਨ = ਰਾਜਿਆਂ ਕੋ = ਦਾ ਮਾਨ = ਹੰਕਾਰ ਹਾਨ = ਨਾਸ਼ ਕਰਨਾ ਕੀਤਾ ਹੈ।

## ਅਨੁਜ ਬ੍ਰਿਧ ਭ੍ਰਾਤਾਨ ਕੇ; ਧਸਯੋ ਮਧ ਮੋ ਆਇ ॥੬੯॥

ਇਹ ਸੱਤਵਾਂ ਅਧਿਆਇ ਅਨੁਜ = ਛੋਟੇ ਤੇ ਬ੍ਰਿਧ = ਵੱਡੇ ਭ੍ਰਾਤਾਨ = ਭਰਾਵਾਂ ਰੂਪੀ ਅਧਿਆਵਾਂ ਦੇ ਮੱਧ ਸਥਾਨ ਮੋ = ਵਿਚ ਆਇ = ਆ ਕਰਕੇ ਧਸਯੋ = ਧੱਸ ਭਾਵ ਬੈਠ ਗਿਆ ਹੈ **ਅਥਵਾ** ਜੋ ਪਿੱਛੇ ਛੇ ਅਧਿਆਇ ਹੋ ਚੁੱਕੇ ਹਨ, ਉਹ ਵੱਡੇ ਭਰਾ ਹਨ ਤੇ ਅੱਗੇ ਜੋ ਛੇ ਆਉਣੇ ਹਨ, ਉਹ ਛੋਟੇ ਭਰਾ ਹਨ। ਇਨ੍ਹਾਂ ਬਾਰ੍ਹਾਂ ਤੋਂ ਵੱਖਰਾ ਇਹ ਸੱਤਵਾਂ ਅਧਿਆਇ ਇਨ੍ਹਾਂ ਦੇ ਵਿਚ ਆ ਕਰਕੇ ਬੈਠਾ ਹੈ। ਇਉਂ ਤੇਰ੍ਹਾਂ ਅਧਿਆਇ ਹਨ ॥੬੯॥

## ਇਤਿ ਸਤਵਾਂ ਧ੍ਯਾਯ ॥

ਇਸ ਸੱਤਵੇਂ ਅਧਿਆਇ ਵਿਚ ਤਿੰਨ ਰਾਜਿਆਂ ਨੂੰ ਸਿੱਖਿਆ ਦੇ ਕਰਕੇ ਹੁਣ ਇਥੇ ਇਸ ਅਧਿਆਇ ਦੀ ਇਤਿ = ਸਮਾਪਤੀ ਕੀਤੀ ਹੈ।

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਅਠਵਾਂ ਅਧਯਾਯ ਅਰੰਭ ॥

ਅਥ = ਹੁਣ ਭਰਥਰੀ ਹਰੀ ਜੀ ਅੱਠਵਾਂ ਅਧਿਆਇ ਪ੍ਰਾਰੰਭ ਕਰਦੇ ਹਨ।

## ਦੋਹਰਾ ॥

## ਅਸ਼ਟੇ ਅਸ਼ਟ ਸਲੋਕ ਕਰਿ; ਨ੍ਰਿਪਨ ਗਰਬ ਸੰਤਾਪ ॥

ਇਸ ਅਸ਼ਟੇ = ਅੱਠਵੇਂ ਅਧਿਆਇ ਵਿਚ ਭਰਥਰੀ ਹਰੀ ਜੀ ਅਸ਼ਟ = ਅੱਠ ਸਲੋਕ ਕਥਨ ਕਰਦੇ ਹਨ, ਜੋ ਨ੍ਰਿਪਨ = ਰਾਜਿਆਂ ਨੂੰ ਗਰਬ = ਹੰਕਾਰ ਰੂਪੀ ਸੰਤਾਪ = ਦੁੱਖ ਲੱਗਿਆ ਹੋਇਆ ਹੈ।

## ਅਮ੍ਰਿਤ ਬਚਨ ਚੂਰਣ ਸਹਿਤ; ਚੂਰਣ ਕਰਹਿੰ ਕਲਾਪ ॥੧॥

ਉਸ ਦੁੱਖ ਨੂੰ ਕਲਾਪ = ਸਮੂਹ ਪਾਪਾਂ ਦੇ ਸਮੇਤ ਆਪਣੇ ਅੰਮ੍ਰਿਤ ਬਚਨਾਂ ਰੂਪੀ ਚੂਰਣ ਦੇ ਸਹਿਤ = ਨਾਲ ਚੂਰਣ = ਚੂਰ-ਚੂਰ ਭਾਵ ਨਾਸ਼ ਕਰਹਿੰ = ਕਰਨਗੇ ॥੧॥

## ਚੌਪਈ ॥

## ਕਛਕੁ ਪੁਰਨ ਕੋ; ਹੋਇ ਕਰਿ ਰਾਜਾ ॥

## ਯਾ ਮਦ ਜੂਰ; ਨਹ ਕਰਤ ਅਕਾਜਾ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਇਹ ਨਰ = ਪੁਰਸ਼ ਕਛਕੁ = ਕੁਝ ਕੁ ਪੁਰਨ = ਨਗਰਾਂ ਕੋ = ਦਾ ਰਾਜਾ ਹੋਇ = ਹੋ ਕਰਕੇ ਭਾਵ ਬਣ ਕਰਕੇ ਯਾ = ਇਸ ਮਦ = ਹੰਕਾਰ ਰੂਪੀ ਜੂਰ = ਤਾਪ ਕਰਕੇ ਅਕਾਜਾ = ਖੋਟੇ ਕਰਮ ਕਰਤ = ਕਰਨਾ ਕਰਦਾ ਹੈ।

## ਵਿਮਲੇ ਚਿਤ ਜਨ; ਕੇਚਿਤ ਧੰਨੇ ॥

## ਪੂਰਬ ਜਗਤ ਜਿਨ; ਹੁਨੇ ਜੰਨੇ ॥੨॥

ਪਰ ਵਿਮਲੇ = ਨਿਰਮਲ ਚਿਤ ਵਾਲੇ ਜਨ = ਪੁਰਸ਼ ਕੇਚਿਤ = ਕੋਈ ਇਕ ਭਾਵ ਵਿਰਲੇ ਹੀ ਹਨ, ਉਹ

ਧੰਨੇ = ਧੰਨ ਹਨ, ਜਿਨ = ਜਿਨ੍ਹਾਂ ਨੇ ਜਗਤ = ਸੰਸਾਰ ਦੇ ਵਿਚ ਪੂਰਬ = ਪਹਿਲੇ ਸਮੇਂ ਵਿਚ ਜੰਨੇ = ਜਨਮ ਲਿਆ ਹੁਨੇ = ਹੁੰਦਾ ਸੀ ॥੨॥

## ਕਮਲਾਸਨ ਤੇ ਆਦਿ; ਮਹਾਂ ਬਰ ॥
## ਗਰਬ ਕਰਹਿ ਬਨ ਹੈ; ਨ ਕਰਯੋ ਪਰ ॥

(ਕਮਲ + ਆਸਨ) ਕਮਲ ਉੱਤੇ ਆਸਣ ਲਾਉਣ ਵਾਲੇ ਬ੍ਰਹਮਾ ਤੇ = ਤੋਂ ਆਦਿ ਲੈ ਕਰਕੇ ਮਹਾਂ = ਬਹੁਤ ਬਰ = ਸ੍ਰੇਸ਼ਟ ਪੁਰਸ਼ ਹੋਏ ਹਨ, ਇਸ ਕਰਕੇ ਉਨ੍ਹਾਂ ਦਾ ਗਰਬ = ਹੰਕਾਰ ਕਰਹਿ = ਕਰਨਾ ਬਨ = ਬਣਦਾ ਹੈ, ਪਰ ਉਨ੍ਹਾਂ ਨੇ ਹੰਕਾਰ ਕਰਯੋ = ਕਰਨਾ ਨਹੀਂ ਕੀਤਾ।

## ਜਗਤ ਅਨੰਤ; ਅਨੰਤ ਫਨੋਂ ਪੈ ॥
## ਧਰਯੋ ਅਨੰਤ; ਨ ਗਰਬ ਕਰਯੋ ਪੈ ॥੩॥

ਪਰ ਭਰਥਰੀ ਜੀ ਕਥਨ ਕਰਦੇ ਹਨ ਕਿ ਹੋਰ ਸੁਣੋ! ਇਸ ਅਨੰਤ = ਬੇਅੰਤ ਜਗਤ = ਸੰਸਾਰ ਨੂੰ ਅਨੰਤ = ਬੇਅੰਤ ਭਾਵ ਹਜ਼ਾਰ ਫਨੋਂ = ਫਨਾਂ ਵਾਲਾ ਸ਼ੇਸ਼ਨਾਗ ਆਪਣੇ ਫਨਾਂ ਪੈ = ਉੱਪਰ ਅਨੰਤ = ਬੇਅੰਤ ਸਮਾਂ ਧਰਯੋ = ਧਰੀ ਰੱਖਦਾ ਹੈ, ਪਰ ਉਸ ਨੇ ਵੀ ਕਦੇ ਆਪਣੇ ਪੈ = ਉੱਪਰ ਗਰਬ = ਹੰਕਾਰ ਨਹੀਂ ਕਰਯੋ = ਕਰਨਾ ਕੀਤਾ ॥੩॥

## ਪਰਸਰਾਮ ਤੇ; ਆਦਿ ਪ੍ਰਬੀਨੋ ॥
## ਜਿਤ ਭਵ ਕੋ; ਤ੍ਰਿਣ ਵਤ ਤਜ ਦੀਨੋ ॥

ਪਰਸਰਾਮ ਤੇ = ਤੋਂ ਆਦਿ ਲੈ ਕਰਕੇ ਹੋਰ ਬਹੁਤ ਪ੍ਰਬੀਨੋ = ਚਤੁਰ (ਸਿਆਣੇ) ਪੁਰਸ਼ ਹੋਏ ਹਨ, ਜਿਨ੍ਹਾਂ ਨੇ ਭਵ = ਸੰਸਾਰ ਕੋ = ਨੂੰ ਜਿੱਤ ਕਰਕੇ ਫਿਰ ਉਸ ਨੂੰ ਤ੍ਰਿਣ = ਕੱਖ ਵਤ = ਸਮਾਨ ਜਾਣ ਕਰਕੇ ਤਜ = ਤਿਆਗ ਦਿੱਤਾ ਸੀ।

## ਇੰਦ੍ਰਾਦਿਕ ਪੁਨ; ਅਪਰ ਜੋ ਧੀ ਧਰ ॥
## ਯਾ ਜਨ ਲੋਕ ਬਿਖੈ; ਅਤਿਸੈ ਵਰ ॥੪॥

ਪੁਨ = ਪੁਨਾ ਇੰਦ੍ਰਾਦਿਕ = ਇੰਦਰ ਆਦਿਕਾਂ ਤੋਂ ਇਲਾਵਾ ਜੋ ਅਪਰ = ਹੋਰ ਵੀ ਸ੍ਰੇਸ਼ਟ ਧੀ = ਬੁੱਧੀ ਨੂੰ ਧਰ = ਧਾਰਨ ਕਰਨ ਵਾਲੇ ਪੁਰਸ਼ ਹੋਏ ਹਨ ਅਤੇ ਯਾ = ਇਸ ਲੋਕ ਬਿਖੈ = ਵਿਚ ਅਤਿਸ਼ੈ ਕਰਕੇ ਹੋਰ ਵੀ ਬਹੁਤ ਵਰ = ਸ੍ਰੇਸ਼ਟ ਜਨ = ਪੁਰਸ਼ ਹੋਏ ਹਨ ॥੪॥

## ਚੌਦਸ ਭਵਨ ਰਾਜ; ਕਿਲ ਭੁੰਜਤ ॥
## ਸੁਪਨੇ ਹੂੰ ਮਦਿ ਜੂਰ; ਨਹਿ ਰੰਜੁਤ ॥

ਹੇ ਭਾਈ! ਜੋ ਚੌਦਸ = ਚੌਦਾਂ ਭਵਨਾਂ ਦੇ ਰਾਜ ਨੂੰ ਕਿਲ = ਨਿਸ਼ਚੇ ਕਰਕੇ ਭੁੰਜਤ = ਭੋਗਦੇ ਹਨ, ਪਰ ਉਹ ਸੁਪਨੇ ਹੂੰ = ਸੁਪਨੇ ਵਿਚ ਵੀ **ਵਾ:** ਸੁਪਨੇ ਮਾਤਰ ਵੀ ਮਦਿ = ਹੰਕਾਰ ਰੂਪੀ ਜੂਰ = ਤਾਪ ਵਿਚ ਰੰਜੁਤ = ਰੰਗੇ ਹੋਏ ਨਹੀਂ ਹਨ।

## ਮੰਦ ਭਾਗ; ਜੇ ਆਦਿ ਰੰਕ ਨਰ॥
## ਤੇ ਜੜ ਨਵ ਧਨ; ਸੁਰਾਪਾਨ ਕਰ॥੫॥

ਜੇ = ਜਿਹੜੇ ਆਦਿ = ਮੁੱਢ ਤੋਂ ਹੀ ਮੰਦ = ਖੋਟੇ ਭਾਗ = ਕਰਮਾਂ ਵਾਲੇ ਰੰਕ = ਕੰਗਾਲ ਨਰ = ਪੁਰਸ਼ ਹਨ, ਤੇ = ਉਹ ਜੜ = ਮੂਰਖ ਪੁਰਖ ਨਵ ਧਨ = ਨਾਮ ਮਾਤਰ ਧਨ ਪ੍ਰਾਪਤ ਕਰ ਕੇ ਸੁਰਾਪਾਨ = ਸ਼ਰਾਬ ਪੀਣਾ ਕਰਦੇ ਹਨ ਤੇ ਹੰਕਾਰ ਵਿਚ ਮਸਤੇ ਹੋਏ ਹਨ॥੫॥

***ਨੋਟ :*** ਉਪਰੋਕਤ ਸ਼ਬਦ ਵਿਚ ਬ੍ਰਹਮਾ ਇੰਦਰ ਆਦਿ ਦੇ ਪ੍ਰਮਾਣ ਦੇ ਕੇ ਕਿਹਾ ਕਿ ਇਨ੍ਹਾਂ ਨੂੰ ਇਤਨੀ ਵਿਭੂਤੀ ਹੋਣ ਦੇ ਬਾਵਜੂਦ ਵੀ ਹੰਕਾਰ ਨਹੀਂ ਹੈ, ਇਹ ਪੁਰਸ਼ਾਂ ਨੂੰ ਹੰਕਾਰ ਨਵਿਰਤੀ ਅਰਥ ਕਿਹਾ ਹੈ, ਵਰਨਾ ਇਨ੍ਹਾਂ ਨੂੰ ਵੀ ਹੰਕਾਰ ਹੋਣ ਦੀਆਂ ਕਥਾਵਾਂ ਅਤੇ ਗੁਰਬਾਣੀ ਦੇ ਵਿਚ ਪ੍ਰਮਾਣ ਲਿਖੇ ਹੋਏ ਹਨ। ਜੈਸਾ ਕਿ :

**ਬ੍ਰਹਮੈ ਗਰਬੁ ਕੀਆ ਨਹੀ ਜਾਨਿਆ॥** *(ਗਉੜੀ ਮ: ੧, ਅੰਗ ੨੨੪)*

ਇਸ ਲਈ ਦ੍ਰਿਸ਼ਟਾਂਤ ਦਾ ਇਕ ਪੱਖ ਲਈਦਾ ਹੈ।

## ਬੰਧ ਮੁਕਤਿ ਬਿਧਿ; ਲਖੇ ਨ ਅੰਧੇ॥
## ਕਨਕ ਬਧੂ ਕੇ; ਸੁਖ ਮੋਂ ਬੰਧੇ॥

ਇਸ ਪ੍ਰਕਾਰ ਦੇ ਅੰਧੇ = ਅੰਨ੍ਹੇ ਪੁਰਸ਼ ਜਨਮ-ਮਰਨ ਰੂਪ ਬੰਧ = ਬੰਧਨਾਂ ਤੋਂ ਮੁਕਤਿ = ਮੁਕਤੀ (ਛੁਟਕਾਰਾ) ਪਾਉਣ ਦੀ ਵਿਧੀ ਨੂੰ ਤਾਂ ਲਖੇ = ਜਾਣਨਾ ਨਹੀਂ ਕਰਦੇ ਹਨ, ਬਲਕਿ ਕਨਕ = ਸੋਨੇ ਵਰਗੀਆਂ ਸੁੰਦਰ ਬਧੂ = ਇਸਤਰੀਆਂ ਦੇ ਨਾਲ ਵਿਸ਼ੇ ਸੁਖ ਮੋਂ = ਵਿਚ ਬੰਧੇ = ਬੰਨ੍ਹੇ ਹੋਏ ਹਨ।

## ਅਵਿਨੈਵਾਨ; ਪਰਮ ਅਭਿਮਾਨੀ॥
## ਵਿਆਕੁਲ ਇੰਦ੍ਰੈ; ਬੁਧਿ ਵਿਰਾਨੀ॥੬॥

ਐਸੇ ਪੁਰਖ ਅਵਿਨੈਵਾਨ = ਨਿਮਰਤਾ ਤੋਂ ਰਹਿਤ ਹਨ, ਪਰਮ = ਬਹੁਤ ਵੱਡੇ ਅਭਿਮਾਨੀ = ਹੰਕਾਰੀ ਵੀ ਹਨ ਅਤੇ ਇੰਦ੍ਰਿਆਂ ਦੇ ਵਿਚ ਵਿਆਕੁਲ ਹੋਣ ਕਰਕੇ ਉਨ੍ਹਾਂ ਦੀ ਸ੍ਰੇਸ਼ਟ ਬੁੱਧੀ ਵੀ ਵਿਰਾਨੀ = ਵਿਸ਼ੇਸ਼ ਕਰਕੇ ਨਾਸ਼ ਹੋ ਗਈ ਹੈ॥੬॥

## ਕਿੰਚਤ ਸੰਪਤ ਪਾਇ; ਦੁਸ਼ਟ ਜਨ॥
## ਕਰਹਿ ਗਰਬ ਅਤਿ; ਤੁਛ ਕ੍ਰਿਪਨ ਮਨ॥

ਉਹ ਦੁਸ਼ਟ ਜਨ ਕਿੰਚਤ = ਥੋੜ੍ਹੇ ਮਾਤਰ ਸੰਪਤ = ਧਨ ਆਦਿ ਵਿਭੂਤੀ ਪਾਇ = ਪਾ ਕਰਕੇ ਅਤਿ = ਅਤਿਅੰਤ ਗਰਬ = ਹੰਕਾਰ ਕਰਦੇ ਹਨ ਅਤੇ ਮਨ ਕਰਕੇ ਕ੍ਰਿਪਨ = ਕੰਜੂਸ ਤੇ ਤੁੱਛ ਹਨ।

## ਖਾਨ ਪਾਨ ਗ੍ਰਹ; ਬਸਨਨ ਕੇ ਹਿਤ॥
## ਚਹੋਂ ਖਲੋਂ ਤੇ; ਮੈ ਨ ਕਦਾਚਿਤ॥੭॥

ਇਸ ਕਰਕੇ ਮੈਂ ਐਸੇ ਖਲੋਂ = ਮੂਰਖਾਂ ਦੇ ਗ੍ਰਹ = ਘਰ ਤੇ = ਤੋਂ ਖਾਣ, ਪਾਨ = ਪੀਣ ਦੇ ਪਦਾਰਥ ਅਤੇ ਬਸਨਨ = ਬਸਤਰਾਂ ਦੇ ਹਿਤ = ਵਾਸਤੇ ਕਦਾਚਿਤ = ਕਦੇ ਵੀ ਕੁਝ ਨਹੀਂ ਚਹੋਂ = ਚਾਹੁੰਦਾ ਹਾਂ॥੭॥

## ਭਿਸ ਵਰ ਕੇ ਭੋਜਨ; ਕਰ ਹਮ ਅਲ ॥
## ਅਚਨ ਅਰਥ ਅਲ; ਮਧੁਰ ਗੰਗ ਜਲ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਹਮ = ਅਸੀਂ ਸਾਧੂ ਜਨ ਵਰ = ਸ੍ਰੇਸ਼ਟ ਭਿਸ = ਭੇਂਹ (ਕਮਲ ਦੀ ਜੜ੍ਹ) ਕੇ = ਦੇ ਭੋਜਨ ਕਰਕੇ ਅਲ = ਤ੍ਰਿਪਤ (ਰੱਜੇ) ਰਹਿੰਦੇ ਹਾਂ **ਵਾ:** ਅਲ = ਪੂਰਨ ਤੌਰ 'ਤੇ ਰੱਜੇ ਰਹਿੰਦੇ ਹਾਂ ਅਤੇ ਗੰਗਾ ਦਾ ਮਧੁਰ = ਮਿੱਠਾ ਜਲ = ਪਾਣੀ ਅਚਨ = ਪੀਣ ਅਰਥ = ਵਾਸਤੇ ਤੇ ਅਲ = ਤ੍ਰਿਪਤੀ ਦੇਣ ਵਾਲਾ ਹੈ। ਅਤੇ :

## ਸੈਨ ਹੇਤ ਮਮ; ਬਸ ਬਸੁਧਾ ਤਲ ॥
## ਚੀਰ ਦਿਗੰਬਰ; ਵਲਕਲ ਕਰ ਅਲ ॥੮॥

ਸੈਨ = ਸੌਣ ਹੇਤ = ਵਾਸਤੇ ਮਮ = ਮੇਰੇ ਕੋਲ ਬਸ ਬਸੁਧਾ = ਧਰਤੀ ਦਾ ਤਲ = ਹੇਠਲਾ ਹਿੱਸਾ ਭਾਵ ਪੈਰ ਦਾ ਤਲਾ ਹੀ ਕਾਫ਼ੀ ਹੈ, ਦਿਗੰਬਰ = ਦਿਸ਼ਾ ਰੂਪ ਕੱਪੜੇ ਦੇ ਹੀ ਮੇਰੇ ਚੀਰ = ਬਸਤਰ ਹਨ ਜਾਂ ਵਲਕਲ = ਬ੍ਰਿਛਾਂ ਦੀ ਛਿੱਲ ਭਾਵ ਭੋਜ-ਪੱਤਰਾਂ ਰੂਪੀ ਬਸਤਰਾਂ ਕਰਕੇ ਹੀ ਅਲ = ਤ੍ਰਿਪਤ ਹਾਂ ॥੮॥

## ਕਛੁ ਪੁਰ ਪਤਿ; ਅਰ ਨਵ ਧਨੁ ਪਾਏ ॥
## ਅਧਪਤਿ ਧਨਪਤਿ; ਜੇ ਗਰਬਾਏ ॥

ਜੇ = ਜਿਹੜੇ ਲੋਕ ਕਛੁ = ਕੁਝ ਕੁ ਪੁਰ = ਨਗਰਾਂ ਦਾ ਪਤਿ = ਸੁਆਮੀ, ਰਾਜੇ ਹੋ ਕਰਕੇ ਅਰ = ਅਤੇ ਨਵ ਧਨੁ = ਨਵੀਨ ਹੀ ਧਨ ਪਾਏ = ਪਾ ਕਰਕੇ ਅਧਪਤਿ = ਰਾਜੇ ਜਾਂ ਫਿਰ ਧਨਪਤਿ = ਸ਼ਾਹੂਕਾਰ ਬਣ ਕਰਕੇ ਗਰਬਾਏ = ਹੰਕਾਰ ਕਰਦੇ ਹਨ।

## ਤਾਤੇ ਜਾਚਨ ਕੋ; ਦੁਖ ਜੋਊ ॥
## ਮੈਂ ਨ ਸਹਾਰ ਸਕੋਂ; ਅਬ ਸੋਊ ॥੯॥

ਜੋਊ = ਜੋ ਤਾਤੇ = ਉਨ੍ਹਾਂ ਪਾਸੋਂ ਜਾਂ ਕਰਕੇ ਜਾਚਨ = ਮੰਗਣ ਕੋ = ਦਾ ਦੁੱਖ ਹੈ, ਸੋਊ = ਉਹ ਅਬ = ਹੁਣ ਮੈਂ ਸਹਾਰ = ਸਹਿਣ ਨ = ਨਹੀਂ ਕਰ ਸਕੋਂ = ਸਕਦਾ ॥੯॥

## ਦੋਹਰਾ ॥

## ਮੁਕਤਿ ਭੁਗਤਿ ਸੰਜੁਗਤ ਹਰ; ਭਜੋ ਪਰਨ ਫਲ ਖਾਇ ॥

ਬਸ ਹੁਣ ਮੈਂ ਤਾਂ ਪਰਨ = ਪੱਤਿਆਂ ਦੇ ਸੰਜੁਗਤ = ਸਾਥ ਫਲ ਆਦਿ ਖਾਇ = ਖਾ ਕਰਕੇ ਮੁਕਤਿ = ਮੁਕਤੀ ਅਤੇ ਭੁਗਤੀ ਦੇ ਦੇਣ ਵਾਲੇ ਹਰ = ਹਰੀ ਪਰਮਾਤਮਾ ਦਾ ਹੀ ਭਜੋ = ਭਜਨ, ਸਿਮਰਨ ਕਰਾਂਗਾ।

## ਪਰ ਨ ਦੁਰਜਨੋਂ ਕੇ ਘਰਨ; ਦੇਹ ਸ਼ਬਦ ਕਹੋਂ ਜਾਇ ॥੧੦॥

ਪਰ ਐਸੇ ਦੁਰਜਨੋਂ = ਖੋਟੇ ਪੁਰਸ਼ਾਂ ਕੇ = ਦੇ ਘਰਨ = ਘਰ ਅੱਗੇ ਜਾਇ = ਜਾ ਕਰਕੇ ਇਹ ਸ਼ਬਦ ਨਹੀਂ ਕਹੋਂ = ਕਹਾਂਗਾ ਕਿ ਮੈਨੂੰ ਕੁਝ ਖਾਣ ਵਾਸਤੇ ਦੇਹ = ਦੇ ਦੇਵੋ ॥੧੦॥

## ਚੌਪਈ ॥

**ਫਲ, ਫੁਲਾਦਿ, ਸਾਗ; ਸਤਵਾ ਬਰ ॥**
**ਯਹ ਜੋ ਲਿਆਵੈਂ, ਹਮ ਭਿਖਯਾ ਕਰ ॥**

ਬਰ = ਸ੍ਰੇਸ਼ਟ ਫਲ, ਸਾਗ, ਸਤਵਾ = ਸੱਤੂ ਆਦਿਕ ਜੋ ਕੁਝ ਵੀ ਯਹ = ਇਹ ਵਸਤੂਆਂ ਹਮ = ਮੈਂ ਭਿੱਖਿਆ ਕਰਕੇ ਲਿਆਵੈਂ = ਲਿਆਉਣਾ ਕਰਦਾ ਹਾਂ।

**ਅਚਵੋਂ ਤਹ; ਸੁਰਸਰਿ ਜਲ ਪੀ ਕੇ ॥**
**ਸਾਂਤਿ ਕਰੋ; ਜਠਰਾਗਨਿ ਨੀਕੇ ॥੧੧॥**

ਤਹ = ਉਸ ਨੂੰ ਹੀ ਅਚਵੋਂ = ਛਕਣਾ ਕਰਦਾ ਹਾਂ ਅਤੇ ਸੁਰਸਰਿ = ਗੰਗਾ ਦਾ ਜਲ = ਪਾਣੀ ਪੀ ਕਰਕੇ ਇਸ ਤਰ੍ਹਾਂ ਕਰਕੇ ਆਪਣੇ ਪੇਟ ਦੀ ਜਠਰਾਗਨਿ = ਜਠਰਾ ਅਗਨੀ ਨੂੰ ਨੀਕੇ = ਚੰਗੀ ਤਰ੍ਹਾਂ ਨਾਲ ਸ਼ਾਂਤ ਕਰੋ = ਕਰਦਾ ਹਾਂ ॥੧੧॥ ਅਤੇ :

**ਤਾਪੁ ਚਿਤ ਕੋ; ਹਰੇ ਜਾਪ ਹਰਿ ॥**
**ਲਹੋਂ ਨਿਜਾਤਮ; ਸਾਧਸੰਗਿ ਕਰ ॥**

ਮੈਂ ਹਰਿ = ਹਰੀ ਪਰਮਾਤਮਾ ਦਾ ਜਾਪ ਕਰ ਕੇ ਆਪਣੇ ਚਿੱਤ ਦੇ ਤਾਪ ਨੂੰ ਹਰੇ = ਨਾਸ਼ ਕਰਨਾ ਕੀਤਾ ਹੈ, ਇਉਂ (ਸਾਧ + ਸੰਗਿ) ਸਾਧ = ਸਾਧੂਆਂ ਦੀ ਸੰਗਿ = ਸੰਗਤ ਕਰ ਕੇ (ਨਿਜ + ਆਤਮ) ਮੈਂ ਨਿਜ = ਆਪਣੇ ਆਤਮ ਸਰੂਪ ਨੂੰ ਲਹੋਂ = ਪ੍ਰਾਪਤ ਕਰਨਾ ਕੀਤਾ ਹੈ।

**ਸੁਧਾ ਸ੍ਵਰੂਪ; ਬ੍ਰਹਮ ਵਿਤ ਵੈਦੀ ॥**
**ਚਿਤ ਜੜ ਗ੍ਰੰਥ; ਸਮੂਲ ਪ੍ਰਭੇਦੀ ॥੧੨॥**

ਜੋ ਬ੍ਰਹਮ ਨੂੰ ਵਿਤ = ਜਾਨਣ ਵਾਲੇ ਵੈਦੀ = ਗਿਆਨਵਾਨ ਮਹਾਂਪੁਰਸ਼ (ਸ੍ਵ + ਰੂਪ) ਸ੍ਵ = ਆਪਣੇ ਆਤਮ ਸਰੂਪ ਦੇ ਦਰਸੀ ਤੇ ਸੁਧਾ = ਅੰਮ੍ਰਿਤ ਰੂਪ ਬਚਨ ਬੋਲਣ ਵਾਲੇ ਹਨ, ਜਿਨ੍ਹਾਂ ਨੇ ਚਿੱਤ ਜੜ੍ਹ ਰੂਪ ਗ੍ਰੰਥ = ਗੰਢਾਂ ਨੂੰ ਅਵਿੱਦਿਆ ਰੂਪ (ਸ + ਮੂਲ) ਮੂਲ = ਮੁੱਢ ਦੇ ਸ = ਸਹਿਤ ਪ੍ਰਭੇਦੀ = ਵਿਸ਼ੇਸ਼ ਕਰਕੇ ਕੱਟ ਦਿੱਤਾ ਹੈ ਭਾਵ ਨਾਸ਼ ਕਰ ਦਿੱਤਾ ਹੈ ॥੧੨॥

### ਤਿੰਨ ਪ੍ਰਕਾਰ ਦੀਆਂ ਗੰਢਾਂ (ਗ੍ਰੰਥੀਆਂ) ਦਾ ਵੇਰਵਾ ਇਸ ਪ੍ਰਕਾਰ ਹੈ

੧. **ਚਿਦ ਜੜ੍ਹ ਗ੍ਰੰਥੀ** : ਸਤ, ਚਿਤ, ਆਨੰਦ ਰੂਪ ਚੇਤਨ ਬ੍ਰਹਮ ਨੂੰ ਅਸੱਤ, ਜੜ੍ਹ ਤੇ ਦੁੱਖ ਰੂਪ ਸਮਝਣਾ ਅਤੇ ਅਸੱਤ, ਜੜ੍ਹ, ਦੁੱਖ ਰੂਪ ਦੇਹ ਨੂੰ ਸੱਤ, ਚਿਤ, ਆਨੰਦ ਰੂਪ ਸਮਝਣਾ ਭਾਵ ਜੋ ਅਹੰ ਮਮ ਅਧਿਆਸ ਹੈ। ਜੈਸਾ ਕਿ :

**ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥**

*(ਸੋਰਠਿ ਮ: ੫, ਅੰਗ ੬੪੨)*

**ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥**
**ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥** *(ਸੋਰਠਿ ਮ: ੫, ਅੰਗ ੬੨੪)*

**ਨਵਿਰਤੀ :**

**ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ॥**
**ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ॥**

*(ਆਸਾ ਮ: ੩, ਅੰਗ ੪੨੬)*

੨. **ਸੰਸੇ ਗ੍ਰੰਥੀ :** ਪ੍ਰਮਾਣ, ਪ੍ਰਮੇਯ, ਵਿਪਰਜੇ ਸੰਸਿਆਂ ਦੀ ਗੰਢ ਪਈ ਰਹਿਣੀ।

(ੳ) **ਪ੍ਰਮਾਣਗਤ ਸੰਸਾ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੀਵ ਤੇ ਬ੍ਰਹਮ ਦੀ ਏਕਤਾ ਦਾ ਕਥਨ ਕੀਤਾ ਹੈ ਜਾਂ ਇਸ ਦੇ ਉਲਟ ਅਨੇਕਤਾ ਦਾ।

**ਨਵਿਰਤੀ :** ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਸਤਿਗੁਰਾਂ ਦੀ ਬਾਣੀ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ :

**ਏਕੋ ਹੈ ਭਾਈ ਏਕੋ ਹੈ॥** *(ਆਸਾ ਮ: ੧, ਅੰਗ ੩੫੦)*

(ਅ) **ਪ੍ਰਮੇਯ ਗਤ ਸੰਸਾ :** ਜੀਵ ਅਤੇ ਬ੍ਰਹਮ ਇਕ ਸਰੂਪ ਹਨ, ਇਹ ਸਤ ਹੈ ਜਾਂ ਜੀਵ ਅਤੇ ਬ੍ਰਹਮ ਵੱਖਰੇ-ਵੱਖਰੇ ਹਨ, ਇਹ ਸਤ ਹੈ।

**ਨਵਿਰਤੀ :**

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ॥** *(ਆਸਾ ਮ: ੧, ਅੰਗ ੩੫੪)*

**ਲੋਗਾ ਭਰਮਿ ਨ ਭੂਲਹੁ ਭਾਈ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥**

*(ਬਿਭਾਸ ਪ੍ਰਭਾਤੀ ਭਗਤ ਕਬੀਰ ਜੀ, ਅੰਗ ੧੩੫੦)*

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥**

*(ਸੋਰਠਿ ਮ: ੫, ਅੰਗ ੬੧੭)*

(ੲ) **ਵਿਪਰਜੇ ਸੰਸਾ :** ਜੀਵ ਅਤੇ ਬ੍ਰਹਮ ਦਾ ਭੇਦ ਸਤ ਹੈ ਜਾਂ ਦੇਹ ਆਦਿਕ ਸਾਰਾ ਜੋ ਪਸਾਰਾ ਹੈ, ਇਹ ਸਤ ਹੈ।

**ਨਵਿਰਤੀ :**

**ਜਲਿ ਥਲਿ ਮਹੀਅਲਿ ਸੁਆਮੀ ਸੋਈ॥ ਅਵਰੁ ਨ ਕਹੀਐ ਦੂਜਾ ਕੋਈ॥**
**ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ॥**

*(ਮਾਰੂ ਮ: ੫, ਅੰਗ ੧੦੭੯)*

ਸੋ ਇਸ ਪ੍ਰਕਾਰ ਜੋ ਸੰਸੇ ਹਨ, ਇਨ੍ਹਾਂ ਦੀ ਨਵਿਰਤੀ ਵੀ ਸਤਿਗੁਰਾਂ ਕੋਲੋਂ ਬਖ਼ਸ਼ਿਸ਼ ਹੋਏ ਗਿਆਨ ਦੁਆਰਾ ਹੀ ਹੁੰਦੀ ਹੈ। ਜੈਸਾ ਕਿ :

**ਸਤਿਗੁਰ ਸੇਵਹੁ ਸੰਕ ਨ ਕੀਜੈ॥ ਆਸਾ ਮਾਹਿ ਨਿਰਾਸੁ ਰਹੀਜੈ॥**
**ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ॥**

*(ਮਾਰੂ ਸੋਲਹੇ ਮ: ੧, ਅੰਗ ੧੦੪੩)*

**ਸਗਲ ਤਿਆਗਿ ਗੁਰ ਸਰਣੀ ਆਇਆ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ॥**

*(ਗਉੜੀ ਮ: ੫, ਅੰਗ ੧੯੨)*

੩. **ਕਰਮ-ਗ੍ਰੰਥੀ (ਗੰਢ)** : ਕਰਤਾ ਅਤੇ ਭੋਗਤਾ ਦੀ ਗੰਢ, ਇਹ ਵਿਚਾਰਨਾ ਕਿ ਮੈਂ ਕਰਤਾ ਹਾਂ, ਮੈਂ ਹੀ ਭੋਗ ਰਿਹਾ ਹਾਂ। ਜੋ ਪਿੱਛੇ ਕਰਮ ਕੀਤੇ ਹੋਏ ਸਨ, ਉਨ੍ਹਾਂ ਦਾ ਫਲ ਮੈਂ ਅਗਲੇ ਕਰਮਾਂ ਵਿਚ ਭੋਗਾਂਗਾ। ਜੈਸਾ ਕਿ :

**ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ॥**
**ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ॥**

*(ਗਉੜੀ ਪੂਰਬੀ ਮ: ੫, ਅੰਗ ੨੧੨)*

**ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ॥** *(ਗਉੜੀ ਮ: ੫, ਅੰਗ ੨੪੨)*

**ਹਉ ਬੰਧਉ ਹਉ ਸਾਧਉ ਬੈਰੁ॥ ਹਮਰੀ ਭੂਮਿ ਕਉਣੁ ਘਾਲੈ ਪੈਰੁ॥**

*(ਗਉੜੀ ਗੁਆਰੇਰੀ ਮ: ੫, ਅੰਗ ੧੭੮)*

**ਨਵਿਰਤੀ :**

**ਆਪਨ ਤਨੁ ਨਹੀ ਜਾ ਕੋ ਗਰਬਾ॥ ਰਾਜ ਮਿਲਖ ਨਹੀ ਆਪਨ ਦਰਬਾ॥੧॥**
**ਆਪਨ ਨਹੀ ਕਾ ਕਉ ਲਪਟਾਇਓ॥ ਆਪਨ ਨਾਮੁ ਸਤਿਗੁਰ ਤੇ ਪਾਇਓ॥੧॥ਰਹਾਉ॥**

*(ਗਉੜੀ ਮ: ੫, ਅੰਗ ੧੮੭)*

## ਬਾਣੀ ਜਾਹਿ; ਭਵਾਨੀ ਕੇ ਸਮ॥
## ਸ੍ਰਵਤ ਸੁਧਾਂਕ; ਅਹੰ ਬ੍ਰਹਮਅਸਮ॥

ਜਾਹਿ = ਜਿਨ੍ਹਾਂ ਦੀ ਬਾਣੀ ਭਵਾਨੀ = ਦੇਵੀ ਭਾਵ ਸਰੁਸਤੀ ਦੇਵੀ ਦੇ ਸਮ = ਸਮਾਨ ਹੈ, ਜਿਸ ਬਾਣੀ ਵਿੱਚੋਂ (ਅਹੰ + ਬ੍ਰਹਮ + ਅਸਮ) ਅਹੰ = ਮੈਂ ਹੀ ਬ੍ਰਹਮ ਅਸਮ = ਹਾਂ, ਐਸੇ (ਸੁਧ + ਅੰਕ) ਸੁਧ = ਸ੍ਰੇਸ਼ਟ ਮਹਾਂਵਾਕ ਰੂਪ ਅੰਕ = ਅੱਖਰ ਅੰਮ੍ਰਿਤ ਵਾਂਗ ਸ੍ਰਵਤ = ਚੋਂਦੇ ਹਨ।

## ਸਰਬ ਗਿਰਾ ਤੇ; ਉਤਮ ਬਾਨੀ॥
## ਜਾਂ ਕੇ ਗਹੇ; ਸਰਬ ਦੁਖ ਹਾਨੀ॥੧੩॥

ਹੇ ਭਾਈ! ਸਰਬ = ਸਾਰੀਆਂ ਗਿਰਾ = ਬਾਣੀਆਂ ਤੇ = ਨਾਲੋਂ ਇਹ ਮਹਾਂਪੁਰਸ਼ਾਂ ਦੀ ਬਾਣੀ ਉੱਤਮ ਹੈ, ਜਾਂ ਕੇ = ਜਿਸ ਦੇ ਗਹੇ = ਗ੍ਰਹਿਣ ਕਰਨ ਦੇ ਨਾਲ ਸਰਬ = ਸਾਰੇ ਹੀ ਦੁਖ = ਕਲੇਸ਼ ਹਾਨੀ = ਨਾਸ਼ ਹੋ ਜਾਂਦੇ ਹਨ॥੧੩॥

## ਮਧੁ ਤੇ ਖੀਰ; ਖਾਂਡ ਘ੍ਰਿਤ ਰਸ ਜਿਉਂ॥
## ਸ੍ਵਾਦਵੰਤ ਅਤਿ; ਸੰਤ ਸਬਦ ਤਿਉ॥

ਹੇ ਭਾਈ! ਜਿਉਂ = ਜਿਵੇਂ ਮਧੁ = ਸ਼ਹਿਦ, ਖੀਰ = ਦੁੱਧ, ਖਾਂਡ = ਖੰਡ, ਘ੍ਰਿਤ = ਘਿਉ ਤੇ ਗੰਨੇ ਦਾ ਰਸ ਸਵਾਦ ਵਾਲਾ ਹੁੰਦਾ ਹੈ, ਤਿਉ = ਤਿਵੇਂ ਹੀ ਸੰਤਾਂ ਦੇ ਸ਼ਬਦ ਭਾਵ ਪਿਆਰੇ ਬਚਨ ਅਤਿ = ਅਤਿਅੰਤ ਹੀ ਸ੍ਵਾਦਵੰਤ = ਸੁਆਦ ਵਾਲੇ ਹੁੰਦੇ ਹਨ।

## ਗਿਰਾ ਤਿਨਹੁ ਕੀ; ਸ੍ਰਵਣ ਮਨਨ ਕਰਿ ॥
## ਤ੍ਰਿਪਤ ਭਵਤ; ਮਮ ਚਿਤ ਨਿਰੰਤਰਿ ॥੧੪॥

ਭਰਥਰੀ ਜੀ ਕਥਨ ਕਰਦੇ ਹਨ ਕਿ ਤਿਨਹੁ = ਉਨ੍ਹਾਂ ਸੰਤ ਜਨਾਂ ਕੀ = ਦੀ ਗਿਰਾ = ਬਾਣੀ ਸ੍ਰਵਣ = ਸੁਣਨ ਤੇ ਮੰਨਣ ਕਰਕੇ ਮਮ = ਮੇਰਾ ਚਿਤ ਨਿਰੰਤਰਿ = ਇਕ-ਰਸ ਤ੍ਰਿਪਤ ਭਵਤ = ਹੋਇਆ ਰਹਿੰਦਾ ਹੈ ॥੧੪॥

## ਜਬ ਲਗ; ਇਵ ਮਮ ਸਦ ਗੁਣ ਵਰਤਣ ॥
## ਤਬ ਲਗ; ਧਨ ਹਿਤ ਭਜੋਂ ਨ ਭੂਪਣ ॥

ਜਬ ਲਗ = ਜਦੋਂ ਤਕ ਇਕ = ਇਸ ਪ੍ਰਕਾਰ ਦੇ ਸ੍ਰੇਸ਼ਟ ਗੁਣ ਮਮ = ਮੇਰੇ ਅੰਦਰ ਸਦ = ਸਦਾ ਹੀ ਵਰਤਣ = ਵਰਤਦੇ ਰਹਿਣਗੇ, ਤਬ ਲਗ = ਤਦੋਂ ਤਕ ਮੈਂ ਧਨ ਦੇ ਹਿਤ = ਵਾਸਤੇ ਭੂਪਣ = ਰਾਜੇ ਲੋਕਾਂ ਨੂੰ ਭਜੋਂ = ਸੇਵਨਾ ਨਹੀਂ ਕਰਾਂਗਾ।

## ਭ੍ਰਿਕੁਟੀ ਨੈਨ ਬੈਨ; ਮੁਖ ਉਰ ਕਰ ॥
## ਭ੍ਰਮਦਾ ਸਰਬਦਾ; ਦਰਬ ਗਰਬ ਕਰ ॥੧੫॥

ਜਿਨ੍ਹਾਂ ਦੀਆਂ ਭ੍ਰਿਕੁਟੀ = ਭੌਹਾਂ, ਨੈਨ = ਅੱਖਾਂ, ਬੈਨ = ਬਚਨ, ਮੁਖ = ਮੂੰਹ, ਉਰ = ਹਿਰਦਾ ਇਹ ਸਭ ਦਰਬ = ਧਨ ਦੇ ਗਰਬ = ਹੰਕਾਰ ਕਰਕੇ ਸਰਬਦਾ = ਸਦਾ ਹੀ ਭ੍ਰਮਦਾ = ਭਰਮਣ ਕਰਦੇ ਰਹਿੰਦੇ ਹਨ ॥੧੫॥

## ਸ਼ਿਸਨੋਦਰ ਪਰ; ਭਰਮ ਵਿਹੀਨੇ ॥
## ਪਥ ਪਰਮਾਰਥ; ਪ੍ਰਾਰਥ ਨ ਚੀਨੇ ॥

ਜਿਨ੍ਹਾਂ ਨੇ (ਸ਼ਿਸ਼ਨ + ਉਦਰ) ਸ਼ਿਸ਼ਨ = ਲਿੰਗ ਤੇ ਉਦਰ = ਪੇਟ ਪਰ = ਪਿੱਛੇ ਲੱਗ ਕੇ ਧਰਮ ਨੂੰ ਵਿਹੀਨੇ = ਤਿਆਗ ਦਿੱਤਾ ਹੈ ਭਾਵ ਵਿਸ਼ੇ ਰਸ ਤੇ ਜੀਭ ਦੇ ਸੁਆਦ ਮਗਰ ਲੱਗ ਕਰਕੇ ਧਰਮ ਨੂੰ ਤਿਆਗ ਦਿੱਤਾ ਹੈ ਅਤੇ ਜਿਨ੍ਹਾਂ ਨੇ ਪ੍ਰਾਰਥ = ਸੁਆਰਥੀ ਹੋ ਕਰਕੇ ਪਰਮਾਰਥ ਦੇ ਪਥ = ਮਾਰਗ ਨੂੰ ਚੀਨੇ = ਜਾਣਨਾ ਨਹੀਂ ਕੀਤਾ।

## ਤਾਂ ਪਦਾਤ ਹੋਇ; ਤਾਂਤੇ ਵਿੱਤਾ ॥
## ਕਰੋਂ ਨ ਸੰਗ੍ਰਹ; ਭੋਗ ਨਮਿਤਾ ॥੧੬॥

ਤਾਂ = ਉਨ੍ਹਾਂ ਦਾ ਪਦਾਤ (ਪਦ + ਅਤ) ਅਤ = ਅਤਿਅੰਤ ਪਦ = ਚਰਨ ਸੇਵਕ ਹੋ ਕਰਕੇ ਤੇ ਤਾਂਤੇ = ਉਨ੍ਹਾਂ ਤੋਂ ਭੋਗਾਂ ਨੂੰ ਸੰਗ੍ਰਹਿ = ਇਕੱਤਰ ਕਰਨ ਨਮਿਤਾ = ਵਾਸਤੇ ਵਿੱਤਾ = ਧਨ ਦੀ ਜਾਚਨਾ ਨ = ਨਹੀਂ ਕਰੋਂ = ਕਰਾਂਗਾ ॥੧੬॥

## ਤਾਂਹਿ ਪਾਂਮਰੋ ਤੇ; ਜਨ ਪਾਂਮਰ॥
## ਚਾਹਤ ਦ੍ਰਵਣ ਜੋ; ਸਹਿਤ ਅਨਾਦਰ॥

ਤਾਂਹਿ = ਉਨ੍ਹਾਂ ਪਾਂਮਰੋ = ਦੁਸ਼ਟ ਪੁਰਸ਼ਾਂ ਤੇ = ਨਾਲੋਂ ਵੀ ਉਹ ਜਨ = ਪੁਰਸ਼ ਪਾਂਮਰ = ਦੁਸ਼ਟ ਹਨ, ਜੋ = ਜਿਹੜੇ ਦ੍ਰਵਣ = ਧਨ ਨੂੰ ਚਾਹਤ = ਚਾਹੁੰਦੇ ਹਨ ਅਤੇ ਧਨ ਦੀ ਪ੍ਰਾਪਤੀ ਦੇ ਸਹਿਤ = ਹਿਤ ਇਉਂ ਅਨਾਦਰ = ਅਪਮਾਨਿਤ ਹੁੰਦੇ ਹਨ।

## ਮਣੀ ਫਣੀ ਕੇ; ਸਿਰ ਕੀ ਜੈਸੇ॥
## ਜੋ ਬਾਂਛੇ, ਸੋ ਬਾਚੇ ਕੈਸੇ॥੧੭॥

ਜੈਸੇ = ਜਿਸ ਪ੍ਰਕਾਰ ਜੋ = ਜੇ ਕੋਈ ਫਣੀ = ਫਣ ਵਾਲੇ ਸੱਪ ਦੇ ਸਿਰ ਕੀ = ਦੀ ਮਣੀ ਪ੍ਰਾਪਤ ਕਰਨੀ ਬਾਂਛੇ = ਚਾਹੁੰਦਾ ਹੋਵੇ, ਤਾਂ ਸੋ = ਉਹ ਕੈਸੇ = ਕਿਸ ਪ੍ਰਕਾਰ ਬਾਚੇ = ਬਚ ਸਕਦਾ ਹੈ ? ਭਾਵ ਨਹੀਂ ਬਚ ਸਕਦਾ, ਕਿਉਂਕਿ ਸੱਪ ਮਣੀ ਪ੍ਰਾਪਤ ਕਰਨ ਵਾਲੇ ਨੂੰ ਨਾਸ਼ ਕਰ ਦੇਂਦਾ ਹੈ।

## ਵਿਸ਼ੈ ਭੋਗ ਕੇ; ਹਿਤ ਬਾਛੇ ਵਿਤ॥
## ਧਨ ਕੇ ਹੇਤ; ਧਨਾਢਹਿ ਬਾਂਛਿਤ॥

ਜਿਹੜੇ ਪੁਰਸ਼ ਵਿਸ਼ੇ ਭੋਗਾਂ ਕੇ = ਦੇ ਹਿਤ = ਵਾਸਤੇ ਵਿਤ = ਧਨ ਦੀ ਬਾਛੇ = ਇੱਛਾ ਕਰਦੇ ਹਨ, ਉਹ ਧਨ ਕੇ = ਦੇ ਪ੍ਰਾਪਤ ਕਰਨ ਹੇਤ = ਵਾਸਤੇ ਧਨਾਢਹਿ = ਧਨੀ ਪੁਰਸ਼ਾਂ ਦੀ ਟਹਿਲ ਕਰਨ ਦੀ ਬਾਂਛਿਤ = ਚਾਹਨਾ ਕਰਦੇ ਹਨ।

## ਤਾਂਤੇ ਵਿਖੈ ਮੋਹ; ਮੈ ਛੋਰਾ॥
## ਧਨ ਧਨਾਢ ਸੋਂ; ਕਾਮ ਨ ਮੋਰਾ॥੧੮॥

ਭਰਥਰੀ ਜੀ ਕਥਨ ਕਰਦੇ ਹਨ ਕਿ ਤਾਂਤੇ = ਇਸ ਕਰਕੇ ਮੈਂ ਵਿਸ਼ੇ ਭੋਗਾਂ ਅਤੇ ਮੋਹ ਆਦਿਕਾਂ ਨੂੰ ਛੋਰਾ = ਛੱਡ, ਤਿਆਗ ਦਿੱਤਾ ਹੈ, ਜਿਸ ਕਰਕੇ ਮੋਰਾ = ਮੇਰਾ ਧਨ ਅਤੇ ਧਨਾਢ = ਧਨੀ ਪੁਰਸ਼ਾਂ ਦੇ ਸੋਂ = ਨਾਲ ਕੋਈ ਕਾਮ = ਕੰਮ ਨਹੀਂ ਹੈ॥੧੮॥

## ਦੋਹਰਾ॥
## ਤਨੁ ਰਖਯਾ ਕਰੇ; ਗੁਰ ਸਿਖਯਾ ਉਰ ਪੋਖ॥

ਭਿੱਖਿਆ ਦੇ ਅੰਨ ਨਾਲ ਤਨੁ = ਸਰੀਰ ਦੀ ਰੱਖਿਆ ਕਰਨੀ ਕਰੇ ਅਤੇ ਗੁਰ = ਗੁਰਾਂ ਦੀ ਸਿੱਖਿਆ ਦੁਆਰਾ ਉਰ = ਹਿਰਦੇ ਅੰਦਰ ਸਤ, ਸੰਤੋਖ ਆਦਿਕ ਸ਼ੁਭ ਗੁਣਾਂ ਦੀ ਪੋਖ = ਪਾਲਣਾ ਭਾਵ ਧਾਰਨ ਕਰੇ।

## ਭੋਗ ਭੂਪ ਧਨ ਮੋਖ ਰਿਪੁ; ਮੋਖ ਕਰੇ ਹਿਤੁ ਮੋਖ॥੧੯॥

ਕਿਉਂਕਿ ਭੋਗ, ਭੂਪ = ਰਾਜਾ ਅਤੇ ਧਨ ਇਹ ਤਿੰਨੇ ਹੀ ਮੋਖ = ਮੁਕਤੀ ਦੇ ਰਿਪੁ = ਦੁਸ਼ਮਣ ਹਨ, ਇਸ

ਕਰਕੇ ਮਮੋਖੀ ਪੁਰਸ਼ ਮੋਖ = ਮੁਕਤੀ ਨੂੰ ਪ੍ਰਾਪਤ ਕਰਨ ਹਿਤੁ = ਵਾਸਤੇ ਇਨ੍ਹਾਂ ਦਾ ਮੋਖ = ਤਿਆਗ ਕਰਨਾ ਕਰੇ ॥੧੯॥

## ਕਬਿੱਤ ॥

## ਤਜੇ ਦੁਰਾਰਾਧ ਸ੍ਵਾਮੀ, ਕ੍ਰਿਪਣ ਕੁਮਗ ਗਾਮੀ;
## ਬਾਜ ਵਤ ਚਲ ਚਿਤ, ਭੂਪਨ ਕੇ ਭਾਨੀਐ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਸ੍ਵਾਮੀ = ਮਾਲਕ ਰਾਜਿਆਂ ਦਾ (ਦੁਰ + ਅਰਾਧ) ਅਰਾਧ = ਅਰਾਧਣ ਕਰਨਾ ਦੁਰ = ਕਠਿਨ ਹੈ, ਮੈਂ ਉਹ ਤਜੇ = ਤਿਆਗ ਦਿੱਤੇ ਹਨ, ਕਿਉਂਕਿ ਉਹ ਕ੍ਰਿਪਣ = ਸੂਮ ਹਨ, ਕੁਮਗ = ਖੋਟੇ ਰਸਤਿਆਂ ’ਤੇ ਗਾਮੀ = ਜਾਣ ਵਾਲੇ ਹਨ ਅਤੇ ਉਨ੍ਹਾਂ ਭੂਪਨ = ਰਾਜੇ ਲੋਕਾਂ ਕੇ = ਦੇ ਚਿੱਤ ਬਾਜ ਦੀ ਵਤ = ਨਿਆਈਂ ਚਲ = ਚੰਚਲ ਭਾਨੀਐ = ਕਥਨ ਕਰੀਦੇ ਹਨ।

## ਤਾਤੇ ਮੇ ਸਥੂਲ ਚਾਹਿ ਪੂਰੀ ਹੋਤ ਤਾਂਹਿ ਨਾਹਿ;
## ਲਾਯੋ ਮਨ ਤਾਹਿ ਮਾਹਿ ਪਦ ਜੋ ਮਹਾਨੀਐ ॥

ਤਾਤੇ = ਇਸ ਕਰਕੇ ਮੇ = ਮੇਰੀ ਜੋ ਸਥੂਲ = ਵੱਡੀ ਚਾਹਿ = ਇੱਛਾ ਪੰਜ-ਸੱਤ ਹਜ਼ਾਰ ਮੋਹਰਾਂ ਦੀ ਹੈ, ਉਹ ਤਾਂਹਿ = ਉਨ੍ਹਾਂ ਕੋਲੋਂ ਪੂਰੀ ਨਹੀਂ ਹੋਤ = ਹੋਈ, ਇਸ ਕਰਕੇ ਮੈਂ ਆਪਣੇ ਮਨ ਨੂੰ ਤਾਹਿ = ਉਸ ਮਾਹਿ = ਵਿਚ ਲਾਯੋ = ਲਾਉਣਾ ਕੀਤਾ ਹੈ, ਜੋ ਮਹਾਨੀਐ = ਮਹਾਨ ਪਦ ਭਾਵ ਆਤਮ ਸਰੂਪ ਰੂਪੀ ਪਦ ਹੈ।

## ਜਰਾ ਹਰੇ ਕਾਇ, ਹਰੇ ਕਾਲ ਸਮੁਦਾਇ ਪ੍ਰਾਨ;
## ਤਾਂਤੇ ਤਪੁ ਕਰੋ ਸਖੇ, ਵਿਦੁਖੋ ਬਖਾਨੀਐ ॥

ਜਰਾ = ਬੁਢਾਪਾ ਇਸ ਕਾਇ = ਸਰੀਰ ਨੂੰ ਹਰੇ = ਨਾਸ਼ ਕਰੀ ਜਾ ਰਿਹਾ ਹੈ, ਕਾਲ ਦਿਨ-ਬ-ਦਿਨ ਪ੍ਰਾਣਾਂ ਦੇ ਸਮੁਦਾਇ ਨੂੰ ਹਰੇ = ਨਾਸ਼ ਕਰੀ ਜਾ ਰਿਹਾ ਹੈ, ਤਾਂਤੇ = ਇਸ ਕਰਕੇ ਹੇ ਸਖੇ = ਮਿੱਤਰ! ਤਪ ਕਰਨਾ ਕਰ, ਇਹ ਗੱਲ ਵਿਦੁਖੋ = ਵਿਦਵਾਨ ਮਹਾਂਪੁਰਸ਼ਾਂ ਨੇ ਬਖਾਨੀਐ = ਕਥਨ ਕੀਤੀ ਹੈ।

## ਤਪੁ ਬਿਨਾ ਆਨ ਮਗੁ, ਸ੍ਰੇਯ ਕੋ ਨ ਮਧ ਜਗੁ;
## ਤਪੁ ਨਾਮ ਚਿਤ ਕੀ ਇਕਾਗ੍ਰਤਾ ਕੋ ਜਾਨੀਐ ॥੨੦॥

ਹੇ ਭਾਈ! ਤਪ ਤੋਂ ਬਿਨਾ = ਬਗ਼ੈਰ ਇਸ ਜਗੁ = ਸੰਸਾਰ ਮਧ = ਵਿਚ ਸ੍ਰੇਯ = ਮੁਕਤੀ ਕੋ = ਨੂੰ ਪ੍ਰਾਪਤ ਕਰਨ ਲਈ ਆਨ = ਹੋਰ ਕੋਈ ਵੀ ਮਗੁ = ਰਸਤਾ ਨਹੀਂ ਹੈ ਅਤੇ ਚਿੱਤ ਕੀ = ਦੀ ਇਕਾਗਰਤਾ ਕੋ = ਦਾ ਨਾਮ ਹੀ ਤਪ ਜਾਣਨਾ ਕਰੋ **ਵਾ:** ਜੋ ਪਰਮਾਤਮਾ ਦੇ ਨਾਮ ਵਿਚ ਚਿੱਤ ਦਾ ਇਕਾਗਰ ਹੋਣਾ ਹੈ, ਇਹੋ ਹੀ ਅਸਲੀ ਤਪ ਹੈ, ਹੋਰ ਧੂਣੀਆਂ ਤਾਉਣੀਆਂ ਜਾਂ ਜਲ ਧਾਰੇ ਆਦਿ ਕਰਨੇ, ਇਹ ਤਪ ਨਹੀਂ ਹੈ ॥੨੦॥

## ਸ੍ਵੈਯਾ ॥

## ਸਰੁਤਿ ਬੋਧ ਵਿਰੋਧ ਨਿਵਾਰਨ ਕਾਰਨ;
## ਪ੍ਰਾਕ ਹੁਤੋ ਸੁ ਸਖਾ ਜਨਾ ਕੋ ॥

ਪ੍ਰਾਕ = ਪਹਿਲੇ ਸਮੇਂ ਵਿਚ ਸਰੁਤਿ = ਸੁਰਤੀਆਂ ਦਾ ਬੋਧ = ਗਿਆਨ ਵੈਰ-ਵਿਰੋਧ ਨੂੰ ਨਿਵਾਰਨ = ਨਵਿਰਤ ਕਾਰਨ = ਵਾਸਤੇ ਜਨਾ = ਪੁਰਸ਼ਾਂ ਕੋ = ਦਾ ਸੁ = ਸ੍ਰੇਸ਼ਟ ਸਖਾ = ਮਿੱਤਰ ਹੁਤੋ = ਹੁੰਦਾ ਸੀ।

## ਕਛੂ ਕਾਲ ਗਏ, ਰਿਸ਼ੀਆਨ ਦਏ ਸੁਖ;
## ਭੋਗ ਕੇ ਭਾਲ ਨਮਿਤ ਧਨਾ ਕੋ ॥

ਕਛੂ = ਕੁਝ ਕਾਲ = ਸਮਾਂ ਗਏ = ਗੁਜ਼ਰ ਜਾਣ ਪਿੱਛੋਂ ਉਹ ਗਿਆਨ ਰਿਸ਼ੀਆਨ = ਰਿਖੀ ਜਨਾਂ ਨੂੰ ਆਤਮਿਕ ਸੁਖ ਵਾਸਤੇ ਦਏ = ਦਿੱਤਾ ਗਿਆ, ਪਰ ਉਨ੍ਹਾਂ ਭੋਗਾਂ ਦੇ ਭਾਲ = ਢੂੰਢਣ ਨਮਿਤ = ਵਾਸਤੇ ਧਨਾ = ਧਨੀ ਪੁਰਸ਼ਾਂ ਕੋ = ਦਾ ਦਰਵਾਜ਼ਾ ਜਾ ਮੱਲਣਾ ਕੀਤਾ।

## ਅਤਿ ਖੇਦ, ਸੁਵਿਦਿਆ ਅਵਿਦਿਆ ਭਈ;
## ਮੋਖ ਨ ਭੋਗ ਜਨੇ ਪੁਰਸਾ ਕੋ ॥

ਅਤਿ = ਅਤਿਅੰਤ ਖੇਦ = ਦੁੱਖ ਦੀ ਗੱਲ ਹੈ ਕਿ ਹੁਣ ਉਹ ਸੁਵਿਦਿਆ = ਸ੍ਰੇਸ਼ਟ ਵਿੱਦਿਆ ਅਵਿੱਦਿਆ ਭਈ = ਹੋ ਗਈ ਹੈ ਕਿਉਂਕਿ ਹੁਣ ਪੁਰਸ਼ਾਂ ਕੋ = ਨੂੰ ਨਾ ਤਾਂ ਉਹ ਮੋਖ = ਮੁਕਤੀ ਅਤੇ ਨਾ ਹੀ ਭੋਗ ਪਦਾਰਥ ਜਨੇ = ਪੈਦਾ ਕਰਦੀ ਹੈ।

## ਪ੍ਰਤਿ ਬਾਸਰ ਜਾਤ ਅਧੇ ਕੋ ਅਧੇ;
## ਖਲ ਵੇਦ ਵਿਰੁਧ ਵਿਲੋਕ ਨ੍ਰਿਪਾਂ ਕੋ ॥੨੧॥

ਇਸ ਕਰਕੇ ਹੁਣ ਇਹ ਵਿੱਦਿਆ ਬਾਸਰ = ਦਿਨ-ਪ੍ਰਤਿ-ਦਿਨ ਅਧੇ ਕੋ ਅਧੇ = ਨੀਚੇ ਤੋਂ ਨੀਚੇ ਨੂੰ ਤੁਰੀ ਜਾਤ = ਜਾ ਰਹੀ ਹੈ, ਕਿਉਂਕਿ ਖਲ = ਮੂਰਖ ਨ੍ਰਿਪਾਂ = ਰਾਜਿਆਂ ਕੋ = ਨੂੰ ਵੇਦ ਤੋਂ ਵਿਰੁਧ = ਉਲਟ ਕਰਮ ਕਰਦਿਆਂ ਵਿਲੋਕ = ਦੇਖ ਕਰਕੇ ਇਹ ਨਿਸ਼ਚਾ ਹੋ ਗਿਆ ਹੈ॥੨੧॥

## ਚੌਪਈ ॥

## ਪੁਰਾ ਮਾਤ ਵਤ ਥੀ; ਵਿਦ ਵਿੱਤਾ ॥
## ਪੁਰਖੋਂ ਕੇ; ਕਲਿਆਨ ਨਮਿੱਤਾ ॥

ਪੁਰਾ = ਪਹਿਲੇ ਸਮੇਂ ਵਿਚ ਵਿਦ ਵਿੱਤਾ = ਗਿਆਨਵਾਨ ਬਣਾਉਣ ਵਾਲੀ ਵੇਦ ਵਿੱਦਿਆ ਮਾਤ = ਮਾਤਾ ਵਤ = ਵਰਗੀ ਹੁੰਦੀ ਥੀ = ਸੀ, ਜੋ ਪੁਰਖੋਂ = ਪੁਰਸ਼ਾਂ ਕੇ = ਦੇ ਨਮਿੱਤਾ = ਵਾਸਤੇ ਕਲਿਆਣਕਾਰੀ ਹੁੰਦੀ ਸੀ।

## ਸੁਜਨੋਂ ਪਢੇ; ਮੁਕਤਿ ਹਿਤ ਵੇਦਾ॥
## ਤਿਨਹੁ ਜਨਯੋ; ਤਿਹ ਉਰ ਨਿਰਵੇਦਾ॥੨੨॥

ਸੁਜਨੋ = ਸ੍ਰੇਸ਼ਟ ਪੁਰਸ਼ਾਂ ਨੇ ਮੁਕਤੀ ਦੇ ਪ੍ਰਾਪਤ ਕਰਨ ਹਿਤ = ਵਾਸਤੇ ਵੇਦਾ = ਵੇਦ ਵਿੱਦਿਆ ਪਢੇ = ਪੜ੍ਹਨਾ ਕੀਤੀ ਸੀ, ਜਿਸ ਕਰਕੇ ਤਿਹ = ਉਸ ਵਿੱਦਿਆ ਨੇ ਤਿਨਹੁ = ਉਨ੍ਹਾਂ ਦੇ ਉਰ = ਹਿਰਦੇ ਅੰਦਰ ਨਿਰਵੇਦਾ = ਵੈਰਾਗ ਜਨਯੋ = ਪੈਦਾ ਕਰ ਦਿੱਤਾ ਸੀ॥੨੨॥

## ਸ੍ਵਾਰਥ ਸਿਧਾਰਥ; ਵੈਰਾਗਹਿ॥
## ਜਨਯੋ ਵਿਵੇਕ ਸਖਾ; ਤਿਹ ਜਾਗਹਿ॥

ਫਿਰ ਵੈਰਾਗਹਿ = ਵੈਰਾਗ ਨੇ ਸ੍ਵਾਰਥ = ਆਪਣੇ ਪ੍ਰਯੋਜਨ ਨੂੰ ਸਿਧਾਰਥ = ਸਿੱਧ ਕਰਨ ਵਾਸਤੇ ਤਿਹ = ਉਸ ਹਿਰਦੇ ਰੂਪੀ ਜਾਗਹਿ = ਅਸਥਾਨ ਵਿਚ ਵਿਵੇਕ ਰੂਪੀ ਸਖਾ = ਮਿੱਤਰ ਜਨਯੋ = ਪੈਦਾ ਕਰਨਾ ਕੀਤਾ ਸੀ।

## ਯੁਗਲ ਸਖੇ ਮਿਲ; ਹਰਯੋ ਯੁਗਮ ਭ੍ਰਮ॥
## ਜਿਉਂ ਰਵਿ ਦ੍ਰਿਗ; ਤਮ ਹਰਤ ਬਿਨਾ ਸ੍ਰਮ॥੨੩॥

ਪੁਨਾ ਵੈਰਾਗ ਤੇ ਵਿਵੇਕ ਯੁਗਲ = ਦੋਵੇਂ ਸਖੇ = ਮਿੱਤਰ ਮਿਲ ਕਰਕੇ ਜੀਵ-ਈਸ਼ ਯੁਗਮ = ਦੋਵਾਂ ਵਿਚਲਾ ਭ੍ਰਮ = ਭੇਦ ਇਉਂ ਹਰਯੋ = ਨਾਸ਼ ਕਰ ਦਿੰਦੇ ਸੀ, ਜਿਉਂ = ਜਿਵੇਂ ਰਵਿ = ਸੂਰਜ ਤੇ ਦ੍ਰਿਗ = ਨੇਤਰ ਆਪਸ ਵਿਚ ਮਿਲ ਕਰਕੇ ਬਿਨਾਂ ਸ੍ਰਮ = ਕਸ਼ਟ ਤੋਂ ਹੀ ਤਮ = ਹਨੇਰੇ ਨੂੰ ਹਰਤ = ਨਾਸ਼ ਕਰ ਦਿੰਦੇ ਹਨ॥੨੩॥

## ਸਾਸਤ੍ਰ ਗ੍ਯਾਨ; ਇਉ ਬੰਧਨ ਹਰਤਾ॥
## ਪੂਰਬ ਭਯੋ; ਮੁਕਤਿ ਕੋ ਕਰਤਾ॥

ਇਉ = ਇਸ ਪ੍ਰਕਾਰ ਸ਼ਾਸਤਰ ਗਿਆਨ ਬੰਧਨਾਂ ਨੂੰ ਹਰਤਾ = ਨਾਸ਼ ਕਰ ਦਿੰਦਾ ਸੀ, ਪੂਰਬ = ਪਹਿਲੇ ਸਮੇਂ ਵਿਚ ਇਹ ਗਿਆਨ ਮੁਕਤੀ ਦੇ ਕਰਤਾ = ਕਰਨ ਵਾਲਾ ਭਯੋ = ਹੁੰਦਾ ਸੀ।

## ਕਿੰਚਤ ਕਾਲ; ਬਿਤੀਤ ਭਯੋ ਜਬ॥
## ਵਹੀ ਬੋਧ; ਜਨ ਮੁਗਧਨ ਕੋ ਤਬ॥੨੪॥

ਜਬ = ਜਦੋਂ ਕਿੰਚਤ = ਥੋੜ੍ਹਾ ਜਿਹਾ ਕਾਲ = ਸਮਾਂ ਹੋਰ ਬਤੀਤ ਭਯੋ = ਹੋ ਗਿਆ, ਤਬ = ਤਦੋਂ ਫਿਰ ਵਹੀ = ਉਹੀ ਬੋਧ = ਗਿਆਨ ਮੁਗਧਨ = ਮੂਰਖ ਜਨ = ਪੁਰਸ਼ਾਂ ਨੂੰ ਪ੍ਰਾਪਤ ਹੋ ਗਿਆ॥੨੪॥

## ਵਿਖਯ ਸੁਖੋਂ ਕੇ; ਸਿਧਿ ਨਮਿਤਾ॥
## ਹੋਤ ਭਯੋ ਕ੍ਰਮ; ਕਰਤਤ ਵਿਤਾ॥

ਭਰਥਰੀ ਜੀ ਕਥਨ ਕਰਦੇ ਹਨ ਕਿ ਜਿਸ ਕਰਕੇ ਵਿਸ਼ੇ ਭੋਗਾਂ ਦੇ ਸੁਖ ਸਿਧਿ = ਪ੍ਰਾਪਤ ਕਰਨ

ਨਮਿਤਾ = ਵਾਸਤੇ ਉਹ ਧਰਮ ਦਾ ਕਰਤਤ = ਕਰਤਾ ਸ਼ਾਸਤਰਕ ਗਿਆਨ ਫਿਰ ਕ੍ਰਮਵਾਰ ਭਾਵ ਹੌਲੀ-ਹੌਲੀ ਵਿਤਾ = ਧਨ ਵਰਗਾ ਹੁੰਦਾ ਗਿਆ **ਅਥਵਾ** ਜਿਸ ਪ੍ਰਕਾਰ ਧਨੀ ਲੋਕ ਵਿਸ਼ੇ ਭੋਗੀ ਸਨ, ਇਸੇ ਪ੍ਰਕਾਰ ਸ਼ਾਸਤਰਕ ਗਿਆਨੀ ਪੁਰਖ ਵੀ ਵਿਸ਼ਿਆਂ ਦੇ ਅਧੀਨ ਹੁੰਦੇ ਗਏ।

## ਤਿਨੋ ਜਨੋ ਜਬ; ਤੰਤ੍ਰ ਅਧੀਤੇ ॥
## ਕਰਤ ਭਏ ਨ੍ਰਿਪ; ਸਰਬ ਸਪ੍ਰੀਤੇ ॥੨੫॥

ਹੋਰ ਸੁਣੋ ! ਜਬ = ਜਦੋਂ ਤਿਨੋ = ਉਨ੍ਹਾਂ ਮੂਰਖ ਤੇ ਲਾਲਚੀ ਪੰਡਤ ਜਨੋ = ਪੁਰਸ਼ਾਂ ਨੇ ਤੰਤ੍ਰ = ਸ਼ਾਸਤਰ ਅਧੀਤੇ = ਪੜ੍ਹ ਲੈਣਾ ਕੀਤੇ ਤਾਂ ਫਿਰ ਸਰਬ = ਸਾਰੇ ਨ੍ਰਿਪ = ਰਾਜੇ ਹੀ ਉਨ੍ਹਾਂ ਨਾਲ ਸਪ੍ਰੀਤੇ = ਪ੍ਰੀਤੀ ਕਰਤ = ਕਰਨ ਵਾਲੇ ਭਏ = ਹੋ ਗਏ ॥੨੫॥

## ਚੌਪਈ ॥
## ਗੁਰ ਗੋ ਬਿਪ੍ਰਨ; ਦਰਸ਼ਨ ਮਾਂਹੀ ॥
## ਤ੍ਰਿਧਾ ਅਨਨਯ; ਭਗਤਿ ਉਰ ਜਾਂਹੀ ॥

ਜਾਂਹੀ = ਜਿਨ੍ਹਾਂ ਦੇ ਉਰ = ਹਿਰਦੇ ਵਿਚ ਗੁਰ = ਗੁਰੂ, ਗੋ = ਗਊ, ਬਿਪ੍ਰਨ = ਬ੍ਰਾਹਮਣ ਤੇ ਛੇ ਦਰਸ਼ਨਾਂ ਮਾਂਹੀ = ਵਿਚ ਤ੍ਰਿਧਾ = ਤਿੰਨ ਪ੍ਰਕਾਰ (ਮਨ, ਬਾਣੀ, ਸਰੀਰ) ਕਰਕੇ ਅਨਨਯ = ਅਨਿੰਨ ਭਗਤੀ ਸੀ **ਅਥਵਾ** ਜਿਨ੍ਹਾਂ ਦੇ ਹਿਰਦੇ ਵਿਚ ਅਨਨਯ = ਕਿਸੇ ਹੋਰ ਨਾਲ ਸੰਬੰਧ ਨਹੀਂ ਹੈ, ਭਾਵ ਇਕ ਨੂੰ ਮੰਨਣ ਵਾਲਾ ਅਨਿੰਨ ਭਗਤ ਹੁੰਦਾ ਹੈ।

## ਜਾਹੀਂ ਧਰਮੀ; ਸਤਵਾਦੀ ਮਨ ਦਾਯਾ ॥
## ਸੁਭ ਗੁਣ ਮੰਦਰ; ਅਸ ਨਰ ਰਾਯਾ ॥੨੬॥

ਜਾਹੀਂ = ਜਿਨ੍ਹਾਂ ਦੇ ਮਨ ਵਿਚ ਦਇਆ ਸੀ ਤੇ ਜੋ ਧਰਮੀ ਤੇ ਸਤਵਾਦੀ = ਸੱਚ ਬੋਲਣ ਵਾਲੇ ਸਨ, ਅਸ = ਇਸ ਤਰ੍ਹਾਂ ਦੇ ਜੋ ਸ਼ੁਭ ਗੁਣਾਂ ਰੂਪ ਮੰਦਰ = ਘਰ ਵਾਲੇ ਰਾਯਾ ਨਰ = ਰਾਜੇ ਪੁਰਸ਼ ਸਨ ॥੨੬॥

## ਤਾਂਤੇ ਆਮਨਾਯ; ਸੁਣ ਸਾਦਰ ॥
## ਦੇਤ ਦਰਬ ਬਹੁ; ਜਿਉਂ ਜਲ ਬਾਦਰ ॥

ਇਉਂ ਰਾਜੇ ਲੋਕ ਤਾਂਤੇ = ਉਨ੍ਹਾਂ ਪੰਡਤਾਂ ਤੋਂ ਆਮਨਾਯ = ਮਰਯਾਦਾ ਅਨੁਸਾਰ ਤੇ ਸਾਦਰ = ਆਦਰ ਸਹਿਤ ਸ਼ਾਸਤਰ ਸੁਣ = ਸੁਣਦੇ ਸਨ, ਉਨ੍ਹਾਂ ਨੂੰ ਬਹੁ = ਬਹੁਤ ਦਰਬ = ਧਨ ਇਉਂ ਦੇਤ = ਦੇਂਦੇ ਸਨ, ਜਿਉਂ = ਜਿਵੇਂ ਬਾਦਰ = ਬੱਦਲ ਜਲ = ਪਾਣੀ ਵਰਸਾਣਾ ਕਰਦਾ ਹੈ।

## ਇਵ ਭੋਗਨ ਕੋ; ਕਾਰਣ ਹੋਈ ॥
## ਅਹੋ ਖੇਦ; ਅਬ ਬਿਦਿਆ ਸੋਈ ॥੨੭॥

ਭਰਥਰੀ ਜੀ ਕਥਨ ਕਰਦੇ ਹਨ ਕਿ ਜੋ ਇਵ = ਇਸ ਪ੍ਰਕਾਰ ਦੀ ਮਹੱਤਤਾ ਰੱਖਣ ਵਾਲੀ ਵਿੱਦਿਆ

ਸੀ, ਸੋਈ = ਉਹੀ ਵਿੱਦਿਆ ਅਬ = ਹੁਣ ਮੂਰਖਾਂ ਕਰਕੇ ਭੋਗਣ = ਭੋਗਾਂ ਕੋ = ਦਾ ਕਾਰਣ ਹੋਈ = ਹੋ ਗਈ ਹੈ, ਜੋ ਇਹ ਅਹੋ = ਅਸਚਰਜਮਈ ਗੱਲ ਹੈ, ਇਸ ਦਾ ਮੈਨੂੰ ਬਹੁਤ ਖੇਦ = ਦੁੱਖ ਹੈ ॥੨੭॥

## ਚੌਪਈ ॥

## ਦਿਨ ਦਿਨ; ਅਧੇ ਅਧੇ ਕੋ ਧਾਵੈ ॥
## ਮੁਕਤਿ ਭੁਗਤਿ; ਨਹਿ ਉਭੈ ਉਪਾਵੈ ॥

ਹੁਣ ਉਹ ਵਿੱਦਿਆ ਦਿਨ-ਬ-ਦਿਨ ਅਧੇ ਅਧੇ = ਨੀਚੇ ਹੀ ਨੀਚੇ ਕੋ = ਨੂੰ ਧਾਵੈ = ਦੌੜਦੀ ਜਾਂਦੀ ਹੈ ਅਤੇ ਮੁਕਤਿ ਤੇ ਭੁਗਤਿ ਇਨ੍ਹਾਂ ਉਭੈ = ਦੋਵਾਂ ਨੂੰ ਉਪਾਵੈ = ਪੈਦਾ ਨਹੀਂ ਕਰਦੀ।

## ਯਾਂ ਮੈਂ ਅਵਰ; ਨ ਕਾਰਨ ਕੋਊ ॥
## ਖਿਤ ਤਲ ਭੁਗਤਾ; ਨ੍ਰਿਪ ਗਣ ਜੋਊ ॥੨੮॥

ਯਾਂ = ਇਸ ਮੈਂ = ਵਿਚ ਅਵਰ = ਹੋਰ ਕੋਊ = ਕੋਈ ਵੀ ਕਾਰਨ ਨਹੀਂ ਹੈ, ਜੋਊ = ਜਿਹੜੇ ਖਿਤ = ਧਰਤੀ ਦੇ ਤਲ 'ਤੇ ਰਹਿ ਕੇ ਭੋਗਾਂ ਨੂੰ ਭੁਗਤਾ = ਭੋਗਣ ਵਾਲੇ ਨ੍ਰਿਪ ਗਣ = ਸਮੂਹ ਰਾਜੇ ਲੋਕ ਹਨ, ਉਹੋ ਹੀ ਇਸ ਵਿੱਦਿਆ ਦੀ ਗਿਰਾਵਟ ਵਿਚ ਮੁੱਖ ਕਾਰਨ ਹਨ ॥੨੮॥

## ਕ੍ਰਿਪਣ ਅਭਗਤ; ਮੁਗਧ ਅਤਿ ਪਾਪੀ ॥
## ਦੁਰਗਮ ਗਾਮੀ; ਮ੍ਰਿਖਾ ਅਲਾਪੀ ॥

ਉਹ ਸਾਰੇ ਹੀ ਰਾਜੇ ਬਹੁਤ ਕ੍ਰਿਪਣ = ਕੰਜੂਸ ਹਨ, ਅਭਗਤ = ਭਗਤੀ-ਭਾਵ ਤੋਂ ਰਹਿਤ ਹਨ, ਮੁਗਧ = ਮੂਰਖ ਤੇ ਅਤਿ = ਅਤਿਅੰਤ ਹੀ ਪਾਪੀ = ਪਾਪ ਕਰਨ ਵਾਲੇ ਹਨ, ਦੁਰਗਮ = ਭੈੜੇ ਰਸਤਿਆਂ ਭਾਵ ਵੇਦ ਵਿਰੁੱਧ ਰਸਤਿਆਂ ਵਿਚ ਗਾਮੀ = ਜਾਣ ਵਾਲੇ ਹਨ ਤੇ ਮ੍ਰਿਖਾ = ਝੂਠ ਅਲਾਪੀ = ਬੋਲਣ ਵਾਲੇ ਹਨ।

## ਸਾਸਤ੍ਰੂੰ ਮਾਹਿ; ਨਾਹਿ ਰਤਿ ਰਾਈ ॥
## ਅਗੁਣ ਅਜਸ ਨਿਧਿ; ਅਸ ਨਰ ਰਾਈ ॥੨੯॥

ਉਨ੍ਹਾਂ ਦੀ ਰਾਈ = ਥੋੜ੍ਹੇ ਮਾਤਰ ਵੀ ਸ਼ਾਸਤਰਾਂ ਵਿਚ ਰਤਿ = ਪ੍ਰੀਤੀ ਨਹੀਂ ਹੈ, ਉਹ ਅਗੁਣ = ਔਗੁਣਾਂ ਤੇ ਅਪਜਸ ਦੇ ਤਾਂ ਨਿਧਿ = ਖ਼ਜ਼ਾਨੇ ਹੀ ਹਨ, ਅਸ = ਇਸ ਪ੍ਰਕਾਰ ਦੇ ਨਰ ਰਾਈ = ਰਾਜੇ ਲੋਕ ਹਨ ॥੨੯॥

## ਸੋ ਅਬ ਵਿਦ੍ਯਾ; ਦੇਖ ਤਿਨਾ ਕੋ ॥
## ਨਾਹਿ ਭੁਗਤਿ ਭੀ; ਦੇਤ ਜਨਾ ਕੋ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਵੇਖ ਰਿਹਾ ਹਾਂ ਕਿ ਅਬ = ਹੁਣ ਸੋ = ਉਹ ਵਿੱਦਿਆ ਤਿਨਾ ਕੋ = ਉਨ੍ਹਾਂ ਜਨਾ = ਪੁਰਸ਼ਾਂ ਨੂੰ ਭੁਗਤਿ = ਭੋਗ ਪਦਾਰਥ ਵੀ ਦੇਤ = ਦੇਣਾ ਨਹੀਂ ਕਰਦੀ।

## ਸ੍ਵਨ ਕਰਤ ਨਹਿੰ; ਪੜਤ ਨ ਆਪਹਿ ॥
## ਕਬਹੂੰ ਕਹੂੰ; ਪੁੰਨ ਪਰਤਾਪਹਿ ॥੩੦॥

ਨਾ ਹੀ ਵਿੱਦਿਆ ਸ੍ਵਨ = ਸੁਣਨਾ ਕਰਤ = ਕਰਦੇ ਹਨ ਅਤੇ ਨਾ ਹੀ ਆਪਹਿ = ਆਪ ਪੜਤ = ਪੜ੍ਹਨਾ ਕਰਦੇ ਹਨ, ਜੇਕਰ ਕਬਹੂੰ = ਕਦੇ ਕਹੂੰ = ਕਿਸੇ ਪੁੰਨ ਦੇ ਪਰਤਾਪ ਕਰਕੇ : ॥੩੦॥

## ਕਿੰਚਤ; ਕਥਾ ਸਮਾਗਮ ਬਨ ਹੈ ॥
## ਸੁਨਤ ਅਰੁਚਿ ਨਹਿ; ਤਾਮੈ ਮਨ ਹੈ ॥

ਕਿੰਚਤ = ਥੋੜ੍ਹੇ ਮਾਤਰ ਕੋਈ ਕਥਾ ਦਾ ਸਮਾਗਮ ਬਣ ਜਾਂਦਾ ਹੈ, ਤਾਂ ਫਿਰ ਅਰੁਚਿ = ਬਿਨਾਂ ਪ੍ਰੀਤੀ ਤੋਂ ਕਥਾ ਸੁਣਦੇ ਹਨ ਅਤੇ ਨਾ ਹੀ ਤਾਮੈ = ਉਸ ਕਥਾ ਵਿਚ ਉਨ੍ਹਾਂ ਦਾ ਮਨ ਲੱਗਦਾ ਹੈ।

## ਚਿੱਤ ਭ੍ਰਮਤ; ਭਵ ਅਰਥਨ ਮਾਂਹੀ ॥
## ਕਥਾ ਅਰਥ; ਕਿਛ ਬੂਝਤ ਨਾਹੀਂ ॥੩੧॥

ਉਨ੍ਹਾਂ ਦਾ ਚਿੱਤ ਭਵ = ਸੰਸਾਰ ਦੇ ਭੋਗ ਪਦਾਰਥ ਪ੍ਰਾਪਤ ਕਰਨ ਅਰਥਨ = ਵਾਸਤੇ ਭ੍ਰਮਤ = ਭਟਕਦਾ ਰਹਿੰਦਾ ਹੈ ਭਾਵ ਸੰਸਾਰਕ ਭੋਗਾਂ ਮਾਂਹੀ = ਵਿਚ ਹੀ ਗ਼ਲਤਾਨ ਰਹਿੰਦੇ ਹਨ, ਪਰ ਉਨ੍ਹਾਂ ਨੂੰ ਕਥਾ ਦੇ ਅਰਥਾਂ ਦੀ ਕਿਛ = ਕੁਝ ਵੀ ਬੂਝਤ = ਸਮਝ ਨਾਹੀਂ = ਨਹੀਂ ਪੈਂਦੀ ਹੈ॥੩੧॥

## ਅਰ ਸਰਧਾਂ ਬਿਨ; ਜਨ ਕਛੁ ਦਰਬਹਿ ॥
## ਦੇਹ ਤਾਂਹਿ ਕੋ; ਤਬ ਅਤਿ ਗਰਬਹਿ ॥

ਅਰ = ਅਤੇ ਜਦੋਂ ਬਿਨ = ਬਗ਼ੈਰ ਸ਼ਰਧਾ ਤੋਂ ਤਾਂਹਿ = ਉਨ੍ਹਾਂ ਕਥਾਵਾਚਕ ਜਨਾਂ ਕੋ = ਨੂੰ ਕਛੁ = ਕੁਝ ਕੁ ਦਰਬਹਿ = ਧਨ ਦੇਹ = ਦੇਂਦੇ ਹਨ, ਤਬ = ਤਦੋਂ ਫੇਰ ਅਤਿ = ਅਤਿਅੰਤ ਹੀ ਗਰਬਹਿ = ਹੰਕਾਰ ਕਰਦੇ ਹਨ।

## ਵਕਤਾ ਕੋ; ਅਨੂਚਰ ਵਤ ਜਾਨੇ ॥
## ਤਾਂਤੇ ਕਰਤ ਨ; ਅਤਿ ਸਨਮਾਨੇ ॥੩੨॥

ਉਨ੍ਹਾਂ ਵਕਤਾ = ਬੋਲਣ ਵਾਲੇ ਭਾਵ ਕਥਾਵਾਚਕਾਂ ਕੋ = ਨੂੰ ਅਨੂਚਰ = ਨੌਕਰ ਦੀ ਵਤ = ਨਿਆਈਂ ਜਾਨੇ = ਜਾਨਣਾ ਕਰਦੇ ਹਨ, ਤਾਂਤੇ = ਇਸ ਕਰਕੇ ਉਨ੍ਹਾਂ ਦਾ ਅਤਿ = ਬਹੁਤਾ ਸਨਮਾਨ = ਸਤਿਕਾਰ ਨਹੀਂ ਕਰਤ = ਕਰਦੇ ਹਨ॥੩੨॥

## ਅਰੁ ਵਕਤਾ ਕੀ; ਇਛਾ ਜੋ ਹੈ ॥
## ਤਾਂਤੇ ਤ੍ਰਿਪਤਿ; ਕਦਾਪਿ ਨ ਹੋ ਹੈ ॥

ਅਰੁ = ਅਤੇ ਜੋ = ਜਿਹੜੀ ਵਕਤਾ = ਕਥਾਕਾਰ ਕੀ = ਦੀ ਇੱਛਾ ਹੁੰਦੀ ਹੈ, ਤਾਂਤੇ = ਇਸ ਕਰਕੇ ਉਹ ਕਦਾਪਿ = ਕਦੇ ਵੀ ਤ੍ਰਿਪਤਿ = ਪੂਰੀ ਨਹੀਂ ਹੋਤ = ਹੁੰਦੀ।

## ਤਾਂਤੇ ਜੋ; ਬੁਧਿਮਾਨ ਅਹੇ ਜਨ ॥
## ਭੂਪਨ ਭਵਨੇ; ਗਵਨ ਕਰੇ ਜਿਨ ॥੩੩॥

ਤਾਂਤੇ = ਇਸ ਕਰਕੇ ਜੋ = ਜਿਹੜੇ ਬੁਧਿਮਾਨ = ਸ੍ਰੇਸ਼ਟ ਬੁੱਧੀ ਵਾਲੇ ਵਿਦਵਾਨ ਜਨ ਅਹੇ = ਹਨ, ਉਹ ਭੂਪਨ = ਰਾਜਿਆਂ ਦੇ ਭਵਨੇ = ਘਰ ਵਿਚ ਜਿਨ = ਕਦਾਚਿਤ ਵੀ ਗਵਨ = ਜਾਣਾ ਨਹੀਂ ਕਰਦੇ ॥੩੩॥

## ਦੋਹਿਰਾ ॥
## ਨਿਰ ਦੂਖਨ ਭੂਖਨ ਮਹਾ; ਰੂਖਨ ਸੇਵਹਿ ਸੋਇ ॥

ਜੋ ਮਹਾਂਪੁਰਸ਼ ਹੰਕਾਰ ਆਦਿਕ ਦੂਖਨ = ਦੋਸ਼ਾਂ ਤੋਂ ਨਿਰ = ਰਹਿਤ ਹਨ, ਸੋਇ = ਉਹ ਭੂਖਣ ਰੂਪ ਰੂਖਨ = ਬ੍ਰਿਛਾਂ ਦਾ ਹੀ ਸੇਵਹਿ = ਸੇਵਨ ਕਰਦੇ ਹਨ ਭਾਵ ਉਨ੍ਹਾਂ ਦੇ ਫਲ ਫੁੱਲ ਖਾ ਕੇ ਹੀ ਪਰਮਾਤਮਾ ਦਾ ਸਿਮਰਨ ਕਰਦੇ ਹਨ।

## ਤਬੈ ਤਨੈ ਵਿਦਯਾ ਜਨੈ; ਭੁਗਤਿ ਮੁਕਤਿ ਸੁਭ ਦੋਇ ॥੩੪॥

ਤਬੈ = ਤਦੋਂ ਉਹ ਵਿੱਦਿਆ ਭਗਤੀ ਅਤੇ ਮੁਕਤੀ ਰੂਪ ਦੋਇ = ਦੋਵੇਂ ਸੁਭ = ਸ੍ਰੇਸ਼ਟ ਤਨੈ = ਪੁੱਤਰ ਜਨੈ = ਪੈਦਾ ਕਰਦੀ ਹੈ ਭਾਵ ਜਦੋਂ ਮਹਾਂਪੁਰਸ਼ਾਂ ਨੂੰ ਸ਼ਾਸਤਰਕ ਗਿਆਨ ਦੀ ਵਿਚਾਰ ਕਰਨ ਕਰਕੇ ਸੰਤੋਖ ਪੈਦਾ ਹੋ ਗਿਆ, ਜਿਸ ਤੋਂ ਫਿਰ ਹਿਰਦੇ ਅੰਦਰ ਪਰਮਾਤਮਾ ਦੀ ਪ੍ਰੇਮਾ-ਭਗਤੀ ਪੈਦਾ ਹੋ ਗਈ। ਫਿਰ ਭਗਤੀ ਕਰਦਿਆਂ ਮੁਕਤੀ ਪ੍ਰਾਪਤ ਹੋ ਗਈ ॥੩੪॥

## ਸੋਰਠਾ ॥
## ਵਿਦਯਾ ਬਧੂ ਪ੍ਰਸੂਤ; ਸਾਂਤਿ ਧੁਨੀ ਭੂਮੇ ਭਵਤ ॥

ਜੋ ਸਾਂਤਿ ਧੁਨੀ ਵਾਲੀ ਬੁੱਧ ਰੂਪ ਭੂਮੇ = ਧਰਤੀ ਹੈ, ਉਸ ਵਿਚ ਹੀ ਵਿੱਦਿਆ ਰੂਪ ਬਧੂ = ਇਸਤਰੀ ਪ੍ਰਸੂਤ ਭਵਤ = ਹੋਣਾ ਕਰਦੀ ਹੈ ਭਾਵ ਪੈਦਾ ਹੁੰਦੀ ਹੈ।

## ਜਨੇ ਪ੍ਰਬੋਧ ਸਪੂਤ; ਹਨੇ ਕਲੇਸ਼ ਅਸ਼ੇਸ਼ ਤਬ ॥੩੫॥

ਜੋ ਵਿੱਦਿਆ ਪ੍ਰਬੋਧ = ਵਿਸ਼ੇਸ਼ ਕਰਕੇ ਗਿਆਨ ਰੂਪੀ ਸਪੂਤ = ਸ੍ਰੇਸ਼ਟ ਪੁੱਤਰ ਨੂੰ ਜਨੇ = ਪੈਦਾ ਕਰਦੀ ਹੈ, ਤਬ = ਤਦੋਂ ਫੇਰ ਉਹ ਗਿਆਨ ਰੂਪੀ ਪੁੱਤਰ ਅਸ਼ੇਸ਼ = ਸਾਰੇ ਕਲੇਸ਼ਾਂ ਨੂੰ ਹਨੇ = ਨਾਸ਼ ਕਰਦਾ ਹੈ ॥੩੫॥

## ਦੋਹਰਾ ॥
## ਭਯੋ ਗਰਬ ਬਹੁ ਨ੍ਰਿਪਨ ਕੋ; ਬਰਨੋ ਕਿੰ ਸਮ ਸੋਇ ॥

ਜੋ ਨ੍ਰਿਪਨ = ਰਾਜੇ ਲੋਕਾਂ ਕੋ = ਨੂੰ ਬਹੁ = ਬਹੁਤਾ ਗਰਬ = ਹੰਕਾਰ ਭਯੋ = ਹੋਇਆ ਹੈ, ਸੋਇ = ਉਸ ਨੂੰ ਕਿੰ = ਕਿਸ ਦੇ ਸਮ = ਬਰਾਬਰ ਬਰਨੋ = ਵਰਣਨ ਕਰਨਾ ਕਰੀਏ।

## ਕੇਵਲ ਬ੍ਰਿਥਾ ਨਮਿੱਤ ਬਿਨ; ਜੜਤਾ ਸੂਚਕ ਹੋਇ ॥੩੬॥

ਇਨ੍ਹਾਂ ਦਾ ਹੰਕਾਰ ਕੇਵਲ = ਸਿਰਫ਼ ਬਿਰਥਾ ਹੈ, ਯੱਗ ਆਦਿਕ ਕਰਮ ਜਾਂ ਤ੍ਰਿਲੋਕੀ ਦੇ ਰਾਜ ਆਦਿ

ਨਮਿੱਤ = ਕਾਰਣਾਂ ਤੋਂ ਬਿਨ = ਬਗ਼ੈਰ ਇਨ੍ਹਾਂ ਦਾ ਹੰਕਾਰ ਇਨ੍ਹਾਂ ਦੀ ਜੜਤਾ = ਮੂਰਖਤਾਈ ਦੀ ਹੀ ਸੂਚਕ = ਸੂਚਨਾ ਦੇਣ ਵਾਲਾ ਹੈ **ਅਥਵਾ** ਨਾ ਤਾਂ ਇਨ੍ਹਾਂ ਨੇ ਕੋਈ ਦਾਨ-ਪੁੰਨ ਕੀਤਾ ਹੈ, ਜਿਸ ਦਾ ਇਹ ਹੰਕਾਰ ਕਰਨ ਅਤੇ ਨਾ ਹੀ ਕੋਈ ਇਨ੍ਹਾਂ ਪਾਸ ਤ੍ਰਿਲੋਕੀ ਦਾ ਰਾਜ ਹੈ, ਜਿਸ ਦਾ ਇਹ ਹੰਕਾਰ ਕਰਨ। ਸਿਰਫ਼ ਇਨ੍ਹਾਂ ਦਾ ਹੰਕਾਰ ਇਨ੍ਹਾਂ ਦੀ ਮੂਰਖਤਾਈ ਨੂੰ ਹੀ ਪ੍ਰਗਟ ਕਰਦਾ ਹੈ॥੩੬॥

## ਦੋਹਰਾ॥

### ਭਈ ਅਭੁਕਤਿ ਨ ਨਿਮਖ ਅਪਿ; ਭੂਪ ਗਣ ਕਰ ਗਾਇ॥

ਜੋ ਗਾਇ = ਧਰਤੀ ਗਣ = ਬਹੁਤੇ ਰਾਜੇ ਲੋਕਾਂ ਕਰਕੇ ਭੋਗੀ ਗਈ ਹੈ, ਉਹ ਇਕ ਨਿਮਖ ਮਾਤਰ ਅਪਿ = ਵੀ ਅਭੁਕਤਿ = ਭੋਗੇ ਤੋਂ ਬਿਨਾਂ ਨਹੀਂ ਭਈ = ਹੋਈ ਹੈ।

### ਚਗਲ ਸਗਲ ਭੂਪਾਨ ਕੀ; ਤਾਂਹਿ ਪਾਇ ਗਰਬਾਇ॥੩੭॥

ਜੋ ਧਰਤੀ ਸਗਲ = ਸਾਰੇ ਭੂਪਾਨ = ਰਾਜੇ ਲੋਕਾਂ ਕੀ = ਦੀ ਚਗਲ = ਜੂਠੀ ਭਾਵ ਭੋਗੀ ਹੋਈ ਹੈ, ਤਾਂਹਿ = ਉਸ ਨੂੰ ਪਾਇ = ਪਾ ਕਰਕੇ ਗਰਬਾਇ = ਹੰਕਾਰ ਕਰਨਾ ਕਰਦੇ ਹਨ॥੩੭॥

## ਦੋਹਰਾ॥

### ਤਾਸ ਅੰਸ ਪੁਨ ਅੰਸ ਤਿਹ; ਤਾ ਅਵੈਂਵ ਲਵਲੇਸ॥

ਤਾਸ = ਉਸ ਧਰਤੀ ਦਾ ਇਕ ਛੋਟਾ ਅੰਸ = ਹਿੱਸਾ ਤੇ ਪੁਨ = ਫਿਰ ਤਿਹ = ਉਸ ਅੰਸ ਦਾ ਵੀ ਇਕ ਹੋਰ ਹਿੱਸਾ ਤੇ ਤਾ = ਉਸ ਅਵੈਂਵ = ਹਿੱਸੇ ਦਾ ਵੀ ਲਵਲੇਸ = ਥੋੜ੍ਹੇ ਮਾਤਰ ਹਿੱਸਾ ਪ੍ਰਾਪਤ ਕਰ ਕੇ, ਅਤੇ :

### ਤਿਹ ਉਚਿਸ਼ਟ ਕੇ ਪਤਿ ਭਏ; ਗਰਬਹਿ ਹਮ ਦੁਨੇਸ਼॥੩੮॥

ਤਿਹ = ਉਸ ਉਚਿਸ਼ਟ = ਜੂਠੇ ਹਿੱਸੇ ਕੇ = ਦੇ ਪਤਿ = ਮਾਲਕ ਭਏ = ਹੋ ਗਏ ਹਨ ਤੇ ਗਰਬਹਿ = ਹੰਕਾਰ ਕਰਦੇ ਹਨ ਕਿ ਹਮ = ਅਸੀਂ ਤਾਂ ਦੁਨੇਸ਼ = ਦੁਨੀਆਂ ਦੇ ਮਾਲਕ ਹਾਂ॥੩੮॥

## ਦੋਹਰਾ॥

### ਗਨਿਕਾ ਸਮ ਖਿਤ ਬਹੁ ਪਤੀ; ਪੁਨਾ ਸਰਬ ਕੀ ਜੂਠ॥

ਭਰਥਰੀ ਜੀ ਕਥਨ ਕਰਦੇ ਹਨ ਕਿ ਗਨਿਕਾ = ਵੇਸਵਾ ਸਮ = ਵਾਂਗ ਖਿਤ = ਧਰਤੀ ਬਹੁ = ਬਹੁਤੇ ਪਤੀ = ਖਸਮਾਂ ਵਾਲੀ ਹੈ, ਪੁਨਾ = ਫਿਰ ਉਨ੍ਹਾਂ ਸਰਬ = ਸਾਰਿਆਂ ਕੀ = ਦੀ ਭੋਗੀ ਹੋਣ ਕਰਕੇ ਜੂਠ = ਅਪਵਿੱਤਰ ਹੈ।

### ਤਾਂਹਿ ਭੋਗ ਕਰਿ ਭੂਪ ਸਠ; ਮੁਦਿਤਾ ਧਰੇ ਅਨੂਠ॥੩੯॥

ਤਾਂਹਿ = ਉਸ ਜੂਠੀ ਧਰਤੀ ਨੂੰ ਭੋਗ ਕਰਕੇ ਸਠ = ਮੂਰਖ ਭੂਪ = ਰਾਜੇ ਅਨੂਠ = ਅਨੋਖੀ ਹੀ ਮੁਦਿਤਾ = ਪ੍ਰਸੰਨਤਾ ਧਰੇ = ਧਾਰਨ ਕਰਦੇ ਹਨ॥੩੯॥

## ਦੋਹਰਾ ॥

## ਪਰਮ ਨਿੰਦਯਹਿ ਕਰਮ ਕਰਿ; ਪਸਚਾਤਾਪ ਕਰੇ ਨ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਪਰਮ = ਮਹਾਂ ਨਿੰਦਯਹਿ = ਨਿੰਦਨੇ ਯੋਗ ਕਰਮ ਕਰ ਕੇ ਵੀ ਪਸ਼ਚਾਤਾਪ ਨਹੀਂ ਕਰੇ = ਕਰਨਾ ਕਰਦੇ, ਬਲਕਿ :

## ਉਲਟੇ ਮਦ, ਮੁਦਿਤਾ ਧਰੇ; ਧਿਕ ਪੁਰਖਾਧਮ ਤੇਨ ॥੪੦॥

ਉਲਟੇ = ਉਲਟਾ ਮਦ = ਹੰਕਾਰ ਤੇ ਮੁਦਿਤਾ = ਪ੍ਰਸੰਨਤਾ ਨੂੰ ਧਰੇ = ਧਾਰਨ ਕਰਦੇ ਹਨ, ਤੇਨ = ਉਨ੍ਹਾਂ (ਪੁਰਖ + ਅਧਮ) ਅਧਮ = ਨੀਚ ਪੁਰਖਾਂ ਨੂੰ ਧਿਕ = ਧ੍ਰਿਕਾਰ ਹੈ ॥੪੦॥

## ਦੋਹਰਾ ॥

## ਪੁਨ ਧਿਕ ਧਿਕ ਤਿਹ ਨਰਨ ਕੋ; ਤਿਨੇ ਘਰਨ ਜੇ ਭਾਗ ॥

ਪੁਨ = ਫਿਰ ਤਿਹ = ਉਨ੍ਹਾਂ ਨਰਨ = ਪੁਰਖਾਂ ਨੂੰ ਮਨ ਕਰਕੇ ਵੀ ਧਿਕ = ਧ੍ਰਿਕਾਰ ਹੈ, ਬਾਣੀ ਕਰਕੇ ਵੀ ਧਿਕ = ਧ੍ਰਿਕਾਰ ਹੈ, ਜੇ = ਜਿਹੜੇ ਤਿਨੇ = ਉਨ੍ਹਾਂ ਰਾਜੇ ਲੋਕਾਂ ਦੇ ਘਰਨ = ਘਰਾਂ ਵਿਚ ਜਾਣਾ ਕਰਦੇ ਹਨ।

## ਨਮੋ ਕਰਨ ਤਨ ਭਰਨ ਹਿਤ;
## ਸਰਨ ਵਿਸ਼ੂੰਭਰ ਤਿਆਗ ॥੪੧॥

ਅਤੇ ਵਿਸ਼ੂੰਭਰ = ਜਗਤ ਨੂੰ ਭਰਣ (ਪਾਲਣ) ਵਾਲੇ ਪਰਮੇਸ਼ਰ ਦੀ ਸ਼ਰਣ ਤਿਆਗ = ਛੱਡ ਕਰਕੇ ਆਪਣੇ ਤਨ = ਸਰੀਰ ਦੇ ਪੇਟ ਨੂੰ ਭਰਨ ਹਿਤ = ਵਾਸਤੇ ਉਨ੍ਹਾਂ ਨੂੰ ਨਮੋ = ਨਮਸਕਾਰਾਂ ਕਰਦੇ ਹਨ ॥੪੦॥

## ਸ੍ਵੈਯਾ ॥

## ਸੁਚ ਗੰਗ ਤਰੰਗ ਕੀ ਬੂੰਦ ਕਣੀ ਕਰ;
## ਸੀਤਲ ਚਾਰੁ ਹਿਮਾਚਲ ਕੀ ਸਿਲ ॥

ਜੋ ਸੁਚ = ਪਵਿੱਤਰ ਗੰਗਾ ਦੇ ਤਰੰਗ = ਲਹਿਰਾਂ ਕੀ = ਦੀਆਂ ਬੂੰਦ ਕਣੀ = ਜਲ ਬੂੰਦਾਂ ਕਰ = ਨਾਲ ਸੀਤਲ = ਠੰਢੀ ਹੋਈ ਚਾਰੁ = ਸੁੰਦਰ ਹਿਮਾਚਲ = ਹਿਮਾਲਯ ਪਰਬਤ ਕੀ = ਦੀ ਸਿਲਾ ਹੈ।

## ਇਹ ਫੂਲ ਫਲਾਦਿ ਉਪਾਨ ਧਰੇ;
## ਸ਼ਿਵ ਕੋ ਨਿਤ ਪੂਜਤਿ ਦੇਵ ਬਧੂ ਮਿਲ ॥

ਜਿਥੇ ਇਹ ਫੁੱਲਾਂ ਤੇ ਫਲਾਦਿ = ਫਲ ਆਦਿਕ ਉਪਾਨ = ਭੇਟਾ ਦੇ ਰੂਪ ਵਿਚ ਧਰੇ = ਰੱਖ ਕੇ ਦੇਵ ਬਧੂ = ਇਸਤਰੀਆਂ ਆਪਸ ਵਿਚ ਮਿਲ ਕਰਕੇ ਸ਼ਿਵਜੀ ਕੋ = ਦਾ ਨਿਤ = ਹਰ ਰੋਜ਼ ਹੀ ਪੂਜਤਿ = ਪੂਜਣ ਕਰਦੀਆਂ ਹਨ।

## ਪਰ ਭੋਜਨ ਮੇਂ ਨਿਜ ਜੋ ਜਨ ਦੇ ਦਿਲ;
## ਤਾ ਗਿਰ ਕੋ ਕਤ ਕਾਲ ਲਯੋ ਗਿਲ॥

ਕਤ = ਕੀ ਹੁਣ ਤਾ = ਉਸ ਗਿਰ = ਪਹਾੜ ਕੋ = ਨੂੰ ਕਾਲ ਨੇ ਗਿਲ = ਨਿਗਲ ਭਯੋ = ਲਿਆ ਹੈ ? ਜੋ ਭੋਜਨ ਦੇ ਵਾਸਤੇ ਜਨ = ਪੁਰਸ਼ਾਂ ਨੇ ਨਿਜ = ਆਪਣਾ ਦਿਲ ਪਰ = ਪਰਾਏ ਰਾਜੇ ਲੋਕਾਂ ਨੂੰ ਦੇ ਦਿੱਤਾ ਹੈ ਅਤੇ :

## ਅਪਮਾਨ ਸਹੀ, ਅਪਮਾਨ ਸਹੀ ਵਿਧ;
## ਧੀਰ ਸਹੀ ਨ੍ਰਿਪ ਧਾਮ ਅਹੀ ਬਿਲ॥

ਫਿਰ ਅਪਮਾਨ = ਨਿਰਾਦਰ ਸਹੀ = ਸਹਾਰਨਾ ਕਰਦੇ ਹਨ, ਇਸ ਵਿਧ = ਢੰਗ ਨਾਲ ਸਹੀ = ਨਿਸ਼ਚੇ ਕਰਕੇ ਉਹ ਅਪਮਾਨ = ਨਿਰਾਦਰ ਕਰਾਉਣ ਵਾਲੇ ਨੀਚ ਪੁਰਸ਼ ਹਨ, ਕਿਉਂਕਿ ਧੀਰ = ਧੀਰਜਵਾਨ ਵਿਦਵਾਨ ਮਹਾਂਪੁਰਸ਼ਾਂ ਨੇ ਇਹ ਸਹੀ = ਨਿਸ਼ਚਾ ਕਰ ਲਿਆ ਹੈ ਕਿ ਨ੍ਰਿਪ = ਰਾਜਿਆਂ ਦਾ ਧਾਮ = ਘਰ ਅਹੀ = ਸਪਨੀ ਦੀ ਬਿਲ = ਖੁੱਡ ਦੇ ਸਮਾਨ ਹੈ ਭਾਵ ਮੌਤ ਦਾ ਹੀ ਕਾਰਨ ਹੈ॥੪੩॥

## ਪ੍ਰਤਿ ਕਾਨਨ ਬ੍ਰਿਛਨ ਤੇ ਮਨ ਬਾਂਛਤ;
## ਲਾਭ ਸੁਖੈਨ ਫਲਾਦਿ ਅਪਾਰਾ॥

ਪ੍ਰਤਿ = ਹਰ ਇਕ ਕਾਨਨ = ਜੰਗਲਾਂ ਦੇ ਬ੍ਰਿਛਨ = ਬ੍ਰਿਛਾਂ 'ਤੇ ਮਨ ਬਾਂਛਤ = ਮਨ-ਭਾਉਂਦੇ ਅਪਾਰਾ = ਬੇਅੰਤ ਹੀ ਫਲਾਦਿ = ਫਲ ਆਦਿਕ ਬਹੁਤ ਸੁਖੈਨ = ਸੌਖੇ ਢੰਗ ਨਾਲ ਲਾਭ = ਪ੍ਰਾਪਤ ਹੋ ਜਾਂਦੇ ਹਨ।

## ਸਰਤਾ ਕੇ ਸਥਾਨ ਸਥਾਨ ਵਿਖੇ ਸੁਚ;
## ਸੀਤਲ, ਮਿਸਟ, ਮਿਲੇ ਬਹੁ ਬਾਰਾ॥

ਜਿਥੇ ਸਰਤਾ = ਨਦੀਆਂ ਕੇ = ਦੇ ਸਥਾਨ ਸਥਾਨ ਭਾਵ ਕੰਢੇ-ਕੰਢੇ ਵਿਖੇ = ਵਿੱਚੋਂ ਸੁਚ = ਪਵਿੱਤਰ, ਸੀਤਲ = ਠੰਢੇ, ਮਿਸਟ = ਮਿੱਠਾ ਬਾਰਾ = ਜਲ ਬਹੁ = ਬਹੁਤ ਪ੍ਰਾਪਤ ਹੋ ਜਾਂਦਾ ਹੈ।

## ਜਲ ਪਤ੍ਰਵਤੀ ਮ੍ਰਿਦ ਸਾ ਪਰ ਸੀਤਲ;
## ਪਾਦਿਕੇ ਹੋਵਤ, ਭੂਪਨ ਦਵਾਰਾ॥

ਜਲ = ਪਾਣੀ ਦੇ ਕਿਨਾਰੇ ਪਤ੍ਰਵਤੀ = ਪੱਤਰਾਂ ਵਾਲੀ, ਮ੍ਰਿਦ = ਕੋਮਲ ਤੇ ਸੀਤਲ = ਠੰਢੀ ਸਪਰਸ਼ਤਾ ਵਾਲੀ ਸਾ = ਉਸ ਧਰਤੀ ਰੂਪ ਪਾਦਿਕੇ = ਸੇਜਾ ਦੇ ਹੋਵਤ = ਹੁੰਦਿਆਂ ਪਰ ਭੂਪਨ = ਰਾਜਿਆਂ ਦੇ ਦਵਾਰਾ = ਦੁਆਰਿਆਂ 'ਤੇ ਕੌਣ ਜਾਂਦਾ ਹੈ ?

## ਸਠ ਕੇ ਮਤਿ ਮਾਨ, ਮਹਾਂ ਭਟਕੇ;
## ਮਤਿਮਾਨ ਤਹਾਂ ਕਤ ਹੋਵਤ ਖਵਾਰਾ॥੪੩॥

ਮਤਿ = ਬੁੱਧੀ ਦੇ ਸਠ = ਮੂਰਖ ਤੇ ਮਾਨ = ਹੰਕਾਰੀ ਪੁਰਸ਼ ਮਹਾਂ = ਬਹੁਤਾ ਭਟਕਦੇ ਹਨ, ਪਰ ਜੋ

ਮਤਿਮਾਨ = ਬੁੱਧੀਵਾਨ ਪੁਰਸ਼ ਹਨ, ਉਹ ਤਹਾਂ = ਉਥੇ ਕਤ = ਕਿਉਂ ਖਵਾਰਾ = ਖ਼ੁਆਰ ਹੋਣਗੇ ? ਭਾਵ ਨਹੀਂ ਹੋਣਗੇ ॥੪੩॥

## ਕਬਿੱਤ ॥

## ਕੰਦਰਾ ਤੇ ਕੰਦ ਮੂਲ, ਕਹਾ ਨਿਰਮੂਲ ਭਏ;
## ਵਾਰਿ ਵਾਰੈ ਨਗ ਕਿਧੋ ਦੇ ਹੈ ਨ ਬਨ ਕੋ ॥

ਕੀ ਪਹਾੜਾਂ ਵਿੱਚੋਂ ਕੰਦਰਾਂ ਅਤੇ ਬਨ = ਜੰਗਲਾਂ ਵਿੱਚੋਂ ਕੰਦ ਮੂਲ ਕਹਾਂ = ਕਿਤੇ ਨਿਰਮੂਲ = ਜੜ੍ਹ ਤੋਂ ਰਹਿਤ ਹੋ ਗਏ ਹਨ ਭਾਵ ਪਹਾੜਾਂ ਵਿਚ ਵੱਸਣ ਲਈ ਕੰਦਰਾਂ ਅਤੇ ਜੰਗਲਾਂ ਵਿਚ ਖਾਣ ਵਾਸਤੇ ਕੰਦ ਮੂਲ ਨਹੀਂ ਰਹੇ ਹਨ ? ਅਤੇ ਵਾਰਿ = ਪਾਣੀ ਵਾਰੈ = ਵਾਲੇ ਨਗ = ਪਹਾੜ ਕਿਧੋਂ = ਕਿਧਰੇ ਬਨ = ਪਾਣੀ ਕੋ = ਨੂੰ ਨਹੀਂ ਦੇਂਦੇ ਹਨ ? **ਅਥਵਾ** ਜਿਨ੍ਹਾਂ ਪਹਾੜਾਂ ਵਿੱਚੋਂ ਪਾਣੀ ਦੇ ਝਰਨੇ ਵਗਦੇ ਸਨ, ਕੀ ਉਹ ਸੁੱਕ ਗਏ ਹਨ, ਜੋ ਪਹਾੜਾਂ ਤੋਂ ਪੀਣ ਵਾਸਤੇ ਪਾਣੀ ਨਹੀਂ ਮਿਲ ਰਿਹਾ।

## ਮੀਠੇ ਫਲੋਂ ਵਾਰੀ ਡਾਰੀ ਤਰੋਂ ਕੀ ਨ ਫਲ ਦੇਤ;
## ਕਿਧੋ ਦਰੁਮ ਦੇਤ ਹੈ ਨ ਵਲਕਲ ਜਨ ਕੋ ॥

ਕੀ ਹੁਣ ਮੀਠੇ ਫਲੋਂ = ਫਲਾਂ ਵਾਰੀ = ਵਾਲੀਆਂ ਤਰੋਂ = ਬ੍ਰਿਛਾਂ ਦੀਆਂ ਡਾਰੀ = ਟਾਹਣੀਆਂ ਫਲ ਨਹੀਂ ਦੇਤ = ਦੇਂਦੀਆਂ ਹਨ ? ਅਤੇ ਕਿਧੋਂ = ਕਿਧਰੇ ਹੁਣ ਜਨ ਕੋ = ਪੁਰਸ਼ਾਂ ਨੂੰ ਦਰੁਮ = ਬ੍ਰਿਛ ਆਪਣੀ ਵਲਕਲ = ਛਿੱਲ ਨਹੀਂ ਦੇਤ = ਦੇਂਦਾ ਹੈ ?

## ਦੁਖ ਸੋਂ ਮਨਾਕ ਧਨ ਸਾਧ ਕੈ ਮਦਾਂਧ ਭਏ;
## ਮਦ ਬਿਆਰਿ ਸਾਥ ਜੋ ਭ੍ਰਮਾਵੇ ਭੂਲ ਤਨ ਕੋ ॥

ਜੋ = ਜਿਹੜੇ ਪੁਰਖ ਦੁਖ ਦੇ ਸੋਂ = ਨਾਲ ਮਨਾਕ = ਥੋੜ੍ਹਾ ਜਿਹਾ ਕੁ ਧਨ ਸਾਧ ਕੈ = ਇਕੱਠਾ ਕਰ ਕੇ (ਮਦ + ਅੰਧ) ਮਦ = ਹੰਕਾਰ ਵਿਚ ਅੰਧ = ਅੰਨ੍ਹੇ ਭਏ = ਹੋਏ ਹਨ, ਉਸ ਮਦ = ਹੰਕਾਰ ਰੂਪੀ ਬਿਆਰਿ = ਹਵਾ ਦੇ ਸਾਥ = ਨਾਲ ਆਪਣੇ ਭੂਲ ਤਨ = ਭਰਵੱਟਿਆਂ ਕੋ = ਨੂੰ ਭ੍ਰਮਾਵੇ = ਫੇਰਨਾ ਕਰਦਾ ਹੈ **ਅਥਵਾ** ਜਿਨ੍ਹਾਂ ਨੇ ਅਨੇਕਾਂ ਪ੍ਰਕਾਰ ਦੇ ਦੁੱਖ ਉਠਾ ਕਰਕੇ ਥੋੜ੍ਹਾ ਬਹੁਤ ਧਨ ਪ੍ਰਾਪਤ ਕਰ ਲਿਆ ਹੈ, ਉਹ ਉਸ ਧਨ ਦੇ ਹੰਕਾਰ ਕਰਕੇ ਧਰਮ ਤੋਂ ਬੇਮੁੱਖ ਹੋ ਰਹੇ ਹਨ ਤੇ ਅੱਖਾਂ ਚੜ੍ਹਾ ਕੇ ਰੱਖਦੇ ਹਨ, ਇਉਂ ਹੰਕਾਰ ਵਿਚ ਫਿਰਦੇ ਹਨ।

## ਖਲੋਂ ਕੇ ਕੁਮੁਖੋਂ ਕੋ ਸਬਲ ਸੋ ਪੁਰਸ਼ ਪੇਖੇ;
## ਅਹੋ ਕੈਸੇ ਤਜੇ ਐਸੇ ਬਨ ਚਿੰਤਾਮਨ ਕੋ ॥੪੪॥

ਅਹੋ = ਅਸਚਰਜਤਾ ਵਾਲੀ ਗੱਲ ਕਿ ਜੋ ਪੁਰਸ਼ ਵਿੱਦਿਆ ਰੂਪੀ ਸਬਲ = ਬਲ ਦੇ ਸਹਿਤ ਹਨ, ਸੋ = ਉਹ ਕੁਮੁਖੋਂ = ਖੋਟੇ ਮੂੰਹ ਵਾਲੇ ਖਲੋਂ = ਮੂਰਖ ਰਾਜਿਆਂ ਦੇ ਵੱਲ ਕਿਸ ਪ੍ਰਕਾਰ ਪੇਖੇ = ਵੇਖਣ ਲੱਗ ਪਏ ਹਨ ਅਤੇ ਉਨ੍ਹਾਂ ਨੇ ਚਿੰਤਾਮਣੀ ਰੂਪ ਬਨ = ਜੰਗਲ ਨੂੰ ਕੈਸੇ = ਕਿਸ ਪ੍ਰਕਾਰ ਤਜੇ = ਤਿਆਗ ਦਿੱਤਾ ਹੈ,

ਜਿਥੇ ਸਭ ਕੁਝ ਪ੍ਰਾਪਤ ਹੁੰਦਾ ਹੈ ਭਾਵ ਵਿੱਦਿਆ ਰੂਪ ਬਲ ਵਾਲਾ ਪੁਰਸ਼ ਹਰ ਪ੍ਰਕਾਰ ਦੀ ਇੱਛਾ ਪੂਰੀ ਕਰਨ ਵਾਲੇ ਬਨ ਨੂੰ ਤਿਆਗ ਕਰਕੇ, ਰਾਜਿਆਂ ਦੇ ਘਰ ਵੱਲ ਕਿਵੇਂ ਵੇਖਣ ਲੱਗ ਪਿਆ ਹੈ, ਇਸ ਗੱਲ ਦੀ ਹੀ ਹੈਰਾਨੀ ਹੈ ॥੪੪॥

## ਦੋਹਰਾ ॥

## ਵਲਿਓ ਜਲਧਿ ਜਲ ਰੇਖ ਕਰ;
## ਯਹ ਖਿਤ ਮ੍ਰਿਤਕਾ ਪਿੰਡ ॥

ਜੋ ਯਹ = ਇਹ ਖਿਤ = ਧਰਤੀ ਰੂਪ ਮ੍ਰਿਤਕਾ = ਮਿੱਟੀ ਦਾ ਪਿੰਡ = ਗੋਲਾ ਹੈ, ਇਹ ਜਲਧਿ = ਸਮੁੰਦਰ ਦੇ ਜਲ = ਪਾਣੀ ਦੀ ਰੇਖ = ਲਕੀਰ ਕਰ = ਨਾਲ ਵਲਿਓ = ਵਲਿਆ ਭਾਵ ਘਿਰਿਆ ਹੋਇਆ ਹੈ।

## ਭੋਗਤ ਤਾਕੋ ਭੂਪ ਗਣ; ਕਰ ਬਹੁ ਸਮਰ ਪ੍ਰਚੰਡ ॥੪੫॥

ਤਾਕੋ = ਉਸ ਧਰਤੀ ਨੂੰ ਗਣ = ਬਹੁਤ ਸਾਰੇ ਭੂਪ = ਰਾਜੇ ਲੋਕ ਭੋਗਤ = ਭੋਗਣਾ ਕਰਦੇ ਹਨ ਅਤੇ ਆਪਸ ਵਿਚ ਬਹੁ = ਬਹੁਤ ਪ੍ਰਚੰਡ = ਤਿੱਖਾ ਸਮਰ = ਯੁੱਧ ਕਰਨਾ ਕਰਦੇ ਹਨ ॥੪੫॥

## ਦੋਹਰਾ ॥

## ਖੰਡ ਖੰਡ ਕਰਿ ਅਰਿਨ ਕੋ; ਪਿੰਡ ਸਰਨ ਕੇ ਸੰਗ ॥

ਫਿਰ ਸਰਨ = ਤੀਰਾਂ ਕੇ = ਦੇ ਸੰਗ = ਨਾਲ ਅਰਿਨ = ਦੁਸ਼ਮਣਾਂ ਕੇ = ਦੇ ਪਿੰਡ = ਸਰੀਰਾਂ ਦੇ ਖੰਡ ਖੰਡ = ਟੁਕੜੇ ਟੁਕੜੇ ਕਰ ਕੇ :

## ਵੰਡ ਵੰਡ ਕਰ ਧਰਨਿ ਸਭ; ਭੋਗਤ ਭੂਪ ਉਮੰਗ ॥੪੬॥

ਸਭ = ਸਾਰੀ ਧਰਨਿ = ਧਰਤੀ ਨੂੰ ਆਪਸ ਵਿਚ ਵੰਡ-ਵੰਡ ਕੇ ਭੂਪ = ਰਾਜੇ ਉਮੰਗ = ਉਤਸ਼ਾਹ ਦੇ ਨਾਲ ਫਿਰ ਉਸ ਨੂੰ ਭੋਗਤ = ਭੋਗਣਾ ਕਰਦੇ ਹਨ ॥੪੬॥

## ਦੋਹਰਾ ॥

## ਦਰਬ ਗਰਬ ਕਰ ਅੰਧ ਮਨ; ਕ੍ਰਿਪਣ ਦਰਿਦ੍ਰੀ ਛੁਦ੍ਰ ॥

ਐਸੇ ਰਾਜੇ ਲੋਕਾਂ ਦੇ ਮਨ ਦਰਬ = ਧਨ ਦੇ ਗਰਬ = ਹੰਕਾਰ ਕਰਕੇ ਅੰਧ = ਅੰਨ੍ਹੇ ਹਨ, ਉਹ ਕ੍ਰਿਪਣ = ਕੰਜੂਸ, ਦਰਿੱਦਰੀ ਤੇ ਛੁਦ੍ਰ = ਨੀਚ ਹਨ।

## ਕੁਟਲ ਕੁਮਗ ਗਾਮੀ ਅਧਮ; ਕਾਮੀ ਦੁਖ ਸਮੁੰਦ੍ਰ ॥੪੭॥

ਉਹ ਕੁਟਲ = ਟੇਢੇ ਮਨ ਵਾਲੇ **ਵਾ:** ਕੁਟਲ = ਕਪਟੀ, ਕੁਮਗ = ਖੋਟੇ ਰਸਤਿਆਂ 'ਤੇ ਗਾਮੀ = ਜਾਣ ਵਾਲੇ, ਅਧਮ = ਨੀਚ ਤੇ ਕਾਮੀ ਪੁਰਸ਼ ਦੁੱਖਾਂ ਦਾ ਸਮੁੰਦਰ ਹੀ ਹਨ ॥੪੭॥

## ਦੋਹਰਾ ॥

## ਤਜ ਕੇ ਨਿਜ ਮਤਿ ਮਾਨ ਕੋ; ਜੇ ਮਤਿ ਮਾਨ ਪ੍ਰਮਾਨ ॥

ਜੇ = ਜਿਹੜੇ ਮਤਿ ਮਾਨ = ਬੁੱਧੀਵਾਨ ਪ੍ਰਮਾਨ = ਪੁਰਸ਼ ਨਿਜ = ਆਪਣੀ ਮਤਿ = ਬੁੱਧੀ ਤੇ ਮਾਨ = ਇੱਜ਼ਤ ਨੂੰ ਤਜ ਕੇ = ਤਿਆਗ ਕਰਕੇ :

## ਧਨ ਕਾ ਕਨਕਾ ਬਾਂਛਤੇ; ਤਾਂਤੇ ਧਿਕ ਧਿਕ ਤਾਨ ॥੪੮॥

ਜੋ ਤਾਂਤੇ = ਉਨ੍ਹਾਂ ਰਾਜੇ ਲੋਕਾਂ ਪਾਸੋਂ ਧਨ ਕਾ = ਦਾ ਇਕ ਕਿਨਕਾ ਬਾਂਛਤੇ = ਚਾਹੁੰਦੇ ਹਨ, ਭਰਥਰੀ ਜੀ ਕਥਨ ਕਰਦੇ ਹਨ ਕਿ ਤਾਨ = ਉਨ੍ਹਾਂ ਨੂੰ ਮਨ ਕਰਕੇ ਵੀ ਧਿਕ = ਧ੍ਰਿਕਾਰ ਹੈ ਅਤੇ ਬਾਣੀ ਕਰਕੇ ਵੀ ਧਿਕ = ਧ੍ਰਿਕਾਰ ਹੈ ॥੪੮॥

## ਦੋਹਰਾ ॥

## ਸੂਮ ਧਨੀ ਧਨ ਕੀ ਕਨੀ; ਦੇਹ ਕਿਧੌਂ ਨਹਿ ਦੇਹ ॥

ਜਿਹੜਾ ਪੁਰਸ਼ ਧਨੀ = ਧਨਵਾਨ ਹੁੰਦਾ ਹੋਇਆ ਵੀ ਸੂਮ = ਕੰਜੂਸ ਹੈ, ਇਹ ਨਹੀਂ ਪਤਾ ਕਿ ਉਹ ਮੰਗਿਆਂ ਧਨ ਕੀ = ਦੀ ਇਕ ਕਨੀ ਵੀ ਦੇਹ = ਦੇਵੇਗਾ ਕਿਧੌਂ = ਜਾਂ ਨਹੀਂ ਦੇਹ = ਦੇਵੇਗਾ।

## ਬੁਧੀਮਾਨ ਕੀ ਬੁਧਿ ਕੋ; ਮਾਨ ਸਹਿਤ ਹਰ ਲੇਹ ॥੪੯॥

ਪਰੰਤੂ ਬੁੱਧੀਵਾਨ ਪੁਰਸ਼ ਕੀ = ਦੀ ਬੁਧਿ = ਅਕਲ ਕੋ = ਨੂੰ ਮਾਨ ਦੇ ਸਹਿਤ ਜ਼ਰੂਰ ਹੀ ਹਰ = ਚੁਰਾ ਲੇਹ = ਲੈਂਦਾ ਹੈ ਭਾਵ ਨਾਸ਼ ਕਰ ਦੇਂਦਾ ਹੈ।

## ਦੋਹਰਾ ॥

## ਦਾਮ ਮਾਤ੍ਰ ਨ ਦਦਾਮਿ ਧਨ; ਕਰਹਿ ਨਿੰਦ ਅਪਮਾਨ ॥

ਸੂਮ ਪੁਰਸ਼ ਦਾਮ = ਦਮੜਾ ਮਾਤਰ ਵੀ ਕਿਸੇ ਗ਼ਰੀਬ ਨੂੰ ਧਨ ਨਹੀਂ ਦਦਾਮਿ = ਦੇਂਦਾ ਹੈ, ਬਲਕਿ ਉਸ ਦੀ ਨਿੰਦਿਆ ਤੇ ਅਪਮਾਨ = ਨਿਰਾਦਰ ਕਰਦਾ ਹੈ।

## ਪੁਰਖ ਪਤਿਸ਼ਠਾ ਹਾਨ ਕੋ; ਜੀਵਨ ਮ੍ਰਿਤਕ ਸਮਾਨ ॥੫੦॥

ਕਿਉਂਕਿ ਜਿਸ ਪੁਰਖ ਦੀ ਪਤਿਸ਼ਠਾ = ਇੱਜ਼ਤ ਹੀ ਹਾਨ = ਨਾਸ਼ ਹੋ ਜਾਵੇ ਤਾਂ ਉਸ ਦਾ ਜੋ ਜੀਵਨ = ਜਿਊਣਾ ਹੈ, ਉਹ ਮ੍ਰਿਤਕ = ਮੌਤ ਦੇ ਸਮਾਨ = ਬਰਾਬਰ ਹੀ ਹੈ ॥੫੦॥

## ਹਰ ਕੇ ਘਰ ਕੇ ਭੋਗ ਕੋ; ਤ੍ਰਿਪਤਹਿ ਨ੍ਰਿਪਨ ਨਿਕੇਤ ॥

ਜਿਹੜੇ ਪੁਰਸ਼ ਆਪਣੇ ਘਰ ਕੇ = ਦੇ ਭੋਗ ਪਦਾਰਥਾਂ ਕੋ = ਨੂੰ ਹਰ ਕੇ = ਤਿਆਗ ਕੇ ਤਿਆਗੀ ਬਣੇ ਹੋਏ ਹਨ ਅਤੇ ਫਿਰ ਆਪਣੇ ਮਨ ਦੀ ਤ੍ਰਿਪਤਹਿ = ਤ੍ਰਿਪਤੀ ਵਾਸਤੇ ਨ੍ਰਿਪਨ = ਰਾਜਿਆਂ ਦੇ ਨਿਕੇਤ = ਘਰ ਜਾ ਕਰਕੇ ਪਦਾਰਥਾਂ ਨੂੰ ਭੋਗਣਾ ਕਰਦੇ ਹਨ।

## ਭੋਗ ਪ੍ਰੇਤ ਕਰਿ ਇਉਂ ਗ੍ਰਸੇ; ਸਸੀ ਰਾਹੁ, ਰਵਿ ਕੇਤ ॥੫੧॥

ਉਹ ਭੋਗਾਂ ਰੂਪ ਪ੍ਰੇਤਾਂ ਕਰਕੇ ਇਉਂ = ਇਸ ਪ੍ਰਕਾਰ ਗ੍ਰਸੇ ਹੋਏ ਹਨ, ਜਿਵੇਂ ਸਸੀ = ਚੰਦਰਮਾ ਨੂੰ ਰਾਹੂ ਤੇ ਰਵਿ = ਸੂਰਜ ਨੂੰ ਕੇਤੂ ਗ੍ਰਸਣਾ ਕਰਦਾ ਹੈ॥੫੧॥

### ਰਾਹੂ ਕੇਤੂ

ਪੁਰਾਣਾਂ ਅਨੁਸਾਰ ਸਿੰਹਿਕਾ ਦੇ ਉਦਰ ਤੋਂ ਵਿਪ੍ਰਚਿੱਤਿ ਦਾਨਵ ਦਾ ਪੁੱਤਰ, ਜਿਸ ਦੀਆਂ ਚਾਰ ਬਾਹਾਂ ਅਤੇ ਹੇਠਲਾ ਧੜ ਮੱਛ ਦੀ ਪੂਛ ਜਿਹਾ ਹੈ, ਜਦ ਸਮੁੰਦਰ ਰਿੜਕ ਕੇ ਰਤਨ ਕੱਢੇ, ਤਦ ਇਹ ਰੂਪ ਵਟਾ ਕੇ ਦੇਵਤਿਆਂ ਦੀ ਪੰਗਤ ਵਿਚ ਜਾ ਕੇ ਬੈਠ ਗਿਆ ਅਤੇ ਅੰਮ੍ਰਿਤ ਦਾ ਵਰਤਾਰਾ ਲੈ ਕੇ ਪੀ ਗਿਆ। ਸੂਰਜ ਅਤੇ ਚੰਦਰਮਾ ਨੇ ਇਸ ਨੂੰ ਪਛਾਣ ਕੇ ਵਿਸ਼ਨੂੰ ਜੀ ਨੂੰ ਦੱਸਣਾ ਕੀਤਾ, ਫਿਰ ਵਿਸ਼ਨੂੰ ਜੀ ਨੇ ਇਸ ਦਾ ਸਿਰ ਅਤੇ ਦੋ ਬਾਹਾਂ ਵੱਢ ਦਿੱਤੀਆਂ, ਪਰ ਇਹ ਅੰਮ੍ਰਿਤ ਪੀ ਕੇ ਅਮਰ ਹੋ ਗਿਆ ਸੀ, ਇਸ ਲਈ ਦੋ ਸਰੀਰ ਬਣ ਗਏ **ਅਥਵਾ** ਰਾਹੂ ਅਤੇ ਕੇਤੂ। ਇਉਂ ਪੁਰਾਣਾ ਵੈਰ ਚਿਤਾਰ ਕੇ ਇਹ ਚੰਦਰਮਾ ਅਤੇ ਸੂਰਜ ਨੂੰ ਗ੍ਰਸਦੇ ਹਨ, ਜਿਸ ਤੋਂ ਗ੍ਰਹਿਣ ਲੱਗਦਾ ਹੈ ਅਤੇ ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਅੱਠ ਕਾਲੇ ਘੋੜੇ ਰਾਹੂ ਦੇ ਰੱਥ ਨੂੰ ਖਿੱਚਦੇ ਹਨ।

## ਦੋਹਰਾ ॥

## ਸੰਚਤ ਅਰਥ ਅਨਰਥ ਕਰਿ; ਭੋਗਤ ਸਾਧ ਜੁ ਤਾਸ ॥

ਜਿਸ ਨੇ ਅਨੇਕਾਂ ਤਰ੍ਹਾਂ ਦੇ ਅਨਰਥ = ਪਾਪ ਕਰ ਕੇ ਅਰਥ = ਧਨ ਨੂੰ ਸੰਚਤ = ਇਕੱਤਰ ਕੀਤਾ ਹੈ, ਜੁ = ਜਿਹੜਾ ਸਾਧ = ਸਾਧੂ ਤਾਸ = ਉਸ ਦੇ ਧਨ ਨੂੰ ਭੋਗਤ = ਭੋਗਣਾ ਕਰਦਾ ਹੈ।

## ਲੇਤ ਪਾਪ ਸਭਿ ਆਪ ਤਹਿ; ਦੇਤ ਪੁੰਨ ਨਿਜ ਰਾਸ ॥੫੨॥

ਉਹ ਸਾਧੂ ਤਹਿ = ਉਸ ਦੇ ਕੀਤੇ ਹੋਏ ਪਾਪ ਆਪ ਲੇਤ = ਲੈ ਲੈਂਦਾ ਹੈ ਅਤੇ ਉਸ ਨੂੰ ਨਿਜ = ਆਪਣੇ ਪੁੰਨਾਂ ਦੀ ਰਾਸ = ਪੂੰਜੀ ਦੇਤ = ਦੇ ਦਿੰਦਾ ਹੈ॥੫੨॥

## ਦੋਹਰਾ ॥

## ਭੂਪਨ ਸਮ ਭੂਪਨ ਕੇ; ਭੋਗਤ ਭੋਗ ਜੁ ਸਾਧ ॥

ਜੁ = ਜਿਹੜਾ ਸਾਧੂ ਭੂਪਨ = ਰਾਜਿਆਂ ਦੇ ਸਮ = ਸਮਾਨ ਹੋ ਕਰਕੇ ਭੂਪਨ = ਰਾਜਿਆਂ ਕੇ = ਦੇ ਭੋਗ ਪਦਾਰਥਾਂ ਨੂੰ ਭੋਗਤ = ਭੋਗਣਾ ਕਰਦਾ ਹੈ।

## ਸੋ ਤਦ ਵਤ ਦੁਰਗਤਿ ਗਹੇ; ਸਮ ਦਮਾਦਿ ਕਰ ਬਾਧ ॥੫੩॥

ਉਹ ਆਪਣੇ ਸਮ ਦਮਾਦਿ = ਸਮ ਦਮ ਆਦਿ ਸ਼ੁਭ ਗੁਣ ਬਾਧ = ਨਾਸ਼ ਕਰ ਕੇ ਤਦ = ਤਦੋਂ ਫੇਰ ਸੋ = ਉਨ੍ਹਾਂ ਰਾਜਿਆਂ ਵਤ = ਵਾਂਗ ਦੁਰਗਤੀ ਨੂੰ ਗਹੇ = ਗ੍ਰਹਿਣ ਕਰਦਾ ਹੈ ਭਾਵ ਜਿਵੇਂ ਤਪੋਂ ਰਾਜ ਤੇ ਰਾਜੋਂ ਨਰਕ ਪ੍ਰਾਪਤ ਹੁੰਦਾ ਹੈ, ਇਸੇ ਪ੍ਰਕਾਰ ਉਹ ਸਾਧੂ ਵੀ ਆਪਣੇ ਸ਼ੁਭ ਗੁਣ ਨਾਸ਼ ਕਰ ਕੇ ਨਰਕਾਂ ਵਿਚ ਜਾ ਕੇ ਡਿੱਗਦਾ ਹੈ ਅਤੇ ਅਨੇਕਾਂ ਹੀ ਦੁੱਖ ਸਹਾਰਦਾ ਹੈ॥੫੩॥

## ਦੋਹਰਾ ॥

## ਇਤ ਨਿੰਦਾ ਉਤ ਮੰਦ ਗਤਿ; ਤਾਸ ਭ੍ਰਿਸਟ ਬਿਬ ਲੋਕ ॥

ਫਿਰ ਉਸ ਦੀ ਇਤ = ਇਸ ਲੋਕ ਵਿਚ ਨਿੰਦਾ = ਨਿੰਦਿਆ ਹੁੰਦੀ ਹੈ ਅਤੇ ਉਤ = ਉਸ ਲੋਕ ਭਾਵ ਪ੍ਰਲੋਕ ਵਿਚ ਮੰਦ ਗਤਿ = ਭੈੜੀ ਦਸ਼ਾ ਹੁੰਦੀ ਹੈ, ਇਉਂ ਤਾਸ = ਉਸ ਨੂੰ ਬਿਬ = ਦੋਵੇਂ ਲੋਕਾਂ ਵਿਚ ਭ੍ਰਿਸ਼ਟ = ਪਾਪੀ ਕਰਕੇ ਦੇਖਿਆ ਜਾਂਦਾ ਹੈ।

## ਜੁਰ ਵਤ ਕੋ ਘ੍ਰਿਤ ਵਤ ਹਤੇ; ਸ਼ੁਭ ਕੋ ਨ੍ਰਿਪ ਕੋ ਓਕ ॥੫੪॥

ਜਿਸ ਪ੍ਰਕਾਰ ਜੁਰ = ਤਾਪ (ਬੁਖ਼ਾਰ) ਵਤ = ਵਾਲੇ ਪੁਰਸ਼ ਕੋ = ਨੂੰ ਘ੍ਰਿਤ = ਘਿਉ ਵਤ = ਵਾਲਾ ਪਦਾਰਥ ਹਤੇ = ਨਾਸ਼ ਕਰ ਦੇਂਦਾ ਹੈ, ਇਸ ਪ੍ਰਕਾਰ ਸ਼ੁਭ ਗੁਣਾਂ ਵਾਲੇ ਪੁਰਸ਼ ਕੋ = ਨੂੰ ਨ੍ਰਿਪ = ਰਾਜੇ ਕੋ = ਦਾ ਓਕ = ਘਰ ਨਾਸ਼ ਕਰ ਦੇਂਦਾ ਹੈ ਭਾਵ ਉਸ ਦੇ ਦੋਵੇਂ ਲੋਕ ਵਿਗਾੜ ਦੇਂਦਾ ਹੈ ॥੫੪॥

## ਸੋਰਠਾ ॥

## ਦੁਗਧ ਸਾਧ ਮਨ ਮਾਂਹਿ; ਰਾਜ ਅੰਸ ਕਾਂਜੀ ਮਿਲੇ ॥

ਜਿਵੇਂ ਜੇਕਰ ਦੁਗਧ = ਦੁੱਧ ਵਿਚ ਕਾਂਜੀ ਮਿਲੇ = ਮਿਲ ਜਾਵੇ ਭਾਵ ਪੈ ਜਾਵੇ ਅਤੇ ਇਵੇਂ ਹੀ ਜੇਕਰ ਸਾਧੂ ਦੇ ਮਨ ਰੂਪ ਦੁੱਧ ਮਾਂਹਿ = ਵਿਚ ਭਾਵੇਂ ਰਾਜੇ ਦੇ ਪਦਾਰਥਾਂ ਦੀ ਅੰਸ਼ ਥੋੜ੍ਹੇ ਮਾਤਰ ਵੀ ਸਰੀਰ ਵਿਚ ਪੈਣ ਰੂਪ ਗ੍ਰਹਿਣ ਹੋ ਜਾਵੇ।

## ਜੁਗਲ ਸ਼ੀਘ੍ਰ ਫਟ ਜਾਂਹਿ; ਗਹੇ ਮਮੋਖੀ ਨਾਹਿ ਚਾਹਿੰ ॥੫੫॥

ਤਾਂ ਜੁਗਲ = ਦੋਵੇਂ ਸ਼ੀਘ੍ਰ = ਤੁਰੰਤ ਹੀ ਫਟ ਜਾਂਹਿ = ਜਾਂਦੇ ਹਨ **ਅਥਵਾ** ਜੇ ਦੁੱਧ ਵਿਚ ਕਾਂਜੀ ਪੈ ਜਾਵੇ ਤਾਂ ਸਾਰਾ ਦੁੱਧ ਫਟ ਜਾਂਦਾ ਹੈ, ਇਵੇਂ ਹੀ ਜੇਕਰ ਸਾਧੂ ਭਾਵੇਂ ਕਾਂਜੀ ਵਤ ਰਾਜ ਅੰਸ ਥੋੜ੍ਹੇ ਮਾਤਰ ਵੀ ਗ੍ਰਹਿਣ ਕਰ ਲਵੇ ਤਾਂ ਦੁੱਧ ਦੀ ਨਿਆਈਂ ਉਸ ਦੇ ਸਾਰੇ ਸ਼ੁਭ ਗੁਣ ਫਟਣ ਰੂਪ ਨਾਸ਼ ਹੋ ਜਾਂਦੇ ਹਨ। ਇਸ ਕਰਕੇ ਮਮੋਖੀ = ਮੋਖਸ਼ ਦੀ ਚਾਹਿੰ = ਇੱਛਾ ਵਾਲੇ ਪੁਰਸ਼ ਨੂੰ ਰਾਜ ਅੰਸ ਕਦਾਚਿਤ ਵੀ ਗਹੇ = ਗ੍ਰਹਿਣ ਨਹੀਂ ਕਰਨੀ ਚਾਹੀਦੀ ॥੫੫॥

## ਦੋਹਰਾ ॥

## ਦੁਹੇ ਸਾਧੀਧ ਧੇਨ ਕੋ; ਦੁਗਧ ਸੁਕ੍ਰਿਤ ਸੰਮੂਹ ॥
## ਅਰਪਿ ਭੋਗ ਘਾਸਾਦਿ ਤਿਹ; ਭੂਪ ਗੋਪ ਬਿਧ ਊਹ ॥੫੬॥

**ਅੰਨਵੈ ਅਨੁਸਾਰ ਅਰਥ** : ਜਿਸ ਪ੍ਰਕਾਰ ਸਾਧੀਧ = ਗੁੱਜਰ ਧੇਨ = ਗਊ ਕੋ = ਨੂੰ ਘਾਸਾਦਿ = ਘਾਹ ਆਦਿਕ ਪਾ ਕਰਕੇ ਉਸ ਦਾ ਦੁਗਧ = ਦੁੱਧ ਦੁਹੇ = ਚੋ ਲੈਣਾ ਕਰਦਾ ਹੈ, ਇਸੇ ਪ੍ਰਕਾਰ ਰਾਜਾ ਸਾਧੂ ਨੂੰ ਭੋਗ ਪਦਾਰਥ ਅਰਪ ਭਾਵ ਭੇਟਾ ਦੇ ਕਰਕੇ ਤਿਹ = ਉਸ ਦੇ ਸੰਮੂਹ = ਸਾਰੇ ਸੁਕ੍ਰਿਤ = ਪੁੰਨ ਕਰਮ ਖੋਹ ਲੈਣਾ ਕਰਦਾ ਹੈ, ਇਉਂ ਭੂਪ ਰਾਜੇ ਦੀ ਊਹ = ਉਹੀ ਗੋਪ = ਗਵਾਲੇ ਵਾਲੀ ਹੀ ਬਿਧ = ਰੀਤ ਹੈ ॥੫੬॥

## ਦੋਹਰਾ ॥
## ਬਹੁ ਭੋਗੋਂ ਕਰ ਪੁਸ਼ਟ ਤਨ; ਤਨ ਪੁਸ਼ਟੇ ਮਨ ਪੁਸ਼ਟ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਬਹੁ = ਬਹੁਤੇ ਭੋਗੋਂ = ਭੋਗ ਪਦਾਰਥਾਂ ਨੂੰ ਭੋਗਣ ਕਰਕੇ ਤਨ = ਸਰੀਰ ਪੁਸ਼ਟ = ਮੋਟਾ ਭਾਵ ਬਲਵਾਨ ਹੁੰਦਾ ਹੈ ਤੇ ਤਨ = ਸਰੀਰ ਪੁਸ਼ਟੇ = ਬਲਵਾਨ ਹੋਣ ਦੇ ਨਾਲ ਮਨ ਪੁਸ਼ਟ = ਦ੍ਰਿੜ੍ਹਤਾ ਵਾਲਾ ਭਾਵ ਬਲ ਵਾਲਾ ਹੋ ਜਾਂਦਾ ਹੈ। ਅਤੇ :

## ਮਨ ਪੁਸ਼ਟੇ ਮਦ ਮਦਨ ਲੌਂ; ਪੁਸ਼ਟ ਹੋਤ ਰਿਪੁ ਦੁਸ਼ਟ ॥੫੭॥

ਮਨ ਦੇ ਪੁਸ਼ਟੇ = ਬਲਵਾਨ ਹੋਣ ਕਰਕੇ ਜੋ ਮਦ ਮਦਨ = ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਲੌਂ = ਤਕ ਇਹ ਪੰਜੇ ਦੁਸ਼ਟ ਰਿਪੁ = ਵੈਰੀ ਹਨ, ਫਿਰ ਮਨ ਦੇ ਕਾਰਣ ਇਹ ਵੀ ਪੁਸ਼ਟ = ਬਲ ਵਾਲੇ ਹੋਤ = ਹੋ ਜਾਂਦੇ ਹਨ ॥੫੭॥

## ਦੋਹਰਾ ॥ ਜਨ ਵਿਰਕਤ ਕੋ ਭੂਪ; ਜਿਨ ਬਹੁਤ ਭੁਗਾਵੇ ਭੋਗ ॥

ਇਸ ਕਰਕੇ ਵਿਰਕਤ ਸਾਧੂ ਜਨ ਕੋ = ਨੂੰ ਭੂਪ = ਰਾਜਾ ਬਹੁਤੇ ਭੋਗਾਂ ਨੂੰ ਜਿਨ = ਮਤਾਂ ਭੁਗਾਵੇ = ਭੁਗਤਾਉਣਾ ਭਾਵ ਖਵਾਉਣਾ ਨਾ ਕਰੇ।

## ਨਾਤਰ ਸਾਧੁ ਅਸਾਧੁ ਹੋਇ; ਪਾਪ ਭੂਪ ਕੋ ਹੋਗ ॥੫੮॥

ਨਾਤਰ = ਨਹੀਂ ਤਾਂ ਫਿਰ ਸਾਧੂ ਅਸਾਧ ਹੋਇ = ਹੋ ਜਾਵੇਗਾ ਤੇ ਇਸ ਦਾ ਪਾਪ ਭੂਪ = ਰਾਜੇ ਕੋ = ਨੂੰ ਹੋਗ = ਹੋਵੇਗਾ ਭਾਵ ਜੇ ਕਿਸੇ ਮਹਾਤਮਾ ਪੁਰਸ਼ ਨੂੰ ਰਾਜੇ ਨੇ ਭੋਗ ਪਦਾਰਥ ਵਿਚ ਲਾ ਦਿੱਤਾ, ਜਿਸ ਕਰਕੇ ਸਾਧੂ ਜਨ ਦਾ ਮਨ ਮਲੀਨ ਹੋ ਕੇ ਪਰਮਾਤਮਾ ਦਾ ਸਿਮਰਨ ਛੱਡ ਦੇਵੇਗਾ ਤਾਂ ਇਸ ਦਾ ਪਾਪ ਉਸ ਰਾਜੇ ਨੂੰ ਭੋਗਣਾ ਪਵੇਗਾ, ਜਿਸ ਨੇ ਉਸ ਸਾਧੂ ਨੂੰ ਭੋਗ ਪਦਾਰਥਾਂ ਵਿਚ ਜੋੜਿਆ ਹੈ ॥੫੮॥

## ਦੋਹਰਾ ॥
## ਮਲਨ ਅੰਨ ਕਰਿ ਮਲਨ ਮਨੁ; ਸ਼ੁਧ ਅੰਨ ਕਰਿ ਸ਼ੁਧ ॥

ਕਿਉਂਕਿ ਮਲਨ = ਮਲੀਨ ਅੰਨ ਕਰਕੇ ਮਨ ਮਲੀਨ ਹੁੰਦਾ ਹੈ ਭਾਵ ਵਿਸ਼ੇ-ਵਿਕਾਰਾਂ ਵਿਚ ਖਚਿਤ ਹੋ ਜਾਂਦਾ ਹੈ। ਜੈਸਾ ਕਿ :

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥**

*(ਸਿਰੀਰਾਗੁ ਮ: ੧, ਅੰਗ ੧੭)*

ਅਤੇ ਸ਼ੁੱਧ ਅੰਨ ਕਰਕੇ ਮਨ ਸ਼ੁੱਧ ਹੁੰਦਾ ਹੈ।

## ਜਲ ਵਤ ਚਿਤ ਜਾ ਸੋਂ ਮਿਲੇ; ਭਵਤ ਤਥਾ ਇਸ ਬੁਧ ॥੫੯॥

ਜਿਵੇਂ ਪਾਣੀ ਜਿਸ ਰੰਗ ਨਾਲ ਮਿਲ ਜਾਂਦਾ ਹੈ, ਉਸੇ ਰੰਗ ਦਾ ਹੋ ਜਾਂਦਾ ਹੈ, ਇਸੇ ਪ੍ਰਕਾਰ ਜਲ = ਪਾਣੀ

ਦੀ ਵਤ = ਨਿਆਈਂ ਚਿਤ = ਮਨ ਜਾ = ਜਿਸ ਸੋਂ = ਨਾਲ ਵੀ ਮਿਲੇ = ਮਿਲਦਾ ਹੈ, ਇਸ ਦੀ ਬੁੱਧੀ ਤਥਾ = ਉਸੇ ਪ੍ਰਕਾਰ ਦੀ ਹੀ ਭਵਤ = ਹੋ ਜਾਂਦੀ ਹੈ ਭਾਵ ਮਨ ਮਲੀਨ ਅੰਨ ਖਾਣ ਦੇ ਨਾਲ ਮਲੀਨ ਅਤੇ ਸ਼ੁੱਧ ਅੰਨ ਖਾਣ ਨਾਲ ਸ਼ੁੱਧ **ਅਥਵਾ** ਪਾਪ ਕਿਰਤ ਵਾਲਾ ਅੰਨ ਮਲੀਨ ਹੈ, ਧਰਮ ਕਿਰਤ ਵਾਲਾ ਅੰਨ ਸ਼ੁੱਧ ਹੈ॥੫੯॥

## ਦੋਹਰਾ॥ ਬਰ ਧਨਾਢ ਸਤ ਭਾਵ ਕਰ; ਜਜੈ ਸੰਤ ਕੋ ਜੋਇ॥

ਜੋਇ = ਜਿਹੜਾ ਬਰ = ਸ੍ਰੇਸ਼ਟ ਧਨਾਢ = ਧਨਵਾਨ ਪੁਰਸ਼ ਸਤ = ਸੱਚੇ ਭਾਵ ਕਰ = ਨਾਲ ਧਨ ਦੀ ਕਮਾਈ ਕਰਦਾ ਹੈ ਅਤੇ ਸਤ ਦੀ ਵਿਚਾਰ ਕਰਨ ਵਾਲੇ ਸੰਤ = ਸ਼ਾਂਤ ਚਿੱਤ ਸੰਤਾਂ ਸਾਧੂਆਂ ਕੋ = ਦਾ ਜਜੈ = ਪੂਜਨ ਕਰਦਾ ਹੈ।

## ਗੰਗੋਦਕ ਕੇ ਪਾਨ ਸਮ; ਤ੍ਰਿਖਾ ਕੁਗਤਿ ਹਤਿ ਦੇਇ॥੬੦॥

ਉਹ ਤਾਂ ਗੰਗੋਦਕ = ਗੰਗਾ ਜਲ ਨੂੰ ਪਾਨ = ਪੀਣ ਕੇ = ਦੇ ਸਮ = ਸਮਾਨ ਹੈ, ਜਿਵੇਂ ਗੰਗਾ ਦਾ ਜਲ ਤ੍ਰਿਖਾ = ਪਿਆਸ ਤੇ ਕੁਗਤਿ = ਖੋਟੀ ਗਤੀ ਇਨ੍ਹਾਂ ਦੋਹਾਂ ਨੂੰ ਹਤਿ = ਨਾਸ਼ ਕਰ ਦੇਇ = ਦਿੰਦਾ ਹੈ, ਇਵੇਂ ਹੀ ਸ਼ੁੱਧ ਵਿਹਾਰ ਕਰਨ ਵਾਲੇ ਜੋ ਪੁਰਸ਼ ਹਨ, ਉਹ ਸੰਤਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਦੀਆਂ ਮਨੋ ਕਾਮਨਾਵਾਂ ਵੀ ਪੂਰਨ ਹੁੰਦੀਆਂ ਹਨ ਅਤੇ ਮੁਕਤੀ ਵੀ ਪ੍ਰਾਪਤ ਕਰਦੇ ਹਨ॥੬੦॥

## ਸੋਰਠਾ॥
## ਤਾਂਤੇ ਯਥਾਧਿਕਾਰ; ਜਜੈ ਸਾਧ ਕੋ ਭੂਪ ਬਰ॥

ਤਾਂਤੇ = ਇਸ ਕਰਕੇ ਯਥਾਧਿਕਾਰ (ਯਥ + ਅਧਿਕਾਰ) ਯਥ = ਜਿਸ ਪ੍ਰਕਾਰ ਦੇ ਅਧਿਕਾਰ = ਅਹੁਦੇ ਵਾਲਾ ਸਾਧੂ ਹੋਵੇ, ਬਰ = ਸ੍ਰੇਸ਼ਟ ਭੂਪ = ਰਾਜਾ ਉਸ ਸਾਧੂ ਦੇ ਅਧਿਕਾਰ ਅਨੁਸਾਰ ਹੀ ਜਜੈ = ਪੂਜਾ, ਸੇਵਾ ਕਰਨਾ ਕਰੇ ਭਾਵ ਧਨਵਾਨ ਪੁਰਸ਼ ਧਨ ਦੇਣ ਵੇਲੇ ਇਹ ਗੱਲ ਧਿਆਨ ਰੱਖੇ ਕਿ ਇਹ ਧਨ ਦਾ ਅਧਿਕਾਰੀ ਹੈ ਜਾਂ ਨਹੀਂ ? ਜੇਕਰ ਉਹ ਧਨ ਲੈ ਕਰਕੇ ਜੂਆ ਖੇਡਣ ਲੱਗ ਗਿਆ ਜਾਂ ਸ਼ਰਾਬ ਆਦਿ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਲੱਗ ਗਿਆ ਤਾਂ ਇਨ੍ਹਾਂ ਕਰਮਾਂ ਦੇ ਕਰਨ ਦਾ ਪਾਪ ਕਰਨ ਵਾਲੇ ਨੂੰ ਤਾਂ ਹੋਵੇਗਾ ਹੀ, ਪਰ ਉਹ ਧਨ ਦੇਣ ਵਾਲਾ ਵੀ ਹਿੱਸੇਦਾਰ ਹੋਵੇਗਾ, ਇਸ ਕਰਕੇ ਅਧਿਕਾਰੀ ਦੇਖ ਕਰਕੇ ਧਨ ਆਦਿ ਦੇਣਾ ਕਰੇ।

## ਨਾਤਰ ਤਿਨੋਂ ਧਿਕਾਰ; ਦੇਤ ਲੇਤ ਜੁ ਵਿਚਾਰ ਬਿਨ॥੬੧॥

ਨਾਤਰ = ਨਹੀਂ ਤਾਂ ਤਿਨੋਂ = ਉਨ੍ਹਾਂ ਦੋਨਾਂ ਨੂੰ ਇਸ ਲੋਕ ਵਿਚ ਵੀ ਤੇ ਪ੍ਰਲੋਕ ਵਿਚ ਵੀ ਧ੍ਰਿਕਾਰ ਹੀ ਮਿਲੇਗੀ, ਜੋ ਬਿਨ = ਬਿਨਾਂ ਵਿਚਾਰ ਤੋਂ ਪਦਾਰਥਾਂ ਨੂੰ ਦੇਤ = ਦੇਂਦੇ ਤੇ ਲੇਤ = ਲੈਂਦੇ ਹਨ॥੬੧॥

## ਸੋਰਠਾ॥
## ਨ੍ਰਿਪ ਕੇ ਧਨ ਤੇ ਧੀਰ; ਸਰ ਕੇ ਸਮ ਸਰਕੇ ਝਟਤ॥

ਧੀਰ = ਧੀਰਜਵਾਨ ਪੁਰਸ਼ ਨ੍ਰਿਪ = ਰਾਜੇ ਕੇ = ਦੇ ਧਨ ਤੇ = ਤੋਂ ਬਚਣ ਵਾਸਤੇ ਸਰ = ਤੀਰ ਦੇ ਸਮ = ਸਮਾਨ ਝਟਤ = ਤੁਰੰਤ ਹੀ ਸਰਕੇ = ਖਿਸਕ ਜਾਵੇ ਭਾਵ ਕਿਤੇ ਹੋਰ ਚਲਾ ਜਾਵੇ। ਅਤੇ :

## ਪੋਖੇ ਚਿਤ ਸਰੀਰ; ਹਰਿ ਭਜ ਭਿਖਯਾ ਅੰਨ ਕਰਿ ॥੬੨॥

ਭਿੱਖਿਆ ਦੇ ਅੰਨ ਕਰਿ = ਨਾਲ ਆਪਣੇ ਸਰੀਰ ਨੂੰ ਪੋਖੇ = ਪਾਲਣਾ ਕਰੇ ਤੇ ਹਰਿ = ਹਰੀ ਪਰਮਾਤਮਾ ਦੇ ਭਜ = ਸਿਮਰਨ ਵਿਚ ਆਪਣੇ ਚਿੱਤ ਨੂੰ ਇਸਥਿਤ ਕਰੇ ॥੬੨॥

## ਦੋਹਰਾ ॥

## ਭਯੋ ਭਰਤ ਵੈਰਾਗ ਕੋ; ਅਲੰ ਅਸ਼ਟਮੋ ਧਯਾਇ ॥

ਸ੍ਰੀ ਭਰਤ = ਭਰਥਰੀ ਹਰੀ ਜੀ ਦੇ ਵੈਰਾਗ ਸ਼ਤਕ ਗ੍ਰੰਥ ਕੋ = ਦਾ ਅਸ਼ਟਮੋ = ਅੱਠਵਾਂ ਧਯਾਇ = ਅਧਿਆਇ ਅਲੰ = ਸੰਪੂਰਨ ਭਯੋ = ਹੋ ਗਿਆ ਹੈ।

## ਧਰਮ ਵਿਮੁਖ ਭੂਪਾਨ ਕੋ; ਨਿੰਦਯੋ ਤਾਸੁ ਮਿਲਾਇ ॥੬੩॥

ਤਾਸੁ = ਇਸ ਦੇ ਵਿਚ ਧਰਮ ਤੋਂ ਬੇਮੁੱਖ ਭੂਪਾਨ = ਰਾਜਿਆਂ ਤੇ ਧਨਵਾਨ ਪੁਰਸ਼ਾਂ ਦੋਨਾਂ ਕੋ = ਨੂੰ ਮਿਲਾਇ = ਮਿਲਾ ਕਰਕੇ ਨਿੰਦਯੋ = ਨਿੰਦਨਾ ਕੀਤਾ ਹੈ ॥੬੩॥

## ਇਤਿ ਅਠਵਾਂ ਅਧਯਾਯ ॥੮॥

ਇਥੇ ਅੱਠਵੇਂ ਅਧਿਆਇ ਦੀ ਇਤਿ = ਸਮਾਪਤੀ ਹੁੰਦੀ ਹੈ ॥੮॥

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਨੌਵਾਂ ਅਧ੍ਯਾਯ ਅਰੰਭ ॥

ਅਥ = ਹੁਣ ਨੌਵਾਂ ਅਧਿਆਇ ਪ੍ਰਾਰੰਭ ਕਰਦੇ ਹਨ।

### ਦੋਹਰਾ ॥

### ਨੌਵੇ ਰਵਿ ਬ੍ਰਿਤ ਕਰ ਕਹਿ; ਦਸਾ ਪ੍ਰਾਕ ਵਿਦਵਾਨ ॥

ਵਿਦਵਾਨ ਭਰਥਰੀ ਜੀ ਇਸ ਨੌਵੇਂ ਅਧਿਆਇ ਦੇ ਰਵਿ = ਬਾਰ੍ਹਾਂ ਬ੍ਰਿਤ = ਛੰਦ ਬਣਾ ਕਰਕੇ ਆਪਣੀ ਪ੍ਰਾਕ = ਪਹਿਲੀ ਦਸ਼ਾ ਕਹਿ = ਕਹਿੰਦੇ ਹਨ।

### ਸਿਮਰਿ ਸਿਮਰਿ ਗਤਿ ਦਿਨਨ ਕੋ; ਹਸਤ ਸਮਾਧਿ ਉਥਾਨ ॥੧॥

ਇਕ ਦਿਨ ਜੋਗੀਰਾਜ ਭਰਥਰੀ ਜੀ ਸਮਾਧੀ ਤੋਂ ਉਥਾਨ ਹੋ ਕੇ ਆਪਣੇ ਗਤਿ = ਗੁਜ਼ਰੇ ਹੋਏ ਦਿਨਨ = ਦਿਨਾਂ ਕੋ = ਨੂੰ ਸਿਮਰਿ ਸਿਮਰਿ = ਯਾਦ ਕਰ-ਕਰ ਕੇ ਹਸਤ = ਹੱਸਣ ਲੱਗ ਪਏ ॥੧॥

### ਕਬਿੱਤ ॥

### ਗੁਫਾ ਕੇ ਪਖਾਨ ਪੈ, ਸਮਾਧਿ ਤੇ ਉਥਾਨ ਪਾਇ;
### ਬ੍ਰਹਮ ਧਯਾਨ ਸੁਖ ਕੋ, ਮੈਂ ਧਯਾਨ ਕੀਨੇ ਅਹਿਸੇ ॥

ਇਕ ਦਿਨ ਭਰਥਰੀ ਜੀ ਗੁਫ਼ਾ ਦੇ ਵਿਚਲੇ ਪਖਾਨ = ਪੱਥਰ ਪੈ = ਉੱਤੇ ਬੈਠੇ ਹੋਏ ਸਮਾਧੀ ਤੇ = ਤੋਂ ਉਥਾਨ = ਉੱਠ ਕੇ ਭਾਵ ਜਾਗ੍ਰਤ ਅਵਸਥਾ ਪਾਇ = ਪਾ ਕਰਕੇ ਵਿਚਾਰ ਕਰਨ ਲੱਗ ਪਏ ਕਿ ਹੁਣ ਮੈਂ ਬ੍ਰਹਮ ਦੇ ਧਿਆਨ ਰੂਪ ਸੁਖ ਵਿਚ ਲੱਗਾ ਹਾਂ, ਇਉਂ ਮੈਂ ਅਹਿਸੇ = ਦਿਨ ਰਾਤ ਬ੍ਰਹਮ ਦੇ ਧਿਆਨ ਵਿਚ ਆਨੰਦ ਮਾਨਣਾ ਕੀਨੇ = ਕਰਦਾ ਹਾਂ।

### ਬੀਤੇ ਜੇ ਦਿਹਾਰੇ, ਦੁਖਵਾਰੇ ਤਾਂ ਸਮਾਰ ਹਸੋਂ;
### ਦੁਸ਼ਟ ਧਨੀ ਦੁਆਰੇ, ਜੇ ਭ੍ਰਮਾਨ ਵਾਰੇ ਅਹਿਸੇ ॥

ਪਰ ਜੇ = ਜਿਹੜੇ ਦਿਹਾਰੇ = ਦਿਨ ਪਿੱਛੇ ਬੀਤੇ = ਗੁਜ਼ਰ ਗਏ ਹਨ, ਉਹ ਦੁਖਵਾਰੇ = ਦੁੱਖ ਦੇਣ ਵਾਲੇ

ਸਨ, ਤਾਂ ਉਨ੍ਹਾਂ ਨੂੰ ਸਮਾਰ = ਯਾਦ ਕਰ ਕੇ ਹਸੋਂ = ਹੱਸਦਾ ਹਾਂ, ਜੇ = ਜਿਹੜੇ ਅਹਿਸੇ = ਦਿਨ ਦੁਸ਼ਟ ਧਨਵਾਨਾਂ ਦੇ ਦੁਆਰਿਆਂ ਅੱਗੇ ਭ੍ਰਮਨ = ਭਟਕਣ ਵਾਰੇ = ਵਾਲੇ ਸਨ।

## ਦੂਖ ਜੜਤਾ ਕੇ ਹੇਤ, ਜਾਚਨਾ ਨਿਕੇਤ ਜੇਤੇ;
## ਭੋਗ ਲਾਭ ਕੇ ਸਮੇਤ, ਮਦ ਦੇਤ ਅਹਿਸੇ॥

ਜੋ ਦਿਨ ਪਰਾਧੀਨਤਾ ਰੂਪ ਦੁੱਖ ਅਤੇ ਜੜਤਾ = ਮੂਰਖਤਾਈ ਕੇ = ਦੇ ਹੇਤੁ = ਕਾਰਨ ਸਨ, ਜੇਤੇ = ਜਿੰਨੇ ਵੀ ਉਹ ਦਿਨ ਸਨ, ਉਹ ਸਾਰੇ ਹੀ ਜਾਚਨਾ = ਮੰਗਣ ਵਾਲੇ ਭਾਵ ਕੰਗਾਲਤਾ ਦੇ ਨਿਕੇਤ = ਘਰ ਸਨ ਤੇ ਭੋਗਾਂ ਦੀ ਲਾਭ = ਪ੍ਰਾਪਤੀ ਕੇ = ਦੇ ਸਮੇਤ = ਸਹਿਤ ਸਨ, ਉਹ ਸਾਰੇ ਹੀ ਦਿਨ ਅਹਿਸੇ = ਸੱਪ ਵਾਂਗ ਮਦ = ਹੰਕਾਰ ਰੂਪ ਵਿਖ ਦੇ ਦੇਤ = ਦੇਣ ਵਾਲੇ ਸਨ।

## ਜੇਈ ਮੋਹ ਮਹਿ ਹਤੇ, ਅਬ ਵਹਿ ਅਹਿ ਗਤੇ;
## ਅਹਿ ਬੀਤੇ, ਅਹਿ ਮੋਰ, ਵਹਿ ਅਹਿ ਅਹਿਸੇ॥੨॥

ਜੇਈ = ਜਿਹੜੇ ਦਿਨ ਮੋਹ = ਮੇਰੀ ਮਤਿ = ਬੁੱਧੀ ਨੂੰ ਹਤੇ = ਨਾਸ਼ ਕਰਨ ਵਾਲੇ ਸਨ, ਵਹਿ = ਉਹ ਅਹਿ = ਦਿਨ ਅਬ = ਹੁਣ ਗਤੇ = ਗੁਜ਼ਰ ਗਏ ਹਨ। ਜੋ ਅਹਿ = ਦਿਨ ਹੁਣ ਬੀਤੇ = ਗੁਜ਼ਰ ਰਹੇ ਹਨ, ਅਹਿ = ਇਹ ਮੋਰ ਸਮਾਨ ਸੁਖ ਦੇਣ ਵਾਲੇ ਹਨ ਭਾਵ ਜਿਵੇਂ ਮੋਰ ਬੱਦਲਾਂ ਦੀ ਘਨਘੋਰ ਸੁਣ ਕੇ ਪੈਲਾਂ ਪਾਉਂਦਾ ਹੈ ਤੇ ਸੁਖ ਅਨੁਭਵ ਕਰਦਾ ਹੈ, ਇਸੇ ਤਰ੍ਹਾਂ ਮੈਂ ਵੀ ਮੋਰ ਦੇ ਸਮਾਨ ਹੁਣ ਸਮਾਧੀ ਰੂਪ ਪੈਲਾਂ ਪਾਉਂਦਾ ਹਾਂ, ਬ੍ਰਹਮ ਰੂਪੀ ਬੱਦਲ ਦਾ ਸ਼ਬਦ ਸੁਣ ਕੇ ਬ੍ਰਹਮਾਨੰਦ ਦਾ ਸੁਖ ਅਨੁਭਵ ਕਰਦਾ ਹਾਂ ਅਤੇ ਵਹਿ = ਉਹ ਪਹਿਲਾਂ ਵਾਲੇ ਅਹਿ = ਦਿਨ ਅਹਿਸੇ = ਸੱਪ ਵਾਂਗ ਦੁੱਖ ਦੇਣ ਵਾਲੇ ਸਨ॥੨॥

## ਪੁਨਾ ਝੂਲਨਾ ਛੰਦ॥
## ਭੋਗ ਸੰਜੋਗ ਕਰਿ, ਦੁਸ਼ਟ ਅਗਿਆਨ ਅਰਿ;
## ਮੋ ਉਰ ਮੈ ਭਯੋ ਪੁਸ਼ਟ ਭਾਨਾ॥

ਭਰਥਰੀ ਜੀ ਕਥਨ ਕਰਦੇ ਹਨ ਕਿ ਦੁਸ਼ਟ ਅਗਿਆਨੀ ਰੂਪ ਅਰਿ = ਦੁਸ਼ਮਣ ਦੇ ਸੰਜੋਗ ਕਰਕੇ ਮੋ = ਮੇਰੇ ਉਰ = ਹਿਰਦੇ ਮੈ = ਵਿਚ ਭਾਨਾ = ਸੂਰਜ ਦੀ ਨਿਆਈਂ ਭੋਗਾਂ ਦੀ ਇੱਛਾ ਕਰਾਉਣ ਵਾਲਾ ਕਾਮ ਪੁਸ਼ਟ = ਮੋਟਾ ਭਾਵ ਬਲਵਾਨ ਭਯੋ = ਹੋ ਗਿਆ ਸੀ।

## ਸਮਰ ਕੇ ਤਿਮਰ ਮੈ ਸੰਸਕਾਰੋ ਪਜੈ;
## ਸਾਰਿ ਸੰਸਾਰ ਕੇ ਨਾਰਿ ਜਾਨਾ॥

ਉਸ ਸਮਰ = ਕਾਮ ਕੇ = ਦੇ ਤਿਮਰ = ਅੰਧੇਰੇ ਮੈ = ਵਿਚ ਇਸ ਪ੍ਰਕਾਰ ਦੇ ਸੰਸਕਾਰ ਪਜੈ = ਪੈਦਾ ਹੁੰਦੇ ਸਨ, ਜਿਸ ਕਰਕੇ ਮੈਂ ਸੰਸਾਰ ਦਾ ਸਾਰ ਕੇਵਲ ਨਾਰਿ = ਇਸਤਰੀ ਨੂੰ ਜਾਨਾ = ਜਾਣਨਾ ਕੀਤਾ ਸੀ।

## ਬੁਧਿ ਕੇ ਨੈਨ ਮੋ, ਗਿਆਨ ਅੰਜਨ ਦਯੇ;
## ਪਾਦ ਤ੍ਰੈਨੈਨ ਕੇ ਸੇਵ ਮਾਨਾ॥

ਫਿਰ ਮਹਾਤਮਾ ਜਨਾਂ ਨੇ ਕਿਰਪਾ ਦ੍ਰਿਸ਼ਟੀ ਕਰ ਕੇ ਮੇਰੇ ਮਨ ਬੁੱਧ ਰੂਪ ਨੈਨ = ਨੇਤਰਾਂ ਦੇ ਮੋ = ਵਿਚ ਗਿਆਨ ਰੂਪੀ ਅੰਜਨ = ਸੁਰਮਾ ਪਾ ਦਯੇ = ਦੇਣਾ ਕੀਤਾ, ਤਦੋਂ ਮੈਂ ਆਪਣੇ ਆਪ ਨੂੰ ਤ੍ਰੈਨੈਨ = ਤਿੰਨ ਨੇਤਰਾਂ ਵਾਲੇ ਸ਼ਿਵਜੀ ਕੇ = ਦੇ ਪਾਦ = ਚਰਨਾਂ ਦਾ ਸੇਵ = ਸੇਵਕ ਮਾਨਾ = ਮੰਨਣ ਲੱਗ ਗਿਆ।

## ਭਯੋ ਅਬ ਚਤੁਰ ਮੈ, ਲੋਕ ਦਸ ਚਤੁਰ ਮੈ;
## ਬ੍ਰਹਮ ਕੋ ਵੇਦ ਕਰਿ ਭੇਦ ਭਾਨਾ॥੩॥

ਅਬ = ਹੁਣ ਮੈਂ ਚੌਦਾਂ ਲੋਕਾਂ ਦੇ ਮੈ = ਵਿਚ ਚਤੁਰ = ਸਿਆਣਾ ਭਯੋ = ਹੋ ਗਿਆ ਹਾਂ, ਕਿਉਂਕਿ ਮੈਂ ਬ੍ਰਹਮ ਕੋ = ਦੇ ਵੇਦ = ਗਿਆਨ ਨੂੰ ਪ੍ਰਾਪਤ ਕਰ ਕੇ ਜੀਵ-ਈਸ਼ ਦੇ ਭੇਦ ਨੂੰ ਭਾਨਾ = ਨਾਸ਼ ਕਰ ਲੈਣਾ ਕੀਤਾ ਹੈ॥੩॥

## ਕਬਿੱਤ॥
## ਚੀਨੋ ਜਬ ਕਿੰਚਤ ਕਰਿੰਦ ਜਿਉਂ ਮਦਾਂਧ ਭਯੋ;
## ਤਬੇ ਮੋਹਿ ਜਾਨ ਲਯੋ ਸਭੀ ਗਯਾਤ ਆਪ ਕੋ॥

ਜਬ = ਜਦੋਂ ਮੈਂ ਕਿੰਚਤ = ਥੋੜ੍ਹੇ ਮਾਤਰ ਸ਼ਾਸਤਰ ਗਿਆਨ ਨੂੰ ਚੀਨੋ = ਜਾਣ ਲਿਆ ਸੀ, ਤਦੋਂ ਮੈਂ (ਮਦ + ਅੰਧ) ਮਦ = ਹੰਕਾਰ ਵਿਚ ਇਉਂ ਅੰਧ = ਅੰਨ੍ਹਾ ਹੋ ਗਿਆ ਸੀ, ਜਿਉਂ = ਜਿਵੇਂ ਕਰਿੰਦ = ਹਾਥੀ ਕਾਮ ਵਾਸ਼ਨਾ ਵਿਚ ਅੰਨ੍ਹਾ ਹੋ ਜਾਂਦਾ ਹੈ। ਤਬੇ = ਉਸ ਵੇਲੇ ਮੋਹਿ = ਮੈਂ ਆਪਣੇ ਆਪ ਕੋ = ਨੂੰ ਸਭੀ = ਸਾਰੀਆਂ ਗੱਲਾਂ ਦਾ ਗਿਆਤਾ ਜਾਨ ਲਯੋ = ਲੈਣਾ ਕੀਤਾ ਸੀ।

## ਤਾਸ ਮਦ ਤਾਪ ਕੇ ਪ੍ਰਤਾਪ ਕਰਿ ਮੇਰੇ ਮਨ ਮਾਹਿ;
## ਕਛੁ ਰਹਯੋ ਨਾਹਿ ਗਿਆਨ, ਪੁੰਨ ਪਾਪ ਕੋ॥

ਤਾਸ = ਉਸ ਮਦ = ਹੰਕਾਰ ਰੂਪੀ ਤਾਪ ਕੇ = ਦੇ ਪ੍ਰਤਾਪ = ਤੇਜ ਕਰਕੇ ਮੇਰੇ ਮਨ ਮਾਹਿ = ਵਿਚ ਪਾਪ ਪੁੰਨ ਕੋ = ਦਾ ਕਛੁ = ਕੁਝ ਵੀ ਗਿਆਨ ਨਹੀਂ ਰਹਯੋ = ਰਹਿਆ ਸੀ।

## ਸੂਛ ਸਤਸੰਗ ਕੀਨੋ, ਤਬ ਕਛੁ ਕਛੁ ਚੀਨੋ;
## ਮੂਢ ਜਾਨੋ ਆਪ ਕੋ, ਵਿਹਾਨੋ ਮਦ ਤਾਪ ਕੋ॥

ਫਿਰ ਮੈਂ ਜਦੋਂ ਸੂਛ = ਪਵਿੱਤਰ, ਸ੍ਰੇਸ਼ਟ ਸਤਿਸੰਗਤ ਕੀਨੋ = ਕਰਨ ਲੱਗ ਗਿਆ, ਤਬ = ਤਦੋਂ ਮੈਂ ਕਛੁ ਕਛੁ = ਕੁਝ ਕੁਝ ਚੀਨੋ = ਜਾਣ ਗਿਆ ਅਤੇ ਫਿਰ ਮੈਂ ਸਤਿਸੰਗਤ ਦੇ ਪ੍ਰਤਾਪ ਕਰਕੇ ਮਦ = ਹੰਕਾਰ ਰੂਪ ਤਾਪ ਕੋ = ਨੂੰ (ਵਿ + ਹਾਨੋ) ਵਿ = ਵਿਸ਼ੇਸ਼ ਕਰਕੇ ਹਾਨੋ = ਨਾਸ਼ ਕਰ ਲਿਆ ਹੈ, ਹੁਣ ਮੈਂ ਆਪਣੇ ਆਪ ਕੋ = ਨੂੰ ਮੂਢ = ਮੂਰਖ ਜਾਨੋ = ਜਾਣਨ ਲੱਗ ਗਿਆ ਹਾਂ।

## ਸਾਧਨ ਕੋ ਮੇਲਾ ਚਾਰੁ, ਮੇਲਾ ਚਾਰ ਸਾਧਨ ਕੋ;
## ਜਾਹਿ ਕੇ ਪ੍ਰਤਾਪ ਕਰ, ਪਾਯੋ ਮੈਂ ਨਿਜਾਪ ਕੋ ॥੪॥

ਫਿਰ ਮੇਰਾ ਚਾਰੁ = ਸੁੰਦਰ, ਸ੍ਰੇਸ਼ਟ ਸਾਧਨ = ਸਾਧ ਜਨਾਂ ਦੇ ਨਾਲ ਮੇਲਾ = ਮਿਲਾਪ ਹੋ ਗਿਆ, ਉਨ੍ਹਾਂ ਨੇ ਮੇਰਾ ਵੈਰਾਗ, ਬਿਬੇਕ, ਖਟ ਸੰਪਤੀ ਤੇ ਮੋਖ ਇੱਛਾ ਇਨ੍ਹਾਂ ਚਾਰ ਸਾਧਨਾਂ ਦੇ ਨਾਲ ਮੇਲਾ = ਮਿਲਾਪ ਕਰਾ ਦਿੱਤਾ, ਜਾਹਿ = ਜਿਨ੍ਹਾਂ ਸਾਧਨਾਂ ਕੇ = ਦੇ ਪ੍ਰਤਾਪ ਕਰਕੇ ਮੈਂ (ਨਿਜ + ਆਪ) ਆਪਣੇ ਨਿਜ = ਆਤਮਾ ਸਰੂਪ ਦੇ ਆਨੰਦ ਕੋ = ਨੂੰ ਪਾਯੋ = ਪਾਉਣਾ ਕੀਤਾ ਹੈ ॥੪॥

ਜਦੋਂ ਭਰਥਰੀ ਜੀ ਭਿੱਖਿਆ ਲੈਣ ਵਾਸਤੇ ਨਗਰਾਂ ਵਿਚ ਜਾਇਆ ਕਰਦੇ ਸਨ ਤਾਂ ਇਨ੍ਹਾਂ ਦੇ ਸੁੰਦਰ ਸਰੀਰ ਨੂੰ ਵੇਖ ਕਰਕੇ ਇਕ ਇਸਤਰੀ ਭਰਥਰੀ ਜੀ ਵੱਲ ਮੰਦ-ਦ੍ਰਿਸ਼ਟੀ ਨਾਲ ਵੇਖਿਆ ਕਰਦੀ ਸੀ ਤਾਂ ਉਸ ਦੇ ਪ੍ਰਥਾਇ ਇਉਂ ਕਥਨ ਕਰਦੇ ਹਨ:

## ਬ੍ਰਿਧ ਨਰਾਜ ਛੰਦ ॥
## ਸਪ੍ਰੀਤਿ ਨੀਚ ਨਾਰਿ ਏ ਸਦੀਵ ਮੇ ਨਿਹਾਰ ਹੈ;
## ਸ ਸਰੋਜ ਨੀਲ ਪੱਤ੍ਰ ਕਾਂਤਿ ਚੋਰ ਚਖੁ ਡਾਰ ਹੈ ॥

ਏ = ਇਹ ਨੀਚ ਨਾਰਿ = ਇਸਤਰੀ ਸਦੀਵ = ਹਮੇਸ਼ਾਂ ਹੀ ਮੇ = ਮੇਰੇ ਵੱਲ ਸਪ੍ਰੀਤਿ = ਪ੍ਰੀਤੀ ਨਾਲ ਨਿਹਾਰ = ਵੇਖਣਾ ਕਰਦੀ ਹੈ, ਨੀਲੇ ਪੱਤ੍ਰ = ਪੱਤਿਆਂ ਦੇ ਸ = ਸਹਿਤ ਸਰੋਜ = ਕਮਲ ਵਰਗੀਆਂ ਕਾਂਤਿ = ਸੁੰਦਰ ਚਖੁ = ਨੇਤਰਾਂ ਵਾਲੀ ਇਸਤਰੀ ਮੇਰੇ ਉੱਪਰ ਚੋਰ ਅੱਖਾਂ ਡਾਰ = ਸੁੱਟਣਾ ਕਰਦੀ ਹੈ।

## ਇਨੇ ਅਲਖ ਭਾਵ ਕੋ ਲਖੋ ਚੁਰਾਤ ਚਿਤ;
## ਮੋਰ ਚੋਰ ਨੈਨ ਸੈਨ ਮੈਂ ਸਭਾਵ ਕੋ ਨਿਹਾਰ ਹੈ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਇਨੇ = ਇਸ ਇਸਤਰੀ ਦੇ ਅਲਖ = ਲਖਣ ਤੋਂ ਰਹਿਤ ਭਾਵ ਗੁੱਝੇ ਭਾਵ ਕੋ = ਨੂੰ ਲਖੋ = ਜਾਣਦਾ ਹਾਂ, ਇਹ ਆਪਣੀਆਂ ਚੋਰ ਨੈਨ = ਅੱਖਾਂ ਦੇ ਸੈਨ = ਇਸ਼ਾਰਿਆਂ ਨਾਲ ਮੋਰ = ਮੇਰੇ ਚਿੱਤ ਨੂੰ ਚੁਰਾਤ = ਚੁਰਾਉਣਾ ਚਾਹੁੰਦੀ ਹੈ ਅਤੇ ਮੇਰੇ ਸੁਭਾਅ ਕੋ = ਨੂੰ ਨਿਹਾਰ = ਦੇਖਣਾ ਚਾਹੁੰਦੀ ਹੈ।

## ਭਯੋ ਵਿਸੁਧ ਮੋਹਿ ਚਿਤ, ਮੋਹਿ ਕੋ ਨਮਿੱਤ ਨਾਹਿੰ;
## ਮੈਨ ਫੂਲਬਾਨ ਕੀ ਕ੍ਰਿਸਾਨ ਕੋ ਪ੍ਰਹਾਰ ਹੈ ॥

ਪਰ ਮੋਹਿ = ਮੇਰਾ ਚਿੱਤ ਹੁਣ (ਵਿ + ਸੁਧ) ਵਿ = ਵਿਸ਼ੇਸ਼ ਕਰਕੇ ਸੁਧ = ਉੱਜਲ ਭਯੋ = ਹੋ ਗਿਆ ਹੈ ਤੇ ਇਸ ਵਿਚ ਮੋਹਿ = ਮੋਹ ਕੋ = ਦਾ ਨਮਿੱਤ = ਕਾਰਣ ਕਾਮ ਨਹੀਂ ਹੈ ਅਤੇ ਮੇਰੇ ਚਿੱਤ ਵਿੱਚੋਂ ਮੈਨ = ਕਾਮ ਰੂਪੀ ਬਾਨ = ਤੀਰ ਦੇ ਸਮੇਤ ਕਾਮ ਦੇ ਸੰਸਕਾਰਾਂ ਰੂਪੀ ਫੁੱਲਾਂ ਕੀ = ਦੀ ਕ੍ਰਿਸਾਨ = ਅਗਨੀ ਵੀ ਪ੍ਰਹਾਰ = ਨਾਸ਼ ਹੋ ਗਈ ਹੈ **ਵਾ:** ਗਿਆਨ ਰੂਪੀ ਅਗਨੀ ਦੇ ਨਾਲ ਪੰਜੇ ਵਿਕਾਰ ਨਾਸ਼ ਹੋ ਗਏ ਹਨ।

## ਅਜੇ ਪਿ ਏ ਛਨਾਰਿ ਨਾਰਿ, ਨਾਰ ਕੋ ਨ ਫੇਰ ਹੈ;
## ਤਿਯਾਖ ਸਜਾਲ ਤੇ, ਨ ਮੋਰ ਚਿਤ ਸ਼ੇਰ ਹਾਰ ਹੈ ॥੫॥

ਪਰ ਅਜੇ ਪਿ = ਵੀ ਏ = ਇਹ ਛਨਾਰਿ = ਵਿਭਚਾਰਨੀ ਨਾਰਿ = ਇਸਤਰੀ ਮੇਰੇ ਵੱਲੋਂ ਆਪਣੀ ਨਾਰ = ਗਰਦਨ ਕੋ = ਨੂੰ ਫੇਰ = ਮੋੜਦੀ ਨ = ਨਹੀਂ ਹੈ ਭਾਵ ਮੇਰੇ ਵੱਲ ਹੀ ਦੇਖੀ ਜਾਂਦੀ ਹੈ, ਪਰ ਮੈਨੂੰ ਕੋਈ ਭੈ ਨਹੀਂ ਹੈ, ਕਿਉਂਕਿ ਮੋਰ = ਮੇਰਾ ਚਿੱਤ ਰੂਪੀ ਸ਼ੇਰ ਇਸ (ਤਿਯ + ਅੱਖ) ਤਿਯ = ਇਸਤਰੀ ਦੇ ਅੱਖ = ਨੇਤਰਾਂ ਰੂਪ ਸਜਾਲ = ਗਿੱਦੜ ਤੇ = ਤੋਂ ਹਾਰਦਾ ਨਹੀਂ ਹੈ॥੫॥

## ਦੋਹਰਾ ॥
## ਨਾਰ ਮੇਰ ਮਨ ਮੇਰ ਕੋ; ਦ੍ਰਿਗ ਪਤੰਗ ਪਰ ਝੂਲ ॥

ਪਰ ਮੇਰ = ਮੇਰੇ ਮਨ ਰੂਪ ਮੇਰ = ਸੁਮੇਰ ਪਰਬਤ ਕੋ = ਨੂੰ ਇਸ ਇਸਤਰੀ ਦੇ ਦ੍ਰਿਗ = ਨੇਤਰਾਂ ਰੂਪ ਪਤੰਗ = ਪਰਵਾਨੇ ਝੂਲ = ਝੁਲਾ ਭਾਵ ਹਿਲਾ ਨਹੀਂ ਸਕਦੇ।

## ਚਪਲ ਸਕਹਿ ਕਰ ਅਗਜ ਕੋ; ਚਿੱਤ ਤੂਲ ਕੇ ਤੁਲ ॥੬॥

ਅਗਜ = ਅਗਿਆਨੀ ਕੇ = ਦੇ ਚਿੱਤ ਨੂੰ ਤਾਂ ਚਪਲ = ਚੰਚਲ ਕਰ ਸਕਦੇ ਹਨ, ਕਿਉਂਕਿ ਉਸ ਦਾ ਚਿੱਤ ਤੂਲ = ਰੂੰ ਦੇ ਤੁਲ = ਸਮਾਨ ਹੈ **ਅਥਵਾ** ਜਿਵੇਂ ਰੂੰ ਥੋੜ੍ਹੀ ਜਿਹੀ ਅੱਗ ਲਾਏ ਤੋਂ ਹੀ ਸਾਰੀ ਹੀ ਸੜ ਕੇ ਸੁਆਹ ਹੋ ਜਾਂਦੀ ਹੈ, ਇਸੇ ਪ੍ਰਕਾਰ ਅਗਿਆਨੀ ਦਾ ਰੂੰ ਰੂਪੀ ਚਿੱਤ ਇਸਤਰੀ ਦੇ ਥੋੜ੍ਹੇ ਮਾਤਰ ਦੇਖਣ ਨਾਲ ਹੀ ਕਾਮ ਦੀ ਅਗਨੀ ਵਿਚ ਸੁਆਹ ਹੋ ਜਾਂਦਾ ਹੈ॥੬॥

ਜਦੋਂ ਭਰਥਰੀ ਜੀ ਇਹ ਉਪਰੋਕਤ ਬਚਨ ਉਚਾਰਨ ਕਰ ਰਹੇ ਸਨ, ਤਦ ਪਾਸ ਵਾਲੇ ਬ੍ਰਿਛ ਉੱਤੇ ਕੋਇਲ ਬੋਲਣ ਲੱਗ ਪਈ ਅਤੇ ਕੋਲੋਂ ਇਕ ਇਸਤਰੀ ਵੀ ਲੰਘੀ, ਜੋ ਵਿਸ਼ੇ ਦ੍ਰਿਸ਼ਟੀ ਨਾਲ ਭਰਥਰੀ ਜੀ ਨੂੰ ਵੇਖਣ ਲੱਗ ਪਈ। ਤਦ ਕਾਮ ਦੇ ਪ੍ਰਵੇਸ਼ ਵਿਚ ਅੰਨ੍ਹੀ ਹੋਈ ਇਸਤਰੀ ਦੀ ਦਸ਼ਾ ਵੇਖ ਕੇ ਤਦ ਅਨਉਕਤੀ ਅਲੰਕਾਰ ਅਨੁਸਾਰ ਕੋਇਲ ਨੂੰ ਸੰਬੋਧਨ ਕਰ ਕੇ ਉਸ ਇਸਤਰੀ ਬਾਬਤ ਇਉਂ ਕਥਨ ਕਰਦੇ ਹਨ:

## ਯਥਾ ਕਬਿੱਤ ॥
## ਰੇ ਰੇ ਮੀਨਕੇਤੁ ਕਸੀਸ ਦੇਤ ਪਾਨ ਕੋ;
## ਕਮਾਨ ਕੇ ਟੰਕਾਰ ਧੂਨ ਸੋ ਨ ਮਨ ਤ੍ਰਸ ਹੈ ॥

ਰੇ ਰੇ = ਹੇ ਹੇ ਮੀਨਕੇਤੁ[੧] = ਕਾਮਦੇਵ! ਤੂੰ ਕਿਸ ਲਈ ਆਪਣੇ ਕਾਮ ਰੂਪੀ ਧਨੁਖ ਨੂੰ ਪਾਨ = ਹੱਥ ਦੀ ਕਸੀਸ = ਖਿੱਚ ਦੇਤ = ਦੇਣਾ ਕਰ ਰਿਹਾ ਹੈਂ? ਭਾਵ ਮੇਰੇ ਉੱਪਰ ਕਿਸ ਵਾਸਤੇ ਕਾਮ ਨੂੰ ਪਾਉਣਾ ਚਾਹੁੰਦਾ ਹੈਂ? ਤੇਰੇ ਇਸ ਕਮਾਨ = ਧਨੁਖ ਦੀ ਟੰਕਾਰ = ਟਨ-ਟਨ ਦੀ ਧੁਨੀ ਸੋ = ਨਾਲ ਮੇਰਾ ਮਨ ਨਹੀਂ ਤ੍ਰਸ = ਡਰੇਗਾ।

---

੧. ਮੀਨਕੇਤੁ = ਜਿਸ ਦੇ ਝੰਡੇ ਉੱਪਰ ਮੱਛ ਦਾ ਨਿਸ਼ਾਨ ਹੈ, ਕਾਮਦੇਵ।

## ਅਰੀ ਮੂਢ ਪਿਕ ਕਾ ਕੋ ਮ੍ਰਿਦ ਚਾਰ ਬਚਨਾ ਕੋ;
## ਬਿਰਥਾ ਬਕੇ ਨ ਅਸਾ ਕੋ ਤਾ ਕੋ ਕਛੂ ਰਸ ਹੈ॥

ਅਰੀ ਮੂਢ = ਹੇ ਮੂਰਖ ਪਿਕ = ਕੋਇਲ ! ਤੂੰ ਕਾ ਕੋ = ਕਿਸ ਲਈ ਮ੍ਰਿਦ = ਮਿੱਠੇ ਮਿੱਠੇ ਚਾਰ = ਸੁੰਦਰ ਬਚਨਾਂ ਕੋ = ਨੂੰ ਬਿਰਥਾ ਹੀ ਬਕੇ = ਬੋਲਣਾ ਕਰ ਰਹੀ ਹੈਂ ? ਕਿਉਂਕਿ ਅਸਾ = ਸਾਨੂੰ ਤੇਰੇ ਤਾ ਕੋ = ਇਨ੍ਹਾਂ ਬੋਲਾਂ ਕੋ = ਦਾ ਕਛੂ = ਕੁਝ ਵੀ ਰਸ ਨਹੀਂ ਆਉਂਦਾ ਹੈ।

## ਮੁਗਧੇ ਸਨਿਗਧੇ ਵਿਦਗਧੇ ਮੁਗਧ ਲੋਲ;
## ਮਧਰ ਕਟਾਖੋਂ ਤੇਰੇ ਕਰ ਮੋ ਕੋ ਬਸ ਹੈ॥

ਹੇ ਮੁਗਧੇ = ਸੁੰਦਰ ਇਸਤਰੀਏ ! ਹੇ ਸਨਿਗਧੇ = ਚੀਕਨੇ ਅੰਗਾਂ ਵਾਲੀਏ ! ਹੇ ਵਿਦਗਧੇ = ਚਲਾਕ ਇਸਤਰੀਏ ! ਹੇ ਮੁਗਧ = ਮੋਹ ਵਿਚ ਗ਼ਲਤਾਨ ਇਸਤਰੀਏ ! ਤੇਰੇ ਲੋਲ = ਚੰਚਲ ਨੇਤਰਾਂ ਦੀ ਮਧਰ = ਮਿੱਠੀ ਤੇ ਕਟਾਖੋਂ = ਟੇਢੀ ਨਜ਼ਰ ਕਰਕੇ ਵੀ ਮੋ ਕੋ = ਮੈਨੂੰ ਬਸ ਹੈ ਭਾਵ ਮੈਨੂੰ ਇਨ੍ਹਾਂ ਨੇਤਰਾਂ ਦੀ ਕੋਈ ਇੱਛਾ ਨਹੀਂ, ਮੈਂ ਇਸ ਵੱਲੋਂ ਤ੍ਰਿਪਤ ਹਾਂ।

## ਚੰਦ੍ਰ ਚੂੜਾ ਮਨਿ ਜਾਂ ਕੇ, ਚੂੰਮੇ ਚਿਤ ਪਾਉਂ ਤਾ ਕੇ;
## ਬੀਚ ਅਮੀ ਧਿਆਨ ਵਾਂ ਕੋ, ਮੇਰੋ ਮਨ ਬਸ ਹੈ॥੭॥

ਜਾਂ ਕੇ = ਜਿਸ ਸ਼ਿਵਜੀ ਦੇ ਸਿਰ ਦਾ ਚੰਦਰਮਾ ਚੂੜਾ = ਮੁਕਟ ਬਣਿਆ ਹੋਇਆ ਹੈ, ਤਾ ਕੇ = ਉਸ ਦੇ ਪਾਉਂ = ਚਰਨ ਮੇਰੇ ਚਿੱਤ ਨੇ ਚੂੰਮੇ = ਚੁੰਮ ਭਾਵ ਧਾਰਨ ਕਰ ਲਏ ਹਨ ਅਤੇ ਵਾਂ ਕੋ = ਉਸ ਦੇ ਅੰਮ੍ਰਿਤ ਰੂਪੀ ਧਿਆਨ ਬੀਚ = ਵਿਚ ਮੇਰੋ = ਮੇਰਾ ਮਨ ਬਸ ਭਾਵ ਤ੍ਰਿਪਤ ਹੋ ਗਿਆ ਹੈ, ਹੁਣ ਹੋਰ ਕੋਈ ਖ਼੍ਵਾਹਿਸ਼ ਨਹੀਂ ਰਹੀ ਹੈ ॥੭॥

***ਪ੍ਰਸ਼ਨ :*** *ਜੇਕਰ ਕਾਮਦੇਵ ਇਹ ਗੱਲ ਆਖਣਾ ਕਰੇ ਕਿ ਪਹਿਲਾਂ ਤਾਂ ਤੁਸੀਂ ਮੇਰੇ ਅੱਗੇ ਦੀਨ ਸੀ, ਹੁਣ ਕੀ ਹੋ ਗਿਆ ਹੈ ?*

***ਉੱਤਰ :***

## ਦੋਹਰਾ॥ ਤਵ ਪਦਾਂਤ ਥੋ ਭ੍ਰਾਂਤਿ ਮੋਂ; ਭ੍ਰਮਯੋਂ ਗੇਂਦ ਕਪਿ ਸਾਨ॥

ਹੇ ਕਾਮਦੇਵ ! ਜਿਤਨਾ ਚਿਰ ਮੈਨੂੰ ਤਵ = ਤੇਰੇ ਪਦਾਂਤ = ਚਰਨਾਂ ਦਾ ਆਸਰਾ ਥੋ = ਸੀ, ਉਤਨਾ ਚਿਰ ਮੈਂ ਅਗਿਆਨ ਦੀ ਭ੍ਰਾਂਤਿ = ਭੁੱਲ ਮੋ = ਵਿਚ ਗੇਂਦ ਤੇ ਕਪਿ = ਬਾਂਦਰ ਸਾਨ = ਸਮਾਨ ਅਨੇਕਾਂ ਜਨਮਾਂ ਭ੍ਰਮਯੋਂ = ਭਟਕਦਾ ਰਿਹਾ ਭਾਵ ਜਿਤਨਾ ਚਿਰ ਇਹ ਭੁੱਲ ਸੀ ਕਿ ਵਿਸ਼ੇ ਭੋਗ ਹੀ ਆਨੰਦ ਦੇਣ ਵਾਲੇ ਹਨ, ਇਸ ਤੋਂ ਬਗ਼ੈਰ ਹੋਰ ਕੋਈ ਆਨੰਦ ਨਹੀਂ ਹੈ, ਉਤਨਾ ਚਿਰ ਮੈਂ ਗੇਂਦ ਤੇ ਬਾਂਦਰ ਵਾਂਗ ਵਿਸ਼ੇ ਭੋਗਾਂ ਵਿਚ ਭਟਕਦਾ ਰਿਹਾ ਹਾਂ।

## ਚਿਤ ਸਾਂਤਿ ਗਤਿ ਭ੍ਰਾਂਤ ਅਬ; ਮੈ ਪ੍ਰਭ ਅਨੁਗ ਭਵਾਨ॥੮॥

ਅਬ = ਹੁਣ ਉਹ ਭ੍ਰਾਂਤ = ਭੁੱਲ ਗਤਿ = ਨਾਸ਼ ਹੋ ਜਾਣ ਕਰਕੇ ਮੇਰਾ ਚਿੱਤ ਸ਼ਾਂਤ ਹੋ ਗਿਆ ਹੈ। ਇਸ ਕਰਕੇ ਹੇ ਕਾਮਦੇਵ ! ਮੈਂ ਤੁਹਾਡਾ ਪ੍ਰਭ = ਮਾਲਕ ਹਾਂ ਤੇ ਭਵਾਨ = ਤੁਸੀਂ ਮੇਰੇ ਅਨੁਗ = ਸੇਵਕ ਹੋ ॥੮॥

## ਚੌਪਈ ॥

## ਸਥਾਵਰ ਜੰਗਮ; ਸਭ ਤਾਂਕੇ ॥ ਈਸ਼ੂਰ ਪਰਮ; ਨਾਥ ਗਿਰ ਜਾ ਕੇ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਸਥਾਵਰ = ਸਥਿਰ ਰਹਿਣ ਵਾਲੇ ਭਾਵ ਜੜ੍ਹ ਜੀਵ ਅਤੇ ਜੰਗਮ = ਤੁਰਨ ਫਿਰਨ ਵਾਲੇ ਜੀਵ, ਇਹ ਸਭ = ਸਾਰਾ ਜੜ੍ਹ ਤੇ ਚੇਤਨ ਸੰਸਾਰ ਤਾਂ ਕੇ = ਉਸ ਦਾ ਕੀਤਾ ਹੋਇਆ ਹੈ, ਜਾ ਕੇ = ਜਿਸ ਗਿਰ = ਪਾਰਬਤੀ ਦਾ ਜੋ ਨਾਥ = ਸੁਆਮੀ ਪਰਮ ਈਸ਼ੂਰ = ਸ਼ਿਵਜੀ ਹੈ।

## ਅਰ ਸ੍ਰੀ ਵਿਸ਼ਨ; ਦੇਵ ਕੇ ਮਾਂਹੀ ॥
## ਜਾਂ ਮੈ ਕਿਛੂ; ਵਿਖਮਤਾ ਨਾਹੀ ॥੯॥

ਅਰ = ਅਤੇ ਸ੍ਰੀ ਵਿਸ਼ਨੂ ਤੇ ਦੇਵ = ਮਹਾਂਦੇਵ (ਸ਼ਿਵਜੀ) ਜਾਂ = ਜਿਨ੍ਹਾਂ ਦੇ ਮਾਂਹੀ = ਵਿਚ ਕਿਛੂ = ਕੁਝ ਵੀ ਵਿਖਮਤਾ = ਵਾਧ ਘਾਟ ਨਾਹੀ = ਨਹੀਂ ਹੈ ਭਾਵ ਦੋਵਾਂ ਵਿਚ ਕੋਈ ਫ਼ਰਕ ਨਹੀਂ ਹੈ, ਦੋਵੇਂ ਇਕ ਹੀ ਰੂਪ ਹਨ ॥੯॥

## ਸਰਬਾਤਮ; ਸਭ ਜਗ ਕੇ ਅੰਤਰ ॥
## ਵਿਆਪਿ ਰਹਿਯੋ; ਸਮ ਏਕ ਨਿਰੰਤਰ ॥

ਸਭ = ਸਾਰੇ ਜਗ = ਸੰਸਾਰ ਕੇ = ਦੇ ਅੰਤਰ = ਵਿਚ ਜੋ ਸਰਬਾਤਮ = ਸਾਰੇ ਜੀਵ ਹਨ, ਜੋ ਉਨ੍ਹਾਂ ਸਾਰਿਆਂ ਵਿਚ ਨਿਰੰਤਰ = ਹਮੇਸ਼ਾਂ ਹੀ ਏਕ ਸਮ = ਇਕ ਸਮਾਨ ਵਿਆਪਕ ਹੋ ਰਹਿਯੋ = ਰਿਹਾ ਹੈ।

## ਪੁਨਾ ਉਮਾਧਵ; ਮਾਧਵ ਦੋ ਮਾਹਿੰ ॥
## ਭੇਦ ਵਸੀ ਮਤਿ; ਮੋ ਮਹਿ ਸੋ ਨਾਹਿੰ ॥੧੦॥

ਪੁਨਾ = ਫਿਰ ਉਮਾਧਵ = ਪਾਰਬਤੀ ਦੇ ਪਤੀ ਸ਼ਿਵਜੀ ਅਤੇ ਮਾਧਵ = ਮਾਇਆ (ਲੱਛਮੀ) ਦੇ ਪਤੀ ਵਿਸ਼ਨੂੰ ਜੀ ਇਨ੍ਹਾਂ ਦੋ = ਦੋਨਾਂ ਮਾਹਿੰ = ਵਿਚ ਜੋ ਭੇਦ ਵਸੀ = ਵਸਾਉਣ ਵਾਲੀ ਭਾਵ ਜਨਾਉਣ ਮਤਿ = ਬੁੱਧੀ ਹੈ, ਭਾਵੇਂ ਸੋ = ਉਹ ਮੋ = ਮੇਰੇ ਮਹਿ = ਵਿਚ ਨਾਹਿੰ = ਨਹੀਂ ਹੈ ॥੧੦॥

## ਤਦਪਿ ਮਮ ਭਗਤੀ; ਮਧਿ ਤਾਂ ਕੇ ॥
## ਤਰੁਣ ਸਸਾਂਕ, ਸੇਖਰੇ ਜਾਂ ਕੇ ॥

ਤਦਪਿ = ਤਦ ਵੀ ਮਮ = ਮੇਰੀ ਭਗਤੀ ਤਾਂ ਕੇ = ਉਸ ਦੇ ਮਧਿ = ਵਿਚ ਹੈ, ਜਾਂ ਕੇ = ਜਿਸ ਤਰੁਣ = ਨਵੀਨ ਸਰੂਪ ਵਾਲੇ ਸ਼ਿਵਜੀ ਦੇ ਸੇਖਰੇ = ਜੂੜੇ ਉੱਤੇ ਸਸਾਂਕ = ਚੰਦਰਮਾ ਸੋਭ ਰਿਹਾ ਹੈ।

## ਭੇਦੇ ਭੇਦ; ਜਾਸ ਕਰੁਣਾ ਤੇ ॥
## ਮਮ ਅਤਿ ਭਗਤਿ; ਤਾਸ ਮੇ ਤਾਂਤੇ ॥੧੧॥

ਜਾਸ = ਜਿਸ ਦੀ ਕਰੁਣਾ = ਕਿਰਪਾ ਦੇ ਤੇ = ਨਾਲ ਮੇਰਾ ਜੀਵ-ਈਸ਼ ਦਾ ਭੇਦ ਭੇਦੇ = ਕੱਟਿਆ ਭਾਵ

ਨਾਸ਼ ਹੋ ਗਿਆ ਹੈ, ਤਾਂਤੇ = ਇਸ ਕਰਕੇ ਮਮ = ਮੇਰੀ ਅਤਿ = ਅਤਿਅੰਤ ਭਗਤੀ = ਸ਼ਰਧਾ ਤਾਸ = ਉਸ ਦੇ ਮੇ = ਵਿਚ ਹੀ ਹੈ॥੧੧॥

**ਛਪੈ ਛੰਦ॥ ਬਸੁਧਾ ਮਾਤ, ਕਬੰਧ ਬੰਧ; ਸੁਭ ਹੇ ਸਖ ਆਗੇ॥**
**ਤਾਤ ਵਾਤ, ਵਰ ਭ੍ਰਾਤ ਗਗਨ; ਮੈ ਤੁਮ ਸਭ ਆਗੇ॥**

ਹੇ ਮਾਤਾ ਰੂਪੀ ਬਸੁਧਾ = ਧਰਤੀ ! ਹੇ ਬੰਧ = ਸਬੰਧੀ ਰੂਪੀ ਕਬੰਧ = ਜਲ ! ਹੇ ਸੁਭ = ਸ੍ਰੇਸ਼ਟ ਸਖ = ਮਿੱਤਰ ਰੂਪੀ ਆਗੇ = ਅਗਨੀ ! ਹੇ ਤਾਤ = ਪਿਆਰੀ ਵਾਤ = ਹਵਾ ! ਹੇ ਵਰ = ਸ੍ਰੇਸ਼ਟ ਭ੍ਰਾਤ = ਭਰਾ ਰੂਪ ਗਗਨ = ਅਕਾਸ਼ ! ਮੈਂ ਤੁਮ = ਤੁਹਾਡੇ ਸਭ = ਸਾਰਿਆਂ ਆਗੇ = ਅੱਗੇ :

**ਏਹ ਅੰਤ ਕੀ ਨਮੋ; ਕਰ ਕਰੋ ਸਦੀਨੇ॥**
**ਤੁਮਰੇ ਸੰਗ ਪ੍ਰਤਾਪ; ਸੁਕ੍ਰਿਤ ਮੈ ਸਰਬ ਜੁ ਕੀਨੇ॥**

ਸਦੀਨੇ = ਸਹਿਤ ਦੀਨਤਾ ਦੇ ਕਰ = ਹੱਥ ਜੋੜ ਕਰਕੇ ਇਹ ਅੰਤ ਵਾਰ ਕੀ = ਦੀ ਨਮੋ = ਨਮਸਕਾਰ ਕਰੋ = ਕਰਦਾ ਹਾਂ ਕਿਉਂਕਿ ਤੁਮਰੇ = ਤੁਹਾਡੇ ਸੰਗ = ਸਾਥ ਦੇ ਪ੍ਰਤਾਪ ਕਰਕੇ ਮੈਂ ਜੋ ਵੀ ਸਰਬ = ਸਾਰੇ ਸੁਕ੍ਰਿਤ = ਸ੍ਰੇਸ਼ਟ ਕਰਮ ਕੀਨੇ = ਕੀਤੇ ਹਨ।

**ਤਿਨ ਗਿਆਨ ਭਾਨ ਨਿਰਮਲ ਕੀਯੋ; ਹਨਯੋ ਮਹਾਂ ਤਮ ਸਬ॥**
**ਮੈ ਲੀਨ ਭਯੋ ਪਾਰਬ੍ਰਹਮ; ਮੈ ਤੁਮ ਸੌਂ ਰਹਿਯੋ ਨ ਕਾਮ ਅਬ॥੧੨॥**

ਤਿਨ = ਉਨ੍ਹਾਂ ਸ੍ਰੇਸ਼ਟ ਕਰਮਾਂ ਨੇ ਮੇਰੇ ਹਿਰਦੇ ਅੰਦਰ ਨਿਰਮਲ = ਸ਼ੁੱਧ ਸਰੂਪ ਆਤਮਾ ਦਾ ਗਿਆਨ ਪ੍ਰਗਟ ਕੀਯੋ = ਕਰ ਦਿੱਤਾ ਹੈ, ਜਿਸ ਕਰਕੇ ਮਹਾਂ ਅਗਿਆਨ ਰੂਪੀ ਸਬ = ਸਾਰਾ ਤਮ = ਹਨੇਰਾ ਹਨਯੋ = ਨਾਸ਼ ਹੋ ਗਿਆ ਹੈ। ਜੋ ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰ੍ਹੇ ਬ੍ਰਹਮ ਹੈ, ਹੁਣ ਮੈਂ ਉਸ ਵਿਚ ਲੀਨ = ਅਭੇਦ ਭਯੋ = ਹੋ ਗਿਆ ਹਾਂ, ਅਬ = ਹੁਣ ਮੇਰਾ ਤੁਮ = ਤੁਹਾਡੇ ਸੌਂ = ਨਾਲ ਕੋਈ ਵੀ ਕਾਮ = ਕੰਮ ਜਾਂ ਵਾਸਤਾ ਨਹੀਂ ਰਹਿਯੋ = ਰਿਹਾ॥੧੨॥

**ਨੀਲ ਛੰਦ॥ ਮੋ ਤਜਿ ਮਾਤ ਰਮਾ; ਅਬ ਤੂੰ ਭਜਿ ਆਨ ਕਿਸੇ॥**
**ਜੋ ਤਵ ਭੋਗਨ ਹੇਤ ਭਜੇ; ਤੁਮ ਸੇਵ ਤਿਸੇ॥**

ਹੇ ਮਾਤਾ ਰੂਪ ਰਮਾ = ਲੱਛਮੀ ! ਅਬ = ਹੁਣ ਤੂੰ ਮੋ = ਮੈਨੂੰ ਤਜਿ = ਛੱਡ ਕੇ ਕਿਸੇ ਆਨ = ਹੋਰ ਨੂੰ ਤਜਿ = ਸੇਵਨਾ ਕਰ। ਜੋ = ਜਿਹੜੇ ਤਵ = ਤੈਨੂੰ ਭੋਗਨ = ਭੋਗ ਪਦਾਰਥਾਂ ਦੇ ਹੇਤ = ਵਾਸਤੇ ਭਜੇ = ਸੇਵਨਾ ਕਰਦੇ ਹਨ, ਤੁਮ = ਤੂੰ ਤਿਸੇ = ਉਨ੍ਹਾਂ ਨੂੰ ਸੇਵ = ਸੇਵਨਾ ਕਰ।

**ਮੈਂ ਨ ਚਹੋ ਭਵ ਭੋਗ; ਕਹਾਂ ਤੁਮ ਮੋਹਿ ਭਜੇ॥**
**ਲਾਗਤ ਕੀ ਨਿਸਪ੍ਰੇਹਨ ਕੀ; ਚਹਿਤੀ ਨ ਲਜੇ॥੧੩॥**

ਹੇ ਮਾਇਆ ! ਮੈਂ ਭਵ = ਸੰਸਾਰ ਦੇ ਭੋਗਾਂ ਨੂੰ ਚਹੋ = ਚਾਹੁੰਦਾ ਨਹੀਂ ਹਾਂ, ਇਸ ਕਰਕੇ ਫੇਰ ਤੁਮ = ਤੂੰ

ਮੋਹਿ = ਮੈਨੂੰ ਕਹਾਂ = ਕਿਉਂ ਭਜੇ = ਸੇਂਵਦੀ ਹੈ ਭਾਵ ਮੇਰੇ ਮਗਰ ਕਿਉਂ ਲੱਗੀ ਹੈਂ ਅਤੇ ਜੋ ਨਿਸਪ੍ਰੇਹਨ = ਕਾਮਨਾ ਤੋਂ ਰਹਿਤ ਪੁਰਸ਼ ਹਨ, ਤੂੰ ਉਨ੍ਹਾਂ ਕੀ = ਦੀ ਕੀ ਲਾਗਤ = ਲੱਗਦੀ ਹੈਂ ? ਉਨ੍ਹਾਂ ਨੂੰ ਚਹਿਤੀ = ਚਾਹੁਣ ਲੱਗਿਆਂ ਕੀ ਤੈਨੂੰ ਲਜੇ = ਸ਼ਰਮ ਨਹੀਂ ਆਉਂਦੀ ?॥੧੩॥

## ਪਾਤ੍ਰ ਪਵਿਤ੍ਰ ਪਲਾਸ ਕੇ; ਨੌ ਬਨ ਤੇ ਹਰ ਕੇ ॥
## ਸੁੰਦਰਤਾ ਪੁਟਕਾ ਕਰ ਮੈਂ; ਕਰ ਮੈਂ ਧਰਕੇ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਬਨ = ਜੰਗਲ ਤੇ = ਤੋਂ ਪਲਾਸ = ਢੱਕ ਕੇ = ਦੇ ਪਵਿਤ੍ਰ ਤੇ ਨੌ = ਨਵੇਂ, ਤਾਜ਼ੇ ਪਾਤ੍ਰ = ਪੱਤੇ ਹਰ ਕੇ = ਲਿਆ ਕਰਕੇ ਉਨ੍ਹਾਂ ਦਾ ਸੁੰਦਰ ਜਿਹਾ ਪੁਟਕਾ = ਡੋਨਾ ਬਣਾ ਕਰ ਕੇ ਤੇ ਉਸ ਨੂੰ ਕਰ = ਹੱਥ ਮੈਂ = ਵਿਚ ਧਰਕੇ = ਧਾਰਨ ਕਰ ਕੇ ਭਾਵ ਫੜ ਕਰਕੇ :

## ਭੀਖ ਪਵਿੱਤ੍ਰ ਪਵਿੱਤ੍ਰ; ਘਰੇ ਸਤਵਾਦਿ ਗਹੋਂ ॥
## ਗੰਗ ਕੇ ਪਾਥ ਕੇ ਸਾਥ ਭਖੋਂ; ਕੁਖ ਦਾਹਿ ਦਹੋਂ ॥੧੪॥

ਫਿਰ ਭਲੇ ਪੁਰਸ਼ਾਂ ਦੇ ਪਵਿੱਤਰ ਘਰ ਤੋਂ ਪਵਿੱਤਰ ਭਿੱਖਿਆ ਸਤਵਾਦਿ = ਸੱਤੂ ਆਦਿ ਗਹੋਂ = ਗ੍ਰਹਿਣ ਕਰਦਾ ਹਾਂ, ਉਸ ਨੂੰ ਗੰਗਾ ਕੇ = ਦੇ ਪਾਥ = ਪਾਣੀ ਕੇ = ਦੇ ਸਾਥ = ਨਾਲ ਉਸ ਭੋਜਨ ਨੂੰ ਭਖੋਂ = ਭਖਸ਼ਣ, ਖਾਣਾ ਕਰਦਾ ਹਾਂ, ਇਉਂ ਉਸ ਨਾਲ ਕੁਖ = ਪੇਟ ਦੀ ਦਾਹਿ = ਜਠਰਾਗਨੀ ਨੂੰ ਦਹੋਂ = ਸਾੜਦਾ ਹਾਂ ਭਾਵ ਭੁੱਖ ਨੂੰ ਮਿਟਾਉਣਾ ਕਰਦਾ ਹਾਂ॥੧੪॥

## ਸੋਰਠਾ ॥
## ਹਮ ਜੋਗੀ ਨਿਹਕਾਮ; ਪ੍ਰਾਣ ਧਰੇਂ ਇਵ ਹਰਿ ਭਜੇਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਮਾਇਆ ! ਹਮ = ਅਸੀਂ ਤਾਂ ਜੋਗੀ ਜਨ ਨਿਹਕਾਮ = ਕਾਮਨਾ ਤੋਂ ਰਹਿਤ ਹਾਂ ਤੇ ਇਵ = ਇਸ ਪ੍ਰਕਾਰ ਨਾਲ ਭਿੱਖਿਆ ਦੇ ਅੰਨ ਨਾਲ ਪ੍ਰਾਣ = ਸੁਆਸਾਂ ਨੂੰ ਧਰੇਂ = ਧਾਰਨ ਕਰਦੇ ਹੋਏ ਹਰਿ = ਹਰੀ ਪਰਮਾਤਮਾ ਦਾ ਭਜੇਂ = ਸਿਮਰਨ ਕਰਦੇ ਹਾਂ।

## ਤੁਮ ਸੋਂ ਰਹਯੋ ਨ ਕਾਮ; ਰਮੋ ਰਮਾਂ ਭੋਗੀ ਜਹਾਂ ॥੧੫॥

ਹੇ ਰਮਾਂ = ਮਾਇਆ ! ਤੁਮ = ਤੇਰੇ ਸੋਂ = ਨਾਲ ਮੇਰਾ ਕੋਈ ਕਾਮ = ਕੰਮ ਨਹੀਂ ਰਹਯੋ = ਰਿਹਾ, ਇਸ ਕਰਕੇ ਤੂੰ ਉਥੇ ਰਮੋ = ਜਾਣਾ ਕਰ, ਜਹਾਂ = ਜਿਥੇ ਭੋਗੀ ਪੁਰਸ਼ ਰਹਿੰਦੇ ਹਨ॥੧੫॥

## ਕਬਿੱਤ ॥
## ਪੂਰਬਲੇ ਦਿਨੋ ਵਿਖੇ ਤੇਰੀ ਮੇਰੀ ਪ੍ਰੀਤਿ ਸਖੇ;
## ਐਸੇ ਹੋਤ ਭਈ ਤੁਮ ਹਮ ਹਮ ਤੁਮ ਹੈਂ ॥

ਹੇ ਪਦਾਰਥਾਂ ਰੂਪ ਸਖੇ = ਮਿੱਤਰੋ ! ਪੂਰਬਲੇ = ਪਿਛਲੇ ਦਿਨੋ = ਦਿਨਾਂ ਵਿਖੇ = ਵਿਚ ਤੇਰੀ = ਤੁਹਾਡੀ ਤੇ ਮੇਰੀ ਪ੍ਰੀਤੀ ਐਸੇ = ਇਸ ਤਰ੍ਹਾਂ ਦੀ ਹੋਤ = ਹੋ ਭਈ = ਗਈ ਸੀ ਕਿ ਤੁਮ = ਤੁਸੀਂ ਹਮ = ਮੈਂ ਅਤੇ ਹਮ = ਮੈਂ ਤੁਮ = ਤੁਸੀਂ ਹੈਂ ਸੀ ਭਾਵ ਇੱਕੋ ਰੂਪ ਹੈ ਸੀ। ਅਤੇ :

## ਏਕਠੋ ਵਿਹਾਰ ਸੈਨ ਬੈਸਨ ਅਹਾਰ ਹੋਤੋ;
## ਅਬ ਕਹਾਂ ਭਯੋ, ਤੁਮ ਤੁਮ ਹਮ ਹਮ ਹੈਂ॥

ਤੁਹਾਡਾ ਤੇ ਮੇਰਾ ਸਾਰਾ ਵਿਹਾਰ, ਸੈਨ = ਸੌਣਾ, ਬੈਸਨ = ਬੈਠਣਾ ਤੇ ਅਹਾਰ = ਖਾਣਾ ਇਹ ਸਭ ਏਕਠੋ = ਇਕੱਠਾ ਹੋਤੋ = ਹੁੰਦਾ ਸੀ, ਅਬ = ਹੁਣ ਕਹਾਂ = ਕੀ ਭਯੋ = ਹੋ ਗਿਆ ਹੈ, ਜੋ ਤੁਮ ਤੁਮ = ਤੁਸੀਂ ਤੁਸੀਂ ਅਤੇ ਹਮ ਹਮ = ਮੈਂ ਮੈਂ ਹਾਂ ਭਾਵ ਪਹਿਲਾਂ ਤੇਰੇ ਮੇਰੇ ਵਿਚ ਕੋਈ ਭੇਦ ਨਹੀਂ ਸੀ, ਹੁਣ ਭੇਦ ਪੈ ਗਿਆ ਹੈ, ਕਿਉਂਕਿ ਹੁਣ ਮੈਨੂੰ ਤੁਹਾਡੀ ਜ਼ਰੂਰਤ ਨਹੀਂ ਰਹੀ।

## ਤਾਤੇ ਤਵੇ ਪਰ ਜਲ ਲਵੇ ਜਲ ਜਾਤ ਸੋਊ;
## ਜਲਜਾਤ ਪਰੇ ਟਰੇ, ਤੂੰ ਮੈਂ ਤਾਕੇ ਸਮ ਹੈਂ॥

ਕਿਉਂਕਿ ਜੇ ਤਾਤੇ = ਤੱਤੇ ਤਵੇ ਦੇ ਪਰ = ਉੱਪਰ ਜਲ = ਪਾਣੀ ਦਾ ਲਵੇ = ਕਣ (ਬੂੰਦ) ਪੈ ਜਾਵੇ ਤਾਂ ਉਹ ਜਲ ਜਾਤ = ਸੜ ਜਾਂਦਾ ਹੈ ਪਰ ਜੇ ਉਹੀ ਬੂੰਦ ਜਲਜਾਤ = ਕਮਲ ਫੁੱਲ ਦੇ ਉੱਤੇ ਪਰੇ = ਪੈ ਜਾਵੇ ਤਾਂ ਉਹ ਟਰੇ = ਖਿਸਕ ਜਾਂਦੀ ਹੈ। ਇਸ ਕਰਕੇ ਹੇ ਪਦਾਰਥੋ! ਤੁਸੀਂ ਤੇ ਮੈਂ ਇਨ੍ਹਾਂ ਦੇ ਸਮ = ਸਮਾਨ ਹਾਂ ਅਥਵਾ ਤੱਤੇ ਤਵੇ ਉੱਪਰ ਬੂੰਦ ਸੜਨ ਦੀ ਨਿਆਈਂ ਤੁਹਾਡੀ ਸੰਗਤ ਕਰਕੇ ਮੇਰਾ ਆਤਮਿਕ ਆਨੰਦ ਨਾਸ਼ ਹੋ ਜਾਂਦਾ ਹੈ ਅਤੇ ਕਮਲ ਉੱਪਰ ਬੂੰਦ ਤਿਲ੍ਹਕਣ ਵਾਂਗ ਮੇਰੀ ਸੰਗਤ ਕਰ ਕੇ ਤੁਹਾਡਾ ਭੋਗਾਨੰਦ ਨਾਸ਼ ਹੋ ਜਾਂਦਾ ਹੈ।

ਅਗਲੀ ਪੰਕਤੀ ਵਿਚ ਪਦਾਰਥਾਂ ਨਾਲੋਂ ਅਭੇਦ ਅਵਸਥਾ ਨਾਸ਼ ਹੋਣ ਦਾ ਅਤੇ ਭੇਦ ਪੈਣ ਦਾ ਕਾਰਨ ਦੱਸਦੇ ਹਨ:

## ਆਦਿ ਨਿਰਭੇਦ ਵਤੀ ਮਤੀ ਨਿਰਵੇਦ ਹਤੀ;
## ਤੋਰਾ ਮੋਹ ਤੋਰਾ ਮੋਹਾ, ਤਾਂਤੇ ਉਪਰਮ ਹੈ॥੧੯॥

ਜੋ ਆਦਿ = ਪਹਿਲੇ ਕਾਲ ਵਿਚ ਪਦਾਰਥਾਂ ਨਾਲ ਨਿਰਭੇਦ = ਇਕ-ਰਸ ਰੰਗੀ ਰਹਿਣ ਵਤੀ = ਵਾਲੀ ਮਤੀ = ਬੁੱਧੀ ਸੀ, ਉਸ ਨੂੰ ਨਿਰਵੇਦ = ਵੈਰਾਗ ਨੇ ਹਤੀ = ਨਾਸ਼ ਕਰ ਦਿੱਤਾ ਹੈ ਅਤੇ ਜੋ ਮੇਰੇ ਮਨ ਦੇ ਵਿਚ ਤੇਰਾ ਮੋਹ ਸੀ, ਉਹ ਮੋਹ ਵੀ ਵੈਰਾਗ ਨੇ ਤੋਰਾ = ਤੋੜ ਭਾਵ ਨਾਸ਼ ਕਰ ਦਿੱਤਾ ਹੈ ਤਾਂਤੇ = ਇਸ ਕਰਕੇ ਮੈਂ ਹੁਣ ਤੁਹਾਡੇ ਵੱਲੋਂ ਉਪਰਮ = ਉਪਰਾਮ ਹਾਂ॥੧੯॥

## ਤੋਟਕ ਛੰਦ॥
## ਹਮ ਭੋਜਨ; ਭੀਖ ਕੋ ਅੰਨ ਕਰੇਂ॥
## ਦਿਗ ਚਾਰ ਕੇ; ਅੰਬਰ ਚਾਰੁ ਧਰੇਂ॥

ਭਰਥਰੀ ਜੀ ਕਥਨ ਕਰਦੇ ਹਨ ਕਿ ਹਮ = ਅਸੀਂ ਜੋਗੀ ਜਨ ਭਿੱਖਿਆ ਕੋ = ਦੇ ਅੰਨ ਦਾ ਹੀ ਭੋਜਨ ਕਰੇਂ = ਕਰਦੇ ਹਾਂ ਅਤੇ ਚਾਰ ਦਿਗ = ਦਿਸ਼ਾਵਾਂ ਕੇ = ਦੇ ਹੀ ਚਾਰੁ = ਸੁੰਦਰ ਅੰਬਰ = ਕੱਪੜੇ ਧਰੇਂ = ਧਾਰਨ ਕਰਦੇ ਹਾਂ ਭਾਵ ਲੰਗੋਟੀ ਹੀ ਪਾਉਣਾ ਕਰਦੇ ਹਾਂ। ਅਤੇ:

## ਕਲ ਭੂਤਲ ਪੈ; ਸੁਖ ਸੰਗ ਸਮੇਂ॥
## ਕਛੁ ਕਾਜ ਨ; ਰਾਜਨ ਸਾਥ ਹਮੇ॥੧੭॥

ਅਸੀਂ ਕਲ = ਸੁੰਦਰ ਭੂਤਲ = ਜ਼ਮੀਨ ਪੈ = ਉੱਤੇ ਸੁਖ ਦੇ ਸੰਗ = ਨਾਲ ਸਮੇਂ = ਸੌਣਾ ਕਰਦੇ ਹਾਂ। ਇਸ ਕਰਕੇ ਹਮੇ = ਸਾਡਾ ਰਾਜਨ = ਰਾਜੇ ਲੋਕਾਂ ਸਾਥ = ਨਾਲ ਕਛੁ = ਕੁਝ ਵੀ ਕਾਜ = ਕੰਮ ਨਹੀਂ ਹੈ॥੧੭॥

## ਨਟੁ ਭਾਟ; ਭਿਰਾਵਟ ਗੀਤਕ ਨਾ॥
## ਪਰ ਦ੍ਰੋਹ ਵਿਖੇ; ਹਮ ਪ੍ਰੀਤਚ ਨਾ॥

ਨਾ ਮੈਂ ਨਟੁ = ਨਾਟਕ (ਤਮਾਸ਼ਾ) ਕਰਨ ਵਾਲਾ ਹਾਂ, ਨਾ ਮੈਂ ਭਾਟੁ = ਭੱਟ ਹਾਂ, ਨਾ ਮੈਂ ਭਿਰਾਵਟ = ਰੂਪ ਬਦਲਣ ਵਾਲਾ ਭਾਵ ਬਹੁਰੂਪੀਆ ਹਾਂ, ਨਾ ਹੀ ਮੈਂ ਗੀਤਕ = ਗਵੱਈਆ ਹਾਂ ਅਤੇ ਨਾ ਮੈਂ ਪਰ = ਪਰਾਏ ਨਾਲ ਦ੍ਰੋਹ = ਵੈਰ ਕਰਨ ਵਾਲਾ ਹਾਂ, ਨਾ ਹੀ ਹਮ = ਮੈਂ ਝਗੜੇ ਕਰਨ ਵਿਖੇ = ਵਿਚ ਪ੍ਰੀਤਚ = ਪ੍ਰੀਤੀ ਰੱਖਦਾ ਹਾਂ।

## ਕੁਚ ਭਾਰ ਨਿਮੀ; ਲਲਨਾ ਨ ਹਮੇ॥
## ਨ੍ਰਿਪ ਧਾਮ ਸਖੇ; ਕਿਤ ਕਾਮ ਰਮੇ॥੧੮॥

ਅਤੇ ਨਾ ਹੀ ਹਮੇ = ਮੈਂ ਭਾਰੀ ਤੇ ਮੋਟੇ ਕੁਚ = ਅਸਥਨਾਂ ਦੇ ਭਾਰ ਨਾਲ ਨਿਮੀ = ਝੁਕੀ ਹੋਈ ਲਲਨਾ = ਇਸਤਰੀ ਹਾਂ, ਇਸ ਕਰਕੇ ਹੇ ਸਖੇ = ਮਿੱਤਰ! ਤੂੰ ਮੈਨੂੰ ਦੱਸਣਾ ਕਰ ਕਿ ਮੈਂ ਨ੍ਰਿਪ = ਰਾਜੇ ਲੋਕਾਂ ਦੇ ਧਾਮ = ਘਰਾਂ ਵਿਚ ਫਿਰ ਕਿਤ = ਕਿਸ ਕਾਮ = ਕੰਮ ਲਈ ਰਮੇ = ਜਾਣਾ ਕਰਾਂ॥੧੮॥

## ਕਬਿੱਤ॥
## ਸੂਛ ਬਿਵਹਾਰ ਬਨਾਂ, ਦੀਨਤਾ ਅਹਾਰ ਬਨਾ;
## ਸਦਾਚਾਰ ਵਾਰ ਜਨਾਂ, ਬੀਚ ਬਾਸ ਲਯੋ ਹੈ॥

ਹੁਣ ਮੇਰਾ ਬਿਵਹਾਰ = ਬਿਉਹਾਰ ਸੂਛ = ਸ਼ੁੱਧ ਬਨਾਂ = ਬਣ ਗਿਆ ਹੈ, ਦੀਨਤਾ = ਦੀਨ ਨਹੀਂ ਹੋਣਾ ਪੈਂਦਾ ਅਤੇ ਹੁਣ ਭਿੱਖਿਆ ਰੂਪ ਅਹਾਰ = ਭੋਜਨ ਬਨਾ = ਬਣ ਗਿਆ ਹੈ, ਸਦਾਚਾਰ = ਸ੍ਰੇਸ਼ਟ ਆਚਰਣ ਵਾਰ = ਵਾਲੇ ਸੰਤ ਜਨਾਂ ਬੀਚ = ਵਿਚ ਮੈਂ ਬਾਸ = ਵੱਸਣਾ ਕਰ ਲਯੋ = ਲਿਆ ਹੈ।

## ਬੇਦਾਧੈਨ ਬ੍ਰਹਮਾਦਿਕ ਸ਼ਾਂਤਿ ਫਲ ਲਾਭ ਇਕ;
## ਮੰਦ ਮੰਦ ਮਨ ਕੋ ਸੁ ਪੰਧ ਦਰਸਯੋ ਹੈ॥

ਜੋ ਸੰਤ ਜਨ (ਬੇਦ + ਅਧੈਨ) ਬੇਦ ਆਦਿਕ ਧਾਰਮਿਕ ਗ੍ਰੰਥਾਂ ਨੂੰ ਅਧੈਨ = ਪੜ੍ਹਨ ਵਾਲੇ ਅਤੇ ਬ੍ਰਹਮਾਦਿਕ = ਬ੍ਰਹਮ ਦ੍ਰਿਸ਼ਟੀ ਵਾਲੇ ਹਨ, ਜਿਨ੍ਹਾਂ ਕੋਲੋਂ ਇਕ ਸ਼ਾਂਤੀ ਰੂਪੀ ਫਲ ਲਾਭ = ਪ੍ਰਾਪਤ ਹੁੰਦਾ ਹੈ, ਸੋ ਉਨ੍ਹਾਂ ਨੇ ਮੇਰੇ ਮਨ ਕੋ = ਨੂੰ ਮੰਦ ਮੰਦ = ਹੌਲੀ-ਹੌਲੀ ਆਤਮਿਕ ਗਿਆਨ ਦਾ ਪੰਧ = ਰਸਤਾ ਦਰਸਯੋ = ਦਿਖਾ ਦਿੱਤਾ ਹੈ।

## ਐਸੇ ਗੁਣੋਂ ਸੋਂ ਸਪੰਨ ਭਯੋ ਅਬ ਮੇਰੇ ਮਨ ਕੋ;
## ਉਦਾਰ ਪੁਨ ਜਿਨ ਐਸੇ ਫਲ ਦਯੋ ਹੈ॥

ਜੋ ਦੈਵੀ ਸੰਪਦਾ ਰੂਪ ਗੁਣ ਗ੍ਰੰਥਾਂ ਵਿਚ ਵਰਣਨ ਕੀਤੇ ਭਯੋ = ਹੋਏ ਹਨ, ਸੰਤ ਜਨਾਂ ਨੇ ਐਸੇ = ਇਸ ਪ੍ਰਕਾਰ ਦੇ ਗੁਣੋਂ = ਗੁਣਾਂ ਸੋਂ = ਨਾਲ ਅਬ = ਹੁਣ ਮੇਰੇ ਮਨ ਕੋ = ਨੂੰ ਸਪੰਨ = ਸੰਪੂਰਨ ਕਰ ਦਿੱਤਾ ਹੈ, ਮੈਨੂੰ ਲੱਗਦਾ ਹੈ ਕਿ ਪਿਛਲੇ ਜਨਮ ਦਾ ਕੋਈ ਮੇਰਾ ਉਦਾਰ = ਸ੍ਰੇਸ਼ਟ ਪੁੰਨ ਕਰਮ ਹੋਵੇਗਾ, ਜਿਨ = ਜਿਸ ਨੇ ਮੈਨੂੰ ਐਸੇ = ਇਸ ਤਰ੍ਹਾਂ ਦਾ ਸ੍ਰੇਸ਼ਟ ਫਲ ਦਯੋ = ਦੇਣਾ ਕੀਤਾ ਹੈ।

## ਚਿਰ ਰਾਤੇ ਮਾਹਿ ਸੋਧਾ, ਨਾਹਿ ਹਮ ਤਾਂਹਿ ਬੋਧਾ;
## ਤਪੁ ਤੋ ਨ ਕੋਊ ਕੀਓ, ਹਰਿ ਦਯਾਲ ਭਯੋ ਹੈ॥੧੯॥

ਇਸ ਗੱਲ ਨੂੰ ਮੈਂ ਬਹੁਤ ਚਿਰਾਂ ਤੋਂ ਦਿਨ ਤੇ ਰਾਤਾਂ ਵਿਚ ਸੋਧਾ = ਸੋਧਣਾ ਭਾਵ ਸਮਝਣਾ ਕੀਤਾ ਹੈ, ਪਰ ਹਮ = ਮੈਂ ਤਾਂਹਿ = ਉਸ ਸ੍ਰੇਸ਼ਟ ਕਰਮ ਬਾਰੇ ਬੋਧਾ = ਜਾਣ ਨਹੀਂ ਸਕਿਆ, ਨਾ ਤੋ = ਤਾਂ ਕੋਊ = ਕੋਈ ਮੈਂ ਤਪ ਆਦਿਕ ਕੀਓ = ਕੀਤਾ ਹੈ, ਬਸ ਹੁਣ ਤਾਂ ਇਹੀ ਨਿਸ਼ਚਾ ਹੈ ਕਿ ਹਰਿ = ਹਰੀ ਪਰਮਾਤਮਾ ਆਪ ਹੀ ਮੇਰੇ ਦੀਨ ਉੱਤੇ ਦਯਾਲ = ਦਿਆਲੂ ਭਯੋ = ਹੋਇਆ ਹੈ, ਜਿਸ ਕਰਕੇ ਮੈਨੂੰ ਇਹ ਸਭ ਕੁਝ ਪ੍ਰਾਪਤ ਹੋ ਗਿਆ ਹੈ॥੧੯॥

## ਦੋਹਰਾ॥
## ਭਰਤ ਸ਼ਤਕ ਵੈਰਾਗ ਕੋ; ਅਲ ਨੌਮੋ ਅਧਯਾਇ॥

ਭਰਤ = ਭਰਥਰੀ ਜੀ ਦੇ ਵੈਰਾਗ ਸ਼ਤਕ ਨਾਮੀ ਗ੍ਰੰਥ ਕੋ = ਦਾ ਨੌਮੋ = ਨੌਵਾਂ ਅਧਿਆਇ ਅਲ = ਸੰਪੂਰਨ ਹੋ ਗਿਆ ਹੈ।

## ਤਾਮੇ ਅਨੁਭਵ ਭਰਤ ਕੋ; ਗਾਯੋ ਕਵਿ ਸਤਿ ਭਾਇ॥੨੦॥

ਤਾਮੇ = ਇਸ ਅਧਿਆਇ ਵਿਚ ਭਰਤ = ਭਰਥਰੀ ਜੀ ਦੇ ਅਨੁਭਵ ਕੋ = ਨੂੰ ਕਵੀ ਪੰਡਿਤ ਹਰਿਦਯਾਲ ਜੀ ਨੇ ਸਤਿ = ਸੱਚੇ ਭਾਇ = ਪ੍ਰੇਮ ਨਾਲ ਗਾਯੋ = ਗਾਉਣਾ ਭਾਵ ਵਰਣਨ ਕੀਤਾ ਹੈ॥੨੦॥

## ਇਤਿ ਨੌਵਾਂ ਅਧਯਾਯ॥੯॥

ਇਥੇ ਨੌਵੇਂ ਅਧਿਆਇ ਦੀ ਇਤਿ = ਸਮਾਪਤੀ ਹੁੰਦੀ ਹੈ॥੯॥

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਦਸਵਾਂ ਅਧਯਾਯ ਅਰੰਭ ॥

ਅਥ = ਹੁਣ ਦਸਵਾਂ ਅਧਿਆਇ ਪ੍ਰਾਰੰਭ ਕਰਦੇ ਹਨ।

## ਦੋਹਰਾ ॥

### ਕਰੁਣਾ ਕਰਿ ਦਸਮੇ ਭਨੇ; ਸਾਧਾਰਣ ਉਪਦੇਸ ॥

ਇਸ ਦਸਵੇਂ ਅਧਿਆਇ ਵਿਚ ਭਰਥਰੀ ਹਰੀ ਜੀ ਨੇ ਕਰੁਣਾ = ਕਿਰਪਾ ਕਰ ਕੇ ਸਾਧਾਰਣ ਉਪਦੇਸ = ਸਿੱਖਿਆ ਭਨੇ = ਉਚਾਰਣ ਕੀਤੀ ਹੈ।

### ਰਵਿ ਸ਼ਲੋਕ ਕਰਿ ਜਨੋਂ ਕੇ; ਹਨੇ ਕਲੇਸ਼ ਅਸੇਸ਼ ॥੧॥

ਜਿਸ ਦੇ ਰਵਿ = ਬਾਰਾਂ ਸਲੋਕ ਰਚ ਕਰਕੇ ਜਨੋ = ਪੁਰਸ਼ਾਂ ਕੇ = ਦੇ ਅਸੇਸ਼ = ਸਾਰੇ ਹੀ ਕਲੇਸ਼ = ਦੁੱਖ ਹਨੇ = ਨਾਸ਼ ਕਰਨਾ ਕੀਤੇ ਹਨ ॥੧॥

## ਨਰਾਜ ਛੰਦ ॥

### ਵਚਿਤ੍ਰ ਏ ਚਰਿਤ੍ਰ ਜੋ; ਭਯੋਤਪੰਨ ਲੋਕ ਮੈ ॥
### ਮਨਾਕ ਮਾਤ੍ਰ ਖੇਮ ਰੂਪ; ਤਾਸ ਨ ਵਿਲੋਕ ਮੈ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਏ = ਇਹ ਜੋ ਵਚਿਤ੍ਰ = ਅਦਭੁਤ ਚਰਿਤ੍ਰ = ਆਚਾਰ ਰੂਪ ਪਦਾਰਥ ਇਸ ਲੋਕ ਮੈ = ਵਿਚ (ਭਯ + ਉਤਪੰਨ) ਉਤਪੰਨ = ਪੈਦਾ ਭਯ = ਹੋ ਰਹੇ ਹਨ, ਮੈਂ ਤਾਸ = ਉਨ੍ਹਾਂ ਨੂੰ ਮਨਾਕ = ਥੋੜ੍ਹੇ ਮਾਤਰ ਵੀ ਖੇਮ = ਸੁਖ ਰੂਪ ਨ = ਨਹੀਂ ਵਿਲੋਕ = ਵੇਖਦਾ।

### ਵਿਪਾਕ ਪੁੰਨ ਪੁੰਜ ਕੋ; ਵਿਚਾਰ ਹੌਂ ਅਹੰ ਜਬੈ ॥
### ਵਹੀ ਅਨੰਤ ਭੀਤ ਕੋ; ਜਨੰਤ ਹੈਂ ਸਹੀ ਤਬੈ ॥੨॥

ਜਬੈ = ਜਦੋਂ ਅਹੰ = ਮੈਂ ਆਪਣੇ ਮਨ ਦੇ ਵਿਚ ਪੁੰਜ = ਸਮੂਹ ਪੁੰਨ ਰੂਪ ਸਕਾਮ ਵਿਪਾਕ = ਕਰਮਾਂ ਦੇ

ਫਲ ਦੀ ਵਿਚਾਰ ਕਰਨੀ ਕਰਦਾ ਹੌਂ = ਹਾਂ, ਤਬੈ = ਤਦੋਂ ਇਹ ਸਹੀ = ਨਿਸ਼ਚਾ ਹੋ ਜਾਂਦਾ ਹੈ ਕਿ ਵਹੀ = ਉਹੀ ਸਕਾਮ ਕਰਮ ਅਨੰਤ = ਬੇਅੰਤ ਭੀਤ = ਭੈ ਨੂੰ ਜਨੰਤ = ਪੈਦਾ ਕਰਨ ਵਾਲੇ ਹਨ ॥੨॥

## ਮਹਾਨ ਪੁੰਨ ਬਿਰਧ ਕੋ; ਕਲੇਸ਼ ਧਾਰ ਜੋ ਕਰੇ ॥
## ਮਹਾਨ ਭੋਗ ਨਾਰਿ ਲੌਂ; ਬਸੇ ਤਬੇ ਚਿਰੰ ਘਰੇ ॥

ਜੋ = ਜੇਕਰ ਕੋਈ ਆਪਣੇ ਸਰੀਰ ਤੇ ਅਨੇਕਾਂ ਕਲੇਸ਼ = ਦੁੱਖ ਧਾਰ ਕੇ ਭਾਵ ਸਹਾਰ ਕੇ ਮਹਾਨ ਪੁੰਨ ਕਰਮਾਂ ਕੋ = ਦਾ ਬਿਰਧ = ਵਧਾਉਣਾ ਕਰਦਾ ਹੈ, ਤਬੇ = ਤਦੋਂ ਫਿਰ ਮਹਾਨ = ਵੱਡੇ-ਵੱਡੇ ਭੋਗਾਂ ਤੋਂ ਲੈ ਕੇ ਨਾਰਿ = ਇਸਤਰੀ ਲੌਂ = ਤਕ, ਇਹ ਬੇਅੰਤ ਸੁਖ ਉਸ ਦੇ ਘਰੇ = ਘਰ ਵਿਚ ਚਿਰੰ = ਬਹੁਤ ਦੇਰ ਤਕ ਵੱਸਦੇ ਹਨ।

## ਦਰਿਸ਼ਟ ਮਾਨ ਭੋਗ ਜੇ; ਸਰਾਗ ਸੋ ਭੁਗੰਤ ਹੈਂ ॥
## ਲਖੇ ਨ ਜੰਤ ਕਾਲ ਕੋ; ਜੋ ਕੌਨ ਕਾਲ ਹੰਤ ਹੈਂ ॥੩॥

ਫਿਰ ਜੇ = ਜਿਹੜਾ ਕੋਈ ਪੁਰਸ਼ ਸੋ = ਇਨ੍ਹਾਂ ਦ੍ਰਿਸ਼ਟਮਾਨ ਭੋਗਾਂ ਨੂੰ ਸਰਾਗ = ਪ੍ਰੇਮ ਸਹਿਤ ਭੁਗੰਤ = ਭੋਗਣਾ ਕਰਦਾ ਹੈ, ਉਹ ਜੰਤ = ਜੀਵ ਕਾਲ = ਮੌਤ ਕੋ = ਨੂੰ ਲਖੇ = ਜਾਣਦਾ ਹੀ ਨਹੀਂ ਹੈ, ਜੋ = ਜਿਹੜੀ ਕਾਲ = ਮੌਤ ਕੌਨ = ਕਿਹੜੇ ਵੇਲੇ ਵੀ ਹੰਤ = ਨਾਸ਼ ਕਰ ਸਕਦੀ ਹੈ ॥੨॥

## ਵਿਖੇ ਪੁਮਾਨ ਦੋ ਵਿਖੇ; ਅਵਸ ਏਕ ਤੋ ਟਰੇ ॥
## ਚਲੇ ਪਤੰਤ੍ਰ ਭੋਗ ਜੇ; ਅਨੰਤ ਰੋਗ ਕੋ ਧਰੇ ॥

ਇਸਤਰੀ ਦੇ ਵਿਖੇ = ਵਿਸ਼ੇ ਭੋਗ ਜਾਂ ਪੁਮਾਨ = ਪੁਰਖ, ਇਨ੍ਹਾਂ ਦੋ = ਦੋਨਾਂ ਵਿਖੇ = ਵਿੱਚੋਂ ਏਕ = ਇਕ ਤੋ = ਤਾਂ ਅਵਸ = ਜ਼ਰੂਰ ਹੀ ਟਰੇ = ਨਾਸ਼ ਹੋ ਜਾਵੇਗਾ। ਜੇ = ਜਿਹੜੇ ਵਿਸ਼ੇ ਭੋਗਾਂ ਦੇ ਪਤੰਤ੍ਰ = ਅਧੀਨ ਹੋ ਕੇ ਇਹ ਜੀਵ ਚਲੇ = ਚੱਲ ਰਿਹਾ ਹੈ, ਜੇਕਰ ਕਿਤੇ ਇਸਤਰੀ ਮਰ ਜਾਵੇ ਜਾਂ ਪਦਾਰਥ ਨਸ਼ਟ ਹੋ ਜਾਣ, ਤਦ ਫੇਰ ਇਨ੍ਹਾਂ ਭੋਗਾਂ ਤੋਂ ਅਨੰਤ = ਅਨੇਕਾਂ ਰੋਗ ਭਾਵ ਦੁੱਖਾਂ ਕੋ = ਨੂੰ ਧਰੇ = ਧਾਰਨ, ਸਹਾਰਨਾ ਕਰਦਾ ਹੈ।

## ਜਨਾਪ ਜੋ ਤਜੇ ਇਨੇ; ਭਜੇ ਨਿਜਾਪ ਕੋ ਤਬੇ ॥
## ਮਤੋ ਸਮਸਟ ਕੋ ਅਮੂ; ਨ ਹੋਤ ਅਨੰਥਾ ਕਬੇ ॥੪॥

ਜੋ = ਜਿਹੜਾ (ਜਨ + ਅਪ) ਜਨ = ਪੁਰਸ਼ ਆਪਣੇ ਆਪ ਇਨੇ = ਇਨ੍ਹਾਂ ਵਿਸ਼ਿਆਂ ਆਦਿਕਾਂ ਨੂੰ ਤਜੇ = ਤਿਆਗ ਦਿੰਦਾ ਹੈ ਅਤੇ ਨਿਜਾਪ = ਆਪਣੇ ਆਤਮ ਸਰੂਪ ਕੋ = ਨੂੰ ਭਜੇ = ਭਜਣਾ ਕਰਦਾ ਹੈ, ਤਬੇ = ਤਦੋਂ ਉਸ ਨੂੰ ਕੋਈ ਦੁੱਖ ਆਦਿਕ ਭੋਗਣਾ ਨਹੀਂ ਪੈਂਦਾ ਬਲਕਿ ਆਤਮਿਕ ਸੁਖ ਪ੍ਰਾਪਤ ਕਰ ਕੇ ਆਨੰਦ ਹੀ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਸਮਸਟ = ਸਾਰੇ ਸੰਤ ਜਨਾਂ ਕੋ = ਦਾ ਅਮੂ = ਇਹੋ ਹੀ ਮਤੋ = ਮੱਤ ਹੈ ਕਿ ਇਨ੍ਹਾਂ ਅਨੰਥਾ = ਝੂਠੇ ਵਿਸ਼ਿਆਂ ਨੂੰ ਤਿਆਗੇ ਤੋਂ ਬਿਨਾਂ ਅਤੇ ਆਤਮਿਕ ਵਿਚਾਰ ਤੋਂ ਬਿਨਾਂ ਕਬੇ = ਕਦੇ ਵੀ ਸੁਖ ਪ੍ਰਾਪਤ ਨਹੀਂ ਹੋਤ = ਹੁੰਦਾ ॥੪॥

## ਨਿਕਾਮ ਮੋਖ ਕੋ ਕਰੋਂ; ਸਕਾਮ ਤੇ ਜਮੇਂ ਮਰੇਂ ॥
## ਅਹੋ ਸਕਾਮ ਕਾਮ ਜੋ; ਤਥਾਪਿ ਮੂੜ੍ਹ ਸੰਚਰੇ ॥

ਨਿਕਾਮ = ਕਾਮਨਾ ਤੋਂ ਰਹਿਤ ਹੋ ਕਰਕੇ ਕੀਤੇ ਹੋਏ ਨਿਸ਼ਕਾਮ ਕਰਮ ਅੰਤਸ਼ਕਰਣ ਦੀ ਸ਼ੁੱਧੀ ਕਰਦੇ ਹਨ, ਫਿਰ ਅੰਤਸ਼ਕਰਣ ਦੀ ਸ਼ੁੱਧੀ ਹੋਣ ਤੋਂ ਇਹ ਕਰਮ ਪੁਰਖ ਨੂੰ ਮੋਖ = ਮੁਕਤ ਕਰੋ = ਕਰਾ ਦਿੰਦੇ ਹਨ ਅਤੇ ਸਕਾਮ = ਕਾਮਨਾ ਦੇ ਸਹਿਤ ਹੋ ਕਰਕੇ ਕੀਤੇ ਹੋਏ ਕਰਮ ਜੀਵ ਨੂੰ ਜਮੇਂ = ਜੰਮਣ ਤੇ ਮਰੇਂ = ਮਰਨ ਵਿਚ ਪਾ ਦਿੰਦੇ ਹਨ। ਅਹੋ = ਅਸਚਰਜ ਹੈ ਕਿ ਇਹ ਸਭ ਕੁਝ ਜਾਣਦੇ ਹੋਇਆਂ ਤਥਾਪਿ = ਤਦ ਵੀ ਮੂੜ੍ਹ = ਮੂਰਖ ਜੀਵ ਇਨ੍ਹਾਂ ਸਕਾਮ ਕਾਮ = ਕਰਮਾਂ ਵਿਚ ਸੰਚਰੇ = ਪ੍ਰਵੇਸ਼ ਹੋ ਰਿਹਾ ਹੈ ਭਾਵ ਸਕਾਮ ਕਰਮਾਂ ਵਿਚ ਹੀ ਲੱਗ ਰਿਹਾ ਹੈ।

## ਲਖੇ ਸਕਾਮ ਕਾਮ ਕੋ; ਤਤੱਗ ਅੱਗ ਕੇ ਸਮਾ ॥
## ਹਹਾ ਕਹਾ ਬ੍ਰਿਥਾ ਬਿਤੇ; ਸੁ ਅੱਗ ਤਾਹਿ ਕੋ ਸਮਾ ॥੫॥

ਪਰੰਤੂ ਤਤੱਗ = ਤਤਵੇਤਾ ਮਹਾਂਪੁਰਸ਼ ਇਨ੍ਹਾਂ ਸਕਾਮ ਕਾਮ = ਕਰਮਾਂ ਕੋ = ਨੂੰ ਅੱਗ ਕੇ = ਦੇ ਸਮਾ = ਸਮਾਨ ਸਾੜਨ ਵਾਲੇ ਲਖੇ = ਜਾਣਦਾ ਹੈ, ਭਰਥਰੀ ਜੀ ਕਹਾ = ਕਥਨ ਕਰਦੇ ਹਨ ਕਿ ਹਹਾ = ਹਾਇ! ਮੈਨੂੰ ਸ਼ੋਕ ਹੈ ਕਿ ਸੁ = ਉਨ੍ਹਾਂ ਅੱਗ = ਅਗਿਆਨੀ ਜੀਵਾਂ ਕੋ = ਦਾ ਸਾਰਾ ਸਮਾਂ ਬ੍ਰਿਥਾ = ਵਿਅਰਥ ਹੀ ਤਾਹਿ = ਉਨ੍ਹਾਂ ਸਕਾਮ ਕਰਮਾਂ ਵਿਚ ਬਿਤੇ = ਬੀਤ ਰਿਹਾ ਹੈ ॥੫॥

## ਦੋਹਰਾ ॥
## ਮੁਕਤਿ ਹੇਤੁ ਨਿਹਕਾਮ ਹੈ; ਭੁਕਤ ਦੇਤ ਸਹਕਾਮ ॥

ਹੇ ਭਾਈ! ਜੋ ਨਿਹਕਾਮ = ਨਿਸ਼ਕਾਮ ਭਾਵ ਕਾਮਨਾ ਤੋਂ ਰਹਿਤ ਹੋ ਕਰਕੇ ਕਰਮ ਕਰਨੇ ਹਨ, ਇਹ ਤਾਂ ਮੁਕਤੀ ਦਾ ਹੇਤੁ = ਕਾਰਨ ਹਨ ਭਾਵ ਮੁਕਤ ਹੋਣ ਵਿਚ ਸਹਾਇਕ ਹਨ ਅਤੇ ਜੋ ਸਹਕਾਮ = ਕਾਮਨਾ ਦੇ ਸਹਿਤ ਹੋ ਕਰਕੇ ਕਰਮ ਕਰਨੇ ਹਨ, ਉਹ ਭੁਕਤ = ਭੋਗਣ ਵਾਸਤੇ ਧਨ ਆਦਿਕ ਪਦਾਰਥ ਦੇਤ = ਦੇਣਾ ਕਰਦੇ ਹਨ।

## ਕੇਵਲ ਦੁਖ ਨਮਿਤ ਹੈ; ਤਜੋ ਜਨੋ ਅਪ ਕਾਮ ॥੬॥

ਇਹ ਸਕਾਮ ਕਰਮ ਕੇਵਲ = ਸਿਰਫ਼ ਦੁੱਖਾਂ ਦਾ ਹੀ ਨਮਿਤ = ਕਾਰਨ ਹਨ, ਇਸ ਕਰਕੇ ਹੇ ਜਨੋ = ਪੁਰਸ਼ੋ! ਇਨ੍ਹਾਂ ਅਪ ਕਾਮ = ਖੋਟੇ ਕਰਮਾਂ ਨੂੰ ਤਜੋ = ਤਿਆਗਣਾ ਕਰੋ ॥੬॥

## ਕਬਿੱਤ ॥ ਸਲਲ ਕਲੋਲ ਤੁਲ ਆਉਖਾ ਚਪਲ ਕੁਲ;
## ਜੋਬਨ ਕੀ ਦੁਤ ਪਲ ਕਿਛੁ ਇਸਥਿਤ ਹੈ ॥

ਸਲਲ = ਪਾਣੀ ਦੀਆਂ ਕਲੋਲ = ਲਹਿਰਾਂ ਤੁਲ = ਸਮਾਨ ਇਹ ਕੁਲ = ਤਮਾਮ ਆਉਖਾ = ਉਮਰ ਚਪਲ = ਚੰਚਲ ਹੈ ਭਾਵ ਛਿਨ-ਛਿਨ ਕਾਲ ਵਿਚ ਗੁਜ਼ਰਦੀ ਜਾ ਰਹੀ ਹੈ ਅਤੇ ਜੋਬਨ = ਜਵਾਨੀ ਕੀ = ਦੀ

ਦੁਤ = ਸ਼ੋਭਾ ਵੀ ਕਿਛੁ = ਕੁਝ ਕੁ ਪਲ ਹੀ ਇਸਥਿਤ = ਸਥਿਰ ਰਹਿਣ ਵਾਲੀ ਹੈ। ਇਸ ਨੂੰ ਨਾਸ਼ ਹੁੰਦਿਆਂ ਬਹੁਤੀ ਦੇਰ ਨਹੀਂ ਲੱਗਣੀ ਹੈ।

## ਚਲ ਚਿਤ ਕੇ ਸਮਾਨ ਭਾਵ ਸਭਿ ਹਾਨ ਵਾਨ;
## ਘਟਾ ਵਿਖੇ ਛਟਾਵਤ ਭੋਗ ਮਾਲ ਇਤ ਹੈ॥

ਜਿਹੜੇ ਭਾਵ = ਪਦਾਰਥ ਚਿੱਤ ਕੇ = ਦੇ ਸਮਾਨ ਚਲ = ਚੰਚਲ ਹਨ, ਉਹ ਸਭ = ਸਾਰੇ ਹੀ ਇਕ ਖਿਨ ਵਿਚ ਹਾਨ = ਨਾਸ਼ ਹੋਣ ਵਾਨ = ਵਾਲੇ ਹਨ, ਬੱਦਲਾਂ ਦੀਆਂ ਕਾਲੀਆਂ ਘਟਾਂ ਵਿਖੇ = ਵਿਚਲੀ ਛਟਾਵਤ = ਬਿਜਲੀ ਦੀ ਨਿਆਈਂ ਇਤ = ਇਨ੍ਹਾਂ ਭੋਗ ਪਦਾਰਥਾਂ ਦੀ ਮਾਲਾ ਹੈ **ਅਥਵਾ** ਜਿਵੇਂ ਕਾਲੀਆਂ ਘਟਾਂ ਦੇ ਵਿਚ ਬਿਜਲੀ ਕਦੇ ਕਿਸੇ ਥਾਂ ਤੇ ਕਿਸੇ ਥਾਂ ਲਿਸ਼ਕਾਰੇ ਮਾਰਦੀ ਹੈ, ਇਸੇ ਪ੍ਰਕਾਰ ਪਦਾਰਥਾਂ ਦੀ ਮਾਲਾ ਹੈ, ਜੋ ਕਦੇ ਕਿਸੇ ਕੋਲ ਤੇ ਕਦੇ ਕਿਸੇ ਕੋਲ ਚਲੀ ਜਾਂਦੀ ਹੈ।

## ਕੰਠ ਸੋਂ ਅਲਿੰਗਨਾ ਮਹਾਨ ਪੀਨ ਅੰਗਨਾ ਕੋ;
## ਤਾਤੇ ਜੋ ਅਨੰਦ ਨਾਹਿ ਚਿਰ ਸੋ ਰਹਿਤ ਹੈ॥

ਜਿਵੇਂ ਮਹਾਨ = ਬਹੁਤੇ ਪੀਨ = ਵੱਡੇ ਅਸਥਨਾਂ ਵਾਲੀ ਅੰਗਨਾ = ਇਸਤਰੀ ਕੋ = ਨੂੰ ਕੰਠ = ਗਲੇ ਦੇ ਸੋਂ = ਨਾਲ ਲਾ ਕਰਕੇ ਫਿਰ ਅਲਿੰਗਨਾ = ਛਾਤੀ ਨਾਲ ਲਾ ਕਰਕੇ ਵਿਸ਼ੇ ਰਸ ਭੋਗਣਾ ਹੈ, ਤਾਤੇ = ਉਸ ਤੋਂ ਜੋ ਆਨੰਦ ਪ੍ਰਾਪਤ ਹੁੰਦਾ ਹੈ, ਸੋ = ਉਹ ਵੀ ਚਿਰ ਤਕ ਨਾਹਿ = ਨਹੀਂ ਰਹਿਤ = ਰਹਿੰਦਾ ਭਾਵ ਖਿਨਭੰਗਰ ਆਨੰਦ ਹੈ, ਐਸੇ ਪਦਾਰਥਾਂ ਦਾ ਆਨੰਦ ਵੀ ਕੁਝ ਸਮੇਂ ਰਹਿਣ ਵਾਲਾ ਭਾਵ ਨਾਸ਼ਵਾਨ ਹੈ।

## ਨਰ ਕਾਇ ਪਾਇ ਨਰੋ ਸ੍ਵੈ ਸਰੂਪ ਚਿਤ ਕਰ;
## ਭਵ ਭੈ ਸਿੰਧ ਤਰੋ, ਪੁੰਨ ਸਮੋ ਬਿਤ ਹੈ॥੭॥

ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਨਰੋ = ਪੁਰਸ਼ੋ! ਇਸ ਦੁਰਲੱਭ ਨਰ ਕਾਇ = ਮਨੁੱਖਾ ਦੇਹੀ ਨੂੰ ਭਾਇ = ਪ੍ਰਾਪਤ ਕਰ ਕੇ ਸ੍ਵੈ = ਆਪਣੇ ਆਤਮ ਸਰੂਪ ਦਾ ਚਿਤ = ਚਿੰਤਨ ਕਰਨਾ ਕਰ = ਕਰੋ, ਫਿਰ ਤੁਸੀਂ ਭੈਦਾਇਕ ਭਵ ਸਿੰਧ = ਸੰਸਾਰ-ਸਮੁੰਦਰ ਤੋਂ ਤਰੋ = ਤਰ ਜਾਵੋਗੇ, ਕਿਉਂਕਿ ਜੋ ਇਹ ਮਨੁੱਖਾ ਜਨਮ ਦਾ ਪੁੰਨ = ਪਵਿੱਤਰ ਸਮੋ = ਸਮਾਂ ਪ੍ਰਾਪਤ ਹੋਇਆ ਹੈ, ਇਹ ਬਿਤ = ਗੁਜ਼ਰਦਾ ਜਾ ਰਿਹਾ ਹੈ ਭਾਵ ਛਿਨ-ਛਿਨ ਕਾਲ ਵਿਚ ਉਮਰ ਬੀਤਦੀ ਜਾ ਰਹੀ ਹੈ। ਜੈਸਾ ਕਿ:

**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥੧॥ਰਹਾਉ॥**

*(ਤਿਲੰਗ ਮ: ੯, ਅੰਗ ੭੨੬)*

ਇਸ ਕਰਕੇ ਹੇ ਭਾਈ! ਪਰਮਾਤਮਾ ਦਾ ਨਾਮ ਜਪ ਕੇ ਇਸ ਦੇਹੀ ਨੂੰ ਸਫਲੀ ਕਰਨ ਦਾ ਯਤਨ ਕਰੋ॥੭॥

***ਪ੍ਰਸ਼ਨ :*** ਭਰਥਰੀ ਜੀ ਇਸ ਦੇਹੀ ਨੂੰ ਸਫਲਾ ਕਿਸ ਪ੍ਰਕਾਰ ਕਰੀਏ ? ਤੇ ਨਾਮ ਕਦੋਂ ਤਕ ਜਪਣਾ ਕਰੀਏ ?

## ਸ੍ਵੈਯਾ॥

***ਉੱਤਰ :***

## ਨਿਜ ਦੇਹ ਅਰੋਗ ਸੁ ਭੋਗ ਲਖੋ; ਨ ਪਿਖੋ ਜਬ ਤੀਕ ਸਮੀਪੁ ਜਰਾ॥

ਹੇ ਜੀਵ! ਜਦੋਂ ਤਕ ਤੂੰ ਨਿਜ = ਆਪਣੇ ਇਸ ਦੇਹ = ਸਰੀਰ ਨੂੰ ਅਰੋਗ = ਰੋਗਾਂ ਤੋਂ ਰਹਿਤ ਅਤੇ ਸੁ = ਉਸ ਭੋਗ ਪਦਾਰਥਾਂ ਦੇ ਸਹਿਤ ਲਖੋ = ਜਾਣਨਾ ਕਰਦਾ ਹੈਂ ਅਤੇ ਜਬ = ਜਦੋਂ ਤੀਕ = ਤਕ ਜਰਾ = ਬ੍ਰਿਧ ਅਵਸਥਾ ਨੂੰ ਸਮੀਪ = ਨੇੜੇ ਆਇਆਂ ਨ = ਨਹੀਂ ਪਿਖੋ = ਵੇਖਦਾ ਭਾਵ ਜਵਾਨ ਅਵਸਥਾ ਵਿਚ ਜਿਸ ਸਮੇਂ ਇਸਤਰੀ, ਪੁੱਤਰ ਧਨ ਪਦਾਰਥ ਸਭ ਕੁਝ ਪਾਸ ਹੋਵੇ ਅਤੇ ਸਰੀਰ ਨੂੰ ਕੋਈ ਰੋਗ ਨਾ ਲੱਗਿਆ ਹੋਵੇ ਤੇ ਸਰੀਰ 'ਤੇ ਬ੍ਰਿਧ ਅਵਸਥਾ ਨਾ ਆਈ ਹੋਵੇ।

## ਗੁਣ ਮੌ ਸ਼ਕਤੀ ਲੌਂ ਨ ਗਤੀ; ਦਰਸੌ ਨ ਹਤੀ ਜੋ ਸਬੀ ਉਮਰਾ॥

ਜਦੋਂ ਲੌਂ = ਤਕ ਗੁਣ = ਇੰਦਰੀਆਂ ਦੀ ਸ਼ਕਤੀ = ਤਾਕਤ ਇੰਦਰੀਆਂ ਮੌ = ਵਿੱਚੋਂ ਗਤੀ = ਸਮਾਪਤ ਨਹੀਂ ਹੋ ਜਾਂਦੀ ਭਾਵ ਜਦੋਂ ਤਕ ਸਾਰੀਆਂ ਇੰਦਰੀਆਂ ਅੱਖ, ਕੰਨ, ਜੀਭ ਆਦਿ ਆਪਣੀ-ਆਪਣੀ ਸਮਰੱਥਾ ਸਹਿਤ ਹਨ ਅਤੇ ਸਬੀ = ਸਾਰੀ ਉਮਰ ਵੀ ਜਦੋਂ ਤਕ ਹਤੀ = ਨਾਸ਼ ਹੁੰਦੀ ਨਹੀਂ ਦਰਸੌ = ਦਿਖਦੀ।

## ਨਿਜ ਸ੍ਰੇਯ ਨਮਿੱਤ ਕਰੋ ਪੁਰਖਾਰਥ; ਕੋ ਸੁ ਨਰੌਂ ਉਚਰਾ॥

ਹੇ ਜੀਵ! ਉਦੋਂ ਤਕ ਨਿਜ = ਆਪਣੀ ਸ੍ਰੇਯ = ਕਲਿਆਣ (ਮੁਕਤੀ) ਦੇ ਨਮਿੱਤ = ਵਾਸਤੇ ਪੁਰਖਾਰਥ = ਉੱਦਮ ਕਰਨਾ ਕਰੋ ਭਾਵ ਉਦੋਂ ਤਕ ਜਪ, ਤਪ, ਦਾਨ-ਪੁੰਨ, ਸੇਵਾ-ਸਿਮਰਨ ਕਰਨਾ ਕਰੋ ਕਿਉਂਕਿ ਸੁ = ਸ੍ਰੇਸ਼ਟ ਮਹਾਂਪੁਰਸ਼ਾਂ ਕੋ = ਦਾ ਵੀ ਇਹੀ ਉਚਰਾ = ਉਚਾਰਨਾ ਭਾਵ ਕਹਿਣਾ ਹੈ। ਗੁਰਬਾਣੀ ਅੰਦਰ ਕਬੀਰ ਸਾਹਿਬ ਨੇ ਵੀ ਐਸਾ ਕਥਨ ਕੀਤਾ ਹੈ। ਜੈਸਾ ਕਿ :

**ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥**
**ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ ਸਾਰਿਗਪਾਨੀ॥੨॥**
**ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥**

*(ਭੈਰਉ ਭਗਤ ਕਬੀਰ ਜੀ, ਅੰਗ ੧੧੫੯)*

***ਪ੍ਰਸ਼ਨ :*** *ਹੇ ਭਰਥਰੀ ਜੀ! ਜੇ ਜਵਾਨੀ ਵਿਚ ਇਨ੍ਹਾਂ ਕਰਮਾਂ ਨੂੰ ਨਾ ਕਰੀਏ? ਬੁਢਾਪੇ ਵਿਚ ਕਰ ਲਵਾਂਗੇ।* ਤਾਂ ਉੱਤਰ ਵਿਚ ਇਕ ਪ੍ਰਮਾਣ ਦੇ ਕਰਕੇ ਸਮਝਾਉਂਦੇ ਹਨ :

## ਜਰਤੇ ਗ੍ਰਹ ਕਾਰਣ ਕੂਪ ਖਨੇ; ਵਹੁ ਉਦਮ ਤੋ ਅੰਧ ਕੂਪ ਪਰਾ॥੮॥

ਜਿਵੇਂ ਕੋਈ ਅੱਗ ਨਾਲ ਜਰਤੇ = ਸੜ ਰਹੇ ਗ੍ਰਹ = ਘਰ ਦੀ ਅੱਗ ਬੁਝਾਉਣ ਕਾਰਣ = ਵਾਸਤੇ ਕੂਪ = ਖੂਹ ਖਨੇ = ਪੁੱਟਣ ਲੱਗ ਪਵੇ, ਉਸ ਦਾ ਵਹੁ = ਉਹ ਉਦਮ = ਯਤਨ ਤੋ = ਤਾਂ ਅੰਧ = ਅੰਨ੍ਹੇ ਕੂਪ = ਖੂਹ ਵਿਚ ਪਰਾ = ਪੈਣ ਦੀ ਨਿਆਈਂ ਸਮਝਣਾ ਕਰੋ ਭਾਵ ਜਦੋਂ ਤਕ ਉਹ ਖੂਹ ਪੁੱਟੇਗਾ, ਤਦੋਂ ਤਕ ਤਾਂ ਘਰ ਸੜ ਕੇ ਸੁਆਹ ਹੋ ਜਾਣਾ ਹੈ, ਇਸੇ ਪ੍ਰਕਾਰ ਬਿਰਧ ਅਵਸਥਾ ਵਿਚ ਭਜਨ-ਸਿਮਰਨ ਕਰਨ ਵਾਲਾ

ਪਤਾ ਨਹੀਂ ਕਦੋਂ ਮੌਤ ਰੂਪੀ ਅੰਨ੍ਹੇ ਖੂਹ ਵਿਚ ਪੈ ਜਾਵੇ, ਇਸ ਲਈ ਤਰੁਣ ਅਵਸਥਾ ਵਿਚ ਹੀ ਪਰਮਾਤਮਾ ਦਾ ਨਾਮ ਜਪ ਕਰਕੇ ਸੰਸਾਰ-ਸਮੁੰਦਰ ਤੋਂ ਤਰਨਾ ਕਰੋ। ਜੈਸਾ ਕਿ :

**ਜਰਾ ਉਪਾਉ ਨ ਹੋ ਸਕੇ ਜਰਾ ਅਵਸਥਾ ਮਾਹਿ ॥**
**ਭਵ ਸਾਗਰ ਕੇ ਤਰਣ ਕੋ ਤਰਣ ਅਵਸਥਾ ਆਹਿ ॥** *(ਵੈਰਾਗ ਸ਼ਤਕ, ਅਧਿ. ਬਾਰ੍ਹਵਾਂ)*

ਬੁਢਾਪੇ ਦੇ ਵਿਚ ਤਾਂ ਇਹ ਹਾਲਤ ਹੋ ਜਾਂਦੀ ਹੈ। ਜੈਸਾ ਕਿ :

**ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥**
**ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥**
*(ਸੋਰਠਿ ਭਗਤ ਭੀਖਨ, ਅੰਗ ੬੫੯)*

ਨੇਤਰਾਂ ਦੇ ਵਿੱਚੋਂ ਪਾਣੀ ਵਗਦਾ ਹੈ, ਤਨ ਦਾ ਬਲ ਨਾਸ਼ ਹੋ ਜਾਂਦਾ ਹੈ, ਕੇਸ ਦੁੱਧ ਵਰਗੇ ਚਿੱਟੇ ਹੋ ਜਾਂਦੇ ਹਨ, ਕੰਠ (ਗਲਾ) ਕਫ਼ ਦੇ ਕਾਰਨ ਰੁਕਣ ਕਰਕੇ ਸ਼ਬਦ ਨਹੀਂ ਉਚਾਰ ਸਕਦਾ। ਫਿਰ ਹੁਣ ਜੀਵ ਇਸ ਬਿਰਧ ਅਵਸਥਾ ਵਿਚ ਕੀ ਕਰ ਸਕਦਾ ਹੈ ? ਭਾਵ ਕੁਝ ਨਹੀਂ ਕਰ ਸਕਦਾ। ਇਸ ਕਰਕੇ ਤਰੁਣ (ਜਵਾਨ) ਅਵਸਥਾ ਵਿਚ ਨਾਮ ਜਪ ਕੇ ਸੰਸਾਰ-ਸਮੁੰਦਰ ਤੋਂ ਤਰਨਾ ਕਰੋ ॥੮॥

## ਅਰਧ ਨਰਾਜ ਛੰਦ ॥

## ਅਮੇਧ ਕੁਖ; ਮੈ ਮਹਾਂ ॥ ਰੁਕੰਤ ਕਾਯ; ਸੋ ਤਹਾਂ ॥

ਜਿਹੜੀ ਮਹਾਂ = ਬਹੁਤੀ ਅਮੇਧ = ਅਪਵਿੱਤਰ ਕੁੱਖ ਹੈ, ਸੋ = ਉਹ ਕਾਯ = ਸਰੀਰ ਤਹਾਂ = ਉਥੇ ਰੁਕੰਤ = ਇਸਥਿਤ ਹੋਣਾ ਕਰਦਾ ਹੈ ਭਾਵ ਮਾਤਾ ਦੇ ਗਰਭ ਵਿਚ ਇਸਥਿਤ ਹੋਣਾ ਕਰਦਾ ਹੈ।

## ਬਿਰਾਜਮਾਨ; ਹੋਇ ਹੈ ॥ ਮਹਾਨ ਕਸ਼ਟ, ਜੋਇ ਹੈ ॥੯॥

ਜਦੋਂ ਉਸ ਥਾਂ ’ਤੇ ਇਹ ਸਰੀਰ ਬਿਰਾਜਮਾਨ = ਪ੍ਰਕਾਸ਼ਵਾਨ ਭਾਵ ਇਸਥਿਤ ਹੋਇ = ਹੁੰਦਾ ਹੈ, ਤਦੋਂ ਇਹ ਮਹਾਨ = ਬਹੁਤ ਕਸ਼ਟ = ਦੁੱਖ ਜੋਇ = ਦੇਖਣ ਕਰਦਾ ਹੈ ॥੯॥

## ਜਬੈ; ਪ੍ਰਸੂਤ ਵਾਉ ਤੇ ॥ ਸਦੁਖ; ਬਾਹਰਾਉ ਤੇ ॥

ਜਬੈ = ਜਦੋਂ ਇਹ ਜੀਵ ਪ੍ਰਸੂਤਾ ਵਾਯੂ ਦੇ ਤੇ = ਨਾਲ ਮਿਲ ਕਰਕੇ ਸਦੁਖ = ਦੁੱਖਾਂ ਨੂੰ ਸਹਾਰਦਾ ਹੋਇਆ ਕੁੱਖ ਤੇ = ਤੋਂ ਬਾਹਰਾਉ = ਬਾਹਰ ਆਉਂਦਾ ਹੈ।

## ਕ੍ਰਿਮਾਦਿ; ਗੰਦਕਾਦਿ ਤੇ ॥ ਸਹੇ ਮਹਾਂ; ਵਿਖਾਦਿ ਤੇ ॥੧੦॥

ਤਦੋਂ ਇਹ ਕ੍ਰਿਮਾਦਿ = ਕੀੜਿਆਂ, ਮੱਖੀਆਂ, ਮੱਛਰਾਂ ਆਦਿ ਤੇ ਗੰਦਕਾਦਿ = ਮਲ-ਮੂਤਰ ਆਦਿਕ ਗੰਦਗੀ ਕਰ ਕੇ ਮਹਾਂ = ਬਹੁਤੇ ਜ਼ਿਆਦਾ ਵਿਖਾਦਿ ਤੇ = ਦੁੱਖਾਂ ਨੂੰ ਸਹੇ = ਸਹਾਰਨਾ ਕਰਦਾ ਹੈ ॥੧੦॥

## ਅਰਧ ਨਰਾਜ ਛੰਦ ॥

## ਪ੍ਰਹਾਰ; ਮਾਤ ਤਾਤ ਕੀ ॥ ਸਹੇ; ਸਖਾਦਿ ਭ੍ਰਾਤ ਕੀ ॥

ਫਿਰ ਥੋੜ੍ਹਾ ਜਿਹਾ ਵੱਡਾ ਹੋਣ ’ਤੇ ਭਾਵ ਬਾਲਕ ਉਮਰ ਵਿਚ ਸ਼ਰਾਰਤ ਕਰਨ ਤੋਂ ਮਾਤਾ, ਤਾਤ = ਪਿਤਾ

ਕੀ = ਦੀ ਅਤੇ ਸਖਾਦਿ = ਸਖੇ ਭ੍ਰਾਤ = ਭਰਾ ਕੀ = ਦੀ ਪ੍ਰਹਾਰ = ਮਾਰ, ਤਾੜਨਾ ਸਹੇ = ਸਹਾਰਨਾ ਕਰਦਾ ਹੈ।

## ਸ਼ਿਸਾਦਿ ਮੌ; ਅਨੰਤ ਹੀ॥ ਕਹੇ ਕਲੇਸ; ਜੰਤ ਹੀ॥੧੧॥

ਇਉਂ ਜੰਤ = ਜੀਵ ਸ਼ਿਸਾਦਿ = ਬਾਲਕ ਅਵਸਥਾ ਮੌ = ਵਿਚ ਅਨੰਤ = ਅਨੇਕਾਂ ਹੀ ਕਲੇਸ = ਦੁੱਖਾਂ ਨੂੰ ਸਹਾਰਨਾ ਕਰਦਾ ਹੈ, ਜੋ ਕਹੇ ਹੀ ਨਹੀਂ ਜਾ ਸਕਦੇ॥੧੧॥

## ਪੁਨਾ; ਜੁਵਾ ਵਿਖੇ ਜਬੈ॥ ਤ੍ਰਿਯਾ ਵਿਯੋਗ; ਹ੍ਵੈ ਕਬੈ॥

ਪੁਨਾ = ਫਿਰ ਜਬੈ = ਜਦੋਂ ਜੁਵਾ = ਜਵਾਨ ਅਵਸਥਾ ਵਿਖੇ = ਵਿਚ ਜੇਕਰ ਕਬੈ = ਕਦੇ ਤ੍ਰਿਯਾ = ਇਸਤਰੀ ਨਾਲੋਂ ਵਿਯੋਗ = ਵਿਛੋੜਾ ਹ੍ਵੈ = ਹੋ ਜਾਵੇ।

## ਅਨੰਤ ਕਸ਼ਟ; ਜੋਇ ਹੈ॥ ਸਹੇ ਨ ਜਾਤ; ਸੋਇ ਹੈ॥੧੨॥

ਤਦੋਂ ਜੋਇ = ਜਿਹੜੇ ਅਨੰਤ = ਬੇਅੰਤ ਕਸ਼ਟ = ਦੁੱਖ ਵੇਖਣਾ ਕਰਦਾ ਹੈ, ਸੋਇ = ਉਹ ਤਾਂ ਸਹੇ = ਸਹਾਰੇ ਵੀ ਨਹੀਂ ਜਾਤ = ਜਾ ਸਕਦੇ॥੧੨॥

## ਅਰਧ ਨਰਾਜ ਛੰਦ॥

## ਪੁਨਾ; ਬਾਲਾਦਿ ਮੈ ਦ੍ਰਿਸੇ॥ ਨਿਰਾਦਰਾਹਿ; ਯੌ ਗ੍ਰਸੇ॥

ਪੁਨਾ = ਫਿਰ ਇਉਂ ਬਾਲਾਦਿ = ਬਾਲਕ ਅਵਸਥਾ ਮੈ = ਵਿਚ ਦੁੱਖਾਂ ਨੂੰ ਦ੍ਰਿਸੇ = ਦੇਖਦਾ ਹੈ, ਯੌ = ਇਸ ਤਰ੍ਹਾਂ ਨਿਰਾਦਰ ਆਦਿਕ ਦੁੱਖਾਂ ਵਿਚ ਗ੍ਰਸੇ = ਗ੍ਰਸਿਆ (ਪਕੜਿਆ) ਜਾਂਦਾ ਹੈ।

## ਅਵਾਚ ਦੁਖ; ਗਾਵ ਹੈ॥ ਅਸਾਧ ਬ੍ਰਿਧ; ਭਾਵ ਹੈ॥੧੩॥

ਉਹ ਗਾਵ = ਸਾਰੇ ਦੁੱਖਾਂ ਨੂੰ ਅਵਾਚ = ਕਥਨ ਨਹੀਂ ਕੀਤਾ ਜਾ ਸਕਦਾ, ਉਹ ਅਸਾਧ = ਨਾ ਸਾਧੇ ਜਾਣ ਵਾਲੇ ਦੁੱਖ ਤਾਂ ਬਿਰਧ ਭਾਵ ਵਾਲੇ ਹਨ **ਅਥਵਾ** ਨਿੱਤ ਹੀ ਵਧਣ ਵਾਲੇ ਹਨ॥੧੩॥

## ਤੀਨ ਅਵਸਥਾ; ਤੀਨ ਕਾਲ ਮੈ॥
## ਨਾਹਿ ਵਿਲੋਕਤ; ਸੁਖ ਕਤਹੂ ਮੈ॥

ਇਉਂ ਜੀਵ ਤੀਨ = ਤਿੰਨ (ਬਾਲ, ਜਵਾਨੀ, ਬਿਰਧ) ਅਵਸਥਾਵਾਂ ਮੈ = ਵਿਚ ਅਤੇ ਤੀਨ = ਤਿੰਨੇ (ਭੂਤ, ਭਵਿੱਖਤ, ਵਰਤਮਾਨ) ਕਾਲ = ਸਮਿਆਂ ਮੈ = ਵਿਚ ਕਤਹੂ = ਕਿਸੇ ਥਾਂ ਵੀ ਸੁਖ ਨਾਹਿ = ਨਹੀਂ ਵਿਲੋਕਤ = ਦੇਖਦਾ ਹੈ।

## ਅਜ ਚੀਟੀ ਤੇ ਲੈ; ਭਵ ਜੇਤੋ॥
## ਸਰਬ ਦੁਖ ਕਰ; ਸੰਜੁਤ ਤੇਤੋ॥੧੪॥

ਅਜ = ਬ੍ਰਹਮਾ ਤੇ = ਤੋਂ ਲੈ ਕਰਕੇ ਚੀਟੀ = ਕੀੜੀ ਤਕ ਜੇਤੋ = ਜਿਤਨਾ ਵੀ ਸਾਰਾ ਭਵ = ਸੰਸਾਰ

ਹੈ, ਤੇਤੋ = ਉਤਨਾ ਹੀ ਸਰਬ = ਸਾਰਾ ਸੰਸਾਰ ਦੁੱਖਾਂ ਦੇ ਸੰਜੁਤ = ਸਹਿਤ ਹੋਣ ਕਰਕੇ ਦੁਖੀ ਹੋ ਰਿਹਾ ਹੈ॥੧੪॥ ਜੈਸਾ ਕਿ :

**ਨਾਨਕ ਦੁਖੀਆ ਸਭੁ ਸੰਸਾਰੁ ॥** *(ਰਾਮਕਲੀ ਵਾਰ ਮ: ੩, ਅੰਗ ੯੫੪)*

## ਸੁਖ ਸਰੂਪ ਹੈ; ਏਕ ਨਿਜਾਤਮ ॥
## ਇਤਰ ਦੁਖ ਮੈ; ਸਰਬ ਅਨਾਤਮ ॥

ਇਸ ਕਰਕੇ ਹੇ ਭਾਈ! ਏਕ = ਇਕ (ਨਿਜ + ਆਤਮ) ਨਿਜ = ਆਪਣਾ ਆਤਮ ਸਰੂਪ ਹੀ ਸੁਖ ਰੂਪ ਹੈ, ਬਾਕੀ ਅਨਾਤਮ = ਆਤਮਾ ਤੋਂ ਬਗ਼ੈਰ ਇਤਰ = ਹੋਰ ਸਰਬ = ਸਾਰਾ ਸੰਸਾਰ ਦੁੱਖ ਰੂਪ ਮੈ = ਵਿਚ ਹੈ।

## ਤਾ ਸੁਖ ਰਿਤੇ ਕਿਤੇ; ਸੁਖ ਜੋ ਲਵ ॥
## ਤੌ ਤੁਮ ਭਨੌ; ਜਨੋ ਨਿਜ ਅਨਭਵ ॥੧੫॥

ਤਾ = ਉਸ ਆਤਮਿਕ ਸੁਖ ਤੋਂ ਰਿਤੇ = ਬਗ਼ੈਰ ਜੇ ਕਿਤੇ ਹੋਰ ਲਵ = ਲੇਸ ਮਾਤਰ ਵੀ ਸੁਖ ਹੈ, ਹੇ ਜਨੋ = ਪੁਰਸ਼ੋ! ਤੌਂ = ਤਾਂ ਫਿਰ ਤੁਮ = ਤੁਸੀਂ ਨਿਜ = ਆਪਣੇ ਅਨਭਵ ਦੀ ਵਿਚਾਰ ਭਨੌਂ = ਕਹਿਣਾ ਕਰੋ, ਪਰ ਐਸਾ ਹੋ ਨਹੀਂ ਸਕਦਾ, ਕਿਉਂਕਿ ਆਤਮਿਕ ਸੁਖ ਤੋਂ ਬਗ਼ੈਰ ਸਭ ਸੁਖ ਖਿਨਭੰਗਰ ਹਨ॥੧੫॥

## ਜੋ ਤੁਮ ਸੁਖ ਕੇ; ਪ੍ਰਾਪਤ ਕਾਰਣ ॥
## ਸਹੋ ਦੁਖ ਤੇ; ਦੁਖ ਤਰ ਦਾਰਨ ॥

ਤੁਮ = ਤੁਸੀਂ ਜੋ = ਜਿਹੜੇ ਸੁਖ ਦੀ ਪ੍ਰਾਪਤੀ ਕਾਰਣ = ਵਾਸਤੇ ਦੁਖਾਂ ਤੇ = ਤੋਂ ਵੀ ਤਰ = ਬਹੁਤ ਦਾਰਨ = ਭਿਆਨਕ ਦੁੱਖ ਸਹੋ = ਸਹਾਰਦੇ ਹੋ। ਸੁਖ

## ਮਰਨ ਪਰਯੰਤ; ਕਸ਼ਟ ਅਤਿ ਪਾਵੋ ॥
## ਸੁਖ ਸ੍ਵੈ ਮੁਖ ਤੇ; ਕਬੀ ਨ ਗਾਵੋ ॥੧੬॥

ਇਉਂ ਜੀਵ ਜਨਮ ਤੋਂ ਲੈ ਕੇ ਮਰਨ ਪਰਯੰਤ = ਤਕ ਅਤਿ = ਅਤਿਅੰਤ ਹੀ ਕਸ਼ਟ = ਦੁੱਖਾਂ ਨੂੰ ਪਾਵੋ = ਪਾਉਣਾ ਕਰਦਾ ਹੈ, ਪਰ ਇਸ ਨੇ ਕਬੀ = ਕਦੇ ਵੀ ਸ੍ਵੈ = ਆਪਣੇ ਮੁਖ = ਮੂੰਹ ਤੇ = ਤੋਂ ਸੁਖ ਸਰੂਪ ਪਰਮਾਤਮਾ ਦੇ ਨਾਮ ਨੂੰ ਗਾਵੋ = ਗਾਉਣਾ, ਉਚਾਰਨਾ ਨਹੀਂ ਕੀਤਾ ਹੈ ਭਾਵ ਖਿਨਭੰਗਰ ਸੁਖਾਂ ਦੇ ਵਾਸਤੇ ਹੋਰ ਪੁਰਸ਼ਾਂ ਦੀ ਸੇਵਾ ਕਰਦਾ ਰਹਿੰਦਾ ਹੈ ਅਤੇ ਬੇਅੰਤ ਦੁੱਖ ਪ੍ਰਾਪਤ ਕਰਦਾ ਹੈ, ਪਰ ਕਦੇ ਵੀ ਪਰਮਾਤਮਾ ਦਾ ਨਾਮ ਨਹੀਂ ਲੈਣਾ ਕਰਦਾ॥੧੬॥ ਜੈਸਾ ਕਿ :

**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥੧॥ਰਹਾਉ॥**
**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥੧॥**

*(ਆਸਾ ਮ: ੯, ਅੰਗ ੪੧੧)*

## ਦੋਹਰਾ ॥

## ਜੇਤੇ ਸੁਖ ਸਤ ਲੋਕ ਲੌ; ਤੇਤੇ ਦੇਤ ਕਲੇਸ਼ ॥

ਇਸ ਲੋਕ ਤੋਂ ਲੈ ਕਰਕੇ ਸਤ ਲੋਕ = ਬ੍ਰਹਮ ਲੋਕ ਲੌ = ਤਕ ਜੇਤੇ = ਜਿਤਨੇ ਵੀ ਸੁਖ ਹਨ, ਤੇਤੇ = ਉਤਨੇ ਉਹ ਸਾਰੇ ਹੀ ਕਲੇਸ਼ = ਦੁੱਖ ਦੇਣ ਵਾਲੇ ਹਨ।

## ਆਤਮਾ ਸੁਖ ਤੇ ਰਿਤੇ; ਸੁਖ ਕਿਤੇ ਨਹੀਂ ਲਵ ਲੇਸ਼ ॥੧੭॥

ਇਸ ਕਰਕੇ ਆਤਮ ਸਰੂਪ ਦੇ ਸੁਖ ਤੇ = ਤੋਂ ਰਿਤੇ = ਬਿਨਾਂ ਹੋਰ ਕਿਤੇ = ਕਿਸੇ ਥਾਂ ਵੀ ਲਵ ਲੇਸ਼ = ਥੋੜ੍ਹੇ ਮਾਤਰ ਵੀ ਸੁਖ ਨਹੀਂ ਹੈ॥੧੭॥

***ਨੋਟ :*** ਅਰਥ ਅਨੁਸਾਰ 'ਰਿਤੇ' ਪਦ 'ਤੇ ਵਿਸ਼ਰਾਮ ਹੈ, ਪਰ ਚਾਲ ਅਨੁਸਾਰ 'ਸੁਖ' ਪਦ 'ਤੇ ਵਿਸ਼ਰਾਮ ਹੈ।

## ਨੀਲ ਛੰਦ ॥

## ਮੇਘ ਵਿਤਾਨ ਸਮਾਨ ਵਿਖੇ; ਚਪਲਾ ਚਲ ਜਯੋਂ ॥

ਜਯੋਂ = ਜਿਵੇਂ ਵਿਤਾਨ = ਚੰਦੋਏ ਸਮਾਨ = ਵਾਂਗ ਤਨੇ ਹੋਏ ਮੇਘ = ਬੱਦਲਾਂ ਵਿਖੇ = ਵਿਚ ਚਪਲਾ = ਬਿਜਲੀ ਚਲ = ਚੰਚਲ ਹੁੰਦੀ ਹੈ।

## ਹੈ ਸ਼ਬਦਾਦਿਕ ਭੋਗ ਸਭੇ; ਅਤਿ ਚੰਚਲ ਤਯੋਂ ॥

ਤਯੋਂ = ਤਿਵੇਂ ਹੀ ਸ਼ਬਦਾਦਿਕ = ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਸਭੇ = ਸਾਰੇ ਭੋਗ = ਵਿਸ਼ੇ ਅਤਿ = ਅਤਿਅੰਤ ਚੰਚਲ ਹਨ।

## ਸੰਘਟ ਬਾਰਿਦ ਬ੍ਰਿੰਦ ਵਿਖੇ; ਜਲ ਵਾਯੂ ਹਰੇ ॥

ਜਿਵੇਂ ਬ੍ਰਿੰਦ = ਸਮੂਹ ਬਾਰਿਦ = ਬੱਦਲਾਂ ਦੇ ਸੰਘਟ = ਝੁੰਡ ਵਿਖੇ = ਵਿਚ ਵੱਸਣ ਵਾਲੇ ਜਲ = ਪਾਣੀ ਅਤੇ ਬੱਦਲਾਂ ਨੂੰ ਵਾਯੂ = ਹਵਾ ਹਰੇ = ਨਾਸ਼ ਕਰ ਦਿੰਦੀ ਹੈ।

## ਕਾਲ ਤਥਾ ਸਭ ਜੀਵਨ ਕੀ; ਹਤ ਆਯੂ ਕਰੇ ॥੧੮॥

ਤਥਾ = ਇਸੇ ਪ੍ਰਕਾਰ ਕਾਲ ਸਭ = ਸਾਰੇ ਜੀਵਨ = ਜੀਵਾਂ ਅਤੇ ਉਨ੍ਹਾਂ ਕੀ = ਦੀ ਆਯੂ = ਉਮਰ ਨੂੰ ਹਤ = ਨਾਸ਼ ਕਰੇ = ਕਰਦਾ ਹੈ॥੧੮॥

## ਨੀਲ ਛੰਦ ॥

## ਭੋਗਨ ਕਾਜ ਲਡਾਵਤ; ਜੋ ਜੋ ਜਨ ਜੋਬਨ ਕੋ ॥

ਜੋ ਜੋ = ਜਿਹੜੇ ਜਿਹੜੇ ਜਨ = ਪੁਰਸ਼ਾਂ ਨੇ ਭੋਗਾਂ ਦੇ ਭੋਗਣ ਰੂਪੀ ਕਾਜ = ਕੰਮ ਵਿਚ ਹੀ ਆਪਣੀ ਜੋਬਨ = ਜਵਾਨ ਅਵਸਥਾ ਕੋ = ਨੂੰ ਲਡਾਵਤ = ਲਡਾਉਣਾ ਭਾਵ ਪਾਲਣਾ ਕੀਤਾ ਹੈ ਭਾਵ ਜਵਾਨੀ ਭੋਗਾਂ ਪਦਾਰਥਾਂ ਵਿਚ ਹੀ ਲਾਈ ਹੋਈ ਹੈ।

## ਲੋਲ ਕਲੋਲ ਸਮਾਨ; ਸੁਭਾਵ ਲਖੋ ਤਿਨ ਕੋ॥

ਤਿਨ ਕੋ = ਉਨ੍ਹਾਂ ਦਾ ਸੁਭਾਅ ਕਲੋਲ = ਪਾਣੀ ਦੀ ਲਹਿਰ ਸਮਾਨ = ਵਾਂਗ ਲੋਲ = ਚੰਚਲ ਲਖੋ = ਜਾਨਣਾ ਕਰੋ।

## ਵਿਸ ਸਮਸਤ ਵਿਨਸਰ; ਸੋਧ ਤੁਰੰਤ ਨਰੋ॥

ਇਸ ਕਰਕੇ ਹੇ ਨਰੋ = ਪੁਰਸ਼ੋ! ਸਮਸਤ = ਸਾਰੇ ਵਿਸ = ਸੰਸਾਰ ਨੂੰ ਤੁਰੰਤ = ਛੇਤੀ ਹੀ ਵਿਨਸਰ = ਨਾਸ਼ ਹੋ ਜਾਣ ਵਾਲਾ ਸੋਧ = ਵਿਚਾਰ ਕਰਕੇ ਭਾਵ ਜਾਣ ਕਰਕੇ:

## ਜੋਗ ਵਿਖੇ ਨਿਜ ਚਿੱਤ; ਅਰੋਪਨ ਨਿੱਤ ਕਰੋ॥੧੯॥

ਨਿਜ = ਆਪਣੇ ਚਿੱਤ ਨੂੰ ਨਿੱਤ = ਹਮੇਸ਼ਾਂ ਹੀ ਜੋਗ ਵਿਖੇ = ਵਿਚ ਅਰੋਪਨ = ਲਗਾਉਣਾ ਕਰੋ **ਅਥਵਾ** ਜੋ ਚਿੱਤ ਦੀਆਂ ਬਿਰਤੀਆਂ ਨੂੰ ਰੋਕਣਾ ਹੈ, ਇਹੋ ਹੀ ਜੋਗ ਕਰਨਾ ਕਰੋ॥੧੯॥ ਜੈਸਾ ਕਿ:

**ਯੋਗਾਸ ਚਿੱਤ ਬ੍ਰਿਤੀ ਨਿਰੋਧਾ॥** *(ਯੋਗ ਸ਼ਾਸਤ੍ਰ)*

### ਪੰਜ ਪ੍ਰਕਾਰ ਦੀਆਂ ਬਿਰਤੀਆਂ

੧. **ਪ੍ਰਮਾਣ**: ਦਿਸਣ ਵਾਲੀਆਂ ਵਸਤੂਆਂ ਵਿਚ ਮਨ ਦਾ ਪਰਚੇ ਰਹਿਣਾ।

**ਨਵਿਰਤੀ:**

**ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ॥** *(ਸਾਰਗ ਮ: ੫, ਅੰਗ ੧੨੩੦)*

੨. **ਵਿਪਰਜੈ**: ਵੇਦ ਸ਼ਾਸਤਰ ਅਤੇ ਗੁਰੂ ਦੀ ਆਗਿਆ ਤੋਂ ਉਲਟ ਬ੍ਰਹਮ ਨੂੰ ਅਸੱਤਿ ਅਤੇ ਜਗਤ ਨੂੰ ਸੱਤਿ ਜਾਣਨਾ।

**ਨਵਿਰਤੀ:**

**ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥**

*(ਬਸੰਤੁ ਮ: ੯, ਅੰਗ ੧੧੮੬)*

੩. **ਨਿੰਦ੍ਰਾ**: ਜਾਗ੍ਰਤ ਸੁਪਨ ਦਾ ਅਭਾਵ, ਮਨ ਤੇ ਬੁੱਧੀ ਦਾ ਅਵਿੱਦਿਆ ਵਿਚ ਲੀਨ ਹੋਣਾ **ਵਾ:** ਪ੍ਰਤੱਖ ਨੀਂਦ ਸਖੋਪਤ ਦੀ ਅਵਸਥਾ।

**ਨਵਿਰਤੀ:**

**ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥** *(ਆਸਾ ਮ: ੫, ਅੰਗ ੪੫੯)*

੪. **ਵਿਕਲਪ**: ਬਿਰਤੀ ਦਾ ਇਕਾਗਰ ਨਾ ਹੋਣਾ ਪਰੰਤੂ ਫਲ ਦੀ ਇੱਛਾ ਬਹੁਤੀ ਕਰਨੀ।

**ਨਵਿਰਤੀ:**

**ਸੇਵਾ ਕਰਤ ਹੋਇ ਨਿਹਕਾਮੀ॥** *(ਗਉੜੀ ਸੁਖਮਨੀ ਮ: ੫, ਅੰਗ ੨੮੬)*

੫. **ਸਿੰਮ੍ਰਿਤੀ**: ਭਜਨ ਸਿਮਰਨ ਵੇਲੇ ਪਿਛਲੇ ਕੀਤੇ ਕੰਮਾਂ ਨੂੰ ਯਾਦ ਕਰਨਾ।

**ਨਵਿਰਤੀ:**

**ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥** *(ਬਿਲਾਵਲੁ ਮ: ੪, ਅੰਗ ੮੦੦)*

## ਦੋਹਰਾ ॥

## ਧੀਰਜ ਕਰਕੇ ਸਿਧ ਜੋ; ਸੁਭਗ ਸਮਾਧਿ ਤਰੁੰਤ ॥

ਜੋ = ਜਿਹੜੀ ਸੁਭਗ = ਸੁੰਦਰ ਸਮਾਧੀ ਧੀਰਜਤਾ ਕਰਕੇ ਸਿਧ = ਪ੍ਰਾਪਤ ਹੋਣ ਵਾਲੀ ਹੈ ਭਾਵ ਜੋ ਨਿਰਵਿਕਲਪ ਸਮਾਧੀ ਹੈ, ਉਸ ਵਿਚ ਤਰੁੰਤ = ਛੇਤੀ ਨਾਲ ਜੁੜਨਾ ਕਰੋ।

## ਤਾਂ ਮੈ ਅਰਪੋ ਮਨ ਜਨੋ; ਪੁਨਾ ਜਨਮ ਹ੍ਵੈ ਅੰਤ ॥੨੦॥

ਹੇ ਸ੍ਰੇਸ਼ਟ ਜਨੋ = ਪੁਰਸ਼ੋ ! ਤਾਂ = ਤਿਸ ਸਮਾਧੀ ਮੈ = ਵਿਚ ਆਪਣੇ ਮਨ ਨੂੰ ਅਰਪੋ = ਲਗਾਉਣਾ ਕਰੋ, ਪੁਨਾ = ਫੇਰ ਤੁਹਾਡੇ ਜਨਮ ਦਾ ਅੰਤ ਹ੍ਵੈ = ਹੋ ਜਾਵੇਗਾ ਭਾਵ ਮੁਕਤੀ ਪ੍ਰਾਪਤ ਹੋ ਜਾਵੇਗੀ, ਜੰਮਣ ਮਰਨ ਤੋਂ ਰਹਿਤ ਹੋ ਜਾਵੋਗੇ ॥੨੦॥

## ਚੌਪਈ ॥

## ਵਿਖੇ ਭੋਗ; ਜੇ ਅਨਿਕ ਪ੍ਰਕਾਰੇ ॥ ਦੁਖਦ ਸਰੋਗ; ਵਿਨਸੂਰ ਸਾਰੇ ॥

ਜੇ = ਜਿਹੜੇ ਅਨਿਕ = ਅਨੇਕਾਂ ਪ੍ਰਕਾਰੇ = ਤਰ੍ਹਾਂ ਦੇ ਵਿਖੇ = ਵਿਸ਼ੇ ਭੋਗ ਹਨ, ਉਹ ਸਾਰੇ ਹੀ ਸਰੋਗ = ਸਹਿਤ ਰੋਗਾਂ ਦੇ ਦੁਖਦ = ਦੁੱਖ ਦੇਣ ਵਾਲੇ ਹਨ ਅਤੇ ਵਿਨਸੂਰ = ਨਾਸ਼ ਹੋ ਜਾਣ ਵਾਲੇ ਹਨ।

## ਏਤਤ ਹੀ; ਭਵ ਰੂਪ ਨਿਹਾਰੋਂ ॥
## ਬਿਨਾ ਭੋਗ; ਸੰਸਾਰ ਅਸਾਰੋਂ ॥੨੧॥

ਏਤਤ = ਇਨ੍ਹਾਂ ਭੋਗਾਂ ਨੂੰ ਹੀ ਭਵ = ਸੰਸਾਰ ਰੂਪ ਕਰਕੇ ਨਿਹਾਰੋਂ = ਦੇਖਣਾ ਕਰੋ, ਕਿਉਂਕਿ ਭੋਗਾਂ ਤੋਂ ਬਿਨਾ = ਬਗ਼ੈਰ ਹੋਰ ਕੋਈ ਸੰਸਾਰ ਅਸਾਰੋਂ = ਹੈ ਹੀ ਨਹੀਂ ਹੈ ਭਾਵ ਭੋਗਾਂ ਨੂੰ ਸੰਸਾਰ ਰੂਪ ਤੇ ਸੰਸਾਰ ਨੂੰ ਭੋਗ ਰੂਪ ਕਰਕੇ ਵੇਖਣਾ ਕਰੋ ॥੨੧॥

## ਤਹੀ ਕਤ ਹੇਤ; ਜਗਤ ਕ੍ਰਿਤ ਅੰਤਰ ॥
## ਕੀਟ ਕਪਿਨ ਵਤ; ਭ੍ਰਮਤ ਨਿਰੰਤਰ ॥

ਤਹੀ = ਤਦ ਫਿਰ ਤੁਸੀਂ ਕ੍ਰਿਤ = ਕੀਤੇ ਹੋਏ ਜਗਤ = ਸੰਸਾਰ ਦੇ ਭੋਗ ਪਦਾਰਥਾਂ ਅੰਤਰ = ਵਿਚ ਕਤ = ਕਿਸ ਹੇਤ = ਵਾਸਤੇ ਕੀਟ = ਕੀੜੇ ਤੇ ਕਪਿਨ = ਬਾਂਦਰਾਂ ਵਤ = ਵਾਂਗ ਨਿਰੰਤਰ = ਇਕ-ਰਸ ਭ੍ਰਮਤ = ਭਟਕਦੇ ਫਿਰਦੇ ਹੋ।

## ਹੇ ਲੋਕੋ; ਅਵਿਲੋਕੋ ਨਾਹੀਂ ॥
## ਸਿਰ ਪਰ ਕਾਲ; ਬਾਣ ਕਰ ਮਾਹੀ ॥੨੨॥

ਹੇ ਲੋਕੋ ! ਤੁਸੀਂ ਅਵਿਲੋਕੋ = ਵੇਖਦੇ ਨਹੀਂ ਹੋ ਕਿ ਤੁਹਾਡੇ ਸਿਰ ਪਰ = ਉੱਪਰ ਕਾਲ ਤੁਹਾਨੂੰ ਮਾਰਨ ਵਾਸਤੇ ਆਪਣੇ ਹੱਥ ਮਾਹੀ = ਵਿਚ ਮੌਤ ਰੂਪੀ ਬਾਣ = ਤੀਰ ਲੈ ਕਰਕੇ ਖੜਾ ਹੈ ॥੨੨॥

## ਖਿਨ ਮਹਿ ਪ੍ਰਾਣ; ਹਾਣ ਕਰ ਡਾਰੇ ॥
## ਬਲੀ ਅਖਿਮੀ; ਦਯਾ ਨਹਿ ਧਾਰੇ ॥

ਉਹ ਕਾਲ ਤੁਹਾਡੇ ਪ੍ਰਾਣ = ਸੁਆਸਾਂ ਨੂੰ ਇਕ ਖਿਨ = ਛਿਨ ਮਹਿ = ਵਿਚ ਹੀ ਹਾਣ = ਨਾਸ਼ ਕਰ ਡਾਰੇ = ਸੁੱਟੇਗਾ, ਜੋ ਕਾਲ ਬਹੁਤ ਬਲੀ = ਬਲਵਾਨ ਹੈ, ਅਖਿਮੀ = ਖਿਮਾ ਕਰਨ ਤੋਂ ਰਹਿਤ ਹੈ ਭਾਵ ਕਿਸੇ ਨੂੰ ਵੀ ਖਿਮਾ ਨਹੀਂ ਕਰਦਾ ਅਤੇ ਕਿਸੇ ਉੱਤੇ ਦਇਆ ਧਾਰੇ = ਧਾਰਨ ਨਹੀਂ ਕਰਦਾ ਹੈ।

## ਤੁਸ ਨਿਸ ਦਿਨ; ਅਘ ਓਘ ਕਮਾਤੇ ॥
## ਬਲ ਅਬਲਾਦਿ; ਸ੍ਵਾਦ ਮਦ ਮਾਤੇ ॥੨੩॥

ਹੇ ਜੀਵੋ ! ਤੁਸੀਂ ਨਿਸ = ਰਾਤ ਦਿਨ ਓਘ = ਸਭ ਪ੍ਰਕਾਰ ਦੇ ਅਘ = ਪਾਪ ਕਮਾਤੇ = ਕਮਾਉਣਾ ਕਰਦੇ ਹੋ, ਆਪਣੇ ਆਪ ਨੂੰ ਬਹੁਤ ਬਲ = ਬਲਵਾਨ ਕਹਾਉਂਦੇ ਹੋ ਅਤੇ ਅਬਲਾਦਿ = ਇਸਤਰੀ ਆਦਿ ਦੇ ਨਾਲ ਸ੍ਵਾਦ = ਭੋਗ ਰਸ ਕਰਨ ਦੇ ਮਦ = ਨਸ਼ੇ ਵਿਚ ਮਾਤੇ = ਮਸਤ ਹੋ ਰਹੇ ਹੋ ॥੨੩॥

## ਜਾਨੋ ਮਨ ਮੋ; ਮਰਨੋ ਸਾਚੋ ॥
## ਤਉ ਕਤ ਹੇਤ; ਬ੍ਰਿਥਾ ਭਵ ਰਾਚੋ ॥

ਹੇ ਭਾਈ ! ਜੇਕਰ ਤੁਸੀਂ ਮਰਨੋ = ਮਰਨੇ ਨੂੰ ਆਪਣੇ ਮਨ ਮੋ = ਵਿਚ ਸਾਚੋ = ਸੱਚਾ ਕਰ ਕੇ ਜਾਨੋ = ਜਾਣਨਾ ਕਰਦੇ ਹੋ, ਤਉ = ਤਾਂ ਫੇਰ ਕਤ = ਕਿਸ ਹੇਤ = ਵਾਸਤੇ ਐਵੇਂ ਬ੍ਰਿਥਾ = ਬਿਅਰਥ ਹੀ ਇਸ ਭਵ = ਸੰਸਾਰ ਵਿਚ ਰਾਚੋ = ਰਚ ਰਹੇ ਹੋ।

## ਭਾਂਤਿ ਭਾਂਤਿ; ਭਵ ਚੇਸਟ ਕਰਕੇ ॥
## ਲਹੋ ਕਦਾਚਿਤ; ਸ਼ਾਂਤਿ ਨ ਮਰਕੇ ॥੨੪॥

ਜੇ ਤੁਸੀਂ ਇਸ ਭਵ = ਸੰਸਾਰ ਅੰਦਰ ਭਾਂਤਿ ਭਾਂਤਿ = ਤਰ੍ਹਾਂ ਤਰ੍ਹਾਂ ਦੇ ਖੋਟੇ ਚੇਸਟ = ਕਰਮ ਕਰ ਕੇ ਮਰਨਾ ਕਰੋਗੇ ਤਾਂ ਫੇਰ ਮਰ ਕਰਕੇ ਕਦਾਚਿਤ = ਕਦੇ ਵੀ ਸ਼ਾਂਤੀ ਨੂੰ ਨਹੀਂ ਲਹੋ = ਪ੍ਰਾਪਤ ਕਰ ਸਕੋਗੇ ॥੨੪॥

## ਮਮ ਬਚਨਨ ਮਹਿ; ਤਵ ਸਰਧਾ ਜਬ ॥
## ਦੂਰ ਸੰਕਲਪ ਵਿਕਲਪ; ਤਜੋ ਤਬ ॥

ਹੇ ਲੋਕੋ ! ਜਬ = ਜਦੋਂ ਤਵ = ਤੁਹਾਨੂੰ ਮਮ = ਮੇਰੇ ਬਚਨਨ = ਬਚਨਾਂ ਮਹਿ = ਵਿਚ ਸ਼ਰਧਾ ਆ ਜਾਵੇਗੀ ਭਾਵ ਜਦੋਂ ਤੁਸੀਂ ਮੇਰੇ ਬਚਨ ਆਪਣੇ ਹਿਰਦੇ ਅੰਦਰ ਧਾਰਨ ਕਰ ਲਵੋਗੇ, ਤਬ = ਤਦੋਂ ਤੁਸੀਂ ਦੂਰ = ਖੋਟੇ ਸੰਕਲਪ ਵਿਕਲਪ ਤਜੋ = ਤਿਆਗ ਦੇਵੋਗੇ।

## ਆਸਾ ਪਾਸ; ਬਹੁਤ ਬਿਧ ਕੀਜੈ ॥
## ਤਾਸ ਨਿਵਾਸ; ਨ ਉਰ ਮੈ ਦੀਜੈ ॥੨੫॥

ਜੋ ਆਸਾ ਰੂਪ ਪਾਸ = ਫਾਹੀ ਹੈ, ਇਸ ਨੂੰ ਬਹੁਤ = ਬਹੁਤੇ ਬਿਧ = ਤਰ੍ਹਾਂ ਦੇ ਉੱਦਮ ਕਰਕੇ ਤਿਆਗਣਾ

ਕੀਜੈ = ਕਰੋ ਅਤੇ ਤਾਸ = ਉਸ ਨੂੰ ਆਪਣੇ ਉਰ = ਹਿਰਦੇ ਮੈ = ਵਿਚ ਨਿਵਾਸ = ਵਾਸਾ ਨਾ ਦੀਜੈ = ਦੇਣਾ ਕਰੋ ॥੨੫॥

**ਰਜੋ ਤਮੋ ਮੈ ਧੀ; ਸੁ ਬ੍ਰਿਤੀ ਲਖ ॥**
**ਕਰੋ ਤਾਸ ਕੋ; ਨਾਸ ਫਾਸ ਲਖ ॥**

ਜਦੋਂ ਸੁ = ਉਹ ਧੀ = ਬੁੱਧੀ ਦੀ ਬਿਰਤੀ ਰਜੋ ਤੇ ਤਮੋ ਗੁਣ ਰੂਪ ਨੂੰ ਲਖ = ਜਾਣਨਾ ਕਰੇ ਭਾਵ ਰਜੋ ਤਮੋ ਵਿਚ ਲੀਨ ਹੋ ਜਾਵੇ, ਉਦੋਂ ਹੀ ਤਾਸ ਕੋ = ਉਸ ਨੂੰ ਫਾਸ = ਫਾਹੀ ਰੂਪ ਲਖ = ਜਾਣ ਕਰਕੇ ਉਸ ਦਾ ਨਾਸ਼ ਕਰਨਾ ਕਰੋ।

**ਨਿਰਮਲ ਸਤੋ ਬਿਰਤ; ਸੋ ਮਿਲ ਕਰ ॥**
**ਨਰੋ ਕਰੋ ਤੁਵ; ਮਨ ਨਿਰਮਲ ਤਰ ॥੨੬॥**

ਹੇ ਨਰੋ = ਪੁਰਸ਼ੋ ! ਜਦੋਂ ਸੋ = ਉਹ ਬਿਰਤੀ ਨਿਰਮਲ = ਸ਼ੁੱਧ ਸਤੋ ਗੁਣ ਨਾਲ ਮਿਲ = ਮਿਲਾਪ ਕਰ ਜਾਵੇ ਭਾਵ ਸਤੋ ਗੁਣ ਵਿਚ ਪ੍ਰਵੇਸ਼ ਕਰ ਜਾਵੇ, ਤਦੋਂ ਫੇਰ ਤੁਵ = ਤੁਸੀਂ ਆਪਣੇ ਮਨ ਨੂੰ ਪਰਮਾਤਮਾ ਦੇ ਸਿਮਰਨ ਵਿਚ ਲਾ ਕੇ ਤਰ = ਅਤਿਅੰਤ ਨਿਰਮਲ = ਸ਼ੁੱਧ ਕਰਨਾ ਕਰੋ ॥੨੬॥

**ਐਸੇ ਵਿਸਦ; ਚਿਤ ਕੋ ਲੋਕੋ ॥**
**ਸਮਯਕ ਨਿਜ ਸਰੂਪ; ਮਹਿ ਰੋਕੋ ॥**

ਹੇ ਲੋਕੋ ! ਐਸੇ = ਇਸ ਪ੍ਰਕਾਰ ਦੇ ਵਿਸਦ = ਉੱਜਲ ਚਿੱਤ ਕੋ = ਨੂੰ ਨਿਜ = ਆਪਣੇ ਆਤਮ ਸਰੂਪ ਮਹਿ = ਵਿਚ ਸਮਯਕ = ਚੰਗੀ ਤਰ੍ਹਾਂ ਰੋਕੋ = ਰੋਕ ਭਾਵ ਜੋੜਨਾ ਕਰੋ।

**ਚਿਤ ਚੇਤਨ; ਬਿਬ ਨਿਰਮਲ ਤਾਂਤੇ ॥**
**ਭਵਤ ਅਭੇਦ; ਸਜਾਤੀ ਜਾਂਤੇ ॥੨੭॥**

ਤਾਂਤੇ = ਇਸ ਕਰਕੇ ਚਿਤ ਅਤੇ ਚੇਤਨ ਬਿਬ = ਦੋਵੇਂ ਹੀ ਨਿਰਮਲ = ਸ਼ੁੱਧ ਸਰੂਪ ਹਨ, ਜਾਂਤੇ = ਜਿਸ ਕਰਕੇ ਦੋਵੇਂ ਸਜਾਤੀ ਹੋਣ ਕਰਕੇ ਆਪਸ ਵਿਚ ਅਭੇਦ ਭਵਤ = ਹੋ ਜਾਂਦੇ ਹਨ ਭਾਵ ਚਿੱਤ ਵੀ ਚੇਤਨ ਹੈ ਅਤੇ ਚੇਤਨ ਤਾਂ ਚੇਤਨ ਹੈ ਹੀ, ਇਸ ਕਰਕੇ ਦੋਵੇਂ ਸਜਾਤੀ ਹਨ ॥੨੭॥

***ਪ੍ਰਸ਼ਨ :*** *ਹੇ ਭਰਥਰੀ ਜੀ ! ਆਤਮਾ ਦਾ ਸਰੂਪ ਕੈਸਾ ਹੈ ?*

***ਉੱਤਰ :***

**ਭੇਦ ਸਜਾਤੀ; ਪੁਨਾ ਵਿਜਾਤੀ ॥**
**ਸੁਗਤਿ ਤ੍ਰਿਭੇਦ; ਅਤੀਤ ਅਜਾਤੀ ॥**

ਆਤਮਾ ਦੇ ਵਿਚ ਸਜਾਤੀ ਭੇਦ ਨਹੀਂ ਹੈ, ਪੁਨਾ = ਫਿਰ ਉਸ ਵਿਚ ਵਿਜਾਤੀ ਭੇਦ ਵੀ ਨਹੀਂ ਹੈ ਅਤੇ

ਉਸ ਵਿਚ ਸ੍ਵੈਗਤਿ ਭੇਦ ਵੀ ਨਹੀਂ ਹੈ। ਇਉਂ ਆਤਮਾ ਤ੍ਰਿਭੇਦ = ਤਿੰਨਾਂ ਭੇਦਾਂ ਤੋਂ ਅਤੀਤ = ਨਿਰਲੇਪ ਹੈ ਅਤੇ ਅਜਾਤੀ ਹੈ।

**ਸਜਾਤੀ** : ਉਸੇ ਜਾਤੀ ਦਾ ਹੋਰ ਹੋਣਾ, ਜਿਵੇਂ ਮਨੁੱਖ ਜਾਤੀ ਦੇ ਹੋਰ ਦੂਜੇ ਮਨੁੱਖ ਹਨ, ਪਰ ਆਤਮਾ ਦਾ ਕੋਈ ਸਜਾਤੀ ਨਹੀਂ ਹੈ, ਇਸ ਕਰਕੇ ਆਤਮਾ ਸਜਾਤੀ ਭੇਦ ਤੋਂ ਰਹਿਤ ਹੈ।

**ਵਿਜਾਤੀ** : ਭੇਦ ਕਰਕੇ ਦੂਸਰੀ ਜਾਤੀ ਹੋਣੀ, ਜਿਵੇਂ ਮਨੁੱਖ ਦੇ ਬਰਾਬਰ ਪਛੂ-ਪੰਛੀ ਆਦਿ। ਪਰ ਆਤਮਾ ਤੋਂ ਭਿੰਨ ਹੋਰ ਕੋਈ ਨਹੀਂ ਹੈ, ਇਸ ਕਰਕੇ ਉਸ ਵਿਚ ਵਿਜਾਤੀ ਭੇਦ ਵੀ ਨਹੀਂ ਹੈ।

**ਸ੍ਵੈਗਤਿ** : ਜੋ ਸ੍ਵੈ = ਆਪਣੇ ਆਪ ਨੂੰ ਗਤਿ = ਪ੍ਰਾਪਤ ਹੋਣ ਵਾਲੇ ਅੰਗ, ਪ੍ਰਤੰਗ, ਜਿਵੇਂ ਬ੍ਰਿਛ ਦਾ ਮੁੱਢ, ਟਾਹਣੇ, ਟਾਹਣੀਆਂ, ਫੁੱਲ, ਫਲ ਆਦਿ, ਇਸੇ ਤਰ੍ਹਾਂ ਸਰੀਰ ਦੇ ਲੱਤਾਂ, ਬਾਹਵਾਂ, ਉਂਗਲਾਂ ਆਦਿ। ਇਸ ਕਰਕੇ ਆਤਮਾ ਸ੍ਵੈਗਤਿ ਭੇਦ ਤੋਂ ਵੀ ਰਹਿਤ ਹੈ, ਉਹ ਤਾਂ ਚੇਤਨ ਸਰੂਪ ਪਰਮੇਸ਼ਰ ਦਾ ਸਰੂਪ ਹੈ।

**ਅਜਾਤੀ** : ਬ੍ਰਾਹਮਣ, ਖੱਤਰੀ ਆਦਿ ਜਾਤਾਂ ਤੋਂ ਰਹਿਤ ਹੈ **ਅਥਵਾ** ਉਹ ਜਾਤੀ = ਜੰਮਣ ਤੋਂ ਅ = ਰਹਿਤ ਹੈ, ਇਸ ਕਰਕੇ ਅਜਾਤੀ ਹੈ।

ਇਉਂ ਆਤਮਾ ਤਿੰਨਾਂ (ਸਜਾਤੀ, ਵਿਜਾਤੀ, ਸ੍ਵੈਗਤਿ) ਭੇਦਾਂ ਤੋਂ ਰਹਿਤ ਅਤੇ ਅਜਾਤੀ ਹੈ।

## ਤਾਂਤੇ ਤਾ ਮੋ; ਬਿਰਤਿ ਸਜਾਤੀ ॥
## ਅਰਪੋ ਜਨੋ; ਤੁੰਮ੍ਰ ਦਿਨ ਰਾਤੀ ॥੨੮॥

ਹੇ ਜਨੋ = ਪੁਰਸ਼ੋ ! ਤਾਂਤੇ = ਇਸ ਕਰਕੇ ਤੁੰਮ੍ਰ = ਤੁਸੀਂ ਸਜਾਤੀ ਬਿਰਤੀ ਧਾਰਨ ਕਰ ਕੇ ਆਪਣੇ ਤਾ = ਉਸ ਆਤਮ ਸਰੂਪ ਮੋ = ਵਿਚ ਦਿਨ ਰਾਤੀ = ਰਾਤ ਦੇ ਸਮੇਂ ਨੂੰ ਅਰਪੋ = ਅਰਪਣਾ ਕਰੋ ॥੨੮॥

**ਸਜਾਤੀ ਬਿਰਤੀ** : ਸਤ, ਸੰਤੋਖ, ਦਇਆ, ਧਰਮ, ਵਿਚਾਰ, ਸੀਤਲਤਾ, ਪ੍ਰਕਾਸ਼ਤਾ, ਸਮਤਾ, ਧੀਰਜਤਾ ਅਤੇ ਅਸੰਗਤਾ ਵਾਲੀ ਬਿਰਤੀ, ਸਜਾਤੀ ਬਿਰਤੀ ਹੈ, ਇਸ ਨੂੰ ਗ੍ਰਹਿਣ ਕਰ ਕੇ ਆਪਣੇ ਆਤਮ ਸਰੂਪ ਵਿਚ ਜੁੜਨਾ ਕਰੋ।

## ਚੌਪਈ ॥
## ਜੀਵ ਈਸ ਕੋ; ਨ ਭੇਦ ਭੋਰਾ ॥
## ਜਾਹਿੰ ਮਿਲੇ, ਪੁਨ ਨਾਹਿ ਵਿਛੋਰਾ ॥

ਜੀਵ ਕੋ = ਦਾ ਈਸ = ਈਸ਼ਵਰ ਦੇ ਨਾਲੋਂ ਭੋਰਾ = ਥੋੜ੍ਹਾ ਜਿਹਾ ਵੀ ਭੇਦ = ਫ਼ਰਕ ਨਹੀਂ ਹੈ, ਕਿਉਂਕਿ ਜੀਵ ਦੇ ਖਟ ਵਿਕਾਰ ਅਵਿੱਦਿਆ ਆਦਿਕ ਨੂੰ ਤਿਆਗ ਕੇ ਅਤੇ ਈਸ਼ਵਰ ਦੇ ਛੇ ਗੁਣ ਮਾਇਆ ਭਾਗ ਦਾ ਤਿਆਗ ਕਰ ਦੇਈਏ ਤਾਂ ਫਿਰ ਦੋਵੇਂ ਜੀਵ ਤੇ ਈਸ਼ਵਰ ਸ਼ੁੱਧ ਸਰੂਪ ਬ੍ਰਹਮ ਦਾ ਹੀ ਰੂਪ ਹਨ। ਇਸ ਕਰਕੇ ਦੋਵਾਂ ਵਿਚ ਕੋਈ ਭੇਦ ਨਹੀਂ ਹੈ, ਇਉਂ ਜਾਹਿੰ = ਜਿਨ੍ਹਾਂ ਦਾ ਮਿਲੇ = ਮਿਲਾਪ ਹੋ ਗਿਆ ਹੈ ਭਾਵ ਜੀਵ ਈਸ਼ ਦੀ ਏਕਤਾ ਹੋ ਗਈ ਹੈ, ਪੁਨਾ = ਫਿਰ ਮੁੜ ਕੇ ਉਨ੍ਹਾਂ ਦਾ ਵਿਛੋਰਾ = ਵਿਛੋੜਾ ਨਹੀਂ ਹੁੰਦਾ ਹੈ।

## ਸਕਲ ਕਾਮਨਾ; ਤਿਆਗ ਅਧੀਨੋ ॥
## ਸਰਬ ਇਛਾ ਤਜਿ; ਤਾਂਕੋ ਚੀਨੋ ॥੨੯॥

ਸਕਲ = ਸਾਰੀਆਂ ਕਾਮਨਾਵਾਂ ਨੂੰ ਤਿਆਗਣ ਦੇ ਅਧੀਨੋ = ਆਸਰੇ ਭਾਵ ਕਾਮਨਾਵਾਂ ਦਾ ਤਿਆਗ

ਕਰ ਕੇ ਹੀ ਜੀਵ-ਈਸ਼ ਦਾ ਮਿਲਾਪ ਹੁੰਦਾ ਹੈ, ਇਸ ਕਰਕੇ ਸਰਬ = ਸਾਰੀਆਂ ਖੋਟੀਆਂ ਇੱਛਾਵਾਂ ਤਜਿ = ਤਿਆਗ ਕਰ ਕੇ, ਤਾਂਕੋ = ਉਨ੍ਹਾਂ ਜੀਵ-ਈਸ਼ ਨੂੰ ਇਕ ਸਰੂਪ ਕਰ ਕੇ ਚੀਨੋ = ਪਛਾਣਨਾ ਕਰੋ ॥੨੯॥

## ਯਾ ਤਨ ਮਾਹਿ; ਨਿਜਾਤਮ ਸੁਖ ਕੋ ॥
## ਅਨੁਭਵ ਕਰੋ, ਹਰੋ ਭਵ ਦੁਖ ਕੋ ॥

ਹੇ ਜੀਵੋ ! ਯਾ = ਇਸ ਮਨੁੱਖਾ ਤਨ = ਸਰੀਰ ਦੇ ਮਾਹਿ = ਵਿਚ ਹੀ ਨਿਜਾਤਮ = ਆਪਣੇ ਆਤਮ ਸਰੂਪ ਦੇ ਸੁਖ ਕੋ = ਨੂੰ ਅਨੁਭਵ ਕਰਨਾ ਕਰੋ ਭਾਵ ਆਪਣੇ ਗੁਰਾਂ ਤੋਂ ਨਾਮ ਗਿਆਨ ਪ੍ਰਾਪਤ ਕਰ ਕੇ ਆਪਣੇ ਆਤਮਿਕ ਸਰੂਪ ਨੂੰ ਜਾਣਨਾ ਕਰੋ, ਕਿਉਂਕਿ ਫੇਰ ਮੁੜ ਕੇ ਇਹ ਮਨੁੱਖਾ ਜਨਮ ਰੂਪੀ ਵੇਲਾ ਨਹੀਂ ਮਿਲਣਾ, ਇਸ ਕਰਕੇ ਆਤਮਿਕ ਸੁਖ ਨੂੰ ਜਾਣਨਾ ਕਰੋ ਅਤੇ ਭਵ = ਸੰਸਾਰ ਦੇ ਸਾਰੇ ਦੁੱਖਾਂ ਕੋ = ਨੂੰ ਹਰੋ = ਨਾਸ਼ ਕਰਨਾ ਕਰੋ।

## ਮੋਰ ਗਿਰਾ ਮੋ; ਤੋਰ ਸਨੇਹਾ ॥
## ਧਰੋ ਤਬੇ ਤੁਮ; ਮਮ ਮਤ ਏਹਾ ॥੩੦॥

ਮੋਰ = ਮੇਰੀ ਗਿਰਾ = ਬਾਣੀ ਮੋ = ਵਿਚ ਜਿਹੜਾ ਤੋਰ = ਤੁਹਾਡਾ ਸਨੇਹਾ = ਪ੍ਰੇਮ ਹੈ, ਤਬੇ = ਤਦੋਂ ਇਸ ਨੂੰ ਤੁਮ = ਤੁਸੀਂ ਆਪਣੇ ਹਿਰਦੇ ਅੰਦਰ ਧਰੋ = ਧਾਰਨ ਕਰਨਾ ਕਰੋ, ਮਮ = ਮੇਰੀ ਤਾਂ ਤੁਹਾਨੂੰ ਏਹਾ = ਇਹੋ ਹੀ ਮਤ = ਸਿੱਖਿਆ ਹੈ ॥੩੦॥

## ਦੋਹਰਾ ॥
## ਵਿਖਮ ਦੁਖਦ ਖਿਣ ਭੰਗ ਮੈ; ਭੋਗ ਰੂਪ ਸੰਸਾਰ ॥

ਜੋ ਭੋਗ ਰੂਪ ਸੰਸਾਰ ਹੈ, ਇਹ ਬਹੁਤ ਵਿਖਮ = ਕਠਿਨ ਦੁਖਦ = ਦੁੱਖ ਦੇਣ ਵਾਲਾ ਹੈ ਅਤੇ ਇਕ ਖਿਨ ਮੈ = ਵਿਚ ਭੰਗ = ਨਾਸ਼ ਹੋ ਜਾਣ ਵਾਲਾ ਹੈ।

## ਤਾ ਕੋ ਵਿਦ ਸੰਸਾਰ ਸਮ; ਕੋਵਿਦ ਦੇਤ ਨਿਵਾਰ ॥੩੧॥

ਕੋਵਿਦ = ਵਿਦਵਾਨ ਜਨ ਤਾ ਕੋ = ਉਸ ਸੰਸਾਰ ਨੂੰ ਸੰਸਾਰ = ਮਗਰਮੱਛ ਦੇ ਸਮ = ਸਮਾਨ ਦੁਖਦਾਈ ਵਿਦ = ਜਾਣ ਕਰਕੇ ਨਿਵਾਰ = ਨਵਿਰਤ ਭਾਵ ਤਿਆਗ ਦੇਤ = ਦਿੰਦੇ ਹਨ ॥੩੧॥

## ਸ੍ਵੈਯਾ ॥
## ਜਬ ਹੋ ਬੁਧਿਵਾਨ; ਤਬੀ ਤਤ ਬ੍ਰਹਮ ਕੋ ਧਯਾਨ ਧਰੋ ॥

ਹੇ ਜੀਵੋ ! ਜਬ = ਜੇਕਰ ਤੁਸੀਂ ਬੁਧਿਵਾਨ = ਸ੍ਰੇਸ਼ਟ ਬੁੱਧੀ ਵਾਲੇ ਹੋ, ਤਬੀ = ਤਦੋਂ ਫੇਰ ਤੁਸੀਂ ਉਸ ਤੱਤ ਸਰੂਪ ਬ੍ਰਹਮ ਦੇ ਧਿਆਨ ਕੋ = ਨੂੰ ਆਪਣੇ ਹਿਰਦੇ ਅੰਦਰ ਧਰੋ = ਧਾਰਨ ਕਰਨਾ ਕਰੋ।

## ਜੋ ਅਨੰਤ ਵਿਕਾਸ ਪਰੰ ਅਜਰੰ;
## ਤਤ ਲਾਭ ਤੇ, ਆਨ ਨ ਲਾਭ ਪਰੋ ॥

ਜੋ ਬ੍ਰਹਮ ਅਨੰਤ = ਅੰਤ ਤੋਂ ਰਹਿਤ ਹੈ, ਵਿਕਾਸ = ਪ੍ਰਕਾਸ਼ ਸਰੂਪ ਹੈ, ਪਰੰ = ਵਿਸ਼ੇਸ਼ ਕਰਕੇ ਅਜਰੰ = ਜਰਨ ਤੋਂ ਰਹਿਤ **ਵਾ:** ਜਰੰ = ਬੁਢਾਪੇ ਤੋਂ ਅ = ਰਹਿਤ ਹੈ, ਤਤ = ਉਸ ਦੀ ਲਾਭ = ਪ੍ਰਾਪਤੀ ਤੇ = ਤੋਂ ਪਰੋ = ਪਰੇ ਆਨ = ਹੋਰ ਕੋਈ ਵੀ ਲਾਭ = ਪ੍ਰਾਪਤੀ ਨਹੀਂ ਹੈ।

## ਰੁਚਿ ਹੇਤੁ ਵਿਪਸਚਿਤ ਕੇ ਚਿਤ ਕੋ;
## ਭਵ ਭੋਗ ਕਦਾਚਿਤ ਹੈ ਸਗਰੋ ॥

ਵਿਪਸਚਿਤ = ਗਿਆਨਵਾਨ ਪੁਰਸ਼ ਕੇ = ਦੇ ਚਿਤ ਦੀ ਬਿਰਤੀ ਰੁਚਿ = ਪ੍ਰੀਤੀ ਦੇ ਸਹਿਤ ਭਵ = ਸੰਸਾਰ ਦੇ ਸਗਰੋ = ਸਾਰੇ ਭੋਗਾਂ ਦੀ ਹੇਤੁ = ਹੇਤੂ ਹੋ ਸਕਦੀ ਹੈ ? ਭਾਵ ਕਦਾਚਿਤ = ਕਦੇ ਵੀ ਨਹੀਂ ਹੋ ਸਕਦੀ, ਕਿਉਂਕਿ ਗਿਆਨਵਾਨ ਪੁਰਸ਼ ਇਨ੍ਹਾਂ ਨਾਲ ਪ੍ਰੀਤੀ ਨਹੀਂ ਕਰਦਾ।

## ਜਨੁ ਨੀਚ ਕਰੇ ਰਤਿ ਬੀਚ ਇਨੇ;
## ਅੱਗ ਤੱਗ ਬਿਖੇ ਇਤਨੋ ਅੰਤਰੋ ॥੩੨॥

ਨੀਚ ਜਨੁ = ਪੁਰਸ਼ ਇਨੇ = ਇਨ੍ਹਾਂ ਭੋਗਾਂ ਬੀਚ = ਵਿਚ ਰਤਿ = ਪ੍ਰੀਤੀ ਕਰੇ = ਕਰਦਾ ਹੈ, ਬੱਸ ਅੱਗ = ਅਗਿਆਨੀ ਤੇ ਤੱਗ = ਗਿਆਨੀ ਪੁਰਸ਼ ਬਿਖੇ = ਵਿਚ ਇਤਨੋ = ਇਤਨਾ ਹੀ ਅੰਤਰੋ = ਫ਼ਰਕ ਹੈ ॥੩੨॥

## ਤੋਟਕ ਛੰਦ ॥
## ਜੜ ਰੂਪ ਸਭੀ ਤਨ; ਆਨ ਜਿਤੇ ॥
## ਜਿਨ ਮੈ ਨ; ਸੁਭਾਸੁਭ ਗਿਆਨ ਕਿਤੇ ॥

ਮਨੁੱਖਾ ਸਰੀਰ ਤੋਂ ਬਗ਼ੈਰ ਆਨ = ਹੋਰ ਜਿਤੇ = ਜਿਤਨੇ ਵੀ ਤਨ = ਸਰੀਰ ਹਨ, ਉਹ ਸਭੀ = ਸਾਰੇ ਹੀ ਜੜ੍ਹ ਰੂਪ ਹਨ, ਜਿਨ = ਜਿਨ੍ਹਾਂ ਦੇ ਮੈ = ਵਿਚ ਕਿਤੇ ਵੀ (ਸੁਭ + ਅਸੁਭ) ਸੁਭ = ਚੰਗੇ ਤੇ ਅਸੁਭ = ਮਾੜੇ ਦਾ ਗਿਆਨ ਨਹੀਂ ਹੈ।

## ਚਿਦ ਏਕ ਲਖੋ; ਨਰ ਕੇ ਤਨ ਕੋ ॥
## ਜਿਸ ਮਾਹਿ ਲਖੇ; ਸਭ ਚੇਤਨ ਕੋ ॥੩੩॥

ਕੇਵਲ ਏਕ = ਇਕ ਨਰ = ਮਨੁੱਖ ਕੇ = ਦੇ ਤਨ = ਸਰੀਰ ਕੋ = ਨੂੰ ਚਿਦ = ਚੇਤਨ ਲਖੋ = ਜਾਣਨਾ ਕਰੋ, ਜਿਸ ਮਨੁੱਖਾ ਸਰੀਰ ਦੇ ਮਾਹਿ = ਵਿਚ ਹੀ ਸਤ, ਚੇਤਨ, ਆਨੰਦ ਸਰੂਪ ਆਤਮਾ ਕੋ = ਨੂੰ ਲਖੇ = ਜਾਣਿਆ ਜਾਂਦਾ ਹੈ ॥੩੩॥

## ਸੁਖ ਰੂਪ ਅਨੰਤ; ਪਰੰ ਅਜਰੰ॥
## ਅਜ ਰੂਪ ਵਿਕਾਸ; ਅਨੂਪ ਰਰੰ॥

ਉਹ ਆਤਮਾ (੧) ਸੁਖ ਸਰੂਪ ਹੈ, (੨) ਅਨੰਤ = ਅੰਤ ਤੋਂ ਰਹਿਤ ਹੈ, (੩) **ਵਾ:** ਬੇਅੰਤ ਸਰੂਪ ਹੈ, (੪) ਪਰੰ = ਮੁੱਢ ਰੂਪ ਹੈ, (੫) ਅਜਰੰ = ਜਰਨ ਤੋਂ ਰਹਿਤ **ਵਾ:** (੬) ਬੁਢਾਪੇ ਤੋਂ ਰਹਿਤ ਹੈ, (੭) ਅਜ = ਜੰਮਣ ਤੋਂ ਰਹਿਤ, (੮) ਵਿਕਾਸ = ਪ੍ਰਕਾਸ਼ ਰੂਪ ਹੈ ਅਤੇ (੯) ਅਨੂਪ = ਉਪਮਾ ਤੋਂ ਰਹਿਤ ਰਰੰ = ਉਚਾਰਿਆ ਭਾਵ ਕਿਹਾ ਜਾਂਦਾ ਹੈ।

## ਸਮ ਏ; ਦਸ ਲਖਣ ਆਤਮ ਕੇ॥
## ਅਧੁਨਾਰਥ; ਭਾਖਤ ਹੈਂ ਤਿਨ ਕੇ॥੩੪॥

(੧੦) ਅਤੇ ਉਹ ਸਭਨਾਂ ਦੇ ਵਿਚ ਇਕ ਸਮ = ਸਮਾਨ ਵਿਆਪਕ ਹੈ, ਏ = ਇਹ ਆਤਮਾ ਕੇ = ਦੇ ਦਸ ਲਖਣ = ਲੱਛਣ ਹਨ, (ਅਧੁਨ + ਅਰਥ) ਅੱਗੇ ਅਧੁਨ = ਹੁਣ ਤਿਨ = ਉਸ ਦੇ ਅਰਥਾਂ ਨੂੰ ਭਾਖਤ = ਕਥਨ ਕਰਦੇ ਹਾਂ॥੩੪॥

## ਸੱਤ ਤ੍ਰਿਕਾਲ ਵਹ; ਅਬਾਧ ਜੁ ਹੈ॥
## ਇਨ ਮੈ; ਸ੍ਰੁਤਿ ਲੋਕ ਪਰਮਾਨ ਦੁ ਹੈ॥

ਵਹ = ਉਹ ਆਤਮਾ ਸੱਤ ਇਸ ਕਰਕੇ ਹੈ, ਕਿਉਂਕਿ ਜੋ ਤ੍ਰਿਕਾਲ = ਤਿੰਨਾਂ ਕਾਲਾਂ ਵਿਚ ਅਬਾਧ = ਨਾਸ਼ ਰਹਿਤ ਹੈ। ਜੈਸਾ ਕਿ:

**ਤ੍ਰੈਕਾਲ ਅਬਧੱਤ੍ਰੰ ਸਤੰਤ੍ਰੰ।** *(ਵੇਦ ਸ੍ਰੁਤੀ)*

ਅਤੇ ਇਨ = ਇਸ ਮੈ = ਵਿਚ ਦੋ ਸ੍ਰੁਤਿ = ਵੈਦਿਕ ਤੇ ਲੌਕਿਕ ਪ੍ਰਮਾਣ ਹਨ ਭਾਵ ਇਹ ਦੋਵੇਂ ਪ੍ਰਮਾਣ ਦੇਂਦੇ ਹਨ ਕਿ ਆਤਮਾ ਸਤਿ ਸਰੂਪ ਹੈ।

## ਸ੍ਰੁਤਿ ਵਾਕ ਸਦੇਵ; ਇਤਾਦਿ ਰਰੇ॥
## ਜਨ ਜੇ; ਜਨਮਾਂਤਰ ਕਾਮ ਕਰੇ॥੩੫॥

ਵੇਦਾਂ ਦੀ ਸ੍ਰੁਤਿ = ਸ੍ਰੁਤੀ ਦਾ ਵਾਕ = ਬਚਨ ਹੈ ਕਿ ਆਤਮਾ ਸਦੇਵ = ਸਦਾ ਹੀ ਸਤਿ ਸਰੂਪ ਹੈ, ਇਤਾਦਿ = ਇਤਆਦਿਕ ਵਾਕ ਹੋਰਨਾਂ ਧਾਰਮਿਕ ਗ੍ਰੰਥਾਂ ਨੇ ਵੀ ਰਰੇ = ਉਚਾਰਨ ਕੀਤੇ ਹਨ, ਇਸ ਕਰਕੇ ਨਾ ਇਹ ਆਤਮਾ ਮਰਦਾ ਹੈ, ਨਾ ਜੰਮਦਾ ਹੈ, ਸਤਿ ਸਰੂਪ ਹੈ, ਗੁਰੂ ਸਾਹਿਬ ਦਾ ਵੀ ਫ਼ੁਰਮਾਨ ਹੈ। ਜੈਸਾ ਕਿ:

**ਨਾ ਇਹੁ ਬਿਨਸੈ ਨਾ ਇਹੁ ਜਾਇ॥** *(ਗੋਂਡ ਮ: ੫, ਅੰਗ ੮੬੮)*

**ਵਾ: ਮਰਣਹਾਰੁ ਇਹੁ ਜੀਅਰਾ ਨਾਹੀ॥੩॥** *(ਗਉੜੀ ਮ: ੫, ਅੰਗ ੧੮੮)*

ਅਤੇ ਮਹਾਤਮਾ ਜਨ ਕਥਨ ਕਰਦੇ ਹਨ ਕਿ ਜੇ = ਜਿਹੜੇ ਪੁਰਸ਼ ਨੇ ਜਨਮਾਂਤਰ = ਪਿਛਲੇ ਜਨਮਾਂ ਵਿਚ ਚੰਗੇ ਜਾਂ ਮਾੜੇ ਕਾਮ = ਕਰਮ ਕਰੇ = ਕੀਤੇ ਹਨ॥੩੫॥

## ਫਲ ਤਾਂ ਕ੍ਰਿਤ ਕੋ; ਇਤ ਲੋਕ ਮਿਲੇ ॥
## ਇਤ ਕੀ ਕਰਣੀ; ਪਰਲੋਕ ਫਲੇ ॥

ਤਾਂ = ਉਨ੍ਹਾਂ ਪੂਰਬਲੇ ਕ੍ਰਿਤ = ਕਰਮਾਂ ਕੋ = ਦਾ ਫਲ ਇਤ = ਇਸ ਮਾਤ ਲੋਕ ਵਿਚ ਮਿਲੇ = ਮਿਲਦਾ ਹੈ ਭਾਵ ਜੇਕਰ ਚੰਗਾ ਕਰਮ ਕੀਤਾ ਹੈ ਤਾਂ ਸੁਖ ਰੂਪ ਵਿਚ ਫਲ ਮਿਲਦਾ ਹੈ, ਜੇ ਮਾੜਾ ਕਰਮ ਕੀਤਾ ਹੈ ਤਾਂ ਫਿਰ ਦੁੱਖ ਰੂਪ ਵਿਚ ਫਲ ਮਿਲਦਾ ਹੈ ਅਤੇ ਇਤ = ਇਸ ਲੋਕ ਕੀ = ਦੀ ਕਰਣੀ (ਕਰਮ) ਦਾ ਫਲ ਪਰਲੋਕ ਵਿਚ ਪ੍ਰਾਪਤ ਹੁੰਦਾ ਹੈ।

## ਇਹ ਜੀਵ ਮਰੇ ਨਹਿ; ਲੋਕ ਮਤੇ ॥
## ਸਭ ਜੀਵ ਕੋ ਜੀਵ; ਅਹਿ ਜਹਿ ਤੇ ॥੩੬॥

ਇਸ ਪ੍ਰਕਾਰ ਮਹਾਤਮਾ ਲੋਕਾਂ ਦੇ ਮਤੇ = ਮੱਤ ਤੋਂ ਸਿੱਧ ਹੁੰਦਾ ਹੈ ਕਿ ਇਹ ਜੀਵ ਮਰੇ = ਮਰਦਾ ਨਹਿ = ਨਹੀਂ ਹੈ ਕਿਉਂਕਿ ਜੇ ਮਰਦਾ ਹੁੰਦਾ ਤਾਂ ਫੇਰ ਪਿਛਲੇ ਜਨਮਾਂ ਦੇ ਕਰਮਾਂ ਨੂੰ ਕਿਉਂ ਭੋਗਦਾ ਹੈ ? ਇਸ ਕਰਕੇ ਜੇ ਨਿੱਤ ਜਿਊਂਦਾ ਹੈ ਤਾਂ ਹੀ ਪਿਛਲੇ ਜਨਮਾਂ ਦੇ ਕਰਮਾਂ ਨੂੰ ਭੋਗਦਾ ਹੈ ਤੇ ਹੁਣ ਦੇ ਕਰਮਾਂ ਦਾ ਫਲ ਅੱਗੇ ਨੂੰ ਭੋਗੇਗਾ। ਜਹਿ = ਜਿਸ ਤੇ = ਤੋਂ ਅਹਿ = ਇਹੋ ਹੀ ਸਿੱਧ ਹੁੰਦਾ ਹੈ ਕਿ ਸਭ = ਸਾਰੇ ਜੀਵਾਂ ਕੋ = ਨੂੰ ਨਿੱਤ ਜੀਵ = ਜੀਵਨ ਪ੍ਰਾਪਤ ਹੈ॥੩੬॥

## ਮਨ ਧੀ ਤਨ ਲੌਂ; ਜੜ ਰੂਪ ਸਬੀ ॥
## ਨ ਸੁਤੇ ਜਿਨ ਮੋਂ; ਕਛੁ ਗਿਆਨ ਕਬੀ ॥

ਮਨ, ਧੀ = ਬੁੱਧੀ ਤੋਂ ਲੈ ਕੇ ਤਨ = ਸਰੀਰ ਲੌਂ = ਤਕ ਸਬੀ = ਸਾਰੇ ਇੰਦਰੇ ਜੜ ਰੂਪ ਹਨ। ਜਿਨ = ਜਿਨ੍ਹਾਂ ਮੋ = ਵਿਚ ਸੁਤੇ = ਆਪਣੇ ਆਪ ਤੋਂ ਕਬੀ = ਕਦੇ ਵੀ ਕਛੁ = ਕੁਝ ਗਿਆਨ ਨਹੀਂ ਹੁੰਦਾ ਹੈ।

## ਇਕ ਚੇਤਨ ਤੇ; ਸਭ ਚੇਤਨ ਹੈ ॥
## ਇਤ ਹੇਤੁ; ਚਿਦਾਤਮ ਧੀਰ ਲਹੇ ॥੩੭॥

ਇਕ ਚੇਤਨ ਆਤਮਾ ਤੇ = ਤੋਂ ਹੀ ਸਭ = ਸਾਰੇ ਇੰਦਰੇ ਚੇਤਨਤਾ ਸਹਿਤ ਹੋ ਰਹੇ ਹਨ, ਇਤ = ਇਸ ਹੇਤੁ = ਵਾਸਤੇ ਧੀਰ = ਧੀਰਜਵਾਨ ਮਹਾਤਮਾ ਜਨ (ਚਿਦ + ਆਤਮ) ਆਤਮਾ ਨੂੰ ਹੀ ਚਿਦ = ਚੇਤਨ ਸਰੂਪ ਲਹੇ = ਜਾਣਨਾ ਕਰਦੇ ਹਨ॥੩੭॥

## ਸੁਖ ਸਾਗਰ ਬ੍ਰਹਮ; ਕੀ ਅੰਸ ਕਨੀ ॥
## ਅਨਸੂਤ; ਤ੍ਰਿਲੋਕ ਬਿਖੈ ਸਘਨੀ ॥

ਜੋ ਸੁਖਾਂ ਦਾ ਸਾਗਰ = ਸਮੁੰਦਰ ਬ੍ਰਹਮ ਹੈ, ਉਸ ਕੀ = ਦੀ ਇਕ ਕਨੀ = ਬੂੰਦ ਮਾਤਰ ਰੂਪੀ ਜੀਵਾਤਮਾ ਅੰਸ ਹੈ, ਭਾਵ ਜੀਵਾਤਮਾ ਪਰਮੇਸ਼ਰ ਦਾ ਹੀ ਸਰੂਪ ਹੈ, ਉਹ ਆਤਮਾ ਤ੍ਰਿਲੋਕ = ਤਿੰਨੇ ਲੋਕਾਂ ਦੇ ਸਘਨੀ = ਤਮਾਮ ਜੀਵਾਂ ਬਿਖੈ = ਵਿਚ ਅਨਸੂਤ = ਵਿਆਪਕ ਹੋ ਰਹੀ ਹੈ **ਵਾ:** ਉਹ ਆਤਮਾ ਅਨਸੂਤ

(ਅਨ + ਸੂਤ) ਅਨ = ਦੋ ਭਾਵ ਤਾਣੇ-ਪੇਟੇ ਦੇ ਸੂਤਰ ਵਤ ਤਿੰਨੇ ਲੋਕਾਂ ਦੇ ਤਮਾਮ ਜੀਵਾਂ ਵਿਚ ਵਿਆਪਕ ਹੋ ਰਹੀ ਹੈ।

## ਥਿਤ ਕੰਚਨ ਕਦਲੇ; ਮਾਂਹਿ ਯਥਾ॥
## ਸਭ ਭੋਗਨ ਮੋ; ਸੁਖ ਤਾਹਿ ਤਥਾ॥੩੮॥

ਯਥਾ = ਜਿਸ ਪ੍ਰਕਾਰ ਕਦਲੇ = ਸੋਨੇ ਦੇ ਪੱਤਰ **ਵਾ:** ਸੋਨੇ ਦੀ ਤਾਰ ਵਿਚ ਵੀ ਕੰਚਨ = ਸੋਨਾ ਥਿਤ = ਇਸਥਿਤ ਹੈ, ਤਥਾ = ਇਸੇ ਪ੍ਰਕਾਰ ਹੀ ਜੋ ਸਭ = ਸਾਰੇ ਭੋਗਨ = ਭੋਗਾਂ ਮੋ = ਵਿਚ ਸੁਖ ਪ੍ਰਾਪਤ ਹੋ ਰਿਹਾ ਹੈ, ਉਹ ਸੁਖ ਤਾਹਿ = ਉਸ ਚੇਤਨ ਬ੍ਰਹਮ ਦਾ ਹੀ ਦਿੱਤਾ ਹੋਇਆ ਹੈ॥੩੮॥

## ਤਿਹ ਤੇ ਨ ਰਿਤੇ; ਸੁਖ ਨੈਕ ਕਿਤੇ॥
## ਸੁਖ ਮੂਰਤਿ ਸ੍ਵਾਤਮ; ਹੇਤ ਇਤੇ॥

ਇਸ ਕਰਕੇ ਤਿਹ = ਉਸ ਆਤਮਾ ਤੋਂ ਰਿਤੇ = ਬ਼ਗ਼ੈਰ ਹੋਰ ਕਿਤੇ ਨੈਕ = ਥੋੜ੍ਹੇ ਮਾਤਰ ਵੀ ਸੁਖ ਨਹੀਂ ਹੈ, ਇਤੇ = ਇਸ ਹੇਤ = ਵਾਸਤੇ ਸ੍ਵਾਤਮ = ਆਪਣਾ ਆਤਮਾ ਹੀ ਸੁਖਾਂ ਦਾ ਮੂਰਤਿ = ਸਰੂਪ ਹੈ।

## ਨ ਪ੍ਰਮਾਣ ਵਿਖੇ; ਨਹਿ ਨਾਸ ਜਿਸੇ॥
## ਪਰਿਪੂਰਣ ਔ; ਨਹਿ ਜੱਨਯ ਕਿਸੇ॥੩੯॥

ਜਿਸੇ = ਜਿਸ ਆਤਮਾ ਦੇ ਨਾਸ਼ ਹੋਣ ਵਿਖੇ = ਵਿਚ ਕੋਈ ਵੀ ਪ੍ਰਮਾਣ ਨਹੀਂ ਹੈ ਭਾਵ ਉਹ ਸਤਿ ਸਰੂਪ ਹੈ, ਉਹ ਪਰੀਪੂਰਨ ਹੈ ਔ = ਅਤੇ ਕਿਸੇ ਤੋਂ ਜੱਨਯ = ਪੈਦਾ ਨਹੀਂ ਹੋਇਆ **ਅਥਵਾ** ਜੋ ਕਦੇ ਪੈਦਾ ਹੀ ਨਹੀਂ ਹੋਇਆ, ਉਹ ਨਾਸ਼ ਕਿਵੇਂ ਹੋ ਸਕਦਾ ਹੈ? ਭਾਵ ਉਹ ਨਾਸ਼ ਵੀ ਨਹੀਂ ਹੋਵੇਗਾ। ਸਭ ਜਗ੍ਹਾ ਪਰੀਪੂਰਨ ਹੈ, ਇਸ ਕਰਕੇ ਸਭ ਥਾਵਾਂ 'ਤੇ ਵਿਆਪਕ ਹੋਣ ਕਰਕੇ ਸਭ ਜਗ੍ਹਾ ਸੁਖ ਦੇਣ ਵਾਲਾ ਹੈ॥੩੯॥

## ਇਤ ਹੇਤ; ਅਨੰਤ ਨਿਜਾਤਮ ਹੈ॥
## ਪਰ ਤੇ ਪਰ; ਜੋ ਪਰਮਾਤਮ ਹੈ॥

ਇਤ = ਇਸ ਹੇਤ = ਕਾਰਣ ਕਰਕੇ ਇਹੋ ਜਾਣੀਦਾ ਹੈ ਕਿ (ਨਿਜ + ਆਤਮ) ਨਿਜ = ਆਪਣਾ ਆਤਮਾ ਹੀ ਅਨੰਤ = ਅੰਤ ਤੋਂ ਰਹਿਤ ਹੈ, ਪਰ ਤੇ ਪਰ = ਪਰ੍ਹੇ ਤੋਂ ਪਰ੍ਹੇ ਜੋ ਪਰਮਾਤਮਾ ਹੈ, ਉਹੋ ਹੀ ਮੇਰਾ ਆਤਮਾ ਹੈ ਭਾਵ ਆਤਮਾ ਪਰਮਾਤਮਾ ਦਾ ਹੀ ਸਰੂਪ ਹੈ। ਜੈਸਾ ਕਿ:

**ਆਤਮਾ ਪਰਾਤਮਾ ਏਕੋ ਕਰੈ॥ ਅੰਤਰ ਕੀ ਦੁਬਿਧਾ ਅੰਤਰਿ ਮਰੈ॥੧॥**

*(ਧਨਾਸਰੀ ਮ: ੧, ਅੰਗ ੬੬੧)*

## ਤਨ ਬਾਮ ਤਨੇ; ਧਨ ਧਾਮ ਪਰੇ॥
## ਜਿਹ ਵੇਦ ਮਨਾਦਿ ਨ; ਵੇਦ ਰਰੇ॥੪੦॥

ਜੋ ਆਤਮਾ, ਤਨ = ਸਰੀਰ, ਬਾਮ = ਇਸਤਰੀ, ਤਨੇ = ਪੁੱਤਰ, ਧਨ ਤੇ ਧਾਮ = ਘਰ ਤੋਂ ਪਰ੍ਹੇ ਹੈ,

ਜਿਹ = ਜਿਸ ਆਤਮਾ ਨੂੰ ਮਨਾਦਿ = ਮਨ ਆਦਿਕ ਇੰਦਰੇ ਵੇਦ = ਜਾਣ ਨਹੀਂ ਸਕਦੇ, ਇਸ ਗੱਲ ਨੂੰ ਵੇਦ ਵੀ ਰਰੇ = ਉਚਾਰਨ ਕਰਦੇ ਹਨ ॥੪੦॥

## ਇਤ ਰੀਤਿ; ਪਰਾਤਮ ਬੇਦ ਭਨਾ ॥
## ਅਜਰਾਤਮ; ਮਾਯਕ ਕਾਇ ਬਿਨਾ ॥

ਇਤ = ਇਸ ਰੀਤ ਦੇ ਨਾਲ ਵੇਦ ਨੇ ਵੀ (ਪਰ + ਆਤਮ) ਆਤਮਾ ਨੂੰ ਪਰ = ਪਰਾ ਰੂਪ ਭਨਾ = ਕਥਨ ਕੀਤਾ ਹੈ। ਐਸੀ (ਅਜਰ + ਆਤਮ) ਆਤਮਾ ਅਜਰ = ਜਰਨ ਤੋਂ ਰਹਿਤ **ਵਾ:** ਜਰ = ਬੁਢਾਪੇ ਤੋਂ ਅ = ਰਹਿਤ ਹੈ ਅਤੇ ਮਾਇਕੀ ਕਾਇ = ਸਰੀਰ ਤੋਂ ਬਿਨਾ = ਰਹਿਤ ਹੈ।

## ਅਥਵਾ ਅਸਿ ਆਗ; ਕਟੇ ਨ ਦਹੈ ॥
## ਸਬਕਾਤਮ ਤੇ; ਅਜਰਾ ਸੁ ਕਰੈ ॥੪੧॥

ਅਥਵਾ ਉਸ ਆਤਮਾ ਨੂੰ ਅਸਿ = ਤਲਵਾਰ ਕਟੇ = ਕੱਟ ਨਹੀਂ ਸਕਦੀ ਤੇ ਆਗ = ਅੱਗ ਦਹੈ = ਸਾੜ ਨਹੀਂ ਸਕਦੀ, ਇਸ ਕਰਕੇ ਸੁ = ਉਸ ਨੂੰ ਸਬਕਾਤਮ = ਸਭ ਦਾ ਆਤਮਾ ਹੋਣ ਤੇ = ਤੋਂ ਹੀ ਅਜਰ ਕਹੈ = ਕਿਹਾ ਜਾਂਦਾ ਹੈ ॥੪੧॥

## ਇਵ ਪਾਰਥ ਕੋ; ਭਗਵਾਨ ਰਟੇ ॥
## ਨਹਿ ਜੰਨ; ਅਨਾਦਿ ਸੁਤੇ ਪਰਗਟੇ ॥

ਪਾਰਥ = ਪ੍ਰਿਥਾ (ਕੁੰਤੀ) ਦੇ ਪੁੱਤਰ ਅਰਜਨ ਕੋ = ਨੂੰ ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਦੇ ਅੰਦਰ ਇਵ = ਇਸ ਪ੍ਰਕਾਰ ਰਟੇ = ਕਿਹਾ ਹੈ। ਜੈਸਾ ਕਿ :

**ਨਹਨੰ ਛਿਦੰਤਿ ਸ਼ਾਸਤ੍ਰਾਨਿ ਨਹਨੰ ਦਹੰਤਿ ਪਾਵਕ:।**

ਕਿ ਆਤਮਾ ਨੂੰ ਸ਼ਾਸਤਰ ਛਿਦੰਤਿ = ਕੱਟ ਨਹੀਂ ਸਕਦਾ, ਪਾਵਕ = ਅੱਗ ਸਾੜ ਨਹੀਂ ਸਕਦੀ।

(੧) (ਨਹਿੰ ਜੰਨ) ਆਤਮਾ ਕਿਸੇ ਤੋਂ ਜੰਨ = ਪੈਦਾ ਵੀ ਨਹੀਂ ਹੋਈ ਹੈ, (੨) ਇਸ ਦਾ ਅਨਾਦਿ = ਆਦਿ ਨਹੀਂ ਹੈ ਭਾਵ ਅਨਾਦਿ ਕਾਲ ਤੋਂ ਹੈ, (੩) ਸੁਤੇ = ਆਪਣੇ ਆਪ ਤੋਂ ਪਰਗਟੇ = ਪਰਗਟ ਹੈ। ਅਤੇ :

## ਭਵ ਹੇਤੁ; ਵਿਸੇਖਣ ਚਾਰ ਗਹੇ ॥
## ਤਸਮਾਤ; ਅਜਰਾਤਮ ਬੇਦ ਕਹੇ ॥੪੨॥

(੪) ਭਵ = ਸੰਸਾਰ ਦਾ ਹੇਤੁ = ਕਾਰਣ ਰੂਪ ਹੈ, ਜਿਸ ਆਤਮਾ ਵਿਚ ਇਹ ਚਾਰ ਵਿਸ਼ੇਸ਼ਣ ਗਹੇ = ਗ੍ਰਹਿਣ ਹੁੰਦੇ ਹਨ, ਤਸਮਾਤ = ਤਿਸ ਕਾਰਣ ਕਰਕੇ ਉਸ (ਅਜਰ + ਆਤਮ) ਆਤਮਾ ਨੂੰ ਵੇਦ ਵੀ ਅਜਰ ਕਹੇ = ਕਹਿੰਦਾ ਹੈ ॥੪੨॥

## ਨਹਿ ਜਾਗ੍ਰਤ; ਸੁਪਨ ਨੀਂਦ ਵਿਖੇ ॥
## ਸੁਕ ਦਾਂਤ; ਵਿਕਾਸ਼ ਸਰੂਪ ਪਿਖੇ ॥

ਜੋ ਆਤਮਾ ਜਾਗ੍ਰਤ ਅਵਸਥਾ ਵਿਚ ਜਾਗ੍ਰਤ ਪਦਾਰਥ ਦਾ ਗਿਆਨ ਦਿੰਦਾ ਹੈ, ਨੀਂਦ ਵਿਚ ਸੁਪਨਿਆਂ

ਦਾ ਗਿਆਨ ਦਿੰਦਾ ਹੈ, ਭਾਵ ਸੁਪਨ ਅਵਸਥਾ ਵਿਚ ਵੀ ਪ੍ਰਕਾਸ਼ ਕਰ ਰਿਹਾ ਹੈ ਅਤੇ ਸੁਕ = ਸੁਖੋਪਤੀ ਅਵਸਥਾ ਵਿਖੇ = ਵਿਚ ਵੀ ਪ੍ਰਕਾਸ਼ ਦਾਂਤ = ਦੇ ਰਿਹਾ ਹੈ ਭਾਵ ਜਦੋਂ ਜੀਵ ਸੁਖੋਪਤੀ ਅਵਸਥਾ ਵਿੱਚੋਂ ਉੱਥਾਨ ਹੋ ਕੇ ਕਹਿੰਦਾ ਹੈ ਕਿ ਅੱਜ ਮੈਨੂੰ ਬੜੀ ਗੂੜ੍ਹੀ ਨੀਂਦ ਆਈ। ਇਹ ਗਿਆਨ ਵੀ ਆਤਮਾ ਹੀ ਦੇ ਰਿਹਾ ਹੈ। ਇਉਂ ਉਹ ਪ੍ਰਕਾਸ਼ ਸਰੂਪ ਤਿੰਨੇ ਅਵਸਥਾਵਾਂ ਵਿਚ ਵਿਕਾਸ਼ = ਪ੍ਰਕਾਸ਼ ਪਿਖੇ = ਦਿਖਾਉਣ ਵਾਲਾ ਭਾਵ ਕਰਨ ਵਾਲਾ ਹੈ।

## ਥਕ ਵੇਦ ਹਟੇ; ਉਪਮਾ ਭਨਕੇ ॥
## ਤ੍ਰਿਪੁਟੀ ਬਿਨ ਏਕ; ਵਿਸੇ ਕਿਨਕੇ ॥੪੩॥

ਜਿਸ ਆਤਮਾ ਦੀ ਉਪਮਾ ਭਨਕੇ = ਕਥਨ ਕਰ ਕਰ ਕੇ ਵੇਦ ਵੀ ਥੱਕ ਹਟੇ ਹਨ, ਪਰ ਸੰਪੂਰਨ ਰੂਪ ਵਿਚ ਉਪਮਾ ਕਥਨ ਨਹੀਂ ਕਰ ਸਕੇ। ਤ੍ਰਿਪੁਟੀ = ਤਿੰਨ ਵਸਤਾਂ ਦਾ ਸਮੁਦਾਯ ਜਿਵੇਂ—ਧਿਆਤਾ (ਅੰਤਸ਼ਕਰਣ), ਧਿਆਨ (ਅੰਤਸ਼ਕਰਣ ਦੀ ਬਿਰਤੀ), ਧੇਯ (ਵਸਤੂ, ਜਿਸ ਦਾ ਧਿਆਨ ਧਾਰਿਆ ਹੈ) **ਵਾ:** ਗਿਆਤਾ, ਗਿਆਨ, ਗੇਯ, ਪ੍ਰਮਾਤਾ, ਪ੍ਰਮਾਣ, ਪ੍ਰਮੇਯ, ਉਹ ਤ੍ਰਿਪੁਟੀ ਤੋਂ ਬਿਨ = ਬਗ਼ੈਰ ਹੋਰ ਕਿਨਕੇ = ਕਿਸੇ ਦਾ ਵਿਸ਼ਾ ਨਹੀਂ ਹੈ ਭਾਵ ਅਸਲ ਵਿਚ ਇਕ ਆਤਮਾ ਨੂੰ ਜਾਣਨ ਤੋਂ ਫੇਰ ਤ੍ਰਿਪੁਟੀ ਵੀ ਸਮਾਪਤ ਹੋ ਜਾਂਦੀ ਹੈ ਕਿਉਂਕਿ ਨਿਰਵਿਕਲਪ ਸਮਾਧੀ ਵਿਚ ਧਿਆਤਾ, ਧਿਆਨ, ਧੇਯ ਤਿੰਨਾਂ ਦਾ ਭਾਵ ਨਹੀਂ ਰਹਿੰਦਾ ਹੈ, ਇਕ ਰੂਪ ਹੀ ਹੋ ਜਾਂਦਾ ਹੈ, ਇਸ ਕਰਕੇ ਉਹ ਤ੍ਰਿਪੁਟੀ ਦਾ ਵੀ ਵਿਸ਼ਾ ਨਹੀਂ ਹੈ॥੪੩॥

## ਇਤ ਹੇਤੁ ਅਨੂਪ; ਪੁਨਾ ਸਮ ਹੀ ॥
## ਦੁਗਧਾਦਿ ਸਮੰ; ਪਰਣਾਮ ਨਹੀਂ ॥

ਉਹ ਆਤਮਾ ਇਤੁ = ਇਸ ਤ੍ਰਿਪੁਟੀ ਤੋਂ ਪਰੇ ਹੋਣ ਰੂਪ ਹੇਤੁ = ਕਾਰਣ ਕਰਕੇ ਅਨੂਪ = ਉਪਮਾ ਤੋਂ ਰਹਿਤ ਹੈ, ਪੁਨਾ = ਫਿਰ ਸਾਰਿਆਂ ਵਿਚ ਸਮ ਹੀ = ਇਕ ਸਮਾਨ ਹੈ ਭਾਵ ਨ ਕਦੇ ਘਟਦਾ ਹੈ, ਨਾ ਕਦੇ ਵਧਦਾ ਹੈ। ਜੈਸਾ ਕਿ :

**ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥** *(ਸ੍ਰੀ ਦਸਮ ਗ੍ਰੰਥ, ਅਕਾਲ ਉਸਤਤਿ)*

ਉਹ ਆਤਮਾ ਦੁਗਧਾਦਿ = ਦੁੱਧ ਆਦਿਕਾਂ ਸਮੰ = ਵਾਂਗ ਪਰਨਾਮ = ਬਦਲਣ ਵਾਲਾ ਨਹੀਂ ਹੈ **ਅਥਵਾ** ਜਿਵੇਂ ਦੁੱਧ ਤੋਂ ਦਹੀਂ, ਦਹੀਂ ਤੋਂ ਲੱਸੀ, ਇਉਂ ਇਹ ਬਦਲਣ ਵਾਲੀਆਂ ਹਨ, ਪਰ ਉਹ ਆਤਮਾ ਬਦਲਣ ਵਾਲਾ ਭਾਵ ਪ੍ਰਣਵਵਾਦਿ ਨੂੰ ਪ੍ਰਾਪਤ ਹੋਣ ਵਾਲਾ ਨਹੀਂ ਹੈ, ਇਕ-ਰਸ ਵਿਆਪਕ ਹੈ।

## ਜਿਤ ਏਕ ਰਸਾਤਮ; ਬੇਦ ਕਥਾ ॥
## ਅਥਵਾ ਸਬ ਮੋਂ; ਸਮ ਰੂਪ ਤਥਾ ॥੪੪॥

ਜਿਤ = ਜਿਸ (ਰਸ + ਆਤਮ) ਆਤਮਾ ਨੂੰ ਵੇਦਾਂ ਨੇ ਵੀ ਏਕ = ਇਕ-ਰਸ ਕਥਾ = ਕਥਨ ਕੀਤਾ ਹੈ **ਅਥਵਾ** ਤਥਾ = ਇਵੇਂ ਹੀ ਉਹ ਸਬ = ਸਾਰਿਆਂ ਮੋ = ਵਿਚ ਸਮ = ਸਮਾਨ ਰੂਪ ਹੋ ਕਰਕੇ ਸਮਾ ਰਿਹਾ ਹੈ॥੪੪॥

## ਤੁਮ ਤੇ ਚੇਤਨ ਕਾਇ ਕੋ; ਪਾਇ ਨਰੋ ॥
## ਇਸ ਚੇਤਨ ਮੋਂ; ਅਤਿ ਪ੍ਰੀਤਿ ਕਰੋ ॥

ਹੇ ਨਰੋ = ਪੁਰਸ਼ੋ ! ਤੁਮ ਤੇ = ਤੁਸੀਂ ਇਸ ਕਾਇ = ਮਨੁੱਖਾ ਜਨਮ ਰੂਪੀ ਚੇਤਨ ਸਰੀਰ ਨੂੰ ਪਾਇ = ਪ੍ਰਾਪਤ ਕਰ ਕੇ ਇਸ ਚੇਤਨ ਆਤਮਾ ਮੋਂ = ਵਿਚ ਅਤਿ = ਅਤਿਅੰਤ ਪ੍ਰੀਤ ਕਰਨਾ ਕਰੋ ਭਾਵ ਆਪਣੇ ਆਤਮ ਸਰੂਪ ਨੂੰ ਪਛਾਣਨਾ ਕਰੋ।

## ਭਵਨਾਦਿ ਪਤਾਦਿਕ; ਭੋਗ ਜਿਤੇ ॥
## ਤਤ ਬ੍ਰਹਮ ਅਵਾਂਤਰः ਏਭਿ ਤਿਤੇ ॥੪੫॥

ਇਸ ਭਵਨਾਦਿ = ਲੋਕ ਦੇ ਪਤਾਦਿਕ = ਰਾਜਿਆਂ ਤੋਂ ਲੈ ਕੇ ਚੌਦਾਂ ਲੋਕਾਂ ਦੇ ਰਾਜਿਆਂ ਤਕ ਜਿਤੇ = ਜਿਤਨੇ ਵੀ ਭੋਗ ਪਦਾਰਥਾਂ ਦੇ ਆਨੰਦ ਹਨ, ਤਿਤੇ = ਉਤਨੇ ਹੀ ਏਭਿ = ਇਹ ਸਾਰੇ ਭੋਗਾਂ ਦਾ ਆਨੰਦ ਤਤ = ਉਸ ਸੁੱਖਾਂ ਦੇ ਸਾਗਰ ਬ੍ਰਹਮ ਦੇ ਅਵਾਂਤਰ = ਅੰਤਰਗਤ ਹਨ ਭਾਵ ਅਧੀਨ ਹਨ॥੪੫॥

## ਦੁਤੀ ਦੀਪ ਜਥਾ; ਰਵਿ ਮੈ ਵਰਤੇ ॥
## ਨਰ ਤੇ ਇਨ ਮੈ; ਨਹਿ ਜੇ ਵਰਤੇ ॥

ਜਥਾ = ਜਿਸ ਪ੍ਰਕਾਰ ਦੀਪ = ਦੀਵੇ ਦੀ ਦੁਤੀ = ਰੌਸ਼ਨੀ ਰਵਿ = ਸੂਰਜ ਦੇ ਮੈ = ਵਿਚ ਹੀ ਵਰਤੇ = ਵਰਤ ਰਹੀ ਹੈ, ਇਸੇ ਪ੍ਰਕਾਰ ਸਭਨਾਂ ਰਸਾਂ ਦਾ ਆਨੰਦ ਆਤਮਾਨੰਦ ਦੇ ਵਿਚ ਸਮਾ ਰਿਹਾ ਹੈ, ਵੱਖਰਾ ਨਹੀਂ ਹੈ, ਤੇ = ਉਹ ਨਰ = ਪੁਰਖ ਸ੍ਰੇਸ਼ਟ ਹਨ, ਜੇ = ਜਿਹੜੇ ਇਨ = ਇਨ੍ਹਾਂ ਵਿਸ਼ੇ ਰਸਾਂ ਮੈ = ਵਿਚ ਵਰਤੇ = ਵਰਤਦੇ ਨਹਿ = ਨਹੀਂ ਹਨ ਭਾਵ ਆਤਮਿਕ ਆਨੰਦ ਵਿਚ ਮਗਨ ਰਹਿੰਦੇ ਹਨ, ਵਿਸ਼ੇ-ਵਿਕਾਰਾਂ ਵਿਚ ਰੱਤੇ ਹੋਏ ਨਹੀਂ ਹਨ।

## ਇਨ ਮੈਂ; ਨਰ ਮੂਢ ਸਨੇਹ ਕਰੈ ॥
## ਤਸਮਾਤ; ਪੁਨਾ ਪੁਨ ਦੇਹ ਧਰੈ ॥੪੬॥

ਪਰ ਮੂਢ = ਮੂਰਖ ਨਰ = ਪੁਰਸ਼ ਇਨ੍ਹਾਂ ਵਿਸ਼ੇ ਰਸਾਂ ਮੈਂ = ਵਿਚ ਸਨੇਹ = ਪ੍ਰੀਤੀ ਕਰੈ = ਕਰਦੇ ਹਨ, ਤਸਮਾਤ = ਇਸ ਕਾਰਣ ਕਰਕੇ ਹੀ ਉਹ ਪੁਨਾ ਪੁਨ = ਬਾਰ-ਬਾਰ, ਮੁੜ-ਮੁੜ ਕੇ ਦੇਹ = ਸਰੀਰ ਧਰੈ = ਧਾਰਨ ਕਰਦੇ ਹਨ ਭਾਵ ਜੰਮਣ ਮਰਣ ਦੇ ਵਿਚ ਪਏ ਹੀ ਰਹਿੰਦੇ ਹਨ **ਵਾ**: ਮੁੜ-ਮੁੜ ਕੇ ਪਸ਼ੂਆਂ ਪੰਛੀਆਂ ਦੀਆਂ ਦੇਹਾਂ ਨੂੰ ਧਾਰਨ ਕਰਦੇ ਹੋਏ ਇਉਂ ਚੌਰਾਸੀ ਦੇ ਗੇੜ ਵਿਚ ਹੀ ਪਏ ਰਹਿੰਦੇ ਹਨ॥੪੬॥

## ਤਨ ਚੇਤਨ ਚੇਤਨ; ਹੇਤ ਭਯੋ ॥
## ਭਵ ਭੋਗਨ ਹੇਤ; ਨ ਦੈਵ ਦਯੋ ॥

ਹੇ ਭਾਈ! ਇਹ ਮਨੁੱਖਾ ਜਨਮ ਰੂਪ ਚੇਤਨ ਤਨ = ਸਰੀਰ, ਚੇਤਨ ਆਤਮਾ ਦੇ ਪ੍ਰਾਪਤ ਕਰਨ ਹੇਤ = ਵਾਸਤੇ ਪ੍ਰਾਪਤ ਭਯੋ = ਹੋਇਆ ਹੈ **ਵਾ**: ਇਹ ਮਨੁੱਖਾ ਤਨ = ਸਰੀਰ ਚੇਤਨ ਸਰੂਪ ਪਰਮਾਤਮਾ ਦਾ

ਚੇਤਨ = ਚਿੰਤਨ ਕਰਨ ਹੇਤ = ਵਾਸਤੇ ਪ੍ਰਾਪਤ ਭਯੋ = ਹੋਇਆ ਹੈ। ਇਹ ਮਨੁੱਖਾ ਸਰੀਰ ਦੈਵ = ਪ੍ਰਕਾਸ਼ ਸਰੂਪ ਪਰਮਾਤਮਾ ਨੇ ਭਵ = ਸੰਸਾਰ ਦੇ ਭੋਗਾਂ ਨੂੰ ਭੋਗਣ ਹੇਤ = ਵਾਸਤੇ ਨਹੀਂ ਦਯੋ = ਦਿੱਤਾ ਹੈ, ਭਾਵ ਇਹ ਮਨੁੱਖਾ ਦੇਹੀ ਤਾਂ ਪਰਮਾਤਮਾ ਨੂੰ ਮਿਲਣ ਵਾਸਤੇ ਇਹ ਤੇਰੀ ਵਾਰੀ ਹੈ। ਜੈਸਾ ਕਿ :

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

*(ਆਸਾ ਮ: ੫, ਅੰਗ ੧੨)*

ਵਾ: **ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥**

*(ਗਉੜੀ ਗੁਆਰੇਰੀ ਮ: ੫, ਅੰਗ ੧੭੬)*

ਵਾ: **ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥**
**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥** *(ਸੋਰਠਿ ਮ: ੯, ਅੰਗ ੬੩੧)*

## ਇਤ ਹੇਤ ਜਨੋ; ਤੁਮ ਭੋਗ ਤਜੋ॥
## ਤਨ ਮਾਨਸ ਮੋ; ਨਿਜ ਬ੍ਰਹਮ ਭਜੋ॥੪੭॥

ਹੇ ਜਨੋ = ਪੁਰਸ਼ੋ! ਇਤ = ਇਸ ਹੇਤ = ਕਾਰਣ ਕਰਕੇ ਤੁਮ = ਤੁਸੀਂ ਸੰਸਾਰਕ ਭੋਗਾਂ ਦਾ ਤਜੋ = ਤਿਆਗ ਕਰਨਾ ਕਰੋ ਅਤੇ ਮਾਨਸ = ਮਨੁੱਖਾ ਤਨ = ਸਰੀਰ ਮੋ = ਵਿਚ ਜੋ ਨਿਜ = ਆਪਣੀ ਆਤਮਾ ਬ੍ਰਹਮ ਦਾ ਹੀ ਸਰੂਪ ਹੈ, ਉਸ ਨੂੰ ਭਜੋ = ਭਜਨਾ ਕਰੋ, ਭਾਵ ਉਸ ਦਾ ਸਿਮਰਨ ਕਰਨਾ ਕਰੋ॥੪੭॥

## ਕਬਿੱਤ॥
## ਪਰਮ ਉਦਿਤ ਨਿਤ ਸ੍ਵੈ ਪ੍ਰਕਾਸ਼ ਸੱਤ ਚਿੱਤ;
## ਐਸੇ ਏਕ ਬ੍ਰਹਮ ਮੈ ਕੋ ਏਕ ਜਨ ਬਸੇ ਹੈ॥

ਜੋ ਬ੍ਰਹਮ ਸਭ ਤੋਂ ਪਰਮ = ਵੱਡਾ ਹੈ, ਉਦਿਤ = ਪ੍ਰਗਟ ਰੂਪ ਹੈ, ਸ੍ਵੈ = ਆਪਣੇ ਆਪ ਤੋਂ ਪ੍ਰਕਾਸ਼ ਰੂਪ ਹੈ, ਅਤੇ ਸੱਤ, ਚਿੱਤ, ਆਨੰਦ ਸਰੂਪ ਹੈ। ਐਸੇ = ਇਸ ਪ੍ਰਕਾਰ ਦੇ ਏਕ = ਅਦੁੱਤੀ ਬ੍ਰਹਮ ਮੈ = ਵਿਚ ਕੋ = ਕੋਈ ਏਕ = ਇਕ ਵਿਰਲਾ ਜਨ = ਪੁਰਸ਼ ਹੀ ਬਸੇ = ਬਸਿਆ ਹੈ।

***ਪ੍ਰਸ਼ਨ :*** *ਜਿਹੜੇ ਪੁਰਸ਼ ਬ੍ਰਹਮ ਵਿਚ ਵੱਸੇ ਹਨ, ਉਹ ਫੇਰ ਪਦਾਰਥਾਂ ਨੂੰ ਕਿਸ ਪ੍ਰਕਾਰ ਕਰਕੇ ਦੇਖਣਾ ਕਰਦੇ ਹਨ?*

## ਕੰਜਪੂਤ ਪੁਰਹੂਤੀ ਕੀ ਵਿਭੂਤ ਭੂਤ ਸਿਖੀ;
## ਘਾਸ ਰਾਸਿ ਕੇ ਸਮਾਨ ਮਾਨ ਕੇ ਨ ਫਸੇ ਹੈ॥

***ਉੱਤਰ :*** ਪੁਰਹੂਤੀ = ਇੰਦਰ ਲੋਕ ਤੋਂ ਲੈ ਕਰਕੇ ਕੰਜਪੂਤ = ਕਮਲ ਦੇ ਪੁੱਤਰ ਭਾਵ ਬ੍ਰਹਮਾ ਦੇ ਲੋਕ ਤਕ ਜਿਤਨੇ ਵੀ ਹੋਰ ਸ਼ਿਵ ਲੋਕ ਆਦਿਕ ਹਨ, ਉਹ ਪੁਰਸ਼ ਉਨ੍ਹਾਂ ਸਾਰਿਆਂ ਕੀ = ਦੀ ਵਿਭੂਤ = ਧਨ-ਸੰਪਦਾ ਨੂੰ ਭੂਤਾਂ ਦੀ ਸਿਖੀ = ਅੱਗ ਦੀ ਨਿਆਈਂ ਖਿਨਭੰਗਰ ਅਤੇ ਘਾਸ = ਘਾਹ ਦੇ ਰਾਸਿ = ਢੇਰ ਸਮਾਨ ਮਾਨ = ਮੰਨ ਕਰਕੇ ਇਨ੍ਹਾਂ ਦੇ ਵਿਚ ਫਸੇ = ਫਸਣਾ ਨਹੀਂ ਕਰਦੇ ਹਨ।

## ਤੀਨ ਲੋਕ ਰਾਜ ਆਦਿ ਸੰਪਦਾ ਅ-ਸਵਾਦ ਭਾਸੇ;
## ਜਾਂ ਕੀ ਛਾਯਾ ਮਾਤ੍ਰ ਕਰਿ ਮਾਯਾ ਮਾਤਰ ਲਸੇ ਹੈ॥

ਉਨ੍ਹਾਂ ਨੂੰ ਤੀਨ = ਤਿੰਨ (ਮਾਤ, ਪਤਾਲ, ਸਵਰਗ) ਲੋਕਾਂ ਦੀ ਰਾਜ ਸੰਪਦਾ ਆਦਿਕ ਵੀ ਅ-ਸਵਾਦ = ਬੇਸੁਆਦੀ ਭਾਵ ਫਿੱਕੀ ਭਾਸੇ = ਭਾਸਦੀ ਹੈ, ਜਾਂ ਕੀ = ਜਿਸ ਆਤਮਾ ਦੀ ਛਾਇਆ ਮਾਤ੍ਰ ਭਾਵ ਸੱਤਾ ਕਰਕੇ ਨਾਸ਼ਵੰਤ ਪਦਾਰਥ ਵੀ ਮਾਯਾ ਮਾਤਰ = ਆਨੰਦ ਸਰੂਪ ਹੋ ਕਰਕੇ ਲਸੇ = ਚਮਕਦੇ ਹਨ।

## ਤਾਂਤੇ ਭਿੰਨ ਭੋਗ ਖਿਨ ਭੰਗਰ, ਕੋ ਰਾਗ ਤਜੋ;
## ਰਾਗ ਦ੍ਵੈਖ ਨਾਗ ਰਿਦੈ ਬਿਲ ਮੋ ਨ ਧਸੇ ਹੈ॥੪੮॥

ਹੇ ਭਾਈ! ਇਸ ਕਰਕੇ ਤਾਂਤੇ = ਉਸ ਆਤਮਾ ਤੋਂ ਬਿਨਾਂ ਭਿੰਨ = ਹੋਰ ਜਿਤਨੇ ਵੀ ਸੰਸਾਰਕ ਭੋਗ ਪਦਾਰਥ ਹਨ, ਉਹ ਸਾਰੇ ਹੀ ਖਿਨ ਭੰਗਰ = ਇਕ ਛਿਨ ਵਿਚ ਨਾਸ਼ ਹੋ ਜਾਣ ਵਾਲੇ ਹਨ। ਇਸ ਲਈ ਉਨ੍ਹਾਂ ਕੋ = ਦਾ ਰਾਗ = ਪ੍ਰੇਮ ਤਜੋ = ਤਿਆਗਣਾ ਕਰੋ, ਤਦ ਫੇਰ ਤੁਹਾਡੀ ਰਿਦੈ = ਹਿਰਦੇ ਰੂਪੀ ਬਿਲ = ਖੁੱਡ ਮੋ = ਵਿਚ ਰਾਗ = ਦ੍ਵੈਸ਼ ਰੂਪੀ ਨਾਗ = ਸੱਪ ਧਸੇ = ਪ੍ਰਵੇਸ਼ ਨਹੀਂ ਕਰ ਸਕਦੇ **ਵਾ:** ਕਰ ਸਕਣਗੇ॥੪੮॥

## ਦੋਹਰਾ॥
## ਭੋਗ ਰਾਗ ਜਬ ਹੀ ਗਯੋ; ਗਯੋ ਦ੍ਵੈਖ ਤਿਹ ਸੰਗ॥

ਹੇ ਭਾਈ! ਜਬ = ਜਦੋਂ ਹਿਰਦੇ ਵਿੱਚੋਂ ਭੋਗ ਪਦਾਰਥਾਂ ਦਾ ਰਾਗ = ਪ੍ਰੇਮ ਨਾਸ਼ ਹੋ ਗਯੋ = ਗਿਆ, ਤਦੋਂ ਫੇਰ ਸਮਝੋ ਕਿ ਦ੍ਵੈਸ਼ ਵੀ ਤਿਹ = ਉਸ ਦੇ ਸੰਗ = ਨਾਲ ਹੀ ਨਾਸ਼ ਹੋ ਗਯੋ = ਗਈ ਹੈ।

## ਜਬੈ ਵਿਲੈ ਯਹ ਦ੍ਵੈਤ ਭ੍ਰਮ; ਤਬੇ ਸਬੇ ਚਿਤ ਅੰਗ॥੪੯॥

ਜਬੇ = ਜਦੋਂ ਯਹ = ਇਹ ਰਾਗ = ਦ੍ਵੈਸ਼ ਤੇ ਭਰਮ ਹਿਰਦੇ ਵਿੱਚੋਂ (ਵਿ + ਲੈ) ਵਿ = ਵਿਸ਼ੇਸ਼ ਕਰਕੇ ਲੈ ਭਾਵ ਨਾਸ਼ ਹੋ ਗਏ, ਤਬੇ = ਤਦੋਂ ਸਬੇ = ਸਾਰੇ ਅੰਗ = ਸਰੀਰਾਂ ਵਿਚ ਚਿਤ = ਚੇਤਨ ਬ੍ਰਹਮ ਹੀ ਦਿਸੇਗਾ ਭਾਵ ਫੇਰ ਉਨ੍ਹਾਂ ਨੂੰ ਸਭ ਜਗ੍ਹਾ ਬ੍ਰਹਮ ਹੀ ਬ੍ਰਹਮ ਦਿਸਦਾ ਹੈ, ਉਸ ਤੋਂ ਬਗ਼ੈਰ ਹੋਰ ਕੋਈ ਨਹੀਂ ਦਿੱਸਦਾ॥੪੯॥ ਜੈਸਾ ਕਿ:

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**

*(ਆਸਾ ਭਗਤ ਨਾਮਦੇਵ ਜੀ, ਅੰਗ ੪੮੫)*

**ਵਾ:** **ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ॥** *(ਸੂਹੀ ਮ: ੫, ਅੰਗ ੭੮੩)*

**ਵਾ:** **ਜੱਤ੍ਰ ਤੱਤ੍ਰ ਮਨੋ ਜਾਤੀ॥ ਤੱਤ੍ਰ ਤੱਤ੍ਰ ਬ੍ਰਹਮ ਦ੍ਰਿਸਟਾਤੀ॥**

## ਕਬਿੱਤ॥
## ਤੁੰਗ ਭੋਗ ਇੰਦ੍ਰ ਲੋਕ ਸਤ ਲੋਕ ਲਗ ਜੇਤੇ;
## ਤੇਤੇ ਹੀ ਤਰੰਗ ਸਮ ਭੰਗ ਪਹਚਾਨੋ ਰੇ॥

ਰੇ = ਹੇ ਭਾਈ! ਇੰਦਰ ਲੋਕ ਤੋਂ ਲੈ ਕਰਕੇ ਸਤ ਲੋਕ = ਬ੍ਰਹਮ ਲੋਕ ਲਗ = ਤਕ ਜੇਤੇ = ਜਿਤਨੇ ਵੀ

ਤੁੰਗ = ਉੱਤਮ ਤੋਂ ਉੱਤਮ ਭੋਗ ਪਦਾਰਥ ਹਨ, ਤੇਤੇ = ਉਤਨੇ ਹੀ ਉਹ ਸਾਰੇ ਪਾਨੀ ਦੀ ਤਰੰਗ = ਲਹਿਰ ਸਮ = ਸਮਾਨ ਭੰਗ = ਨਾਸ਼ਵਾਨ ਪਹਚਾਨੋ = ਪਛਾਣਨਾ ਕਰੋ।

## ਜੀਵਨੇ ਕੇ ਜੀਵਨੇ ਕੀ ਰਾਸ ਏ ਸ੍ਵਾਸ ਸੋਊ;
## ਦਾਮਨੀ ਸਮਾਨ ਖਿਨ ਮਾਹਿ ਹਾਨ ਜਾਨੋ ਰੇ ॥

ਰੇ = ਹੇ ਭਾਈ! ਜੀਵਨੇ = ਜੀਵਾਂ ਕੇ = ਕੇ ਜੀਵਨੇ = ਜਿਊਣ ਕੀ = ਦੀ ਜੋ ਇਕ ਸੁਆਸਾਂ ਰੂਪੀ ਰਾਸ = ਪੂੰਜੀ ਹੈ, ਸੋਊ = ਉਨ੍ਹਾਂ ਨੂੰ ਦਾਮਨੀ = ਬਿਜਲੀ ਦੇ ਸਮਾਨ ਇਕ ਖਿਨ = ਛਿਨ ਮਾਹਿ = ਵਿਚ ਹਾਨ = ਨਾਸ਼ ਹੋ ਜਾਣ ਵਾਲੇ ਜਾਨੋ = ਜਾਣਨਾ ਕਰੋ। ਜੈਸਾ ਕਿ:

**ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ॥** *(ਵਾਰ ਗਉੜੀ ਮ: ੫, ਅੰਗ ੩੧੯)*

## ਜੋਬਨ ਕੋ ਸੁਖ ਥੋਰੇ ਦਿਨੋਂ ਮੋ ਬਿਮੁਖ ਹੋਰੇ;
## ਮੀਤਨ ਕੀ ਪ੍ਰੀਤ ਪੁਨਾ ਨੀਤ ਨ ਪਛਾਨੋ ਰੇ ॥

ਰੇ = ਹੇ ਭਾਈ! ਜੋਬਨ = ਜਵਾਨ ਅਵਸਥਾ ਦੇ ਜੋ ਸੁਖ ਹਨ, ਉਹ ਥੋਰੇ = ਥੋੜ੍ਹੇ ਦਿਨੋਂ = ਦਿਨਾਂ ਮੋ = ਵਿਚ ਹੀ ਮੂੰਹ ਹੋਰੇ = ਮੋੜ ਕੇ ਬੇਮੁੱਖ ਹੋ ਜਾਂਦੇ ਹਨ ਭਾਵ ਜਵਾਨ ਅਵਸਥਾ ਨਾਸ਼ ਹੋ ਜਾਂਦੀ ਹੈ, ਪੁਨਾ = ਫੇਰ ਮੀਤਨ = ਮਿੱਤਰਾਂ ਕੀ = ਦੀ ਪ੍ਰੀਤੀ ਵੀ ਨੀਤ = ਨਿੱਤ ਰਹਿਣ ਵਾਲੀ ਪਛਾਨੋ = ਪਛਾਣਨਾ ਨਾ ਕਰੋ ਕਿਉਂਕਿ ਦੁੱਖ ਵੇਲੇ ਮਿੱਤਰ ਆਦਿਕ ਵੀ ਸਾਥ ਛੱਡ ਜਾਂਦੇ ਹਨ, ਇਸ ਕਰਕੇ ਇਹ ਵੀ ਨਿੱਤ ਰਹਿਣ ਵਾਲੀ ਪ੍ਰੀਤੀ ਜਾਣਨਾ ਨਾ ਕਰੋ।

## ਸਕਲ ਸੰਸਾਰ ਕੋ ਬਿਚਾਰ ਕੇ ਅਸਾਰ ਤਜੋ;
## ਬੋਧ ਹੇਤੁ ਬੁਧਿਮਾਨੋ, ਮੇਰੀ ਬੁਧਿਮਾਨੋ ਰੇ ॥੫੦॥

ਭਰਥਰੀ ਜੀ ਕਥਨ ਕਰਦੇ ਹਨ ਕਿ ਰੇ = ਹੇ ਭਾਈ! ਸਕਲ = ਸਾਰੇ ਸੰਸਾਰ ਕੋ = ਨੂੰ ਅਸਾਰ = ਝੂਠਾ ਵਿਚਾਰ ਕਰਕੇ ਭਾਵ ਨਾਸ਼ਵੰਤ ਜਾਣ ਕਰਕੇ ਇਸ ਦਾ ਸਨੇਹ ਤਜੋ = ਤਿਆਗਣਾ ਕਰੋ ਅਤੇ ਹੇ ਬੁਧਿਮਾਨੋ = ਸ੍ਰੇਸ਼ਟ ਬੁੱਧੀ ਵਾਲੇ ਪੁਰਸ਼ੋ! ਤੁਸੀਂ ਆਤਮਿਕ ਬੋਧ = ਗਿਆਨ ਪ੍ਰਾਪਤ ਕਰਨ ਹੇਤੁ = ਵਾਸਤੇ ਮੇਰੀ ਇਹ ਉਪਰੋਕਤ ਬੁਧਿ = ਮੱਤ (ਸਿੱਖਿਆ) ਨੂੰ ਮਾਨੋ = ਮੰਨਣਾ ਕਰੋ ॥੫੦॥

## ਦੋਹਰਾ ॥
## ਮੁਖ ਆਤਮ ਕੇ ਦਰਸ ਹਿਤ; ਚਿਤ ਆਦਰਸ ਕੋ ਸੋਧ ॥

ਹੇ ਜੀਵ! ਆਪਣੇ ਆਤਮਾ ਰੂਪੀ ਮੁਖ = ਮੂੰਹ ਕੇ = ਦੇ ਦਰਸ = ਦਰਸ਼ਨ ਕਰਨ ਹਿਤ = ਵਾਸਤੇ ਭਾਵ ਆਤਮ ਸਰੂਪ ਨੂੰ ਜਾਣਨ ਵਾਸਤੇ ਚਿੱਤ ਰੂਪੀ ਆਦਰਸ = ਦਰਪਨ, ਸ਼ੀਸ਼ੇ ਕੋ = ਨੂੰ ਸੋਧ = ਸੋਧਣਾ ਕਰ।

## ਸਬ ਪਰ ਕਰੁਣਾ ਰੇਣ ਕਰਿ; ਬਿਨਸੈ ਦ੍ਵੈਤ ਵਿਰੋਧ ॥੫੧॥

ਜੋ ਸਬ = ਸਾਰਿਆਂ ਪਰ = ਉੱਤੇ ਕਰੁਣਾ = ਕਿਰਪਾ ਕਰਨੀ ਹੈ, ਇਹ ਰੇਣ = ਧੂੜੀ ਹੈ, ਜਿਸ ਦੇ ਨਾਲ

ਚਿੱਤ ਰੂਪੀ ਸ਼ੀਸ਼ੇ ਦੀ ਰਾਗ ਦ੍ਵੈਸ਼ ਤੇ ਵੈਰ-ਵਿਰੋਧ ਰੂਪੀ ਥੰਧਿਆਈ ਬਿਨਸੈ = ਵਿਸ਼ੇਸ਼ ਕਰਕੇ ਨਾਸ਼ ਹੋ ਜਾਂਦੀ ਹੈ, ਫਿਰ ਸੁਤੇ-ਸਿੱਧ ਹੀ ਆਤਮਾ ਰੂਪੀ ਸੁੱਖ ਦਾ ਦਰਸ਼ਨ ਹੋ ਜਾਂਦਾ ਹੈ॥੫੧॥

## ਦੋਹਰਾ ॥

## ਦਸਮੋ ਸਰਬ ਸੁਹਿਰਦ ਅਤਿ; ਭਯੋ ਸੁ ਅੰਤਰ ਧ੍ਯਾਨ ॥

ਵੈਰਾਗ ਸ਼ਤਕ ਗ੍ਰੰਥ ਦਾ ਜੋ ਇਹ ਦਸਮੋ = ਦਸਵਾਂ ਅਧਿਆਇ ਸਰਬ = ਸਾਰੇ ਵਿਦਵਾਨ ਪੁਰਸ਼ਾਂ ਦਾ ਸੁਹਿਰਦ ਅਤਿ = ਸ੍ਰੇਸ਼ਟ ਮਿੱਤਰ ਹੈ, ਸੁ = ਉਹ ਹੁਣ ਇਥੇ ਅੰਤਰ ਧਿਆਨ ਭਾਵ ਸਮਾਪਤ ਭਯੋ = ਹੋ ਗਿਆ ਹੈ।

## ਹਰੇ ਸਕਲ ਕੇ ਦੁਖ ਕੋ; ਕਰੇ ਬੇਗ ਕਲਿਆਨ ॥੫੨॥

ਜੋ ਇਸ ਅਧਿਆਇ ਦਾ ਅਭਿਆਸ ਕਰਦੇ ਹਨ **ਵਾ:** ਕਰਨਗੇ, ਤਾਂ ਫੇਰ ਇਹ ਅਧਿਆਇ ਉਨ੍ਹਾਂ ਦੇ ਸਕਲ = ਸਾਰੇ ਦੁੱਖਾਂ ਕੋ = ਨੂੰ ਹਰੇ = ਨਾਸ਼ ਕਰ ਕੇ, ਬੇਗ = ਸ਼ੀਘਰ ਹੀ ਕਲਿਆਨ = ਮੁਕਤੀ ਕਰੇ = ਕਰ ਦਿੰਦਾ ਹੈ **ਵਾ:** ਮੁਕਤੀ ਦਾ ਅਧਿਕਾਰੀ ਕਰ ਦਿੰਦਾ ਹੈ॥੫੨॥

## ਇਤਿ ਦਸਵਾਂ ਅਧਯਾਯ ॥੧੦॥

ਇਥੇ ਹੁਣ ਜੋਗੀਰਾਜ ਭਰਥਰੀ ਜੀ ਦਾ ਕਥਨ ਕੀਤਾ ਹੋਇਆ ਦਸਵਾਂ ਅਧਿਆਇ ਇਤਿ = ਸਮਾਪਤ ਹੁੰਦਾ ਹੈ॥੧੦॥

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸੋਰਠਾ ॥ ਰੁਦ੍ਰਾ ਧ੍ਯਾਇ ਮਝਾਰ; ਅਧੁਨਾ ਨਿੰਦਹਿ ਨਾਰਿ ਕੋ ॥

ਅਧੁਨਾ = ਹੁਣ ਇਸ ਰੁਦ੍ਰਾ = ਗਿਆਰ੍ਹਵੇਂ ਅਧਿਆਇ ਮਝਾਰ = ਵਿਚ ਨਾਰਿ = ਇਸਤਰੀ ਕੋ = ਨੂੰ ਨਿੰਦਹਿ = ਨਿੰਦਣਾ ਕਰਨਗੇ।

## ਚਾਰ ਸ਼ਲੋਕ ਉਚਾਰ; ਜਾ ਤੇ ਤਜੇ ਉਦਾਰ ਤਿਯ ॥੧॥

ਚਾਰ ਸਲੋਕ ਉਚਾਰਨ ਕਰਦੇ ਹਨ, ਜਾ = ਜਿਸ ਤੇ = ਤੋਂ ਉਦਾਰ = ਸ੍ਰੇਸ਼ਟ ਪੁਰਸ਼ ਤਿਯ = ਇਸਤਰੀ ਦਾ ਤਜੇ = ਤਿਆਗ ਕਰ ਦੇਣ ॥੧॥

***ਨੋਟ :*** ਹੁਣ ਵਿਸ਼ੇ ਉਪਰਾਮਤਾ ਲਈ ਵਿਸ਼ੇ ਪਾਤਰ ਰੂਪ ਇਸਤਰੀ ਨੂੰ ਨਿੰਦਦੇ ਹਨ। ਐਸਾ ਕਥਨ ਵਿਸ਼ੇ ਦੋਖ ਦ੍ਰਿਸ਼ਟੀ ਨੂੰ ਪੈਦਾ ਕਰਨ ਲਈ ਹੈ ਅਤੇ ਕੇਵਲ ਇਸਤਰੀ ਨੂੰ ਹੀ ਨਹੀਂ, ਬਲਕਿ ਪਦਾਰਥ ਅਤੇ ਸੰਬੰਧੀਆਂ ਨੂੰ ਵੀ ਨਿੰਦਿਆ ਹੈ, ਜੋ ਪਰਮਾਰਥ ਵਿਚ ਰੁਕਾਵਟ ਪਾਉਂਦੇ ਹਨ, ਸਹਾਇਕ ਸੰਬੰਧੀਆਂ ਨੂੰ ਨਹੀਂ ਨਿੰਦਿਆ ਹੈ, ਇਹ ਤਾਂ ਨਿੰਦਿਆ ਹੈ ਤਾਂ ਕਿ ਜੀਵ ਅੰਦਰ ਉਪਰਾਮਤਾ ਪੈਦਾ ਹੋ ਜਾਵੇ।

## ਕਬਿੱਤ ॥

## ਮਾਸ ਗ੍ਰੰਥ ਕੁਚਨ ਕੋ ਕੰਚਨ ਕੇ ਕੁੰਭ ਕਹੇ;<br>ਸੋਮ ਰਸ ਮੁਖ ਕਫ ਧਾਮ ਕੋ ਉਚਾਰੇ ਹੈਂ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਜੋ ਕਾਮੀ ਪੁਰਸ਼ ਕਾਮ ਵਿਚ ਮਸਤ ਹੋਏ ਹਨ, ਉਹ ਮਾਸ ਦੀਆਂ ਗ੍ਰੰਥ = ਗੰਢਾਂ ਰੂਪ ਇਸਤਰੀ ਦੇ ਕੁਚਨ = ਅਸਥਨਾਂ ਕੋ = ਨੂੰ ਕੰਚਨ = ਸੋਨੇ ਕੇ = ਦੇ ਕੁੰਭ = ਘੜੇ ਕਹੇ = ਕਹਿੰਦੇ ਹਨ ਅਤੇ ਜਿਹੜਾ ਕਫ = ਬਲਗਮ ਦਾ ਧਾਮ = ਘਰ ਮੁਖ = ਮੂੰਹ ਹੈ, ਉਸ ਕੋ = ਨੂੰ ਸੋਮ = ਚੰਦਰਮਾ ਦੇ ਸਮ = ਸਮਾਨ ਉਚਾਰੇ = ਉਚਾਰਣ ਕਰਦੇ ਹਨ।

## ਚੰਪਾ ਕਲੀ ਕੇ ਸਮਾਨ ਦਾਂਰਮ ਕੇ ਦਾਨੇ ਭਨੇ;<br>ਹਾਢਨ ਕੀ ਦਾਂਤ ਪਾਂਤ ਕੋ ਦਿਵਾਨੇ ਸਾਰੇ ਹੈਂ ॥

ਜਿਹੜੇ ਸਾਰੇ ਕਾਮੀ ਪੁਰਸ਼ ਕਾਮ ਦੇ ਨਸ਼ੇ ਵਿਚ ਦਿਵਾਨੇ = ਪਾਗਲ ਹੋ ਰਹੇ ਹਨ, ਉਹ ਇਸਤਰੀ ਦੇ

ਹਾਢਨ = ਹੱਡੀਆਂ ਦੀ ਪਾਂਤ = ਕਤਾਰ ਰੂਪ ਦਾਂਤ = ਦੰਦਾਂ ਕੋ = ਨੂੰ ਚੰਪਾ = ਚੰਬੇ[੧] ਦੀਆਂ ਕਲੀਆਂ ਦੇ ਸਮਾਨ ਜਾਂ ਦਾਂਰਮ = ਅਨਾਰ ਕੇ = ਦੇ ਦਾਣਿਆਂ ਸਮਾਨ ਭਨੇ = ਕਥਨ ਕਰਦੇ ਹਨ।

## ਮੂਤ੍ਰ ਭਿਗੀ ਜੰਘਨ ਕੀ ਸੰਘਨੀ ਬਡਾਈ ਭਨੇ;
## ਨਿੰਦਤ ਗਜੇਂਦ੍ਰ ਕਰ ਕੇਲਾ ਕੋ ਨਿਵਾਰੇ ਹੈਂ॥

ਮੂਤਰ ਨਾਲ ਭਿਗੀ = ਭਿੱਜੀਆਂ ਹੋਈਆਂ ਜੰਘਨ = ਲੱਤਾਂ ਕੀ = ਦੀ ਸੰਘਨੀ = ਬਹੁਤੀ ਬਡਾਈ = ਵਡਿਆਈ ਭਨੇ = ਕਥਨ ਕਰਦੇ ਹੋਏ ਗਜੇਂਦ੍ਰ = ਹਾਥੀ ਸੁੰਡ ਦੀ ਸਮਾਨਤਾ ਦੇਂਦੇ ਹਨ, ਇਹ ਹਾਥੀ ਦੀ ਸੁੰਡ ਦੀ ਨਿੰਦਤ = ਨਿੰਦਿਆ ਹੈ ਕਿਉਂਕਿ ਹਾਥੀ ਦੀ ਸੁੰਡ ਵਿਚ ਕਾਮ-ਵਾਸ਼ਨਾ ਨਹੀਂ ਹੈ ਅਤੇ ਪੱਟਾਂ ਨੂੰ ਕੋਮਲ ਦੱਸਦੇ ਹੋਏ ਕੇਲੇ ਦੀ ਸਮਾਨਤਾ ਦੇਂਦੇ ਹਨ, ਇਉਂ ਕੇਲੇ ਦੇ ਗੁਣ ਕੋ = ਨੂੰ ਤਾਂ ਨਿਵਾਰੇ = ਨਵਿਰਤ ਭਾਵ ਦੂਰ ਕਰਦੇ ਹਨ, ਕਿਉਂਕਿ ਕੇਲੇ ਵਿਚ ਕਾਮ ਉਤੇਜਕ ਔਗੁਣ ਨਹੀਂ, ਇਸ ਕਰਕੇ ਇਹ ਸਮਾਨਤਾ ਗ਼ਲਤ ਹੈ।

## ਅਹੇ ਨਿੰਦ ਯੋਗ ਰੂਪ ਅੰਗਨਾ ਕੋ ਤਨ ਕੀ ਊਪ ਧੁਨੇ;
## ਮਤਵਾਰੇ ਸੀਸ ਧੁਨੇ ਮਤਵਾਰੇ ਹੈਂ॥੨॥

ਅਹੇ = ਅਸਚਰਜ ਵਾਲੀ ਗੱਲ ਹੈ ਕਿ ਜਿਸ ਇਸਤਰੀ ਕੋ = ਦਾ ਰੂਪ ਨਿੰਦ = ਨਿੰਦਿਆ ਦੇ ਯੋਗ ਹੈ, ਕਾਮ ਦੇ ਨਸ਼ੇ ਵਿਚ ਮਤਵਾਰੇ = ਮਸਤ ਪੁਰਸ਼ ਤਾ ਕੀ = ਉਸ ਦੀ ਊਪ = ਉਪਮਾ ਧੁਨੇ = ਕਥਨ ਕਰਦੇ ਹਨ, ਪਰ ਮਤਵਾਰੇ (ਮਤ + ਵਾਰੇ) ਮਤ = ਸ੍ਰੇਸ਼ਟ ਬੁੱਧੀ ਵਾਰੇ = ਵਾਲੇ ਪੁਰਸ਼, ਉਸ ਦੀ ਉਪਮਾ ਸੁਣ ਕੇ ਸੀਸ = ਸਿਰ ਧੁਨੇ = ਹਿਲਾਉਂਦੇ, ਫੇਰਦੇ ਹਨ॥੨॥

## ਕਬਿੱਤ॥ ਜਠਰਾਗ ਜਾਰੇ ਪੇਟ ਨਿਜ ਤਾਂ ਕੇ ਸਾਂਤ ਹੇਤ;
## ਕੌਨ ਮਾਨੀ ਪ੍ਰਾਨੀ ਦੇਹ ਬਾਨੀ ਜੋ ਉਚਾਰੇ ਹੈ॥

ਜਿਸ ਵੇਲੇ ਜਠਰਾਗ = ਪੇਟ ਦੀ ਅਗਨੀ ਨਿਜ = ਆਪਣੇ ਪੇਟ ਨੂੰ ਜਾਰੇ = ਸਾੜਨਾ ਕਰਦੀ ਹੈ, ਤਾਂ ਕੇ = ਉਸ ਦੇ ਸ਼ਾਂਤ ਕਰਨ ਹੇਤ = ਵਾਸਤੇ ਦੱਸੋ ਖਾਂ ਕੌਨ = ਕਿਹੜਾ ਮਾਨਧਾਰੀ ਪ੍ਰਾਣੀ ਹੈ, ਜੋ = ਜਿਹੜਾ ਕਿਸੇ ਅੱਗੇ ਜਾ ਕੇ ਦੇਹ ਬਾਨੀ = ਸ਼ਬਦ ਉਚਾਰੇ = ਉਚਾਰਨ ਕਰਦਾ ਹੈ ਭਾਵ ਭੁੱਖ ਨਾਲ ਅਤਿ ਵਿਆਕੁਲ ਹੋ ਕੇ ਵੀ ਮਾਨਧਾਰੀ ਪੁਰਸ਼ ਕਿਸੇ ਕੋਲੋਂ ਕੁਝ ਮੰਗਦਾ ਨਹੀਂ ਹੈ। ਕਿਉਂਕਿ :

## ਗਦ ਗਦ ਗਲਤ ਤੁਟਤ ਲੀਨ ਅੰਕ ਜਾਮੈ;
## ਜਾਚਾ ਭੰਗ ਭੈ ਸੋ ਐਸੀ ਗਿਰਾ ਭੀ ਨ ਰਾਰੇ ਹੈ॥

ਮੰਗਣ ਦੇ ਬਾਰੇ ਸੋਚਦਿਆਂ ਹੀ ਉਹ ਆਪਣੇ ਗਲਤ = ਗਲੇ ਵਿੱਚੋਂ ਗਦ ਗਦ[੨] ਤੇ ਤੁਟਤ = ਟੁੱਟੇ

---

੧. ਚੰਪਾ = ਚੰਬੇ ਦਾ ਬ੍ਰਿਛ, ਇਸ ਦੇ ਫੁੱਲਾਂ ਵਿਚ ਬਹੁਤ ਸੁਗੰਧੀ ਹੁੰਦੀ ਹੈ, ਭੌਰੇ ਮਸਤ ਹੋ ਕੇ ਇਨ੍ਹਾਂ ਨੂੰ ਘੁਮੇਰੀਆਂ ਪਾਉਂਦੇ ਹਨ। ਰੰਗ ਇਸ ਦਾ ਹਲਕਾ ਪੀਲਾ ਹੁੰਦਾ ਹੈ। ਚੰਬੇ ਦਾ ਛਿੱਲ, ਪੱਤੇ, ਫੁੱਲ ਅਤੇ ਜੜ੍ਹ ਅਨੇਕ ਦਵਾਈਆਂ ਵਿਚ ਵੈਦ ਲੋਕ ਪਾਉਂਦੇ ਹਨ।

੨. ਗਦ ਗਦ = ਅਜਿਹੀ ਆਵਾਜ਼, ਜੋ ਸਾਫ਼ ਨ ਸਮਝੀ ਜਾਵੇ, ਸ਼ੋਕ ਜਾਂ ਖ਼ੁਸ਼ੀ ਨਾਲ ਰੁਕੇ ਹੋਏ ਕੰਠ ਵਿੱਚੋਂ ਨਿਕਲੀ ਧੁਨਿ (ਆਵਾਜ਼)।

ਹੋਏ ਅੰਕ = ਅੱਖਰਾਂ ਵਿਚ ਲੀਨ ਹੋਈ ਮੱਧਮ ਜਿਹੀ ਆਵਾਜ਼ ਕੱਢਣਾ ਚਾਹੁੰਦਾ ਹੈ। ਜਾਮੇ = ਜਿਸ ਵਿਚ ਜਾਚਾ = ਜਾਚਨਾ ਦੇ ਭੰਗ = ਨਾਸ਼ ਹੋਣ ਦਾ ਭੈ = ਡਰ ਹੈ, ਪਰ ਸੋ = ਉਹ ਐਸੀ = ਇਸ ਤਰ੍ਹਾਂ ਦੀ ਗਿਰਾ = ਬਾਣੀ ਭੀ = ਵੀ ਨ = ਨਹੀਂ ਰਾਰੇ = ਉਚਾਰਦਾ ਭਾਵ ਜਦੋਂ ਮਾਨਧਾਰੀ ਪੁਰਸ਼ ਮੰਗਣ ਬਾਰੇ ਸੋਚਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਇਹ ਖ਼ਿਆਲ ਹੁੰਦਾ ਹੈ ਕਿ ਕਿਤੇ ਦੇਣ ਵਾਲਾ ਇਨਕਾਰ ਹੀ ਨਾ ਕਰ ਦੇਵੇ, ਜੇ ਉਸ ਨੇ ਜਵਾਬ ਦੇ ਦਿੱਤਾ ਤਾਂ ਫੇਰ ਮੇਰਾ ਨਿਰਾਦਰ ਹੋ ਜਾਵੇਗਾ। ਇਉਂ ਸੋਚਦੇ ਦਾ ਗਲਾ ਰੁਕ ਜਾਂਦਾ ਹੈ। ਮੰਗਣ ਤੋਂ ਸੰਗਦਾ ਹੈ, ਪਰ ਭੁੱਖ ਨੇ ਮਜਬੂਰ ਕੀਤਾ ਹੁੰਦਾ ਹੈ, ਮੰਗਣਾ ਚਾਹੁੰਦਾ ਹੈ, ਪਰ ਫੇਰ ਵੀ ਮੰਗ ਨਹੀਂ ਸਕਦਾ।

***ਪ੍ਰਸ਼ਨ** : ਕਿਤਨਾ ਕੁ ਚਿਰ ਉਹ ਮੰਗਦਾ ਨਹੀਂ ਹੈ ?*

## ਭੁਖੇ ਬਾਰ ਰੋਕੈ ਗਾਰਾ ਦੈ ਕੈ ਟੂਕੀ ਮਾਗੈ ਮਾਂ ਤੇ;
## ਦੀਨਾ ਦੀਨ ਮੁਖ ਜਾਂ ਕੇ ਖੀਨਾ ਪਟ ਹਾਰੇ ਹੈ ॥

ਜਦੋਂ ਤਕ ਉਸ ਦੇ ਭੁੱਖੇ ਬਾਰ = ਬੱਚੇ ਰੋਕੈ = ਰੋ-ਰੋ ਕੇ ਤੇ ਗਾਰ = ਗਾਲ੍ਹਾਂ ਦੈ ਕੈ = ਦੇ ਕੇ ਭਾਵ ਕੱਢ-ਕੱਢ ਕੇ ਆਪਣੀ ਮਾਂ ਤੇ = ਤੋਂ ਟੂਕੀ = ਟੁੱਕਰ ਨਹੀਂ ਮਾਗੈ = ਮੰਗਦੇ ਹਨ, ਜਦੋਂ ਤਕ ਉਹ ਦੀਨਾ ਦੀਨ = ਦੁੱਖ ਭਰੀ ਆਵਾਜ਼ ਨਾਲ ਦੁਖੀ ਮੁਖ = ਮੂੰਹ ਨੂੰ ਨਹੀਂ ਦੇਖਦਾ ਹੈ ਅਤੇ ਜਦੋਂ ਤਕ ਜਾਂ ਕੇ = ਜਿਸ ਦੇ ਖੀਨਾ = ਨਾਸ਼ ਭਾਵ ਫਟੇ ਹੋਏ ਪਟ = ਬਸਤਰਾਂ ਨੂੰ ਭੁੱਖ ਨਾਲ ਹਾਰੇ ਹੋਏ ਬੱਚੇ ਖਿੱਚਣਾ ਨਹੀਂ ਕਰਦੇ ਹਨ।

## ਜੌ ਲੌਂ ਐਸੀ ਨਿਜ ਨਾਰੀ ਬਿਆਕੁਲ ਨਿਹਾਰੀ ਨਾਹਿ;
## ਪੇਖਨੇ ਤੇ ਪੇਖਨੇ ਯੌਂ ਨਾਚੈ ਘਰ ਘਾਰੇ ਹੈ ॥੩॥

ਜੌਂ = ਜਦੋਂ ਲੌਂ = ਤਕ ਨਿਜ = ਆਪਣੀ ਨਾਰੀ = ਇਸਤਰੀ ਨੂੰ ਐਸੀ = ਇਸ ਤਰੀਕੇ ਦੇ ਨਾਲ ਵਿਆਕੁਲ (ਦੁਖੀ) ਹੋਈ ਨਹੀਂ ਨਿਹਾਰੀ = ਦੇਖ ਲੈਂਦਾ, ਉਦੋਂ ਤਕ ਮੰਗਦਾ ਨਹੀਂ ਹੈ, ਪਰ ਜਿਸ ਵੇਲੇ ਪੇਖਨੇ = ਵੇਖ ਲੈਂਦਾ ਹੈ, ਫਿਰ ਤੇ = ਉਹ ਪੇਖਨੇ = ਪੁਤਲੀਆਂ ਦੇ ਤਮਾਸ਼ੇ ਯੌਂ = ਵਾਂਗ ਘਰ ਘਾਰੇ = ਘਰ-ਘਰ ਅੱਗੇ ਜਾ ਕੇ ਨਾਚੈ = ਨੱਚਣਾ ਕਰਦਾ ਹੈ ਅਤੇ ਮੰਗਣਾ ਕਰਦਾ ਹੈ, ਇਉਂ ਭਰਥਰੀ ਜੀ ਕਹਿੰਦੇ ਹਨ ਕਿ ਇਨ੍ਹਾਂ ਕਸ਼ਟਾਂ ਦਾ ਕਾਰਨ ਕੇਵਲ ਇਸਤਰੀ ਹੀ ਹੈ॥੩॥

## ਦੋਹਰਾ ॥
## ਦੂਰਤ ਹਰਤ ਤ੍ਰੈ ਲੋਕ ਕੇ; ਤੁਰਤ ਤ੍ਰਿਲੋਕੀ ਸਰਿਤ ॥

ਜੋ ਤ੍ਰਿਲੋਕੀ = ਤਿੰਨਾਂ ਲੋਕਾਂ ਵਿਚ ਵਗਣ ਵਾਲੀ ਸਰਿਤ = ਗੰਗਾ ਨਦੀ ਹੈ, ਉਹ ਤੁਰਤ = ਸ਼ੀਘਰ ਹੀ ਤ੍ਰੈ = ਤਿੰਨਾਂ ਲੋਕਾਂ ਕੇ = ਦੇ ਦੂਰਤ = ਪਾਪਾਂ ਨੂੰ ਹਰਤ = ਨਾਸ਼ ਕਰਨ ਵਾਲੀ ਹੈ।

## ਈਸ ਸੀਸ ਕੇ ਜਟਾ ਕੋ ਛੂਹਤ; ਛਟਾ ਜਿਹ ਸਰਿਤ ॥੪॥

ਜੋ ਈਸ = ਸ਼ਿਵਜੀ ਕੇ = ਦੇ ਸਿਰ ਦੀਆਂ ਜਟਾਵਾਂ ਕੋ = ਨੂੰ ਛੂਹਤ = ਛੂਹ ਕਰਕੇ ਵਗਣਾ ਕਰਦੀ ਹੈ, ਜਿਹ = ਜਿਸ ਸਰਿਤ = ਗੰਗਾ ਨਦੀ ਦੇ ਛਟਾ = ਜਲ ਦੀਆਂ ਲਹਿਰਾਂ ਠੰਢੀਆਂ ਹਨ॥੪॥

## ਦੋਹਰਾ ॥

## ਤਾ ਤਟ ਪਰ ਸੰਘਟ ਬਿਟਪ; ਵਲਕਲ ਫੁਲ ਫਲਾਇ ॥

ਤਾ = ਉਸ ਦੇ ਤਟ = ਕਿਨਾਰੇ ਪਰ = ਉੱਪਰ ਬਹੁਤ ਸੰਘਟ = ਸੰਘਣੇ ਬਿਟਪ = ਬ੍ਰਿਛ ਹਨ, ਜੋ ਵਲਕਲ = ਛਿੱਲ **ਵਾ:** ਪੱਤਿਆਂ ਅਤੇ ਫੁਲਾਂ, ਫਲਾਇ = ਫਲਾਂ ਵਾਲੇ ਹਨ।

## ਸੁਖਦ ਸਰਬਦਾ ਰੁਚਤ ਸੁਚ; ਸੁਭ ਬਟਾਦਿ ਕੀ ਛਾਇ ॥੫॥

ਜੋ ਸਰਬਦਾ = ਹਮੇਸ਼ਾਂ ਹੀ (ਸੁਖ + ਦ) ਸੁਖ ਦ = ਦੇਣ ਵਾਲੇ ਹਨ, ਰੁਚਤ = ਮਨ ਨੂੰ ਭਾਉਣ ਵਾਲੇ ਹਨ, ਸੁਚ = ਪਵਿੱਤਰ ਤੇ ਸੁਭ = ਸੁੰਦਰ ਹਨ ਤੇ ਇਉਂ ਉਥੇ ਬਟਾਦਿ = ਬੋਹੜ ਆਦਿਕ ਬ੍ਰਿਛਾਂ ਕੀ = ਦੀ ਛਾਇ = ਛਾਂ ਹੈ।

## ਸੋਰਠਾ ॥

## ਅਸ ਸੁਰਸਰਿ ਕੇ ਹੋਇ; ਕ੍ਰਿਪਣ ਨ੍ਰਿਪਣ ਦੁਹ ਮੁਖਨ ਕੋ ॥
## ਨਿਰਖਤ ਨਿਪੁਨ ਨ ਕੋਇ; ਨਿਜ ਕੁਖ ਪੋਖਣ ਕਾਰਣੇ ॥੬॥

***ਅੰਨਵੈ ਅਨੁਸਾਰ :*** ਅਸ = ਇਸ ਪ੍ਰਕਾਰ ਦੀ ਸੁਰਸਰਿ = ਗੰਗਾ ਨਦੀ ਕੇ = ਦੇ ਹੁੰਦੇ ਹੋਇ = ਹੋਇਆਂ ਕੋਇ = ਕੋਈ ਨਿਪੁਨ = ਸੂਝਵਾਨ ਪੁਰਸ਼, ਕ੍ਰਿਪਣ = ਸ਼ੂਮ ਨ੍ਰਿਪਣ = ਰਾਜਿਆਂ ਦੇ ਦੁਰ = ਭੈੜੇ ਮੁਖਨ = ਮੂੰਹ ਕੋ = ਨੂੰ ਨਿਰਖਤ = ਵੇਖਣਾ ਨਹੀਂ ਚਾਹੁੰਦਾ, ਕੇਵਲ ਨਿਜ = ਆਪਣੇ ਕੁਖ = ਪੇਟ ਨੂੰ ਪੋਖਣ = ਪਾਲਣ (ਭਰਨ) ਕਾਰਣੇ = ਵਾਸਤੇ ਰਾਜਿਆਂ ਦੇ ਦਰ 'ਤੇ ਜਾਣਾ ਪੈਂਦਾ ਹੈ, ਪਰ ਗੰਗਾ ਦੇ ਕਿਨਾਰੇ 'ਤੇ ਰਹਿਣ ਵਾਸਤੇ ਬ੍ਰਿਛਾਂ ਦੀ ਛਾਂ ਹੈ ਤੇ ਖਾਣ ਵਾਸਤੇ ਫਲ, ਫੁੱਲ ਹਨ, ਪਹਿਨਣ ਵਾਸਤੇ ਭੋਜ ਪੱਤਰ ਹਨ। ਇਹ ਸਭ ਕੁਝ ਸਹਿਜੇ ਹੀ ਮਿਲ ਜਾਂਦਾ ਹੈ, ਫਿਰ ਕੇਵਲ ਪੇਟ ਨੂੰ ਪਾਲਣ ਵਾਸਤੇ ਰਾਜਿਆਂ ਦੇ ਦਰ 'ਤੇ ਜਾਣ ਦੀ ਕੀ ਲੋੜ ਹੈ ? ॥੬॥

## ਦੋਹਰਾ ॥

## ਉਤਪਤ ਬਿਪਤਾ ਤਾਪ ਤੇ; ਦੁਸਹ ਦੁਖ ਖੁਦਿਆਦਿ ॥

ਉਤਪਤ = ਜੰਮਣ, ਬਿਪਤਾ = ਮੁਸੀਬਤ ਤੇ ਤਾਪ ਆਦਿਕ ਦੁੱਖਾਂ ਤੇ = ਨਾਲੋਂ ਖੁਦਿਆਦਿ = ਭੁੱਖ ਤੇ ਪਿਆਸ ਰੂਪ ਦੁੱਖ ਦੁਸਹ = ਸਹਾਰਨਾ ਕਠਿਨ ਹੈ ਭਾਵ ਸਭ ਨਾਲੋਂ ਜ਼ਿਆਦਾ ਦੁੱਖ ਭੁੱਖ ਤੇ ਪਿਆਸ ਦਾ ਹੈ।

## ਨਿਜ ਕੁਟੰਬ ਅਸ ਵਿਕਲ ਲਖ; ਕਰੇ ਜੁ ਜਨ ਪ੍ਰਸਾਦਿ ॥੭॥

ਇਉਂ ਨਿਜ = ਆਪਣੇ ਕੁਟੰਬ = ਪਰਿਵਾਰ ਨੂੰ ਅਸ = ਇਸ ਭੁੱਖ ਨਾਲ ਵਿਕਲ = ਵਿਆਕੁਲ ਹੋਇਆ ਲਖ = ਜਾਣ ਕਰਕੇ ਉਸ ਉੱਤੇ ਪ੍ਰਸਾਦਿ = ਕਿਰਪਾ ਕਰੇ = ਕਰਦਾ ਹੈ, ਜੁ = ਜਿਹੜਾ ਜਨ = ਪੁਰਸ਼ ਆਪਣੀ ਭੁੱਖ ਦੂਰ ਕਰਨ ਲਈ ਕਿਸੇ ਕੋਲੋਂ ਜਾ ਕੇ ਮੰਗਣਾ ਨਹੀਂ ਚਾਹੁੰਦਾ ਸੀ, ਉਹ ਪੁਰਸ਼ ਆਪਣੇ ਪਰਿਵਾਰ ਨੂੰ ਵਿਆਕੁਲ ਹੋਇਆ ਵੇਖ ਕੇ ਫਿਰ ਮੰਗਣ ਜਾਂਦਾ ਹੈ ॥੭॥

## ਦੋਹਰਾ ॥

## ਵਹੀ ਪੁਰਖ ਪਰਵਾਰ ਕੀ; ਬਿਪਤਾ ਹਰਨ ਨਮਿਤ ॥

ਜੋ ਪੁਰਖ ਕਦੇ ਧਨ ਦੇ ਮੰਗਣ ਵਾਸਤੇ ਕਿਸੇ ਅੱਗੇ ਜਾਂਦਾ ਨਹੀਂ ਸੀ, ਫਿਰ ਵਹੀ = ਉਹੀ ਪੁਰਸ਼ ਆਪਣੇ ਪਰਿਵਾਰ ਦੀ ਬਿਪਤਾ ਨੂੰ ਹਰਨ = ਨਾਸ਼ ਕਰਨ ਨਮਿਤ = ਵਾਸਤੇ :

## ਬਾਯਕ ਸਾਯਕ ਖਲੋਂ ਕੇ; ਸਹੇ ਸਹੀ ਹਿਤੁ ਵਿਤੁ ॥੮॥

ਖਲੋਂ = ਮੂਰਖ ਪੁਰਸ਼ਾਂ ਕੇ = ਦੇ ਖੋਟੇ ਬਾਯਕ = ਬਚਨਾਂ ਰੂਪੀ ਸਾਯਕ = ਤੀਰਾਂ ਨੂੰ ਸਹੇ = ਸਹਾਰਦੇ ਹਨ, ਵਿਤੁ = ਧਨ ਦੇ ਹਿਤੁ = ਵਾਸਤੇ ਸਹੀ = ਨਿਸ਼ਚੇ ਕਰਕੇ ਐਸਾ ਹੀ ਸਹਾਰਨਾ ਪੈਂਦਾ ਹੈ ॥੮॥

## ਦੋਹਰਾ ॥

## ਦੁਖੀ ਦੇਵ ਪਰਵਾਰ ਨਿਜ; ਦੁਖੀ ਹੋਤ ਮਤਿ ਹੀਨ ॥

ਭਰਥਰੀ ਜੀ ਕਥਨ ਕਰਦੇ ਹਨ ਕਿ ਮਤਿ ਹੀਨ = ਬੇਵਕੂਫ਼ ਪੁਰਸ਼ ਨਿਜ = ਆਪਣੇ ਪਰਿਵਾਰ ਨੂੰ ਦੁਖੀ ਵੇਖ ਕਰਕੇ ਦੁਖੀ ਹੋਤ = ਹੁੰਦਾ ਹੈ।

## ਭ੍ਰਿਸ਼ਟ ਆਤਮਾਨੰਦ ਤੇ; ਭਯੋ ਦੀਨ ਤੇ ਦੀਨ ॥੯॥

ਇਉਂ ਉਹ ਆਤਮਿਕ ਆਨੰਦ ਤੇ = ਤੋਂ ਭ੍ਰਿਸ਼ਟ = ਡਿੱਗ ਜਾਂਦਾ ਹੈ ਭਾਵ ਆਪਣੇ ਆਤਮ ਸਰੂਪ ਦਾ ਆਨੰਦ ਲੈਣ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਧਨ ਦੇ ਮੰਗਣ ਦੀ ਇੱਛਾ ਕਰਕੇ ਦੀਨ ਅੱਗੇ ਦੀਨ ਹੁੰਦਾ ਹੈ **ਵਾ:** ਧਨ ਦੀ ਇੱਛਾ ਕਾਰਨ ਦੀਨ ਤੇ ਦੀਨ = ਕੰਗਾਲ ਤੋਂ ਵੀ ਕੰਗਾਲ ਭਯੋ = ਹੋ ਜਾਂਦਾ ਹੈ ॥੯॥

## ਦੋਹਰਾ ॥

## ਕਰੁਣਾ ਕਰੇ ਕੁਟੰਬ ਪਰ; ਦੁਖੀ ਦੇਖਿ ਤਿਹ ਅੰਧ ॥

ਤਿਹ = ਉਹ ਅਗਿਆਨ ਵਿਚ ਅੰਧ = ਅੰਨ੍ਹਾ ਪੁਰਸ਼ ਆਪਣੇ ਕੁਟੰਬ = ਪਰਿਵਾਰ ਨੂੰ ਦੁਖੀ ਦੇਖ ਕਰਕੇ ਉਨ੍ਹਾਂ ਉੱਤੇ ਕਰੁਣਾ = ਕਿਰਪਾ ਕਰੇ = ਕਰਦਾ ਹੈ।

## ਨਰ ਤੇ ਦੁਖ ਟਰਤੇ ਨ; ਤਿਹ ਜੋ ਅਦ੍ਰਿਸਟ ਪ੍ਰਤਿਬੰਧ ॥੧੦॥

ਪਰ ਨਰ = ਪੁਰਸ਼ ਤੇ = ਤੋਂ ਉਹ ਦੁਖ ਟਰਤੇ = ਨਾਸ਼ ਨ = ਨਹੀਂ ਹੁੰਦੇ ਹਨ, ਕਿਉਂਕਿ ਜੋ ਤਿਹ = ਉਨ੍ਹਾਂ ਦੇ ਅਦ੍ਰਿਸਟ = ਕਰਮ ਹਨ, ਉਹ ਕਰਮ ਦੁੱਖਾਂ ਨੂੰ ਨਾਸ਼ ਕਰਨ ਵਿਚ ਪ੍ਰਤਿਬੰਧ = ਰੁਕਾਵਟ ਪਾਉਂਦੇ ਹਨ ॥੧੦॥

## ਦੋਹਰਾ ॥

## ਜਾਸ ਕ੍ਰਿਪਾ ਕੀ ਕ੍ਰਿਪਾ ਕਰਿ; ਨਾਸੈ ਉਭੈ ਅਨੰਦ ॥

ਜਾਸ = ਜਿਸ ਕਿਰਪਾ ਦੇ ਪਾਤਰ ਭਾਵ ਪਰਿਵਾਰ ਉੱਤੇ ਕਿਰਪਾ ਕਰਨ ਕਰਕੇ ਉਭੈ = ਦੋਵੇਂ ਲੋਕਾਂ ਦਾ ਆਨੰਦ ਨਾਸੈ = ਨਾਸ਼ ਹੁੰਦਾ ਹੈ।

## ਤਾ ਕਰੁਣਾ ਤੇ ਨਰਨ ਕੋ; ਮਰਨਾ ਸੁਭ ਬਿਨ ਮੰਦ ॥੧੧॥

ਤਾ = ਇਸ ਕਰਕੇ ਉਨ੍ਹਾਂ 'ਤੇ ਕਰੁਣਾ = ਕਿਰਪਾ ਕਰਨ ਨਾਲੋਂ ਨਰਨ = ਮਨੁੱਖ ਕੋ = ਤਾਈਂ ਮਰਨਾ ਸੁਭ = ਚੰਗਾ ਹੈ, ਜੋ ਕਰਮ ਕਿਸੇ ਦਾ ਮੰਦ = ਬੁਰਾ ਕਰਨ ਤੋਂ ਬਿਨ = ਬਗ਼ੈਰ ਹੈ ॥੧੧॥

## ਸੋਰਠਾ ॥

## ਤਤ ਤਤ ਕਰਤੇ ਕਾਮ; ਭਵਤ ਦੁਖ ਪਰਣਾਂਮ ਜਿਤ ॥

ਪੁਰਸ਼ ਤਤ ਤਤ = ਉਹ ਉਹ ਕਾਮ = ਕਰਮ ਕਰਤੇ = ਕਰਨਾ ਕਰਦੇ ਹਨ, ਜਿਤ = ਜਿਨ੍ਹਾਂ ਦਾ ਪਰਣਾਂਮ = ਫਲ ਦੁੱਖ ਰੂਪ ਵਿਚ ਭਵਤ = ਹੁੰਦਾ ਹੈ।

## ਤਿਯ ਅਨੁਕੰਪਾ ਦਾਮ; ਗਰੇ ਪਰੀ ਪਸ ਵਤ ਚਰੇ ॥੧੨॥

ਜੋ ਤਿਯ = ਇਸਤਰੀ ਉੱਤੇ ਅਨੁਕੰਪਾ = ਕਿਰਪਾ ਕਰਨੀ ਹੈ, ਉਹ ਤਾਂ ਸਮਝੋ ਵੀ ਗਰੇ = ਗਲ ਵਿਚ ਦਾਮ = ਰੱਸੀ ਪਰੀ = ਪੈਣ ਦੇ ਸਮਾਨ ਹੈ, ਉਸ ਅਧੀਨਤਾ ਰੂਪ ਰੱਸੀ ਵਿਚ ਬੰਨ੍ਹੇ ਹੋਏ ਫਿਰ ਪਸ = ਪਸ਼ੂਆਂ ਵਤ = ਵਾਂਗ ਚਰੇ = ਵਿਚਰਦੇ ਫਿਰਦੇ ਰਹਿੰਦੇ ਹਨ ॥੧੨॥

## ਦੋਹਰਾ ॥

## ਦੁਖ ਵਿਸਰਜਨ ਕ੍ਰਿਪਣ ਧੀ; ਸਹਤ ਕਸ਼ਟ ਤੇ ਕਸ਼ਟ ॥

ਕ੍ਰਿਪਣ = ਸ਼ੂਮ ਧੀ = ਬੁੱਧੀ ਵਾਲੇ ਪੁਰਸ਼ ਦੁੱਖ ਦੇਣ ਵਾਲੇ ਕਰਮਾਂ ਦਾ ਵਿਸਰਜਨ = ਤਿਆਗ ਨਹੀਂ ਕਰਦੇ ਹਨ ਅਤੇ ਕਸ਼ਟ ਤੇ ਕਸ਼ਟ = ਦੁੱਖ ਤੋਂ ਦੁੱਖ ਹੀ ਸਹਤ = ਸਹਾਰਦੇ ਹਨ ਭਾਵ ਅਤਿਅੰਤ ਦੁੱਖ ਸਹਾਰਦੇ ਹਨ।

## ਨਿਸ ਬਾਸਰ ਆਸਰ ਮਤੀ; ਕਰਤ ਸ੍ਵਾਪ ਕੋ ਨਸ਼ਟ ॥੧੩॥

ਜੋ ਨਿਸ ਬਾਸਰ = ਰਾਤ ਦਿਨ ਆਸਰ = ਰਾਖਸ਼ੀ ਮਤੀ = ਬੁੱਧੀ ਧਾਰਨ ਕਰ ਕੇ ਰੱਖਦੇ ਹਨ ਅਤੇ ਸ੍ਵਾਪ = ਆਪਣੇ ਆਪ ਕੋ = ਨੂੰ ਨਸ਼ਟ = ਨਾਸ਼ ਕਰਤ = ਕਰਦੇ ਹਨ ਭਾਵ ਜੋ ਵਿਸ਼ੇ-ਵਿਸ਼ੈਣੀ ਬੁੱਧ ਧਾਰਨ ਕਰ ਕੇ ਰੱਖਦੇ ਹਨ ਤੇ ਆਪਣੇ ਸ਼ੁਭ ਗੁਣਾਂ ਨੂੰ ਨਾਸ਼ ਕਰਦੇ ਹਨ ॥੧੩॥

## ਦੋਹਰਾ ॥

## ਵਹਯੋ ਜਾਤ ਭਵ ਸਿੰਧ ਮੈ; ਪਾਯੋ ਕਸ਼ਟ ਅਵਾਚ ॥

ਐਸੇ ਪੁਰਖ ਭਵ ਸਿੰਧ = ਸੰਸਾਰ-ਸਮੁੰਦਰ ਮੈ = ਵਿਚ ਵਹਯੋ = ਰੁੜ੍ਹ ਜਾਤ = ਜਾਂਦੇ ਹਨ ਅਤੇ ਉਹ ਕਸ਼ਟ = ਦੁੱਖ ਪਾਯੋ = ਪਾਉਣਾ ਕਰਦੇ ਹਨ, ਜੋ ਦੁੱਖ ਅਵਾਚ = ਕਹਿਣ ਯੋਗ ਨਹੀਂ ਹੈ ਭਾਵ ਅਸਹਿ ਦੁੱਖ ਪਾਉਂਦੇ ਹਨ।

## ਦਯਾ ਨ ਸਠ ਨਿਜ ਪਰ ਕਰੇ; ਜਾਂ ਤੇ ਦੁਖ ਤੇ ਬਾਚ ॥੧੪॥

ਇਉਂ ਸਠ = ਮੂਰਖ ਪੁਰਸ਼ ਨਿਜ = ਆਪਣੇ ਪਰ = ਉੱਪਰ ਦਇਆ ਨ = ਨਹੀਂ ਕਰੇ = ਕਰਦਾ, ਜਾਂ

ਤੇ = ਜਿਸ ਕਰਕੇ ਉਹ ਦੁੱਖਾਂ ਤੇ = ਤੋਂ ਬਾਚ = ਬਚ ਜਾਵੇ ਭਾਵ ਆਤਮ ਚਿੰਤਨ ਦੇ ਰਸਤੇ 'ਤੇ ਚੱਲ ਕੇ ਦੁੱਖ ਤੋਂ ਬਚਣਾ ਸੀ, ਪਰ ਮੂਰਖ ਪੁਰਸ਼ ਐਸਾ ਨਹੀਂ ਕਰਦਾ॥੧੪॥

## ਦੋਹਰਾ॥

## ਸੁਜਨ ਮਯਾ ਨਿਜ ਪਰ ਕਰੇ; ਅਪਨੋ ਕਰੇ ਉਧਾਰ॥

ਪਰ ਸੁਜਨ = ਸ੍ਰੇਸ਼ਟ ਪੁਰਸ਼ ਨਿਜ = ਆਪਣੇ ਪਰ = ਉੱਪਰ ਮਯਾ = ਕਿਰਪਾ ਕਰ ਕੇ ਆਪਣਾ ਉੱਧਾਰ ਕਰੇ = ਕਰਦੇ ਹਨ।

***ਪ੍ਰਸ਼ਨ :*** *ਆਪਣੇ ਉੱਪਰ ਕਿਹੜੀ ਕਿਰਪਾ ਕਰਦੇ ਹਨ ?*

***ਉੱਤਰ :***

## ਭਜੇ ਹਰੀ ਹਰਿਦ੍ਵਾਰ ਕੋ; ਤਜੇ ਕੁਟਲ ਪਰਵਾਰ॥੧੫॥

ਉਹ ਕੁਟਲ = ਛਲ ਰੂਪ **ਵਾ:** ਦੁਖਦਾਈ ਪਰਿਵਾਰ ਨੂੰ ਤਜੇ = ਤਿਆਗ ਦਿੰਦੇ ਹਨ ਤੇ ਹਰਿਦ੍ਵਾਰ = ਗੰਗਾ ਨਦੀ ਦੇ ਕਿਨਾਰੇ 'ਤੇ **ਵਾ:** ਹਰਿ = ਪਰਮਾਤਮਾ ਦੇ ਸਾਧਸੰਗਤ ਰੂਪੀ ਦ੍ਵਾਰ = ਦਰਵਾਜ਼ੇ 'ਤੇ ਜਾ ਕਰਕੇ ਹਰੀ ਪਰਮਾਤਮਾ ਦਾ ਭਜੇ = ਭਜਨ, ਸਿਮਰਨ ਕਰਦੇ ਹਨ॥੧੫॥

## ਸੋਰਠਾ॥

## ਤਾਤ ਮਾਤ ਗੁਰ ਨਾਰਿ; ਜੋ ਵਿਘਨੀ ਹਰਿ ਭਜਨ ਮੈ॥

ਤਾਤ = ਪਿਤਾ, ਮਾਤ = ਮਾਤਾ, ਗੁਰ = ਵੱਡਾ ਭਾਵ ਦਾਦਾ ਜਾਂ ਦਾਦੀ **ਵਾ:** ਕੁਲ ਗੁਰੂ (ਕਰਮ-ਕਾਂਡ ਵਿਚ ਜੋੜਨ ਵਾਲਾ) ਤੇ ਨਾਰਿ = ਇਸਤਰੀ, ਜੋ = ਜਿਹੜਾ ਵੀ ਇਨ੍ਹਾਂ ਵਿੱਚੋਂ ਹਰਿ = ਪਰਮਾਤਮਾ ਦੇ ਭਜਨ = ਸਿਮਰਨ ਕਰਨ ਮੈ = ਵਿਚ ਵਿਘਨੀ = ਰੁਕਾਵਟ ਪਾਉਣ ਵਾਲਾ ਹੋਵੇ।

## ਤਾਂ ਕੋ ਡਾਰੋਦਾਰ; ਹਰਿ ਭਜ ਜਨਮ ਸਫਲਾ ਕਰੋ॥੧੬॥

ਤਾਂ ਕੋ = ਉਸ ਦਾ (ਡਾਰ + ਉਦਾਰ) ਡਾਰ = ਤਿਆਗਣਾ ਹੀ ਉਦਾਰ = ਸ੍ਰੇਸ਼ਟ ਹੈ ਤੇ ਹਰਿ = ਹਰੀ ਪਰਮਾਤਮਾ ਦਾ ਭਜ = ਸਿਮਰਨ ਕਰ ਕੇ ਮਨੁੱਖਾ ਜਨਮ ਗਿਆਨ ਰੂਪੀ ਸਫਲਾ = ਫਲ ਦੇ ਸਹਿਤ ਕਰਨਾ ਕਰੋ॥੧੬॥

## ਚੌਪਈ॥

## ਜੋਖਿਤ ਯੁਤ; ਸੰਭਵ ਸੁਖ ਜੋਊ॥

## ਹਰੋ ਨਰੋ; ਛਿਨ ਭੰਗਰ ਸੋਊ॥

ਹੇ ਨਰੋ = ਪੁਰਸ਼ੋ! ਜੋਊ = ਜਿਹੜਾ ਵਿਸ਼ੇ ਸੁਖ ਜੋਖਿਤ = ਇਸਤਰੀ ਦੇ ਯੁਤ = ਨਾਲ ਮੇਲ ਕਰਨ ਤੋਂ ਸੰਭਵ = ਉਤਪਤ ਹੁੰਦਾ ਹੈ, ਉਸ ਦਾ ਹਰੋ = ਨਾਸ਼ ਕਰਨਾ ਕਰੋ, ਕਿਉਂਕਿ ਸੋਊ = ਉਹ ਸੁਖ ਛਿਨ ਭੰਗਰ = ਖਿਨ ਵਿਚ ਹੀ ਨਾਸ਼ ਹੋਣ ਵਾਲਾ ਹੈ।

## ਆਯੂ; ਸਪਰਸ ਮਾਤ੍ਰ ਹੈ ਤਾਂ ਕੀ ॥
## ਭੋਗਤ; ਪਰਮ ਦੂਖ ਤਿਹ ਬਾਕੀ ॥੧੭॥

ਤਾਂ ਕੀ = ਉਸ ਸੁਖ ਦੀ ਸਪਰਸ਼ ਮਾਤਰ ਹੀ ਆਯੂ = ਉਮਰ ਹੈ ਭਾਵ ਭੋਗਣ ਸਮੇਂ ਹੀ ਖਿਨਭੰਗਰ ਸੁਖ ਹੈ, ਭੋਗਤ = ਭੋਗਣ ਤੋਂ ਬਾਅਦ ਤਾਂ ਫੇਰ ਤਿਹ = ਉਸ ਦਾ ਪਰਮ = ਵੱਡਾ ਦੁੱਖ ਹੀ ਬਾਕੀ ਰਹਿ ਜਾਂਦਾ ਹੈ ॥੧੭॥ ਜੈਸਾ ਕਿ :

**ਭੋਗੰ ਤ ਰੋਗੰ ॥** *(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੫)*

## ਭੋਗਾਨੰਦ; ਨ ਧਨ ਬਿਨ ਪਾਵਤ ॥
## ਬਿਨਾ ਅਨਰਥ; ਦ੍ਰੱਵ ਨਹਿ ਆਵਤ ॥

ਭੋਗਾਨੰਦ = ਭੋਗ ਰੂਪ ਆਨੰਦ ਬਿਨ = ਬਗ਼ੈਰ ਧਨ ਤੋਂ ਪਾਵਤ = ਪਾਇਆ ਨਹੀਂ ਜਾਂਦਾ ਹੈ ਤੇ ਅਨਰਥ = ਪਾਪਾਂ ਤੋਂ ਬਿਨਾਂ = ਬਗ਼ੈਰ ਉਹ ਦ੍ਰੱਵ = ਧਨ ਹੱਥ ਵਿਚ ਨਹਿ = ਨਹੀਂ ਆਵਤ = ਆਉਂਦਾ।

## ਬਿਖੈ ਭੋਗ ਸੁਖ; ਲਾਭ ਨਮਿੱਤਾ ॥
## ਕਰ ਅਨਰਥ; ਕਛੁ ਸੰਚਤ ਵਿੱਤਾ ॥੧੮॥

ਭਰਥਰੀ ਜੀ ਕਥਨ ਕਰਦੇ ਹਨ ਕਿ ਬਿਖੈ = ਵਿਸ਼ੇ ਭੋਗ ਦੇ ਸੁਖ ਨੂੰ ਲਾਭ = ਪ੍ਰਾਪਤ ਕਰਨ ਨਮਿੱਤਾ = ਵਾਸਤੇ ਅਨਰਥ = ਪਾਪ ਕਰਮ ਕਰ ਕੇ ਕਛੁ = ਕੁਝ ਵਿੱਤਾ = ਧਨ ਸੰਚਤ = ਇਕੱਠਾ ਕਰਨਾ ਪੈਂਦਾ ਹੈ। ਜੈਸਾ ਕਿ :

**ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥**
**ਮਨ ਮੇਰੇ ਭੂਲੇ ਕਪਟੁ ਨ ਕੀਜੈ ॥ ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ਰਹਾਉ॥** ਸੁਖ

*(ਸੋਰਠਿ ਭਗਤ ਕਬੀਰ ਜੀ, ਅੰਗ ੬੫੬)*

## ਤਾਂ ਕਰ; ਦੁਖ ਮਿਸਰਤ, ਸੁਖ ਭੋਗਤ ॥
## ਤਾਂ ਫਲ ਮਰ ਕਰ; ਲਹਤ ਅਧੋਗਤਿ ॥

ਇਉਂ ਪੁਰਸ਼ ਤਾਂ = ਉਸ ਧਨ ਨੂੰ ਪ੍ਰਾਪਤ ਕਰ ਕੇ ਦੁੱਖਾਂ ਨਾਲ ਮਿਸਰਤ = ਮਿਲੇ ਹੋਏ ਵਿਸ਼ੇ ਸੁਖ ਨੂੰ ਭੋਗਤ = ਭੋਗਣਾ ਕਰਦੇ ਹਨ, ਫਿਰ ਤਾਂ = ਉਸ ਦਾ ਫਲ ਮਰ ਕਰਕੇ ਅਧੋਗਤਿ = ਨੀਚ ਗਤੀ ਭਾਵ ਨਰਕ ਆਦਿਕਾਂ ਦੇ ਦੁੱਖਾਂ ਨੂੰ ਲਹਤ = ਪ੍ਰਾਪਤ ਕਰਦੇ ਹਨ।

## ਤਾਂ ਤੇ; ਨਖ ਸਿਖਾਗ੍ਰ ਲੌ ਨਾਰੀ ॥
## ਮੋਖ ਵਿਖੇ; ਪ੍ਰਤਿਬੰਧਕ ਭਾਰੀ ॥੧੯॥

ਹੇ ਭਾਈ! ਤਾਂ ਤੇ = ਇਸ ਕਰਕੇ ਨਖ = ਨਹੁੰਆਂ ਤੋਂ ਲੈ ਕੇ ਸਿਖਾਗ੍ਰ = ਸਿਰ ਦੀ ਚੋਟੀ ਲੌ = ਤਕ ਨਾਰੀ = ਇਸਤ੍ਰੀ, ਮੋਖ = ਮੁਕਤੀ ਪ੍ਰਾਪਤ ਕਰਨ ਦੇ ਕਰਮ ਵਿਖੇ = ਵਿਚ ਭਾਰੀ ਪ੍ਰਤਿਬੰਧਕ = ਵਿਘਨ ਪਾਉਣ ਵਾਲੀ ਹੈ ॥੧੯॥

## ਨਿਕਰ ਦੁਖਾਂਕਰ; ਤਿਯ ਕੇ ਗਾਤਾ॥
## ਤਜੇ ਤ੍ਰਿਧਾ; ਬੁਧਿ ਤਾਹਿ ਪ੍ਰਮਾਤਾ॥

ਜੋ ਨਿਕਰ = ਸਮੂਹ (ਦੁਖ + ਆਂਕਰ) ਦੁੱਖਾਂ ਦੀ ਆਂਕਰ = ਖਾਣ ਤਿਯ = ਇਸਤਰੀ ਕੇ = ਦੇ ਗਾਤਾ = ਸਰੀਰ ਨੂੰ ਕਿਹਾ ਹੈ, ਉਸ ਨੂੰ ਪੁਰਸ਼ ਤ੍ਰਿਧਾ = ਤਿੰਨ ਪ੍ਰਕਾਰ ਮਨ, ਬਾਣੀ, ਸਰੀਰ ਕਰਕੇ ਤਜੇ = ਤਿਆਗਣ ਦੀ ਥਾਂ ਉਲਟਾ ਤਾਹਿ = ਉਸ ਵਿਚ ਬੁੱਧੀ ਨੂੰ (ਪ੍ਰ + ਮਾਤਾ) ਪ੍ਰ = ਵਿਸ਼ੇਸ਼ ਕਰਕੇ ਮਾਤਾ = ਮਸਤ ਕਰ ਰਿਹਾ ਹੈ।

## ਘਨ ਕੁਚ ਮੰਡਲ; ਮ੍ਰਿਦ ਰਮਣੀ ਕੋ॥
## ਸੰਯੁਤ ਮੁਕਤਾ ਹਾਰ; ਮਣੀ ਕੋ॥੨੦॥

ਜੋ ਮ੍ਰਿਦ = ਕੋਮਲ ਰਮਣੀ = ਇਸਤਰੀ ਦੇ ਘਨ = ਕਰੜੇ ਤੇ ਮੰਡਲ = ਗੋਲ ਕੁਚ = ਅਸਥਨ ਹਨ, ਜਦੋਂ ਉਹ ਮੁਕਤਾ = ਮੋਤੀਆਂ ਦੇ ਹਾਰ ਤੇ ਮਣੀਆਂ ਆਦਿਕ ਗਹਿਣਿਆਂ ਸੰਯੁਤ = ਨਾਲ ਮਿਲਣਾ ਕਰਦੇ ਹਨ, ਭਾਵ ਜਦੋਂ ਇਸਤਰੀ ਇਨ੍ਹਾਂ ਕੀਮਤੀ ਗਹਿਣਿਆਂ ਨੂੰ ਗਲੇ ਵਿਚ ਪਾਉਣਾ ਕਰਦੀ ਹੈ॥੨੦॥

## ਸਰਬ ਓਰ; ਅਤਿ ਸੁੰਦਰ ਲਾਗੇ॥
## ਹੇਰਤ ਜਾਗ; ਮਨੋਭਵ ਜਾਗੇ॥

ਤਾਂ ਉਹ ਸਰਬ = ਸਾਰਿਆਂ ਓਰ = ਪਾਸਿਆਂ ਤੋਂ ਅਤਿ = ਅਤਿਅੰਤ ਸੁੰਦਰ ਲਾਗੇ = ਲੱਗਦੇ ਹਨ, ਜਾਸ = ਜਿਸ ਅਸਥਨਾਂ ਨੂੰ ਹੇਰਤ = ਦੇਖਣ ਦੇ ਨਾਲ ਹੀ ਵਿਸ਼ਈ ਪੁਰਸ਼ਾਂ ਦੇ ਮਨੋਭਵ = ਮਨ ਵਿਚ ਕਾਮ ਜਾਗੇ = ਜਾਗ ਪੈਂਦਾ ਹੈ।

## ਹੇਮ ਮਣੀ ਮੈ; ਬਣੀ ਤੜਾਗੀ॥
## ਸਰੋਣੀ ਬਿੰਬੇ ਪਰ; ਬਰ ਲਾਗੀ॥੨੧॥

ਅਤੇ ਜੋ ਹੇਮ = ਸੋਨੇ ਦੇ ਵਿਚ ਜਾਂ ਮਣੀ ਦੇ ਮੈ = ਵਿਚ ਤੜਾਗੀ[੧] ਬਣੀ ਹੋਈ ਹੈ, ਉਹ ਬਿੰਬ = ਦੋਵੇਂ ਨਿਤੰਬਾਂ (ਚਿੱਤੜਾਂ) ਤੋਂ ਪਰ = ਉੱਪਰ ਸਰੋਣੀ = ਲੱਕ ਉੱਤੇ ਬਰ = ਸ੍ਰੇਸ਼ਟ ਲਾਗੀ = ਲੱਗਦੀ ਹੈ॥੨੧॥

## ਅਤਿ ਸਬਦਾਦਿ; ਮਾਨ ਅਭਿਰਾਮੀ॥
## ਜਿਹ ਧੁਨਿ ਮੁਨ; ਜਨ ਮੋਹਿਤ ਕਾਮੀ॥

ਜੋ ਤੜਾਗੀ ਛਣ-ਛਣ ਰੂਪੀ ਸਬਦਾਦਿ = ਸ਼ਬਦਾਂ ਦੀ ਆਵਾਜ਼ ਕਰਦੀ ਹੈ, ਜਿਸ ਕਰਕੇ ਮਾਨ = ਹੰਕਾਰ ਵਿਚ ਮੱਤੀ ਹੋਈ ਇਸਤਰੀ ਅਭਿਰਾਮੀ = ਸੁੰਦਰ ਲੱਗ ਰਹੀ ਹੈ, ਜਿਹ = ਜਿਸ ਦੀ ਧੁਨਿ = ਧੁਨੀ, ਆਵਾਜ਼ ਸੁਣ ਕਰਕੇ ਕਾਮੀ ਜਨ = ਪੁਰਸ਼ ਮੋਹਿਤ ਹੋ ਰਹੇ ਹਨ **ਵਾ:** ਮੋਹੇ ਗਏ ਹਨ।

---

੧. ਤੜਾਗੀ = ਕਮਰ (ਲੱਕ) ਨੂੰ ਘੇਰਣ ਵਾਲੀ ਰੇਸ਼ਮ ਦੀ ਡੋਰੀ ਅਥਵਾ ਸੋਨੇ ਚਾਂਦੀ ਆਦਿ ਧਾਤੂ ਦੀ ਜ਼ੰਜੀਰੀ।

## ਅੰਗ ਅੰਗਨਾ ਕੇ; ਹੈ ਜੇਤੇ ॥
## ਹੇਤ ਅਗਨਾਸਨ; ਕੇ ਤੇਤੇ ॥੨੨॥

ਭਰਥਰੀ ਜੀ ਕਥਨ ਕਰਦੇ ਹਨ ਕਿ ਜੇਤੇ = ਜਿਤਨੇ ਵੀ ਅੰਗਨਾ = ਇਸਤਰੀ ਕੇ = ਦੇ ਅੰਗ ਹਨ, ਤੇਤੇ = ਉਤਨੇ ਹੀ ਉਹ ਸਾਰੇ (ਅਗ + ਨਾਸਨ) ਕਾਮ ਰੂਪ ਅਗ = ਅਗਨੀ ਕੇ = ਦੇ ਨਾਲ ਨਾਸਨ = ਨਾਸ਼ ਭਾਵ ਸਾੜਨ ਦਾ ਹੇਤ = ਕਾਰਣ ਹਨ ॥੨੨॥

## ਤਾਂ ਮੈਂ ਜੰਤ; ਨਿਰੰਤਰ ਜਰਤੇ ॥
## ਉਰ ਬਿਚਾਰ ਮੈਂ; ਬਾਰਤ ਨ ਧਰਤੇ ॥

ਤਾਂ = ਉਸ ਕਾਮ ਰੂਪੀ ਅਗਨੀ ਮੈਂ = ਵਿਚ ਉਹ ਜੰਤ = ਜੀਵ ਨਿਰੰਤਰ = ਇਕ-ਰਸ ਭਾਵ ਨਿੱਤ ਹੀ ਜਰਤੇ = ਸੜਦੇ ਰਹਿੰਦੇ ਹਨ, ਜੋ ਆਪਣੇ ਉਰ = ਹਿਰਦੇ ਮੈਂ = ਵਿਚ ਵਸਤੂ ਵਿਚਾਰ ਰੂਪੀ ਬਾਰਤ = ਪਾਣੀ ਧਰਤੇ = ਧਾਰਨ ਨਹੀਂ ਕਰਦੇ ਹਨ।

## ਕ੍ਰੋਧ ਲੋਭ ਮੋਹਾਦਿ; ਵਕ੍ਰ ਛਲ ॥
## ਸਕਾ ਮੈਨ ਕੇ; ਮੈਨ ਤੁਲ ਬਲ ॥੨੩॥

ਜੋ ਕ੍ਰੋਧ, ਲੋਭ = ਲਾਲਚ, ਮੋਹਾਦਿ = ਮੋਹ ਤੇ ਹੰਕਾਰ, ਵਕ੍ਰ = ਟੇਢਤਾ ਪਨਾ ਤੇ ਛਲ ਆਦਿਕ ਵਿਕਾਰ ਹਨ, ਇਹ ਸਾਰੇ ਮੈਨ = ਕਾਮ ਕੇ = ਦੇ ਸਕਾ = ਮਿੱਤਰ ਮੈਨ = ਕਾਮ ਦੇ ਤੁਲ = ਸਮਾਨ ਹੀ ਬਲ ਵਾਲੇ ਹਨ ॥੨੩॥

## ਏਕ ਪੰਚਸਰ ਕੋ; ਜਹਿੰ ਵਾਸਾ ॥
## ਤਹਾਂ ਕ੍ਰੋਧ ਲੌਂ; ਕਰਹਿ ਨਿਵਾਸਾ ॥

ਜਹਿੰ = ਜਿਥੇ ਇਕ ਪੰਚਸਰ = ਪੰਜ ਤੀਰਾਂ ਵਾਲੇ ਕਾਮ ਕੋ = ਦਾ ਵਾਸਾ = ਵੱਸਣਾ ਹੁੰਦਾ ਹੈ। ਜੈਸਾ ਕਿ :

**ਮੋਹਨ, ਤਾਪਨ, ਵਸੀਕਰਨ, ਉਦਮਾਦਨ, ਉਚਾਟ ॥**
**ਪੰਚ ਤੀਰ ਮਨ ਮਦਨ ਕੇ ਗਏ ਬਿਰਹੁ ਤਨ ਕਾਟ ॥** *(ਧਰਮ ਸ਼ਾਸਤ੍ਰ)*

ਤਹਾਂ = ਉਥੇ ਕ੍ਰੋਧ ਤੋਂ ਲੈ ਕੇ ਹੰਕਾਰ ਲੌਂ = ਤਕ ਸਾਰੇ ਹੀ ਨਿਵਾਸਾ = ਨਿਵਾਸ ਕਰਨਾ ਕਰਹਿ = ਕਰਦੇ ਹਨ।

## ਜਹਾਂ ਏਕ ਕੀ; ਗਣਤੀ ਆਵੈ ॥
## ਤਹਾਂ ਅਨੇਕ; ਅਵਸ ਰਹਾਵੈ ॥੨੪॥

ਹੇ ਭਾਈ! ਜਹਾਂ = ਜਿਥੇ ਏਕ = ਇਕ ਕਾਮ ਕੀ = ਦੀ ਗਣਤੀ = ਗਿਣਤੀ ਆਵੈ = ਆ ਜਾਂਦੀ ਹੈ, ਤਹਾਂ = ਉਥੇ ਤਾਂ ਫਿਰ ਅਨੇਕ = ਬੇਅੰਤ ਵਿਕਾਰ ਅਵਸ = ਜ਼ਰੂਰ ਹੀ ਰਹਾਵੈ = ਰਹਿਣਾ ਭਾਵ ਵੱਸਣਾ ਕਰਦੇ ਹਨ ॥੨੪॥

## ਨਰ ਤਨ ਮੋਂ; ਜਨਮੇ ਅਰੁ ਮਰੁ ਹੈ॥
## ਜਬ ਕੁਸੰਗ, ਸਤਿਸੰਗਤ ਕਰ ਹੈ॥

ਜੀਵ ਨਰ = ਮਨੁੱਖਾ ਤਨ = ਸਰੀਰ ਮੋ = ਵਿਚ ਜਨਮੇ = ਜੰਮਦਾ ਅਰੁ = ਅਤੇ ਮਰੁ = ਮਰਦਾ ਕਿਉਂ ਹੈ, ਕਿਉਂਕਿ ਜਬ = ਜਦੋਂ ਕਦੇ ਕੁਸੰਗਤ ਤੇ ਕਦੇ ਸਤਿਸੰਗਤ ਕਰਦਾ ਹੈ।

## ਸਰਬ ਅਨਰਥ ਹੇਤ; ਸੁਖ ਹੰਤਾ॥
## ਗਰਜਤ ਸਬ; ਅਪਵਰਗ ਪਰਜੰਤਾ॥੨੫॥

ਇਨ੍ਹਾਂ ਦੀ ਪੈਦਾਇਸ਼ ਹੀ ਸਰਬ = ਸਾਰੇ ਅਨਰਥ = ਪਾਪਾਂ ਦਾ ਹੇਤ = ਕਾਰਣ ਅਤੇ ਸੁਖਾਂ ਦਾ ਹੰਤਾ = ਨਾਸ਼ ਕਰਨ ਵਾਲੀ ਹੈ, ਜਿੰਨੀ ਦੇਰ ਪਰਜੰਤਾ = ਤਕ ਅਪਵਰਗ = ਉੱਚੀ ਪਦਵੀ ਭਾਵ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ, ਉਤਨੀ ਦੇਰ ਤਕ ਇਹ ਸਬ = ਸਾਰੇ ਕਾਮਾਦਿਕ ਵਿਕਾਰ ਇਸ ਸਰੀਰ ਵਿਚ ਗਰਜਤ = ਗਰਜਦੇ ਰਹਿੰਦੇ ਹਨ **ਵਾ:** ਰਹਿਣਗੇ॥੨੫॥

## ਸਬ ਸੰਬਰ ਸਮ ਕੋ; ਉਰ ਕੋ ਜਾਰਤ॥
## ਸਮ ਦਮਾਦਿ; ਸੰਤੋਖਹਿ ਚਾਰਤ॥

ਇਹ ਸਬ = ਸਾਰੇ ਵਿਕਾਰ ਸੰਬਰ = ਕਾਮ ਰੂਪ ਅਗਨੀ ਦੇ ਸਮ = ਸਮਾਨ ਉਰ = ਹਿਰਦੇ ਕੋ = ਨੂੰ ਜਾਰਤ = ਸਾੜਨ ਵਾਲੇ ਹਨ ਅਤੇ ਸਮ, ਦਮਾਦਿ = ਦਮ, ਸੰਤੋਖਹਿ = ਸੰਤੋਖ ਆਦਿਕ ਸ਼ੁਭ ਗੁਣਾਂ ਨੂੰ ਚਾਰਤ = ਚਰ ਭਾਵ ਨਾਸ਼ ਕਰਨ ਵਾਲੇ ਹਨ।

## ਤਿਯ ਕੇ ਗਾਤ; ਸੁਅੰਬਰ ਭੂਖਨ॥
## ਦਰਸੇ ਕਬੀ; ਵਿਲੋਕੇ ਦੂਖਨ॥੨੬॥

ਤਿਯ = ਇਸਤਰੀ ਕੇ = ਦੇ ਸਰੀਰ, ਉਸ ਦੇ ਸੁਅੰਬਰ = ਸੋਹਣੇ ਕੱਪੜੇ, ਭੂਖਨ = ਗਹਿਣੇ, ਜੇਕਰ ਇਹ ਕਬੀ = ਕਦੇ ਦਰਸੇ = ਵੇਖਣਾ ਕਰੇ ਤਾਂ ਇਨ੍ਹਾਂ ਸਭ ਚੀਜ਼ਾਂ ਨੂੰ ਦੂਖਨ ਰੂਪ ਕਰਕੇ ਵਿਲੋਕੇ = ਦੇਖਣਾ ਕਰੇ, ਭਾਵ ਵਸਤੂ ਵਿਚਾਰ ਕਰ ਕੇ ਉਨ੍ਹਾਂ ਵਸਤਾਂ ਦੇ ਅੰਤ ਨੂੰ ਵੇਖ ਕਰਕੇ ਮਨ ਨੂੰ ਸਮਝਾਉਣਾ ਕਰੇ ਕਿ ਇਨ੍ਹਾਂ ਵਿਚ ਇਹ ਇਹ ਔਗੁਣ ਹਨ॥੨੬॥

## ਜਾਤੇ ਮਨਮਥ; ਮਥੇ ਨ ਮਨ ਕੋ॥
## ਨਾਤਰ ਮਨ ਵਪੁ; ਹੁਇ ਤਿਯ ਤਨ ਕੋ॥

ਜਾਤੇ = ਜਿਸ ਕਰਕੇ ਮਨਮਥ = ਮਨ ਨੂੰ ਡੁਲਾਉਣ ਵਾਲਾ ਕਾਮ ਮਨ ਕੋ = ਨੂੰ ਮਥੇ = ਦੁਖੀ ਨਾ ਕਰ ਸਕੇ, ਜੇਕਰ ਦੂਖਨ ਰੂਪ ਕਰਕੇ (ਨਾ + ਤਰ) ਨਾ = ਨਹੀਂ ਦੇਖੋਗੇ ਤਰ = ਤਾਂ ਫੇਰ ਇਹ ਮਨ ਵਪੁ = ਰੂਪੀ ਸਰੀਰ ਤ੍ਰਿਯ = ਇਸਤਰੀ ਦੇ ਤਨ = ਸਰੀਰ ਕੋ = ਦਾ ਹੀ ਹੁਇ = ਹੋ ਜਾਵੇਗਾ ਭਾਵ ਉਸ ਦੇ ਅਧੀਨ ਹੋ ਜਾਵੇਗਾ।

## ਲਗੋ ਬਾਮ ਕੋ; ਕਾਮ ਉਪਾਵੈ॥
## ਪ੍ਰਿਥਮ ਬਿਬੇਕ; ਸਮਾਦਿ ਨਸਾਵੈ॥੨੭॥

ਫਿਰ ਉਹ ਮਨ ਬਾਮ = ਇਸਤਰੀ ਦੇ ਧਿਆਨ ਵਿਚ ਲਗੋ = ਲੱਗ ਕਰਕੇ ਕਾਮ ਨੂੰ ਉਪਾਵੈ = ਪੈਦਾ ਕਰਨਾ ਕਰੇਗਾ ਅਤੇ ਪ੍ਰਿਥਮ = ਪਹਿਲਾਂ ਹੀ ਬਿਬੇਕ = ਸ਼ੁਭ ਵਿਚਾਰ ਸਮਾਦਿ = ਸਮ ਦਮ ਆਦਿਕ ਸ਼ੁਭ ਗੁਣਾਂ ਨੂੰ ਨਸਾਵੈ = ਨਾਸ਼ ਕਰ ਦੇਵੇਗਾ॥੨੭॥

## ਛਲ ਅਮਰਖ; ਮਦ ਮੋਹ ਸਨੇਹਾ॥
## ਇੰਨਹਿ ਅਵੈਵਹਿ; ਸਹਤ ਅਦੇਹਾ॥

ਛਲ = ਕਪਟ, ਅਮਰਖ = ਕ੍ਰੋਧ, ਮਦ = ਹੰਕਾਰ ਤੇ ਮੋਹ ਤੇ ਸਨੇਹ ਇੰਨਹਿ = ਇਨ੍ਹਾਂ ਔਗੁਣਾਂ ਰੂਪ ਅਵੈਵਹਿ = ਅੰਗਾਂ ਦੇ ਸਹਤ = ਸਮੇਤ ਅਦੇਹਾ = ਦੇਹ ਰਹਿਤ ਕਾਮਦੇਵ ਹੈ।

## ਭਯੋ ਪੁਸਟ ਅਤਿ; ਜਨਮ ਮਝਾਰੀ॥
## ਬ੍ਰਿਹਦ ਭਾਨ; ਇਵ ਜਾਰਤ ਭਾਰੀ॥੨੮॥

ਉਹ ਕਾਮ ਇਸ ਮਨੁੱਖਾ ਜਨਮ ਮਝਾਰੀ = ਵਿਚ ਅਤਿ = ਅਤਿਅੰਤ ਹੀ ਪੁਸਟ = ਬਲ ਵਾਲਾ ਭਯੋ = ਹੋ ਗਿਆ ਹੈ, ਜਿਵੇਂ ਜੇਠ ਦੇ ਮਹੀਨੇ ਵਿਚ ਭਾਨ = ਸੂਰਜ ਬ੍ਰਿਹਦ = ਅਤਿਅੰਤ ਤਪਸ਼ ਕਰ ਕੇ ਸਾੜਦਾ ਹੈ, ਇਵ = ਇਸੇ ਪ੍ਰਕਾਰ ਇਹ ਕਾਮ ਰੂਪੀ ਸੂਰਜ ਮਨੁੱਖਾ ਸਰੀਰ ਰੂਪੀ ਜੇਠ ਦੇ ਮਹੀਨੇ ਵਿਚ ਹਿਰਦੇ ਨੂੰ ਭਾਰੀ = ਬਹੁਤ ਜ਼ਿਆਦਾ ਸਾੜਦਾ ਹੈ॥੨੮॥

## ਯਾ ਬਿਧਿ ਨਿਕਰ; ਅਵਧ ਹਤਿ ਕਰਕੇ॥
## ਪਰਤ ਨਰਕ ਮਹਿ; ਜਬ ਨਰੁ ਮਰਕੇ॥

ਯਾ = ਇਸ ਬਿਧਿ = ਤਰੀਕੇ ਨਾਲ ਨਿਕਰ = ਸਾਰੀ ਅਵਧ = ਉਮਰ ਹਤਿ = ਨਾਸ਼ ਕਰ ਕੇ ਜਬ = ਜਦੋਂ ਨਰ = ਪੁਰਸ਼ ਮਰ ਕਰਕੇ ਨਰਕ ਮਾਹਿ = ਵਿਚ ਪਰਤ = ਪੈਂਦਾ ਹੈ।

## ਤਾਹਿ ਤਾਂਹਿ; ਨਰਕਾਗਨਿ ਜਾਰੇ॥
## ਦੁਖ ਅਵਾਚ; ਅਨੁਭਵਹਿ ਸਾਰੇ॥੨੯॥

ਫਿਰ ਤਾਹਿ = ਉਸ ਨੂੰ ਤਾਂਹਿ = ਉਥੇ ਨਰਕਾਗਨਿ = ਨਰਕਾਂ ਦੀ ਅੱਗ ਵਿਚ ਜਾਰੇ = ਸਾੜਿਆ ਜਾਂਦਾ ਹੈ, ਜੋ ਦੁੱਖ ਉਹ ਭੋਗਦਾ ਹੈ, ਉਹ ਅਵਾਚ = ਕਹੇ ਨਹੀਂ ਜਾ ਸਕਦੇ, ਜੋ ਅਨੁਭਵਹਿ = ਅਨੁਭਵ ਸਾਰੇ = ਮਾਤਰ ਭਾਵ ਅਨੁਭਵ ਨਾਲ ਹੀ ਜਾਣਿਆ ਜਾਂਦਾ ਹੈ॥੨੯॥

## ਤੇ ਕਤ; ਨਰਕ ਦੂਖ ਤੇ ਰਾਖੇਂ॥ ਨਹਿ ਰਾਖੇਂ; ਪ੍ਰਤਿ ਤਾਂ ਮਹਿ ਰਾਖੇਂ॥

***ਪ੍ਰਸ਼ਨ :*** ਕਤ = ਕੀ ਤੇ = ਉਹ ਇਸਤਰੀ, ਸੰਬੰਧੀ ਆਦਿਕ ਜੀਵ ਦੀ ਨਰਕਾਂ ਦੇ ਦੁੱਖਾਂ ਤੇ = ਤੋਂ ਰਾਖੇਂ = ਰੱਖਿਆ ਕਰ ਸਕਦੇ ਹਨ ਭਾਵ ਨਰਕਾਂ ਤੋਂ ਬਚਾ ਸਕਦੇ ਹਨ ?

***ਉੱਤਰ :*** ਉਹ ਰਾਖੇਂ = ਰੱਖਿਆ ਨਹਿ = ਨਹੀਂ ਕਰ ਸਕਦੇ, ਬਲਕਿ ਤਾਂ = ਉਨ੍ਹਾਂ ਪ੍ਰਤਿ = ਤਾਈਂ ਨਰਕਾਂ ਮਹਿ = ਵਿਚ ਰਾਖੇ = ਰੱਖਣਾ ਕਰਦੇ ਹਨ ਭਾਵ ਉਹ ਨਰਕਾਂ ਵਿਚ ਜੀਵ ਨੂੰ ਰੱਖਣਾ ਕਰਦੇ ਹਨ।

## ਇਤ ਉਤ ਮਾਹਿ; ਤਪਾਵਨ ਵਾਰੇ ॥
## ਨਾਰਿ ਅਵੈਵ; ਰਿਦੈ ਜਬ ਧਾਰੇ ॥੩੦॥

ਇਹ ਸਭ ਸੰਬੰਧੀ ਇਤ = ਇਸ ਲੋਕ ਤੇ ਉਤ = ਉਸ ਲੋਕ ਮਾਹਿ = ਵਿਚ ਜੀਵ ਨੂੰ ਤਪਾਵਨ = ਤਪਾਉਣ ਵਾਰੇ = ਵਾਲੇ ਹਨ, ਪਰ ਜਬ = ਜਦੋਂ ਪੁਰਖ ਨਾਰਿ = ਇਸਤਰੀ ਦੇ ਅਵੈਵ = ਅੰਗਾਂ ਨੂੰ ਰਿਦੈ = ਹਿਰਦੇ ਵਿਚ ਧਾਰੇ = ਧਾਰਨ ਕਰਦਾ ਹੈ, ਤਦੋਂ ਹੀ ਦੁੱਖ ਪ੍ਰਾਪਤ ਹੁੰਦੇ ਹਨ ॥੩੦॥

## ਤਾਤੇ ਸੰਗ; ਬਾਮ ਕੋ ਤਜੀਏ ॥
## ਨਾਤਰ ਅਵਰ; ਬਧੂ ਜਨ ਭਜੀਏ ॥

ਹੇ ਜਨ = ਪੁਰਸ਼ੋ ! ਤਾਤੇ = ਇਸ ਕਰਕੇ ਬਾਮ = ਇਸਤਰੀ ਦੇ ਸੰਗ = ਸਾਥ ਨੂੰ ਤਜੀਏ = ਛੱਡਣਾ ਕਰੋ, ਜੇਕਰ ਇਸਤਰੀ ਬਿਨਾਂ ਰਹਿ (ਨਾ + ਤਰ) ਨਾ = ਨਹੀਂ ਹੁੰਦਾ, ਤਰ = ਤਾਂ ਫੇਰ ਅਵਰ = ਹੋਰ ਅੰਤਰੀਵ ਬਧੂ = ਇਸਤਰੀਆਂ ਨੂੰ ਭਜੀਏ = ਭਜਨਾ ਭਾਵ ਧਾਰਨ ਕਰਨਾ ਕਰੋ।

ਉਹ ਇਸਤਰੀਆਂ ਕਿਹੜੀਆਂ ਹਨ, ਅਗਲੀ ਤੁਕ ਵਿਚ ਦੱਸਦੇ ਹਨ :

## ਕਰੁਣਾ ਮੈਤ੍ਰੀ; ਪ੍ਰਗਯਾ ਭਾਰੀ ॥
## ਸੇਵਹੁ ਸੁਖਦ; ਨਿਰੰਤਰ ਨਾਰੀ ॥੩੧॥

ਸਾਰਿਆਂ ਉੱਤੇ ਕਰੁਣਾ = ਦਇਆ ਕਰਨੀ, ਸਾਰਿਆਂ ਨਾਲ ਮੈਤ੍ਰੀ = ਮਿੱਤਰਤਾ ਕਰਨੀ ਅਤੇ ਪ੍ਰਗਯਾ ਭਾਰੀ = ਆਤਮ ਵਿਸ਼ੈਣੀ ਬੁੱਧੀ ਧਾਰਨ ਕਰਨੀ, ਇਹ ਤਿੰਨੇ ਨਾਰੀ = ਇਸਤਰੀਆਂ ਬਹੁਤ ਸ੍ਰੇਸ਼ਟ ਹਨ। ਇਨ੍ਹਾਂ ਨੂੰ ਸੇਵਹੁ = ਸੇਵਨ ਕਰਨਾ ਕਰੋ ਭਾਵ ਇਨ੍ਹਾਂ ਨੂੰ ਧਾਰਨ ਕਰੋ, ਇਹ ਨਿਰੰਤਰ = ਇਕ-ਰਸ ਸੁਖਦ = ਸੁਖ ਦੇਣ ਵਾਲੀਆਂ ਹਨ ॥੩੧॥

## ਸੋਰਠਾ ॥
## ਮਤ ਦਰਸੋ ਤਿਯ ਅੰਕ; ਜੋ ਕਦਾਪਿ ਚੂਕੇ ਪਿਖੋ ॥

ਹੇ ਭਾਈ ! ਤਿਯ = ਇਸਤਰੀ ਦੇ ਅੰਕ = ਅੰਗਾਂ ਨੂੰ ਮਤਾਂ ਦਰਸੋ = ਦੇਖਣਾ ਕਰੋ, ਜੋ = ਜਿਹੜਾ ਕਦਾਪਿ = ਕਦੇ ਚੂਕੇ = ਭੁੱਲ ਕਰਕੇ ਪਿਖੋ = ਦੇਖ ਲਵੇਗਾ।

## ਨਿਸਚੇ ਲਗੇ ਕਲੰਕ; ਭਾਦਰ ਚੌਥ ਕੇ ਚੰਦ੍ਰ ਵਤ ॥੩੨॥

ਤਾਂ ਜਿਵੇਂ ਭਾਦਰੋਂ ਦੇ ਮਹੀਨੇ ਚੌਥ ਕੇ = ਦੇ ਚੰਦਰਮਾ ਨੂੰ ਕਲੰਕ ਲੱਗਦਾ ਹੈ, ਇਵੇਂ ਹੀ ਨਿਸ਼ਚੇ ਕਰਕੇ ਉਸ ਨੂੰ ਚੰਦਰਮਾ ਵਤ = ਵਾਂਗ ਕਲੰਕ ਲਗੇ = ਲੱਗੇਗਾ ॥੩੨॥

## ਦੋਹਰਾ ॥

## ਤਿਯਹਿੰ ਨਿੰਦ ਏਕਾਦਸ਼ੋ; ਅਲੰ ਭਯੋ ਅਧ੍ਯਾਇ ॥

ਇਥੇ ਵੈਰਾਗ ਸ਼ਕਤ ਗ੍ਰੰਥ ਦਾ ਏਕਾਦਸ਼ੋ = ਗਿਆਰ੍ਹਵਾਂ ਅਧਿਆਇ ਅਲੰ = ਸੰਪੂਰਨ ਭਯੋ = ਹੋ ਗਿਆ ਹੈ, ਜਿਸ ਵਿਚ ਤਿਯਹਿੰ = ਇਸਤਰੀ ਦੀ ਨਿੰਦ = ਨਿੰਦਿਆ ਕੀਤੀ ਹੈ।

## ਬਲ ਗੁਣ ਗਣ ਨਰ ਕੇ ਹਰੇ; ਮਰਕੇ ਨਰਕੇ ਪਾਇ ॥੩੩॥

ਭਰਥਰੀ ਜੀ ਕਥਨ ਕਰਦੇ ਹਨ ਕਿ ਇਸਤਰੀ ਦੀ ਸੰਗਤ ਕਰਨ ਨਾਲ ਨਰ = ਪੁਰਸ਼ ਕੇ = ਦੇ ਬਲ = ਜ਼ੋਰ ਤੇ ਗਣ = ਸਮੂਹ ਸ਼ੁਭ ਗੁਣ ਹਰੇ = ਨਾਸ਼ ਹੋ ਜਾਂਦੇ ਹਨ ਅਤੇ ਫਿਰ ਮਰਕੇ = ਮਰ ਕਰਕੇ ਨਰਕੇ = ਨਰਕ ਵਿਚ ਪਾਇ = ਪੈਣਾ ਕਰਦਾ ਹੈ ॥੩੩॥

## ਇਤਿ ਇਕਾਦਸੋ ਅਧ੍ਯਾਇ ॥੧੧॥

ਇਥੇ ਹੁਣ ਇਕਾਦਸੋ = ਗਿਆਰ੍ਹਵਾਂ ਅਧਿਆਇ ਇਤਿ = ਸਮਾਪਤ ਹੁੰਦਾ ਹੈ ॥੧੧॥

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਬਾਰਵਾਂ ਅਧਯਾਯ ਅਰੰਭ ॥

ਅਥ = ਹੁਣ ਬਾਰ੍ਹਵਾਂ ਅਧਿਆਇ ਪ੍ਰਾਰੰਭ ਕਰਦੇ ਹਨ।

## ਦੋਹਰਾ ॥ ਬ੍ਰਿਧ ਅਵਸਥਾ ਦ੍ਵਾਦਸੇ; ਪਾਂਚ ਛੰਦ ਕਰ ਨਿੰਦ ॥

ਭਰਥਰੀ ਜੀ ਇਸ ਦ੍ਵਾਦਸੇ = ਬਾਰ੍ਹਵੇਂ ਅਧਿਆਇ ਵਿਚ ਪਾਂਚ = ਪੰਜ ਛੰਦ ਬਣਾ ਕਰਕੇ ਬ੍ਰਿਧ ਅਵਸਥਾ ਦੀ ਨਿੰਦ = ਨਿੰਦਿਆ ਕਰਦੇ ਹਨ।

## ਦੁਖ ਨਿਰਾਦਰ ਚਿੰਤ ਨਿਧਿ; ਬਿਨ ਪੌਰਖ ਮਤਿ ਮੰਦ ॥੧॥

ਜੋ ਬ੍ਰਿਧ ਅਵਸਥਾ ਦੁਖ, ਨਿਰਾਦਰ = ਅਪਮਾਨ ਤੇ ਚਿੰਤਾ ਦਾ ਨਿਧਿ = ਖ਼ਜ਼ਾਨਾ ਹੈ, ਜਿਸ ਬ੍ਰਿਧ ਅਵਸਥਾ ਵਿਚ ਪੁਰਖ ਪੌਰਖ = ਉਦਮਤਾ **ਵਾ:** ਬਲ ਤੋਂ ਬਿਨ = ਬਗ਼ੈਰ ਹੋ ਜਾਂਦਾ ਹੈ ਅਤੇ ਮਤਿ = ਬੁੱਧੀ ਵੀ ਮੰਦ ਭਾਵ ਕਮਜ਼ੋਰ ਹੋ ਜਾਂਦੀ ਹੈ **ਵਾ:** ਬੁੱਧੀ ਵਿਚਾਰ ਤੋਂ ਰਹਿਤ ਹੋ ਜਾਂਦੀ ਹੈ॥੧॥

## ਕਬਿੱਤ ॥

## ਜਰਾ ਕਰ ਸੇਤ ਬਾਰ ਨਾਰ ਕੋ ਨਿਹਾਰ ਨਾਰਿ;
## ਕਰੇ ਤਾਹਿ ਤਿਰਸਕਾਰ ਭਾਗੇ ਫੇਰ ਨਾਰ ਕੋ ॥

ਜਦੋਂ ਜਰਾ = ਬ੍ਰਿਧ ਅਵਸਥਾ ਕਰਕੇ ਮਨੁੱਖ ਦੇ ਬਾਰ = ਵਾਲ ਸੇਤ = ਚਿੱਟੇ ਹੋ ਜਾਂਦੇ ਹਨ, ਤਦੋਂ ਨਾਰਿ = ਇਸਤਰੀ ਤਾਹਿ = ਉਸ ਦੀ ਨਾਰ = ਗਰਦਨ ਭਾਵ ਚਿੱਟੇ ਸਿਰ ਕੋ = ਨੂੰ ਨਿਹਾਰ ਵੇਖ ਕੇ ਤਿਰਸਕਾਰ = ਅਪਮਾਨ ਕਰੇ = ਕਰਦੀ ਹੈ, ਜੇਕਰ ਕਦੇ ਬੁੱਢਾ ਪਤੀ ਬੁਲਾਉਂਦਾ ਹੈ ਤਾਂ ਫਿਰ ਆਪਣੀ ਨਾਰ = ਗਰਦਨ ਨੂੰ ਫੇਰ = ਮੋੜ ਕੇ ਭਾਗੇ = ਭੱਜ ਜਾਂਦੀ ਹੈ।

## ਹਾਡ ਘਟੀ ਰਜੁ ਨਾਰਿ ਮੰਦਰਸ ਹੇਰ ਡਾਰ;
## ਬਿਪਰ ਨਾਰਿ ਬ੍ਰਿਧ ਰੂਪ ਕੂਪ ਚਮਿਆਰ ਕੋ ॥

ਜਿਸ ਪ੍ਰਕਾਰ ਬਿਪਰ = ਬ੍ਰਾਹਮਣੀ ਜਾਤ ਦੀ ਨਾਰਿ = ਇਸਤਰੀ, ਚਮਿਆਰਾਂ ਕੋ = ਦੇ ਕੂਪ = ਖੂਹ ਉੱਤੇ

ਹਾਡ = ਹੱਡੀਆਂ, ਟੁੱਟੀਆਂ-ਫੁੱਟੀਆਂ ਘਟੀ = ਘੜੀਆਂ, ਨਾਰਿ = ਨਾੜੀਆਂ, ਰਜੁ = ਰੱਸੀਆਂ ਤੇ ਮੰਦਰਸ = ਭੈੜੇ ਰਸ ਸ਼ਰਾਬ ਆਦਿਕ ਹੇਰ = ਵੇਖ ਕੇ ਡਾਰ = ਭੱਜ ਜਾਂਦੀ ਹੈ, ਇਸੇ ਪ੍ਰਕਾਰ ਇਸਤਰੀ ਰੂਪੀ ਬ੍ਰਾਹਮਣੀ ਬ੍ਰਿਧ ਅਵਸਥਾ ਰੂਪ ਚਮਿਆਰਾਂ ਦੇ ਖੂਹ ਨੂੰ ਨਿਕਲੀਆਂ ਹੱਡੀਆਂ ਵਾਲਾ, ਸਰੀਰ ਦੀ ਕਰੂਪਤਾ ਰੂਪ ਟੁੱਟੀਆਂ ਹੋਈਆਂ ਘੜੀਆਂ ਵਾਲਾ, ਨਾੜਾਂ ਫੁੱਲੀਆਂ ਰੂਪ ਰਸੀਆਂ ਵਾਲਾ, ਸੁਆਸ ਫੁੱਲਣ ਰੂਪ ਨਾੜੀਆਂ ਵਾਲਾ, ਅੱਖਾਂ ਦੀ ਜੋਤ ਘਟਣ ਰੂਪ ਮੰਦ ਰਸ ਆਦਿਕ ਔਗੁਣਾਂ ਵਾਲਾ ਵੇਖ ਕੇ ਦੂਰ ਭੱਜ ਜਾਂਦੀ ਹੈ।

## ਦਾਰੇ ਤੀਨ ਤਾਪ ਭਾਨ, ਨੈਨ ਬੈਨ ਗਯਾਨ ਕਾਨ;
## ਤਜੇ ਤਾਂਹਿ ਮਾਨ ਆਦਿ, ਜਿਉ ਉਦਾਰ ਦਾਰ ਕੋ॥

ਹੇ ਭਾਈ ! ਬ੍ਰਿਧ ਅਵਸਥਾ ਵਿਚ ਤੀਨ = ਤਿੰਨੇ ਤਾਪ (ਆਧਿ, ਬਿਆਧਿ, ਉਪਾਧਿ) ਰੂਪ ਭਾਨ = ਸੂਰਜ ਸਰੀਰ ਨੂੰ ਦਾਹੇ = ਸਾੜਨਾ ਕਰਦੇ ਹਨ, ਨੈਨ = ਅੱਖਾਂ, ਬੈਨ = ਬਾਣੀ ਤੇ ਕਾਨ = ਕੰਨ ਇਹ ਵੀ ਗਿਆਨ ਤੋਂ ਹੀਣੇ ਹੋ ਜਾਂਦੇ ਹਨ ਭਾਵ ਅੱਖਾਂ ਦੁਆਰਾ ਕਿਸੇ ਨੂੰ ਪਛਾਣ ਨਹੀਂ ਹੁੰਦਾ, ਜੀਭ ਦੁਆਰਾ ਸਹੀ ਬੋਲ ਨਹੀਂ ਹੁੰਦਾ, ਕੰਨਾਂ ਦੁਆਰਾ ਸਹੀ ਸੁਣਦਾ ਨਹੀਂ ਹੈ। ਇਉਂ ਤਿੰਨੇ ਗਿਆਨ ਤੋਂ ਹੀਣੇ ਹੋ ਜਾਂਦੇ ਹਨ ਅਤੇ ਉਦੋਂ ਫੇਰ ਮਾਨ = ਸਤਿਕਾਰ ਆਦਿ ਇਉਂ ਤਜੇ = ਤਿਆਗ ਜਾਂਦੇ ਹਨ, ਜਿਉਂ = ਜਿਵੇਂ ਉਦਾਰ = ਸ੍ਰੇਸ਼ਟ ਮਹਾਂਪੁਰਖ **ਵਾ:** ਉਦਾਰ-ਚਿੱਤ ਮਹਾਂਪੁਰਖ ਦਾਰ = ਇਸਤਰੀ ਕੋ = ਨੂੰ ਤਿਆਗ ਦਿੰਦੇ ਹਨ।

## ਅਹੋ ਕਸ਼ਟ ਜੀਵ ਦੁਸ਼ਟ ਤਜੇ ਨ ਅਨਿਸ਼ਟ ਅਜੇ;
## ਨਾਰੀ ਤਜੇ ਤਨੁ, ਮਨ ਭਜੇ ਅਜੇ ਨਾਰਿ ਕੋ॥੨॥

ਹੇ ਭਾਈ ! ਅਹੋ = ਬੜੀ ਅਸਚਰਜਮਈ ਤੇ ਕਸ਼ਟ = ਦੁੱਖ ਦੀ ਗੱਲ ਹੈ ਕਿ ਅਜੇ = ਹੁਣ ਵੀ ਇਹ ਦੁਸ਼ਟ ਜੀਵ ਅਨਿਸ਼ਟ = ਨੀਚ ਕਰਮਾਂ ਨੂੰ ਤਜੇ = ਤਿਆਗਦਾ ਨਹੀਂ ਹੈ। ਇਸ ਤਨੁ = ਸਰੀਰ ਨੂੰ ਨਾਰੀ = ਇਸਤਰੀ ਤਾਂ ਤਜੇ = ਛੱਡ ਗਈ ਹੈ, ਪਰ ਇਸ ਦਾ ਮਨ ਅਜੇ = ਹੁਣ ਵੀ ਨਾਰਿ = ਇਸਤਰੀ ਕੋ = ਨੂੰ ਹੀ ਭਜੇ = ਸਿਮਰਨਾ ਕਰਦਾ ਹੈ ਭਾਵ ਬ੍ਰਿਧ ਹੋ ਗਿਆ ਹੈ ਪਰ ਵਿਸ਼ੇ-ਵਾਸ਼ਨਾ ਅਧੀਨ ਹੋਇਆ ਇਸਤਰੀ ਨੂੰ ਤਿਆਗਦਾ ਨਹੀਂ ਹੈ, ਮਨ ਵਿਚ ਹਰ ਵੇਲੇ ਇਸਤਰੀ ਨੂੰ ਹੀ ਚਾਹੁੰਦਾ ਹੈ॥੨॥

## ਦ੍ਵੈਯਾ ਛੰਦ॥
## ਬਿਆਘ੍ਰੀ ਕੇ ਸਮ ਇਸਥਿਤ ਹੋ ਕਰ;
## ਜਰਾ ਅਵਸਥਾ ਕਰਤ ਪਰਹਾਰ॥

ਹੇ ਭਾਈ ! ਇਹ ਜਰਾ = ਬ੍ਰਿਧ ਅਵਸਥਾ, ਸੂਈ ਹੋਈ ਬਿਆਘ੍ਰੀ = ਬਘਿਆੜੀ ਕੇ = ਦੇ ਸਮ = ਸਮਾਨ ਇਸਥਿਤ ਹੋ ਕਰਕੇ ਪਰਹਾਰ = ਵਾਰ ਕਰਤ = ਕਰਦੀ ਹੈ।

## ਤੀਖਣ ਕ੍ਰੂਰ ਨਖਾਗ੍ਰ ਰੋਗ ਕਰ;
## ਪ੍ਰਤਿ ਤਾੜਤ ਤਲ ਕੋ ਬਲ ਧਾਰ॥

ਇਹ ਬ੍ਰਿਧ ਅਵਸਥਾ, ਰੋਗਾਂ ਰੂਪ ਤੀਖਣ = ਤਿੱਖੇ ਤੇ ਕ੍ਰੂਰ = ਭਿਆਨਕ (ਨਖ + ਅਗ੍ਰ) ਨਖ = ਨਹੁੰਆਂ

ਦੇ ਅਗ੍ਰ = ਅਗਲੇ ਹਿੱਸੇ ਕਰ = ਨਾਲ ਦਿਨ ਪ੍ਰਤੀ ਦਿਨ ਬੜੇ ਬਲ = ਜ਼ੋਰ ਨਾਲ ਤਨ = ਸਰੀਰ ਕੋ = ਨੂੰ ਤਾੜਤ = ਤਾੜਨਾ ਕਰਦੀ ਹੈ।

## ਉਚਿਤ ਅਵਧ ਪਰਿ ਸ੍ਰਵਤ ਸਤਤ ਇਵ;
## ਫੂਟੇ ਘਟ ਤੇ ਛੂਟੇ ਬਾਰ ॥

ਹਰ ਤਰ੍ਹਾਂ ਕਰਕੇ ਉਚਿਤ = ਯੋਗ ਤੇ ਸ੍ਰੇਸ਼ਟ ਅਵਧ = ਉਮਰ (ਆਯੂ) ਪਰਿ = ਵਿਸ਼ੇਸ਼ ਕਰਕੇ ਸਤਤ = ਲਗਾਤਾਰ ਇਕ-ਰਸ ਇਵ = ਇਉਂ ਸ੍ਰਵਤ = ਟਪਕਦੀ ਭਾਵ ਗੁਜ਼ਰਦੀ ਜਾ ਰਹੀ ਹੈ **ਵਾ:** ਜਾਂਦੀ ਹੈ, ਜਿਵੇਂ ਫੂਟੇ = ਟੁੱਟੇ ਹੋਏ ਘਟ = ਘੜੇ ਵਿੱਚੋਂ ਬਾਰ = ਪਾਣੀ ਛੂਟੇ = ਛੁੱਟਦਾ ਭਾਵ ਨਿਕਲਦਾ ਜਾਂਦਾ ਹੈ।

## ਲੋਕ ਸੁ ਅਹਿਤ, ਤਦਪਿ ਆਚਾਰ ਹੈ;
## ਅਹੋ ਕਰੇ ਹਿਤਨਾਂਗੀਕਾਰ ॥੩॥

ਸੁ = ਉਹ ਸੰਬੰਧੀ ਲੋਕ ਉਸ ਦਾ ਅਹਿਤ = ਅਪਮਾਨ ਵੀ ਕਰਦੇ ਹਨ, ਪਰ ਉਹ ਤਦਪਿ = ਤਦ ਵੀ ਉਨ੍ਹਾਂ ਦੇ ਭਲੇ ਹਿਤ ਆਚਾਰ = ਕਰਤਬ ਕਰਦਾ ਹੈ ਭਾਵ ਉਨ੍ਹਾਂ ਦੇ ਮਗਰ ਦੌੜਦਾ ਫਿਰਦਾ ਹੈ ਅਹੋ = ਅਸਚਰਜ ਵਾਲੀ ਗੱਲ ਹੈ ਕਿ ਜੋ ਜੀਵ ਬ੍ਰਿਧ ਅਵਸਥਾ ਵਿਚ ਵੀ ਆਪਣੇ (ਹਿਤ + ਨ + ਅੰਗੀਕਾਰ) ਹਿਤ = ਨੂੰ ਅੰਗੀਕਾਰ = ਸਵੀਕਾਰ, ਗ੍ਰਹਿਣ ਨ = ਨਹੀਂ ਕਰਦਾ ਭਾਵ ਜੋ ਪਰਮਾਤਮਾ ਦਾ ਨਾਮ ਜਪ ਕੇ ਮਨੁੱਖਾ ਸਰੀਰ ਨੂੰ ਸਫਲਾ ਕਰਨਾ ਹੈ, ਉਸ ਗੱਲ ਨੂੰ ਗ੍ਰਹਿਣ ਨਹੀਂ ਕਰਦਾ ॥੩॥

## ਮਨੋਜ ਛੰਦ ॥ ਸੁਕਚੇ ਸਬ ਅੰਗ; ਵਿਭੰਗ ਸੁ ਚਾਲ ॥
## ਪੁਨ ਭ੍ਰਿਸਟ ਸਮਸਟ; ਭਈ ਰਦ ਮਾਲ ॥

ਬ੍ਰਿਧ ਅਵਸਥਾ ਵਿਚ ਸਰੀਰ ਦੇ ਸਬ = ਸਾਰੇ ਅੰਗ ਸੁਕਚੇ = ਸੁੰਗੜ ਜਾਂਦੇ ਹਨ ਅਤੇ ਸੁ = ਉਸ ਪੈਰਾਂ ਦੀ ਚਾਲ ਵੀ ਵਿਭੰਗ = ਨਾਸ਼ ਭਾਵ ਡਗਮਗਾਉਂਦੀ ਹੈ। ਪੁਨ = ਫਿਰ ਰਦ = ਦੰਦਾਂ ਦੀ ਜੋ ਸਮਸਟ = ਸਾਰੀ ਮਾਲ = ਕਤਾਰ ਭਈ = ਹੁੰਦੀ ਹੈ, ਉਹ ਹੌਲੀ-ਹੌਲੀ ਕਰਕੇ ਭ੍ਰਿਸਟ = ਡਿੱਗ ਜਾਂਦੀ ਹੈ ਭਾਵ ਸਾਰੇ ਦੰਦ ਦੁੱਟ ਜਾਂਦੇ ਹਨ।

## ਦੁਤਿ ਲੋਚਨ ਕੀ; ਸਾਥ ਮੋਚਤ ਅਸਤ ॥
## ਨਹਿ ਕਾਨ ਸੁਨੇ; ਕਲਿਆਨ ਸਮਸਤ ॥੪॥

ਲੋਚਨ = ਅੱਖਾਂ ਕੀ = ਦੀ ਸਬ = ਸਾਰੀ ਦੁਤਿ = ਰੌਸ਼ਨੀ ਵੀ ਅਸਤ = ਨਾਸ਼ ਹੋ ਕੇ ਸਾਥ ਮੋਚਤ = ਛੱਡ ਜਾਂਦੀ ਹੈ ਅਤੇ ਜੋ ਸਮਸਤ = ਸਭ ਲੋਕ ਬੋਲਦੇ ਹਨ, ਉਹ ਕਾਨ = ਕੰਨਾਂ ਨੂੰ ਕਲਿਆਨ = ਸ਼ੁਭ ਭਾਵ ਚੰਗੀ ਤਰ੍ਹਾਂ ਸੁਣੇ = ਸੁਣਦਾ ਨਹੀਂ ਹੈ ॥੪॥

## ਮੁਖ ਮਧ ਭਈ; ਕਫ ਬ੍ਰਿਧ ਮਹਾਨ ॥
## ਇਤ ਹੇਤ ਸਦੁਖ; ਗਤਾਗਤ ਪ੍ਰਾਨ ॥

ਫਿਰ ਮੁਖ = ਮੂੰਹ ਮਧ = ਵਿਚ ਕਫ = ਬਲਗਮ ਮਹਾਨ = ਬਹੁਤ ਜ਼ਿਆਦਾ ਬ੍ਰਿਧ = ਵੱਧ ਭਈ = ਹੋ

ਜਾਂਦੀ ਹੈ, ਇਤ = ਇਸ ਹੇਤ = ਕਾਰਣ ਕਰਕੇ ਪ੍ਰਾਨ = ਸੁਆਸ ਬੜੇ ਸਦੁਖ = ਦੁੱਖ ਦੇ ਸਹਿਤ ਗਤਾਗਤ = ਆਉਂਦੇ ਜਾਂਦੇ ਹਨ ਭਾਵ ਸਾਹ ਲੈਣ ਵਿਚ ਔਖ ਹੁੰਦੀ ਹੈ।

**ਕਛੁ ਜਾਚਨ ਹੇਤ; ਮੁਖੋ ਜਬ ਵਾਚ ॥**
**ਜਨ ਬੰਧੁ ਬਕੇ; ਤਬ ਵਾਕ ਅਵਾਚ ॥੫॥**

ਜਬ = ਜਦੋਂ ਬ੍ਰਿਧ ਅਵਸਥਾ ਵਿਚ ਕਛੁ = ਕੁਝ ਜਾਚਨ = ਮੰਗਣ ਹੇਤ = ਵਾਸਤੇ ਮੁਖੋਂ = ਮੂੰਹੋਂ ਵਾਚ = ਬੋਲਦਾ ਹੈ, ਤਬ = ਤਦੋਂ ਬੰਧੁ = ਸੰਬੰਧੀ ਜਨ ਅਵਾਚ = ਨਾ ਕਹਿਣ ਯੋਗ ਵਾਕ = ਬਚਨ ਬਕੇ = ਬੋਲਦੇ ਹਨ ਕਿ ਚੁੱਪ ਕਰ ਕੇ ਬੈਠਾ ਰਹਿ, ਐਵੇਂ ਬਕ-ਬਕ ਨਾ ਕਰ ॥੫॥

**ਪਲਨਾ, ਲਲਨਾ; ਮਿਲਨਾ ਜੋ ਨ ਤਜੰਤ ॥**
**ਵਹਿ ਨਾਹਿ ਕੀ ਸੇਵ ਕੋ; ਨਾਹਿ ਕਰੰਤ ॥**

ਜੋ ਲਲਨਾ = ਇਸਤਰੀ ਜਵਾਨ ਅਵਸਥਾ ਵਿਚ ਇਕ ਪਲਨਾ = ਪਲ ਮਾਤਰ ਵੀ ਆਪਣੇ ਪਤੀ ਦੇ ਮਿਲਨਾ = ਮਿਲਾਪ ਨੂੰ ਨ = ਨਹੀਂ ਤਜੰਤ = ਤਿਆਗਦੀ ਸੀ ਭਾਵ ਹਰ ਵਕਤ ਨਾਲ ਜੁੜ ਕੇ ਬੈਠੀ ਰਹਿੰਦੀ ਸੀ, ਇਕ ਛਿਨ ਜਿਤਨੇ ਸਮੇਂ ਵਿਚ ਅਲੱਗ ਨਹੀਂ ਸੀ ਹੁੰਦੀ, ਵਹਿ = ਉਹ ਵੀ ਹੁਣ ਬਿਰਧ ਅਵਸਥਾ ਵਿਚ ਆਪਣੇ ਨਾਹਿ = ਪਤੀ ਕੀ = ਦੀ ਸੇਵਾ ਕੋ = ਨੂੰ ਨਾਹਿ = ਨਹੀਂ ਕਰੰਤ = ਕਰਦੀ ਹੈ।

**ਪੁਨ ਜੀਰਨ ਆਉਖ; ਮਾਨੁਖ ਜੋਇ ॥**
**ਨਿਜ ਪੁਤ੍ਰ ਭੀ; ਸਮ ਸਤਰੁ ਵਿਲੋਇ ॥੬॥**

ਪੁਨ = ਫਿਰ ਜੋਇ = ਜਿਹੜਾ ਮਨੁੱਖ ਜੀਰਨ = ਬਿਰਧ ਆਉਖ = ਅਵਸਥਾ ਵਾਲਾ ਹੁੰਦਾ ਹੈ, ਉਸ ਦੇ ਨਿਜ = ਆਪਣੇ ਪੁੱਤਰ ਵੀ ਉਸ ਨੂੰ ਸਤਰੁ = ਦੁਸ਼ਮਣ ਸਮ = ਸਮਾਨ ਵਿਲੋਇ = ਦੇਖਦੇ ਹਨ ॥੬॥

**ਤਿਨ ਕੇ ਦੁਰ; ਬਾਇਕ ਸਾਇਕ ਸੰਗ ॥**
**ਉਰ ਬੇਧਤ; ਭੀ ਨ ਤਜੇ ਤਿਨ ਸੰਗ ॥**

ਤਿਨ = ਉਨ੍ਹਾਂ ਸੰਬੰਧੀਆਂ ਕੇ = ਦੇ ਦੁਰ = ਖੋਟੇ ਬਾਇਕ = ਬਚਨਾਂ ਰੂਪ ਸਾਇਕ = ਤੀਰਾਂ ਦੇ ਸੰਗ = ਨਾਲ ਭਾਵੇਂ ਉਸ ਦਾ ਉਰ = ਹਿਰਦਾ ਬੇਧਤ = ਵਿੰਨ੍ਹਿਆ ਗਿਆ ਹੈ, ਪਰ ਫੇਰ ਭੀ = ਵੀ ਤਿਨ = ਉਨ੍ਹਾਂ ਦਾ ਸੰਗ = ਸਾਥ ਨਹੀਂ ਤਜੇ = ਤਿਆਗਦਾ।

**ਇਤ ਰੀਤਿ ਬਿਤੀਤ; ਭਈ ਸਭ ਆਉ ॥**
**ਨ ਅਜੇ ਭੀ; ਤਜੈ ਨਿਜ ਮੰਦ ਸੁਭਾਉ ॥੭॥**

ਇਉਂ ਜੀਵ ਦੀ ਇਤ = ਇਸ ਰੀਤਿ = ਤਰੀਕੇ ਨਾਲ ਸਭ = ਸਾਰੀ ਆਉ = ਉਮਰ ਬਤੀਤ ਭਈ = ਹੋ ਗਈ ਹੈ ਭਾਵ ਗੁਜ਼ਰ ਗਈ ਹੈ, ਪਰ ਅਜੇ = ਹੁਣ ਭੀ = ਵੀ ਇਹ ਨਿਜ = ਆਪਣੇ ਮੰਦ = ਭੈੜੇ ਸੁਭਾਅ ਨੂੰ ਤਜੈ = ਤਿਆਗਦਾ ਨਹੀਂ ਹੈ ॥੭॥

## ਦੋਹਰਾ ॥

## ਜਰਾ ਉਪਾਉ ਨ ਹੋ ਸਕੇ; ਜਰਾ ਅਵਸਥਾ ਮਾਹਿ ॥

ਹੇ ਭਾਈ ! ਜਰਾ = ਬਿਰਧ ਅਵਸਥਾ ਮਾਹਿ = ਵਿਚ ਭਵ-ਸਾਗਰ ਤੋਂ ਤਰਨ ਵਾਸਤੇ ਜਰਾ = ਥੋੜ੍ਹੇ ਮਾਤਰ ਵੀ ਉਪਾਉ = ਯਤਨ ਨ = ਨਹੀਂ ਹੋ ਸਕੇ = ਸਕਣਾ।

## ਭਵਸਾਗਰ ਕੇ ਤਰਣ ਕੋ; ਤਰੁਣ ਅਵਸਥਾ ਆਹਿ ॥੮॥

ਇਸ ਕਰਕੇ ਭਵਸਾਗਰ = ਸੰਸਾਰ-ਸਮੁੰਦਰ ਦੇ ਤਰਨ ਕੋ = ਨੂੰ ਤਰੁਣ = ਜਵਾਨ ਅਵਸਥਾ ਹੀ ਸ੍ਰੇਸ਼ਟ ਸਮਾਂ ਆਹਿ = ਹੈ ਭਾਵ ਜਵਾਨ ਅਵਸਥਾ ਵਿਚ ਹੀ ਪਰਮੇਸ਼ਰ ਦਾ ਨਾਮ ਜਪ ਕਰਕੇ ਇਸ ਸੰਸਾਰ-ਸਮੁੰਦਰ ਤੋਂ ਤਰਨਾ ਕਰੋ। ਫਿਰ ਬਿਰਧ ਅਵਸਥਾ ਵਿਚ ਕੋਈ ਯਤਨ ਨਹੀਂ ਹੋ ਸਕਣਾ॥੮॥

## ਕਬਿੱਤ ॥

## ਆਨਨ ਕੀ ਛਬ, ਵਲੀ ਗਣੋਂ ਕਰ ਟਲੀ;
## ਗਲੀ ਕਾਨਨ ਕੀ ਗਲੀ, ਬਲ ਅੰਕੋ ਮੈ ਨ ਭਾਸ ਹੈ ॥

ਬਿਰਧ ਅਵਸਥਾ ਵਿਚ ਆਨਨ = ਮੁੱਖ ਕੀ = ਦੀ ਛਬ = ਚਮਕ ਗਣੋਂ = ਸਮੂਹ ਵਲੀ = ਝੁਰੜੀਆਂ ਕਰਕੇ ਟਲੀ = ਟਲ ਗਈ ਹੈ ਭਾਵ ਨਾਸ਼ ਹੋ ਗਈ ਹੈ, ਕਾਨਨ = ਕੰਨਾਂ ਕੀ = ਦੀਆਂ ਗਲੀਆਂ ਗਲੀ = ਗਲ ਗਈਆਂ ਹਨ, ਜਿਸ ਕਰਕੇ ਕੰਨਾਂ ਤੋਂ ਸਾਫ਼ ਨਹੀਂ ਸੁਣਦਾ ਅਤੇ ਸਰੀਰ ਦੇ ਅੰਕੋ = ਅੰਗਾਂ ਮੈ = ਵਿਚ ਬਲ = ਜ਼ੋਰ ਭਾਸ = ਭਾਸਦਾ ਭਾਵ ਪ੍ਰਤੀਤ ਨ = ਨਹੀਂ ਹੁੰਦਾ ਹੈ।

## ਲੋਇਨਾ ਕੇ ਮਾਂਹਿ ਕਛੂ ਲੋਇ ਨ ਪਰੇ ਸੂਛ;
## ਰਸਨਾਂ ਮੋ ਰਸ ਨਾਸੋ, ਨਾਸ ਕਲਾ ਨਾਸ ਹੈ ॥

ਲੋਇਨਾ = ਨੇਤਰਾਂ ਕੇ = ਦੇ ਮਾਂਹਿ = ਵਿਚ ਕਛੂ = ਕੁਝ ਸੂਛ = ਸਾਫ਼ ਤਰੀਕੇ ਨਾਲ ਲੋਇ = ਪ੍ਰਕਾਸ਼, ਚਾਨਣਾ ਨਹੀਂ ਪਰੇ = ਪੈਂਦਾ ਭਾਵ ਕੁਝ ਸਾਫ਼ ਦਿਖਾਈ ਨਹੀਂ ਦਿੰਦਾ। ਰਸਨਾ (ਜੀਭਾ) ਮੋ = ਵਿਚ ਰਸ ਨਾਸੋ = ਨਾਸ਼ ਹੋ ਗਿਆ ਹੈ ਭਾਵ ਖੱਟੇ ਮਿੱਠੇ ਆਦਿ ਦਾ ਸੁਆਦ ਨਹੀਂ ਆਉਂਦਾ ਹੈ ਅਤੇ ਨਾਸ = ਨਾਸਕਾਂ ਵਿੱਚੋਂ ਗੰਧ ਸੁਗੰਧ ਪਰਖਣ ਦੀ ਕਲਾ = ਸ਼ਕਤੀ ਵੀ ਨਾਸ਼ ਹੋ ਗਈ ਹੈ।

## ਕੇਸ ਭਯੋ ਉਜਰ, ਨ ਰਹਯੋ ਕਛੁ ਉਜਰ;
## ਜਵਾਨੀ ਗਈ ਉਜਰ, ਨ ਸਾਸ ਕੋ ਬਿਸਾਸ ਹੈ ॥

ਬਿਰਧ ਅਵਸਥਾ ਵਿਚ ਕੇਸ (ਵਾਲ) ਉਜਰ = ਚਿੱਟੇ ਭਯੋ = ਹੋ ਗਏ ਹਨ, ਕਛੁ = ਕੁਝ ਉਜਰ = ਬਲ (ਸ਼ਕਤੀ) ਵੀ ਨ = ਨਹੀਂ ਰਹਯੋ = ਰਿਹਾ ਹੈ। ਜਵਾਨੀ ਵੀ ਉਜਰ = ਉਜੜ ਗਈ ਹੈ ਭਾਵ ਜਵਾਨ ਅਵਸਥਾ ਵੀ ਬਤੀਤ ਹੋ ਗਈ ਹੈ, ਹੁਣ ਤਾਂ ਸਾਸ = ਸੁਆਸਾਂ ਕੋ = ਦਾ ਕੋਈ ਬਿਸਾਸ = ਭਰੋਸਾ ਨਹੀਂ ਹੈ, ਕਦੋਂ ਸਮਾਪਤ ਹੋ ਜਾਣ।

## ਤ੍ਰਿਸਨਾ ਤੋ ਅਨੰਤ, ਅੰਤ ਭਯੋ ਹੈ ਸੰਘਾਤ ਸਭ; ਸ਼ਾਂਤ ਭਈ ਸ਼ਾਂਤ, ਨਹਿ ਸ਼ਾਂਤ ਭੋਗ ਆਸ ਹੈ ॥੯॥

ਹੇ ਭਾਈ! ਇਸ ਬਿਰਧ ਅਵਸਥਾ ਵਿਚ ਸਰੀਰ ਦੇ ਸਭ = ਸਾਰੇ ਇੰਦਰਿਆਂ ਦੇ ਸੰਘਾਤ = ਇਕੱਠ ਦਾ ਅੰਤ ਭਯੋ = ਹੋ ਗਿਆ ਹੈ, ਪਰ ਤ੍ਰਿਸ਼ਨਾ ਤੋ = ਤਾਂ ਅਨੰਤ = ਬੇਅੰਤ ਹੋ ਗਈ ਹੈ ਭਾਵ ਤ੍ਰਿਸ਼ਨਾ ਹੋਰ ਵੱਧ ਗਈ ਹੈ, ਸ਼ਾਂਤੀ, ਸ਼ਾਂਤ ਭਾਵ ਨਾਸ਼ ਭਈ = ਹੋ ਗਈ ਹੈ, ਪਰ ਭੋਗਾਂ ਦੀ ਆਸ = ਉਮੀਦ ਸ਼ਾਂਤ (ਨਾਸ਼) ਨਹੀਂ ਹੋਈ ਹੈ ਭਾਵ ਤ੍ਰਿਸ਼ਨਾ ਤੇ ਆਸਾ ਵੱਧਦੀ ਹੀ ਜਾਂਦੀ ਹੈ॥੯॥

ਤ੍ਰਿਸ਼ਨਾ ਦੀ ਬਾਬਤ ਪੰਡਿਤ ਗੁਲਾਬ ਸਿੰਘ ਜੀ ਨੇ ਵੀ ਐਸਾ ਕਥਨ ਕੀਤਾ ਹੈ:

**ਤਨ ਕੇ ਬਲ ਨੇ ਅਬ ਪੀਠ ਦਈ ਅਬ ਹਾਰ ਪਰੇ ਦ੍ਰਿਗ ਬਾਲ ਸੰਗਾਤੀ।**
**ਤਜ ਕੇ ਇਹ ਲੋਕ ਬਿਖੇ ਹਮ ਕੋ ਚਲਿ ਆਪ ਗਏ ਸੁਰ ਲੋਗ ਸਜਾਤੀ।**
**ਜਗ ਮੀਤ ਸਖਾ ਮੁਖ ਫੇਰ ਗਏ ਅਬ ਸੇਵਕ ਹਾ ਨ ਪੁਛੇ ਮਮ ਬਾਤੀ।**
**ਮਮ ਆਹਿ ਪਲਾਂਗਮ ਹੇ ਤ੍ਰਿਸਨੇ ਇਕ ਤੂੰ ਮਮ ਸੰਗ ਰਹੀ ਦਿਨ ਰਾਤੀ॥੫੧॥**

*(ਭਾਵਰਸਾਂਮ੍ਰਿਤ)*

**ਵਾ:** **ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥** *(ਮਾਝ ਕੀ ਵਾਰ ਮ: ੧, ਅੰਗ ੧੪੦)*

## ਕਬਿੱਤ ॥

## ਤਨੁ ਬ੍ਰਿਧ ਭਏ, ਤੇ ਨ ਬ੍ਰਿਧ ਭਈ ਭੋਗ ਇਛਾ; ਮਨ ਮੈ ਜੋ ਭੋਗਨ ਕੀ, ਕੋਟ ਮਨ ਰਤਿ ਹੈ ॥

ਤਨੁ = ਸਰੀਰ ਬ੍ਰਿਧ = ਬੁੱਢਾ ਭਏ = ਹੋ ਗਿਆ ਹੈ ਪਰ ਤੇ = ਉਹ ਭੋਗਾਂ ਦੀ ਇੱਛਾ ਬ੍ਰਿਧ = ਬੁੱਢੀ ਭਾਵ ਨਾਸ਼ ਨਹੀਂ ਭਈ = ਹੋਈ, ਜੋ ਮਨ ਦੇ ਮੈ = ਵਿਚ ਭੋਗਨ = ਭੋਗਾਂ ਦੀ ਇੱਛਾ ਹੈ, ਬਲਕਿ ਉਨ੍ਹਾਂ ਦੀ ਰਤਿ = ਪ੍ਰੀਤੀ ਮਨ ਦੇ ਵਿਚ ਅੱਗੇ ਨਾਲੋਂ ਕੋਟ = ਕਰੋੜਾਂ ਗੁਣਾਂ ਵੱਧ ਗਈ ਹੈ।

## ਸਨੇ ਸਨੇ ਉਤਥਾਨ, ਲੋਚਨ ਕੀ ਦੁਤਿ ਹਾਨਿ; ਮਾਨਵ ਕੋ ਬਹੁ ਮਾਨ, ਹਾਨ ਭਯੋ ਅਤਿ ਹੈ ॥

ਹੁਣ ਇਸ ਬਿਰਧ ਅਵਸਥਾ ਵਿਚ ਜੀਵ ਸਨੇ ਸਨੇ = ਹੌਲੀ-ਹੌਲੀ ਉਤਥਾਨ = ਉੱਠਦਾ ਹੈ, ਲੋਚਨ = ਨੇਤਰਾਂ ਕੀ = ਦੀ ਦੁਤਿ = ਰੌਸ਼ਨੀ ਹਾਨਿ = ਨਾਸ਼ ਹੋ ਗਈ ਹੈ ਭਾਵ ਚੰਗੀ ਤਰ੍ਹਾਂ ਦਿਖਾਈ ਨਹੀਂ ਦਿੰਦਾ, ਜਿਨ੍ਹਾਂ ਸੰਬੰਧੀ ਮਾਨਵ = ਮਨੁੱਖਾਂ ਤਾਈਂ ਬਹੁ = ਬਹੁਤ ਮਾਨ ਕਰਦਾ ਸੀ ਕਿ ਇਹ ਮੇਰੇ ਹਨ, ਉਹ ਮਾਨ ਵੀ ਅਤਿ = ਅਤਿਸ਼ੈ ਕਰਕੇ ਹਾਨ = ਨਾਸ਼ ਭਯੋ = ਹੋ ਗਿਆ ਹੈ ਕਿਉਂਕਿ ਉਹ ਸੰਬੰਧੀ ਜਨ ਵੀ ਖੋਟੇ ਬਚਨ ਬੋਲਦੇ ਹਨ।

## ਸਖੇ ਸਮ ਵੈਸ ਵਾਰੇ, ਪ੍ਰਾਣੋ ਵਤ ਜੇਈ ਪਜਾਰੇ; ਕਬ ਕੇ ਪਧਾਰੇ ਨਾਕ, ਦੇਖਿ ਐਸੀ ਗਤਿ ਹੈ ॥

ਜੇਈ = ਜਿਹੜੇ ਪ੍ਰਾਣੋ = ਪ੍ਰਾਣਾਂ ਵਤ = ਵਾਂਗ ਪਿਆਰੇ ਸਮ = ਬਰਾਬਰ ਦੀ ਵੈਸ = ਉਮਰ ਵਾਲੇ

ਸਖੇ = ਮਿੱਤਰ ਸੀ, ਉਹ ਵੀ ਕਬ = ਕਦੋਂ ਕੇ = ਦੇ ਨਾਕ = ਸਵਰਗ ਨੂੰ ਪਧਾਰੇ = ਗਵਨ ਕਰ ਗਏ ਹਨ, ਐਸੀ = ਅਜਿਹੀ ਗਤਿ = ਹਾਲਤ ਦੇਖਿ = ਦਿਖਦੀ ਹੈ।

## ਅਹੋ ਅਜੇ ਨੀਚ ਨਿਜ ਮੀਚ ਬੀਚ ਹਾਂਸੀ ਭਜੇ;
## ਜੀਵਨ ਚਹਤ ਮ੍ਰਿਤ, ਜੀਵ ਨਾ ਚਹਤ ਹੈ ॥੧੦॥

ਅਹੋ = ਅਸਚਰਜ ਵਾਲੀ ਗੱਲ ਹੈ ਕਿ ਅਜੇ ਵੀ ਇਹ ਨੀਚ ਜੀਵ ਨਿਜ = ਆਪਣੀ ਮੀਚ = ਮੌਤ ਬੀਚ = ਵਿਚ ਹਾਸੀ ਨੂੰ ਭਜੇ = ਭਜਣਾ ਕਰਦਾ ਹੈ ਭਾਵ ਕਿ ਜੀਵ ਤਾਂ ਮਰਨਾ ਨਾ = ਨਹੀਂ ਚਹਤ = ਚਾਹੁੰਦਾ, ਪਰ ਮ੍ਰਿਤ = ਮੌਤ ਇਸ ਦੇ ਜੀਵਨ ਭਾਵ ਸੁਆਸਾਂ ਨੂੰ ਨਾਸ਼ ਕਰਨਾ ਚਹਤ = ਚਾਹੁੰਦੀ ਹੈ ॥੧੦॥

## ਸੋਰਠਾ ॥
## ਦੁਖ ਅਨੇਕ ਕੋ ਗੇਹ; ਬਿਨਾ ਬਿਬੇਕ ਬਿਬੇਕ ਕਰ ॥

ਜੋ ਬਿਰਧ ਦੇਹ ਅਨੇਕ = ਬੇਅੰਤ ਦੁੱਖਾਂ ਕੋ = ਦਾ ਗੇਹ = ਘਰ ਹੈ ਤੇ ਬਿਬੇਕ = ਵਿਚਾਰ ਤੋਂ ਹੀਣੀ ਹੈ, ਉਸ ਦੀ ਬਿਬੇਕ = ਵਿਚਾਰ ਕਰਨੀ ਕੀਤੀ ਹੈ।

## ਨਿੰਦ ਜਰਜਰੋ ਦੇਹ; ਭਯੋ ਇਤੀ ਸ੍ਰੀ ਦ੍ਵਾਦਸੋ ॥੧੧॥

ਇਉਂ ਜਰਜਰੋ = ਬਿਰਧ ਦੇਹ = ਸਰੀਰ ਭਾਵ ਬਿਰਧ ਅਵਸਥਾ ਦੀ ਨਿੰਦ = ਨਿੰਦਿਆ ਕਰ ਕੇ, ਇਥੇ ਹੁਣ ਸ੍ਰੀ = ਸ਼੍ਰੋਮਣੀ ਵੈਰਾਗ ਸ਼ਤਕ ਗ੍ਰੰਥ ਦਾ ਦ੍ਵਾਦਸੋ = ਬਾਰ੍ਵਾਂ ਅਧਿਆਇ ਇਤੀ = ਸਮਾਪਤ ਭਯੋ = ਹੋ ਗਿਆ ਹੈ ॥੧੧॥

## ਇਤਿ ਬਾਹਰਵਾਂ ਅਧਯਾਯ ॥੧੨॥

ਹੁਣ ਇਥੇ ਵੈਰਾਗ ਸ਼ਤਕ ਨਾਮੀ ਗ੍ਰੰਥ ਦਾ ਬਾਰ੍ਵਾਂ ਅਧਿਆਇ ਇਤਿ = ਸਮਾਪਤ ਹੁੰਦਾ ਹੈ ॥੧੨॥

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ਬ੍ਰਹਮ, ੴ = ਸਰਬ ਕਾ ਪ੍ਰਕਾਸ਼ਕ (ਸਤਿ + ਗੁਰ) ਸਤਿ = ਨਾਸ਼ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਅਥ ਤੇਰ੍ਹਵਾਂ ਅਧ੍ਯਾਯ ਅਰੰਭ ॥

ਅਥ = ਹੁਣ ਵੈਰਾਗ ਸ਼ਤਕ ਗ੍ਰੰਥ ਦਾ ਤੇਰ੍ਹਵਾਂ ਅਧਿਆਇ ਅਰੰਭ ਹੁੰਦਾ ਹੈ।

## ਦੋਹਰਾ ॥

## ਕਹੇ ਤ੍ਰਯੋਦਸੋ ਕ੍ਰਿਪਾ ਕਰਿ; ਸੰਕੀਰਨ ਉਪਦੇਸ ॥

ਭਰਥਰੀ ਜੀ ਕਿਰਪਾ ਕਰਕੇ ਇਸ ਤ੍ਰਯੋਦਸੋ = ਤੇਰ੍ਹਵੇਂ ਅਧਿਆਇ ਵਿਚ ਸੰਕੀਰਨ = ਰਲਵੀਂ-ਮਿਲਵੀਂ ਭਾਵ ਸਾਂਝੀ ਉਪਦੇਸ = ਸਿੱਖਿਆ ਕਹੇ = ਕਥਨ ਕਰਦੇ ਹਨ।

## ਸ਼ੰਕਰ ਬੀਸ ਸ਼ਲੋਕ ਕਰਿ; ਜਨ ਮਨ ਨਲਨ ਦਿਨੇਸ਼ ॥੧॥

ਜਿਸ ਅਧਿਆਇ ਵਿਚ ਸ਼ੰਕਰ = ਗਿਆਰਾਂ ਤੇ ਬੀਸ = ਵੀਹ (੧੧ + ੨੦) = ਇਕੱਤੀ (੩੧) ਸਲੋਕ ਰਚਨਾ ਕਰਿ = ਕੀਤੇ ਹਨ, ਜੋ ਜਨ = ਪੁਰਖਾਂ ਦੇ ਮਨ ਰੂਪ ਨਲਨ = ਕਮਲਾਂ ਨੂੰ ਖਿੜਾਉਣ ਵਾਲੇ ਦਿਨੇਸ਼ = ਸੂਰਜ ਹੀ ਮੰਨਣਾ ਕਰੋ ॥੧॥

## ਗੀਆ ਮਾਲਤੀ ਛੰਦ ॥

## ਹੈ ਧਨ ਕੂਰਮ ਏਕ ਸੋ; ਪਰ ਅਰਥ ਜਿੰਹ ਭਵ ਲੀਨ ਹੈ ॥

ਸੋ = ਉਹ ਏਕ = ਇਕ ਕੂਰਮ = ਕੱਛੂ ਧਨ = ਧੰਨਤਾ ਦੇ ਯੋਗ ਹੈ, ਜਿੰਹ = ਜਿਸ ਨੇ ਪਰ ਅਰਥ = ਪਰਾਇਆਂ ਦੇ ਭਲੇ ਹਿਤ ਭਵ = ਜਨਮ ਲੀਨ = ਲੈਣਾ ਕੀਤਾ ਹੈ।

## ਪ੍ਰਿਥ ਭਵਨ ਭਾਰ ਤਲੇ ਜਿਨੈ; ਨਿਜ ਪ੍ਰਿਸਟ ਅ੍ਰਪਨ ਕੀਨ ਹੈ ॥

ਜਿਨੈ = ਜਿਸ ਨੇ ਪ੍ਰਿਥ = ਧਰਤੀ ਰੂਪੀ ਭਵਨ = ਅਸਥਾਨ ਦੇ ਭਾਰ ਤਲੇ = ਨੀਚੇ ਨਿਜ = ਆਪਣੀ ਪ੍ਰਿਸਟ = ਪਿੱਠ ਅਰਪਨ (ਭੇਟਾ) ਕੀਨ = ਕਰ ਦੇਣਾ ਕੀਤੀ ਹੈ।

ਪੁਰਾਣਕ ਕਥਾਵਾਂ ਵਿਚ ਕਿਸੇ ਨੇ ਧਰਤੀ ਨੂੰ ਬਲਦ ਦੇ ਸਿੰਗਾਂ 'ਤੇ, ਅਤੇ ਕਿਸੇ ਨੇ ਸ਼ੇਸ਼ਨਾਗ ਦੇ ਫਣ 'ਤੇ ਅਤੇ ਕਿਸੇ ਨੇ ਕੱਛੂ ਦੀ ਪਿੱਠ 'ਤੇ ਮੰਨਿਆ ਹੈ। ਇਹ ਕਲਪਿਤ ਪ੍ਰਮਾਣ ਦਿੱਤਾ ਹੈ।

## ਅਤਿ ਜਨਮ ਧ੍ਰੂ ਕੋ ਯੋਗ; ਕੀਰਤਿ ਜਾਸ ਕੀਰਤ ਹਰਿ ਬਿਖੇ॥

ਫਿਰ ਧ੍ਰੂ ਕੋ = ਦਾ ਜਨਮ ਵੀ ਅਤਿ = ਅਤਿਅੰਤ ਉਪਮਾ ਦੇ ਯੋਗ = ਲਾਇਕ ਹੈ, ਜਾਸ = ਜਿਸ ਦਾ ਮਨ ਹਰਿ = ਹਰੀ ਪਰਮਾਤਮਾ ਦੇ ਕੀਰਤਿ = ਜੱਸ ਕੀਰਤ = ਕਰਨ ਬਿਖੇ = ਵਿਚ ਜੁੜਿਆ ਹੋਇਆ ਹੈ **ਵਾ:** ਜਿਸ ਦਾ ਮਨ ਕੇਵਲ ਹਰਿ = ਪਰਮਾਤਮਾ ਦਾ ਕੀਰਤਿ ਕੀਰਤ = ਜੱਸ ਹੀ ਜੱਸ ਕਰ ਰਿਹਾ ਹੈ।

## ਚਉਫੇਰ ਜਾਂ ਕੈ ਤੇਜ ਚੱਕ੍ਰ; ਭਰਮੰਤ ਰੋਕਯੋ ਸਬ ਪਿਖੇ॥੨॥

ਜਾਂ ਕੈ = ਜਿਸ ਧ੍ਰੂ ਦੇ ਚਉਫੇਰ = ਚਾਰ ਚੁਫੇਰੇ ਤਾਰਿਆਂ ਦਾ ਚੱਕ੍ਰ = ਸਮੁਦਾਯ ਰੋਕਯੋ = ਰੁਕਿਆ ਭਾਵ ਟਿਕਿਆ ਹੋਇਆ **ਵਾ:** ਰੋਕਯੋ = ਪ੍ਰਕਾਸ਼ਵਾਨ ਹੋਇਆ ਹੈ ਅਤੇ ਬਹੁਤ ਤੇਜ਼ੀ ਨਾਲ ਭਰਮੰਤ = ਫਿਰਦਾ ਹੋਇਆ ਸਬ = ਸਾਰਿਆਂ ਨੇ ਪਿਖੇ = ਵੇਖਿਆ ਹੈ॥੨॥

## ਜਿਮ ਮਸਕ ਗੂਲਰ ਫਲ ਬਿਖੇ; ਸੰਕਟ ਮਹਾਂ ਸੰਕਟ ਸਹੇ॥

ਜਿਮ = ਜਿਵੇਂ ਗੂਲਰ[੧] ਦੇ ਫਲ ਬਿਖੇ = ਵਿਚ ਪੈਦਾ ਹੋਇਆ ਮਸਕ = ਮੱਛਰ ਸੰਕਟ = ਦੁੱਖਾਂ ਵਿੱਚੋਂ ਮਹਾਂ ਸੰਕਟ = ਦੁੱਖ ਸਹੇ = ਸਹਾਰਨਾ ਕਰਦਾ ਹੈ।

## ਪੰਖ ਬਿਰਥਾ ਸੰਭਵ ਤਹਾਂ ਕੇ; ਨਹਿ ਅਰਧ ਊਰਧ ਬਿਚਰਹੇ॥

ਤਹਾਂ = ਉਸ ਕੇ = ਦੇ ਪੰਖ = ਖੰਭ ਬਿਰਥਾ = ਬਿਅਰਥ ਹੀ ਸੰਭਵ = ਉਤਪਤ (ਪੈਦਾ) ਹੁੰਦੇ ਹਨ ਕਿਉਂਕਿ ਉਹ ਨਾ ਤਾਂ ਅਰਧ = ਨੀਚੇ ਨੂੰ ਅਤੇ ਨਾ ਹੀ ਊਰਧ = ਉੱਪਰ ਨੂੰ ਉੱਡ ਕਰਕੇ ਬਿਚਰਹੇ = ਵਿਚਰ ਸਕਦਾ ਹੈ ਕਿਉਂਕਿ ਗੂਲਰ ਫਲ ਵਿੱਚੋਂ ਉੱਡਣ ਦੀ ਜਗ੍ਹਾ ਹੀ ਨਹੀਂ ਹੁੰਦੀ।

## ਸੰਜਾਤ ਜਹ ਮਰਜਾਤ ਤਹ; ਬ੍ਰਹਮਾਂਡ ਮਹਿ ਤਿਉਂ ਜੰਤ ਹੈਂ॥

ਜਹ = ਜਿਥੇ ਸੰਜਾਤ = ਜਨਮ ਲੈਂਦਾ ਹੈ ਭਾਵ ਜਿਸ ਗੂਲਰ ਫਲ ਵਿਚ ਪੈਦਾ ਹੁੰਦਾ ਹੈ ਤਹ = ਉਥੇ ਹੀ ਮਰਜਾਤ = ਮਰ ਜਾਂਦਾ ਹੈ, ਤਿਉਂ = ਤਿਵੇਂ ਹੀ ਇਸ ਬ੍ਰਹਮਾਂਡ = ਬ੍ਰਹਿਮੰਡ ਮਹਿ = ਵਿਚ ਜੰਤ = ਜੀਵ ਹੈਂ = ਹਨ।

## ਨਹਿ ਗਿਆਤ ਧਰਮਾਧਰਮ ਕੀ; ਸੰਭੋਗ ਮੈ ਰਤਿਵੰਤ ਹੈਂ॥੩॥

ਜਿਨ੍ਹਾਂ ਨੂੰ ਧਰਮ-ਅਧਰਮ ਕੀ = ਦੀ ਕੋਈ ਗਿਆਤ ਭਾਵ ਸੂਝ-ਬੂਝ ਨਹਿ = ਨਹੀਂ ਹੈ, ਕੇਵਲ ਸੰਭੋਗ = ਭੋਗਾਂ ਪਦਾਰਥਾਂ ਦੇ ਮੈ = ਵਿਚ ਹੀ ਰਤਿਵੰਤ = ਪ੍ਰੀਤੀਵਾਨ ਹੋ ਰਹੇ ਹਨ **ਅਥਵਾ** ਜਿਵੇਂ ਗੂਲਰ ਦਾ ਮੱਛਰ ਗੂਲਰ ਤੋਂ ਬਗ਼ੈਰ ਹੋਰ ਕੁਝ ਵੀ ਨਹੀਂ ਜਾਣਦਾ ਹੈ, ਇਵੇਂ ਹੀ ਇਹ ਮੱਛਰ ਦੀ ਨਿਆਈਂ ਵਿਸ਼ਈ ਜੀਵ ਵਿਸ਼ੇ ਭੋਗਾਂ ਰੂਪ ਗੂਲਰ ਤੋਂ ਬਗ਼ੈਰ ਹੋਰ ਕੁਝ ਧਰਮ-ਅਧਰਮ ਨਹੀਂ ਜਾਣਦਾ, ਵਿਸ਼ਿਆਂ ਵਿਚ ਹੀ ਖਚਿਤ ਰਹਿੰਦਾ ਹੈ, ਵਿਸ਼ੇ ਭੋਗਾਂ ਨੂੰ ਭੋਗਦਾ ਹੋਇਆ ਹੀ ਮਰ ਜਾਂਦਾ ਹੈ॥੩॥

---

੧. ਗੂਲਰ = ਬੋਹੜ ਦੀ ਕਿਸਮ ਦਾ ਇਕ ਬ੍ਰਿਛ, ਜਿਸ ਦੀ ਛਿੱਲ ਵਿਚ ਦੁੱਧ, ਫਲ ਅੰਜੀਰ ਵਰਗੇ ਅਤੇ ਛਾਇਆ ਬਹੁਤ ਸੰਘਣੀ ਹੁੰਦੀ ਹੈ, ਜਿਸ ਦੇ ਫਲਾਂ ਵਿਚ ਬੇਅੰਤ ਸੂਖਮ ਜੀਵ ਪੈਦਾ ਹੁੰਦੇ ਹਨ।

## ਪਰਮਾਰਥ ਅਰੁ ਸ੍ਵਾਰਥ; ਦੋਵੈ ਬ੍ਰਿਤ ਪੰਖ ਸੰਜੁਤ ਜਨ ਸਬੇ ॥

ਹੇ ਭਾਈ! ਸਬੇ = ਸਾਰੇ ਜਨ = ਪੁਰਸ਼ ਪਰਮਾਰਥ ਅਰੁ = ਅਤੇ ਸੁਆਰਥ ਇਨ੍ਹਾਂ ਦੋਵੈ = ਦੋਨਾਂ ਬ੍ਰਿਤ = ਬਿਰਤੀਆਂ ਰੂਪ ਪੰਖ = ਖੰਭਾਂ ਦੇ ਸੰਜੁਤ = ਸਮੇਤ ਹਨ।

## ਪ੍ਰਾਰਬਧ ਕੇ ਵਸ; ਸ੍ਵਾਰਥ ਕੇ ਪੁਰਖਾਰਥ ਕਰਤੇ ਸੰਦੱਬੇ ॥

ਪਰੰਤੂ ਸਾਰੇ ਹੀ ਆਪਣੇ ਪ੍ਰਾਲਬਧ ਕਰਮਾਂ ਦੇ ਵਸ = ਅਧੀਨ ਹੋ ਕਰਕੇ, ਸ੍ਵਾਰਥ = ਆਪਣੇ ਪ੍ਰਯੋਜਨ ਕੇ = ਦੇ ਪੁਰਖਾਰਥ = ਉੱਦਮ ਕਰਤੇ = ਕਰਨ ਵਿਚ (ਸੰ + ਦੱਬੇ) ਸੰ = ਭਲੀ ਪ੍ਰਕਾਰ ਦੱਬੇ ਹੋਏ ਹਨ।

## ਜਨ ਜਹ ਲਾਗੇ, ਪ੍ਰਾਨ ਤਿਆਗੇ ਬਿਨ; ਤਿਸੇ ਨਹਿੰ ਤਜਤ ਹੈ ॥

ਜਹ = ਜਿਥੇ ਜੀਵ ਲਾਗੇ = ਲੱਗੇ ਹੋਏ ਹਨ, ਪ੍ਰਾਨ = ਸੁਆਸਾਂ ਨੂੰ ਤਿਆਗੇ ਤੋਂ ਬਿਨ = ਬਗ਼ੈਰ ਤਿਸੇ = ਉਸ ਕਰਮ ਨੂੰ ਤਜਤ = ਤਿਆਗਣਾ ਨਹੀਂ ਕਰਦੇ ਭਾਵ ਜੋ ਪੁਰਸ਼ ਜਿਸ ਕਰਮ ਵਿਚ ਲੱਗਿਆ ਹੋਇਆ ਹੈ, ਉਹ ਮਰਨ ਵੇਲੇ ਤਕ ਉਸ ਕਰਮ ਨੂੰ ਤਿਆਗਦਾ ਨਹੀਂ ਹੈ, ਮਰ ਕਰਕੇ ਹੀ ਉਸ ਕਰਮ ਤੋਂ ਛੁਟਕਾਰਾ ਪਾਉਣਾ ਕਰਦਾ ਹੈ।

## ਸੰਵੇਦ ਮੁਕਤਿ, ਨ ਬੰਧ ਨਿਜ; ਅਸ੍ਰੇਯ ਕੋ ਜੜ ਭਜਤ ਹੈ ॥੪॥

ਇਹ ਜੜ = ਮੂਰਖ ਜੀਵ ਨਿਜ = ਆਪਣੇ ਮੁਕਤ ਹੋਣ ਵਾਲੇ ਤੇ ਬੰਧਨ ਵਿਚ ਨਾ ਫਸਾਉਣ ਵਾਲੇ **ਵਾ:** ਮੁਕਤ ਨਾ ਹੋਣ ਵਾਲੇ ਤੇ ਬੰਧਨਾਂ ਵਿਚ ਫਸਾਉਣ ਵਾਲੇ ਸਭ ਕਰਮਾਂ ਨੂੰ ਸੰਵੇਦ = ਭਲੀ ਪ੍ਰਕਾਰ ਜਾਣਦਾ ਹੈ, ਪਰ ਫਿਰ ਵੀ ਅਸ੍ਰੇਯ = ਮੁਕਤ ਨਾ ਹੋਣ ਵਾਲੇ ਕਰਮਾਂ ਨੂੰ ਹੀ ਭਜਤ = ਸਿਮਰਦਾ ਭਾਵ ਕਰਦਾ ਹੈ, ਜਿਸ ਕਰਕੇ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ ॥੪॥

## ਦੋਹਰਾ ॥

## ਗੂਲਰ ਫਲ ਬ੍ਰਹਮੰਡ ਮੋਂ; ਮੱਛਰ ਮਾਨਵ ਆਂਨ ॥

ਇਸ ਬ੍ਰਹਿਮੰਡ ਰੂਪ ਗੂਲਰ ਫਲ ਮੋ = ਵਿਚ ਮੱਛਰ ਰੂਪ ਮਾਨਵ = ਮਨੁੱਖ ਆਨ = ਆ ਕਰਕੇ ਵੱਸਦੇ ਹਨ।

## ਗਹੇ ਮੁਕਤਿ ਬਿਨ ਜਨਮ ਗਣ;
## ਸ੍ਵ ਪਰ ਅਕਿੰਚਤ ਗਯਾਨ ॥੫॥

ਮੁਕਤੀ ਗਹੇ = ਗ੍ਰਹਿਣ ਭਾਵ ਪ੍ਰਾਪਤ ਕੀਤੇ ਤੋਂ ਬਿਨ = ਬਗ਼ੈਰ ਗਣ = ਬਹੁਤੇ ਜਨਮ ਪਾਉਂਦੇ ਹਨ **ਵਾ:** ਸਾਰਾ ਜਨਮ ਮੁਕਤੀ ਪ੍ਰਾਪਤ ਕੀਤੇ ਤੋਂ ਬਿਨਾਂ ਬਿਅਰਥ ਹੀ ਗਵਾ ਲੈਂਦੇ ਹਨ ਅਤੇ ਸ੍ਵ = ਆਪਣੇ ਪਰ = ਪਰਾਏ ਦੇ (ਅ + ਕਿੰਚਤ) ਕਿੰਚਤ = ਥੋੜ੍ਹੇ ਮਾਤਰ ਗਿਆਨ ਤੋਂ ਵੀ ਅ = ਰਹਿਤ ਹਨ ਭਾਵ ਰਤੀ ਮਾਤਰ ਵੀ ਗਿਆਨ ਪ੍ਰਾਪਤ ਨਹੀਂ ਕਰਦੇ, ਸਾਰਾ ਜਨਮ ਬਿਅਰਥ ਹੀ ਵਿਸ਼ੇ ਭੋਗਾਂ ਵਿਚ ਗਵਾ ਲੈਂਦੇ ਹਨ ॥੫॥

## ਕਬਿੱਤ ॥
## ਵਹੀ ਜਨ ਜਨਮੇ ਕਪਾਲ ਜਾ ਕੇ ਉਜਲ ਕੋ ਧਾਰਯੋ;
## ਸਮਰਾਰਿ ਸਿਰੇ ਉਚੌ ਅਲੰਕਾਰ ਮਾਨ ॥

ਸੰਸਾਰ ਵਿਚ ਵਹੀ = ਉਹੀ ਜਨ = ਪੁਰਸ਼ ਧੰਨਤਾ ਦੇ ਯੋਗ ਜਨਮੇ = ਜਨਮ ਵਾਲੇ ਹਨ, ਜਾ ਕੇ = ਜਿਨ੍ਹਾਂ ਦੇ ਉਜਲ = ਪਵਿੱਤਰ ਕਪਾਲ = ਮੱਥੇ ਭਾਵ ਸਿਰ ਕੋ = ਨੂੰ ਸਮਰਾਰਿ = ਸਮਰ ਨਾਮੀ ਦੈਂਤ ਨੂੰ ਮਾਰਨ ਵਾਲੇ ਸ਼ਿਵ ਜੀ ਨੇ ਆਪਣੇ ਸਿਰੇ = ਸਿਰ ਉਚੌ = ਉੱਪਰ ਅਲੰਕਾਰ = ਗਹਿਣਾ ਰੂਪ ਮਾਨ = ਮੰਨ ਕਰਕੇ ਧਾਰਯੋ = ਧਾਰਨਾ ਕੀਤਾ ਹੈ ਭਾਵ ਜਿਨ੍ਹਾਂ ਦੇ ਸਿਰਾਂ ਦੀ ਮਾਲਾ ਬਣਾ ਕਰਕੇ ਆਪਣੇ ਗਲ ਵਿਚ ਪਾਈ ਹੋਈ ਹੈ।

## ਮਾਨਦ ਅਮਾਨ, ਮਾਨ ਜਾਂ ਕੋ ਤਨੁ ਧਨੁ ਹਾਨ;
## ਪਰ ਕਾਮ ਹੇਤ ਹੋਤ ਵਹੀ ਜਨ ਧੰਨ ਜਾਨ ॥

ਜਾਂ ਫੇਰ ਵਹੀ = ਉਹੀ ਜਨ = ਪੁਰਸ਼ ਧੰਨ = ਧੰਨਤਾ ਦੇ ਯੋਗ ਜਾਨ = ਜਾਣਨਾ ਕਰੋ, ਜੋ ਅਮਾਨ = ਮਾਨ ਤੋਂ ਹੀਣਿਆਂ ਨੂੰ ਮਾਨਦ = ਮਾਨ ਦੇਣਾ ਕਰਦੇ ਹਨ ਜਾਂ ਕੋ = ਜਿਨ੍ਹਾਂ ਦਾ ਆਪਣਾ ਮਾਨ, ਤਨੁ = ਸਰੀਰ, ਧਨ ਇਹ ਸਭ ਕੁਝ ਪਰ = ਪਰਾਇਆਂ ਦੇ ਕਾਮ = ਕੰਮ ਸਫਲ ਕਰਨ ਹੇਤ = ਵਾਸਤੇ ਹਾਨ = ਨਾਸ਼ ਹੋਤ = ਹੋ ਜਾਂਦਾ ਹੈ ਭਾਵ ਜੋ ਪਰਾਇਆਂ ਦੇ ਭਲੇ ਹਿਤ ਆਪਣਾ ਸਰਬੰਸ ਵਾਰ ਦੇਂਦੇ ਹਨ।

## ਕੇਚਿਤ ਇਦਾਨੀ ਪ੍ਰਾਨੀ ਬ੍ਰਿਥਾ ਮਾਨ ਮਾਨੀ ਭਏ;
## ਅਬਲਾਦਿ ਜਾਚਕਾਨ ਕੀਨੋ ਮਾਨ ਜੋ ਮਹਾਨ ॥

ਕੇਚਿਤ = ਕਈ ਕੁ ਪ੍ਰਾਨੀ = ਪ੍ਰਾਣਾਧਾਰੀ ਜੀਵ ਇਦਾਨੀ = ਇਸ ਸਮੇਂ ਬ੍ਰਿਥਾ = ਬਿਅਰਥ ਹੀ ਮਾਨ ਮਾਨੀ = ਮਾਨ ਵਾਲੇ ਭਏ = ਹੋ ਰਹੇ ਹਨ, ਕਿਉਂਕਿ ਉਨ੍ਹਾਂ ਦਾ ਜੋ ਅਬਲਾਦਿ = ਇਸਤਰੀ, ਪੁੱਤਰ ਆਦਿਕ ਸੰਬੰਧੀਆਂ ਤੇ ਜਾਚਕਾਨ = ਮੰਗਣ ਵਾਲਿਆਂ ਨੇ ਮਹਾਨ ਮਾਨ = ਸਤਿਕਾਰ ਕੀਨੋ = ਕੀਤਾ ਹੈ, ਉਹ ਉਸ ਕਰਕੇ ਹੀ ਮਹਾਨ ਮਾਨੀ ਹੋ ਰਹੇ ਹਨ।

## ਤਾਸ ਮਾਨ ਤਾਪ ਤੇ ਪੁਮਾਨ ਕੈਸੇ ਤਪੇਂ ਆਪੁ;
## ਮਾਨ ਕੇ ਸਮਾਨ ਅਪਮਾਨਨ ਕੋ ਕਰੇ ਮਾਨ ॥੬॥

ਉਹ ਮਾਨੀ ਪੁਮਾਨ = ਪੁਰਸ਼ ਤਾਸ = ਉਸ ਮਾਨ ਰੂਪ ਤਾਪ ਤੇ = ਨਾਲ ਆਪੁ = ਆਪਣੇ ਆਪ ਵਿਚ ਕੈਸੇ = ਕਿਸ ਪ੍ਰਕਾਰ ਨਾਲ ਤਪੇ ਹੋਏ ਹਨ ? ਭਾਵ ਉਹ ਮਾਨ ਕੇ = ਦੇ ਸਮਾਨ ਹੀ ਅਪਮਾਨ ਕੋ = ਦਾ ਮਾਨ ਕਰੇ = ਕਰਦੇ ਹਨ **ਅਥਵਾ** ਉਨ੍ਹਾਂ ਨੂੰ ਮਾਨ ਦਾ ਐਸਾ ਤਾਪ ਚੜ੍ਹਿਆ ਹੋਇਆ ਹੈ ਕਿ ਜੇਕਰ ਕੋਈ ਉਨ੍ਹਾਂ ਦਾ ਅਪਮਾਨ ਵੀ ਕਰਦਾ ਹੈ ਤਾਂ ਉਹ ਅਪਮਾਨ ਨੂੰ ਵੀ ਮਾਨ ਜਾਣਦੇ ਹਨ, ਇਉਂ ਮਹਾਨ ਮਾਨੀ ਹੋ ਰਹੇ ਹਨ ॥੬॥

## ਦੋਹਰਾ ॥ ਅਹੰਕਾਰ ਤੇ ਹੋਤ ਸਭ ਕ੍ਰਿਤ; ਬਰਤਾਦਿ ਫਲ ਹਾਨ ॥

ਅਹੰਕਾਰ ਕਰਨ ਦੇ ਤੇ = ਨਾਲ ਜਪ, ਤਪ, ਪੁੰਨ, ਦਾਨ ਬਰਤਾਦਿ = ਵਰਤ ਆਦਿਕ ਸਭ = ਸਾਰੇ ਕ੍ਰਿਤ = ਕਰਮਾਂ ਦਾ ਫਲ ਹਾਨ = ਨਾਸ਼ ਹੋਤ = ਹੋ ਜਾਂਦਾ ਹੈ।

## ਅਰੁ ਬਿਨੁ ਗੁਣ ਜੋ ਦਰਪ ਹੈ; ਸੋ ਅਰਿ ਸਰਪ ਸਮਾਨ ॥੭॥

ਅਰੁ = ਅਤੇ ਜੋ ਬਿਨਾਂ ਗੁਣਾਂ ਤੋਂ ਦਰਪ = ਹੰਕਾਰ ਕਰਨਾ ਹੈ, ਸੋ = ਉਹ ਹੰਕਾਰ ਸਰਪ = ਸੱਪ ਦੇ ਸਮਾਨ ਅਰਿ = ਦੁਸ਼ਮਣ ਹੈ ਭਾਵ ਜੋ ਸ਼ੁਭ ਗੁਣਾਂ ਦਾ ਹੰਕਾਰ ਕਰਨਾ ਹੈ, ਉਸ ਨਾਲ ਤਾਂ ਗੁਣਾਂ ਦਾ ਫਲ ਨਾਸ਼ ਹੋ ਜਾਂਦਾ ਹੈ ਪਰ ਜੋ ਬਿਨਾਂ ਗੁਣਾਂ ਤੋਂ ਹੀ ਹੰਕਾਰ ਕਰਦਾ ਹੈ, ਉਸ ਦਾ ਹੰਕਾਰ ਸੱਪ ਦੇ ਸਮਾਨ ਉਸ ਪੁਰਖ ਦੇ ਨਾਸ਼ ਹੋਣ ਦਾ ਕਾਰਨ ਬਣਦਾ ਹੈ ॥੭॥

## ਸੋਰਠਾ ॥

## ਤਾਂਤੇ ਮਤੁ ਮਤਿਮਾਨ; ਮਾਨ ਕਰੇ ਅਭਿਮਾਨ ਕੋ ॥

ਤਾਂਤੇ = ਇਸ ਕਰਕੇ ਮਤਿਮਾਨ = ਬੁੱਧੀਵਾਨ ਪੁਰਸ਼ ਆਪਣੇ ਸ਼ੁਭ ਗੁਣਾਂ ਦੇ ਅਭਿਮਾਨ = ਹੰਕਾਰ ਦਾ ਵੀ ਮਾਨ ਮਤੁ = ਮਤਾਂ ਕਰਨਾ ਕਰੇ ਭਾਵ ਆਪਣੇ ਗੁਣਾਂ ਦਾ ਹੰਕਾਰ ਕਦਾਚਿਤ ਨਾ ਕਰੇ।

## ਗਰਬ ਸਰਬ ਦੁਖ ਖਾਨ; ਸੁਖ ਅਵਾਸ ਮਦ ਨਾਸ ਹੈ ॥੮॥

ਕਿਉਂਕਿ ਇਹ ਗਰਬ = ਹੰਕਾਰ ਹੀ ਸਰਬ = ਸਾਰੇ ਦੁੱਖਾਂ ਦੀ ਖਾਨ ਹੈ ਅਤੇ ਸੁੱਖਾਂ ਦੇ ਅਵਾਸ = ਘਰ ਨੂੰ ਮਦ = ਹੰਕਾਰ ਹੀ ਨਾਸ਼ ਕਰਦਾ ਹੈ ॥੮॥

## ਕਬਿੱਤ ॥

## ਬਲ ਕੋ ਪਤਾਲ ਤੇ ਨਿਕਾਲ ਕੇ ਨਾ ਨਾਕ ਪਠੋ;
## ਕਾਲ ਕੇ ਨ ਨਾਸ ਕੀਨੋ ਭਵ ਰਿਪੁ ਪੀਨੋ ਹੈ ॥

ਬਲ ਰਾਜੇ ਕੋ = ਨੂੰ ਕਿਸੇ ਨੇ ਵੀ ਅੱਜ ਤਕ ਪਤਾਲ ਤੇ = ਤੋਂ ਬਾਹਰ ਨਿਕਾਲ = ਕੱਢ ਕਰਕੇ ਨਾਕ = ਸਵਰਗ ਵਿਚ ਨਾ = ਨਹੀਂ ਪਠੋ = ਭੇਜਣਾ ਕੀਤਾ ਹੈ ਅਤੇ ਉਸ ਕਾਲ ਦਾ ਵੀ ਕਿਸੇ ਨੇ ਨਾਸ਼ ਨਹੀਂ ਕੀਨੋ = ਕੀਤਾ, ਜਿਹੜਾ ਸਾਰੇ ਭਵ = ਸੰਸਾਰ ਦਾ ਪੀਨੋ = ਬਲਵਾਨ ਰਿਪੁ = ਦੁਸ਼ਮਣ ਹੈ।

## ਬਿਧੁ ਕੀ ਨ ਮੈਲ ਧੋਈ, ਬਿਆਧਿ ਕੀ ਨ ਜੜ ਖੋਈ;
## ਸੇਖ ਸੀਸ ਭਾਰ ਸੋ ਨ ਕਹੂੰ ਖਿਣ ਲੀਨੋ ਹੈ ॥

ਬਿਧੁ = ਚੰਦਰਮਾ ਕੀ = ਦੀ ਵੀ ਕਿਸੇ ਨੇ ਮੈਲ = ਕਾਲਖ ਧੋਈ = ਧੋਣਾ ਨਹੀਂ ਕੀਤੀ, ਸੰਸਾਰ ਵਿੱਚੋਂ ਬਿਆਧਿ = ਰੋਗਾਂ ਕੀ = ਦੀ ਜੜ੍ਹ ਵੀ ਕਿਸੇ ਨੇ ਅੱਜ ਤਕ ਖੋਈ = ਗਵਾਉਣਾ ਨਹੀਂ ਕੀਤੀ ਭਾਵ ਨਾਸ਼ ਨਹੀਂ ਕੀਤੀ ਅਤੇ ਸੇਖ = ਸ਼ੇਸ਼ਨਾਗ ਦੇ ਸੀਸ = ਸਿਰ ਉਪਰਲੇ ਸੋ = ਉਸ ਭਾਰ = ਬੋਝ ਨੂੰ ਕਹੂੰ = ਕਿਸੇ ਨੇ ਵੀ ਆਪਣੇ ਸਿਰ ਉੱਪਰ ਇਕ ਛਿਨ ਮਾਤਰ ਵੀ ਲੀਨੋ = ਲੈਣਾ ਨਹੀਂ ਕੀਤਾ।

## ਪੌਰਖ ਨ ਕਛੂ ਕੀਨੋ, ਕ੍ਰੋਧ ਅਭਿਮਾਨ ਪੀਨੋ;
## ਬਿਰਥਾ ਮਾਨ ਲੀਨੋ, ਨਰ ਨਾਗ ਸਿੰਘ ਚੀਨੋ ਹੈ ॥

ਪੌਰਖ = ਬਹਾਦਰੀ ਦਾ ਕੰਮ ਕਿਸੇ ਨੇ ਕਛੂ = ਕੁਝ ਵੀ ਨਹੀਂ ਕੀਨੋ = ਕੀਤਾ, ਪਰੰਤੂ ਕ੍ਰੋਧ ਤੇ

ਅਭਿਮਾਨ = ਹੰਕਾਰ ਬਹੁਤ ਪੀਨੋ = ਸਥੂਲ ਰੂਪ ਦੇ ਵਿਚ ਧਾਰਨ ਕੀਤਾ ਹੋਇਆ ਹੈ, ਇਉਂ ਜੀਵਾਂ ਨੇ ਆਪਣੇ ਹਿਰਦੇ ਵਿਚ ਬਿਰਥਾ = ਵਿਅਰਥ ਹੀ ਮਾਨ ਧਾਰ ਲੀਨੋ = ਲੈਣਾ ਕੀਤਾ ਹੋਇਆ ਹੈ ਅਤੇ ਆਪਣੇ ਆਪ ਨੂੰ ਨਾਗ = ਹਾਥੀ ਤੇ ਸਿੰਘ = ਸ਼ੇਰ ਸਮਾਨ ਬਲ ਵਾਲੇ ਚੀਨੋ = ਪਛਾਨਣਾ ਕੀਤਾ ਹੈ।

## ਕੀਕਰ ਕੋ ਤਰੁ ਲਾਏ, ਕੀਕਰ ਸੁ ਫਲ ਪਾਏ;
## ਸਾਧਨ ਕੋ ਪਦ ਚਾਹੇ, ਸਾਧਨ ਤੇ ਹੀਨੋ ਹੈ ॥੯॥

ਜੋ ਪੁਰਸ਼ ਕਿੱਕਰ ਦਾ ਤਰੁ = ਬ੍ਰਿਛ ਲਾਏ = ਲਾਉਣਾ ਕਰੇਗਾ, ਸੁ = ਉਸ ਨੂੰ ਕਿੱਕਰ ਦਾ ਹੀ ਫਲ ਪਾਏ = ਪ੍ਰਾਪਤ ਹੋਵੇਗਾ, ਬਿਜੌਰ ਦੇਸ਼ ਦੀਆਂ ਦਾਖਾਂ ਨਹੀਂ ਮਿਲਣ ਲੱਗੀਆਂ ਅਤੇ ਸਮ ਦਮ ਆਦਿਕ ਸਾਧਨ = ਸਾਧਨਾਂ ਤੇ = ਤੋਂ ਹੀਨੋ = ਹੀਣਾ ਪੁਰਸ਼ ਸਾਧਨ = ਸਾਧੂਆਂ ਦੇ ਪਦ = ਰੁਤਬੇ ਕੋ = ਨੂੰ ਚਾਹੇ = ਚਾਹੁੰਦਾ ਹੈ, ਜੋ ਕਦਾਚਿਤ ਵੀ ਪ੍ਰਾਪਤ ਨਹੀਂ ਹੋ ਸਕਦਾ ॥੯॥

## ਸ੍ਵੈਯਾ ॥ ਰਮਣੀਕ ਮਯੰਕ ਕੀਆ ਕਿਰਣਾਂ;
## ਕਲਿ ਭੂਮ ਬਨਾਂਤ ਹਰੇ ਤ੍ਰਿਣ ਵਾਰੀ ॥

ਮਯੰਕ = ਚੰਦਰਮਾ ਕੀਆ = ਦੀਆਂ ਕਿਰਣਾਂ ਬਹੁਤ ਠੰਢੀਆਂ ਤੇ ਰਮਣੀਕ = ਸੁੰਦਰ ਹਨ, (ਬਨ + ਅੰਤ) ਬਨ = ਜੰਗਲ ਦੇ ਅੰਤ = ਅਖ਼ੀਰ ਤਕ ਹਰੇ-ਹਰੇ ਤ੍ਰਿਣ = ਘਾਹ ਵਾਰੀ = ਵਾਲੀ ਭੂਮ = ਧਰਤੀ ਵੀ ਬਹੁਤ ਕਲਿ = ਸੁੰਦਰ ਹੈ।

## ਸਤ ਸੰਗਤਿ ਸੁੰਦਰ ਚਾਰ ਸਤੋ;
## ਸੁਖ ਮੰਜ ਨਿਬੰਧ ਕਥਾਮ੍ਰਿਤ ਭਾਰੀ ॥

ਜਿਥੇ ਸੰਤਾਂ ਦੀ ਸੰਗਤ ਬਹੁਤ ਸੁੰਦਰ ਹੈ, ਜੋ ਚਾਰ = ਸੁੰਦਰ ਸਤੋਮਈ ਗੁਣ ਦੇਣ ਵਾਲੀ ਹੈ ਅਤੇ ਜਿਥੇ ਮੰਜ = ਪਵਿੱਤਰ ਧਾਰਮਿਕ ਨਿਬੰਧ = ਗ੍ਰੰਥਾਂ ਦੀ ਕਥਾਮ੍ਰਿਤ = ਅੰਮ੍ਰਿਤਮਈ ਕਥਾ ਬੜਾ ਭਾਰੀ ਸੁਖ ਦੇਣ ਵਾਲੀ ਹੈ।

## ਰੁਠ ਸੋਂ ਉਠ ਕੇ ਲਵ ਲੋਚਨ ਤੇ ਸੁਠ;
## ਤਾਂ ਮਿਲ ਨਾਂਰਿ ਮੁਖਾਂਬੁਜ ਕਾਰੀ ॥

ਇਸਤਰੀ ਦੇ ਰੁਠ = ਰੁੱਸ ਜਾਣ ਸੋਂ = ਨਾਲ ਜੋ ਉਸ ਦੇ ਲੋਚਨ = ਨੇਤਰਾਂ ਵਿੱਚੋਂ ਲਵ = ਹੰਝੂਆਂ ਦੀ ਬੂੰਦ ਉੱਠ ਕਰਕੇ ਗਿਰ ਰਹੀ ਹੈ, ਤੇ = ਉਹ ਕਾਲੇ ਸੁਰਮੇ ਨਾਲ ਮਿਲ ਕਰਕੇ ਬੜੀ ਸੁਠ = ਸੁੰਦਰ ਪ੍ਰਤੀਤ ਹੁੰਦੀ ਹੈ ਤਾਂ = ਉਸ ਨਾਲ ਮਿਲਣ ਕਰਕੇ ਨਾਂਰਿ = ਇਸਤਰੀ ਦੇ (ਮੁਖ + ਅੰਬੁਜ) ਮੁਖ ਰੂਪੀ ਅੰਬੁਜ = ਕਮਲ 'ਤੇ ਕਾਰੀ = ਰੇਖਾ (ਲੀਕ) ਪੈ ਗਈ ਹੈ, ਜੋ ਅਤਿਅੰਤ ਸੁੰਦਰ ਪ੍ਰਤੀਤ ਹੋ ਰਹੀ ਹੈ।

## ਰਮਨੀਯ ਸਬੀ ਚਿਤ ਸਾਂਤਿ ਜਬੀ ਨ;
## ਰਮਨੀਯ ਤਬੀ ਨ ਕਿਛੂ ਨਿਰ ਧਾਰੀ ॥੧੦॥

ਹੇ ਭਾਈ! ਇਹ ਸਬੀ = ਸਾਰੀਆਂ ਵਸਤੂਆਂ ਉਦੋਂ ਤਕ ਹੀ ਰਮਨੀਯ = ਸੁੰਦਰ ਦਿੱਸਦੀਆਂ ਹਨ,

ਜਬੀ = ਜਦੋਂ ਤਕ ਚਿੱਤ ਸਾਂਤਿ ਅਵਸਥਾ ਨੂੰ ਪ੍ਰਾਪਤ ਨਹੀਂ ਕਰਦਾ, ਪਰੰਤੂ ਜਦੋਂ ਚਿੱਤ ਸ਼ਾਂਤ ਹੋ ਗਿਆ, ਤਬੀ = ਤਦੋਂ ਫਿਰ ਰਮਨੀਯ = ਸੁੰਦਰ ਤੇ ਸੁੰਦਰਤਾ ਤੋਂ ਰਹਿਤ ਵਸਤੂਆਂ ਵਿਚ ਕਿਛੂ = ਕੁਝ ਵੀ ਨਿਰ = ਨਿਰਣਾ ਧਾਰੀ = ਧਾਰਨ ਨਹੀਂ ਕੀਤਾ ਜਾਂਦਾ ਹੈ ਭਾਵ ਜਦੋਂ ਤਕ ਆਤਮਿਕ ਸਰੂਪ ਦੀ ਪ੍ਰਾਪਤੀ ਨਹੀਂ ਹੁੰਦੀ, ਤਦੋਂ ਤਕ ਬਾਹਰਲੇ ਪਦਾਰਥ ਸੁੰਦਰ ਤੇ ਅਸੁੰਦਰ ਦਿੱਸਦੇ ਹਨ। ਜਦੋਂ ਆਤਮਿਕ ਸਰੂਪ ਦੀ ਪ੍ਰਾਪਤੀ ਦੁਆਰਾ ਚਿੱਤ ਸ਼ਾਂਤ ਹੋ ਗਿਆ ਤਾਂ ਫਿਰ ਕੋਈ ਸੁੰਦਰਪੁਣਾ ਤੇ ਨਾ-ਸੁੰਦਰਪੁਣਾ ਨਹੀਂ ਦਿੱਸਦਾ, ਸਭ ਬ੍ਰਹਮ ਹੀ ਦਿੱਸਦਾ ਹੈ। ਜਿਵੇਂ ਸੁਨਿਆਰੇ ਨੂੰ ਕੜਾ, ਕੈਂਠਾ, ਵਾਲ਼ੀਆਂ ਸਭ ਵਸਤੂਆਂ ਵਿਚ ਸੋਨਾ ਹੀ ਸੋਨਾ ਦਿੱਸਦਾ ਹੈ, ਇਸੇ ਤਰ੍ਹਾਂ ਬ੍ਰਹਮ ਗਿਆਨੀ ਨੂੰ ਸਭ ਜਗ੍ਹਾ ਬ੍ਰਹਮ ਹੀ ਬ੍ਰਹਮ ਦਿੱਸਦਾ ਹੈ। ਜੈਸਾ ਕਿ :

**ਜੱਤ੍ਰ ਤੱਤ੍ਰ ਮਨੋ ਜਾਤੀ॥ ਤੱਤ੍ਰ ਤੱਤ੍ਰ ਬ੍ਰਹਮ ਦ੍ਰਿਸਟਾਤੀ॥**

## ਦੋਹਰਾ ॥

## ਦੁਖ ਆਨੰਦ ਅਰੁ ਮਿਤੁ ਅਰਿ; ਪੁਨਾ ਸਰੂਪ ਕਰੂਪ ॥

ਦੁੱਖ ਤੇ ਆਨੰਦ ਅਰੁ = ਅਤੇ ਮਿੱਤਰ ਤੇ ਅਰਿ = ਦੁਸ਼ਮਣ ਪੁਨਾ = ਫਿਰ ਸੁੰਦਰ ਸਰੂਪ ਤੇ ਕਰੂਪ = ਖੋਟਾ ਰੂਪ :

## ਦ੍ਵੰਧ ਵਾਦ ਪਰਮਾਦ ਮੋ; ਅਪ੍ਰਮਾਦ ਸ਼ਿਵ ਰੂਪ ॥੧੧॥

ਇਹ ਦ੍ਵੰਦ ਵਾਦ ਅਗਿਆਨ ਰੂਪੀ ਪਰਮਾਦ = ਨਸ਼ੇ ਮੋ = ਵਿਚ ਹੈ। ਜਦੋਂ ਜੀਵ ਅਗਿਆਨ ਰੂਪੀ (ਅ + ਪ੍ਰਮਾਦ) ਪ੍ਰਮਾਦ = ਨਸ਼ੇ **ਵਾ:** ਕਮਲੇਪਨ ਤੋਂ ਅ = ਰਹਿਤ ਹੋ ਜਾਵੇ ਭਾਵ ਜਦੋਂ ਅਗਿਆਨ ਨਾਸ਼ ਹੋ ਜਾਵੇ, ਤਦੋਂ ਫਿਰ ਸਭ ਜਗ੍ਹਾ ਸ਼ਿਵ = ਕਲਿਆਨ ਸਰੂਪ ਪਰਮਾਤਮਾ ਹੀ ਦਿੱਸਦਾ ਹੈ॥੧੧॥

## ਸੋਰਠਾ ॥

## ਨਿਜ ਕੁਖ ਪੋਖਨ ਕਾਮ; ਤੁਲ ਕੁਲ ਦੀਨ ਕਬੀ ਨ ਹੁਇ ॥

ਜਿਹੜਾ ਪੁਰਸ਼ ਨਿਜ = ਆਪਣੇ ਕੁਖ = ਪੇਟ ਨੂੰ ਪੋਖਨ = ਪਾਲਣ ਭਾਵ ਭਰਨ ਦੇ ਕਾਮ = ਕੰਮ ਵਾਸਤੇ ਕਿਸੇ ਤੁਲ = ਸਮਾਨ ਕੁਲ ਵਾਲੇ ਭਾਵ ਆਪਣੇ ਬਰਾਬਰ ਦੇ ਪੁਰਸ਼ ਅੱਗੇ ਕਬੀ = ਕਦੇ ਵੀ ਦੀਨ ਨਹੀਂ ਹੁਇ = ਹੁੰਦਾ।

## ਜਾਚੇ ਬਨ ਵਾ ਗ੍ਰਾਮ; ਮਾਨੀ ਪ੍ਰਾਨੀ ਧੰਨ ਵਹੁ ॥੧੨॥

ਬਨ = ਜੰਗਲ ਵਿੱਚੋਂ ਕੰਦ ਮੂਲ ਖਾ ਕਰਕੇ ਵਾ = ਅਥਵਾ ਗ੍ਰਾਮ = ਪਿੰਡ ਵਿਚ ਜਾਚੇ = ਮੰਗ ਕਰਕੇ ਆਪਣਾ ਪੇਟ ਭਰਦਾ ਹੈ, ਵਹੁ = ਉਹ ਮਾਨ ਧਾਰੀ ਪ੍ਰਾਨੀ = ਪੁਰਸ਼ ਧੰਨਤਾ ਦੇ ਯੋਗ ਹੈ॥੧੨॥

## ਸ੍ਵੈਯਾ ॥ ਬਨ ਗ੍ਰਾਮਨੀ ਮੌ ਢਕਪਾਲੀ ਕਪਾਲੀ; ਸਿਤਾਂਬਰ ਸੋ ਗਹੇ ਭੀਖ ਸ੍ਵਤੰਤਰ ॥

ਜੋ ਬਨ = ਜੰਗਲ ਮੌ = ਵਿਚ ਢਕਪਾਲੀ = ਢੱਕ ਪਲਾਹ ਦੇ ਬ੍ਰਿਛਾਂ ਦਾ ਗ੍ਰਾਮਨੀ = ਸਮੂਹ, ਝੁੰਡ ਹੈ,

ਉਸ ਦੇ ਪੱਤਰਾਂ ਦਾ ਕਪਾਲੀ = ਖੱਪਰ (ਭਿੱਖਿਆ ਮੰਗਣ ਵਾਲਾ ਪਾਤਰ) ਬਣਾਉਣਾ ਕਰੇ ਅਤੇ ਸਿਤਾਂਬਰ = ਚਿੱਟੇ ਕੱਪੜਿਆਂ ਵਾਲਾ ਸਾਧੂ ਸੋ = ਉਸ ਪਾਤਰ ਨੂੰ ਗਹੇ = ਪਕੜ ਕਰਕੇ ਭੀਖ = ਭਿੱਖਿਆ ਮੰਗਣਾ ਕਰੇ ਤੇ ਸੁਤੰਤਰ ਹੋ ਕੇ ਵਿਚਰਨਾ ਕਰੇ।

## ਜਿਹ ਧਾਮਨ ਮੋ, ਬਰ ਬ੍ਰਾਮਨ ਹੋਮੰਤ;
## ਅੰਨ ਤਿਲਾਦਿ ਪਰਜਾਰ ਬਸੰਤਰ॥

ਜਿਹ = ਜਿਨ੍ਹਾਂ ਧਾਮਨ = ਘਰਾਂ ਮੋ = ਵਿਚ ਬਰ = ਸ੍ਰੇਸ਼ਟ ਬ੍ਰਾਹਮਣ ਜੌਂ, ਤਿਲਾਦਿ = ਤਿਲ ਆਦਿਕ ਅੰਨ = ਅਨਾਜ ਨੂੰ ਪਰਜਾਰ = ਪ੍ਰਚੰਡ ਬਸੰਤਰ = ਅੱਗ ਵਿਚ ਹੋਮੰਤ = ਹਵਨ ਕਰਦਾ ਹੋਵੇ।

## ਤਿਹ ਹੋਮ ਕੇ ਧੂੰਮ ਸੋਂ ਮੰਦਰ ਕੋ ਲਖ;
## ਧੂਸਰ ਅੰਤਰ ਭਾਗ ਨਿਰੰਤਰ॥

ਜਿਸ ਮੰਦਰ = ਘਰ ਕੋ = ਨੂੰ ਤਿਹ = ਉਸ ਹੋਮ = ਹਵਨ ਕੇ = ਦੇ ਧੂੰਮ = ਧੂੰਏਂ ਸੋਂ = ਨਾਲ ਅੰਤਰ = ਅੰਦਰਲੇ ਭਾਗ = ਹਿੱਸੇ ਤਕ ਨਿਰੰਤਰ = ਇਕ-ਰਸ ਭਾਵ ਇਕਸਾਰ ਧੂਸਰ = ਧੂੰਏਂ-ਰੰਗਾ ਹੋਇਆ ਲਖ = ਜਾਣ ਲੈਣਾ ਕਰੇ।

## ਵਿਚਰੋ ਸੁ ਪ੍ਰਸਾਦਿ ਪ੍ਰਸਾਦ ਵਿਖੇ;
## ਭਖਾਦਿ ਪਰਸਾਦਿ ਭਖੇ ਪਰਤੰਤਰ॥੧੩॥

ਸੁ = ਉਸ ਪ੍ਰਕਾਰ ਦੇ ਪ੍ਰਸਾਦਿ ਪ੍ਰਸਾਦ = ਵੱਡੇ-ਵੱਡੇ ਘਰਾਂ ਵਿਚ **ਵਾ:** ਪ੍ਰਸਾਦਿ ਪ੍ਰਸਾਦਿ = ਭੋਜਨ ਬਣਨ ਵਾਲੇ ਘਰਾਂ-ਘਰਾਂ ਵਿਖੇ = ਵਿਚ ਭਿੱਖਿਆ ਮੰਗਣ ਲਈ ਵਿਚਰੋ = ਵਿਚਰਨਾ ਕਰੇ ਅਤੇ ਇਉਂ ਪਰਤੰਤਰ = ਪਰਾਇਆਂ ਦੇ ਘਰੋਂ ਭਖਾਦਿ = ਖਾਣ ਯੋਗ ਪਰਸਾਦਿ = ਭੋਜਨ ਨੂੰ ਲੈ ਕਰਕੇ ਭਖੇ = ਭਖ਼ਸ਼ਣ ਭਾਵ ਛਕਣਾ ਕਰੇ॥੧੩॥

## ਸੋਰਠਾ॥
## ਜੋ ਜਨ ਮਾਨੀ ਆਹਿ; ਭੋਜਨ ਭਿਖਯਾ ਕੋ ਕਰੇ॥

ਜੋ = ਜਿਹੜਾ ਜਨ = ਪੁਰਸ਼ ਮਾਨੀ = ਮਾਨ ਧਾਰੀ ਆਹਿ = ਹੈ, ਉਹ ਭਿੱਖਿਆ ਦੇ ਭੋਜਨ ਕੋ = ਨੂੰ ਖਾਣਾ ਕਰੇ।

## ਬਾਇਕ ਸਾਇਕ ਨਾਹਿ; ਸਹੇ ਸਜਾਤੀ ਜਨੋ ਕੇ॥੧੪॥

ਪਰ ਸਜਾਤੀ = ਆਪਣੀ ਜਾਤੀ ਵਾਲੇ ਜਨੋ = ਪੁਰਖਾਂ ਕੇ = ਦੇ ਸਾਇਕ = ਤੀਰਾਂ ਵਰਗੇ ਬਾਇਕ = ਬਚਨ ਨਾ ਸਹੇ = ਸਹਾਰਨ ਕਰੇ ਭਾਵ ਸ਼ਰੀਕਾਂ ਦੇ ਤੀਰਾਂ ਵਰਗੇ ਬਚਨ ਸਹਾਰਨ ਨਾਲੋਂ ਭਿੱਖਿਆ ਮੰਗ ਕੇ ਖਾਣਾ ਚੰਗਾ ਹੈ॥੧੪॥

## ਦੋਹਰਾ ॥

## ਜਿਸ ਅੰਬਰੀ ਕੇ ਖੰਡ ਕਰਿ; ਨਿਸ ਮੈ ਸੋਮ ਬਤੀਤ ॥

ਜਿਸ ਅੰਬਰੀ = ਅਕਾਸ਼ ਕੇ = ਦੇ ਖੰਡ ਕਰ ਕੇ ਨਿਸ = ਰਾਤ ਮੈ = ਵਿਚ ਸੋਮ = ਚੰਦਰਮਾ ਬਤੀਤ ਜਾਂਦਾ ਹੈ ਭਾਵ ਰਾਤ ਬਤੀਤ ਹੋਈ ਤੋਂ ਛਿਪ ਜਾਂਦਾ ਹੈ।

## ਤਿਸੇ ਖੰਡ ਕਰ ਪੁਨ; ਦਿਨੋ ਮਾਰਤੰਡ ਸੰਵੀਤ ॥੧੫॥

ਪੁਨ = ਫਿਰ ਤਿਸੇ = ਉਸ ਅਕਾਸ਼ ਨੂੰ ਖੰਡ ਕਰ ਕੇ ਦਿਨੋ = ਦਿਨ ਬਤੀਤ ਹੋਏ ਤੋਂ ਮਾਰਤੰਡ = ਸੂਰਜ ਸੰਵੀਤ (ਸੰ + ਵੀਤ) ਸੰ = ਭਲੀ ਪ੍ਰਕਾਰ ਵੀਤ = ਬਤੀਤ ਭਾਵ ਅਸਤ ਹੋ ਜਾਂਦਾ ਹੈ॥੧੫॥

## ਦੋਹਰਾ ॥

## ਅਦਭੁਤ ਦੁਰਗਤ ਦੁਹਨ ਕੀ; ਭ੍ਰਮਤ ਸਰਬਦਾ ਜੋਇ ॥

ਇਨ੍ਹਾਂ ਦੁਹਨ = ਦੋਨਾਂ ਕੀ = ਦੀ ਭਾਵ ਸੂਰਜ ਤੇ ਚੰਦਰਮਾ ਦੀ ਅਦਭੁਤ = ਅਸਚਰਜ ਤੇ ਦੁਰਗਤ = ਬੁਰੀ ਹਾਲਤ ਹੈ, ਜੋਇ = ਜੋ ਇਹ ਦੋਵੇਂ ਸਰਬਦਾ = ਹਮੇਸ਼ਾਂ ਹੀ ਭ੍ਰਮਤ = ਭਟਕਦੇ ਰਹਿੰਦੇ ਹਨ।

## ਚਤੁਰ ਹੇਤੁ ਯਾਂ ਮੈ ਕਹੇ; ਲਖੇ ਚਤੁਰ ਨਰ ਕੋਇ ॥੧੬॥

ਯਾਂ ਮੈ = ਇਸ ਵਿਚ ਚਤੁਰ = ਚਾਰ ਹੇਤੁ = ਕਾਰਣ ਕਹੇ ਜਾਂਦੇ ਹਨ, ਜਿਨ੍ਹਾਂ ਨੂੰ ਕੋਇ = ਕੋਈ ਚਤੁਰ = ਸਿਆਣਾ ਨਰ = ਪੁਰਸ਼ ਲਖੇ = ਜਾਣਦਾ ਹੈ॥੧੬॥

ਹੁਣ ਅੱਗੇ ਉਨ੍ਹਾਂ ਕਾਰਣਾਂ ਬਾਰੇ ਦੱਸਦੇ ਹਨ:

## ਦੋਹਰਾ ॥

## ਕੈਧੌ ਕਰਮ ਵਿਪਾਕ ਕੋ; ਵਿਧ ਦਿਨਮਣਿ ਭੋਗੰਤ ॥

ਕੈਧੋ = ਜਾਂ ਤਾਂ ਦਿਨਮਣਿ = ਸੂਰਜ ਤੇ ਵਿਧ = ਚੰਦਰਮਾ ਕਿਸੇ ਕਰਮ ਦੇ ਵਿਪਾਕ = ਫਲ ਕੋ = ਨੂੰ ਭੋਗੰਤ = ਭੋਗਦੇ ਹਨ।

## ਬਿਨੁ ਭੋਗੇ ਭਾਗੇ ਨਹੀ; ਕਰਮ ਗਤੀ ਬਲਵੰਤ ॥੧੭॥

ਕਿਉਂਕਿ ਕਰਮਾਂ ਦੀ ਗਤੀ ਬੜੀ ਬਲਵੰਤ = ਬਲਵਾਨ ਹੈ, ਜੋ ਭੋਗੇ ਤੋਂ ਬਿਨੁ = ਬਗ਼ੈਰ ਭਾਗੇ = ਭੱਜਦੀ ਭਾਵ ਨਾਸ਼ ਨਹੀਂ ਹੁੰਦੀ॥੧੭॥ ਜੈਸਾ ਕਿ:

**ਅਵਸਯ ਮੇਵ ਭੁਕਤਬਯੰ ਕ੍ਰਿਤਾ ਕਰਮ ਸੁਭਾਸੁਭੰ ॥** *(ਸ੍ਰੁਤੀ)*

## ਕੈ ਹਰਿ ਮਯ ਲਖ ਜਗਤ ਕੋ; ਸੇਵ ਕਰਹਿ ਦੁਇ ਦੇਵ ॥

ਕੈ = ਜਾਂ ਫੇਰ ਦੁਇ = ਦੋਵੇਂ ਦੇਵਤੇ (ਚੰਦਰਮਾ, ਸੂਰਜ) ਜਗਤ = ਸੰਸਾਰ ਕੋ = ਨੂੰ ਹਰਿ = ਹਰੀ ਪਰਮਾਤਮਾ ਦਾ ਮਯ = ਰੂਪ ਲਖ = ਜਾਣ ਕਰਕੇ ਇਸ ਦੀ ਸੇਵਾ ਕਰਹਿ = ਕਰਦੇ ਹਨ, ਕਿਉਂਕਿ ਚੰਦਰਮਾ

ਖੇਤੀਆਂ ਵਿਚ ਰਸ ਪਾਉਣਾ ਕਰਦਾ ਹੈ ਤੇ ਸੂਰਜ ਖੇਤੀਆਂ ਨੂੰ ਪਕਾਉਂਦਾ ਹੈ। ਇਸੇ ਤਰ੍ਹਾਂ ਹੇ ਭਾਈ! ਤੁਸੀਂ ਇਸ ਸੰਸਾਰ ਨੂੰ ਪਰਮਾਤਮਾ ਦਾ ਰੂਪ ਜਾਣ ਕਰਕੇ ਇਸ ਦੀ ਸੇਵਾ ਕਰਨੀ ਕਰੋ।

## ਕਿਧੌਂ ਹਰੀ ਆਗਿਆ ਕਰੀ; ਭਾਵ ਮਰਯਾਦ ਹਿਤ ਏਵ ॥੧੮॥

ਕਿਧੌਂ = ਜਾਂ ਹਰੀ = ਪਰਮੇਸ਼ਰ ਨੇ ਇਨ੍ਹਾਂ ਦੋਵਾਂ ਨੂੰ ਉਦੈ-ਅਸਤ ਹੋਣ ਦੀ ਆਗਿਆ ਕਰੀ = ਕੀਤੀ ਹੋਈ ਹੈ ਅਤੇ ਇਨ੍ਹਾਂ ਨੇ ਭਾਵ = ਸੰਸਾਰ ਦੀ ਮਰਯਾਦਾ ਹਿਤ = ਵਾਸਤੇ ਉਸ ਹੁਕਮ ਨੂੰ ਮੰਨਣਾ ਕੀਤਾ ਹੋਇਆ ਹੈ। ਏਵ = ਇਸੇ ਪ੍ਰਕਾਰ ਤੁਸੀਂ ਵੀ ਪਰਮਾਤਮਾ ਦੀ ਆਗਿਆ ਦਾ ਪਾਲਣ ਕਰੋ ॥੧੮॥

## ਦੋਹਰਾ ॥

## ਅਥਵਾ ਸੰਤ ਜਨਾਨ ਕੇ; ਲਖਣ ਕੋ ਦਰਸੰਤ ॥

ਅਥਵਾ = ਜਾਂ ਫੇਰ ਦੋਵੇਂ ਦੇਵਤੇ ਸੰਤਾਂ ਜਨਾਨ = ਜਨਾਂ ਕੇ = ਦੇ ਲਖਣ = ਲੱਛਣਾਂ ਨੂੰ ਦਰਸੰਤ = ਦਰਸਾਉਣਾ ਕਰਦੇ ਹਨ।

## ਹੇਰ ਸੁਭਾਸੁਭ ਲੋਕ ਗਤਿ; ਹ੍ਵੈ ਅਸੰਗਾ ਵਿਚਰੰਤ ॥੧੯॥

ਸੰਤ ਜਨ ਲੋਕਾਂ ਦੀ (ਸੁਭ + ਅਸੁਭ) ਸੁਭ = ਚੰਗੀ ਅਸੁਭ = ਮਾੜੀ ਗਤਿ = ਹਾਲਤ ਵੇਖ ਕਰਕੇ ਵੀ ਸਭ ਤੋਂ ਅਸੰਗਾ = ਨਿਰਲੇਪ ਹੋ ਕਰਕੇ ਵਿਚਰੰਤ = ਵਿਚਰਦੇ ਹਨ **ਅਥਵਾ** ਸੂਰਜ ਦਿਨ ਵੇਲੇ ਸਭ ਦੇ ਚੰਗੇ ਮਾੜੇ ਕਰਮਾਂ ਨੂੰ ਵੇਖਦਾ ਹੈ, ਪਰ ਆਪ ਉਨ੍ਹਾਂ ਤੋਂ ਅਸੰਗ ਰਹਿੰਦਾ ਹੈ, ਇਵੇਂ ਹੀ ਚੰਦਰਮਾ ਰਾਤ ਨੂੰ ਸਾਰਿਆਂ ਦੇ ਚੰਗੇ ਮੰਦੇ ਕਰਮ ਦੇਖਦਾ ਹੈ, ਪਰ ਆਪ ਸਭ ਤੋਂ ਨਿਰਲੇਪ ਰਹਿੰਦਾ ਹੈ। ਇਉਂ ਚੰਦ ਤੇ ਸੂਰਜ ਸੰਤ ਜਨਾਂ ਦੇ ਗੁਣਾਂ ਨੂੰ ਪ੍ਰਗਟਾਉਣ ਵਾਸਤੇ ਪੈਦਾ ਹੋਏ ਹਨ, ਇਸ ਪ੍ਰਕਾਰ ਸੰਤ ਜਨ ਸਾਰਿਆਂ ਨਾਲ ਬੋਲਦੇ, ਚੱਲਦੇ ਦਿਸਦੇ ਹਨ, ਪਰ ਮਨ ਕਰਕੇ ਸਭ ਤੋਂ ਨਿਰਲੇਪ ਰਹਿੰਦੇ ਹਨ, ਕਿਉਂਕਿ ਇਕ ਪਰਮਾਤਮਾ ਦੇ ਪ੍ਰੇਮ ਰੰਗ ਵਿਚ ਰੱਤੇ ਹੋਏ ਹਨ ॥੧੯॥ ਜੈਸਾ ਕਿ:

**ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥**
**ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥੧॥** *(ਜੈਤਸਰੀ ਮ: ੫, ਅੰਗ ੭੦੧)*

## ਦੋਹਰਾ ॥

## ਤਜਹਿ ਆਪਦਾ ਮਾਹਿ ਭੀ; ਨਹਿ ਨਿਜਾਪਦਾ ਗਿਆਨ ॥

ਸੰਤ ਜਨ ਆਪਦਾ = ਬਿਪਤਾ ਦੇ ਸਮੇਂ ਮਾਹਿ = ਵਿਚ ਭੀ = ਵੀ ਨਿਜਾਪਦਾ = ਆਪਣੇ ਆਤਮ ਸਰੂਪ ਦਾ ਗਿਆਨ ਨਹੀਂ ਤਜਹਿ = ਤਿਆਗਦੇ। ਜਿਸ ਪ੍ਰਕਾਰ ਚੰਦਰਮਾ, ਸੂਰਜ ਗ੍ਰਹਿਣ ਅਵਸਥਾ ਵਿਚ ਵੀ ਉਦੇ-ਅਸਤ ਹੋਣ ਰੂਪ ਕਰਮ ਨਹੀਂ ਛੱਡਦੇ ਹਨ।

## ਸੂਚਕ ਗੁਣ ਮੁਕਤਨ ਕੇ; ਚੰਦ੍ਰ ਭਾਨ ਗਤਿ ਮਾਨ ॥੨੦॥

ਹੇ ਭਾਈ! ਇਸ ਕਰਕੇ ਮੁਕਤਨ = ਮੁਕਤ ਪੁਰਸ਼ਾਂ ਕੇ = ਦੇ ਗੁਣਾਂ ਦੀ ਸੂਚਕ = ਸੂਚਨਾ (ਖ਼ਬਰ) ਦੇਣ ਵਾਸਤੇ ਹੀ ਚੰਦਰਮਾ ਤੇ ਭਾਨ = ਸੂਰਜ ਦੀ ਉਦੇ-ਅਸਤ ਵਾਲੀ ਗਤੀ ਮਾਨ = ਮੰਨਣਾ ਕਰੋ ॥੨੦॥

## ਦੋਹਰਾ ॥

## ਤਾਂਹਿ ਗਤਾਗਤ ਕੋ ਕਹਤ; ਦੁਰਗਤਿ ਦੁਰਮਤਿ ਵੰਤ ॥

ਉਹ ਦੁਰਮਤਿ = ਖੋਟੀ ਬੁੱਧੀ ਵੰਤ = ਵਾਲੇ ਪੁਰਸ਼ ਤਾਂਹਿ = ਉਸ ਚੰਦਰਮਾ, ਸੂਰਜ ਦੀ ਗਤਾਗਤ = ਆਵਾਗਵਨ ਭਾਵ ਉਦੇ-ਅਸਤ ਹੋਣ ਵਾਲੀ ਗਤੀ ਕੋ = ਨੂੰ ਦੁਰਗਤਿ = ਖੋਟੀ ਦਸ਼ਾ ਕਹਤ = ਕਹਿੰਦੇ ਹਨ।

## ਪ੍ਰਾਕ ਉਕਤ ਚਹੂ ਹੇਤੁ ਕੋ; ਜੇ ਨ ਜਾਣਤੇ ਜੰਤ ॥੨੧॥

ਜੇ = ਜਿਹੜੇ ਜੰਤ = ਜੀਵ ਪ੍ਰਾਕ = ਪਹਿਲਾਂ ਉਕਤ = ਉਪਰੋਕਤ ਕਥਨ ਕੀਤੇ ਹੋਏ ਚਹੂ = ਚੌਹਾਂ ਹੇਤੁ = ਕਾਰਣਾਂ ਕੋ = ਨੂੰ ਜਾਣਤੇ = ਜਾਣਦੇ ਨਹੀਂ ਹਨ ॥੨੧॥

## ਦੋਹਰਾ ॥

## ਹਰੇ ਤ੍ਰਿਖਾ ਵੈਰਾਗ ਤਬ; ਪਰੇ ਵਿਵੇਕ ਵਿਕਾਸ ॥

ਤਬ = ਉਸ ਵੇਲੇ ਵੈਰਾਗ ਤ੍ਰਿਖਾ = ਤ੍ਰਿਸ਼ਨਾ ਨੂੰ ਹਰੇ = ਨਾਸ਼ ਕਰਦਾ ਹੈ, ਜਦੋਂ ਉਹ ਵਿਵੇਕ ਦੇ ਵਿਕਾਸ = ਪ੍ਰਕਾਸ਼ ਨੂੰ ਧਰੇ = ਧਾਰਨ ਕਰਦਾ ਹੈ ਭਾਵ ਜਦੋਂ ਵੈਰਾਗ ਵਿਵੇਕ ਦੇ ਸਹਿਤ ਹੁੰਦਾ ਹੈ।

## ਤੁੰਗ ਭੋਗ ਸੰਜੋਗ ਕਰ; ਹੋਤ ਨ ਤ੍ਰਿਸ਼ਨਾ ਨਾਸ ॥੨੨॥

ਪਰ ਤੁੰਗ = ਵੱਡੇ ਭਾਵ ਬਹੁਤੇ ਭੋਗਾਂ ਦਾ ਸੰਜੋਗ ਕਰਕੇ ਭਾਵ ਬਹੁਤ ਭੋਗ ਪਦਾਰਥ ਭੋਗ ਕਰਕੇ ਤ੍ਰਿਸ਼ਨਾ ਦਾ ਨਾਸ਼ ਨ = ਨਹੀਂ ਹੋਤ = ਹੁੰਦਾ ਹੈ ॥੨੨॥

## ਦੋਹਰਾ ॥

## ਪ੍ਰਤਿ ਦਿਨ ਬ੍ਰਿਧ ਤ੍ਰਿਸ਼ਨਾ ਭਵਤ; ਜਿਵ ਕ੍ਰਿਸਾਨ ਘ੍ਰਿਤ ਸੰਗ ॥

ਭੋਗਾਂ ਦੇ ਭੋਗਣੇ ਕਰਕੇ ਦਿਨ ਪ੍ਰਤਿ ਦਿਨ ਤ੍ਰਿਸ਼ਨਾ ਇਉਂ ਬ੍ਰਿਧ = ਵਧਣਾ ਭਵਤ = ਹੁੰਦੀ ਹੈ, ਜਿਵ = ਜਿਵੇਂ ਘ੍ਰਿਤ = ਘਿਉ ਦੇ ਸੰਗ = ਮਿਲਾਪ ਕਰ ਕੇ ਕ੍ਰਿਸਾਨ = ਅੱਗ ਵੱਧਦੀ ਜਾਂਦੀ ਹੈ।

ਇਕ ਹੋਰ ਪ੍ਰਮਾਣ ਦੇਂਦੇ ਹਨ :

## ਯਥਾ ਵਿਵੇਕੀ ਕੇ ਉਰੇ; ਵਿਦਯਾ ਬ੍ਰਿਧ ਅਭੰਗ ॥੨੩॥

ਯਥਾ = ਜਿਸ ਪ੍ਰਕਾਰ ਵਿਵੇਕੀ = ਵਿਵੇਕਮਾਨ ਪੁਰਸ਼ ਕੇ = ਦੇ ਉਰੇ = ਹਿਰਦੇ ਵਿਚ ਅਭੰਗ = ਨਾਸ਼ ਤੋਂ ਰਹਿਤ ਬ੍ਰਹਮ ਵਿੱਦਿਆ ਬ੍ਰਿਧ = ਵੱਧਦੀ ਜਾਂਦੀ ਹੈ ॥੨੩॥

## ਦੋਹਰਾ ॥ ਜਰਾ ਸਹਤ ਜੀਰਨ ਲਖੀ; ਅਪਨੀ ਸਕ੍ਰ ਵਿਭੂਤ ॥

ਜਦੋਂ ਸਕ੍ਰ = ਇੰਦਰ ਦਾ ਜਰਾ ਰਾਖਸ਼ ਸਹਤ = ਨਾਲ ਯੁੱਧ ਹੋਇਆ ਤਾਂ ਉਸ ਨੇ ਆਪਣੀ ਹਾਰ ਦੇ ਨਾਲ-ਨਾਲ ਸਾਰੀ ਵਿਭੂਤ = ਸੰਪਦਾ ਵੀ ਜੀਰਨ = ਨਾਸ਼ ਹੁੰਦੀ ਹੋਈ ਲਖੀ = ਜਾਣਨਾ ਕੀਤੀ।

## ਦੁਖੀ ਭਯੋ ਮਨ ਮਾਹਿ ਤਬ; ਤਾਹਿ ਬਿਨਾ ਪੁਰਹੂਤ ॥੨੪॥

ਤਬ = ਤਦੋਂ ਪੁਰਹੂਤ = ਇੰਦਰ ਤਾਹਿ = ਉਸ ਵਿਭੂਤੀ ਤੋਂ ਬਿਨਾਂ = ਬਗ਼ੈਰ ਹੋ ਕਰਕੇ ਮਨ ਮਾਹਿ = ਵਿਚ ਬਹੁਤ ਦੁਖੀ ਭਯੋ = ਹੋਇਆ ॥੨੪॥

## ਦੋਹਰਾ ॥

## ਨਸ਼ਟ ਵਿਭਵ ਭਵ ਦੁਸਹ ਦੁਖ;
## ਤਜ ਨਹਿ ਸਕੇ ਸੁਰੇਸ ॥

ਜੋ ਵਿਭਵ = ਵਿਭੂਤੀ ਦਾ ਨਸ਼ਟ = ਨਾਸ਼ ਹੋਣਾ ਹੈ, ਇਹ ਭਵ = ਸੰਸਾਰ ਵਿਚ ਦੁਸਹ = ਨਾ ਸਹਾਰੇ ਜਾਣ ਵਾਲਾ ਦੁੱਖ ਹੈ, ਜਿਸ ਨੂੰ ਸੁਰੇਸ = ਦੇਵਤਿਆਂ ਦਾ ਸੁਆਮੀ ਇੰਦਰ ਵੀ ਤਜ = ਤਿਆਗ ਨਹੀਂ ਸਕੇ = ਸਕਿਆ।

## ਬਿਸਨ ਆਦਿ ਕੀ ਕ੍ਰਿਪਾ ਕੋ; ਪਾਤਰ ਭਯੋ ਅਮਰੇਸ ॥੨੫॥

ਫਿਰ ਅਮਰੇਸ = ਇੰਦਰ ਨੇ ਵਿਸ਼ਨੂੰ ਆਦਿਕ ਦੇਵਤਿਆਂ ਪਾਸ ਜਾ ਕੇ ਬੇਨਤੀ ਕੀਤੀ ਕਿ ਮੇਰੀ ਰੱਖਿਆ ਕਰੋ, ਤਾਂ ਇੰਦਰ ਉਨ੍ਹਾਂ ਕੀ = ਦੀ ਕ੍ਰਿਪਾ ਦਾ ਪਾਤਰ ਭਯੋ = ਹੋ ਗਿਆ ॥੨੫॥

## ਜਰਾ ਜਾਤਧਾਨਾਦਿ ਕਰ; ਭਵਤ ਵਿਭਵ ਮਮ ਹਾਨ ॥

ਹੇ ਭਗਵਾਨ! ਜਰਾ ਜਾਤਧਾਨਾਦਿ = ਜਰਾ ਆਦਿਕ ਰਾਖਸ਼ਾਂ ਕਰਕੇ ਮਮ = ਮੇਰੀ ਵਿਭਵ = ਵਿਭੂਤੀ ਹਾਨ = ਨਾਸ਼ ਭਵਤ = ਹੁੰਦੀ ਜਾਂਦੀ ਹੈ।

## ਕਰੁਣਾਕਰ ਕਰੁਣਾ ਕਰੋ; ਤਾਸ ਤ੍ਰਾਣ ਭਗਵਾਨ ॥੨੬॥

ਹੇ ਕਰੁਣਾਕਰ = ਕਿਰਪਾ ਦੇ ਖ਼ਜ਼ਾਨੇ ਭਗਵਾਨ! ਮੇਰੇ ਉੱਤੇ ਕਰੁਣਾ = ਕਿਰਪਾ ਕਰੋ ਅਤੇ ਮੇਰੀ ਤਾਸ = ਉਸ ਤੋਂ ਤ੍ਰਾਣ = ਰੱਖਿਆ ਕਰੋ ॥੨੬॥

## ਦੋਹਰਾ ॥

## ਤੁੰਗ ਭੋਗ ਸੰਜੋਗ ਕਰਿ; ਨਾਸ਼ ਜੁ ਹੋਤੀ ਪਿਆਸ ॥

ਜੇਕਰ ਤੁੰਗ = ਬਹੁਤੇ ਭੋਗਾਂ ਪਦਾਰਥਾਂ ਦੇ ਸੰਜੋਗ = ਮਿਲਾਪ ਕਰ ਕੇ ਪਿਆਸ = ਇੱਛਾ ਨਾਸ਼ ਹੋ ਜਾਂਦੀ ਹੋਤੀ = ਹੁੰਦੀ।

## ਮਘਵਾ ਹੋਤੇ ਦੀਨ ਕਤਿ; ਹਰਿ ਅਜਾਦਿ ਕੇ ਪਾਸ ॥੨੭॥

ਤਾਂ ਫੇਰ ਹਰਿ = ਵਿਸ਼ਨੂੰ ਤੇ ਅਜਾਦਿ = ਬ੍ਰਹਮਾ ਆਦਿਕਾਂ ਕੇ = ਦੇ ਪਾਸ = ਕੋਲ ਮਘਵਾ = ਇੰਦਰ ਦੀਨ ਕਤਿ = ਕਿਉਂ ਹੋਤੇ = ਹੁੰਦਾ ? ॥੨੭॥

## ਦੋਹਰਾ ॥

## ਬਿਬਿਧ ਵਿਖੈ ਕੋ ਭੋਗ ਕਰਿ; ਨਹਿ ਬਿਬੁਧੇਸ ਅਘਾਤ ॥

ਹੇ ਭਾਈ! ਬਿਬਿਧ = ਅਨੇਕਾਂ ਪ੍ਰਕਾਰ ਦੇ ਵਿਖੈ = ਵਿਸ਼ੇ ਭੋਗਾਂ ਕੋ = ਨੂੰ ਭੋਗ ਕਰਕੇ ਵੀ ਬਿਬੁਧੇਸ = ਇੰਦਰ ਅਘਾਤ = ਰੱਜਿਆ ਨਹੀਂ।

## ਸੂਲਪ ਅਵਧ ਲਵ ਭੋਗ ਕਰਿ; ਨਰਨ ਸਾਂਤਿ ਕਰ ਜਾਤ ॥੨੮॥

ਤਾਂ ਫੇਰ ਸੂਲਪ = ਥੋੜ੍ਹੀ ਜਿਹੀ ਅਵਧ = ਉਮਰ ਵਿਚ ਲਵ = ਲੇਸ ਮਾਤਰ ਵਿਸ਼ੇ ਭੋਗਾਂ ਨੂੰ ਭੋਗ ਕਰਕੇ ਇਹ ਨਰਨ = ਮਨੁੱਖ ਕਿਸ ਪ੍ਰਕਾਰ ਸ਼ਾਂਤੀ ਨੂੰ ਪ੍ਰਾਪਤ ਕਰ ਜਾਤ = ਜਾਵੇਗਾ ? ਭਾਵ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ ॥੨੮॥

## ਦੋਹਰਾ ॥

## ਤਾਂ ਤੇ ਇਛਾ ਨਾਸ ਕੀ; ਜਾ ਕੋ ਇਛਾ ਆਹਿ ॥

ਹੇ ਭਾਈ! ਤਾਂ ਤੇ = ਇਸ ਕਰਕੇ ਜਾ ਕੋ = ਜਿਸ ਨੂੰ ਵਿਸ਼ੇ ਭੋਗਮਈ ਇੱਛਾ ਨਾਸ਼ ਕਰਨ ਕੀ = ਦੀ ਇੱਛਾ ਆਹਿ = ਹੈ।

## ਉਪਸਮ ਧਰੇ ਵਿਚਾਰ ਯੁਤ; ਟਰੇ ਏਕ ਤੇ ਨਾਹਿ ॥੨੯॥

ਉਹ ਵਿਚਾਰ ਦੇ ਯੁਤ = ਸਹਿਤ (ਸਮੇਤ) ਉਪਸਮ = ਵੈਰਾਗ ਨੂੰ ਹਿਰਦੇ ਅੰਦਰ ਧਰੇ = ਧਾਰਨ ਕਰਨਾ ਕਰੇ, ਕਿਉਂਕਿ ਏਕ = ਇੱਕ ਤੇ = ਤੋਂ ਤ੍ਰਿਸ਼ਨਾ ਟਰੇ = ਟਲ ਭਾਵ ਨਾਸ਼ ਨਹੀਂ ਹੋਣੀ, ਇਸ ਕਰਕੇ ਦੋਵਾਂ ਨੂੰ ਧਾਰਨ ਕਰਨਾ ਕਰੋ ॥੨੯॥

## ਚੰਚਲ ਛੰਦ ॥

## ਗੰਗ ਨੀਰ ਏ ਕਛੂ; ਅਧੇ ਅਧੇ ਗਤੀ ਕਰੰਤ ॥

ਹੇ ਭਾਈ! ਜਿਵੇਂ ਏ = ਇਹ ਗੰਗ = ਗੰਗਾ ਨਦੀ ਦਾ ਨੀਰ = ਪਾਣੀ ਕਛੂ = ਕੁਝ ਅਧੇ ਅਧੇ = ਨੀਚੇ ਹੀ ਨੀਚੇ ਜਾਣ ਵਾਲੀ ਗਤੀ = ਚਾਲ ਕਰੰਤ = ਕਰਦਾ ਹੈ।

## ਨਾਕ ਤੇ ਹਰੇ ਸਿਰੇ; ਪੁਨਾ ਗਿਰੰ ਪੈ ਗਿਰੰਤ ॥

ਉਹ ਗੰਗਾ, ਨਾਕ = ਸਵਰਗ ਤੇ = ਤੋਂ ਹਰੇ = ਸ਼ਿਵਜੀ ਦੇ ਸਿਰੇ = ਸਿਰ ਉੱਪਰ ਡਿੱਗਦੀ ਹੈ, ਉਥੋਂ ਪੁਨਾ = ਫਿਰ ਗਿਰੰ = ਪਹਾੜ ਪੈ = ਉੱਪਰ ਗਿਰੰਤ = ਡਿੱਗਦੀ ਹੈ।

## ਗਿਰੰਦ ਤੇ ਧਰਾ ਪਰੇ; ਧਰਾ ਤੇ ਸਿੰਧ ਮੈ ਪਰੰਤ ॥

ਫਿਰ ਉਹ ਗੰਗਾ ਗਿਰੰਦ = ਪਹਾੜ ਤੇ = ਤੋਂ ਧਰਾ = ਧਰਤੀ ਉੱਪਰ ਪਰੇ = ਪੈਣਾ ਕਰਦੀ ਹੈ, ਧਰਾ = ਧਰਤੀ ਤੇ = ਤੋਂ ਪੁਨਾ ਸਿੰਧ = ਸਮੁੰਦਰ ਮੈ = ਵਿਚ ਪਰੰਤ = ਪੈਣਾ ਕਰਦੀ ਹੈ।

## ਸੂਨ ਜੇ ਵਿਵੇਕ ਤੇ; ਅਨੇਕ ਜੂਨ ਤੇ ਧਰੰਤ ॥੩੦॥

ਇਸੇ ਪ੍ਰਕਾਰ ਜੇ = ਜਿਹੜੇ ਜੀਵ ਬਿਬੇਕ ਤੇ = ਤੋਂ ਸੂਨ = ਖ਼ਾਲੀ ਹਨ ਭਾਵ ਜਿਨ੍ਹਾਂ ਨੇ ਆਪਣੇ ਹਿਰਦੇ ਅੰਦਰ ਬਿਬੇਕ ਧਾਰਨ ਨਹੀਂ ਕੀਤਾ, ਤੇ = ਉਹ ਵੀ ਅਨੇਕ = ਬੇਅੰਤ ਜੂਨਾਂ ਨੂੰ ਧਰੰਤ = ਧਾਰਨ ਕਰਦੇ ਹਨ ਭਾਵ ਜਿਵੇਂ ਉਹ ਗੰਗਾ ਕਦੇ ਕਿਤੇ ਕਦੇ ਕਿਤੇ ਵੱਸਣਾ ਕਰਦੀ ਹੈ, ਇਵੇਂ ਹੀ ਬਿਬੇਕਹੀਣ ਪੁਰਸ਼ ਅਨੇਕਾਂ ਜੂਨਾਂ ਵਿਚ ਭਟਕਣਾ ਕਰਦੇ ਹਨ॥੩੦॥ ਜੈਸਾ ਕਿ :

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥**

*(ਗਉੜੀ ਮ: ੫, ਅੰਗ ੧੭੬)*

## ਕਬਿੱਤ ॥

## ਜਬ ਮੁਖ ਤਿਖਾ ਕਰ ਸੁਕੇ, ਤਬ ਪੀਵੈ ਨਰੁ;
## ਮੀਠੇ ਠੰਢੇ ਹਰ ਕੇ ਸੁਗੰਧ ਵਾਰੇ ਵਾਰ ਕੋ ॥

ਜਿਵੇਂ ਜਬ = ਜਦੋਂ ਕਿਸੇ ਨਰੁ = ਮਨੁੱਖ ਦਾ ਮੁਖ = ਮੂੰਹ ਤਿਖਾ = ਪਿਆਸ ਕਰ = ਨਾਲ ਸੁਕੇ = ਸੁੱਕਣਾ ਕਰਦਾ ਹੈ, ਤਬ = ਤਦੋਂ ਹੀ ਉਹ ਮਿੱਠੇ, ਠੰਢੇ ਤੇ ਹਰ = ਚੰਦਨ ਦੀ ਸੁਗੰਧੀ ਵਾਰੇ = ਵਾਲੇ ਵਾਰ = ਪਾਣੀ ਕੋ = ਨੂੰ ਪੀਵੈ = ਪੀਣਾ ਕਰਦਾ ਹੈ।

## ਖੁਧਯਾ ਕਰ ਭਯੋ ਦੀਨ, ਸਾ ਲੀਨ ਮਹੀਨ ਖਾਤ;
## ਮੇਲ ਕੋ ਵ੍ਰਿਹੀ ਸਾਗ ਰਾਗ ਸੋ ਅਚਾਰ ਕੋ ॥

ਜਿਵੇਂ ਜਦੋਂ ਕੋਈ ਖੁਧਯਾ = ਭੁੱਖ ਕਰਕੇ ਦੀਨ = ਦੁਖੀ ਭਯੋ = ਹੁੰਦਾ ਹੈ ਤਾਂ ਸਾ = ਉਹ ਮਹੀਨ = ਬਰੀਕ ਵ੍ਰਿਹੀ = ਚੌਲਾਂ ਦੇ ਨਾਲ ਵੜੀਆਂ, ਸਾਗ ਤੇ ਅਚਾਰ ਕੋ = ਨੂੰ ਮੇਲ ਕੋ = ਮਿਲਾ ਕਰਕੇ ਰਾਗ = ਪ੍ਰੇਮ ਸੋਂ = ਨਾਲ ਖਾਤ = ਖਾਣਾ ਕਰਦਾ ਹੈ। ਫੇਰ ਉਸ ਦੀ ਭੁੱਖ ਲੀਨ = ਸਮਾ ਜਾਂਦੀ ਹੈ ਭਾਵ ਜਠਰਾਗਨੀ ਸ਼ਾਂਤ ਹੋ ਜਾਂਦੀ ਹੈ।

## ਜਾਗੇ ਮਦੁਨਾਗੇ ਜਬ ਸਾਨੁਰਾਗੈ ਦੌਰ ਤਬ;
## ਨਾਰ ਮੈ ਲਗਾਵੈ ਨਰ ਦ੍ਰਿੜ ਕਰ ਨਾਰ ਕੋ ॥

ਜਿਵੇਂ ਜਬ = ਜਦੋਂ ਕਿਸੇ ਦੀ ਮਦੁਨਾਗੇ = ਕਾਮ ਵਾਸ਼ਨਾ ਜਾਗੇ = ਜਾਗਦੀ ਹੈ, ਤਬ = ਤਦੋਂ ਉਹ (ਸ + ਅਨੁਰਾਗੈ) ਅਨੁਰਾਗੈ = ਪ੍ਰੇਮ ਦੇ ਸ = ਸਹਿਤ ਇਸਤਰੀ ਵੱਲ ਦੌਰ = ਭੱਜ ਕੇ ਜਾਂਦਾ ਹੈ ਤੇ ਫਿਰ ਉਹ ਨਰ = ਪੁਰਸ਼ ਨਾਰ = ਇਸਤਰੀ ਕੋ = ਨੂੰ ਦ੍ਰਿੜ = ਕੱਸ ਕੇ ਭਾਵ ਚੰਗੀ ਤਰ੍ਹਾਂ ਨਾਰ = ਗਲ ਮੈ = ਵਿਚ ਲਗਾਵੈ = ਲਗਾਉਣਾ ਕਰ = ਕਰਦਾ ਹੈ।

## ਬਿਆਧਿ ਕੈ ਪਰਹਾਰ ਪ੍ਰਤਿ ਕਰੈ ਪਰਤੀਕਾਰ ਪਰਤਿ;
## ਕੈਸੇ ਦੁਖ ਭਾਗੇ ਤਿਆਗੇ ਸੰਜਮੋਪਚਾਰ ਕੋ ॥੩੧॥

ਇਸੇ ਤਰ੍ਹਾਂ ਹੇ ਭਾਈ ! ਬਿਆਧਿ = ਰੋਗਾਂ **ਵਾ:** ਜੰਮਣ ਮਰਣ ਆਦਿਕ ਬਿਆਧਿ = ਦੁੱਖਾਂ **ਵਾ:** ਆਧੀ,

ਬਿਆਧੀ, ਉਪਾਧੀ ਰੂਪ ਰੋਗਾਂ ਕੈ = ਦੇ ਪਰਹਾਰ = ਨਾਸ਼ ਕਰਨ ਪ੍ਰਤਿ = ਤਾਈਂ ਪਰਤੀਕਾਰ = ਉਪਚਾਰ ਕਰਨਾ ਪਰਤਿ = ਪੈਂਦਾ ਹੈ, ਪਰ ਜੇਕਰ ਕੋਈ (ਸੰਜਮ + ਉਪਚਾਰ) ਸੰਜਮ ਤੇ ਉਪਚਾਰ ਭਾਵ ਪਥ-ਪ੍ਰਹੇਜ਼ ਦਾ ਤਿਆਗੇ = ਤਿਆਗ ਕਰਨਾ ਕਰੇਗਾ ਤਾਂ ਫਿਰ ਇਹ ਬਾਹਜ ਤੇ ਅੰਤਰੀਵ ਦੁੱਖ ਕੈਸੇ = ਕਿਸ ਪ੍ਰਕਾਰ ਭਾਗੇ = ਨਾਸ਼ ਹੋਣਗੇ ? ਭਾਵ ਨਹੀਂ ਹੋ ਸਕਦੇ **ਅਥਵਾ** ਜੇਕਰ ਕੋਈ ਆਪਣੇ ਰੋਗ ਨੂੰ ਨਾਸ਼ ਕਰਨ ਲਈ ਵੈਦ ਦੁਆਰਾ ਦੱਸੇ ਹੋਏ ਪਥ-ਪ੍ਰਹੇਜ਼ ਨੂੰ ਧਾਰਨ ਕਰ ਕੇ ਔਖਧੀ ਖਾਵੇਗਾ ਤਾਂ ਹੀ ਉਸ ਦਾ ਰੋਗ ਨਾਸ਼ ਹੋਵੇਗਾ। ਇਸੇ ਤਰ੍ਹਾਂ ਜੇਕਰ ਕੋਈ ਜੰਮਣ-ਮਰਨ ਆਦਿਕ ਦੁੱਖਾਂ ਨੂੰ ਨਾਸ਼ ਕਰਨ ਲਈ ਗੁਰੂ ਰੂਪ ਵੈਦ ਦੁਆਰਾ ਦੱਸੇ ਹੋਏ ਬੈਰਾਗ ਬਿਬੇਕ ਰੂਪ ਸੰਜਮ ਨੂੰ ਧਾਰਨ ਕਰ ਕੇ ਸਿਮਰਨ ਰੂਪ ਔਖਧੀ ਨੂੰ ਖਾਣਾ ਕਰੇਗਾ, ਤਾਂ ਹੀ ਉਸ ਦਾ ਇਹ ਦੁੱਖ ਨਾਸ਼ ਹੋਵੇਗਾ॥੩੧॥

## ਸੋਰਠਾ ॥

## ਤ੍ਰਿਸ਼ਨਾ ਬ੍ਰਿਧ ਅਭੰਗ; ਬਹੁ ਭੋਗਹੁ ਕੇ ਭੋਗ ਕਰ ॥

ਹੇ ਭਾਈ! ਬਹੁ = ਬਹੁਤੇ ਭੋਗਹੁ = ਭੋਗਾਂ ਪਦਾਰਥਾਂ ਕੇ = ਦੇ ਭੋਗ = ਭੋਗਣ ਕਰਕੇ ਤ੍ਰਿਸ਼ਨਾ[1] ਬ੍ਰਿਧ = ਵੱਧਦੀ ਹੀ ਜਾਂਦੀ ਹੈ ਤੇ ਅਭੰਗ = ਨਾਸ਼ ਨਹੀਂ ਹੁੰਦੀ। ਜੈਸਾ ਕਿ :

**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥੧॥**

*(ਗਉੜੀ ਮ: ੫, ਅੰਗ ੨੧੩)*

## ਯਥਾ ਅਗਨਿ ਧ੍ਰਿਤ ਸੰਗ; ਸੰਜਮ ਜਲ ਕਰਿ ਸਾਂਤਿ ਬਿਬ ॥੩੨॥

ਯਥਾ = ਜਿਸ ਤਰ੍ਹਾਂ ਅਗਨਿ = ਅੱਗ ਘ੍ਰਿਤ = ਘਿਉ ਸੰਗ = ਨਾਲ ਮਿਲਾਪ ਕਰਕੇ ਵੱਧਣਾ ਕਰਦੀ ਹੈ ਤੇ ਜਲ = ਪਾਣੀ ਦੇ ਨਾਲ ਮਿਲਾਪ ਹੋਣ ਕਰਕੇ ਅੱਗ ਸ਼ਾਂਤਿ ਭਾਵ ਬੁਝ ਜਾਂਦੀ ਹੈ, ਇਸੇ ਤਰ੍ਹਾਂ ਘਿਉ ਦੀ ਨਿਆਈਂ ਬਹੁਤੇ ਭੋਗਾਂ ਪਦਾਰਥਾਂ ਨੂੰ ਭੋਗਣ ਦੇ ਨਾਲ ਤ੍ਰਿਸ਼ਨਾ ਰੂਪੀ ਅੱਗ ਵੱਧ ਜਾਂਦੀ ਹੈ ਤੇ ਪਾਣੀ ਦੀ ਨਿਆਈਂ ਇੰਦਰਿਆਂ ਨੂੰ ਵਿਸ਼ਿਆਂ ਵੱਲੋਂ ਸੰਜਮ = ਰੋਕਣ ਦੇ ਨਾਲ ਇਹ ਤ੍ਰਿਸ਼ਨਾ ਰੂਪੀ ਅੱਗ ਨਾਸ਼ ਹੁੰਦੀ ਹੈ, ਇਉਂ ਬਿਬ = ਦੋਵਾਂ ਦਾ ਇੱਕੋ ਹੀ ਸੁਭਾਅ ਹੈ, ਫ਼ਰਕ ਸਿਰਫ਼ ਇਤਨਾ ਹੀ ਹੈ, ਉਹ ਅੱਗ ਬਾਹਜ ਭਾਵ ਵਿਚ ਹੈ ਤੇ ਤ੍ਰਿਸ਼ਨਾ ਅੰਤਰੀਵ ਭਾਵ ਵਿਚ ਹੈ॥੩੨॥

## ਕਬਿੱਤ ॥

## ਚਾਰੋਂ ਵੇਦ, ਤੰਤ੍ਰ ਛਠੇ, ਸਿੰਮ੍ਰਿਤਿ ਸਤਾਈ ਪਠੇ; ਆਗਮ ਜੋ ਦਸ ਅਠੇ ਮਹਾ ਵਿਸਤਰੇ ਹੈਂ ॥

ਜੇਕਰ ਕੋਈ ਚਾਰੋਂ = ਚਾਰੇ ਵੇਦ, ਛਠੇ = ਛੇ ਤੰਤ੍ਰ = ਸ਼ਾਸਤਰ, ਸਤਾਈ ਸਿੰਮ੍ਰਿਤੀਆਂ ਨੂੰ ਪਠੇ = ਪੜ੍ਹ ਲੈਣਾ ਕਰੇ ਅਤੇ ਜੋ = ਜਿਹੜੇ ਦਸ, ਅਠੇ = ਅੱਠ ਭਾਵ (੧੦ + ੮) ੧੮ ਆਗਮ = ਪੁਰਾਣ ਹਨ, ਉਨ੍ਹਾਂ ਨੂੰ ਵੀ ਮਹਾਂ = ਬਹੁਤ ਵੱਡੇ ਵਿਸਤਰੇ ਹੈਂ = ਵਿਸਤਾਰ ਦੇ ਸਹਿਤ ਪੜ੍ਹ ਲੈਣਾ ਕਰੇ।

---

੧. ਤ੍ਰਿਸ਼ਨਾ = ਜੇਕਰ ਲੋੜ ਜਿਤਨਾ ਪਦਾਰਥ ਪਹਿਲਾਂ ਹੀ ਪ੍ਰਾਪਤ ਹੋ ਜਾਵੇ, ਫਿਰ ਵੀ ਹੋਰ ਪਦਾਰਥਾਂ ਦੀ ਇੱਛਾ ਬਣੀ ਰਹਿਣੀ ਤੇ ਇੱਛਾ ਵੱਧਦੀ ਹੀ ਜਾਣੀ ਭਾਵ ਅਤ੍ਰਿਪਤੀ, ਉਸ ਦਾ ਨਾਮ ਤ੍ਰਿਸ਼ਨਾ ਹੈ। ਜਿਤਨੇ ਪਦਾਰਥਾਂ ਦੀ ਇੱਛਾ ਸੀ, ਉਤਨੀ ਪੂਰੀ ਹੋ ਜਾਣੀ, ਫੇਰ ਵੀ ਖਿਨ ਖਿਨ ਕਾਲ ਵਿਚ ਹੋਰ ਵਾਸ਼ਨਾ ਫੁਰਦੀ ਰਹਿਣੀ, ਇਸ ਦਾ ਨਾਮ ਆਸਾ ਹੈ।

## ਮਠੋ ਮੋ ਵਿਭ੍ਰਮ ਮਹਾਂ ਕਰਮ ਕ੍ਰਿਯਾ ਕਰ;
## ਜਹਾਂ ਦੇਵ ਗ੍ਰਾਮ ਕੁਟੀ ਮੋ ਵਿਸ੍ਰਾਮ ਫਲ ਕਰੇ ਹੈਂ॥

ਭਾਵੇਂ ਕੋਈ ਵੈਰਾਗੀ, ਸੰਨਿਆਸੀ ਆਦਿਕ ਮਠੋ = ਮਠਾਂ ਮੋ = ਵਿਚ (ਵਿ + ਭ੍ਰਮ) ਵਿ = ਵਿਸ਼ੇਸ਼ ਕਰਕੇ ਭ੍ਰਮ = ਭਰਮਣ ਕਰਦਾ ਹੋਇਆ ਮਹਾਂ = ਬਹੁਤੇ ਵੱਡੇ ਕਰਮਾਂ ਦੀ ਕਿਰਿਆ ਨੂੰ ਕਰ ਲਵੇ, ਜਹਾਂ = ਜਿਸ ਦਾ ਫਲ ਭੋਗਣ ਵਾਸਤੇ ਭਾਵੇਂ ਦੇਵ ਗ੍ਰਾਮ = ਸਵਰਗ ਕੁਟੀਆ ਮੋ = ਵਿਚ ਵਿਸ੍ਰਾਮ = ਇਸਥਿਤੀ ਕਰੇ ਹੈਂ = ਕਰ ਲੈਣਾ ਕਰੇ।

## ਪ੍ਰਲੈ ਕਾਲ ਆਗ ਵਤ ਆਤਮ ਵਿਸ਼ੈਣੀ ਮਤਿ;
## ਭਵ ਦੁਖ ਕਰੇ ਹਤ, ਸੋ ਕੁਮਤਿ ਹਰੇ ਹੈਂ॥

ਹੇ ਭਾਈ! ਪ੍ਰਲੈ = ਪਰਲੋ ਕਾਲ ਦੀ ਆਗ = ਅਗਨੀ ਵਤ = ਸਮਾਨ ਆਤਮ ਵਿਸ਼ੈਣੀ ਮਤਿ = ਬੁੱਧੀ ਹੈ, ਜੋ ਭਵ = ਸੰਸਾਰ ਦੇ ਦੁੱਖਾਂ ਨੂੰ ਹਤ = ਨਾਸ਼ ਕਰਨਾ ਕਰੇ = ਕਰਦੀ ਹੈ ਅਤੇ ਸੋ = ਉਹ ਆਤਮ ਵਿਸ਼ੈਣੀ ਬੁੱਧੀ ਹੀ ਕੁਮਤਿ = ਖੋਟੀ ਮਤ ਨੂੰ ਹਰੇ = ਨਾਸ਼ ਕਰਨਾ ਕਰਦੀ ਹੈ।

## ਸੇਖ ਕਾਮ ਸਾਰੇ ਵਣਜਾਰੇ ਬ੍ਰਿਤਿ ਯੋਨਿਹਾਰੇ;
## ਕੇ ਦੁਕਾਨ ਕੇ ਪੁਰਾਨ ਕਰ ਪ੍ਰਾਣ ਧਰੇ ਹੈਂ॥੩੩॥

ਪਰ ਹੇ ਭਾਈ! ਸੇਖ = ਬਾਕੀ ਹੋਰ ਜਿੰਨੇ ਵੀ ਸਾਰੇ ਕਾਮ = ਕੰਮ ਹਨ, ਉਹ ਤਾਂ ਵਣਜਾਰੇ = ਵਣਜ ਵਪਾਰ ਕਰਨ ਵਾਲੇ ਦੀ ਬ੍ਰਿਤਿ = ਉਪਜੀਵਕਾ ਦੇ ਯੋਨਿਹਾਰੇ = ਸਮਾਨ ਦੇਖੇ ਜਾਂਦੇ ਹਨ ਕਿਉਂਕਿ ਕੇ = ਕੋਈ ਦੁਕਾਨ ਆਦਿ ਕਰ ਕੇ ਆਪਣਾ ਪੇਟ ਪਾਲਣਾ ਕਰਦਾ ਹੈ, ਕੇ = ਕੋਈ ਪੁਰਾਣਾਂ ਆਦਿਕ ਗ੍ਰੰਥ ਪੜ੍ਹ ਕਰਕੇ ਪ੍ਰਾਣਾਂ ਨੂੰ ਧਰੇ = ਧਾਰਨਾ ਕਰਦਾ ਹੈ ਭਾਵ ਇਨ੍ਹਾਂ ਗ੍ਰੰਥਾਂ ਨੂੰ ਪੜ੍ਹ ਕਰਕੇ ਆਪਣੀ ਉਪਜੀਵਕਾ ਲਈ ਲੋਕਾਂ ਨੂੰ ਸਿੱਖਿਆ ਦੇਣਾ ਕਰਦਾ ਹੈ ਪਰ ਆਪ ਉਸ ਸਿੱਖਿਆ ਤੋਂ ਵਾਂਝਾ ਹੈ, ਇਉਂ ਕੋਈ ਗ੍ਰੰਥ ਪੜ੍ਹ ਕੇ ਪ੍ਰਾਣਾਂ ਨੂੰ ਧਾਰ ਰਿਹਾ ਹੈ॥੩੩॥

## ਦੋਹਰਾ॥
## ਕਹਾ ਗ੍ਰੰਥ ਗਨ ਕੇ ਪੜ੍ਹੇ; ਕਿੰ ਕਰਮੋ ਕੇ ਕੀਨ॥

ਹੇ ਭਾਈ! ਗਨ = ਸਮੂਹ ਗ੍ਰੰਥਾਂ ਕੇ = ਦੇ ਪੜ੍ਹੇ = ਪੜ੍ਹਨ ਨਾਲ ਕਹਾ = ਕੀ ਹੋ ਜਾਣਾ ਹੈ? ਅਤੇ ਦਿਖਾਵੇ ਦੇ ਕਰਮੋ = ਕਰਮਾਂ ਨੂੰ ਕੀਨ = ਕਰਨ ਦੇ ਨਾਲ ਕੀ ਹੋ ਜਾਣਾ ਹੈ?

## ਚਿਦ ਜੜ ਗ੍ਰੰਥ ਪ੍ਰਭੇਦਨੀ; ਧੀ ਉਰ ਜਬ ਪਰਗਟੀ ਨ॥੩੪॥

ਜਬ = ਜਦੋਂ ਤਕ ਚਿਦ = ਚਿੱਤ ਜੜ੍ਹ ਆਦਿਕ ਗ੍ਰੰਥ = ਗੰਢਾਂ ਨੂੰ ਪ੍ਰਭੇਦਨੀ = ਪਾੜਨ ਭਾਵ ਨਾਸ਼ ਕਰਨ ਵਾਲੀ ਧੀ = ਬੁੱਧੀ ਉਰ = ਹਿਰਦੇ ਵਿਚ ਪਰਗਟੀ = ਪ੍ਰਗਟ ਨਹੀਂ ਹੋਈ, ਤਦ ਤਕ ਉਪਰੋਕਤ ਕਰਮਾਂ ਦਾ ਕੋਈ ਫਲ ਨਹੀਂ ਹੈ॥੩੪॥

### ਤਿੰਨ ਪ੍ਰਕਾਰ ਦੀਆਂ ਗੰਢਾਂ (ਗ੍ਰੰਥੀਆਂ) ਦਾ ਵੇਰਵਾ ਇਸ ਪ੍ਰਕਾਰ ਹੈ :

੧. **ਚਿਦ ਜੜ੍ਹ ਗ੍ਰੰਥੀ** : ਸਤ, ਚਿਤ, ਆਨੰਦ ਸਰੂਪ ਰੂਪ ਚੇਤਨ ਬ੍ਰਹਮ ਨੂੰ ਅਸੱਤ, ਜੜ੍ਹ, ਦੁੱਖ ਰੂਪ ਸਮਝਣਾ ਅਤੇ ਅਸੱਤ, ਜੜ੍ਹ, ਦੁੱਖ ਰੂਪ ਦੇਹ ਨੂੰ ਸੱਤ, ਚਿਤ, ਆਨੰਦ ਰੂਪ ਸਮਝਣਾ ਭਾਵ ਜੋ ਅਹੰ ਮਮ ਅਧਿਆਸ ਹੈ। ਜੈਸਾ ਕਿ :

**ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥**

*(ਸੋਰਠਿ ਮ: ੫, ਅੰਗ ੬੪੨)*

**ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥**
**ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥** *(ਸੋਰਠਿ ਮ: ੫, ਅੰਗ ੬੨੪)*

**ਨਵਿਰਤੀ :**

**ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥**
**ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥** *(ਆਸਾ ਮ: ੩, ਅੰਗ ੪੨੬)*

੨. **ਸੰਸੇ ਗ੍ਰੰਥੀ** : ਪ੍ਰਮਾਣ, ਪ੍ਰਮੇਯ, ਵਿਪਰਜੇ ਸੰਸਿਆਂ ਦੀ ਗੰਢ ਪਈ ਰਹਿਣੀ।

(ੳ) **ਪ੍ਰਮਾਣ ਗਤ ਸੰਸਾ** : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੀਵ ਤੇ ਬ੍ਰਹਮ ਦੀ ਏਕਤਾ ਦਾ ਕਥਨ ਕੀਤਾ ਹੈ ਜਾਂ ਇਸ ਦੇ ਉਲਟ ਅਨੇਕਤਾ ਦਾ।

**ਨਵਿਰਤੀ** : ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਸਤਿਗੁਰਾਂ ਦੀ ਬਾਣੀ ਪੜ੍ਹੀਏ ਤਾਂ ਪਤਾ ਲੱਗਦਾ ਹੈ :

**ਏਕੋ ਹੈ ਭਾਈ ਏਕੋ ਹੈ ॥** *(ਆਸਾ ਮ: ੧, ਅੰਗ ੩੫੦)*

(ਅ) **ਪ੍ਰਮੇਯ ਗਤ ਸੰਸਾ** : ਜੀਵ ਅਤੇ ਬ੍ਰਹਮ ਇਕ ਸਰੂਪ ਹਨ, ਇਹ ਸਤ ਹੈ ਜਾਂ ਜੀਵ ਅਤੇ ਬ੍ਰਹਮ ਵੱਖਰੇ-ਵੱਖਰੇ ਹਨ, ਇਹ ਸਤ ਹੈ।

**ਨਵਿਰਤੀ :**

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ ॥** *(ਆਸਾ ਮ: ੧, ਅੰਗ ੩੫੪)*

**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥**

*(ਪ੍ਰਭਾਤੀ ਭਗਤ ਕਬੀਰ ਜੀ, ਅੰਗ ੧੩੫੦)*

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥**

*(ਸੋਰਠਿ ਮ: ੫, ਅੰਗ ੬੧੭)*

(ੲ) **ਵਿਪਰਜੇ ਸੰਸਾ** : ਜੀਵ ਅਤੇ ਬ੍ਰਹਮ ਦਾ ਭੇਦ ਸਤ ਹੈ ਜਾਂ ਦੇਹ ਆਦਿਕ ਸਾਰਾ ਜੋ ਪਸਾਰਾ ਹੈ, ਇਹ ਸਤ ਹੈ।

**ਨਵਿਰਤੀ :**

**ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥**
**ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥**

*(ਮਾਰੂ ਸੋਲਹੇ ਮ: ੫, ਅੰਗ ੧੦੭੯)*

ਸੋ ਇਸ ਪ੍ਰਕਾਰ ਜੋ ਸੰਸੇ ਹਨ, ਇਨ੍ਹਾਂ ਦੀ ਨਵਿਰਤੀ ਵੀ ਸਤਿਗੁਰਾਂ ਕੋਲੋਂ ਬਖ਼ਸ਼ਿਸ਼ ਹੋਏ ਗਿਆਨ ਦੁਆਰਾ ਹੀ ਹੁੰਦੀ ਹੈ। ਜੈਸਾ ਕਿ :

**ਸਤਿਗੁਰ ਸੇਵਹੁ ਸੰਕ ਨ ਕੀਜੈ॥ ਆਸਾ ਮਾਹਿ ਨਿਰਾਸੁ ਰਹੀਜੈ॥**
**ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ॥**

*(ਮਾਰੂ ਮ: ੧, ਅੰਗ ੧੦੪੩)*

**ਸਗਲ ਤਿਆਗਿ ਗੁਰ ਸਰਣੀ ਆਇਆ॥ ਮਿਟੇ ਅੰਦੇਸੇ ਨਾਨਕ ਸੁਖੁ ਪਾਇਆ॥**

*(ਗਉੜੀ ਮ: ੫, ਅੰਗ ੧੯੨)*

੩. **ਕਰਮ-ਗ੍ਰੰਥੀ (ਗੰਢ)** : ਕਰਤਾ ਅਤੇ ਭੋਗਤਾ ਦੀ ਗੰਢ ਇਹ ਵਿਚਾਰਨਾ ਕਿ ਮੈਂ ਕਰਤਾ ਹਾਂ, ਮੈਂ ਹੀ ਭੋਗ ਰਿਹਾ ਹਾਂ। ਜੋ ਪਿੱਛੇ ਕਰਮ ਕੀਤੇ ਹੋਏ ਸਨ, ਉਨ੍ਹਾਂ ਦਾ ਫਲ ਮੈਂ ਅਗਲੇ ਕਰਮਾਂ ਵਿਚ ਭੋਗਾਂਗਾ। ਜੈਸਾ ਕਿ :

**ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ॥**
**ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ॥** *(ਗਉੜੀ ਪੂਰਬੀ ਮ: ੫, ਅੰਗ ੨੧੨)*

**ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ॥** *(ਗਉੜੀ ਮ: ੫, ਅੰਗ ੨੪੨)*

**ਹਉ ਬੰਧਉ ਹਉ ਸਾਧਉ ਬੈਰੁ॥ ਹਮਰੀ ਭੂਮਿ ਕਉਣੁ ਘਾਲੈ ਪੈਰੁ॥**

*(ਗਉੜੀ ਗੁਆਰੇਰੀ ਮ: ੫, ਅੰਗ ੧੭੮)*

**ਨਵਿਰਤੀ :**

**ਆਪਨ ਤਨੁ ਨਹੀ ਜਾ ਕੋ ਗਰਬਾ॥ ਰਾਜ ਮਿਲਖ ਨਹੀ ਆਪਨ ਦਰਬਾ॥**
**ਆਪਨ ਨਹੀ ਕਾ ਕਉ ਲਪਟਾਇਓ॥ ਆਪਨ ਨਾਮੁ ਸਤਿਗੁਰ ਤੇ ਪਾਇਓ॥**

*(ਗਉੜੀ ਮ: ੫, ਅੰਗ ੧੮੭)*

## ਛਪੈ ਛੰਦ॥

## ਵਹੀ ਜਾਮਨੀ ਜਾਨ; ਪੁਨਾ ਦਿਨ ਤਥਾ ਮਾਨ ਕਰ॥

ਜਿਹੜੀ ਰਾਤ ਪਿੱਛੇ ਬੀਤ ਗਈ ਹੈ, ਵਹੀ = ਉਹੀ ਜਾਮਨੀ = ਰਾਤ ਨੂੰ ਜਾਣ ਕਰਕੇ ਪੁਨਾ = ਫਿਰ ਤਥਾ = ਉਸੇ ਪ੍ਰਕਾਰ ਦਿਨ ਮਾਨ = ਮੰਨ ਕਰਕੇ :

## ਮੰਦ ਜੰਤ ਧਾਵੰਤ; ਉਦਮ ਅਤਯੰਤ ਚਿੱਤ ਧਰ॥

ਉਹ ਮੰਦਭਾਗੀ ਜੰਤ = ਜੀਵ ਆਪਣੇ ਚਿੱਤ ਵਿਚ ਅਤਿਅੰਤ ਉੱਦਮ ਨੂੰ ਧਾਰ ਕਰਕੇ ਧਨ ਪ੍ਰਾਪਤੀ ਲਈ ਵਿਸ਼ੇ ਸੁੱਖਾਂ ਲਈ ਦੇਸ਼ਾਂ-ਦੇਸ਼ਾਂਤਰਾਂ ਵਿਚ ਧਾਵੰਤ = ਦੌੜਦੇ ਫਿਰਦੇ ਹਨ।

## ਪ੍ਰਾਰੰਭੀ ਪ੍ਰਾਰਬਧ ਕ੍ਰਿਯਾ; ਤਹਿ ਤਹਿ ਤਿਉ ਰਾਤੇ॥

ਜੀਵਾਂ ਨੇ ਪ੍ਰਾਲਬਧ ਕਰਮਾਂ ਦੇ ਅਧੀਨ ਹੋ ਕਰਕੇ ਜਿਥੇ-ਜਿਥੇ ਜੋ ਕਿਰਿਆ ਪ੍ਰਾਰੰਭੀ = ਅਰੰਭ ਕੀਤੀ ਹੋਈ ਹੈ, ਤਹਿ ਤਹਿ = ਉਥੇ ਉਥੇ ਉਨ੍ਹਾਂ ਕਰਮਾਂ ਵਿਚ ਤਿਉ = ਉਸੇ ਤਰ੍ਹਾਂ ਰਾਤੇ = ਰੰਗੇ ਹੋਏ ਹਨ ਭਾਵ ਤਦਾਕਾਰ ਹੋਏ ਹਨ।

## ਵਹੀ ਉਕਤਿ ਪ੍ਰਨ; ਵਹੀ ਭੋਗ ਭੁਗਤੇ ਦਿਨ ਰਾਤੇ॥

ਵਹੀ = ਉਹੀ ਲੈਣ-ਦੇਣ ਦੀਆਂ ਪ੍ਰਨ = ਪੁਰਾਣੀਆਂ ਉਕਤਿ = ਗੱਲਾਂ ਹਨ ਤੇ ਵਹੀ = ਉਹੀ ਭੋਗ ਹਨ, ਜਿਨ੍ਹਾਂ ਨੂੰ ਜੀਵ ਦਿਨ ਰਾਤੇ = ਰਾਤ ਭੁਗਤੇ = ਭੋਗਣਾ ਕਰਦੇ ਹਨ।

## ਇਵੈ ਵਿਖੈ ਰੂਪ ਯਾ ਜੱਗ ਕੇ; ਬਿਆਪਾਰੋ ਕਰਮ ਸਰਮ ਸਹੇ॥

ਇਵੈ = ਇਸ ਤਰ੍ਹਾਂ ਉਹੀ ਜੀਵ ਯਾ = ਇਸ ਸੰਸਾਰ ਦੇ ਵਿਖੈ = ਵਿਸ਼ੇ ਭੋਗਾਂ ਰੂਪ ਬਿਆਪਾਰੋ = ਵਿਆਪਾਰ ਕਰਮਾਂ ਵਿਚ ਲੱਗ ਕਰਕੇ ਦੁੱਖਾਂ ਅਤੇ ਸਰਮ = ਲੱਜਾ **ਵਾ:** ਕਠਿਨਤਾਈ ਸਹੇ = ਸਹਾਰਣਾ ਕਰਦੇ ਹਨ।

## ਪਰ ਭ੍ਰਮਤ ਵ੍ਰਿਮਤ ਮੋਹੁ ਕਰ; ਅਹੋ ਕਿਉਂ ਨ ਲਜਾ ਗਹੇ॥੩੫॥

ਇਉਂ ਪਰ = ਵਿਸ਼ੇਸ਼ ਕਰਕੇ ਜੀਵ ਮੋਹ ਦੇ ਵ੍ਰਿਮਤ = ਅਧੀਨ ਹੋ ਕਰਕੇ ਭ੍ਰਮਤ = ਭਟਕਦੇ ਫਿਰਦੇ ਹਨ, ਅਹੋ = ਬੜੀ ਅਸਚਰਜ ਵਾਲੀ ਗੱਲ ਹੈ ਕਿ ਇਹ ਜੀਵ ਲਜਾ = ਸ਼ਰਮ ਨੂੰ ਗਹੇ = ਗ੍ਰਹਿਣ, ਧਾਰਨ ਕਿਉਂ ਨਹੀਂ ਕਰਦੇ ਹਨ ?॥੩੫॥

## ਦੋਹਰਾ॥

## ਅਹੋ ਸਬਦ ਪੁਨਰੁਕਤ ਤੇ; ਅਤਿ ਡਰਪਹਿ ਬੁਧਿਮਾਨ॥

ਅਹੋ = ਬਹੁਤ ਅਸਚਰਜਮਈ ਗੱਲ ਹੈ ਕਿ ਬੁਧਿਮਾਨ = ਬੁੱਧੀਵਾਨ ਪੁਰਸ਼ ਪੁਨਰੁਕਤ (ਪੁਨਰ + ਉਕਤ) ਉਕਤ = ਪਹਿਲਾਂ ਕਹਿਆ ਹੋਇਆ ਵਾਕ ਪੁਨ = ਦੁਬਾਰਾ ਕਹਿਣਾ) ਸ਼ਬਦ ਤੇ = ਤੋਂ ਹੀ ਅਤਿ = ਬਹੁਤ ਡਰਪਹਿ = ਡਰਦੇ ਹਨ।

## ਪੁਨਾ ਉਕਤਿ ਪੁਨ ਭੁਗਤ ਯਹਿ;
## ਕਤ ਪੁਨਰੁਕਤ ਪ੍ਰਮਾਨ॥੩੬॥

ਯਹਿ = ਇਹ ਲੋਕ ਪੁਨਾ ਉਸ ਗੱਲ ਨੂੰ ਉਕਤਿ = ਕਹਿੰਦੇ ਹਨ, ਪੁਨ = ਫਿਰ ਉਸੇ ਨੂੰ ਭੁਗਤ = ਭੋਗਣਾ ਕਰਦੇ ਹਨ, ਫਿਰ ਇਹ ਕਥਨ ਕਤ = ਕਿਸ ਤਰ੍ਹਾਂ ਪੁਨਰੁਕਤ ਪ੍ਰਮਾਨ = ਪ੍ਰਮਾਣਨੀਕ ਮੰਨਿਆ ਜਾਵੇਗਾ ?॥੩੬॥

## ਗੀਆ ਮਾਲਤੀ ਛੰਦ॥

## ਨਟੁ ਵਾਂਗ ਨਰ ਬਹੁ ਸ੍ਵਾਂਗ ਧਰ;
## ਬਪੁ ਬਾਲ ਪਲ ਮਹਿ ਲਸਕ ਹੈ॥

ਕਦੇ ਤਾਂ ਇਹ ਨਰ = ਪੁਰਸ਼ ਨਟੁ ਵਾਂਗ ਬਹੁ = ਬਹੁਤੇ ਸ੍ਵਾਂਗ ਧਰ = ਧਾਰ ਲੈਣਾ ਕਰਦਾ ਹੈ, ਕਦੇ ਇਹ ਪਲ ਮਹਿ = ਵਿਚ ਬਾਲ = ਬੱਚੇ ਦੇ ਬਪੁ = ਸਰੀਰ ਵਾਲਾ ਹੋ ਕੇ ਭਾਵ ਬਾਲ ਰੂਪ ਹੋ ਕੇ ਲਸਕ = ਨੱਚਣਾ, ਟੱਪਣਾ ਕਰਦਾ ਹੈ।

## ਪੁਨ ਖਿਨ ਬਿਖੇ ਤਨ ਤਰੁਣ ਹੁਇ;
## ਤਰਣੀਨ ਭੋਗੇ ਰਸਕ ਹੈ॥

ਪੁਨ = ਫਿਰ ਇਕ ਛਿਨ ਵਿਚ ਹੀ ਤਰੁਣ = ਜਵਾਨ ਤਨ = ਸਰੀਰ ਵਾਲਾ ਹੁਇ = ਹੋ ਕਰਕੇ ਤਰਣੀਨ = ਜਵਾਨ ਅਵਸਥਾ ਵਾਲੀ ਇਸਤਰੀ ਨਾਲ ਵਿਸ਼ੇ ਭੋਗਾਂ ਨੂੰ ਭੋਗੇ = ਭੋਗਣ ਵਾਲਾ ਰਸਤ = ਰਸੀਆ ਬਣ ਜਾਂਦਾ ਹੈ।

## ਹਤ ਦਰਬ ਨਿਮੇਖ ਮਹਿ;
## ਪੁਨ ਪਲਕ ਮੋ ਹੁਇ ਧਨ ਸਬੀ॥

ਜੇਕਰ ਨਿਮੇਖ = ਅੱਖ ਦੇ ਝਮਕਣ ਜਿੰਨੇ ਸਮੇਂ ਵਿਚ ਸਾਰਾ ਦਰਬ = ਧਨ ਹਤ = ਨਾਸ਼ ਹੋ ਜਾਵੇ ਤਾਂ ਫੇਰ ਕੰਗਾਲ ਹੋ ਜਾਂਦਾ ਹੈ, ਪੁਨ = ਫਿਰ ਪਲਕ = ਪਲਾਂ ਮੋ = ਵਿਚ ਹੀ ਸਬੀ = ਸਭ ਪ੍ਰਕਾਰ ਦੇ ਧਨ ਵਾਲਾ ਹੁਇ = ਹੋ ਜਾਂਦਾ ਹੈ।

## ਦੁਰ ਬ੍ਰਿਧਤਾ ਕਰਿ ਅੰਗ ਖੀਣ;
## ਵਿਲੀਨ ਕਰ ਸਬ ਛਬ ਦਬੀ॥੩੭॥

ਫਿਰ ਦੁਰ = ਖੋਟੀ ਬ੍ਰਿਧਤਾ = ਬਿਰਧ ਅਵਸਥਾ ਕਰਕੇ ਪਲ ਵਿਚ ਹੀ ਅੰਗ ਖੀਣ = ਕਮਜ਼ੋਰ ਹੋ ਜਾਂਦੇ ਹਨ, ਜਿਸ ਕਰਕੇ ਸਾਰਾ ਬਲ (ਵਿ + ਲੀਨ) ਵਿ = ਵਿਸ਼ੇਸ਼ ਕਰਕੇ ਲੀਨ = ਨਾਸ਼ ਹੋ ਜਾਂਦਾ ਹੈ ਅਤੇ ਚਿਹਰੇ ਦੀ ਸਬ = ਸਾਰੀ ਛਬ = ਸੁੰਦਰਤਾ ਵੀ ਦੱਬੀ ਜਾਂਦੀ ਹੈ ਭਾਵ ਝੁਰੜੀਆਂ ਪੈ ਜਾਂਦੀਆਂ ਹਨ॥੩੭॥

## ਪਸਚਾਤ ਗਾਤ ਕੇ ਪਾਤ ਮੈ; ਉਤਪਾਤ ਬ੍ਰਾਤ ਹਿਰਦੈ ਪਿਖੇ॥

ਫਿਰ ਇਹ ਜੀਵ ਬਿਰਧ ਅਵਸਥਾ ਦੇ ਪਸਚਾਤ = ਪਿੱਛੋਂ ਸਰੀਰ ਦੇ ਪਾਤ = ਪ੍ਰਹਾਰ ਭਾਵ ਮਰਣ ਮੈ = ਵਿਚ ਉਤਪਾਤ = ਉਪੱਦ੍ਰਵਾਂ (ਆਫ਼ਤਾਂ) ਦੀ ਬ੍ਰਾਤ = ਜੰਞ ਭਾਵ ਅਨੇਕ ਪ੍ਰਕਾਰ ਦੇ ਦੁੱਖ ਹਿਰਦੇ ਵਿਚ ਪਿਖੇ = ਦੇਖਣਾ ਕਰਦਾ ਹੈ।

## ਯਮ ਰਾਜਧਾਨੀ ਭੂ ਭਯਾਨੀ; ਪਰਤ ਪ੍ਰਾਨੀ ਤਹਿ ਬਿਖੇ॥

ਜੋ ਜਮਰਾਜੇ ਦੀ ਬੜੀ ਭਯਾਨੀ = ਭੈਦਾਇਕ ਰਾਜਧਾਨੀ ਰੂਪ ਭੂ = ਧਰਤੀ ਹੈ, ਫਿਰ ਇਹ ਪ੍ਰਾਣੀ = ਪ੍ਰਾਣਾਧਾਰੀ ਜੀਵ ਮਰਨ ਤੋਂ ਬਾਅਦ ਤਹਿ = ਉਸ ਬਿਖੇ = ਵਿਚ ਜਾ ਕਰਕੇ ਪਰਤ = ਪੈਣਾ ਕਰਦਾ ਹੈ ਭਾਵ ਉਸ ਵਿਚ ਡਿੱਗਣਾ ਕਰਦਾ ਹੈ।

## ਪ੍ਰਾਚੀਨ ਕਰਮ ਮਲਨ ਕੇ; ਫਲ ਦੀਨ ਹ੍ਵੈ ਭੁਗਵੇ ਤਹੀ॥

ਫਿਰ ਤਹੀ = ਉਥੇ ਇਹ ਜੀਵ ਆਪਣੇ ਪ੍ਰਾਚੀਨ = ਪੁਰਾਣੇ ਕੀਤੇ ਹੋਏ ਮਲਨ = ਮਲੀਨ, ਭੈੜੇ ਕਰਮਾਂ ਕੇ = ਦੇ ਫਲਾਂ ਨੂੰ ਦੀਨ = ਦੁਖੀ ਹ੍ਵੈ = ਹੋ ਕਰਕੇ ਭੁਗਵੇ = ਭੋਗਣਾ ਕਰਦਾ ਹੈ।

## ਅਸ ਨਰਕ ਕੇ ਦੁਖ ਨਿਕਰ; ਤੇ ਨਰ ਨਿਕਰ ਸਾਕੇ ਨਹੀਂ ॥੩੮॥

ਅਸ = ਇਸ ਪ੍ਰਕਾਰ ਦੇ ਨਾਲ ਜੋ ਨਰਕ ਦੁੱਖਾਂ ਦਾ ਨਿਕਰ = ਝੁੰਡ ਹੈ **ਵਾ:** ਜੋ ਨਰਕ ਦੁੱਖਾਂ ਦਾ ਨਿਕਰ = ਖ਼ਜ਼ਾਨਾ ਹੈ ਤੇ = ਉਹ ਭੋਗੀ, ਵਿਸ਼ਈ ਨਰ = ਪੁਰਸ਼ ਉਸ ਵਿੱਚੋਂ ਨਿਕਲ = ਨਿਕਲ ਨਹੀਂ ਸਾਕੇ = ਸਕਦੇ ॥੩੮॥

## ਕਹੂੰ ਪੁੰਨ ਪ੍ਰਤਾਪ ਤੇ; ਤਿਸ ਤਾਪ ਤੇ ਨਿਕਸੇ ਜਬੀ ॥

ਜਬੀ = ਜਦੋਂ ਜੀਵ ਕਹੂੰ = ਕਿਸੇ ਪੁੰਨ ਦੇ ਪ੍ਰਤਾਪ ਤੇ = ਨਾਲ ਤਿਸ = ਉਸ ਨਰਕ ਦੇ ਤਾਪ = ਦੁੱਖਾਂ ਤੇ = ਤੋਂ ਨਿਕਸੇ = ਨਿਕਲ ਜਾਵੇ ਭਾਵ ਛੁੱਟ ਜਾਵੇ।

## ਧਰ ਬਿਬਿਧ ਵੇਸਨ ਮੁਗਧ; ਵੇਖਹਿ ਨ ਨਿਜ ਸਰੂਪਹਿ ਹਠ ਕਬੀ ॥

ਤਦੋਂ ਫਿਰ ਇਹ ਮੁਗਧ = ਮੂਰਖ ਜੀਵ ਬਾਲ, ਜਵਾਨੀ ਆਦਿਕ ਬਿਬਿਧ = ਅਨੇਕ ਤਰ੍ਹਾਂ ਦੇ ਵੇਸਨ = ਵੇਸ ਧਰ = ਧਾਰਦਾ ਹੈ ਅਤੇ ਹਠ ਕਰਕੇ ਵਿਸ਼ਿਆਂ ਵਿਚ ਹੀ ਲੱਗਿਆ ਰਹਿੰਦਾ ਹੈ ਕਬੀ = ਕਦੇ ਵੀ ਨਿਜ = ਆਪਣੇ ਆਤਮ ਸਰੂਪਹਿ = ਸਰੂਪ ਨੂੰ ਵੇਖਹਿ = ਵੇਖਦਾ ਨਹੀਂ ਹੈ।

## ਵਿਖ ਵਤ ਵਿਖਮ ਰਸ ਵਿਖਯੋਂ ਕੇ;
## ਜਨ ਤਿਹ ਵਿਖੇ ਮਨ ਲਾਇ ਹੈ ॥

ਜੋ ਵਿਖਯੋਂ = ਵਿਸ਼ਿਆਂ ਕੇ = ਦੇ ਰਸ ਵਿਖ = ਜ਼ਹਿਰ ਦੀ ਵਤ = ਨਿਆਈਂ ਵਿਖਮ = ਕਠਿਨ ਭਾਵ ਦੁਖਦਾਈ ਹਨ, ਇਹ ਜਨ = ਪੁਰਸ਼ ਤਿਹ = ਉਨ੍ਹਾਂ ਦੇ ਵਿਖੇ = ਵਿਚ ਹੀ ਮਨ ਨੂੰ ਲਾਇ = ਲਾਉਣਾ ਕਰਦਾ ਹੈ।

## ਇਤ ਹੇਤ ਨਰ ਦੁਖ ਕੋ ਤਪਾਇ;
## ਨ ਪਾਂਇ ਹਰਿ ਕੇ ਧਿਆਇ ਹੈ ॥੩੯॥

ਹੇ ਭਾਈ ! ਇਤ = ਇਸ ਹੇਤ = ਕਾਰਣ ਕਰਕੇ ਨਰ = ਪੁਰਖ ਦੁੱਖਾਂ ਕੋ = ਨੂੰ ਨਾ ਸਹਾਰਦਾ ਹੋਇਆ ਤਪਾਇ = ਤਪਦਾ ਰਹਿੰਦਾ ਹੈ ਭਾਵ ਵਿਸ਼ੇ ਭੋਗਾਂ ਦੀ ਅਤ੍ਰਿਪਤੀ ਰੂਪ ਦੁੱਖਾਂ ਕਰਕੇ ਤਪਦਾ ਰਹਿੰਦਾ ਹੈ ਅਤੇ ਹਰਿ = ਹਰੀ ਪਰਮੇਸ਼ਰ ਕੇ = ਦੇ ਪਾਂਇ = ਚਰਨਾਂ ਦਾ ਧਿਆਨ ਨਹੀਂ ਧਰਦਾ ਹੈ **ਵਾ:** ਪਰਮੇਸ਼ਰ ਦੇ ਨਾਮ ਰੂਪੀ ਚਰਨਾਂ ਦਾ ਧਿਆਨ ਨਹੀਂ ਧਰਦਾ ਹੈ ॥੩੯॥ ਜੈਸਾ ਕਿ :

**ਚਿਤ ਚਰਨ ਨਾਮ ॥** *(ਸ੍ਰੀ ਦਸਮ ਗ੍ਰੰਥ, ਜਾਪੁ ਸਾਹਿਬ)*

## ਦੋਹਰਾ ॥

## ਤਜੇ ਨ ਨਰੁ ਨਟ ਭਾਵ ਨਿਜ; ਭਜੇ ਅਨੇਕ ਸਰੂਪ ॥

ਇਹ ਨਰੁ = ਪੁਰਸ਼ ਨਿਜ = ਆਪਣੇ ਮਨ ਵਿੱਚੋਂ ਨਟ ਭਾਵ ਨੂੰ ਤਜੇ = ਤਿਆਗਦਾ ਨਹੀਂ ਹੈ, ਭਾਵੇਂ ਇਹ ਅਨੇਕਾਂ ਹੀ ਸਰੂਪ = ਵੇਸਾਂ ਨੂੰ ਭਜੇ = ਭਜਣਾ ਭਾਵ ਧਾਰਨਾ ਕਰਦਾ ਹੈ।

## ਨਟ ਤੇ ਨਰ ਸਠ ਤਜਿ ਸਿਵ ਬਪੁ;
## ਭਜੇ ਬਿਬਿਧ ਨਿਜ ਰੂਪ ॥੪੦॥

**ਅੰਨਵੈ ਅਨੁਸਾਰ** : ਇਹ ਨਰ = ਪੁਰਸ਼ ਨਟ ਨਾਲੋਂ ਵੀ ਸਠ = ਮੂਰਖ ਹੈ ਕਿਉਂਕਿ ਇਹ ਨਿਜ = ਆਪਣੇ ਆਪ ਨੂੰ ਬਿਬਿਧ = ਅਨੇਕਾਂ ਰੂਪ ਧਾਰਨ ਕਰਨ ਵਾਲਾ ਮੰਨਣਾ ਕਰਦਾ ਹੈ, ਇਸ ਕਰਕੇ ਹੇ ਜੀਵੋ! ਤੁਸੀਂ ਇਸ ਮੂਰਖ ਪੁਣੇ ਨੂੰ ਤਜਿ = ਤਿਆਗਣਾ ਕਰੋ ਅਤੇ ਸਿਵ = ਕਲਿਆਣ ਬਪੁ = ਸਰੂਪ ਪਰਮਾਤਮਾ ਦਾ ਭਜੇ = ਸਿਮਰਨ ਕਰੋ **ਵਾ:** ਸਿਵ = ਕਲਿਆਣ ਕਰਨ ਵਾਲੇ ਆਪਣੇ ਆਤਮ ਸਰੂਪ ਨੂੰ ਭਜੇ = ਸਿਮਰਨਾ ਕਰੋ ॥੪੦॥

ਭਾਵ ਇਹ ਹੈ ਕਿ ਜਿਵੇਂ ਬਹੁਰੂਪੀਆ ਕਦੇ ਰਾਜਾ, ਕਦੇ ਕੰਗਾਲ, ਕਦੇ ਚੋਰ, ਕਦੇ ਸਾਧ, ਕਦੇ ਗ਼ਰੀਬ, ਕਦੇ ਅਮੀਰ ਆਦਿਕ ਰੂਪਾਂ ਨੂੰ ਧਾਰਨਾ ਕਰਦਾ ਹੈ, ਪਰ ਉਹ ਆਪਣੇ ਆਪ ਨੂੰ ਬਹੁਰੂਪੀਆ ਹੀ ਮੰਨਣਾ ਕਰਦਾ ਹੈ ਭਾਵ ਆਪਣੇ ਵਾਸਤਵ ਰੂਪ ਨੂੰ ਭੁੱਲਦਾ ਨਹੀਂ ਹੈ। ਪਰ ਇਹ ਮੂਰਖ ਜੀਵ ਆਪਣੇ ਆਤਮ ਸਰੂਪ ਨੂੰ ਭੁਲਾ ਕਰਕੇ ਆਪਣੇ ਆਪ ਨੂੰ ਕਦੇ ਬਾਲ, ਕਦੇ ਜੁਆਨ, ਕਦੇ ਸੁਖੀ, ਕਦੇ ਦੁਖੀ, ਕਦੇ ਗ਼ਰੀਬ, ਕਦੇ ਅਮੀਰ ਆਦਿਕ ਮੰਨਣਾ ਕਰਦਾ ਹੈ। ਇਸ ਲਈ ਇਹ ਮਹਾਂ ਮੂਰਖ ਹੈ, ਇਸ ਨਾਲੋਂ ਤਾਂ ਨਟ ਹੀ ਸਿਆਣਾ ਹੈ। ਇਸ ਕਰਕੇ ਭਰਥਰੀ ਜੀ ਕਥਨ ਕਰਦੇ ਹਨ ਕਿ ਹੇ ਪੁਰਸ਼ੋ! ਇਸ ਮੂਰਖਪੁਣੇ ਨੂੰ ਛੱਡ ਕਰਕੇ ਕਲਿਆਨ ਸਰੂਪ ਪਰਮੇਸ਼ਰ ਦਾ ਚਿੰਤਨ ਕਰੋ।

## ਤੋਟਕ ਛੰਦ ॥

## ਬਹੁ ਤੁੰਕ ਅਗਾਰ; ਕੁਮਾਰ ਮਹਾਂ ॥
## ਨਵ ਚਾਰੁ ਪਤਿਬ੍ਰਤ; ਨਾਰਿ ਤਹਾਂ ॥

ਭਾਵੇਂ ਕਿਸੇ ਸ਼ਾਹੂਕਾਰ ਕੋਲ ਬਹੁ = ਬਹੁਤ ਤੁੰਗ = ਉੱਚਾ ਅਗਾਰ = ਘਰ ਹੋਵੇ **ਵਾ:** ਹੈ, ਮਹਾਂ ਲਾਇਕ ਕੁਮਾਰ = ਪੁੱਤਰ ਵੀ ਹੋਵੇ ਅਤੇ ਭਾਵੇਂ ਤਹਾਂ = ਉਸ ਕੋਲ ਨਵ = ਜੋਬਨ ਅਵਸਥਾ ਵਾਲੀ ਚਾਰੁ = ਸੁੰਦਰ ਪਤੀਬ੍ਰਤਾ ਨਾਰਿ = ਇਸਤਰੀ ਵੀ ਹੋਵੇ।

## ਪੁਰਹੂਤ ਸਮਾਨ; ਵਿਭੂਨ ਘਨੀ ॥
## ਨ ਪ੍ਰਮਾਨ ਕਹੂ ਕਰਿ; ਜਾਤ ਗਨੀ ॥੪੧॥

ਭਾਵੇਂ ਉਸ ਕੋਲ ਪੁਰਹੂਤ = ਇੰਦਰ ਦੇ ਸਮਾਨ ਘਨੀ = ਬਹੁਤੀ ਵਿਭੂਤ = ਧਨ ਸੰਪਦਾ ਵੀ ਹੋਵੇ **ਵਾ:** ਹੈ ਅਤੇ ਜੋ ਕਹੂ = ਕਿਸੇ ਪ੍ਰਮਾਨ = ਪੁਰਸ਼ਾਂ ਪਾਸੋਂ ਕਰਿ = ਹੱਥ ਵਿਚ ਫੜ ਕੇ ਗਨੀ = ਗਿਨੀ ਵੀ ਨਾ ਜਾਤ = ਜਾਂਦੀ ਹੋਵੇ ॥੪੧॥

## ਸੁ ਮਹਾਂਜਨ ਮਾਹਿ; ਮਹਾਜਨ ਹੈ ॥
## ਤਿਨ ਕੇ; ਮਨ ਬਾਂਛਤ ਜੇ ਧਨ ਹੈ ॥

ਭਾਵੇਂ ਸੁ = ਉਹ ਮਹਾਂਜਨ = ਸ਼ਾਹੂਕਾਰਾਂ ਮਾਹਿ = ਵਿੱਚੋਂ ਵੱਡਾ ਮਹਾਜਨ = ਸ਼ਾਹੂਕਾਰ ਹੋਵੇ **ਵਾ:** ਹੈ, ਭਾਵੇਂ ਜੇਕਰ ਤਿਨ ਕੇ = ਉਸ ਦੇ ਘਰ ਵਿਚ ਮਨ ਬਾਂਛਤ = ਮਨ ਇੱਛਤ ਧਨ ਪਦਾਰਥ ਹੋਵੇ **ਵਾ:** ਹੈ।

## ਵਰਤੇ ਮਮ ਅਗ੍ਰ; ਸਮਗ੍ਰ ਵਹੇ ॥
## ਭਵ ਮੋ ਅਬ; ਮੋ ਸਮ ਕੌਨ ਅਹੇ ॥੪੨॥

ਭਰਥਰੀ ਜੀ ਕਥਨ ਕਰਦੇ ਹਨ ਕਿ ਵਹੇ = ਉਹ ਸਮਗ੍ਰ = ਸਭ ਤਰ੍ਹਾਂ ਦੀ ਧਨ ਸੰਪਦਾ ਕਰਕੇ ਪੂਰਨ ਸ਼ਾਹੂਕਾਰ ਮਮ = ਮੇਰੇ ਅਗ੍ਰ = ਅੱਗੇ ਸਦਾ ਹੀ ਨੌਕਰਾਂ ਸਮਾਨ ਵਰਤੇ = ਵਰਤਦਾ ਹੈ, ਇਸ ਕਰਕੇ ਇਸ ਭਵ = ਸੰਸਾਰ ਮੋ = ਵਿਚ ਅਬ = ਹੁਣ ਮੋ = ਮੇਰੇ ਸਮ = ਸਮਾਨ ਕੌਨ = ਕਿਹੜਾ ਅਹੇ = ਹੈ ? ॥੪੨॥

## ਜੜ ਜੰਤੁ ਇਵੇ; ਜੜਤਾ ਕਰਕੇ ॥
## ਗ੍ਰਬੈ ਅਤਸੈ; ਮਤਿ ਕੋ ਹਰਕੇ ॥

ਇਵੇ = ਇਸ ਪ੍ਰਕਾਰ ਦੇ ਨਾਲ ਜੜ = ਮੂਰਖ ਜੰਤੁ = ਜੀਵ ਜੜਤਾ = ਮੂਰਖਪੁਣੇ ਵਿਚ ਆਪਣੀ ਸ੍ਰੇਸ਼ਟ ਮਤਿ = ਬੁੱਧੀ ਕੋ = ਨੂੰ ਹਰਕੇ = ਨਾਸ਼ ਕਰ ਕੇ ਅਤਿਸ਼ੈ ਕਰਕੇ ਗ੍ਰਬੈ = ਹੰਕਾਰ ਕਰਦਾ ਹੈ।

## ਸਬ ਵਿਸ; ਅਨੁਸੂਰ ਮਾਨ ਰਤੇ ॥
## ਪ੍ਰਤੇ ਭਵ; ਕ੍ਰਿਸ਼ਨਗ੍ਰਹੇ ਨਰੁ ਤੇ ॥੪੩॥

ਸਬ = ਸਾਰੇ ਵਿਸ = ਸੰਸਾਰ ਨੂੰ ਅਨੁਸੂਰ = ਸੱਤ ਮਾਨ = ਮੰਨ ਕਰਕੇ ਉਸ ਵਿਚ ਰਤੇ = ਰੰਗਣਾ ਕਰਦਾ ਹੈ ਭਾਵ ਮੋਹ ਕਰਦਾ ਹੈ ਤੇ = ਉਹ ਨਰੁ = ਪੁਰਸ਼ ਭਵ = ਜੰਮਣ ਮਰਨ ਰੂਪੀ ਕ੍ਰਿਸ਼ਨਗ੍ਰਹੇ = ਜੇਲ੍ਹਖ਼ਾਨੇ ਵਿਚ ਪ੍ਰਤੇ = ਪੈਣਾ ਕਰਦਾ ਹੈ ॥੪੩॥

## ਮਮਤਾ ਮਯ; ਸੰਗਲ ਸੰਗ ਜਰੇ ॥
## ਬਹੁ ਜੂਨ ਧਰੇ; ਸੁਖ ਸੂਨ ਚਰੇ ॥

ਇਉਂ ਇਹ ਜੀਵ ਮਮਤਾ ਮਯ = ਰੂਪ ਸੰਗਲਾਂ ਸੰਗ = ਨਾਲ ਜਰੇ = ਜਕੜੇ ਰਹਿੰਦੇ ਹਨ ਅਤੇ ਫਿਰ ਸੁਖਾਂ ਤੋਂ ਸੂਨ = ਖ਼ਾਲੀ, ਹੀਣੇ ਹੋ ਕਰਕੇ ਸੱਪ, ਬਿੱਛੂ, ਕਿਰਲੀਆਂ, ਟਿੱਡੀਆਂ ਆਦਿਕ ਬਹੁ = ਬਹੁਤੀਆਂ ਜੂਨਾਂ ਨੂੰ ਧਰੇ = ਧਾਰ ਕੇ ਚਰੇ = ਫਿਰਨਾ ਕਰਦੇ ਹਨ।

## ਜਿਨ ਯਾ ਸਗਰੇ, ਭਵ ਕੋ ਮਨ ਮੈ ॥
## ਮਨ ਕੇ ਖਿਨ ਖੀਣ; ਤਜਯੋ ਖਿਣ ਮੈ ॥੪੪॥

ਜਿਨ = ਜਿਨ੍ਹਾਂ ਪੁਰਸ਼ਾਂ ਨੇ ਯਾ = ਇਸ ਸਗਰੇ = ਸਾਰੇ ਭਵ = ਸੰਸਾਰ ਕੋ = ਨੂੰ ਮਨ ਦੇ ਮੈ = ਵਿਚ ਇਕ ਖਿਨ ਵਿਚ ਖੀਣ = ਨਾਸ਼ ਹੋ ਜਾਣ ਵਾਲਾ ਜਾਣ ਕਰਕੇ ਮਨ ਕੇ = ਦੇ ਵਿੱਚੋਂ ਇਕ ਖਿਨ ਮੈ = ਵਿਚ ਹੀ ਤਜਯੋ = ਤਿਆਗ ਦਿੱਤਾ ਹੈ ॥੪੪॥

## ਬਸ ਕੇ ਬਨ ਮੈ; ਸਭ ਚੇਤਨ ਮੈ ॥
## ਤਤ ਰੂਪ ਭਏ ਜੂ; ਇਸੇ ਤਨ ਮੈ ॥

ਅਤੇ ਬਨ = ਜੰਗਲ ਕੇ = ਦੇ ਮੈ = ਵਿਚ ਵੱਸ ਕਰਕੇ ਸਭ = ਸਾਰਿਆਂ ਨੂੰ ਚੇਤਨ ਬ੍ਰਹਮ ਦਾ ਮੈ = ਰੂਪ

ਜਾਣਨਾ ਕੀਤਾ ਹੈ, ਉਹ ਪੁਰਸ਼ ਇਸੇ ਮਨੁੱਖਾ ਤਨ = ਸਰੀਰ ਮੈ = ਵਿਚ ਉਸ ਤਤ = ਬ੍ਰਹਮ ਦਾ ਰੂਪ ਭਏ = ਹੋ ਗਏ ਹਨ ਜੂ = ਜੀ।

## ਸੁਰ ਪਿਤ੍ਰ ਸਭੀ; ਜਨ ਤਾਂਹਿ ਜਜੈ ॥
## ਤਿਹ ਨਾਮ ਭਜੇ; ਅਘ ਓਘ ਭਜੇ ॥੪੫॥

ਮਾਨੋ ਤਾਂਹਿ = ਉਨ੍ਹਾਂ ਜਨ = ਪੁਰਸ਼ਾਂ ਨੇ ਸਭੀ = ਸਾਰੇ ਸੁਰ = ਦੇਵਤੇ ਤੇ ਪਿਤ੍ਰ ਵੀ ਜਜੈ = ਪੂਜ ਲੈਣਾ ਕੀਤੇ ਹਨ ਅਤੇ ਉਨ੍ਹਾਂ ਦੇ ਓਘ = ਸਮੂਹ ਅਘ = ਪਾਪ ਭਜੇ = ਭੱਜ ਭਾਵ ਨਾਸ਼ ਹੋ ਗਏ ਹਨ, ਕਿਉਂਕਿ ਉਨ੍ਹਾਂ ਨੇ ਤਿਹ = ਉਸ ਪਰਮਾਤਮਾ ਦੇ ਨਾਮ ਨੂੰ ਭਜੇ = ਸਿਮਰਨਾ ਕੀਤਾ ਹੈ॥੪੫॥

## ਦੋਹਰਾ ॥
## ਦੇਤ ਦੰਡ ਬਹੁ ਦੰਡਧਰ; ਜੇ ਗਰਬਤ ਧਨ ਪਾਇ ॥

ਹੇ ਭਾਈ ! ਜੇ = ਜਿਹੜੇ ਜੀਵ ਧਨ ਆਦਿ ਵਿਭੂਤੀ ਨੂੰ ਪਾਇ = ਪਾ ਕਰਕੇ ਗਰਬਤ = ਹੰਕਾਰ ਕਰਦੇ ਹਨ, ਉਨ੍ਹਾਂ ਨੂੰ ਦੰਡਧਰ = ਡੰਡਾ ਰੱਖਣ ਵਾਲਾ ਜਮਰਾਜਾ ਬਹੁ = ਬਹੁਤ ਦੰਡ = ਸਜ਼ਾ ਦੇਤ = ਦਿੰਦਾ ਹੈ।

## ਜਜੇ ਸੁ ਤਾ ਵਿਪਰੀਤ ਕੇ; ਸਹ ਕੁਟੰਬ ਬਿਬੁ ਪਾਇ ॥੪੬॥

ਪਰ ਜੋ ਇਸ ਕਰਮ ਤੋਂ ਵਿਪਰੀਤ = ਉਲਟ ਹਨ ਭਾਵ ਜਿਹੜੇ ਪੁਰਸ਼ ਧਨ ਨੂੰ ਪਾ ਕਰਕੇ ਨਿਮਰਤਾ ਵਿਚ ਰਹਿੰਦੇ ਹਨ ਅਤੇ ਦੀਨ ਦੁਖੀਆਂ ਉੱਪਰ ਦਇਆ ਕਰਦੇ ਹਨ, ਸੁ = ਉਹ ਜਮਰਾਜਾ ਆਪਣੇ ਕੁਟੰਬ = ਪਰਿਵਾਰ ਸਹ = ਸਮੇਤ ਤਾ = ਉਨ੍ਹਾਂ ਪੁਰਸ਼ਾਂ ਕੇ = ਦੇ ਬਿਬੁ = ਦੋਵੇਂ ਪਾਇ = ਪੈਰਾਂ ਨੂੰ ਜਜੇ = ਪੂਜਣਾ ਕਰਦਾ ਹੈ ਭਾਵ ਮੱਥਾ ਟੇਕਦਾ ਹੈ॥੪੬॥

## ਗੀਆ ਮਾਲਤੀ ਛੰਦ ॥
## ਸ਼੍ਰੀ ਮਤਿ ਕਨਕ ਗਿਰ ਦਿਢ ਜਬੈ;
## ਸੁ ਪਰਲੈ ਅਗਨਿ ਕਰ ਗਿਰ ਪਰੇ ॥

ਜੋ ਸ਼੍ਰੀ ਮਤਿ = ਸ਼ੋਭਾ ਵਾਲਾ ਦਿਢ = ਅਚੱਲ ਕਨਕ = ਸੋਨੇ ਦਾ ਸੁਮੇਰ ਗਿਰ = ਪਰਬਤ ਹੈ, ਜਬੈ = ਜਦੋਂ ਸੁ = ਉਹ ਪਰਲੈ = ਪਰਲੋ ਕਾਲ ਦੀ ਅਗਨਿ = ਅੱਗ ਕਰ = ਨਾਲ ਸੜ ਕਰਕੇ ਗਿਰ = ਡਿੱਗ ਪਰੇ = ਪਵੇਗਾ।

## ਮਕਰਾਂਦਿ ਜੰਤੁ ਅਨੰਤ ਕੇ ਘਰ; ਜਲਧਿ ਸੂਕਹਿ ਤਹਿ ਕਰੇ ॥

ਜੋ ਮਕਰਾਂਦਿ = ਮੱਗਰਮੱਛ ਆਦਿਕ ਅਨੰਤ = ਬੇਅੰਤ ਜੰਤੂਆਂ ਦਾ ਘਰ ਜਲਧਿ = ਸਮੁੰਦਰ ਹੈ, ਜਦੋਂ ਉਹ ਵੀ ਪਰਲੋ ਦੀ ਅੱਗ ਕਰੇ = ਕਰਕੇ ਤਹਿ = ਉਸ ਥਾਂ ਤੋਂ ਸੂਕਹਿ = ਸੁੱਕ ਜਾਵੇਗਾ।

## ਜਬ ਸ਼ੇਸ਼ਨਾਗ ਸਿਰਾਨ ਕਰਕੇ; ਧਰਤਿ ਅਪਿ ਧਰਤੀ ਜਰੇ ॥

ਜੋ ਧਰਤੀ ਸ਼ੇਸ਼ਨਾਗ ਨੇ ਆਪਣੇ ਸਿਰਾਨ = ਸਿਰਾਂ ਕਰਕੇ ਧਾਰਨ ਕੀਤੀ ਹੋਈ ਹੈ, ਜਬ = ਜਦੋਂ ਉਹ ਧਰਤੀ ਅਪਿ = ਭੀ ਪਰਲੋ ਦੀ ਅਗਨੀ ਨਾਲ ਜਰੇ = ਜਲ, ਸੜ ਜਾਵੇਗੀ।

## ਕਰੀ ਕਰਭ ਕੇ ਕਰਣਾਗ੍ਰ ਵਤ;
## ਚਲ ਕਾਯ ਕੀ ਤਬ ਕਥਾ ਕਰੇ ॥੪੭॥

ਹੇ ਭਾਈ! ਜੋ ਕਰੀ = ਹਾਥੀ ਕੇ = ਦੇ ਕਰਭ = ਬੱਚੇ ਦੀ ਕਰਣਾਗ੍ਰ = ਸੁੰਡ ਦੇ ਅਗਲੇ ਸਿਰੇ ਦੀ ਵਤ = ਨਿਆਈਂ ਚਲ = ਚੰਚਲ ਕਾਯ = ਸਰੀਰ ਹੈ, ਤਬ = ਤਦੋਂ ਫੇਰ ਪਰਲੋ ਦੇ ਸਮੇਂ ਇਹ ਕਥਾ = ਕੀ ਕਰੇਗਾ ? ਭਾਵ ਇਹ ਹੈ ਕਿ ਜਦੋਂ ਇਤਨੇ ਵੱਡੇ-ਵੱਡੇ ਪਰਬਤ, ਸਮੁੰਦਰ, ਧਰਤੀ ਆਦਿਕ ਨਾਸ਼ਵੰਤ ਹਨ ਤਾਂ ਇਹ ਸਰੀਰ ਕੀ ਕਰੇਗਾ। ਇਸ ਕਰਕੇ ਇਸ ਸਰੀਰ ਨੂੰ ਵੀ ਨਾਸ਼ਵਾਨ ਮੰਨਣਾ ਕਰੋ, ਇਸ ਨੂੰ ਸਤ ਨਾ ਮੰਨੋ, ਪਰਮੇਸ਼ਰ ਦੇ ਨਾਮ ਵਿਚ ਜੁੜ ਕਰਕੇ ਆਪਣੇ ਆਤਮ ਸਰੂਪ ਨੂੰ ਜਾਣਨਾ ਕਰੋ ॥੪੭॥

## ਦੋਹਰਾ ॥
## ਹੇਮਾਂਦ੍ਰੀ ਬਾਰਿਧਿ ਧਰਾ ਰਵਿ; ਬਿਧ ਬਿਧਿਨਾਤਹਿੰ ॥

ਜੋ ਹੇਮਾਂਦ੍ਰੀ = ਹਿਮਾਚਲ ਪਰਬਤ, ਬਾਰਿਧਿ = ਸਮੁੰਦਰ, ਧਰਾ = ਧਰਤੀ, ਰਵਿ = ਸੂਰਜ, ਬਿਧ = ਚੰਦਰਮਾ, ਬਿਧਿਨਾਤਹਿੰ = ਬ੍ਰਹਮਾ ਆਦਿਕ ਦੇਵਤੇ ਹਨ।

## ਕਰੇ ਅੰਤ ਅੰਤਕ ਸਕਲ; ਅਹੰ ਜੰਤੁ ਕਿਨ ਮਾਹਿੰ ॥੪੮॥

ਜਦੋਂ ਪਰਲੋ ਦੇ ਅੰਤਕ = ਕਾਲ ਨੇ ਇਨ੍ਹਾਂ ਸਕਲ = ਸਾਰਿਆਂ ਦਾ ਅੰਤ = ਨਾਸ਼ ਕਰੇ = ਕਰ ਦਿੱਤਾ ਤਾਂ ਫੇਰ ਅਹੰ = ਅਸੀਂ ਜੰਤੁ = ਜੀਵ ਕਿਨ = ਕਿਸ ਗਿਣਤੀ ਮਾਹਿੰ = ਵਿਚ ਹਾਂ, ਇਸ ਕਰਕੇ ਹੇ ਭਾਈ! ਸਰੀਰ ਨੂੰ ਨਾਸ਼ਵੰਤ ਮੰਨਣਾ ਕਰੋ ਅਤੇ ਆਪਣੇ ਆਤਮ ਸਰੂਪ ਦੀ ਲਖਤਾ ਨੂੰ ਪ੍ਰਾਪਤ ਕਰੋ ॥੪੮॥

ਹੁਣ ਅੱਗੇ ਮਨੁੱਖ ਦੀ ਉਮਰ ਦਾ ਬਿਅਰਥ ਜਾਣਾ ਦੱਸਦੇ ਹਨ।

## ਕਬਿੱਤ ॥
## ਸ਼ੁਭ ਸਤ ਸੰਵਤ ਨਰਾਨ ਕੀ ਪ੍ਰਮਾਨ ਆਯੂ;
## ਤਾਸ ਆਧ ਭਾਗ ਨਾਸ ਹੋਇ ਰੈਨ ਸੋਇ ਹੈ ॥

ਹੇ ਭਾਈ! ਨਰਾਨ = ਮਨੁੱਖਾਂ ਦੀ ਸਤ = ਸੌ ਸੰਵਤ = ਵਰ੍ਹੇ (ਸਾਲ) ਤਕ ਸ਼ੁਭ = ਸ੍ਰੇਸ਼ਟ ਆਯੂ = ਉਮਰ ਪ੍ਰਮਾਨ = ਪ੍ਰਵਾਣਨੀਕ ਭਾਵ ਮੰਨਣਾ ਕੀਤੀ ਹੈ, ਤਾਸ = ਉਸ ਵਿਚ ਆਧ = ਅੱਧਾ ਭਾਗ = ਹਿੱਸਾ ਰੈਨ = ਰਾਤਾਂ ਦਾ ਹੁੰਦਾ ਹੈ, ਜਿਹੜਾ ਸੋਇ = ਸੁੱਤਿਆਂ ਹੀ ਨਾਸ਼ ਹੋਇ = ਹੋ ਜਾਂਦਾ ਹੈ।

## ਬਾਲ ਬ੍ਰਿਧ ਮਾਹਿ, ਤਾਹਿ ਆਧੋ ਭਾਗ ਬਾਧੋ ਆਹਿ;
## ਜੜਤਾ ਆਸ਼ਕਤਾ ਕੀ ਖਾਣ ਵੈ ਸੁ ਦੋਇ ਹੈ ॥

ਫਿਰ ਤਾਹਿ = ਉਸ ਅੱਧੀ ਉਮਰ ਵਿੱਚੋਂ ਬਾਲ ਤੇ ਬਿਰਧ ਅਵਸਥਾ ਮਾਹਿ = ਵਿਚ ਆਧੋ = ਅੱਧਾ ਭਾਗ = ਹਿੱਸਾ ਬਾਧੋ = ਨਾਸ਼ ਹੋ ਜਾਂਦਾ ਆਹਿ = ਹੈ ਸੋ ਵੈ = ਉਹ ਦੋਇ = ਦੋਵੇਂ (ਬਾਲ ਤੇ ਬਿਰਧ) ਅਵਸਥਾਵਾਂ (ਉਮਰਾਂ) ਜੜਤਾ = ਮੂਰਖਤਾ ਤੇ ਆਸ਼ਕਤਾ = ਸ਼ਕਤੀ ਤੋਂ ਰਹਿਤ ਭਾਵ ਕਮਜ਼ੋਰੀ ਕੀ = ਦੀ ਖਾਣ ਕਥਨ ਕੀਤੀਆਂ ਜਾਂਦੀਆਂ ਹਨ। ਅਤੇ :

## ਸੇਸ ਕੀ ਅਵਧਿ ਜੋਊ, ਆਧਿ ਬਿਆਧਿ ਸੰਗ ਸੋਊ;
## ਭਰਮਨੋ ਵਿਦੇਸ ਹੋਊ, ਸੇਵਕਾਦਿ ਖੋਇ ਹੈ॥

ਸੇਸ = ਬਾਕੀ ਕੀ = ਦੀ ਜੋਊ = ਜੋ ਅਵਧਿ = ਉਮਰ ਹੈ, ਸੋਊ = ਉਹ ਆਧਿ, ਬਿਆਧਿ, ਉਪਾਧਿ ਆਦਿਕ ਰੋਗਾਂ ਦੇ ਸੰਗ = ਨਾਲ ਅਤੇ ਸੇਵਕਾਦਿ = ਨੌਕਰੀ ਆਦਿਕਾਂ ਦੇ ਲਈ ਵਿਦੇਸ = ਪ੍ਰਦੇਸ਼ਾਂ ਵਿਚ ਭਰਮਨੋ = ਭਟਕਦਿਆਂ ਦੀ ਖੋਇ = ਖੋਹ, ਨਾਸ਼ ਹੋਊ = ਹੋ ਜਾਂਦੀ ਹੈ।

## ਜੀਵਨ ਕੀ ਆਉ ਮਾਂਹਿ, ਸੁਖ ਕੋ ਤੋ ਨਾਂਉ ਨਾਂਹਿ;
## ਤੋਇ ਕੇ ਤਰੰਗ ਕੇ ਸਮਾਨ, ਭੰਗ ਹੋਇ ਹੈ॥੪੯॥

ਇਸ ਕਰਕੇ ਹੇ ਭਾਈ! ਜੀਵਨ = ਜ਼ਿੰਦਗੀ ਕੀ = ਦੀ ਆਉ = ਉਮਰ ਮਾਂਹਿ = ਵਿਚ ਸੁਖ ਦਾ ਤੋ = ਤਾਂ ਕੋ = ਕੋਈ ਨਾਂਉ = ਨਾਮ ਨਿਸ਼ਾਨ ਵੀ ਨਾਂਹਿ = ਨਹੀਂ ਹੈ, ਇਹ ਦੇਹ ਦੀ ਉਮਰ ਤਾਂ ਤੋਇ = ਪਾਣੀ ਦੀ ਤਰੰਗ = ਲਹਿਰ ਕੇ = ਦੇ ਸਮਾਨ ਭੰਗ = ਨਾਸ਼ ਹੋਇ = ਹੁੰਦੀ ਜਾਂਦੀ ਹੈ ਭਾਵ ਇਹ ਸਰੀਰ ਨਾਸ਼ਵਾਨ ਹੈ, ਸਥਿਰ ਰਹਿਣ ਵਾਲਾ ਨਹੀਂ ਹੈ॥੪੯॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਮਨੁੱਖ ਦੀਆਂ ਦਸ ਅਵਸਥਾਵਾਂ ਕਥਨ ਕਰਕੇ ਉਨ੍ਹਾਂ ਦਾ ਬੇਅਰਥ ਜਾਣਾ ਇਸ ਪ੍ਰਕਾਰ ਦੱਸਦੇ ਹਨ। ਜੈਸਾ ਕਿ:

**ਮਃ ੧॥ ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥**
**ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ॥**
**ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ॥**
**ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ॥**
**ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥੩॥**

*(ਮਾਝ ਕੀ ਵਾਰ, ਅੰਗ ੧੩੮)*

## ਭੁਜੰਗ ਪ੍ਰਯਾਤ ਛੰਦ॥
## ਹਾਹਾ ਮੀਚ ਕੋ; ਨੀਚ ਮਾਰੇ ਅਨੰਗਾ॥
## ਇੰਦੰ ਸ੍ਵਾਨ ਸ੍ਵਾਨੀ ਕੋ; ਚਾਹੇ ਅਲਿੰਗਾ॥

ਹਾਹਾ = ਹਾਇ ਹਾਇ! ਮੀਚ = ਮਰੇ ਹੋਏ ਕੋ = ਨੂੰ ਵੀ ਨੀਚ ਅਨੰਗਾ = ਕਾਮ ਮਾਰੇ = ਮਾਰਦਾ ਹੈ। ਵੇਖੋ! ਇੰਦੰ = ਇਹ ਸ੍ਵਾਨ = ਕੁੱਤਾ ਵੀ ਸ੍ਵਾਨੀ = ਕੁੱਤੀ ਕੋ = ਨੂੰ ਅਲਿੰਗਾ = ਭੋਗਣਾ ਚਾਹੇ = ਚਾਹੁੰਦਾ ਹੈ।

## ਕ੍ਰਿਸਾ ਪਿੰਗ ਕਾਣਾ; ਕਟੀ ਪੂਛ ਬੁੱਚਾ॥
## ਸ੍ਰਵੇ ਪੂੰ ਬਰਣੀ ਤੇ; ਭਿਗੀ ਸਰਬ ਤੁੱਚਾ॥੫੦॥

ਜੋ ਕੁੱਤਾ ਕ੍ਰਿਸਾ = ਲਿੱਸਾ, ਕਮਜ਼ੋਰ ਹੈ, ਪਿੰਗ = ਪਿੰਗਲਾ ਹੈ ਤੇ ਕੱਟੀ ਪੂਛ ਵਾਲਾ ਹੈ ਤੇ ਜਿਸ ਦੇ ਬੁੱਚਾ = ਕੰਨ ਵੱਢੇ ਹੋਏ ਹਨ, ਜਿਸ ਦੇ ਬਰਣੀ = ਜ਼ਖ਼ਮਾਂ ਤੇ = ਤੋਂ ਪੂੰ = ਪੀਕ ਸ੍ਰਵੇ = ਟਪਕਦੀ ਭਾਵ ਵਗਦੀ ਹੈ, ਜਿਸ ਨਾਲ ਉਸ ਦੀ ਸਰਬ = ਸਾਰੀ ਤੁੱਚਾ = ਚਮੜੀ ਭਿਗੀ = ਭਿੱਜੀ ਹੋਈ ਹੈ।

## ਕ੍ਰਿਮਾਸੰਖ ਕੇ ਸੰਗ; ਸੋਵਯਾ ਬਿਰਤਾਂਗਾ॥
## ਕਟੇ ਕੀਟ ਔਂ; ਮੱਖ ਕਾ ਪੁੰਜ ਕਾਂਗਾ॥

ਸੋਵਯਾ = ਉਨ੍ਹਾਂ (ਕ੍ਰਿਮ + ਅਸੰਖ) ਅਸੰਖ = ਅਣਗਿਣਤ ਕ੍ਰਿਮ = ਕੀੜਿਆਂ ਕੇ = ਦੇ ਸੰਗ = ਨਾਲ ਜਿਸ ਦੇ (ਬਿਰਤ + ਅੰਗਾ) ਸਾਰੇ ਅੰਗ ਬਿਰਤ = ਢੱਕੇ ਹੋਏ ਹਨ ਭਾਵ ਸਰੀਰ ਵਿਚ ਬੇਅੰਤ ਕੀੜੇ ਪਏ ਹੋਏ ਹਨ। ਜਿਸ ਅੰਗਾਂ ਨੂੰ ਕੀਟ = ਕੀੜਿਆਂ, ਮੱਖ = ਮੱਖੀਆਂ, ਕਾਂਗਾ = ਕਾਵਾਂ ਦਾ ਪੁੰਜ = ਝੁੰਡ ਕਟੇ = ਕੱਟ-ਕੱਟ ਕੇ ਖਾਂਦਾ ਹੈ।

## ਤ੍ਰਿਖਾ ਭੁਖ ਸੋਂ; ਬਿਆਕੁਲਾ ਜੀਰੁਣਾਂਗਾ॥
## ਗਰੇ ਬੀਚ; ਪੇਟਾਰ ਕੋ ਪਰੋ ਧਾਂਗਾ॥੫੧॥

ਜਿਸ ਦਾ (ਜੀਰੁਣ + ਅੰਗਾ) ਜੀਰੁਣ = ਬਿਰਧ ਅੰਗਾ = ਸਰੀਰ ਭੁੱਖ ਤੇ ਤ੍ਰਿਖਾ = ਪਿਆਸ ਸੋ = ਨਾਲ ਬਿਆਕੁਲਾ = ਘਬਰਾਇਆ ਹੋਇਆ **ਵਾ:** ਦੁਖੀ ਹੈ ਅਤੇ ਜਿਸ ਦੇ ਗਰੇ = ਗਲੇ ਬੀਚ = ਵਿਚ ਪੇਟਾਰ = ਪਿਟਾਰੀ (ਪੇਟੀ) ਕੋ = ਦਾ ਘਾਂਗਾ = ਘੇਰਾ ਪਰੋ = ਪਿਆ ਹੋਇਆ ਹੈ॥੫੧॥

## ਇਸੇ ਸ੍ਵਾਨ ਤੇ ਭੀ; ਨਹੀਂ ਕਾਮ ਬਾਚੇ॥
## ਧਨੀ ਜੁਆਨ ਕੇ; ਚਿਤ ਮੋ ਕਿੰ ਨ ਰਾਚੇ॥

ਇਸ = ਇਹੋ ਜਿਹਾ ਸ੍ਵਾਨ = ਕੁੱਤਾ ਭੀ = ਵੀ ਕਾਮ ਤੇ = ਤੋਂ ਬਾਚੇ = ਬਚ ਨਹੀਂ ਸਕਿਆ ਤਾਂ ਫਿਰ ਜੋ ਧਨੀ = ਧਨਵਾਨ ਤੇ ਜੁਆਨ ਅਵਸਥਾ ਵਾਲਾ ਪੁਰਸ਼ ਹੈ, ਉਸ ਕੇ = ਦੇ ਚਿਤ ਮੋ = ਵਿਚ ਇਹ ਕਾਮ ਕਿੰ = ਕਿਉਂ ਨਹੀਂ ਰਾਚੇ = ਰਚੇਗਾ ?

## ਡਰੇ ਏਕ ਕਾਮਾਰਿ ਤੇ; ਮੈਨ ਸੂਰਾ॥
## ਜਟੀ ਦਾਸ ਕੇ ਪਾਸ ਤੇ; ਭੀ ਪਰ ਦੂਰਾ॥੫੨॥

ਭਰਥਰੀ ਜੀ ਕਥਨ ਕਰਦੇ ਹਨ ਕਿ ਇਹ ਮੈਨ = ਕਾਮ ਰੂਪੀ ਸੂਰਾ = ਸੂਰਮਾ ਏਕ = ਇਕ ਕਾਮਾਰਿ = ਸ਼ਿਵਜੀ ਤੇ = ਤੋਂ ਡਰੇ = ਡਰਦਾ ਹੈ, ਪਰ = ਦੂਸਰਾ ਜਾਂ ਫੇਰ ਜਟੀ = ਜਟਾਵਾਂ ਵਾਲੇ ਸ਼ਿਵਜੀ ਕੇ = ਦੇ ਦਾਸ ਦੇ ਪਾਸ = ਕੋਲ ਜਾਣ ਤੇ = ਤੋਂ ਭੀ = ਵੀ ਡਰਦਾ ਹੋਇਆ ਦੂਰਾ = ਦੂਰ ਰਹਿੰਦਾ ਹੈ॥੫੨॥

## ਸੋਰਠਾ॥
## ਸ਼ਿਵ ਭ੍ਰਿਤ ਸ਼ਿਵ ਮਯ ਹੇਰ;
## ਮਨ ਮਤ ਤਾਸ ਨ ਮਨਮਥੇ॥

ਮਨਮਥੇ = ਕਾਮਦੇਵ, ਸ਼ਿਵਜੀ ਦੇ ਕ੍ਰਿਤ = ਦਾਸ ਨੂੰ ਸ਼ਿਵ ਮਯ = ਸਰੂਪ ਵੇਖ ਕਰਕੇ ਤਾਸ = ਉਸ ਦੇ ਮਨ ਨੂੰ ਮਤ = ਕਦਾਚਿਤ ਵੀ ਡੁਲਾਉਣਾ ਨ = ਨਹੀਂ ਕਰਦਾ।

## ਡਰੇ, ਦਹੇ ਮਤ ਫੇਰ; ਨਾਮ ਅਨੰਗ ਅਭਾਵ ਹੁਇ ॥੫੩॥

ਇਸ ਕਰਕੇ ਡਰੇ = ਡਰਦਾ ਹੈ ਕਿ ਮਤ = ਮਤਾਂ ਕਿਤੇ ਸ਼ਿਵਜੀ ਮੈਨੂੰ ਫੇਰ = ਦੁਬਾਰਾ ਦਹੇ = ਸਾੜ ਦੇਵੇ, ਫਿਰ ਤਾਂ ਮੇਰੇ ਅਨੰਗ ਨਾਮ ਦਾ ਵੀ ਅਭਾਵ = ਨਾਸ਼ ਹੁਇ = ਹੋ ਜਾਵੇਗਾ ॥੫੩॥

ਜੋ ਉਪਰੋਕਤ 'ਅਨੰਗ' ਪਦ ਆਇਆ ਹੈ, ਇਸ ਦਾ ਅਰਥ ਹੈ, ਜਿਸ ਦੇ ਅੰਗ (ਦੇਹ) ਨਹੀਂ ਭਾਵ ਕਾਮਦੇਵ। ਪੁਰਾਣਕ ਕਥਾ ਹੈ ਕਿ ਕਾਮਦੇਵ ਨੇ ਇਕ ਵਾਰ ਸ਼ਿਵਜੀ ਨੂੰ ਸੰਤਾਪ ਦਿੱਤਾ, ਜਿਸ ਕਰਕੇ ਸ਼ਿਵਜੀ ਨੇ ਕ੍ਰੋਧ-ਦ੍ਰਿਸ਼ਟੀ ਨਾਲ ਉਸ ਨੂੰ ਭਸਮ ਕਰ ਦਿੱਤਾ। ਇਸ ਕਰਕੇ ਡਰਦਾ ਹੈ ਕਿ ਹੁਣ ਤਾਂ ਮੇਰਾ ਨਾਮ ਅਨੰਗ ਹੈ, ਜੇ ਕਿਤੇ ਦੁਬਾਰਾ ਸਾੜ ਦਿੱਤਾ, ਫੇਰ ਮੇਰਾ 'ਅਨੰਗ' ਨਾਮ ਵੀ ਨਾਸ਼ ਹੋ ਜਾਵੇਗਾ।

## ਬਿਸਾਲ ਛੰਦ ॥

## ਦਰਸੈ ਜਨ ਜੋ; ਨਿਜ ਮਾਨ ਮਲੀਨ ॥
## ਨਿਤ ਖੀਣ ਪਿਖੇ; ਧਨ ਲਾਭ ਰਤੀ ਨ ॥

ਜੋ = ਜਿਹੜੇ ਜਨ = ਪੁਰਸ਼ ਨਿਜ = ਆਪਣੇ ਮਾਨ ਨੂੰ ਮਲੀਨ ਭਾਵ ਨਾਸ਼ ਹੋਇਆ ਦਰਸੈ = ਵੇਖਦੇ ਹਨ, ਜੋ ਧਨ ਨੂੰ ਨਿਤ = ਸਦਾ ਹੀ ਖੀਣ = ਨਾਸ਼ ਰੂਪ ਕਰਕੇ ਪਿਖੇ = ਦੇਖਦੇ ਹਨ ਅਤੇ ਜੋ ਧਨ ਉਨ੍ਹਾਂ ਨੂੰ ਰਤੀ ਮਾਤਰ ਵੀ ਲਾਭ = ਪ੍ਰਾਪਤ ਨਹੀਂ ਹੁੰਦਾ ਹੈ।

## ਅਰਥੀ ਵਿਅਰਥੇ; ਫਿਰ ਜਾਤ ਕਦੰਬ ॥
## ਹਤ ਬੰਧ, ਜਨਾ ਪਿਖ; ਨਸਟ ਕੁਟੰਬ ॥੫੪॥

ਫਿਰ ਧਨ ਨਾ ਹੋਣ ਕਰਕੇ ਘਰ ਦੇ ਦਰਵਾਜ਼ੇ ਅੱਗੋਂ ਕਦੰਬ = ਸਭ ਅਰਥੀ = ਮੰਗਤੇ ਲੋਕ ਵੀ ਵਿਅਰਥੇ = ਬਿਨਾਂ ਅਰਥ ਤੋਂ ਭਾਵ ਖ਼ਾਲੀ ਹੀ ਮੁੜ ਕੇ ਜਾਤ = ਜਾਂਦੇ ਹਨ, ਜਿਨ੍ਹਾਂ ਦੇ ਪਿਆਸੇ ਬੰਧ = ਸੰਬੰਧੀ ਹਤ = ਨਾਸ਼ ਭਾਵ ਮਰ ਗਏ ਹਨ ਅਤੇ ਜੋ ਜਨਾਂ = ਇਸਤਰੀ ਪੁੱਤਰ ਆਦਿਕ ਕੁਟੰਬ = ਪਰਿਵਾਰ ਦੇ ਲੋਕਾਂ ਨੂੰ ਵੀ ਨਸ਼ਟ = ਨਾਸ਼ ਹੋਇਆ ਪਿਖ = ਵੇਖਣਾ ਕਰਦੇ ਹਨ ॥੫੪॥ ਅਤੇ :

## ਨਿਜ ਨਸ਼ਟ ਜੁਵਾ ਜੋ; ਸਨੇ ਸਨੇ ਜੋਇ ॥
## ਇਵ ਭਰਿਸ਼ਟ ਸਾਮਾਨ; ਸਬੀ ਜਬ ਹੋਇ ॥

ਜੋ ਪੁਰਖ ਨਿਜ = ਆਪਣੀ ਜੁਵਾ = ਜਵਾਨ ਅਵਸਥਾ ਨੂੰ ਵੀ ਸਨੇ ਸਨੇ = ਹੌਲੀ-ਹੌਲੀ ਨਸ਼ਟ = ਨਾਸ਼ ਹੁੰਦੀ ਹੋਈ ਜੋਇ = ਵੇਖਣਾ ਕਰਦੇ ਹਨ, ਜੋ ਇਵ = ਇਸ ਪ੍ਰਕਾਰ ਜਬ = ਜਦੋਂ ਸਬੀ = ਸਾਰੀ ਸਾਮਾਨ = ਸਮੱਗਰੀ ਨੂੰ ਨਸ਼ਟ = ਭਰਿਸ਼ਟ ਹੋਇ = ਹੋਇਆ ਜਾਣਨਾ ਕਰਦੇ ਹਨ।

## ਬੁਧਿਵਾਨਨ ਕੋ; ਨਿਜ ਸ੍ਰੇਯ ਨਿਦਾਨ ॥
## ਯੁਕਤੀਕ ਸੁਖੇਨ; ਅਯੰ ਸੁਖ ਖਾਨ ॥੫੫॥

ਇਸ ਕਰਕੇ ਉਨ੍ਹਾਂ ਲਈ ਅਯੰ = ਇਹ ਸੁਖੈਨ ਯੁਕਤੀਕ = ਜੁਗਤੀ ਸੁਖਾਂ ਦੀ ਖਾਣ ਹੈ ਅਤੇ ਉਨ੍ਹਾਂ

ਬੁੱਧੀਵਾਨਾਂ ਕੋ = ਨੂੰ ਨਿਜ = ਆਪਣੀ ਸ਼੍ਰੇਯ = ਮੁਕਤੀ ਦਾ ਨਿਦਾਨ = ਕਾਰਣ ਮੰਨਣਾ ਚਾਹੀਦਾ ਹੈ ਅਤੇ ਇਸ ਜੁਗਤੀ ਨੂੰ ਕਰਦੇ ਰਹਿਣਾ ਚਾਹੀਦਾ ਹੈ॥੫੫॥

## ਜਲ ਦੇਵ ਨਦੀ ਕਰ; ਜੋ ਸੁਚ ਆਹਿ॥
## ਗਿਰਰਾਜ ਸਿਲਾ ਉਤ; ਕੰਦਰ ਮਾਹਿ॥

**ਅਥਵਾ** ਜੋ ਸੁਚ = ਪਵਿੱਤਰ ਜਲ = ਪਾਣੀ ਜਾਂ ਦੇਵ ਨਦੀ = ਗੰਗਾ ਨਦੀ ਦੇ ਕਿਨਾਰੇ ਜੋ ਪਵਿੱਤਰ ਕਰਕੇ ਮੰਨੇ ਹਨ ਜਾਂ ਗਿਰਰਾਜ = ਹਿਮਾਲਯ ਪਰਬਤ ਦੀ ਸਿਲਾ ਉਤੇ ਜਾਂ ਕਿਸੇ ਹੋਰ ਪਹਾੜ ਦੀ ਕੰਦਰਾਂ ਮਾਹਿ = ਵਿਚ :

## ਅਥਵਾ ਬਨ ਕੁੰਜਨ; ਮੈਂ ਬੁਧਿਵੰਤ॥
## ਬਸਕੇ ਕਤਹੂੰ; ਸਿਮਰੇ ਭਗਵੰਤ॥੫੬॥

**ਅਥਵਾ** ਬਨ = ਜੰਗਲ ਦੀਆਂ ਕੁੰਜਨ = ਗਲੀਆਂ ਮੈਂ = ਵਿਚ, ਬੁਧਿਵੰਤ = ਬੁੱਧੀਵਾਨ ਪੁਰਸ਼ ਇਨ੍ਹਾਂ ਅਸਥਾਨਾਂ ਵਿੱਚੋਂ ਕਤਹੂੰ = ਕਿਸੇ ਇਕ ਸਥਾਨ 'ਤੇ ਬਸਕੇ = ਨਿਵਾਸ ਕਰ ਕੇ ਭਗਵੰਤ = ਪਰਮੇਸ਼ਰ ਦਾ ਸਿਮਰੇ = ਸਿਮਰਨ ਕਰਨਾ ਕਰੇ॥੫੬॥

## ਦੋਹਰਾ॥ ਨਸ਼ਟ ਭਏ ਭਵ ਭੋਗ ਕੋ; ਪੁਨ ਨ ਭਜੇ ਜਨ ਸਯਾਨ॥

ਹੇ ਭਾਈ ! ਸਯਾਨ = ਸਿਆਣਾ ਜਨ = ਪੁਰਸ਼ ਭਵ = ਸੰਸਾਰ ਦੇ ਭੋਗਾਂ ਪਦਾਰਥਾਂ ਕੋ = ਨੂੰ ਨਸ਼ਟ = ਨਾਸ਼ ਭਏ = ਹੋਏ ਤੋਂ ਪੁਨ = ਫਿਰ ਮੁੜ ਕੇ ਭਜੇ = ਸਿਮਰਨਾ ਭਾਵ ਗ੍ਰਹਿਣ ਨਹੀਂ ਕਰਦਾ **ਅਥਵਾ** ਇਕ ਵਾਰ ਜਦੋਂ ਉਸ ਨੇ ਆਪਣੇ ਮਨ ਵਿਚ ਸਭ ਭੋਗਾਂ ਪਦਾਰਥਾਂ ਨੂੰ ਨਾਸ਼ਵਾਨ ਜਾਣ ਲਿਆ, ਫਿਰ ਮੁੜ ਕੇ ਦੁਬਾਰਾ ਉਨ੍ਹਾਂ ਵਿਚ ਖਚਿਤ ਨਹੀਂ ਹੁੰਦਾ ਹੈ।

## ਕਹੂੰ ਵਿਰਕਤ ਸਥਾਨ ਮੈ; ਬੈਸਿ ਕਰੇ ਹਰਿ ਧਿਆਨ॥੫੭॥

ਬਲਕਿ ਕਹੂੰ = ਕਿਸੇ ਵਿਰਕਤ ਭਾਵ ਇਕਾਂਤ ਅਸਥਾਨ ਮੈ = ਵਿਚ ਬੈਸਿ = ਬੈਠ ਕਰੇ = ਕਰਕੇ ਹਰਿ = ਹਰੀ ਪਰਮੇਸ਼ਰ ਦਾ ਧਿਆਨ ਧਰਦਾ ਹੈ ਭਾਵ ਹਰ ਵਕਤ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਰਹਿੰਦਾ ਹੈ॥੫੭॥

ਹੁਣ ਅਗਲੇ ਕਬਿੱਤ ਵਿਚ ਦੱਸਦੇ ਹਨ ਕਿ ਪਰਮੇਸ਼ਰ ਦੀ ਭਗਤੀ ਕਰਨ ਵਾਲੇ ਦਾ ਚਿੱਤ ਕੈਸਾ ਹੋਣਾ ਚਾਹੀਦਾ ਹੈ ?

## ਕਬਿੱਤ॥
## ਬਿਬਧ ਪ੍ਰਕਾਰ ਬੇਦ ਅਰਥ ਕੇ ਸੰਵੇਦ ਭਾਰੀ;
## ਚੇਤਨਾ ਮੌ ਚੰਚਲਾਈ ਨਿਕਾਈ ਹਤ ਹੈ॥

ਜੋ ਬਿਬਧ = ਅਨੇਕਾਂ ਪ੍ਰਕਾਰਾਂ ਦੇ ਧਾਰਮਿਕ ਗ੍ਰੰਥਾਂ ਦੇ ਅਤੇ ਵੇਦ ਅਰਥਾਂ ਦੇ ਭਾਰੀ ਸੰਵੇਦ = ਗਿਆਨ

ਵਾਲੀ ਚੇਤਨਾ = ਬੁੱਧ ਹੈ, ਜਿਸ ਵਿਚ ਬੁੱਧੀ ਵਿੱਚੋਂ ਨਿਕਾਈ = ਸਾਰੀ ਚੰਚਲਾਈ = ਚੰਚਲਤਾਈ ਹਤ = ਨਾਸ਼ ਹੋ ਗਈ ਹੈ। ਅਤੇ :

**ਨਾਨਾ ਵਿਧ ਵਾਕਨ ਕੇ ਕੌਤਕ ਮੈ ਰਸ ਜੋਊ;**
**ਸੋ ਵਿਰਸ ਭਏ ਜਾਹਿ ਮਾਹਿ ਵਿਲਸਤ ਹੈ॥**

ਜੋਊ = ਜੋ ਨਾਨਾ = ਅਨੇਕਾਂ ਤਰ੍ਹਾਂ ਦੇ ਵਿਧ ਵਾਕਨ = ਕਰਨ ਯੋਗ ਕਰਮਾਂ ਕੇ = ਦੇ ਕੌਤਕਾਂ ਮੈ = ਵਿਚ ਰਸ ਹੈ, ਜਾਹਿ = ਜਿਸ ਚਿੱਤ ਵਿਚ ਸੋ = ਉਹ ਰਸ ਵਿਰਸ = ਬੇ-ਰਸੇ ਭਏ = ਹੋ ਗਏ ਹਨ ਭਾਵ ਜੋ ਚਿੱਤ ਉਨ੍ਹਾਂ ਰਸਾਂ ਵਿਚ ਨਹੀਂ ਲੱਗਦਾ, ਜਿਨ੍ਹਾਂ ਵਿਚ ਲੱਗ ਕੇ ਪਹਿਲਾ ਵਿਲਸਤ = ਪ੍ਰਸੰਨ ਹੁੰਦਾ ਸੀ।

**ਭਾਂਤਿ ਭਾਂਤਿ ਸਕਲ ਵਿਕਲਪ ਪ੍ਰਸਾਂਤਿ ਜਾਂ ਮੈ;**
**ਰਜੋ ਤਮੋ ਤੇ ਰਹਤ, ਸਤੋ ਕੇ ਸਹਤ ਹੈ॥**

ਜਾਂ ਮੈ = ਜਿਸ ਚਿੱਤ ਦੇ ਵਿਚ ਭਾਂਤਿ ਭਾਂਤਿ = ਤਰ੍ਹਾਂ-ਤਰ੍ਹਾਂ ਦੇ ਸਕਲ = ਸਾਰੇ ਹੀ ਖੋਟੇ ਸੰਕਲਪ-ਵਿਕਲਪ ਪ੍ਰਸਾਂਤਿ = ਵਿਸ਼ੇਸ਼ ਕਰਕੇ ਸ਼ਾਂਤ ਹੋ ਗਏ ਹਨ ਅਤੇ ਜੋ ਚਿੱਤ ਰਜੋ ਤਮੋ ਗੁਣਾਂ ਤੋਂ ਰਹਿਤ ਹੋ ਕਰਕੇ ਸਤੋ ਗੁਣ ਕੇ = ਦੇ ਸਹਿਤ ਹੋ ਗਿਆ ਹੈ।

**ਈਸ਼੍ਵਰ ਕੀ ਸੇਵ ਹਿਤ ਐਸੋ ਚਿਤ ਚਾਹੀਅਤੁ;**
**ਐਸੇ ਚਿਤ ਹੀ ਮੋ ਸਤ ਚਿਤ ਵਿਕਸਤੁ ਹੈ॥੫੮॥**

ਹੇ ਭਾਈ! ਈਸ਼੍ਵਰ = ਪਰਮੇਸ਼ਰ ਕੀ = ਦੀ ਸੇਵ = ਟਹਿਲ **ਵਾ**: ਨਾਮ ਨੂੰ ਜਪਣ ਰੂਪੀ ਸੇਵਾ ਕਰਨ ਹਿਤ = ਵਾਸਤੇ ਐਸੋ = ਇਹੋ ਜਿਹਾ ਚਿੱਤ ਚਾਹੀਅਤੁ = ਚਾਹੀਦਾ ਹੈ, ਜੋ ਉਪਰੋਕਤ ਕਥਨ ਕੀਤਾ ਹੈ, ਕਿਉਂਕਿ ਐਸੋ = ਇਹੋ ਜਿਹੇ ਚਿੱਤ ਮੋ = ਵਿਚ ਹੀ ਸਤ, ਚਿਤ, ਆਨੰਦ ਸਰੂਪ ਪਰਮੇਸ਼ਰ ਵਿਕਸਤੁ = ਪ੍ਰਕਾਸ਼ਵਾਨ ਹੋਣਾ ਕਰਦਾ ਹੈ ਭਾਵ ਪ੍ਰਗਟ ਹੋਣਾ ਕਰਦਾ ਹੈ॥੫੮॥

**ਕਬਿੱਤ॥ ਹਰਿ ਮੈ ਸਨੇਹ ਤਰੁ, ਜਨਮ ਮਰਨ ਡਰ;**
**ਉਰ ਮਾਹਿ ਕੀਨੋ ਘਰ, ਬੰਧੂ ਮੈ ਨ ਰਾਗ ਹੈ॥**

ਵੈਰਾਗਵਾਨ ਪੁਰਸ਼ ਦੇ ਹਿਰਦੇ ਮੈ = ਵਿਚ ਹਰਿ = ਪਰਮਾਤਮਾ ਤਾਈਂ ਤਰੁ = ਅਤਿਅੰਤ ਸਨੇਹ = ਪ੍ਰੇਮ ਹੁੰਦਾ ਹੈ ਕਿਉਂਕਿ ਜੰਮਣ ਮਰਨ ਦੇ ਡਰ = ਭੈ ਨੇ ਉਰ = ਹਿਰਦੇ ਮਾਹਿ = ਵਿਚ ਘਰ ਬਣਾ ਲੈਣਾ ਕੀਨੋ = ਕੀਤਾ ਹੈ। ਇਸ ਕਰਕੇ ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਦੇ ਹਨ ਤਾਂ ਕਿ ਜੰਮਣ ਮਰਨ ਦੇ ਚੱਕਰ ਤੋਂ ਮੁਕਤ ਹੋ ਸਕੀਏ ਤੇ ਬੰਧੂ = ਸੰਬੰਧੀਆਂ ਮੈ = ਵਿਚ ਉਨ੍ਹਾਂ ਦਾ ਰਾਗ = ਪ੍ਰੇਮ ਥੋੜ੍ਹੇ ਮਾਤਰ ਵੀ ਨਹੀਂ ਹੈ।

**ਮਨੋਭਵ ਜੋ ਵਿਕਾਰ ਮੰਦ ਸੰਸਕਾਰ ਡਾਰ;**
**ਸੰਗ ਦੋਖ ਦੁਖੋ ਟਾਰ, ਬਸੇ ਕਾਂਤ ਬਾਗ ਹੈ॥**

ਜੋ ਮਨੋਭਵ = ਕਾਮ ਦੇ ਵਿਕਾਰ ਅਤੇ ਮੰਦ = ਮੰਦੇ (ਭੈੜੇ) ਸੰਸਕਾਰ ਹਨ, ਉਹ ਉਨ੍ਹਾਂ ਨੇ ਆਪਣੇ ਮਨ

ਵਿੱਚੋਂ ਕੱਢ ਕੇ ਡਾਰ = ਸੁੱਟ ਦਿੱਤੇ ਭਾਵ ਤਿਆਗ ਦਿੱਤੇ ਹਨ, ਜਿਨ੍ਹਾਂ ਦੀ ਸੰਗ = ਸੰਗਤ ਕਰਨ ਤੋਂ ਦੋਖ = ਦੋਸ਼ ਲੱਗਦਾ ਹੈ, ਉਨ੍ਹਾਂ ਦੁਖੋ = ਦੁਖਦਾਈ ਕਰਮਾਂ ਨੂੰ ਟਾਰ = ਟਾਲ ਭਾਵ ਤਿਆਗ ਕਰਕੇ ਕਾਂਤ = ਇਕਾਂਤ ਬਾਗ਼ ਵਿਚ ਬਸੇ = ਵੱਸਣਾ ਕਰਦੇ ਹਨ।

**ਯਾ ਵੈਰਾਗ ਭਏ, ਕਹਾ ਹੋਰ ਤਿਆਗ ਯੋਗ ਰਹਾ;**
**ਹਤੀ ਸਰਬ ਚਾਹ ਜੋ, ਵੈਰਾਗ ਤੇ ਵੈਰਾਗ ਹੈ॥**

ਹੇ ਭਾਈ! ਯਾ = ਇਸ ਤਰ੍ਹਾਂ ਦਾ ਵੈਰਾਗ ਭਏ = ਹੋਏ ਤੋਂ ਹੋਰ ਕੀ ਤਿਆਗਣ ਦੇ ਯੋਗ ਰਹਾ = ਰਹਿ ਗਿਆ ਹੈ? ਜਦੋਂ ਸਰਬ = ਸਾਰੀਆਂ ਚਾਹ = ਇੱਛਾਵਾਂ ਹੀ ਹਤੀ = ਨਾਸ਼ ਹੋ ਗਈਆਂ ਹਨ, ਇਹ ਤਾਂ ਬਲਕਿ ਵੈਰਾਗ ਤੇ = ਤੋਂ ਵੀ ਵੈਰਾਗ ਭਾਵ ਤੀਬਰ ਵੈਰਾਗ ਹੋ ਗਿਆ ਹੈ।

**ਹੇਤੁ ਪਰਮਾਰਥ ਕੋ ਉਤਮ ਵੈਰਾਗ ਐਸੋ;**
**ਭਾਗ ਬਡੋ ਭਾਗ ਕੋ, ਅਭਾਗ ਤਾਂ ਤੇ ਭਾਗ ਹੈ॥੫੯॥**

ਹੇ ਭਾਈ! ਪਰਮਾਰਥ ਦੀ ਪ੍ਰਾਪਤੀ ਦੇ ਹੇਤੁ = ਵਾਸਤੇ ਐਸੋ = ਇਸ ਪ੍ਰਕਾਰ ਦਾ ਵੈਰਾਗ ਉੱਤਮ = ਸ੍ਰੇਸ਼ਟ ਹੈ, ਇਹ ਵੈਰਾਗ ਬਡੋ = ਵੱਡੇ ਭਾਗਾਂ ਵਾਲਿਆਂ ਦੇ ਭਾਗਾਂ (ਕਰਮਾਂ) ਵਿਚ ਹੈ ਅਤੇ ਅਭਾਗ = ਭਾਗਾਂ ਤੋਂ ਹੀਣੇ ਤਾਂ ਤਾਂ ਤੇ = ਉਸ ਵੈਰਾਗ ਤੋਂ ਦੂਰ ਭਾਗ = ਭੱਜ ਜਾਂਦੇ ਹਨ॥੫੯॥

**ਕਬਿੱਤ॥ ਭੋਗਨ ਮੋ ਰੋਗ ਭਯ, ਸੁਖੋਂ ਬਿਖੇ ਖਯ ਭਯ;**
**ਧਨ ਮਧ੍ਯ ਭਯ ਭੂਪ ਚੋਰ ਕੋ ਰਹਤ ਹੈ॥**

ਭੋਗਾਂ ਪਦਾਰਥਾਂ ਦੇ ਭੋਗਣ ਮੋ = ਵਿਚ ਰੋਗ ਪੈਦਾ ਹੋਣ ਦਾ ਭਯ = ਡਰ ਹੈ, ਸੁਖੋਂ = ਸੁਖਾਂ ਬਿਖੇ = ਵਿਚ ਸੁਖਾਂ ਦੇ ਖਯ = ਨਾਸ਼ ਹੋਣ ਦਾ ਭਯ = ਡਰ ਹੈ, ਇਕੱਠੇ ਹੋਏ ਧਨ ਮਧ੍ਯ = ਵਿਚ ਭੂਪ = ਰਾਜੇ ਦਾ ਤੇ ਚੋਰ ਕੋ = ਦਾ ਭਯ = ਡਰ ਬਣਿਆ ਰਹਤ = ਰਹਿੰਦਾ ਹੈ ਭਾਵ ਕਿਤੇ ਰਾਜਾ ਕਰ (ਟੈਕਸ) ਨਾ ਲਾ ਦੇਵੇ ਤੇ ਚੋਰ ਕਿਤੇ ਧਨ ਨੂੰ ਚੋਰੀ ਨਾ ਕਰ ਲੇਵੇ, ਇਉਂ ਡਰ ਬਣਿਆ ਰਹਿੰਦਾ ਹੈ। ਅਤੇ:

**ਦਾਸ ਮਾਹਿ ਸ੍ਵਾਮਿ ਭਯ ਜਯ ਮਾਝਿ ਰਿਪੂ ਭਯ;**
**ਭਯ ਕੁਲ ਬੀਚ ਨੀਚ ਨਾਰੀ ਕੋ ਮਹੱਤ ਹੈ॥**

ਦਾਸ = ਨੌਕਰ ਪੁਣੇ ਮਾਹਿ = ਵਿਚ ਸ੍ਵਾਮਿ = ਮਾਲਕ ਦਾ ਭਯ = ਡਰ ਹੁੰਦਾ ਹੈ, ਲੜਾਈ ਵੇਲੇ ਜਯ = ਜਿੱਤ ਹੋਣ ਮਾਝਿ = ਵਿਚ ਰਿਪੂ = ਵੈਰੀ ਦਾ ਭਯ = ਡਰ ਹੁੰਦਾ ਹੈ ਕਿ ਮੈਨੂੰ ਇਹ ਹਰਾ ਨਾ ਦੇਵੇ, ਸ੍ਰੇਸ਼ਟ ਕੁਲ ਵਿਚ ਨਾਰੀ = ਇਸਤਰੀ ਦੇ ਨੀਚ ਵਿਭਚਾਰਨੀ ਹੋਣ ਕੋ = ਦਾ ਮਹੱਤ = ਵੱਡਾ ਭਯ = ਡਰ ਹੁੰਦਾ ਹੈ।

**ਮਾਨ ਮਾਹਿ ਹਾਨ ਭਯ, ਗੁਨੀ ਮੈ ਖਲਾਂਨ ਭਯ;**
**ਕਾਯ ਮੈ ਕ੍ਰਿਤਾਂਤ ਭੈ, ਸਰਬ ਗਤਿ ਹੈ॥**

ਮਾਨ ਮਾਹਿ = ਵਿਚ ਮਾਨ ਦੇ ਹਾਨ = ਨਾਸ਼ ਹੋਣ ਦਾ ਭਯ = ਡਰ ਹੈ, ਗੁਨੀ = ਗੁਣਵਾਨ ਲੋਕਾਂ

ਮੈ = ਵਿਚ ਖਲਾਂਨ = ਮੂਰਖਾਂ ਦਾ ਭਯ = ਡਰ ਹੈ, ਪਤਾ ਨਹੀਂ ਕਿਸ ਵੇਲੇ ਕੀ ਬੋਲ ਦੇਵੇ, ਕਾਯ = ਸਰੀਰ ਮੈ = ਵਿਚ ਜੀਵ ਨੂੰ (ਕ੍ਰਿਤ + ਅੰਤ) ਅੰਤ ਕ੍ਰਿਤ = ਕਰਨ ਵਾਲੇ ਕਾਲ ਦਾ ਭੈ = ਡਰ ਹੈ ਭਾਵ ਮੌਤ ਦਾ ਡਰ ਹੈ, ਇਉਂ ਸਰਬ = ਸਾਰੀਆਂ ਗਤਿ = ਹਾਲਤਾਂ ਵਿਚ ਡਰ ਹੀ ਡਰ ਹੈ।

## ਨਿਰਭੈ ਵੈਰਾਗ ਏਕ, ਧਰੋ ਨਰੋ ਸਬਿਬੇਕ; ਗਾਯੋ ਮੈ ਅਨੇਕ, ਅਬ ਥਕੀ ਮੋਰੀ ਮਤਿ ਹੈ ॥੯੦॥

ਹੇ ਨਰੋ = ਪੁਰਸ਼ੋ ! ਏਕ = ਇਕ ਵੈਰਾਗ ਹੀ ਨਿਰਭੈ = ਡਰ ਤੋਂ ਰਹਿਤ ਹੈ। ਇਸ ਕਰਕੇ ਆਪਣੇ ਹਿਰਦੇ ਅੰਦਰ ਵੈਰਾਗ ਸਬਿਬੇਕ = ਸਹਿਤ ਬਿਬੇਕ ਦੇ ਧਰੋ = ਧਾਰਨ ਕਰਨਾ ਕਰੋ। ਭਰਥਰੀ ਜੀ ਕਥਨ ਕਰਦੇ ਹਨ ਕਿ ਮੈਂ ਇਹ ਗੱਲ ਅਨੇਕਾਂ ਪ੍ਰਕਾਰ ਕਰਕੇ ਗਾਯੋ = ਗਾਉਣਾ ਭਾਵ ਕਥਨ ਕੀਤੀ ਹੈ, ਅਬ = ਹੁਣ ਮੋਰੀ = ਮੇਰੀ ਮਤਿ = ਬੁੱਧੀ ਥਕੀ = ਥੱਕ ਗਈ ਹੈ ਭਾਵ ਮੈਂ ਅਨੇਕਾਂ ਦਲੀਲਾਂ ਦੇ ਨਾਲ ਪਦਾਰਥਾਂ ਅਤੇ ਵਿਸ਼ਿਆਂ ਦਾ ਖੰਡਨ ਕਰ ਕੇ ਵੈਰਾਗ ਧਾਰਨ ਦੀ ਗੱਲ ਕਰ ਚੁੱਕਾ ਹਾਂ। ਇਸ ਲਈ ਹੁਣ ਮੇਰੀ ਮੱਤ ਥੱਕ ਗਈ ਹੈ ਕਿ ਹੁਣ ਹੋਰ ਕੀ ਕਥਨ ਕਰਾਂ। ਜੇ ਕਿਸੇ ਨੇ ਧਾਰਨ ਕਰਨਾ ਹੈ ਤਾਂ ਇਤਨਾ ਹੀ ਬਹੁਤ ਹੈ॥੯੦॥

## ਦੋਹਰਾ ॥

## ਸੁਭ ਵੈਰਾਗ ਬਿਬੇਕ ਬਿਬ; ਕਰਹਿ ਬੇਗ ਕਲਿਆਨ ॥

ਸੁਭ = ਸ੍ਰੇਸ਼ਟ ਵੈਰਾਗ ਤੇ ਬਿਬੇਕ ਬਿਬ = ਦੋਵੇਂ ਹੀ ਜੀਵ ਦੀ ਬੇਗ = ਜਲਦੀ ਹੀ ਕਲਿਆਨ ਕਰਹਿ = ਕਰਦੇ ਹਨ।

## ਦ੍ਰਿਗ ਅਦਿਤਯ ਵਤ ਹਰਤ ਹੈ; ਅੰਧਕਾਰ ਅਗਯਾਨ ॥੯੧॥

ਦ੍ਰਿਗ = ਨੇਤਰ ਤੇ ਅਦਿਤਯ = ਸੂਰਜ ਦੀ ਵਤ = ਨਿਆਈਂ ਵੈਰਾਗ ਤੇ ਵਿਵੇਕ ਅਗਿਆਨ ਰੂਪੀ ਅੰਧਕਾਰ = ਹਨੇਰੇ ਨੂੰ ਨਾਸ਼ ਕਰਦੇ ਹਨ **ਅਥਵਾ** ਜਿਵੇਂ ਅੱਖਾਂ ਦੇ ਨਾਲ ਹੀ ਦਿਸਦਾ ਹੈ ਭਾਵ ਪ੍ਰਕਾਸ਼ ਹੋ ਰਿਹਾ ਹੈ। ਜੇ ਇਕ ਅੱਖ ਨਾ ਹੋਵੇ ਤਦ ਸਹੀ ਨਹੀਂ ਦਿੱਸਦਾ ਤੇ ਸੂਰਜ ਦੇ ਉਦੇ ਹੋਣ ਤੋਂ ਹੀ ਰਾਤ ਦਾ ਹਨੇਰਾ ਨਾਸ਼ ਹੁੰਦਾ ਹੈ, ਇਸੇ ਤਰ੍ਹਾਂ ਵੈਰਾਗ ਵਿਵੇਕ ਰੂਪੀ ਦੋਵੇਂ ਨੇਤਰਾਂ ਦੇ ਨਾਲ ਅਗਿਆਨ ਦਾ ਹਨੇਰਾ ਨਾਸ਼ ਹੁੰਦਾ ਹੈ, ਜੇ ਇਕੱਲਾ ਵੈਰਾਗ ਹੋਵੇ ਤੇ ਬਿਬੇਕ ਨਾ ਹੋਵੇ ਤਾਂ ਵੀ ਮੁਕਤੀ ਨਹੀਂ ਦਿਵਾ ਸਕਦਾ, ਜੇ ਇਕੱਲਾ ਬਿਬੇਕ ਹੈ ਤੇ ਵੈਰਾਗ ਨਹੀਂ ਤਾਂ ਵੀ ਮੁਕਤੀ ਤਕ ਪਹੁੰਚ ਨਹੀਂ ਸਕਦਾ, ਜਿਸ ਕਰਕੇ ਦੋਵੇਂ ਵੈਰਾਗ ਬਿਬੇਕ ਇਕੱਠੇ ਹੋਣ ਤੋਂ ਹੀ ਮੁਕਤੀ ਹੋ ਸਕਦੀ ਹੈ, ਫਿਰ ਗਿਆਨ ਰੂਪੀ ਸੂਰਜ ਚੜ੍ਹਨ ਦੇ ਨਾਲ ਅਵਿੱਦਿਆ ਰੂਪੀ ਹਨੇਰਾ ਨਾਸ਼ ਹੋ ਜਾਵੇਗਾ॥੯੧॥

## ਸੋਰਠਾ ॥

## ਰਜਨੀ ਬਿਨ ਸਿਤ ਚੰਦ; ਨਿਸਾ ਅਸਿਤ ਸਸਿ ਹੀਨ ਜਯੋਂ ॥

ਹੇ ਭਾਈ ! ਜਯੋਂ = ਜਿਵੇਂ ਰਜਨੀ = ਰਾਤ ਤੋਂ ਬਿਨ = ਬਗ਼ੈਰ ਸਿਤ = ਚਿੱਟਾ ਚੰਦ = ਚੰਦਰਮਾ ਫਿੱਕੇ ਜਿਹੇ ਰੰਗ ਦਾ ਭਾਸਦਾ ਹੈ ਤੇ ਸਸਿ = ਚੰਦਰਮਾ ਤੋਂ ਹੀਨ = ਬਿਨਾਂ ਨਿਸਾ = ਰਾਤਰੀ ਅਸਿਤ = ਚਿੱਟੇ ਰੰਗ ਤੋਂ ਰਹਿਤ ਭਾਵ ਕਾਲੀ ਲੱਗਦੀ ਹੈ।

## ਉਭਯ ਸਹਤ ਅਨੰਦ; ਤਯੋ ਵੈਰਾਗ ਵਿਵੇਕ ਵਿਦ ॥੬੨॥

ਤਯੋ = ਤਿਵੇਂ ਹੀ ਵੈਰਾਗ ਤੇ ਵਿਵੇਕ ਨੂੰ ਵਿਦ = ਜਾਣਨਾ ਕਰੋ ਭਾਵ ਵੈਰਾਗ ਤੋਂ ਬਿਨਾਂ ਬਿਬੇਕ ਤੇ ਬਿਬੇਕ ਤੋਂ ਬਿਨਾਂ ਬਗ਼ੈਰ ਮੁਕਤੀ ਰੂਪ ਪਦ 'ਤੇ ਪਹੁੰਚਾ ਨਹੀਂ ਸਕਦਾ, ਇਸ ਕਰਕੇ ਉਭਯ = ਦੋਵਾਂ ਦੇ ਸਹਤ = ਸਮੇਤ ਹੀ ਮੁਕਤੀ ਦਾ ਆਨੰਦ ਪ੍ਰਾਪਤ ਹੁੰਦਾ ਹੈ॥੬੨॥

## ਦੋਹਰਾ ॥

## ਸਤ ਸਮਸਤ ਵੈਰਾਗ ਕੋ; ਕਹਯੋ ਭਰਤ ਸਤ ਮਾਹਿ ॥

ਹੇ ਭਾਈ ! ਭਰਤ = ਭਰਥਰੀ ਜੀ ਨੇ ਵੈਰਾਗ ਸਤ = ਸ਼ਤਕ ਗ੍ਰੰਥ ਕੋ = ਦਾ ਸਮਸਤ = ਸਾਰਾ ਹੀ ਸਿਧਾਂਤ ਸਤ = ਸੌ ਸਲੋਕਾਂ ਮਾਹਿ = ਵਿਚ ਕਹਯੋ = ਕਹਿਣਾ ਕੀਤਾ ਹੈ।

## ਸਤ ਪ੍ਰਾਪਤ ਹਿਤੁ ਬਚਨ ਸਤ; ਧਰੋ ਨਰੋ ਉਰ ਤਾਂਹਿ ॥੬੩॥

ਹੇ ਨਰੋ = ਪੁਰਸ਼ੋ ! ਸਤ ਸਰੂਪ ਪਰਮਾਤਮਾ ਦੀ ਪ੍ਰਾਪਤੀ ਹਿਤੁ = ਵਾਸਤੇ ਤਾਂਹਿ = ਉਨ੍ਹਾਂ ਸਤ = ਸੱਚੇ ਬਚਨਾਂ ਨੂੰ ਉਰ = ਹਿਰਦੇ ਦੇ ਵਿਚ ਧਰੋ = ਧਾਰਨ ਕਰਨਾ ਕਰੋ॥੬੩॥

## ਸੋਰਠਾ ॥

## ਬਿਨੁ ਸੰਗ੍ਰਹ ਸੁ ਵਿਚਾਰ; ਪਸੂ ਬਧੁ ਗਯਾਨੀ ਦੁਖੀ ॥

ਜਿਵੇਂ ਸੁ = ਸ੍ਰੇਸ਼ਟ ਵਿਚਾਰ ਤੋਂ ਬਿਨੁ = ਹੀਣਾ ਪੁਰਸ਼ ਪਦਾਰਥਾਂ ਨੂੰ ਸੰਗ੍ਰਹ = ਇਕੱਠੇ ਕਰ ਕੇ ਦੁੱਖ ਪ੍ਰਾਪਤ ਕਰਦਾ ਹੈ, ਇਵੇਂ ਹੀ ਭਗਤੀ ਤੋਂ ਬਿਨਾਂ ਖ਼ੁਸ਼ਕ ਗਿਆਨ ਵਿਚ ਬਧੁ = ਬੱਝਾ ਹੋਇਆ ਗਿਆਨੀ ਪਸੂ ਪੁਰਸ਼ ਵੈਰਾਗ ਨੂੰ ਧਾਰਨ ਕਰ ਕੇ ਬਿਬੇਕ ਤੋਂ ਬਿਨਾਂ ਦੁਖੀ ਹੁੰਦਾ ਹੈ।

## ਪੰਖੀ ਪੰਖ ਪ੍ਰਕਾਰ ਉਭੈ; ਸਹਿਤ ਦੁਖ ਗਤ ਲਹਿਤ ॥੬੪॥

ਜਿਸ ਪ੍ਰਕਾਰ ਪੰਖੀ = ਪੰਛੀ ਉਭੈ = ਦੋ ਪੰਖ = ਖੰਭਾਂ ਕਰਕੇ ਹੀ ਸੁਖ ਪਾਉਂਦਾ ਹੈ। ਜੇਕਰ ਇਕ ਨਾ ਹੋਵੇ ਤਾਂ ਉਹ ਚੰਗੀ ਤਰ੍ਹਾਂ ਉੱਡ ਨਹੀਂ ਸਕਦਾ, ਦੋ ਖੰਭਾਂ ਨਾਲ ਹੀ ਉੱਡ ਕੇ ਸੁਖ ਪ੍ਰਾਪਤ ਕਰਦਾ ਹੈ। ਇਸੇ ਤਰ੍ਹਾਂ ਜੀਵ ਰੂਪ ਪੰਛੀ ਦੋਵੇਂ ਵੈਰਾਗ ਤੇ ਬਿਬੇਕ ਰੂਪੀ ਖੰਭਾਂ ਦੇ ਸਹਿਤ ਹੋਣ ਕਰਕੇ ਹੀ ਸੁਖ ਪ੍ਰਾਪਤ ਕਰਦਾ ਹੈ ਤੇ ਦੁੱਖਾਂ ਦੇ ਨਾਸ਼ ਹੋਣ ਦੀ ਗਤਿ = ਹਾਲਤ ਨੂੰ ਲਹਿਤ = ਪ੍ਰਾਪਤ ਕਰਦਾ ਹੈ **ਵਾ:** ਗਤ = ਮੁਕਤੀ ਲਹਿਤ = ਪ੍ਰਾਪਤ ਕਰਦਾ ਹੈ॥੬੪॥

## ਦੋਹਰਾ ॥

## ਮੁਗਧਹੁ ਕੇ ਉਰ ਉਪਲ ਮਹਿ; ਭਰਤ ਬਚਨ ਬਟ ਹੇਤੁ ॥

ਹੇ ਭਾਈ ! ਇਹ ਭਰਤ = ਭਰਥਰੀ ਹਰੀ ਜੀ ਦੇ ਬਚਨ = ਵਾਕ ਮੁਗਧਹੁ = ਮੂਰਖਾਂ ਕੇ = ਦੇ ਉਰ = ਹਿਰਦੇ ਰੂਪੀ ਉਪਲ = ਪੱਥਰ ਮਹਿ = ਵਿਚ ਗਿਆਨ ਰੂਪ ਬਟ = ਬੋਹੜ ਉਤਪੰਨ ਕਰਨ ਦਾ ਹੇਤੁ = ਕਾਰਨ ਹਨ।

## ਕਹੂੰ ਪੁੰਨ ਖਗ ਯੋਗ ਤੇ; ਬਸੇ ਲਸੇ ਸੁਖ ਦੇਤ ॥੬੫॥

ਜਿਵੇਂ ਜੇ ਕਹੂੰ = ਕਿਤੇ ਖਗ = ਪੰਛੀ ਬੋਹੜ ਦੇ ਬੀਜਾਂ ਨੂੰ ਖਾ ਲੈਣਾ ਕਰੇ ਤੇ ਉਹ ਪੰਛੀ ਪੱਥਰ ਉੱਤੇ ਵਿੱਠ ਕਰ ਦੇਵੇ ਤੇ ਬੀਜ ਵਿੱਠ ਵਿਚ ਸਾਬਤ ਹੋਵੇ ਤਾਂ ਉਹ ਬੀਜ ਪੱਥਰ ਉੱਪਰ ਵੀ ਬੋਹੜ ਪੈਦਾ ਕਰ ਦੇਵੇਗਾ। ਇਸੇ ਪ੍ਰਕਾਰ ਜੇ ਕਿਤੇ ਪੁੰਨ ਰੂਪੀ ਪੰਛੀ ਨਾਲ ਇਹ ਬਚਨ ਰੂਪੀ ਬੀਜ ਯੋਗ = ਮਿਲ ਜਾਣ ਤੇ ਦੋਵੇਂ ਮੂਰਖ ਦੇ ਹਿਰਦੇ ਰੂਪੀ ਪੱਥਰ ਵਿਚ ਬਸੇ = ਵੱਸ ਜਾਣ ਤਾਂ ਫਿਰ ਗਿਆਨ ਰੂਪੀ ਬੋਹੜ ਦਾ ਬੂਟਾ ਲਸੇ = ਪ੍ਰਕਾਸ਼ ਭਾਵ ਪ੍ਰਗਟ ਹੋ ਕਰਕੇ ਸੁਖ ਦੇਤ = ਦੇਵਣਗੇ ॥੬੫॥

## ਦੋਹਰਾ ॥

## ਲੋਸਟ ਛਾਪ ਭਾਖਾ ਯੁਕਤਿ; ਬਜ੍ਰ ਭਰਤ ਕੇ ਬੈਨ ॥

ਬ੍ਰਜ (ਬ੍ਰਿਜ) ਭਾਖਾ = ਭਾਸ਼ਾ ਰੂਪ ਲੋਸਟ = ਲੋਹੇ ਦੀ ਛਾਪ = ਮੁੰਦਰੀ ਵਿਚ ਭਰਤ = ਭਰਥਰੀ ਜੀ ਕੇ = ਦੇ ਬੈਨ = ਬਚਨ ਰੂਪ ਬਜ੍ਰ = ਹੀਰੇ ਯੁਕਤਿ = ਜੜੇ ਹੋਏ ਹਨ। ਅਤੇ :

## ਸਾਰ ਮਮੋਖੀ ਪਾਰਖੂ; ਗਹੇ ਸਰਬਦਾ ਚੈਨ ॥੬੬॥

ਸਾਰ = ਸ੍ਰੇਸ਼ਟ ਮਮੋਖੀ = ਮੁਕਤੀ ਦੀ ਇੱਛਾ ਰੱਖਣ ਵਾਲੇ ਜੌਹਰੀ ਰੂਪ ਪਾਰਖੂ ਹਨ, ਜੋ ਲੋਹੇ ਰੂਪ ਬਚਨਾਂ ਨੂੰ ਛੱਡ ਕੇ ਹੀਰੇ ਰੂਪ ਬਚਨਾਂ ਨੂੰ ਭਾਵ ਸਾਰ ਬਚਨਾਂ ਨੂੰ ਗਹੇ = ਗ੍ਰਹਿਣ ਕਰਦੇ ਹਨ ਤੇ ਸਰਬਦਾ = ਹਮੇਸ਼ਾਂ ਹੀ ਚੈਨ = ਸੁਖ **ਵਾ:** ਆਤਮਿਕ ਸ਼ਾਂਤੀ ਪ੍ਰਾਪਤ ਕਰਦੇ ਹਨ ॥੬੬॥

## ਪ੍ਰਗਟ ਵਿਸ਼ਨ ਸਮ ਸੰਸਕ੍ਰਿਤ; ਭਾਖਾ ਹਰਿ ਪਾਖਾਨ ॥

ਜੋ ਸੰਸਕ੍ਰਿਤ ਭਾਸ਼ਾ ਹੈ, ਇਹ ਪ੍ਰਗਟ = ਪਰਤੱਖ ਹੀ ਭਗਵਾਨ ਵਿਸ਼ਨੂੰ ਦੇ ਸਮਾਨ ਹੈ ਅਤੇ ਬ੍ਰਿਜ ਭਾਸ਼ਾ ਭਗਵਾਨ ਵਿਸ਼ਨੂੰ ਜੀ ਦੀ ਪਾਖਾਨ = ਪੱਥਰ ਦੀ ਮੂਰਤੀ ਦੇ ਸਮਾਨ ਹੈ।

## ਸ਼ਰਧਾ ਵਾਨ ਪੁਮਾਨ ਕੋ; ਕਰਤ ਉਭੈ ਕਲਿਆਨ ॥੬੭॥

ਜੋ ਸ਼ਰਧਾ ਵਾਨ = ਸ਼ਰਧਾਲੂ ਪੁਮਾਨ = ਪੁਰਸ਼ ਹਨ, ਉਨ੍ਹਾਂ ਕੋ = ਦੀ ਉਭੈ = ਦੋਵੇਂ (ਸੰਸਕ੍ਰਿਤ ਤੇ ਬ੍ਰਿਜ ਭਾਸ਼ਾ) ਕਲਿਆਣ = ਮੁਕਤੀ ਕਰਤ = ਕਰਦੀਆਂ ਹਨ ਭਾਵ ਜਿਵੇਂ ਸ਼ਰਧਾ ਹੀਣੇ ਪੁਰਸ਼ ਨੂੰ ਭਗਵਾਨ ਵਿਸ਼ਨੂੰ ਮੁਕਤ ਨਹੀਂ ਕਰ ਸਕਦੇ, ਇਸੇ ਤਰ੍ਹਾਂ ਸੰਸਕ੍ਰਿਤ ਵੀ ਸ਼ਰਧਾ ਹੀਣਿਆਂ ਨੂੰ ਗਿਆਨ ਨਹੀਂ ਦੇਂਦੀ, ਸ਼ਰਧਾਵਾਨ ਨੂੰ ਬ੍ਰਿਜ ਭਾਸ਼ਾ ਵਿਚ ਵੀ ਮਿਲਿਆ ਹੋਇਆ ਗਿਆਨ ਮੁਕਤੀ ਦਾ ਹੇਤੂ ਹੈ।

## ਸ੍ਵੈਯਾ ॥

## ਤੀਰਥਾਨ ਕੇ ਮਾਹਿ ਸਨਾਨ;
## ਸਮਾਨ ਕਰੇ ਬਹੁ ਦਾਨ, ਮਹਾਨ ਮਨੀ ਕੇ ॥

ਹੇ ਭਾਈ ! ਭਾਵੇਂ ਕੋਈ ਅਨੇਕਾਂ ਤੀਰਥਾਂ ਦੇ ਮਾਹਿ = ਵਿਚ ਸਨਾਨ = ਇਸ਼ਨਾਨ ਕਰਨਾ ਕਰੇ, ਭਾਵੇਂ ਕੋਈ ਆਪਣੇ ਸਰੀਰ ਦੇ ਸਮਾਨ = ਬਰਾਬਰ ਮਹਾਨ = ਉੱਤਮ ਮਣੀਆਂ ਨੂੰ ਤੋਲ ਕਰਕੇ ਉਨ੍ਹਾਂ ਦਾ ਬਹੁ = ਬਹੁਤਾ ਦਾਨ ਕਰਨਾ ਕਰੇ।

## ਸਮਸ਼ਾਨ ਮਠਾਨ, ਤਰੂਨ ਤਰੇ;
## ਇਸਥਾਨ ਕਰੇ ਉਤ ਤੀਰ ਨਦੀ ਕੇ॥

ਭਾਵੇਂ ਕੋਈ ਸ਼ਮਸ਼ਾਨ ਘਾਟ ਦੇ ਮਠਾਨ = ਮੱਠਾਂ ਵਿਚ ਭਾਵੇਂ ਤਰੂਨ = ਬ੍ਰਿਛਾਂ ਦੇ ਤਰੇ = ਹੇਠਾਂ ਭਾਵੇਂ ਨਦੀਆਂ ਦੇ ਤੀਰ = ਕਿਨਾਰਿਆਂ ਉਤ = ਉੱਪਰ ਨਿਵਾਸ ਕਰਨ ਲਈ ਅਸਥਾਨ ਬਣਾਉਣਾ ਕਰੇ।

## ਮੁਖ ਮੌਨ ਧਰੇ, ਤਜ ਭੌਨ ਚਰੇ;
## ਅਰੁ ਬੇਦ ਰਰੇ, ਸ ਪਢਾਵਤ ਨੀਕੇ॥

ਭਾਵੇਂ ਕੋਈ ਮੁਖ = ਮੂੰਹ ਤੋਂ ਮੌਨ = ਚੁੱਪ ਧਰੇ = ਧਾਰਨ ਕਰ ਲੈਣਾ ਕਰੇ, ਭਾਵੇਂ ਕੋਈ ਭੌਨ = ਘਰ ਤਜ = ਛੱਡ ਕਰਕੇ ਜੰਗਲਾਂ ਵਿਚ ਚਰੇ = ਵਿਚਰਨਾ ਕਰੇ, ਅਰੁ = ਅਤੇ ਭਾਵੇਂ ਕੋਈ ਚਾਰੇ ਵੇਦਾਂ ਦਾ ਚੰਗੀ ਤਰ੍ਹਾਂ ਰਰੇ = ਉਚਾਰਨ ਕਰਨਾ ਜਾਣਦਾ ਹੋਵੇ ਤੇ ਨੀਕੇ = ਚੰਗੀ ਤਰ੍ਹਾਂ ਦੇ ਸ = ਨਾਲ ਹੋਰਨਾਂ ਨੂੰ ਪਢਾਵਤ = ਪੜ੍ਹਾਉਂਦਾ ਵੀ ਹੋਵੇ।

## ਗੁਣ ਏਤਤ ਬ੍ਰਿੰਦ ਬਰਾਤਿ;
## ਜਨਾਵਰ ਏਕ ਵੈਰਾਗ ਬਿਨਾ ਸਭ ਫੀਕੇ॥੬੮॥

ਇਹ ਏਤਤ = ਇਤਿਆਦਿਕ ਬ੍ਰਿੰਦ = ਸਮੂਹ ਗੁਣ ਬਰਾਤ ਦੀ ਨਿਆਈਂ ਹਨ, ਪਰ ਜੋ ਏਕ = ਇਕ ਵੈਰਾਗ ਰੂਪੀ ਲਾੜੇ ਤੋਂ ਬਿਨਾਂ = ਬਗ਼ੈਰ ਜਨਾਵਰ (ਜਨ + ਅਵਰ) ਅਵਰ ਹੋਰ ਜਨ = ਪੁਰਸ਼ ਭਾਵ ਬਰਾਤੀ ਸਭ = ਸਾਰੇ ਹੀ ਫਿੱਕੇ ਲੱਗਦੇ ਹਨ ਭਾਵ ਜਿਵੇਂ ਲਾੜੇ ਤੋਂ ਬਗ਼ੈਰ ਬਰਾਤ ਸੋਭਦੀ ਨਹੀਂ ਹੈ, ਇਸੇ ਤਰ੍ਹਾਂ ਵੈਰਾਗ ਰੂਪੀ ਲਾੜੇ ਤੋਂ ਬਗ਼ੈਰ ਇਹ ਉਪਰੋਕਤ ਗੁਣ ਰੂਪ ਬਰਾਤੀ ਵੀ ਸੋਭਦੇ ਨਹੀਂ ਹਨ, ਅਸਫਲ ਹਨ॥੬੮॥

## ਸਰੂਪਾਲੰਕਾਰ ਕੋ ਕਬਿੱਤ॥

ਇਸ ਕਬਿੱਤ ਵਿਚ ਚੰਦਰਮਾ ਦੇ ਰੂਪਕ ਅਲੰਕਾਰ ਦੁਆਰਾ ਵੈਰਾਗ ਦਾ ਵਰਣਨ ਕਰਦੇ ਹਨ।

## ਦੈਵੀ ਗੁਣ ਕਵੀ ਗਣ, ਔਖਧੀ ਸਮਾਦਿ ਪੁਸਟੈ;
## ਤ੍ਰਿਸ਼ਨਾ ਤਾਪ, ਮੋਹ ਤਮ, ਕਾਮ ਚੋਰ ਹਤ ਹੈ॥

ਜਿਵੇਂ ਚੰਦਰਮਾ ਨੂੰ ਵੇਖ ਕਰਕੇ ਕਵੀ = ਕੰਮੀਆਂ ਖਿੜ ਜਾਂਦੀਆਂ ਹਨ, ਇਸੇ ਪ੍ਰਕਾਰ ਵੈਰਾਗ ਰੂਪ ਚੰਦਰਮਾ ਨੂੰ ਵੇਖ ਕਰਕੇ ਭਾਵ ਵੈਰਾਗ ਦੇ ਸਹਿਤ ਹੋਣ ਨਾਲ ਹਿਰਦੇ ਅੰਦਰ ਧਰਮ, ਧੀਰਜ, ਉਪੇਕਸ਼ਾ ਆਦਿਕ ਗਣ = ਸਮੂਹ ਦੈਵੀ ਗੁਣ ਰੂਪੀ ਕੰਮੀਆਂ ਖਿੜਦੀਆਂ ਹਨ, ਜਿਵੇਂ ਚੰਦਰਮਾ ਔਖਧੀਆਂ ਨੂੰ ਪਕਾਉਂਦਾ ਹੈ, ਇਸੇ ਤਰ੍ਹਾਂ ਇਧਰ ਵੈਰਾਗ ਰੂਪ ਚੰਦਰਮਾ ਸਮਾਦਿ = ਸਮ ਦਮ ਆਦਿਕ ਸਾਧਨਾ ਰੂਪ ਔਖਧੀ = ਔਸ਼ਧੀ ਨੂੰ ਪੁਸਟੈ = ਦ੍ਰਿੜ, ਪਰਪੱਕ ਕਰਾਉਂਦਾ ਹੈ। ਜਿਵੇਂ ਚੰਦਰਮਾ ਤਾਪ ਨੂੰ, ਹਨੇਰੇ ਨੂੰ, ਚੋਰਾਂ ਨੂੰ ਨਾਸ਼ ਕਰਦਾ ਹੈ, ਇਸੇ ਤਰ੍ਹਾਂ ਵੈਰਾਗ ਰੂਪ ਚੰਦਰਮਾ ਤ੍ਰਿਸ਼ਨਾ ਰੂਪੀ ਤਾਪ ਨੂੰ **ਵਾ:** ਆਧਿ, ਬਿਆਧਿ, ਉਪਾਧਿ ਰੂਪੀ ਤਾਪਾਂ ਨੂੰ ਮੋਹ ਰੂਪੀ ਤਮ = ਹਨੇਰੇ ਨੂੰ ਅਤੇ ਕਾਮ, ਕ੍ਰੋਧ, ਰੂਪ ਚੋਰਾਂ ਨੂੰ ਹਤ = ਨਾਸ਼ ਕਰਦਾ ਹੈ।

## ਮੁਦਤ ਬਿਬੇਕੀ, ਕਾਮੀ ਦੁਖੀ ਮੂਢ ਬ੍ਰੇਹੀ ਬਾਮੀ;
## ਉਦੈ ਧੀ ਤ੍ਰਿਜਾਮੀ ਮੋ, ਕੁਸੰਗ ਦਿਨੇ ਗਤਿ ਹੈ॥

ਜਿਵੇਂ ਚੰਦਰਮਾ ਨੂੰ ਵੇਖ ਕੇ ਬ੍ਰੇਹੀ = ਇਸਤਰੀ ਦਾ ਸੰਜੋਗੀ ਕਾਮੀ ਪੁਰਸ਼ ਪ੍ਰਸੰਨ ਹੁੰਦਾ ਹੈ ਤੇ ਵਿਜੋਗੀ ਦੁਖੀ ਹੁੰਦਾ ਹੈ, ਇਸੇ ਤਰ੍ਹਾਂ ਵੈਰਾਗ ਰੂਪ ਚੰਦਰਮਾ ਦੇ ਸਹਿਤ ਹੋਣ ਕਰਕੇ ਬਿਬੇਕੀ ਪੁਰਸ਼ ਆਤਮ ਵਿਸ਼ੈਣੀ ਬੁੱਧ ਰੂਪ ਇਸਤਰੀ ਦੇ ਸੰਜੋਗ ਕਰਕੇ ਕਾਮੀ ਵਾਂਗ ਮੁਦਤ = ਪ੍ਰਸੰਨ ਚਿੱਤ ਰਹਿੰਦਾ ਹੈ ਅਤੇ ਬਾਮੀ = ਟੇਢੇਪਣ ਵਾਲਾ ਮੂਢ = ਮੂਰਖ ਪੁਰਸ਼ ਆਤਮ ਵਿਸ਼ੈਣੀ ਬੁੱਧ ਰੂਪ ਇਸਤਰੀ ਦਾ ਵਿਜੋਗੀ ਹੋਣ ਕਰਕੇ ਦੁੱਖ ਪ੍ਰਾਪਤ ਕਰਦਾ ਹੈ ਅਤੇ ਜਿਵੇਂ ਚੰਦਰਮਾ ਰਾਤ ਵੇਲੇ ਚੜ੍ਹਦਾ ਹੈ ਤੇ ਦਿਨ ਵੇਲੇ ਅਸਤ ਹੋ ਜਾਂਦਾ ਹੈ, ਇਸੇ ਤਰ੍ਹਾਂ ਇਧਰ ਵੈਰਾਗ ਰੂਪੀ ਚੰਦਰਮਾ ਧੀ = ਬੁੱਧ ਰੂਪੀ ਤ੍ਰਿਜਾਮੀ = ਰਾਤਰੀ ਮੋ = ਵਿਚ ਉਦੈ = ਪ੍ਰਗਟ ਹੁੰਦਾ ਹੈ ਅਤੇ ਕੁਸੰਗ = ਕੁਸੰਗਤ ਰੂਪੀ ਦਿਨ ਵਿਚ ਗਤਿ = ਗਵਨ ਕਰ ਜਾਂਦਾ ਹੈ ਭਾਵ ਅਸਤ ਹੋ ਜਾਂਦਾ ਹੈ।

## ਸੁਕਚੇ ਸਰੋਜ ਭੋਗੀ, ਮੋਖ ਸੁਧਾ ਕੇ ਸੰਜੋਗੀ;
## ਸਜਾਤ ਸੇਤ ਭੋਗੀ ਯੋਗੀ ਮੌ ਬਢੇ ਘਟਤ ਹੈ॥

ਜਿਵੇਂ ਚੰਦਰਮਾ ਨੂੰ ਵੇਖ ਕੇ ਸਰੋਜ = ਕਮਲ ਫੁੱਲ ਸੁਕਚੇ = ਸੁੰਗੜ ਭਾਵ ਮੁੰਦੇ ਜਾਂਦੇ ਹਨ, ਇਸੇ ਤਰ੍ਹਾਂ ਭੋਗੀ ਪੁਰਸ਼ ਰੂਪ ਕਮਲ ਫੁੱਲ ਵੈਰਾਗੀ ਰੂਪੀ ਚੰਦਰਮਾ ਨੂੰ ਵੇਖ ਕੇ ਭਾਵ ਧਾਰਣ ਕਰਨ ਤੋਂ ਕੁਮਲਾ ਜਾਂਦੇ ਹਨ ਕਿ ਅਜੇ ਹੋਰ ਵਿਸ਼ੇ ਭੋਗ, ਭੋਗ ਲਈਏ। ਜਿਵੇਂ ਚੰਦਰਮਾ ਅੰਮ੍ਰਿਤ ਵਾਲਾ ਮੰਨਿਆ ਜਾਂਦਾ ਹੈ, ਇਸੇ ਤਰ੍ਹਾਂ ਵੈਰਾਗ ਰੂਪੀ ਚੰਦਰਮਾ ਮੋਖ = ਮੁਕਤੀ ਰੂਪ ਸੁਧਾ = ਅੰਮ੍ਰਿਤ ਦਾ ਸੰਜੋਗੀ = ਮਿਲਾਪ ਕਰਾਉਣ ਵਾਲਾ ਹੈ ਅਤੇ ਜਿਵੇਂ ਸੇਤ = ਚਿੱਟੇ ਭਾਵ ਚਾਨਣੇ ਤੇ ਹਨੇਰੇ ਪੱਖ ਦੀ ਸਜਾਤ = ਕਿਰਿਆ ਵਿਚ ਚੰਦਰਮਾ ਵੱਧਦਾ ਘੱਟਦਾ ਹੈ, ਇਸੇ ਤਰ੍ਹਾਂ ਇਧਰ ਭੋਗੀ ਪੁਰਸ਼ ਦਾ ਹਿਰਦਾ ਹਨੇਰੇ ਪੱਖ ਵਾਂਗ ਹੈ, ਜਿਸ ਵਿਚ ਵੈਰਾਗ ਰੂਪੀ ਚੰਦਰਮਾ ਘਟਤ = ਘਟਦਾ ਹੀ ਜਾਂਦਾ ਹੈ ਭਾਵ ਉਹ ਵਿਸ਼ੇ ਰਸਾਂ ਵਿਚ ਹੀ ਫਸਿਆ ਰਹਿੰਦਾ ਹੈ। ਇਨ੍ਹਾਂ ਨੂੰ ਤਿਆਗਣ ਵੱਲੋਂ ਵੈਰਾਗ ਨਹੀਂ ਕਰਦਾ, ਇਸ ਕਰਕੇ ਵੈਰਾਗ ਘਟਦਾ ਹੀ ਜਾਂਦਾ ਹੈ ਤੇ ਜੋਗੀ ਪੁਰਸ਼ ਦਾ ਹਿਰਦਾ ਚਾਨਣੇ ਪੱਖ ਵਾਂਗ ਹੈ, ਜਿਸ ਵਿਚ ਵੈਰਾਗ ਰੂਪੀ ਚੰਦਰਮਾ ਬਢੇ = ਵੱਧਦਾ ਹੀ ਜਾਂਦਾ ਹੈ।

## ਦੋਖ ਬੇਦ ਮਾਨੇ ਨਾਹਿ, ਜਨ ਮਨ ਬਯੋਮ ਮਾਹਿ;
## ਵਿਧੁ ਵਤ ਵਿਕਸਤ ਨਿਰਵੇਦ ਸਤ ਹੈ॥੬੯॥

ਜਿਵੇਂ ਚੰਦਰਮਾ ਵਿਚ ਕਲੰਕ ਹੈ, ਇਸੇ ਤਰ੍ਹਾਂ ਜੋ ਵੇਦ ਦੇ ਪੂਰਬ ਭਾਗ ਵਿਚ ਕਰਮਾਂ ਬਾਬਤ ਲਿਖਿਆ ਹੈ, ਜੋ ਵੈਰਾਗੀ ਪੁਰਸ਼ ਉਸ ਨੂੰ ਨਹੀਂ ਮਾਨੇ = ਮੰਨਦਾ, ਇਹ ਵੈਰਾਗ ਵਿਚ ਚੰਦਰਮਾ ਦੇ ਦੋਖ = ਦੋਸ਼ ਨਿਆਈਂ ਸਮਝਣਾ, ਜਿਵੇਂ ਚੰਦਰਮਾ ਆਕਾਸ਼ ਵਿਚ ਪ੍ਰਕਾਸ਼ ਕਰਦਾ ਹੈ, ਇਸੇ ਤਰ੍ਹਾਂ ਵੈਰਾਗ ਰੂਪੀ ਚੰਦਰਮਾ ਭਗਤ ਜਨਾਂ ਦੇ ਮਨ ਰੂਪੀ ਬਯੋਮ = ਅਕਾਸ਼ ਮਾਹਿ = ਵਿਚ ਗਿਆਨ ਦਾ ਵਿਕਸਤ = ਪ੍ਰਕਾਸ਼ ਕਰਦਾ ਹੈ। ਇਸ ਲਈ ਸਤ = ਨਿਸ਼ਚਾ ਕਰ ਕੇ ਨਿਰਵੇਦ = ਵੈਰਾਗ ਵਿਧੁ = ਚੰਦਰਮਾ ਦੇ ਵਤ = ਸਮਾਨ ਹੈ॥੬੯॥

## ਦੋਹਰਾ॥ ਅੰਕ ਬ੍ਰਿੰਦ ਕੋ ਗੁੰਦ ਕਰ; ਬੰਦ ਛੰਦ ਕੋ ਕੀਨ॥

ਪੰਡਿਤ ਹਰਿਦਿਆਲ ਜੀ ਕਥਨ ਕਰਦੇ ਹਨ ਕਿ ਮੈਂ ਬ੍ਰਿੰਦ = ਸਮੂਹ ਅੰਕ = ਅੱਖਰਾਂ ਕੋ = ਨੂੰ ਗੁੰਦ = ਜੋੜ

ਕਰਕੇ ਛੰਦਾਂ ਕੋ = ਨੂੰ ਬੰਦ = ਬੰਨ੍ਹ ਕਰਕੇ ਭਾਵ ਤਰਤੀਬ ਅਨੁਸਾਰ ਕਰਕੇ ਇਸ ਗ੍ਰੰਥ ਨੂੰ ਸੰਸਕ੍ਰਿਤ ਤੋਂ ਬ੍ਰਜ ਭਾਸ਼ਾ ਵਿਚ ਤਿਆਰ ਕੀਨ = ਕੀਤਾ ਹੈ।

## ਤੁਟਤ ਯੁਕਤ ਛੰਦਾਰਥ ਜਹਿਂ; ਕਵੋ ਸੁਧਾਰੋ ਤੀਨ ॥੭੦॥

ਹੇ ਕਵੋ = ਕਵੀ ਜਨੋਂ! ਜੇਕਰ ਇਸ ਗ੍ਰੰਥ ਵਿਚ ਜਹਿਂ = ਜਿਥੇ ਕਿਤੇ ਵੀ ਯੁਕਤ = ਜੁਗਤੀ ਤੁਟਤ = ਟੁੱਟਦੀ ਹੋਵੇ, (ਛੰਦ + ਅਰਥ) ਛੰਦਾਂ ਦੀ ਲੜੀ ਟੁੱਟਦੀ ਹੋਵੇ, ਸਿਧਾਂਤ ਵਿਚ ਅਰਥ ਟੁੱਟਦੇ ਹੋਣ ਤਾਂ ਤੁਸੀਂ ਤੀਨ = ਤਿੰਨੇ ਹੀ ਸੁਧਾਰੋ = ਸੁਧਾਰ ਭਾਵ ਦਰੁਸਤ ਕਰ ਲੈਣੇ ॥੭੦॥

## ਦੋਹਰਾ ॥

## ਯੋਗੀ ਜਨ ਕੇ ਬਚਨ ਕੋ, ਭੋਗੀ ਭੇਦ ਅਵਿੰਦੁ ॥

ਜੋਗੀ ਜਨਾਂ ਕੇ = ਦੇ ਬਚਨਾਂ ਦੇ ਭੇਦ ਕੋ = ਨੂੰ ਭੋਗੀ ਪੁਰਸ਼ ਅਵਿੰਦ = ਜਾਣ ਨਹੀਂ ਸਕਦੇ।

## ਈਸ ਕ੍ਰਿਪਾ ਬਲ ਜਥਾ ਮਤਿ; ਕਹਯੋ ਸਿੰਧ ਮੋਂ ਬਿੰਦੁ ॥੭੧॥

ਪਰ ਈਸ = ਪਰਮੇਸ਼ਰ ਦੀ ਕਿਰਪਾ ਦੇ ਬਲ ਨਾਲ, ਮੇਰੀ ਜਥਾ = ਜਿਹੋ ਜਿਹੀ ਮਤਿ = ਬੁੱਧੀ ਸੀ, ਉਸ ਦੇ ਅਨੁਸਾਰ ਮੈਂ ਸਿੰਧ = ਸਮੁੰਦਰ ਰੂਪ ਸਿਧਾਂਤ ਮੋਂ = ਵਿੱਚੋਂ ਬਿੰਦੁ = ਬੂੰਦ ਭਾਵ ਥੋੜ੍ਹੇ ਮਾਤਰ ਹੀ ਕਹਯੋ = ਕਥਨ ਕੀਤਾ ਹੈ ॥੭੧॥

## ਸ਼ਿਵ ਮੰਗਲ ਕਬਿੱਤ ॥

## ਬਸੇ ਸ਼ਿਵਾ ਬਾਮ ਅੰਗ, ਲਸੇ ਭੂਤ ਜੂਥ ਸੰਗ;
## ਗ੍ਰਸੇ ਭੰਗ, ਸੀਸ ਗੰਗ, ਗਯਾਨ ਤੀਨ ਕਾਲ ਕੋ ॥

ਜਿਸ ਸ਼ਿਵਜੀ ਦੇ ਬਾਮ ਅੰਗ = ਖੱਬੇ ਪਾਸੇ ਸ਼ਿਵਾ = ਪਾਰਬਤੀ ਬਸੇ = ਵੱਸਦੀ ਹੈ, ਜਿਸ ਦੇ ਸੰਗ = ਨਾਲ ਭੂਤਾਂ ਦਾ ਜੂਥ = ਸਮੁਦਾਯ (ਝੁੰਡ) ਲਸੇ = ਪ੍ਰਕਾਸ਼ ਕਰ ਰਿਹਾ ਹੈ, ਜਿਸ ਸ਼ਿਵਜੀ ਨੇ ਭੰਗ ਗ੍ਰਸੇ = ਗ੍ਰਸਨਾ ਭਾਵ ਪੀਣਾ ਕੀਤੀ ਹੈ ਅਤੇ ਜਿਸ ਨੇ ਸੀਸ = ਸਿਰ ਉੱਤੇ ਗੰਗਾ ਧਾਰਨ ਕੀਤੀ ਹੋਈ ਹੈ, ਜਿਸ ਨੂੰ ਤੀਨ = ਤਿੰਨੇ ਕਾਲ = ਸਮਿਆਂ (ਭੂਤ, ਭਵਿੱਖਤ, ਵਰਤਮਾਨ) ਕੋ = ਦਾ ਗਿਆਨ ਹੈ।

## ਧੇਨ ਬਾਲ ਬਾਹਨ, ਸੁਧਾਂਕ ਬਾਲ ਭਾਲ ਧਰੇ;
## ਗਰੇ ਬਿਆਲ ਰੁੰਡਮਾਲ, ਤਲੇ ਸਿੰਘ ਖਾਲ ਕੋ ॥

ਜੋ ਸ਼ਿਵਜੀ ਧੇਨ ਬਾਲ = ਗਊ ਦੇ ਪੁੱਤਰ ਭਾਵ ਬਲਦ ਦੀ ਬਾਹਨ = ਸਵਾਰੀ ਕਰਦਾ ਹੈ, ਜਿਸ ਨੇ ਬਾਲ = ਛੋਟੇ ਭਾਵ ਦੂਜ ਦੇ ਸੁਧਾਂਕ = ਚੰਦਰਮਾ ਨੂੰ ਆਪਣੇ ਭਾਲ = ਮੱਥੇ ਉੱਤੇ ਧਰੇ = ਧਾਰਨ ਕੀਤਾ ਹੋਇਆ ਹੈ, ਜਿਸ ਨੇ ਗਰੇ = ਗਲੇ ਵਿਚ ਬਿਆਲ = ਸੱਪਾਂ ਦੀ ਤੇ ਰੁੰਡਮਾਲ = ਸਿਰਾਂ ਦੀ ਮਾਲ = ਮਾਲਾ ਪਾਈ ਹੋਈ ਹੈ ਅਤੇ ਜਿਸ ਸ਼ਿਵਜੀ ਨੇ ਆਪਣੇ ਤਲੇ = ਹੇਠਾਂ ਸਿੰਘ = ਸ਼ੇਰ ਦੀ ਖਾਲ = ਖੱਲ ਕੋ = ਨੂੰ ਵਿਛਾਇਆ ਹੋਇਆ ਹੈ।

## ਨਾਥਨ ਕੋ ਨਾਥ ਹੈ, ਅਨਾਥਨ ਕੋ ਨਾਥ ਦੇਵ;
## ਜਾਂ ਕੇ ਪਾਦ ਪਾਥ ਮਾਥ, ਧਰੇ ਹਰੇ ਕਾਲ ਕੋ॥

ਜੋ ਨਾਥਨ = ਨਾਥਾਂ ਕੋ = ਦਾ ਵੀ ਨਾਥ ਹੈ, ਜੋ ਸ਼ਿਵਦੇਵ ਅਨਾਥਨ = ਯਤੀਮਾਂ ਕੋ = ਦਾ ਵੀ ਨਾਥ = ਸੁਆਮੀ ਹੈ, ਜਾਂ ਕੇ = ਜਿਸ ਦੇ ਪਾਦ = ਚਰਨਾਂ ਦਾ ਪਾਥ = ਜਲ ਧਰੇ = ਧਾਰਨ ਕਰ ਕੇ ਕਾਲ ਕੋ = ਦਾ ਮਾਥ ਹਰੇ = ਨਾਸ਼ ਤੋਂ ਨਾਸ਼ ਭਾਵ ਵਿਸ਼ੇਸ਼ ਕਰਕੇ ਨਾਸ਼ ਹੋ ਜਾਂਦਾ ਹੈ।

## ਦਯਾ ਸਿੰਧ, ਅਲ ਕਾਮ, ਕਾਮ ਰਿਪ, ਸੁਖ ਧਾਮ;
## ਹਰ ਦਯਾਲ ਕੀ ਨਮਾਮਿ ਐਸੇ ਹਰ ਦਿਆਲ ਕੋ॥੭੨॥

ਜੋ ਸ਼ਿਵਜੀ ਦਇਆ ਦਾ ਸਿੰਧ = ਸਮੁੰਦਰ ਹੈ, ਜੋ ਸਾਰੀਆਂ ਕਾਮਨਾਵਾਂ ਅਲ = ਪੂਰੀਆਂ ਕਰਦਾ ਹੈ, ਜੋ ਕਾਮ ਦਾ ਰਿਪ = ਵੈਰੀ ਹੈ, ਜੋ ਸੁਖਾਂ ਦਾ ਧਾਮ = ਘਰ ਹੈ, ਐਸੇ = ਇਸ ਤਰ੍ਹਾਂ ਦੇ ਦਿਆਲੂ ਹਰ = ਸ਼ਿਵਜੀ ਕੋ = ਨੂੰ ਮੇਰੀ ਹਰਦਿਆਲ ਕਵੀ ਕੀ = ਦੀ ਨਮਾਮਿ = ਨਮਸਕਾਰ ਹੈ॥੭੨॥

***ਨੋਟ :*** ਜੋਗੀਰਾਜ ਭਰਥਰੀ ਜੀ ਦੀ ਭਾਵਨਾ ਅਨੁਸਾਰ ਇਹ ਮੰਗਲ ਹੈ ਕਿ ਜੋਗੀ ਜਨ ਸ਼ਿਵਜੀ ਨੂੰ ਆਪਣਾ ਇਸ਼ਟ ਮੰਨਦੇ ਹਨ। ਗੁਣਗ੍ਰਾਹੀ ਗੁਰਮੁਖ ਨੇ ਇਸ ਵਿਚ ਵੈਰਾਗ ਆਦਿਕ ਗੁਣ ਗ੍ਰਹਿਣ ਕਰਨੇ ਹਨ।

## ਵਿਸ਼ਨ ਮੰਗਲ ਸ੍ਵੈਯਾ॥

***ਨੋਟ :*** ਹੁਣ ਪੰਡਿਤ ਹਰਿਦਿਆਲ ਜੀ ਮਹਾਂ ਵਿਸ਼ਨੂੰ ਜੀ ਦਾ ਮੰਗਲ ਕਰਦੇ ਹਨ, ਜਿਸ ਨੂੰ ਗੁਰਮਤਿ ਵਿਚ ਅਕਾਲ ਪੁਰਖ ਕਿਹਾ ਜਾਂਦਾ ਹੈ, ਜਿਸ ਦੇ ਸਰੂਪ ਵਿਚ ਕਰੋੜਾਂ ਹੀ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਹਨ।

## ਸੁਖ ਸਾਂਤਿ ਸਰੂਪ, ਸਵੈ ਅਹਿ ਊਪਰ;
## ਬਾਰਜ ਨਾਭਿ ਸੁਰੇਸ ਕੇ ਰਾਈ॥

ਜੋ ਸਾਂਤਿ ਸਰੂਪ ਵਿਸ਼ਨੂੰ ਜੀ ਸੁਖ ਦੇਣ ਵਾਲੇ ਹਨ, ਜੋ ਅਹਿ = ਸ਼ੇਸ਼ਨਾਗ ਊਪਰ = ਉੱਤੇ ਸਵੈ = ਸੌਣਾ ਕਰਦੇ ਹਨ, ਜਿਨ੍ਹਾਂ ਦੀ ਨਾਭਿ = ਧੁੰਨੀ ਵਿਚ ਬਾਰਜ = ਕਮਲ ਹੈ, ਜੋ ਸੁਰੇਸ = ਇੰਦਰ ਕੇ = ਦੇ ਵੀ ਰਾਈ = ਮਾਲਕ ਹਨ।

## ਸਭ ਵਿਸ਼੍ਵ ਅਧਾਰ, ਅਕਾਸ਼ ਪ੍ਰਕਾਰ;
## ਸੁ ਬਾਰਿਦ ਰੰਗ, ਸੁਭਾਗ ਸਬਾਈ॥

ਜੋ ਸਭ = ਸਾਰੇ ਵਿਸ਼੍ਵ = ਸੰਸਾਰ ਦਾ ਅਧਾਰ = ਆਸਰਾ ਰੂਪ ਹਨ, ਜੋ ਅਕਾਸ਼ ਪ੍ਰਕਾਰ = ਵਾਂਗੂੰ ਵਿਆਪਕ ਹਨ, ਜਿਨ੍ਹਾਂ ਦਾ ਬਾਰਿਦ = ਬੱਦਲਾਂ ਦੇ ਸਮਾਨ ਸੁ = ਸੁੰਦਰ ਸ਼ਿਆਮ ਰੰਗ ਹੈ, ਜਿਨ੍ਹਾਂ ਦੇ ਸਬਾਈ = ਸਾਰੇ ਹੀ ਅੰਗ ਸੁਭਾਗ = ਸੋਭਾ ਵਾਲੇ ਹਨ।

## ਵਰ ਸ੍ਰੀ ਵਰ, ਲੋਚਨ ਨੀਰਜ ਸੇ;
## ਜਿਹ ਚੀਨਤ ਜੋਗੀ ਸਮਾਧਿ ਲਗਾਈ ॥

ਜੋ ਵਰ = ਸ੍ਰੇਸ਼ਟ ਸ੍ਰੀ = ਮਾਇਆ ਦਾ ਵਰ = ਪਤੀ (ਸੁਆਮੀ) ਹੈ, ਜਿਸ ਦੇ ਨੀਰਜ = ਕਮਲ ਸੇ = ਸਰੀਖੇ (ਵਰਗੇ) ਲੋਚਨ = ਨੇਤਰ ਹਨ, ਜਿਹ = ਜਿਸ ਨੂੰ ਚੀਨਤ = ਜਾਨਣ ਲਈ ਜੋਗੀ ਜਨ ਸਮਾਧੀ ਲਗਾਈ = ਲਗਾਉਂਦੇ ਹਨ।

## ਭਵ ਤ੍ਰਾਸ ਕੇ ਨਾਸ ਕੇ ਹੇਤੁ ਨਮੋ;
## ਤਿਨ ਲੋਕ ਪਤੀ ਇਕ ਤਾ ਹਰ ਤਾਂਈ ॥੭੩॥

ਪੰਡਿਤ ਹਰਿਦਿਆਲ ਜੀ ਕਥਨ ਕਰਦੇ ਹਨ ਕਿ ਭਵ = ਜੰਮਣ ਮਰਨ ਕੇ = ਦੇ ਤ੍ਰਾਸ = ਭੈ ਕੇ = ਦੇ ਨਾਸ਼ ਕੇ = ਦੀ ਨਵਿਰਤੀ ਅਰਥੇ ਜੋ ਹਰਿ = ਹਰੀ ਪਰਮਾਤਮਾ ਤਿੰਨੋ ਲੋਕਾਂ ਦਾ ਇੱਕੋ ਹੀ ਪਤੀ = ਮਾਲਕ ਹੈ, ਤਾ = ਉਸ ਤਾਈਂ ਮੇਰੀ ਨਮੋ = ਨਮਸਕਾਰ ਹੈ ॥੭੩॥

## ਛਪੈ ॥
## ਉਚਿਤ ਭਰਤ ਵੈਰਾਗ; ਇਨਹਿ ਇੰਦ੍ਰਾਦਿ ਨਾ ਪਾਵਹਿ ॥

ਪੰਡਿਤ ਹਰਿਦਿਆਲ ਜੀ ਕਥਨ ਕਰਦੇ ਹਨ ਕਿ ਜੋ ਉਚਿਤ = ਉੱਚ ਪਦਵੀ ਵਾਲਾ ਵੈਰਾਗ ਭਰਤ = ਭਰਥਰੀ ਹਰੀ ਜੀ ਨੂੰ ਹੋਇਆ ਸੀ, ਇਨਹਿ = ਇਸ ਵੈਰਾਗ ਨੂੰ ਇੰਦਰ ਆਦਿਕ ਵੀ ਪਾਵਹਿ = ਪਾ ਨਹੀਂ ਸਕਦੇ।

## ਵਿਖੈ ਭੋਗ ਸੰਜੋਗ ਵਿਖੇ; ਸੁਰ ਜਨਮ ਬਿਤਾਵਹਿ ॥

ਕਿਉਂਕਿ ਉਹ ਸੁਰ = ਦੇਵਤੇ ਵਿਖੈ = ਵਿਸ਼ੇ ਭੋਗਾਂ ਦੇ ਸੰਜੋਗ = ਮਿਲਾਪ ਵਿਚ ਹੀ ਆਪਣਾ ਜਨਮ ਬਿਤਾਵਹਿ = ਬਤੀਤ ਕਰ ਲੈਂਦੇ ਹਨ।

## ਪ੍ਰਗਟੇ ਜੋ ਇਕ ਬਾਰ; ਪੁੰਨ ਸਭ ਬਹੁ ਜਨਮਾ ਕੋ ॥

ਜੇ ਇਕ ਵਾਰੀ ਹੀ ਬਹੁ = ਬਹੁਤੇ ਸਾਰੇ ਜਨਮਾਂ ਕੋ = ਦੇ ਸਭ = ਸਾਰੇ ਪੁੰਨ ਕਰਮ ਪ੍ਰਗਟੇ = ਪ੍ਰਗਟ ਹੋ ਜਾਣ।

## ਯਹ ਵੈਰਾਗ ਵਿਭਾਗ, ਤਾਂਹਿ ਵਡਭਾਗ ਜਨਾ ਕੋ ॥

ਤਦੋਂ ਹੀ ਯਹ = ਇਹ ਵੈਰਾਗ ਰੂਪ ਉੱਤਮ ਵਿਭਾਗ = ਹਿੱਸਾ ਤਾਂਹਿ = ਉਨ੍ਹਾਂ ਵਡਭਾਗ = ਵੱਡੇ ਭਾਗਾਂ ਵਾਲੇ ਜਨਾ = ਪੁਰਸ਼ਾਂ ਕੋ = ਨੂੰ ਪ੍ਰਾਪਤ ਹੁੰਦਾ ਹੈ।

## ਭਵ ਹਰੇ ਖੇਦ, ਨਿਰਵੇਦ; ਤਿਹ ਕਰੇ ਸਾਂਤਿ ਉਰ, ਭ੍ਰਾਂਤਿ ਹਤ ॥

ਇਹ ਨਿਰਵੇਦ = ਵੈਰਾਗ ਤਿਹ = ਉਸ ਪੁਰਸ਼ ਦੇ ਭਵ = ਸੰਸਾਰਕ ਖੇਦ = ਦੁੱਖ ਹਰੇ = ਨਾਸ਼ ਕਰ ਦਿੰਦਾ

ਹੈ ਅਤੇ ਹਿਰਦੇ ਵਿੱਚੋਂ ਅਗਿਆਨ ਦਾ ਭ੍ਰਾਂਤਿ = ਭ੍ਰਾਂਤੀ ਭਾਵ ਭੁਲੇਖਾ ਹਤ = ਨਾਸ਼ ਕਰ ਦਿੰਦਾ ਹੈ ਅਤੇ ਉਰ = ਹਿਰਦੇ ਵਿਚ ਸ਼ਾਂਤੀ ਦਿੰਦਾ ਹੈ।

## ਜੋ ਕਰੇ ਨਿਰਾਦਰ ਤਾਂਹਿ;
## ਸੋ ਕਹੂੰ ਨ ਸੁਖ ਆਦਰ ਲਹਤ ॥੭੪॥

ਹੇ ਭਾਈ ! ਜੋ = ਜਿਹੜਾ ਪੁਰਸ਼ ਤਾਂਹਿ = ਉਸ ਵੈਰਾਗ ਦਾ ਨਿਰਾਦਰ ਕਰਦਾ ਹੈ ਭਾਵ ਵੈਰਾਗ ਨੂੰ ਹਿਰਦੇ ਵਿਚ ਧਾਰਨ ਨਹੀਂ ਕਰਦਾ, ਸੋ = ਉਹ ਕਹੂੰ = ਕਿਤੇ ਵੀ ਸੁਖ ਤੇ ਆਦਰ = ਸਤਿਕਾਰ ਲਹਤ = ਪ੍ਰਾਪਤ ਨਹੀਂ ਕਰ ਸਕਦਾ॥੭੪॥

## ਦੋਹਰਾ ॥
## ਰਵਿ ਪ੍ਰਭਾਵ ਤ੍ਰਿਓਦਸੋ; ਹਰਹਿ ਤਿਮਰ ਉਰ ਭ੍ਰਾਂਤਿ ॥

ਇਹ ਤ੍ਰਿਓਦਸੋ (ਤ੍ਰਿਓ + ਦਸੋ) ਤ੍ਰਿਓ = ਤਿੰਨ + ਦਸੋ = ਦਸ ਭਾਵ ਤੇਰ੍ਹਵਾਂ ਅਧਿਆਇ ਸੂਰਜ ਦੀ ਨਿਆਈਂ ਤੇਜ ਪ੍ਰਭਾਵ ਵਾਲਾ ਹੈ, ਜੋ ਉਰ = ਹਿਰਦੇ ਦੀ ਭ੍ਰਾਂਤੀ ਰੂਪ ਤਿਮਰ = ਹਨੇਰੇ ਨੂੰ ਹਰਹਿ = ਨਾਸ਼ ਕਰਦਾ ਹੈ।

## ਸਾਂਤਿ ਹੇਤ ਸੂਜਨਨ ਕੋ; ਭਯੋ ਆਪੁ ਅਬ ਸਾਂਤਿ ॥੭੫॥

ਜੋ ਤੇਰ੍ਹਵਾਂ ਅਧਿਆਇ ਸੂਜਨਨ = ਭਲੇ ਪੁਰਸ਼ਾਂ ਕੋ = ਨੂੰ ਸ਼ਾਂਤੀ ਦੇਣ ਦਾ ਹੇਤ = ਕਾਰਣ ਹੈ, ਉਹ ਅਬ = ਹੁਣ ਆਪ ਸ਼ਾਂਤਿ ਭਾਵ ਸਮਾਪਤ ਭਯੋ = ਹੋ ਗਿਆ ਹੈ॥੭੫॥

## ਸੋਰਠਾ ॥
## ਭਰਤ ਸ਼ਕਤ ਵੈਰਾਗ; ਪ੍ਰਾਰੰਭਯੋ ਚੂਹਣੀ ਪੁਰੇ ॥

ਪੰਡਿਤ ਹਰਿਦਿਆਲ ਜੀ ਕਥਨ ਕਰਦੇ ਹਨ ਕਿ ਜੋ ਮੈਂ ਭਰਤ = ਭਰਥਰੀ ਜੀ ਦਾ ਵੈਰਾਗ ਸ਼ਤਕ ਨਾਮੀ ਗ੍ਰੰਥ ਚੂਹਣੀਪੁਰ (ਜ਼ਿਲ੍ਹਾ ਲਾਹੌਰ) ਵਿਚ ਸੰਸਕ੍ਰਿਤ ਤੋਂ ਬ੍ਰਜ ਭਾਸ਼ਾ ਵਿਚ ਅਨੁਵਾਦ ਕਰਨਾ ਪ੍ਰਾਰੰਭਯੋ = ਅਰੰਭ ਕੀਤਾ ਸੀ।

## ਸਮ ਪਵਿਤ੍ਰ ਪ੍ਰਯਾਗ; ਸੁਧਾਸਰੇ ਇਤਿ ਸ੍ਰੀ ਭਯੋ ॥੭੬॥

ਜੋ ਸ੍ਰੀ ਸੁਧਾਸਰੇ = ਅੰਮ੍ਰਿਤਸਰ ਸਾਹਿਬ ਦਾ ਪਵਿੱਤਰ ਸਥਾਨ ਪ੍ਰਯਾਗ ਦੇ ਸਮ = ਸਮਾਨ ਹੈ, ਉਥੇ ਆ ਕਰਕੇ ਇਹ ਗ੍ਰੰਥ ਇਤਿ = ਸਮਾਪਤ ਭਯੋ = ਹੋਇਆ ਹੈ **ਵਾ:** ਇਹ ਸ੍ਰੀ = ਸੋਭਾ ਦੇ ਦੇਣ ਵਾਲਾ ਵੈਰਾਗ ਸ਼ਤਕ ਗ੍ਰੰਥ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸੰਪੂਰਨ ਹੋਇਆ ਹੈ॥੭੬॥

## ਦੋਹਰਾ ॥
## ਸਸਿ ਵਸੁ ਵਸੁ ਰਸ ਸਸਿ ਵਤੀ; ਦਰਸਾਸੂ ਕੇ ਮਾਹਿ ॥

ਸਸਿ = ੧ ਵਸੁ = ੮ ਵਸੁ = ੮ ਰਸ = ੬ ਭਾਵ ੧੮੮੬ ਬਿਕ੍ਰਮੀ ਸੰਮਤ, ਦਰਸਾਸੂ (ਦਰਸ + ਅਸੂ) ਅੱਸੂ ਦੇ ਮਹੀਨੇ ਵਿਚ ਸਸਿ ਵਤੀ = ਸੋਮਵਤੀ ਦਰਸ = ਅਮਾਵਸ ਵਾਲੇ ਦਿਨ :

## ਸੰਪੂਰਨ ਸੰਪੂਰਨੋ ਭਯੋ; ਗ੍ਰੰਥ ਸ਼ੁਭ ਆਹਿ ॥੭੭॥

ਇਹ ਸ਼ੁਭ = ਸ੍ਰੇਸ਼ਟ ਵੈਰਾਗ ਸ਼ਤਕ ਗ੍ਰੰਥ ਸੰਪੂਰਨ = ਸਾਰਾ ਹੀ **ਵਾ:** ਚੰਗੀ ਤਰ੍ਹਾਂ ਸੰਪੂਰਨੋ = ਪੂਰਾ ਭਯੋ = ਹੋਇਆ ਆਹਿ = ਹੈ ॥੭੭॥

## ਤੇਰਵਾਂ ਅਧ੍ਯਾਯ ਸਮਾਪਤ ॥੧੩॥

ਇਥੇ ਹੁਣ ਵੈਰਾਗ ਸ਼ਤਕ ਨਾਮੀ ਗ੍ਰੰਥ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੁੰਦਾ ਹੈ ॥੧੩॥

## ਵੈਰਾਗ ਸ਼ਤਕ ਸਟੀਕ ਸਮਾਪਤੰ ॥

ਇਥੇ ਹੁਣ ਵੈਰਾਗ ਸ਼ਤਕ ਗ੍ਰੰਥ ਦਾ ਸਟੀਕ ਸਮਾਪਤੰ = ਸਮਾਪਤ ਹੁੰਦਾ ਹੈ।

# ਸੰਪੂਰਨਤਾ ਦਾ ਮੰਗਲ

ਆਦਿ ਪੁਰਖ ਸ੍ਰੀ ਵਾਹਿਗੁਰੂ, ਸ੍ਰੀ ਗੁਰੂ ਨਾਨਕ ਦੇਵ।
ਕਿਰਪਾ ਕੀਨੀ ਦਾਸ ਪਰ, ਅਮਰ ਅਟੱਲ ਅਭੇਵ॥
ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਮਹਾਨ।
ਆਪ ਲਿਖਾਇ ਸਟੀਕ ਸੁਠ, ਕਿਰਪਾ ਕੀਨਿ ਮਹਾਨ॥
ਭਾਖਾ ਕ੍ਰਿਤ ਹਰਦਯਾਲ ਕੀ, 'ਵੈਰਾਗ ਸ਼ਤਕ' ਜਿਹ ਨਾਮ।
ਪ੍ਰਭ ਕਿਰਪਾ ਟੀਕਾ ਭਯਾ, ਸਤਿਗੁਰੂ ਕੀਨੋ ਕਾਮ॥
ਸੰਮਤ ਬੀਸ ਉਨਾਸੀਆ, ਪੋਖ ਵਦੀ ਥਿਤਿ ਚਾਰ।
ਸੋਮਵਾਰ ਕੇ ਦਿਵਸ ਕੋ, ਅਰੰਭਿਓ ਟੀਕਾਕਾਰ॥
ਵੀਹ ਸੌ ਬਾਈ ਈਸਵੀ, ਸੋਮਵਾਰ ਦਿਨ ਜਾਨ।
ਮਾਸ ਦਸੰਬਰ ਬਾਰਹਾਂ, ਅਰੰਭਿਓ ਕਾਜ ਮਹਾਨ॥
ਸੰਮਤ ਵੀਹ ਸੌ ਅੱਸੀਹਾਂ, ਸ਼ੁਭ ਦਿਵਸ ਗੁਰੂਵਾਰ।
ਚੇਤ ਵਦੀ ਥਿਤਿ ਦੂਜ ਕੋ, ਟੀਕਾ ਹੂਆ ਤਯਾਰ॥
ਵੀਹ ਸੌ ਤੇਈ ਈਸਵੀ, ਨਵ ਮਾਰਚ ਗੁਰੂਵਾਰ।
ਪੱਚੀਹ ਫੱਗਣ ਮਾਸ ਕੋ, ਟੀਕਾ ਭਯਾ ਤਯਾਰ॥
ਸ੍ਰੀ ਸਤਿਗੁਰੂ ਨਿਜ ਦਾਸ ਪਰ, ਕਿਰਪਾ ਕੀਨਿ ਅਪਾਰ।
'ਵੈਰਾਗ ਸ਼ਕਤ' ਸਟੀਕ ਕੀ, ਆਪ ਕਰਾਈ ਕਾਰ॥
ਕੋਟਿ ਕੋਟਿ ਧੰਨਵਾਦ ਹੈ, ਸਤਿਗੁਰੁ ਦੀਨ ਦਯਾਲੁ।
ਟੀਕਾ ਆਪ ਲਿਖਾ ਲੀਉ, ਕਿਰਪਾ ਕਰਿ ਕਿਰਪਾਲੁ॥

# ਧੰਨਵਾਦ

ਧੰਨਵਾਦ ਉਸ ਚੇਤਨ ਬ੍ਰਹਮ ਦਾ, ਜਿਸ ਦੀ ਸੱਤਾ ਨਾਲ ਸਾਰਾ ਸੰਸਾਰ ਜੜ੍ਹ ਤੋਂ ਚੇਤਨਤਾ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਸੰਸਾਰ ਦੇ ਭਲੇ ਵਾਸਤੇ ਪਾਰਬ੍ਰਹਮ ਪਰਮੇਸ਼ਰ ਨੇ ਗੁਰ ਪਰਮੇਸ਼ਰ ਦੇ ਰੂਪ ਵਿਚ ਦਸ ਜਾਮੇ ਧਾਰਨ ਕੀਤੇ ਅਤੇ ਗੁਰਸਿੱਖੀ ਮਾਰਗ ਤੋਰਿਆ, ਦਸਵੇਂ ਜਾਮੇ ਵਿਚ ਬਵੰਜਾ ਕਵੀ ਰੱਖੇ, ਸਾਹਿਤ ਦਾ ਮਹਾਨ ਖ਼ਜ਼ਾਨਾ ਤਿਆਰ ਕੀਤਾ। ਭਾਰਤ ਦੇ ਮੰਨੇ-ਪ੍ਰਮੰਨੇ ਵਿਦਵਾਨਾਂ ਤੋਂ ਸੰਸਕ੍ਰਿਤ ਵਿਚ ਲਿਖੇ ਗ੍ਰੰਥਾਂ ਦਾ ਉੱਲਥਾ ਕਰਾਇਆ ਅਤੇ ਸਿੱਖਾਂ ਵਿਚ ਲਿਖਣ ਦਾ ਉਤਸ਼ਾਹ ਪੈਦਾ ਕੀਤਾ। ਇਸ ਕਰਕੇ ਕਲਗ਼ੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵੀ ਧੰਨਵਾਦ ਕੀਤਾ ਜਾਂਦਾ ਹੈ, ਭਾਵੇਂ ਗੁਰੂ ਸਾਹਿਬ ਜੀ ਦਾ ਲਿਖਵਾਇਆ ਹੋਇਆ ਖ਼ਜ਼ਾਨਾ ਚਾਰੇ ਵੇਦ, ਛੇ ਸ਼ਾਸਤਰ, ਅਠਾਰਾਂ ਪੁਰਾਣ, ਸਤਾਈ ਸਿੰਮ੍ਰਿਤੀਆਂ, ਬਵੰਜਾ ਉਪਨਿਸ਼ਦਾਂ, ਰਾਮਾਇਣ, ਮਹਾਂਭਾਰਤ ਆਦਿ ਦਾ ਨਿਚੋੜ ਰੂਪ ਵਿੱਦਿਆ ਸਾਗਰ ਗ੍ਰੰਥ ਤਿਆਰ ਹੋਇਆ। ਜਾਪਦਾ ਹੈ ਕਿ ਇਤਨਾ ਵੱਡਾ ਕਾਰਜ ਗੁਰੂ ਸਾਹਿਬ ਜੀ ਨੇ ਖ਼ਾਲਸੇ ਵਿਚ ਬਨਾਰਸ (ਕਾਂਸ਼ੀ) ਦੀ ਸਾਰੀ ਵਿੱਦਿਆ ਪ੍ਰਫੁੱਲਤ ਕਰਨ ਵਾਸਤੇ ਯੋਜਨਾ-ਬੱਧ ਤਰੀਕੇ ਨਾਲ ਕੀਤਾ। ਪਹਿਲਾਂ ਪੰਜ ਸਿੱਖਾਂ ਨੂੰ ਕਾਂਸ਼ੀ ਵਿਚ ਪੜ੍ਹਨ ਵਾਸਤੇ ਭੇਜਿਆ, ਫਿਰ ਇਹ ਵਿੱਦਿਆ ਸਾਗਰ ਨਾਮੀ ਗ੍ਰੰਥ ਤਿਆਰ ਕਰਵਾਇਆ, ਜਿਸ ਦਾ ਸਰੂਪ ਅਜੇ ਪੱਤਰਿਆਂ ਵਿਚ ਹੀ ਸੀ, ਜਦੋਂ ਇਸ ਦਾ ਤੋਲ ਕਰਾਇਆ ਗਿਆ ਤਾਂ ਇਸ ਦਾ ਭਾਰ ੯ ਮਣ ਦਾ ਹੋਇਆ, ਜੋ ਅਨੰਦਪੁਰ ਸਾਹਿਬ ਦੇ ਵੱਡੇ ਯੁੱਧ ਵਿਚ ਹੋਰ ਕੀਮਤੀ ਸਾਮਾਨ ਦੇ ਸਮੇਤ ਇਹ ਗ੍ਰੰਥ ਸਾਡੇ ਹੱਥੋਂ ਜਾਂਦਾ ਰਿਹਾ, ਇਥੋਂ ਦਿੱਸਦਾ ਹੈ ਕਿ ਗੁਰੂ ਸਾਹਿਬ ਜੀ ਆਪਣੇ ਪੰਥ ਨੂੰ ਵਿੱਦਿਅਕ ਖੇਤਰ ਵਿਚ ਕਿਸੇ ਦੇ ਗੋਚਰੇ ਛੱਡਣਾ ਨਹੀਂ ਸੀ ਚਾਹੁੰਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਤਨਾ ਕੁਝ ਲਿਖ ਕੇ ਖ਼ਾਲਸੇ ਨੂੰ ਲਿਖਣ, ਪੜ੍ਹਨ ਦਾ ਸੁਭਾਅ ਬਖ਼ਸ਼ਿਆ, ਉਹ ਸੁਭਾਅ ਖ਼ਾਲਸਾ ਪੰਥ ਦੀਆਂ ਸੰਪ੍ਰਦਾਵਾਂ ਵਿਚ ਅੱਜ ਭੀ ਮੌਜੂਦ ਹੈ। ਬੀਤੇ ਸਮੇਂ ਸੀ, ਹੁਣ ਹੈ, ਅੱਗੇ ਨੂੰ ਰਹੇਗਾ। ਇਸ ਲਈ ਐਸੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ 'ਧੰਨਵਾਦ' ਪਦ ਵੀ ਛੋਟਾ ਹੈ।

ਧੰਨਵਾਦ ਅਮਰ ਸ਼ਹੀਦ ਬਾਬਾ ਜ਼ੋਰਾਵਰ ਸਿੰਘ ਜੀ ਦਾ ਅਤੇ ਬਾਬਾ ਫ਼ਤਹਿ ਸਿੰਘ ਜੀ ਦਾ ਅਤੇ ਪਰਮ ਪੂਜਨੀਕ ਮਾਤਾ ਗੁਜਰ ਕੌਰ ਜੀ ਦਾ, ਜਿਨ੍ਹਾਂ ਦੇ ਸਸਕਾਰ ਅਸਥਾਨ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਦੇ ਨਜ਼ਦੀਕ ਗੁਰਮਤਿ ਵਿੱਦਿਆਲਾ ਜੱਥਾ ਰੰਧਾਵਾ ਦੇ ਅਸਥਾਨ 'ਤੇ ਉਨ੍ਹਾਂ ਅਮਰ ਸ਼ਹੀਦਾਂ ਦਾ ਸਹਾਰਾ ਲੈ ਕਰਕੇ ਇਸ ਗ੍ਰੰਥ ਦਾ ਸਟੀਕ ਲਿਖਿਆ ਗਿਆ।

ਧੰਨਵਾਦ ਅਰਥਾਂ ਦੇ ਦਾਤੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ, ਜਿਨ੍ਹਾਂ ਦੀ ਰਸਨਾ ਤੋਂ ਦੋ ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੁਣੀਆਂ ਅਤੇ ਹੋਰ ਬਹੁਤ ਸਾਰਾ ਖ਼ਜ਼ਾਨਾ ਵਿਆਖਿਆ ਦਾ ਉਨ੍ਹਾਂ ਦੀ ਰਸਨਾ ਤੋਂ ਪ੍ਰਾਪਤ ਹੋਇਆ।

ਧੰਨਵਾਦ ਸੰਤ ਗਿਆਨੀ ਇੰਦਰਜੀਤ ਸਿੰਘ ਜੀ ਰਕਬੇ ਵਾਲਿਆਂ ਦਾ, ਜਿਨ੍ਹਾਂ ਤੋਂ ਗੁਰਬਾਣੀ ਦੀ ਸੰਥਿਆ ਅਤੇ ਛੋਟੇ ਗ੍ਰੰਥਾਂ ਦੇ ਅਰਥ ਪੜ੍ਹੇ।

ਧੰਨਵਾਦ ਉਨ੍ਹਾਂ ਗ੍ਰੰਥ ਕਰਤਿਆਂ ਦਾ, ਜਿਨ੍ਹਾਂ ਦੀ ਸਹਾਇਤਾ ਨਾਲ ਇਹ ਸਟੀਕ ਲਿਖਿਆ ਗਿਆ, ਜਿਨ੍ਹਾਂ ਵਿਚ *ਮਹਾਨ ਕੋਸ਼* ਭਾਈ ਕਾਨ੍ਹ ਸਿੰਘ ਨਾਭਾ, ਪੰਡਿਤ ਨਾਰਾਇਣ ਸਿੰਘ ਜੀ ਮੁਜੰਗਾਂ ਵਾਲੇ ਅਤੇ ਫ਼ੁਟਕਲ ਗ੍ਰੰਥ ਸ਼ਾਮਲ ਹਨ।

ਧੰਨਵਾਦ ਗਿਆਨੀ ਗੁਰਨਾਮ ਸਿੰਘ ਜੀ ਅੰਬਾਲਵੀ ਦਾ, ਜੋ ਲੋੜ ਪੈਣ 'ਤੇ ਆਪਣੇ ਸੁਝਾਅ ਅਤੇ ਸਮੇਂ-ਸਮੇਂ ਅਨੁਸਾਰ ਆਪਣੀਆਂ ਦਲੀਲਾਂ ਤੇ ਵਿਚਾਰਾਂ ਦਿੰਦੇ ਹਨ।

ਧੰਨਵਾਦ ਜਥੇ ਦੇ ਵਿਦਿਆਰਥੀ ਭਾਈ ਗੁਰਸ਼ਰਨ ਸਿੰਘ ਜੀ ਦਾ, ਜਿਸ ਨੇ ਸਹਾਇਕ ਲਿਖਾਰੀ ਦੇ ਤੌਰ 'ਤੇ ਸੇਵਾ ਨਿਭਾਈ ਹੈ। ਜੋ ਦਾਸ ਦੇ ਨਾਲ ਸਾਰਾ-ਸਾਰਾ ਦਿਨ ਬੈਠ ਕੇ ਲਿਖਣ ਵੇਲੇ ਕਦੇ ਅੱਕੇ-ਥੱਕੇ ਨਹੀਂ, ਮੇਰੀ ਤਾੜਨਾ ਸਹਿ ਕੇ ਵੀ ਇਹ ਸੇਵਾ ਨਿਭਾਈ।

ਇਸ ਗ੍ਰੰਥ ਤੋਂ ਬਾਅਦ ਜਲਦੀ ਹੀ ਭਾਈ ਗੁਰਦਾਸ ਸਾਹਿਬ ਜੀ ਦੇ ਕਬਿੱਤ ਸਵੱਯੇ ਅਤੇ ਪ੍ਰਬੋਧ ਚੰਦਰ ਨਾਟਕ, ਵਿਚਾਰ ਚੰਦ੍ਰੋਦਯ ਪਾਠਕਾਂ ਦੇ ਕਰ-ਕਮਲਾਂ ਵਿਚ ਹੋਵੇਗਾ।

ਇਹ ਕਾਰਜ ਆਪ ਗੁਰੂ ਸਾਹਿਬ ਜੀ ਨੇ ਕਰਵਾਇਆ ਹੈ। ਜੈਸਾ ਕਿ :

**ਅਪੁਨਾ ਕਾਰਜੁ ਆਪਿ ਸਵਾਰਿਆ॥** *(ਅੰਗ ੩੭੬)*

ਅੱਜ ਮਿਤੀ ਚੇਤ ਵਦੀ ੨, ੨੫ ਫੱਗਣ, ੨੦੮੦ ਬਿਕ੍ਰਮੀ ਸੰਮਤ, ਦਿਨ ਵੀਰਵਾਰ, ਸੰਨ ੯ ਮਾਰਚ, ੨੦੨੩ ਨੂੰ ਸਟੀਕ ਸੰਪੂਰਨ ਹੋਇਆ। ਸੋ ਅਖ਼ੀਰ ਵਿਚ ਦਾਸ ਗਿਆਨੀ ਸਿੰਘਾਂ, ਵਿਦਵਾਨਾਂ ਨੂੰ ਬੇਨਤੀ ਕਰਦਾ ਹੈ ਕਿ ਜਿਥੇ ਕਿਤੇ ਤਰੁੱਟੀ ਨਜ਼ਰ ਆਵੇ ਤਾਂ ਦਾਸਾਂ ਨੂੰ ਲਿਖ ਭੇਜਣ ਤਾਂ ਕਿ ਅਗਲੀ ਐਡੀਸ਼ਨ ਵਿਚ ਸੁਧਾਈ ਹੋ ਸਕੇ। ਅਖ਼ੀਰ ਵਿਚ ਦਾਸ ਫੇਰ ਇਕ ਵਾਰ ਗੁਰੂ ਸਾਹਿਬਾਨਾਂ ਦਾ ਰੋਮ-ਰੋਮ ਕਰਕੇ ਧੰਨਵਾਦ ਕਰਦਾ ਹੈ।

*ਦਾਸਨਿ ਦਾਸ :*

**ਹਰੀ ਸਿੰਘ**

ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ

ਸੰਪ੍ਰਦਾ ਦਮਦਮੀ ਟਕਸਾਲ

SATVIC
BOOKS